Chief Reporter
Punjab Vidhan Sabha
Chandigarh

Original ...
Punjab V...
Digitized ...
Panjab Digital Library

Original with:
Punjab Vidhan Sabha
Digitized by:
Panjab Digital Library

Original with:
Punjab Vidhan Sabha
Digitized by:
Panjab Digital Library

*Original with:*
Punjab Vidhan Sabha
*Digitized by:*
Panjab Digital Library

# Punjab Vidhan Sabha Debates

*5th September, 1983*

**Vol. VII—No. 1**

**OFFICIAL REPORT**

Chief Reporter
Punjab Vidhan Sabha
Chandigarh

**CONTENTS**

Monday, the 5th September, 1983



| | Page |
|---|---|
| Announcement by the Speaker | (1)1 |
| Obituary References | (1)2 |



Punjab Vidhan Sabha Secretariat, Chandigarh

Price: Rs.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## Monday, the 5th September, 1983

*The Vidhan Sabha met in the Punjab Vidhan Sabha Hall, Vidhan Bhavan, Chandigarh, at 2.00 P.M. of the Clock Mr. Speaker (Shri Brij Bhushan Mehra) in the Chair.*

## ANNOUNCEMENT BY THE SPEAKER

**Mr. Speaker:** I feel sad to inform the House that Dr. Bhagat Singh, a Member of this House, representing Pacca Kalan, Scheduled Caste Constituency of Bhatinda District died in the afternoon of 20th May, 1983.

---

## OBITUARY REFERENCES

**Chief Minister** (Sardar Darbara Singh) : Mr. Speaker, with deep anguish, I pay my humble tributes to Dr. Bhagat Singh, who was deeply respected for his progressive views, dedicated social work and deep humanism. He endeared himself to one and all by his personality and affable nature. He was an embodiment of simplicity, hard work and sincerity.

He was a seasoned Parliamentarian and was elected to the Punjab Vidhan Sabha in 1967, 1969, 1977 and 1980 from the Akali Party. He served as a Cabinet Minister and held the portfolios of Printing & Stationery, Social Welfare and Welfare of Scheduled Castes and Backward Classes. As an astute parliamentarian, he was known for his oratory and contributions to the uplift of poor and down-trodden strata of society. His contributions in the annals of the Legislature are commendable. We recall with gratitude his services to the State and the people at large.

In his death, Punjab has lost an able politician and experienced parliamentarian, who dedicated his life for the welfare of the State.

Mr. Speaker, I would also like to make a mention of other personalities who have departed from this world. It is with grief that I refer to the sad-demise of Sardar Hukam Singh, former Speaker of the Lok Sabha. He was a veteran politician, eminent statesman and a great leader. He played a prominent part in inculcating high moral values and teaching of the great Gurus amongst the masses. He actively participated in the movement for the reform of Gurdwaras and closely associated himself with the Akali Movement and was imprisoned in 1924-26. He became a Judge of the High Court of the Kapurthala State.

He was a member of the Constituent Assembly and the Secretary of the Socialist Democratic Party. He was elected to the Lok Sabha and distinguished himself as an effective debater. In 1956 he was elected Deputy Speaker of the Lok Sabha and soon after he resigned from the Akali Party and joined the Congress Party in 1962. He was re-elected to the Lok Sabha on the party ticket and became Speaker of Lok Sabha the same year. He initiated several procedural reforms, which were hailed by all the sections of the Lok Sabha. He was appointed Governor of Rajasthan

Original with;
Punjab Vidhan Sabha
Digitized by;
Panjab Digital Library

[Chief Minister]

in 1972. He took keen interest in literature and journalism. He was the founder of an English Weekly, 'The Spokesman'.

Thus, in his yearning for national freedom, his contribution to constitutional institutions, his advocacy of socialistic values and his interest in journalism and social reforms, Sardar Hukam Singh consistently tried to serve the interest of the nation.

In his death everybody, especially the Sikh Community has lost a great leader, who devoted his life to the service of the nation.

Mr. Speaker, with profound grief and sorrow, I have to pay my humble tributes to Mohd. Aminuddin Ahmad Khan, ex-Governor of Punjab and Himachal Pradesh. He was a man of high principles and served the country long in varied capacities. He had constructive ideas, deep conviction and drive.

He became ruler of LOHARU in Haryana on 1st November, 1926. He took keen interest in the development of his small State and was instrumental in linking it with the Jaipur Railway in 1939. In February, 1948 Shri Khan signed the merger agreement. He was appointed as Honorary A.D.C. to Dr. Rajendra Prasad, the then President of India in 1956.

His parliamentary career started in 1967, when he was elected from Tijara Constituency to Rajasthan Vidhan Sabha. He was appointed as Minister for P.W.D., Printing and Stationery and Transport. He was appointed as Chairman Rajasthan State Agro- Industries Corporation Ltd., with Cabinet rank in 1971 and remained on this post till early February, 1977. He was elevated to the high of office of Governor of Himachal Pradesh on 17th February, 1977 and became Governor of Punjab on 26th August, 1981.

Throughout his life, Shri Khan devotedly and with a missionary zeal, fought against the forces of communalism, casteism parochialism and obscurantism. He was devoted to the noble ideals of democracy, secularism and socialism. We recall with gratitude his services to the State of Punjab, which he rendered as its Governor.

Mr. Speaker, with deep anguish, I pay my humble tributes to Shri S.F. Deane, Deputy Chairman of the defunct Punjab Vidhan Parishad. He was a man of integrity, sincerity, deep conviction and drive. During his political career, he brought a fresh but experienced outlook to bear on the many problems that beset the State. He was deeply religious and endeared himself to one and all in the State by his dynamic personality and affable nature. He was nominated to the Punjab Vidhan Parishad in 1959 and became its Deputy Chairman in March, 1962. He made his mark as a brilliant legislator and has left an indelible impression in the annals of the Legislature of Punjab. He was Vice-President, Masih Sangat, Punjab and Himachal Pradesh. He remained President of the Nagar Sudhar Sabha and a member of the Executive Committees of Child Welfare, Red Cross St. John's Ambulance and of Bharat Sewak Samaj.

In his death, we have lost an educationist, a parliamentarian and a social worker, who dedicated his life for the cause of poor and the down trodden.

Original with; Punjab Vidhan Sabha Digitized by; Panjab Digital Library

Mr. Speaker, in the death of Pandit Bhagirath Lal, we have lost a patriot, a politician and a social worker. In the spheres of education and social service, he made commendable contributions. He was a seasoned parliamentarian and became a member of the Punjab Vidhan Sabha in 1957. He shouldered many and varied responsibilities and held offices of Vice President, Gurdaspur Municipality Town Congress Committee, Gurdaspur S.D. Pratinidhi Sabha and S.D. College, Pathankot. He was a staunch Congressman and remained President of Bharat Sewak Samaj. He strived hard to ameliorate the lot of the people of Kandi area.

Mr. Speaker, I have also to pay my humble tributes to Sardar Puran Singh Azad, who was a patriot, freedom fighter, astute parliamentarian, distinguished social worker and veteran journalist. He was a dynamic congress worker with rural background. Throughout his life, he actively participated in the student and youth movements in the country and was closely associated with the Youth Congress Organisation of which he became President in May, 1964. He was deputed as the Indian delegate to various International Youth Congresses and visited U.S.S.R., U.K., France, Germany, Itlay, U.A.R. etc. He was a staunch nationalist and had an implicit faith in Swadeshi movement. He was elected to the Punjab Vidhan Parishad in 1964. His contributions as a legislator are praiseworthy. On the 20th October, 1963 he started a national news weekly named 'National Solidarity'. His writings had always aroused national consciousness and reflected his unstinted faith in democracy, socialism, secularism and nationalism.

In his death, the State has lost a patriot, politician, parliamentarian and a journalist of great distinction.

Mr. Speaker, with deep anguish, I have to pay my humble tributes to Sardar Kulbir Singh, who was a valiant fighter in the front rank of freedom struggle. Love of the country and concern for its welfare was his primary and consuming interest. He played a bold and crucial role in the emancipation of the Motherland. He belonged to the family of the great revolutionary, Sardar Bhagat Singh. In 1935, he was arrested for darkening the "Silver Jubilee" of King George V. He was again arrested in 1939 for anti-recruitment speeches in Multan District. This could not dampen his enthusiasm and he continued his struggle against the British Rule. He was again detained without trial and without limit of period in 1940. He remained on hunger strike in Montogomery Central Jail and successfully got better treatment for all the security prisoners. He was elected to the Punjab Vidhan Sabha in 1960 and his contributions in the annals of the Legislature of Punjab are commendable.

In his death, the State has lost a great patriot, an ardent freedom fighter and a friend of the down- trodden. His sacrifices to the Motherland will always beckon future generations to selfless service to the country.

Mr. Speaker, with deep anguish I pay my humble tributes to Sardar Gur Bakshish Singh Sekhon, who was a man of unimpeachable integrity and was a prominent leader. He became member of the Pepsu Legislative Assembly from 26th March, 1954 and his contributions in the annals of the Legislature are praiseworthy and commendable.

In his death on 25th August, 1983, the State has lost an able politician, sincere legislator and a social worker.

Original with;
Punjab Vidhan Sabha
Digitized by;
Panjab Digital Library

[Chief Minister]

Mr. Speaker, there are others also, Mr. Rattan Singh Dhand was a freedom fighter. We have lost a great freedom fighter. We have been doing much for the freedom fighters. He was one of the exponents of freedom struggle,. In his death, we have lost a patriot, true- Congressman and a freedom fighter who spent his younger days in Jails.

Mr. Speaker, I propose that a s a mark of respect to the great personalities, who have departed from us, all the members of the House may stand in silence for 2 minutes and the deep sympathies of the House be conveyed to their next of kins.

**ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.)**: ਸਪੀਕਰ ਸਾਹਿਬ, ਲੀਡਰ ਆਫ ਦੀ ਹਾਊਸ ਨੇ ਜੋ ਮਤਾ ਇਥੇ ਪੇਸ਼ ਕੀਤਾ ਹੈ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਸ ਵਿਚ ਸ਼ਰੀਕ ਹੁੰਦਾ ਹਾਂ। ਸਪੀਕਰ ਸਾਹਿਬ, ਸਰਦਾਰ ਹੁਕਮ ਸਿੰਘ ਲੋਕ ਸਭਾ ਦੇ ਸਪੀਕਰ ਰਹੇ ਹਨ। ਉਹ ਪਿਛਲੇ ਸਮੇਂ ਵਿਚ ਸਾਡੇ ਨਾਲੋਂ ਵੱਖ ਹੋ ਗਏ ਹਨ। ਜਿੰਨਾ ਚਿਰ ਉਹ ਲੋਕ ਸਭਾ ਦੇ ਸਪੀਕਰ ਰਹੇ ਹਨ, ਉਹ ਪਰਤੱਖ ਤੋਰ ਤੇ ਪਾਰਲੀਮੈਂਟ ਵਿਚ ਐਜ਼ ਏ ਸਪੀਕਰ ਤਕੜਾ ਰੋਲ ਅਦਾ ਕਰਦੇ ਰਹੇ ਹਨ। ਅਜਿਹੀ ਸ਼ਖਸ਼ੀਅਤ ਦਾ ਸਾਡੇ ਵਿਚੋਂ ਚਲੇ ਜਾਣਾ ਸਾਡੇ ਮੁਲਕ ਨੂੰ, ਸਾਡੀ ਸਟੇਟ ਨੂੰ ਇਸ ਦਾ ਬੜਾ ਘਾਟਾ ਪਿਆ ਹੈ।

ਡਾਕਟਰ ਭਗਤ ਸਿੰਘ, ਐਮ. ਐਲ. ਏ. ਸਨ। ਪਿਛਲੇ ਸਮੇਂ ਵਿਚ ਦੋ ਤਿੰਨ ਟਰਮਜ਼ ਮੈਨੂੰ ਉਨ੍ਹਾਂ ਨਾਲ ਬੈਠਣ ਦਾ ਮੋਕਾ ਮਿਲਿਆ ਹੈ। ਉਹ 1970 ਵਿਚ ਵੈਲਫੇਅਰ ਮਨਿਸਟਰ ਵੀ ਰਹੇ ਸਨ। ਉਸ ਵੇਲੇ ਜੇ ਕੋਈ ਆਪਣੀ ਗਰੀਵੈਂਸਿਜ਼ ਉਨ੍ਹਾਂ ਕੋਲ ਲੈ ਕੇ ਜਾਂਦਾ ਸੀ ਤਾਂ ਉਹ ਉਸ ਨੂੰ ਬੜੀ ਹਮਦਰਦੀ ਨਾਲ ਸੁਣਦੇ ਅਤੇ ਹੱਲ ਕਰਦੇ। ਇਸ ਤੋਂ ਇਲਾਵਾ ਇਸ ਅਸੈਂਬਲੀ ਵਿਚ ਉਨ੍ਹਾਂ ਦਾ ਬੜਾ ਤਕੜਾ ਰੋਲ ਰਿਹਾ ਹੈ, ਉਨ੍ਹਾਂ ਦਾ ਰੋਲ ਬੜਾ ਸ਼ਲਾਘਾਯੋਗ ਰਿਹਾ ਹੈ। ਕੋਈ ਵੀ ਬਿਲ ਜਾਂ ਕੋਈ ਰੈਜ਼ੋਲਿਊਸ਼ਨ ਜਿਸ ਤੇ ਇਸ ਹਾਊਸ ਵਿਚ ਚਰਚਾ ਚਲਦੀ ਸੀ ਉਸ ਬਾਰੇ ਉਹ ਨਿਧੜਕ ਹੋ ਕੇ ਆਪਣੀ ਰਾਏ ਦਿੰਦੇ ਰਹੇ ਹਨ ਅਤੇ ਤਕੜੇ ਹੋ ਕੇ ਲੜਦੇ ਰਹੇ ਹਨ। ਉਹ ਅਸੈਂਬਲੀ ਦੇ ਬੜੇ ਤਕੜੇ ਬੁਲਾਰੇ ਸਨ। ਇਸ ਤਰ੍ਹਾਂ ਉਨ੍ਹਾਂ ਦੇ ਚਲੇ ਜਾਣ ਨਾਲ ਸਾਡੇ ਹਾਊਸ ਦਾ ਇਕ ਬੜਾ ਤਕੜਾ ਬੁਲਾਰਾ ਸਾਡੇ ਨਾਲੋਂ ਵਿਛੜ ਗਿਆ ਹੈ। ਇਸ ਦਾ ਸਾਡੇ ਮੁਲਕ ਨੂੰ, ਸਾਡੇ ਦੇਸ਼ ਨੂੰ ਬੜਾ ਘਾਟਾ ਪਿਆ ਹੈ।

ਅਮੀਨੁਦੀਨ ਅਹਿਮਦ ਖਾਨ ਪੰਜਾਬ ਦੇ ਗਵਰਨਰ ਰਹੇ ਹਨ। ਉਹ ਪੰਜਾਬ ਵਿਚ ਘੱਟ ਸਮਾਂ ਹੀ ਰਹੇ ਹਨ। ਉਨ੍ਹਾਂ ਨੇ ਆਪਣੇ ਸਮੇਂ ਵਿਚ ਲੋਕਾਂ ਵਿਚ ਬੜੀ ਨੇੜਤਾ ਦਿਖਾਈ ਹੈ। ਉਹ ਜਿਥੇ ਜਾਂਦੇ ਸਨ ਉਥੇ ਕਚਹਿਰੀ ਲਾ ਲੈਂਦੇ ਸਨ। ਉਹ ਆਮ ਲੋਕਾਂ ਦੀਆਂ ਦੁੱਖ ਤਕਲੀਫਾਂ ਅਤੇ ਮਸਲੇ ਸੁਣਦੇ ਰਹੇ ਹਨ। ਇਸ ਤਰ੍ਹਾਂ ਦੇ ਸਿਆਣੇ ਪੁਰਸ਼ ਸਾਡੇ ਕੋਲੋਂ ਵਿਛੜ ਗਏ ਹਨ।

ਸ੍ਰੀ ਐਸ. ਐਫ. ਦੀਨ ਪੰਜਾਬ ਵਿਧਾਨ ਪ੍ਰੀਸ਼ਦ ਦੇ ਡਿਪਟੀ ਚੇਅਰਮੈਨ ਰਹੇ ਹਨ। ਪੰਡਿਤ ਭਗੀਰਥ ਲਾਲ ਫਰੀਡਮ ਫਾਈਟਰ ਸਨ। ਉਹ ਵੀ ਸਾਡੇ ਕੋਲੋਂ ਵਿਛੜ ਗਏ ਹਨ। ਸ੍ਰੀ ਕੁਲਬੀਰ ਸਿੰਘ ਵੀ ਸਾਡੇ ਕੋਲੋਂ ਵਿਛੜ ਗਏ ਹਨ। ਉਨ੍ਹਾਂ ਨੇ ਕਈ ਵਾਰੀ ਜੇਲ੍ਹ ਕੱਟੀ। ਸਰਦਾਰ ਪੂਰਨ ਸਿੰਘ ਆਜ਼ਾਦ, ਸਰਦਾਰ ਗੁਰਬਖਸੀਸ਼ ਸਿੰਘ ਸੇਖੋਂ ਅਤੇ ਸ੍ਰੀ ਰਤਨ ਸਿੰਘ ਢੰਡ, ਇਹ ਸਾਰੀਆਂ ਮਹਾਨ ਸ਼ਖਸ਼ੀਅਤਾਂ ਸਾਡੇ ਨਾਲੋਂ ਵਿਛੜ ਗਈਆਂ ਹਨ। ਮੈਂ ਆਪਣੀ ਪਾਰਟੀ ਵਲੋਂ ਇਸ ਸਾਰੇ ਪ੍ਰਸਤਾਵ ਦਾ ਸਮਰਥਨ ਕਰਦਾ ਹਾਂ ਅਤੇ ਅਪੀਲ ਕਰਦਾ ਹਾਂ ਕਿ ਸਦਨ ਵਲੋਂ ਇਸ ਸਬੰਧ ਵਿਚ ਪਾਸ ਕੀਤਾ ਗਿਆ ਮਤਾ ਉਨ੍ਹਾਂ ਦੇ ਪਰਿਵਾਰਾਂ ਨੂੰ ਹਮਦਰਦੀ ਵਜੋਂ ਭੇਜਿਆ ਜਾਵੇ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਲਦੇਵ ਸਿੰਘ ਲੂੰਬਾ** (ਸ਼ੁਤਰਾਣਾ ਐਸ. ਸੀ.): ਸਪੀਕਰ ਸਾਹਿਬ, ਪਿਛਲੇ ਸਮੇਂ ਵਿਚ ਜਿਹੜੀਆਂ ਮਹਾਨ ਹਸਤੀਆਂ ਸਾਡੇ ਤੋਂ ਵਿਛੜ ਗਈਆਂ ਹਨ ਉਨ੍ਹਾਂ ਦੇ ਸਬੰਧ ਵਿਚ ਮੁੱਖ ਮੰਤਰੀ ਨੇ ਜੋ ਮਤਾ ਪੇਸ਼ ਕੀਤਾ ਹੈ, ਮੈਂ ਉਸ ਦੇ ਨਾਲ ਸਹਿਮਤ ਹਾਂ। ਮੈਂ ਵੀ ਇਸ ਸਬੰਧ ਵਿਚ ਕੁਝ ਕਹਿਣਾ ਚਾਹੁੰਦਾ ਹਾਂ। ਡਾਕਟਰ ਭਗਤ ਸਿੰਘ ਨਾਲ ਮੈਨੂੰ ਇਸ ਹਾਊਸ ਵਿਚ ਅਤੇ ਕਮੇਟੀਆਂ ਵਿਚ ਵੀ ਰਹਿਣ ਦਾ ਮੌਕਾ ਮਿਲਿਆ ਹੈ। ਮੈਂ ਸਮਝਦਾ ਹਾਂ ਕਿ ਉਹ ਆਪਣੀ ਗਲ ਬੜੀ ਦ੍ਰਿੜ੍ਹਤਾ ਨਾਲ ਕਹਿੰਦੇ ਸਨ ਅਤੇ ਜਿਹੜੀ ਗੱਲ ਉਨ੍ਹਾਂ ਦੇ ਦਿਮਾਗ ਵਿਚ ਹੁੰਦੀ ਸੀ, ਉਹ ਬੜੇ ਸਾਫ ਦਿਲ ਨਾਲ ਕਹਿ ਦਿੰਦੇ ਸਨ। ਉਨ੍ਹਾਂ ਵਿਚ ਵਿਖਾਵੇ ਵਾਲੀ ਕੋਈ ਗੱਲ ਨਹੀਂ ਸੀ। ਉਹ ਆਪਣੀ ਗੱਲ ਨਿਡਰਤਾ ਨਾਲ ਕਹਿੰਦੇ ਸਨ। ਉਹ ਹਮੇਸ਼ਾ ਗਰੀਬਾਂ ਦਾ ਖਿਆਲ ਰੱਖਦੇ ਸਨ। ਉਹ ਸੋਚਦੇ ਰਹਿੰਦੇ ਸਨ ਕਿ ਕਿਸ ਤਰ੍ਹਾਂ ਗਰੀਬਾਂ ਦੀ ਭਲਾਈ ਹੋਵੇ ਅਤੇ ਕਿਸ ਤਰ੍ਹਾਂ ਉਨ੍ਹਾਂ ਨੂੰ ਉਪਰ ਉਠਾਇਆ ਜਾਵੇ। ਉਹ ਇਸ ਤਰ੍ਹਾਂ ਦੀ ਪਲੈਨਿੰਗ ਕਰਦੇ ਰਹਿੰਦੇ ਸਨ ਕਿ ਕਿਸ ਤਰ੍ਹਾਂ ਲੋਕਾਂ ਨੂੰ ਇਕੱਠਾ ਕੀਤਾ ਜਾਵੇ, ਕਿਸ ਤਰ੍ਹਾਂ ਗਰੀਬ ਲੋਕਾਂ ਦੀ ਭਲਾਈ ਕੀਤੀ ਜਾਵੇ, ਉਨ੍ਹਾਂ ਦਾ ਸਾਡੇ ਹਾਊਸ ਵਿਚੋਂ ਵਿਛੜ ਜਾਣਾ ਮੈਂ ਸਮਝਦਾ ਹਾਂ ਕਿ ਇਸ ਦਾ ਸਾਡੇ ਪੰਜਾਬ ਨੂੰ ਹੀ ਨਹੀਂ, ਸਾਡੇ ਹਾਊਸ ਨੂੰ ਹੀ ਨਹੀਂ ਸਗੋਂ ਸਾਰੇ ਦੇਸ਼ ਨੂੰ ਬਹੁਤ ਵੱਡਾ ਨੁਕਸਾਨ ਹੋਇਆ ਹੈ। ਇਹ ਬਹੁਤ ਭਾਰੀ ਘਾਟਾ ਪਿਆ ਹੈ।

ਸਪੀਕਰ ਸਾਹਿਬ, ਸਰਦਾਰ ਹੁਕਮ ਸਿੰਘ ਲੋਕ ਸਭਾ ਦੇ ਸਪੀਕਰ ਰਹੇ ਹਨ। ਉਨ੍ਹਾਂ ਦੀਆਂ ਪਾਰਲੀਮੈਂਟ ਵਿਚ ਬੜੀਆਂ ਸੇਵਾਵਾਂ ਹਨ। ਉਨ੍ਹਾਂ ਦੇ ਵਿਛੜ ਜਾਣ ਨਾਲ ਬੜਾ ਘਾਟਾ ਪਿਆ ਹੈ। ਉਹ ਫਰੀਡਮ ਫਾਈਟਰ ਸਨ। ਉਨ੍ਹਾਂ ਦੇ ਵਿਛੜ ਜਾਣ ਨਾਲ ਜਿਹੜਾ ਘਾਟਾ ਪਿਆ ਹੈ ਉਹ ਪੂਰਿਆ ਜਾਣ ਵਾਲਾ ਨਹੀਂ ਹੈ।

ਸ਼੍ਰੀ ਅਮੀਨੁਦੀਨ ਅਹਿਮਦ ਖਾਨ ਬਾਰੇ ਜਿਸ ਤਰ੍ਹਾਂ ਚੌਪੜਾ ਜੀ ਨੇ ਕਿਹਾ ਹੈ ਕਿ ਉਹ ਆਮ ਲੋਕਾਂ ਵਿਚ ਜਾਂਦੇ ਸਨ ਅਤੇ ਉਹ ਕਚਹਿਰੀ ਲਾ ਲੈਂਦੇ ਸਨ। ਉਹ ਇਥੇ ਥੋੜ੍ਹਾ ਚਿਰ ਰਹੇ ਹਨ ਪਰ ਲੋਕਾਂ ਵਿਚ ਜਾਣਾ ਆਪਣਾ ਫਰਜ਼ ਸਮਝਦੇ ਸਨ। ਉਨ੍ਹਾਂ ਦੇ ਵਿਛੜ ਜਾਣ ਨਾਲ ਜੋ ਘਾਟਾ ਪਿਆ ਹੈ ਉਹ ਪੂਰਾ ਨਹੀਂ ਹੋ ਸਕਦਾ।

ਸਪੀਕਰ ਸਾਹਿਬ, ਸ਼੍ਰੀ ਐਸ. ਐਫ. ਦੀਨ, ਪੰਡਿਤ ਭਗੀਰਥ ਲਾਲ, ਸਰਦਾਰ ਪੂਰਨ ਸਿੰਘ ਆਜ਼ਾਦ ਸਰਦਾਰ ਗੁਰਬਖਸ਼ੀਸ਼ ਸਿੰਘ ਸੇਖੋਂ ਅਤੇ ਸ਼੍ਰੀ ਰਤਨ ਸਿੰਘ ਢੰਡ, ਇਨ੍ਹਾਂ ਸਾਰਿਆਂ ਨੇ ਆਜ਼ਾਦੀ ਪ੍ਰਾਪਤ ਕਰਨ ਅਤੇ ਦੇਸ਼ ਭਗਤੀ ਵਿਚ ਆਪਣੇ ਤੌਰ ਤੇ ਜਿਸ ਤਰੀਕੇ ਨਾਲ ਉਹ ਸਮਾਜ ਦੀ ਸੇਵਾ ਕਰ ਸਕਦੇ ਸਨ, ਉਨ੍ਹਾਂ ਨੇ ਬੜੇ ਉਦਮ ਨਾਲ ਸੇਵਾ ਕੀਤੀ ਹੈ। ਮੈਂ ਸਮਝਦਾ ਹਾਂ ਕਿ ਇਹੋ ਜਿਹੀਆਂ ਹਸਤੀਆਂ ਦਾ ਸਾਡੇ ਕੋਲੋਂ ਵਿਛੜ ਜਾਣਾ ਸਾਡੇ ਸਮਾਜ ਲਈ ਅਤੇ ਪੁਲਿਟੀਕਲੀ ਇਸ ਸਮੇਂ ਕਾਫੀ ਘਾਟੇ ਵਾਲੀ ਗੱਲ ਹੈ।

ਸਪੀਕਰ ਸਾਹਿਬ, ਸ਼੍ਰੀ ਕੁਲਬੀਰ ਸਿੰਘ, ਜਿਹੜੇ ਕਿ ਸਰਦਾਰ ਭਗਤ ਸਿੰਘ ਦੀ ਫੈਮਿਲੀ ਵਿਚੋਂ ਸਨ, ਉਹ ਸਰਦਾਰ ਭਗਤ ਸਿੰਘ ਦੇ ਭਰਾ ਸਨ, ਉਨ੍ਹਾਂ ਨੇ ਆਜ਼ਾਦੀ ਦੀ ਲੜਾਈ ਵਿਚ ਬੜਾ ਵੱਡਾ ਰੋਲ ਅਦਾ ਕੀਤਾ ਹੈ। ਉਨ੍ਹਾਂ ਨੇ ਕਈ ਵਾਰੀ ਜੇਲ੍ਹਾਂ ਕੱਟੀਆਂ। ਅੰਗਰੇਜ਼ਾਂ ਦੀ ਵਿਰੋਧਤਾ ਕਰਦੇ ਹੋਏ ਉਨ੍ਹਾਂ ਨੇ ਕਈ ਕਿਸਮ ਦੇ ਕਸ਼ਟ ਝੱਲੇ। ਉਹ ਆਪਣੇ ਦੇਸ਼ ਦੀ ਆਜ਼ਾਦੀ ਦੀ ਖਾਤਰ ਲੜਦੇ ਰਹੇ ਅਤੇ ਬਾਅਦ ਵਿਚ ਵੀ ਆਪਣੇ ਇਸ ਦੇਸ਼ ਦੀ ਸੇਵਾ ਕਰਦੇ ਰਹੇ ਹਨ। ਉਹ ਸਾਡੇ ਕੋਲੋਂ ਵਿਛੜ ਗਏ ਹਨ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਸ ਸੋਗ ਪ੍ਰਸਤਾਵ ਨਾਲ ਸਹਿਮਤ ਹੁੰਦਾ ਹੋਇਆ ਆਸ ਕਰਦਾ ਹਾਂ ਕਿ ਇਹ ਸੋਗ ਪ੍ਰਸਤਾਵ ਪਾਸ ਕਰਕੇ ਉਨ੍ਹਾਂ ਦੇ ਦੁਖੀ ਪ੍ਰੀਵਾਰਾਂ ਨੂੰ ਭੇਜਿਆ ਜਾਵੇਗਾ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਜਿਹੜਾ ਸੋਗ ਦਾ ਮਤਾ ਮੁੱਖ ਮੰਤਰੀ ਜੀ ਵਲੋਂ ਇਸ ਸਦਨ ਵਿੱਚ ਰਖਿਆ ਗਿਆ ਹੈ ਔਰ ਜਿਹੜਾ ਅਫ਼ਸੋਸ ਅਤੇ ਸ਼ੋਕ ਦਾ ਇਜ਼ਹਾਰ ਕੀਤਾ ਗਿਆ ਹੈ ਉਸ ਦੇ ਨਾਲ ਮੈਂ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ। ਮਹਾਨ ਵਿਅਕਤੀ ਜਿਹੜੇ ਆਪਣੀ ਜੀਵਨ ਯਾਤਰਾ ਸਫਲ ਕਰਕੇ ਸਾਡੇ ਕੋਲੋਂ ਵਿਛੜ ਗਏ ਹਨ, ਉਨ੍ਹਾਂ ਦਾ ਦੁੱਖ ਸਾਰੇ ਪੰਜਾਬ ਨੇ ਹੀ ਨਹੀਂ ਸਗੋਂ ਸਾਰੇ ਹਿੰਦੁ-ਸਤਾਨ ਨੇ ਮਹਿਸੂਸ ਕੀਤਾ ਹੈ। ਡਾਕਟਰ ਭਗਤ ਸਿੰਘ ਇਕ ਬੜੇ ਨੇਕ ਦ੍ਰਿੜ੍ਹ ਇਰਾਦੇ ਦੇ ਇਨਸਾਨ ਸਨ। ਅਜ ਵੀ ਇਸ ਸਦਨ ਵਿਚ ਉਨ੍ਹਾਂ ਦੀ ਆਵਾਜ਼ ਗੂੰਜਦੀ ਹੈ। ਜਿਹੜੀ ਵੀ ਚੀਜ਼ ਉਹ ਮਹਿਸੂਸ ਕਰਦੇ ਸਨ ਪੂਰੇ ਜ਼ੋਰ ਨਾਲ ਅਤੇ ਯਕੀਨ ਨਾਲ ਸਦਨ ਦੇ ਸਾਹਮਣੇ ਲਿਆਉਂਦੇ ਸਨ। ਉਹ ਇਕ ਪਾਰਟੀ ਦੇ, ਤਲਵੰਡੀ ਗਰੁੱਪ ਦੇ, ਲੀਡਰ ਸਨ। ਉਹ ਮਨਿਸਟਰ ਵੀ ਰਹੇ ਸਨ। ਉਨ੍ਹਾਂ ਦੀ ਸਪੀਚ ਵਿੱਚ ਹਮੇਸ਼ਾ ਇਹ ਲਫਜ਼ ਹੁੰਦਾ ਸੀ ਕਿ ਮੇਰੇ ਪੰਜਾਬ ਦਾ ਅਤੇ ਮੇਰੇ ਦੇਸ਼ ਦਾ ਕੀ ਹੋਵੇਗਾ। ਜਿਸ ਧਾਕ ਨਾਲ ਉਹ ਇਹ ਲਫਜ਼ ਕਹਿੰਦੇ ਸਨ ਉਸ ਤੋਂ ਜ਼ਾਹਰ ਹੁੰਦਾ ਸੀ ਕਿ ਉਨ੍ਹਾਂ ਨੂੰ ਇਸ ਪੰਜਾਬ ਦੀ, ਇਸ ਦੇਸ਼ ਦੀ ਕਿੰਨੀ ਚਿੰਤਾ ਸੀ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਸਮਾਜ ਸੇਵਾ ਵਿੱਚ ਨਿਛਾਵਰ ਕਰ ਦਿਤਾ ਔਰ ਆਪਣੇ ਆਪ ਨੂੰ ਗ੍ਰਹਿਸਤ ਜੀਵਨ ਤੋਂ ਵੰਚਿਤ ਰਖਿਆ। ਇਹੋ ਜਿਹੇ ਆਦਮੀ ਦਾ ਸਾਡੇ ਵਿਚੋਂ ਚਲੇ ਜਾਣਾ ਸਾਡੇ ਸਾਰਿਆਂ ਤੇ ਬੜਾ ਗਹਿਰਾ ਅਸਰ ਕਰਦਾ ਹੈ। ਇਸ ਦੇਸ਼ ਨੂੰ ਉਹ ਬਹੁਤ ਪਿਆਰ ਕਰਦੇ ਸਨ। ਇਹ ਕੋਈ ਰੱਬ ਦਾ ਭਾਣਾ ਹੀ ਸੀ ਕਿ ਉਨ੍ਹਾਂ ਨੇ ਆਪਣੇ ਪ੍ਰਾਣ ਟਰਾਂਟੋ ਵਿਚ ਤਿਆਗੇ ਔਰ ਪੰਜਾਬ ਸਰਕਾਰ ਨੇ ਬੜਾ ਸ਼ਲਾਘਾਯੋਗ ਕਦਮ ਚੁਕਿਆ ਕਿ ਉਨ੍ਹਾਂ ਦਾ ਸਰੀਰ ਪੰਜਾਬ ਦੀ ਧਰਤੀ ਤੇ ਸਰਕਾਰੀ ਖਰਚੇ ਤੇ ਲਿਆਂਦਾ ਤਾਕਿ ਉਨ੍ਹਾਂ ਦਾ ਅੰਤਿਮ ਸੰਸਕਾਰ ਉਸ ਧਰਤੀ ਤੇ ਕੀਤਾ ਜਾ ਸਕੇ ਜਿਸ ਧਰਤੀ ਨਾਲ ਉਨ੍ਹਾਂ ਦਾ ਪਿਆਰ ਸੀ। ਜਿਹੜਾ ਸਦਨ ਵਿੱਚ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ ਉਸਦੇ ਨਾਲ ਮੈਂ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ। ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਮਹਾਨ ਵਿਅਕਤੀ ਸਾਡੇ ਤੋਂ ਵਿੱਛੜ ਗਏ ਹਨ ਉਨ੍ਹਾਂ ਦੀ ਯਾਦ ਵਿਚ 2 ਮਿੰਟ ਲਈ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਜਾਣ।

(ਇਸ ਵਕਤ ਸਦਨ ਵਿੱਚ ਸਾਰੇ ਹਾਜ਼ਰ ਮਾਨਯੋਗ ਮੈਂਬਰਜ਼ ਨੇ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ 2 ਮਿੰਟ ਲਈ ਮੌਨ ਧਾਰਨ ਕੀਤਾ)

**ਸ੍ਰੀ ਸਪੀਕਰ** : ਡਾਕਟਰ ਭਗਤ ਸਿੰਘ ਜੀ ਦੀ ਯਾਦ ਵਿਚ ਇਸ ਸਦਨ ਦੀ ਕਾਰਵਾਈ ਕੱਲ੍ਹ ਮਿਤੀ 6 ਸਤੰਬਰ, 1983 ਸਵੇਰੇ 9.00 ਵਜੇ ਤਕ ਸਥਗਿਤ ਕੀਤੀ ਜਾਂਦੀ ਹੈ।

*2.25
ਬਾਅਦ ਦੁਪਹਿਰ

(ਇਸ ਵਕਤ ਸਭਾ ਮਿਤੀ 6 ਸਤੰਬਰ, 1983 ਸਵੇਰੇ 9.00 ਵਜੇ ਤਕ *ਸਥਗਿਤ ਹੋ ਗਈ)

12377—,PS—Govt, Press UT Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 1983

Published under the authority of the Punjab Vidhan Sabha and printed by the Controller of Printing and Stationery, U.T., Chd.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*6th September, 1983*

**Vol. VII—No. 2**

**OFFICIAL REPORT**

CONTENTS

**Tuesday, the 6th September, 1983**


| | Page |
|---|---|
| Starred Questions and Answers | .. (2)1 |
| Written Answers to Starred Questions laid on the Table of the House under Rule 38 | .. (2)24 |
| Unstarred Questions and Answers | .. (2)25 |
| Panel of Chairmen | .. (2)32 |
| Announcement by the Secretary | .. (2)33 |
| Walk-out | .. (2)36 |
| Call Attention Notices under Rule 66 | .. (2)37 |
| First Report of the Business Advisory Committee | .. (2)41 |
| Papers Laid/Re-Laid on the Table | .. (2)42 |
| FINANCIAL BUSINESS | |
| (i) Presentation of Supplementary Estimates (First Instalment) for the year 1983-84 | .. (2)44 |



PUNJAB VIDHAN SABHA SECRETARIAT, CHANDIGARH

**Price : Rs. 41.25 N.P.**



Original with;
Punjab Vidhan Sabha
Digitized by;
Panjab Digital Library

Page

(ii) Presentation of Report of the Committee on Estimates on the Supplementary Estimates (First Instalment) for the year 1983-84 .. (2)44

Presentation of Report of the Committee on Public Undertakings .. (2)44

LEGISLATIVE BUSINESS

**Bills :—**

The East Punjab War Awards(Amendment)—,1983 .. (2)45

The Punjab Backward Classes Land Development and Finance Corporation(Amendment)—, 1983 .. (2)46

The Punjab Motor Vehicles Taxation (Amendment)—,1983 .. (2)52

The Punjab Municipal (Amendment)—, 1983 .. (2)62

The Punjab Town Improvement(Amendment)—, 1983 .. (2)75

Extension of time of the sitting .. (2)78

The Punjab Town Improvement (Amendment) Bill, 1983 (*Resumption of Consideration*) .. (2)78

Appendix .. (i)

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

### Tuesday, the 6th September, 1983

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr Speaker (Shri Brij Bhushan Mehra) in the Chair.*

---

## STARRED QUESTIONS AND ANSWERS

### Vanaspati Mills Bhatinda

*2075. **Shri Surinder Kapur**: Will the Chief Minister be pleased to state whether the Vanaspati Mills set up at Bhatinda have got the Government licences; if so, the date of issuance of licence in such case, if not, the action taken or proposed to be taken against them ?

**Sardar Darbara Singh**: No licence has been issued to set up Vanaspati Manufacturing Mills in Bhatinda District.

**ਸ਼੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਸੁਆਲ ਦੇ ਜਵਾਬ ਵਿਚ ਕਿਹਾ ਗਿਆ ਹੈ ਕਿ ਬਠਿੰਡਾ ਦੀ ਬਨਾਸਪਤੀ ਮਿਲ ਨੂੰ ਕੋਈ ਲਾਈਸੈਂਸ ਪੰਜਾਬ ਸਰਕਾਰ ਵਲੋਂ ਨਹੀਂ ਦਿੱਤਾ ਗਿਆ। ਪਿਛਲੇ ਦਿਨਾਂ ਵਿਚ ਅਖ਼ਬਾਰਾਂ ਵਿਚ ਬੜੀ ਭਾਰੀ ਚਰਚਾ ਰਹੀ ਹੈ। ਇਸ ਮਿੱਲ ਵਿਚ ਗਊ ਦੀ ਚਰਬੀ ਘਿਓ ਲਈ ਇਸਤੇਮਾਲ ਕੀਤੀ ਗਈ ਹੈ। ਮੁੱਖ ਮੰਤਰੀ ਸਾਹਿਬ ਨੇ ਖੁਦ ਪੜਤਾਲ ਕਰਵਾਈ ਹੈ ਔਰ ਮਿੱਲ ਵਿਚ ਲੱਖਾਂ ਰੁਪਿਆ ਪੀ.ਐਸ.ਆਈ.ਡੀ.ਸੀ. ਦਾ ਜਾਂ ਪੀ.ਐਫ.ਸੀ. ਦਾ ਲਗਾ ਹੋਣਾ ਹੈ। ਅਗਰ ਇਸ ਮਿੱਲ ਕੋਲ ਕੋਈ ਲਾਈਸੈਂਸ ਨਹੀਂ ਹੈ ਤਾਂ ਫਿਰ ਜੋ ਐਨੀ ਭਾਰੀ ਇਨਵੈਸਟਮੈਂਟ ਸਟੇਟ ਗੌਰਮਿੰਟ ਵਲੋਂ ਕੀਤੀ ਗਈ, ਉਨ੍ਹਾਂ ਨੂੰ ਸਬਸਿਡੀ ਦਿੱਤੀ ਗਈ ਹੋਣੀ ਹੈ, ਫਰੀ ਇੰਟਰੈਸਟ ਲੋਨਜ਼ ਦਿੱਤੇ ਗਏ ਹੋਣੇ ਹਨ ; ਕੀ ਇਸ ਸਾਰੀ ਗੱਲ ਦੀ ਅਫ਼ਸਰਾਂ ਨੇ ਪੜਤਾਲ ਕੀਤੀ ਸੀ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਸੁਆਲ ਪੁੱਛਿਆ ਗਿਆ ਹੈ ਕਿ ਆਇਆ ਮਿੱਲ ਨੂੰ ਬਨਾਸਪਤੀ ਦਾ ਲਾਈਸੈਂਸ ਇਸ਼ੂ ਕੀਤਾ ਗਿਆ ਸੀ ਜਾਂ ਨਹੀਂ । ਮੈਂ ਕਿਹਾ ਹੈ ਕਿ ਨਹੀਂ । ਮਿਸ-ਯੂਟੇਲਾਈਜ਼ੇਸ਼ਨ ਕਿਸੇ ਮਿੱਲ ਵਿਚ ਹੋਵੇ, ਕਿਸੇ ਵੇਲੇ ਹੋਵੇ, ਇਹ ਸੇਪਰੇਟ ਗਲ ਹੈ। ਉਨ੍ਹਾਂ ਦੇ ਖਿਲਾਫ਼ ਕੇਸਿਜ਼ ਰਜਿਸਟਰ ਹੋਏ ਹਨ। ਜਿਥੋਂ ਤਕ ਇਸ ਦਾ ਤੁਅੱਲਕ ਹੈ ਇਸ ਪਾਰਟ ਨੂੰ ਛੱਡ ਕੇ ਜੋ ਬਨਾਸਪਤੀ ਦਾ ਕੰਮ ਕਰਦੇ ਹਨ, ਬਾਕੀ ਮਿੱਲਾਂ ਦੀ ਹਰ ਕਿਸਮ ਦੀ ਮੱਦਦ ਕੀਤੀ ਜਾਂਦੀ ਹੈ। ਬਨਾਸਪਤੀ ਵਾਸਤੇ ਕਤੀਅੱਨ ਕੋਈ ਗੌਰਮਿੰਟ ਨੇ ਪੈਸਾ ਨਹੀਂ ਦਿਤਾ।

**ਸ਼੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਸੁਆਲ ਹੈ ਔਰ ਇਸ ਮਿੱਲ ਦੀਆਂ ਜੋ ਘਟਨਾਵਾਂ ਹਨ, ਨਾ ਸਿਰਫ਼ ਪੰਜਾਬ ਵਿਚ ਬਲਕਿ ਕੇਂਦਰ ਵਿਚ ਵੀ ਇਸ ਦੀ ਬੜੀ ਚਰਚਾ ਹੋਈ ਹੈ। ਇਸ ਮਿੱਲ ਦੇ ਵਿਚ ਜੋ ਬਨਾਸਪਤੀ ਤਿਆਰ ਕੀਤਾ ਗਿਆ ਹੈ, ਇਸ ਦਾ ਸੈਂਪਲ ਵੀ ਭਰਿਆ ਗਿਆ ਹੈ ਔਰ ਮਿੱਲ ਦੇ ਖਿਲਾਫ਼ ਕੇਸ ਵੀ ਰਜਿਸਟਰ ਹੋਏ ਹਨ। ਕੀ ਪੰਜਾਬ ਗੌਰਮਿੰਟ ਇਸ ਮਿੱਲ ਨੂੰ ਆਪ ਟੇਕ ਓਵਰ ਕਰਕੇ ਚਲਾਏਗੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਸੁਰਿੰਦਰ ਕਪੂਰ]
ਕਿਉਂਕਿ ਤਿੰਨ ਚਾਰ ਸੌ ਆਦਮੀਆਂ ਦੀ ਰੋਜ਼ੀ ਦਾ ਸੁਆਲ ਹੈ, ਉਹ ਲੋਕ ਬੇਕਾਰ ਹੋ ਚੁੱਕੇ ਹਨ ? ਦੂਸਰੇ ਜੋ ਕੁਵਰਤੋਂ ਕੀਤੀ ਗਈ ਹੈ, ਕੀ ਉਸ ਸਬੰਧ ਵਿਚ ਦੋਸ਼ੀਆਂ ਨੂੰ ਸਜਾ ਦੇਣ ਲਈ ਮੁੱਖ ਮੰਤਰੀ ਸਾਹਿਬ ਵਿਸ਼ਵਾਸ ਦਿਲਾਉਣਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਸਬੰਧ ਵਿਚ ਸ਼ਿਕਾਇਤ ਆਈ ਸੀ, ਉਸ ਦੇ ਸਬਧ ਵਿਚ ਇਨਕੁਆਇਰੀ ਕੀਤੀ ਅਤੇ ਐਸ.ਡੀ.ਐਮ. ਸਾਹਿਬ ਨੇ ਰੇਡ ਕੀਤਾ। ਜਿਹੜੇ ਕੰਟੇਂਟਸ ਮਿਲੇ ਉਸ ਦੇ ਵਿਚ ਗਊ ਦੀ ਚਰਬੀ ਇਸਤੇਮਾਲ ਕੀਤੀ ਗਈ। ਮੁਕੱਦਮਾ ਬਣਾਇਆ ਗਿਆ ਹੈ ਔਰ ਉਸ ਪਰੀਵਾਰ ਦੇ ਕਈ ਬੰਦੇ ਭੱਜ ਕੇ ਇਥੇ ਹਾਈਕੋਰਟ ਵਿਚ ਜ਼ਮਾਨਤ ਕਰਵਾ ਗਏ। ਅਸੀਂ ਕੋਰਟ ਨੂੰ ਜ਼ਮਾਨਤ ਰਵਿਊ ਕਰਨ ਲਈ ਕਿਹਾ ਔਰ ਦੋ ਦੀ ਜ਼ਮਾਨਤ ਰੱਦ ਹੋਈ। ਉਨ੍ਹਾਂ ਵਿਚ ਇਕ ਫੜਿਆ ਗਿਆ ਅਤੇ ਇਕ ਆਦਮੀ ਭੱਜ ਗਿਆ। ਐਨ.ਐਸ.ਏ. ਦੇ ਆਰਡਰ ਵੀ ਕੀਤੇ ਹੋਏ ਹਨ। ਐਸਾ ਆਦਮੀ ਜੋ ਬਰੀਚ ਆਫ਼ ਪੀਸ ਦਾ ਕਾਰਨ ਬਣ ਜਾਏ ਜਾਂ ਸੂਬੇ ਦੇ ਹਾਲਾਤ ਨੂੰ ਕੋਈ ਰਿਲੀਜਸ ਮਾਮਲਾ ਬਣਾਕੇ ਖਰਾਬ ਕਰਨ ਦੀ ਕੋਸ਼ਿਸ਼ ਕਰੇ ਉਸ ਨੂੰ ਰੋਕਣ ਵਾਸਤੇ ਉਸ ਦੇ ਸਬੰਧ ਵਿਚ ਚਾਰ ਮੁਕੱਦਮੇ ਬਣਾਏ ਹਨ। ਮੁਕੱਦਮੇ ਕੋਰਟ ਵਿਚ ਹਨ। ਐਨ. ਐਸ.ਏ. ਦੇ ਆਰਡਰ ਕੀਤੇ ਹਨ ਜੋ ਆਦਮੀ ਭੱਜਿਆ ਹੋਇਆ ਹੈ, ਜਦੋਂ ਵੀ ਉਹ ਕਾਬੂ ਆ ਗਏ ਉਹ ਆਪਣੇ ਮਾੜੇ ਕੰਮ ਦੀ ਜ਼ਰੂਰ ਸਜ਼ਾ ਭੁਗਤਣਗੇ।

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਜਾਣਨਾ ਚਾਹਾਂਗਾ ਕਿ 12 ਜੂਨ, 1983 ਨੂੰ ਜਦੋਂ ਇਹ ਬਠਿੰਡਾ ਗਏ ਤਾਂ ਇਨ੍ਹਾਂ ਨੂੰ ਉਥੇ ਸ਼ਹਿਰੀਆਂ ਦੇ ਇਕ ਡੈਪੂਟੇਸ਼ਨ ਨੇ ਬੀਫ਼ ਟੈਲੋ ਦੇ ਸਬੰਧ ਵਿਚ ਕੋਈ ਸ਼ਿਕਾਇਤ ਕੀਤੀ। ਉਸ ਤੋਂ ਬਾਅਦ ਜਦੋਂ ਇਨਕੁਆਇਰੀ ਲਈ ਆਰਡਰ ਕੀਤਾ ਤਾਂ ਕੀ ਮਾਲ ਨੂੰ ਸੀਲ ਕੀਤਾ ਗਿਆ ? ਕੀ ਇਨ੍ਹਾਂ ਦੇ ਨੋਟਿਸ ਵਿਚ ਹੈ ਕਿ ਮਾਲ ਨੂੰ ਸੀਲ ਕਰਨ ਤੋਂ ਬਾਅਦ ਬੀਫ਼ ਟੈਲੋ ਦੇ ਡਰੱਮਜ਼ ਦੀਵਾਰ ਤੋੜ ਕੇ ਪਾਸੇ ਕਰ ਦਿਤੇ ਗਏ ? ਕਦੋਂ ਕਦੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲੀਸ ਨੇ ਰੇਡ ਕੀਤਾ ਔਰ ਕਿਹੜੇ ਕਿਹੜੇ ਅਫ਼ਸਰ ਨੇ ਰੇਡ ਕੀਤਾ ? ਕੀ ਕਿਤੇ ਬੀਫ਼ ਟੈਲੋ ਦੇ ਦੋਸ਼ੀ ਜਿਹੜੇ ਹਨ ਉਹ ਗੋਲਡਨ ਟੈਂਪਲ ਵਿਚ ਤਾਂ ਨਹੀਂ ਛੁਪੇ ਹੋਏ ?

**ਮੁੱਖ ਮੰਤਰੀ** : ਮੇਰੇ ਖਿਆਲ ਵਿਚ ਉਨ੍ਹਾਂ ਨੂੰ ਉਥੇ ਨਹੀਂ ਵੜਨ ਦੇਣਗੇ। ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਸੁਆਲ ਕੀਤਾ ਹੈ ਮੈਂ ਉਸ ਦੀ ਤਾਰੀਖ਼ ਵਿਚ ਨਹੀਂ ਜਾਣਾ ਚਾਹੁੰਦਾ। ਇਹ ਠੀਕ ਹੈ ਕਿ ਜਦੋਂ ਮੈਂ ਬਠਿੰਡਾ ਗਿਆ ਤਾਂ ਕੁਝ ਸੱਜਣ ਮੈਨੂੰ ਮਿਲੇ ਅਤੇ ਉਨ੍ਹਾਂ ਨੇ ਕਿਹਾ ਕਿ ਗਊ ਦੀ ਚਰਬੀ ਘਿਓ ਵਿਚ ਇਸਤੇਮਾਲ ਕਰਕੇ ਵੇਚੀ ਜਾ ਰਹੀ ਹੈ। ਮੈਨੂੰ ਉਨ੍ਹਾਂ ਨੇ ਇਕ ਐਪਲੀਕੇਸ਼ਨ ਦਿੱਤੀ, ਮੈਂ ਉਹ ਥੱਲੇ ਮਾਰਕ ਕਰ ਦਿਤੀ। ਐਸ.ਡੀ.ਐਮ. ਨੇ ਰੇਡ ਕੀਤਾ। ਤਾਰੀਖ਼ ਵਿਚ ਮੈਂ ਨਹੀਂ ਜਾਂਦਾ ਕਿਉਂਕਿ ਤਾਰੀਖ ਨਾਲ ਕੰਪਲੀਕੇਸ਼ਨ ਹੋਵੇਗੀ। ਅਸੀਂ ਬਕਾਇਦਾ ਮੁਕੱਦਮਾ ਬਣਾਇਆ ਉਸ ਦਾ ਸਬੰਧ ਸਿੱਧਾ ਗੌਰਮਿੰਟ ਆਫ਼ ਇੰਡਆ ਨਾਲ ਹੈ, ਉਹ ਸਿੱਧਾ ਹੀ ਕੋਲਾ ਲੈਂਦੇ ਹਨ ਅਤੇ ਸਭ ਕੁੱਝ ਸਿੱਧੇ ਲੈਂਦੇ ਹਨ ਅਤੇ ਸਟੇਟ ਗੌਰਮਿੰਟ ਦਾ ਕੋਈ ਤੁਅੱਲਕ ਨਹੀਂ ਹੈ। ਸਾਨੂੰ ਜਿਸ ਵੇਲੇ ਇਹ ਪਤਾ ਲਗਾ ਤਾਂ ਮੈਂ ਅਰਜ਼ੀ ਤੇ ਲਿਖਿਆ ਕਿ ਉਹ ਸੀਰੀਅਸ ਮੈਟਰ ਹੈ, ਇਸ ਦੀ ਇਨਕੁਆਇਰੀ ਕਰਕੇ ਮੈਨੂੰ ਦੁਸਿਆ ਜਾਏ। ਐਨਾਲਿਸਟ ਦੀ ਰਿਪੋਰਟ ਵਿਚ ਬਿਲਕੁਲ ਸਾਫ਼ ਜ਼ਾਹਰ ਹੈ ਕਿ ਇਸ ਦੇ ਵਿਚ ਟੈਲੋ ਹੈ। ਇਸ ਦਾ ਮੁਕੱਦਮਾ ਬਣਾ ਕੇ ਗ੍ਰਿਫ਼ਤਾਰ ਕਰਨ ਲਈ ਇਕ ਟੀਮ ਭੇਜੀ। ਉਨ੍ਹਾਂ ਵਿਚੋਂ ਇਕ ਬੰਦਾ ਕਦੇ ਫਲੌਰ ਕਦੇ ਬੰਗਲੌਰ ਅਤੇ ਕਦੇ ਨੈਪਾਲ ਸਾਈਡ ਵਲ ਗਿਆ। ਅਸੀਂ ਉਸ ਨੂੰ ਹਰ ਥਾਂ ਫੜਨ ਦੀ ਕੋਸ਼ਿਸ਼ ਕੀਤੀ ਹੈ। ਜਦੋਂ ਕਾਬੂ ਆਉਣਗੇ ਸੀਰੀਅਸ ਐਕਸ਼ਨ ਲਿਆ ਜਾਏਗਾ। ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਨੇ ਇਥੋਂ ਬਲੈਂਕਟ ਬੇਲ, ਕਰਵਾ ਲਈ 'any case concerning this incident'. ਇਸ ਦੇ ਵਿਚ ਸਾਰੇ ਕੇਸਾਂ ਵਿਚ ਉਸ ਦੀ ਜ਼ਮਾਨਤ ਸਮਝੀ ਜਾਏ। ਅਸੀਂ ਅਪੀਲ ਵਿਚ ਗਏ ਔਰ ਅਸੀਂ ਕਿਹਾ ਕਿ ਇਹ ਬੇਲ ਖਾਰਜ ਹੋਣੀ ਚਾਹੀਦੀ ਹੈ ਔਰ ਉਨ੍ਹਾਂ ਵਿਚੋਂ ਦੋ ਦੀ ਬੇਲ ਖਾਰਜ ਹੋ ਗਈ। ਗੌਰਮਿੰਟ ਇਸ ਨੂੰ ਸੀਰੀਅਸਲੀ ਵੇਖ ਰਹੀ ਹੈ।

ਕਪੂਰ ਸਾਹਿਬ ਨੇ ਜਿਹੜਾ ਮਿੱਲ ਟੇਕ ਓਵਰ ਕਰਨ ਲਈ ਕਿਹਾ ਹੈ, ਮੈਂ ਦਸਦਾ ਹਾਂ ਕਿ ਅਸੀਂ ਸਾਰੀ ਚੀਜ਼ ਵੇਖਾਂਗੇ। ਅਗਰ ਉਸ ਮਿੱਲ ਨੂੰ ਗੌਰਮਿੰਟ ਚਲਾਏ ਤਾਂ ਕੀ ਉਸ ਦਾ ਅਸਰ ਠੀਕ ਹੋ ਸਕਦਾ ਹੈ, ਅਗਰ ਐਸਾ ਹੋਇਆ ਤਾਂ ਜ਼ਰੂਰ ਵਿਚਾਰ ਕਰਾਂਗੇ।

**Mr. Speaker** : Next question.

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਰੇਡ ਮਾਰਿਆ ਹੈ, ਸਟਾਕ ਨਹੀਂ ਫੜਿਆ ਗਿਆ ਔਰ ਉਹ ਬੰਦੇ ਵੀ ਹਾਲੇ ਤਕ ਨਹੀਂ ਫੜੇ ਗਏ। ਮੈਂ ਕਹਿੰਦਾ ਹਾਂ ਕਿ ਕਿਉਂ ਨਹੀਂ ਉਨ੍ਹਾਂ ਦੇ ਵਾਰੰਟ ਜਾਰੀ ਕਰਦੇ ਅਤੇ ਕਿਉਂ ਨਹੀਂ ਉਨ੍ਹਾਂ ਦੀ ਜਾਇਦਾਦ ਔਰ ਮਾਲ ਜ਼ਬਤ ਕਰਦੇ ? ਸਰਦਾਰ ਬੀਰ-ਦਵਿੰਦਰ ਸਿੰਘ ਜੀ ਨੇ ਕਿਹਾ ਹੈ (ਵਿਘਨ)......

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਹੈ ਜਾਂ ਸਪੀਚ ?

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਕੋਈ ਬਹੁਤੇ ਸਪਲੀਮੈਂਟਰੀ ਵੀ ਨਹੀਂ ਹੋਏ ... ਸਾਨੂੰ ਸਪਲੀਮੈਂਟਰੀ ਕਰਨ ਦਿਓ ...

**ਸ੍ਰੀ ਸਪੀਕਰ** : ਮਾਸਟਰ ਜੀ, ਤੁਸੀਂ ਬੈਠੋ, ਅਗਲਾ ਸੁਆਲ ਵੀ ਇਸ ਸਬੰਧ ਵਿਚ ਹੈ।

**ਮੁੱਖ ਮੰਤਰੀ** : ਅਸੀਂ ਇਹ ਕੇਸ ਸੀ.ਬੀ.ਆਈ. ਨੂੰ ਦੇ ਦਿੱਤਾ ਹੈ ਕਿਉਂਕਿ ਇਸ ਦੇ ਵਿੱਚ ਇਨਵਾਲਵਮੈਂਟ ਦੂਰ ਤਕ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਸਾਬਣ ਬਣਾਉਣ ਵਿੱਚ ਵੀ ਬੀਫ ਟੈਲੋ ਯੂਜ਼ ਹੁੰਦਾ ਹੈ।

**Mr. Speaker** : Please sit down. Next question.

---

### Coke supplied to the Vanaspati Mills at Bhatinda

***2076. Shri Surinder Kapur**: Will the Chief Minister be pleased to state the quantity of coke/coal supplied to the Vanaspati Mills at Bhatinda during the years 1980-81, 1981-82, 1982-83 and 1983-84 (upto-date) separately ?

**ਸਰਦਾਰ ਦਰਬਾਰਾ ਸਿੰਘ** : ਬਨਸਪਤੀ ਮਿੱਲਾਂ ਨੂੰ ਕੋਇਲਾ ਭਾਰਤ ਸਰਕਾਰ ਵੱਲੋਂ ਸਿੱਧਾ ਦਿੱਤਾ ਜਾਂਦਾ ਹੈ।

**ਸ੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਮੇਰੇ ਸਵਾਲ ਦੇ ਜਵਾਬ ਵਿੱਚ ਕਿਹਾ ਹੈ ਕਿ ਬਨਸਪਤੀ ਮਿਲਾਂ ਨੂੰ ਕੋਲਾ ਭਾਰਤ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ, ਪਰ ਇਸਦੀ ਰਿਕੁਮੈਂਡੇਸ਼ਨ ਇੰਡਸਟਰੀ ਡਿਪਾਰਟਮੈਂਟ ਵੱਲੋਂ ਕੀਤੀ ਜਾਂਦੀ ਹੈ। ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਿਸੇ ਨੇ ਅਸੈਸਮੈਂਟ ਕੀਤੀ ਕਿ ਇਨ੍ਹਾਂ ਨੂੰ ਇਤਨਾ ਕੋਲਾ ਚਾਹੀਦਾ ਹੈ ? ਕੀ ਇੰਡਸਟਰੀ ਡਿਪਾਰਟਮੈਂਟ ਨੇ ਕਦੇ ਚੈਕ ਕੀਤਾ ਹੈ ਕਿ ਇਸ ਬਨਸਪਤੀ ਮਿੱਲ ਨੂੰ ਕੋਲਾ ਤਾਂ ਇਸ਼ੂ ਹੋਇਆ ਹੈ ਪਰ ਇਹ ਮਿੱਲ ਬਿਨਾਂ ਲਾਇਸੈਂਸ ਦੇ ਹੀ ਚਲ ਰਹੀ ਹੈ ? ਮੈਂ ਕਹਿੰਦਾ ਹਾਂ ਕਿ ਇੰਡਸਟਰੀ ਡਿਪਾਰਟ-

Original with;
Punjab Vidhan Sabha
Digitized by;
Panjab Digital Library

[ਸ੍ਰੀ ਸੁਰਿੰਦਰ ਕਪੂਰ]

ਮੈਂਟ ਵਾਲੇ ਕਿਉਂ ਸੁੱਤੇ ਪਏ ਹਨ, ਉਨ੍ਹਾਂ ਨੇ ਕਿਉਂ ਨਹੀਂ ਚੈਕ ਕੀਤਾ ? ਕੀ ਮੁੱਖ ਮੰਤਰੀ ਜੀ ਇਸ ਗੱਲ ਦਾ ਸਪੱਸ਼ਟੀਕਰਣ ਦੇਣਗੇ ਕਿ ਇੰਡਸਟਰੀ ਡਿਪਾਰਟਮੈਂਟ ਵਾਲਿਆਂ ਨੇ ਕਿਉਂ ਇਸ ਨੂੰ ਚੈਕ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ?

**ਮੁੱਖ ਮੰਤਰੀ** : ਜਵਾਬ ਤਾਂ ਮੈਂ ਠੀਕ ਦਿੱਤਾ ਹੈ, ਬਾਕੀ ਸਮਝਣ ਦੀ ਗੱਲ ਹੈ। ਬਨਸਪਤੀ ਮਿੱਲਾਂ ਨੂੰ ਜਿਹੜਾ ਕੋਲਾ ਮਿਲਦਾ ਹੈ ਉਹ ਹਿੰਦ ਸਰਕਾਰ ਤੋਂ ਮਿਲਦਾ ਹੈ। ਇਹ ਠੀਕ ਹੈ ਕਿ ਇਸਦੀ ਰਿਕੁਮੈਂਡੇਸ਼ਨ ਇੰਡਸਟਰੀ ਡਿਪਾਰਟਮੈਂਟ ਕਰਦਾ ਹੈ। ਕਿਸੇ ਮਿੱਲ ਨੂੰ ਕਿਤਨੇ ਕੋਲੇ ਦੀ ਜ਼ਰੂਰਤ ਹੈ ਇਸਦੀ ਅਸੈਸਮੈਂਟ ਇੰਸਪੈਕਟਰ ਜਾ ਕੇ ਕਰਦਾ ਹੈ ਅਤੇ ਜਦੋਂ ਕੋਲਾ ਆ ਜਾਵੇ ਤਾਂ ਇਹ ਵੇਖਣ ਲਈ ਕਿ ਉਸਦੀ ਵਰਤੋਂ ਕਿਤਨੀ ਹੋਈ ਹੈ ਇਹ ਚੀਜ਼ ਉਨ੍ਹਾਂ ਵੱਲੋਂ ਕੀਤੀ ਪ੍ਰੋਡਕਸ਼ਨ ਨਾਲ ਟੈਲੀ ਓਕੇਜ਼ਨਲੀ ਕੀਤੀ ਜਾਂਦੀ ਹੈ। ਇੰਸਪੈਕਟਰ ਜਾ ਕੇ ਇਹ ਇੰਸਪੈਕਟ ਕਰਦੇ ਹਨ।

**ਸ੍ਰੀ ਸੁਰਿੰਦਰ ਕਪੂਰ** : ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਚੀਜ਼ ਦੀ ਪੜਤਾਲ ਕਰਨ ਲਈ ਕੀ ਕੋਈ ਅਫ਼ਸਰ ਸਪੈਸ਼ਲੀ ਭੇਜਣਗੇ ਤਾਂ ਕਿ ਇਹ ਪੜਤਾਲ ਕੀਤੀ ਜਾਵੇ ਕਿ ਜਿਤਨਾ ਕੋਲਾ ਸਪਲਾਈ ਕੀਤਾ ਗਿਆ ਹੈ ਉਹ ਠੀਕ ਢੰਗ ਨਾਲ ਇਸਤੇਮਾਲ ਹੋਇਆ ਹੈ ? ਜਿਨ੍ਹਾਂ ਅਫ਼ਸਰਾਂ ਨੇ ਬਿਨਾਂ ਲਾਇਸੈਂਸ ਵਾਲੀ ਇੰਡਸਟਰੀ ਲਈ ਕੋਲੇ ਦੀ ਸਪਲਾਈ ਲਈ ਰਿਕੁਮੈਂਡੇਸ਼ਨ ਕੀਤੀ ਹੈ ਕੀ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਗੇ ?

**ਮੁੱਖ ਮੰਤਰੀ** : ਕੁਝ ਕੋਲਾ ਉਹ ਮਿੱਲਾਂ ਵਾਲੇ ਆਪਣੇ ਟਰੱਕਾਂ ਰਾਹੀਂ ਵੀ ਲੈ ਆਉਂਦੇ ਹਨ ਬੇਸ਼ਕ ਉਸਦੇ ਲਈ ਕੋਈ ਰਿਕੁਮੈਂਡੇਸ਼ਨ ਕੀਤੀ ਗਈ ਹੋਵੇ ਜਾਂ ਨਾ ਕੀਤੀ ਗਈ ਹੋਵੇ। ਜਿਤਨਾ ਕੋਲਾ ਅਸੀਂ ਉਨ੍ਹਾਂ ਲਈ ਰਿਕੁਮੈਂਡ ਕਰਕੇ ਭੇਜਦੇ ਹਾਂ ਉਹ ਮਿਲਦਾ ਨਹੀਂ। ਫਿਰ ਉਹ ਆਪਣੇ ਢੰਗ ਨਾਲ ਲਿਆਉਂਦੇ ਹਨ। ਜਿਥੋਂ ਤਕ ਉਨ੍ਹਾਂ ਦੇ ਕਾਗਜ਼ ਇੰਸਪੈਕਟ ਕਰਨ ਦੀ ਗਲ ਹੈ ਕਿ ਕਿਤੇ ਮਿਸਯੂਟੇਲਾਈਜ਼ੇਸ਼ਨ ਤਾਂ ਨਹੀਂ ਹੋਈ, ਇਸ ਦਾ ਜ਼ਰੂਰ ਬੰਦੋਬਸਤ ਕਰਾਂਗੇ।

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹਾਂਗਾ ਕਿ ਕਿਸੇ ਮਿੱਲ ਵਾਸਤੇ ਇੰਡਸਟਰੀ ਡਿਪਾਰਟਮੈਂਟ ਜਿਸ ਗਰੇਡ ਦਾ ਕੋਲਾ ਰਿਕੁਮੈਂਡ ਕਰਦਾ ਹੈ, ਕੀ ਉਸੀ ਗਰੇਡ ਦਾ ਕੋਲਾ ਉਨ੍ਹਾਂ ਨੂੰ ਮਿਲਦਾ ਹੈ, ਇਹ ਚੀਜ਼ ਕਿਸੇ ਅਫ਼ਸਰ ਨੇ ਕਦੇ ਚੈਕ ਕੀਤੀ ਹੈ ?

**ਮੁੱਖ ਮੰਤਰੀ** : ਮੈਂ ਇਸਦਾ ਜਵਾਬ ਪਹਿਲਾਂ ਹੀ ਦੇ ਦਿਤਾ ਹੈ ਕਿ ਜੋ ਕੋਲਾ ਉਸ ਮਿੱਲ ਵਾਸਤੇ ਚਾਹੀਦਾ ਹੈ ਉਸਦੀ ਰਿਕੁਮੈਂਡੇਸ਼ਨ ਕੀਤੀ ਜਾਂਦੀ ਹੈ ਅਤੇ ਓਕੇਜ਼ਨਲੀ ਉਸਦੀ ਇਨਸਪੈਕਸ਼ਨ ਵੀ ਉਹ ਕਰਦੇ ਹਨ।

---

## Proposal to hold Elections to Panchayats and Panchayat Samitis in the State

***2081. Master Dalip Chand**: Will the Minister for Development be pleased to state whether there is any proposal under the consideration of the Government to hold elections to the Panchayats and Panchayat Samitis in the State ; if so, when ?

**ਸਰਦਾਰ ਸੰਤੋਖ ਸਿੰਘ ਰੰਧਾਵਾ** : ਹਾਂ ਜੀ, ਰਾਜ ਵਿੱਚ ਗਰਾਮ ਪੰਚਾਇਤਾਂ ਦੀਆਂ ਚੋਣਾਂ ਮਿਤੀ 21 ਸਤੰਬਰ, 1983 ਤੋਂ 30 ਸਤੰਬਰ, 1983 ਤੱਕ ਕਰਾਉਣ ਦਾ ਪ੍ਰਸਤਾਵ ਹੈ ਇਨ੍ਹਾਂ ਚੋਣਾਂ ਤੋਂ ਬਾਅਦ ਪੰਚਾਇਤ ਸੰਮਿਤੀਆਂ ਦੀਆਂ ਚੋਣਾਂ ਹੋਣਗੀਆਂ।

Original with;
Punjab Vidhan Sabha
Digitized by;
Panjab Digital Library

**ਮਾਸਟਰ ਦਲੀਪ ਚੰਦ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਪੰਚਾਇਤਾਂ ਦੀਆਂ ਚੋਣਾਂ 21 ਸਤੰਬਰ ਤਾਂ ਹੋ ਰਹੀਆਂ ਹਨ। ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਦੀਆਂ ਵੋਟਾਂ ਪਿਛਲੇ ਚਾਰ ਪੰਜ ਮਹੀਨਿਆਂ ਵਿੱਚ ਬਣੀਆਂ ਹਨ, ਕੀ ਇਨ੍ਹਾਂ ਇਲੈਕ-ਸ਼ਨਾਂ ਵਿੱਚ ਉਨ੍ਹਾਂ ਨੂੰ ਵੋਟ ਦੇਣ ਦਾ ਹੱਕ ਹੋਵੇਗਾ ?

**ਮੰਤਰੀ :** ਜਿਨ੍ਹਾਂ ਦੀਆਂ ਵੋਟਾਂ ਬਣੀਆਂ ਹੋਈਆਂ ਹਨ ਉਹ ਵੋਟਾਂ ਪਾਉਣਗੇ। ਪਰ 64 ਹਲਕਿਆਂ ਵਿੱਚ ਜਿਹੜੀਆਂ ਵੋਟਾਂ ਹੁਣ ਬਣਾਈਆਂ ਗਈਆਂ ਹਨ ਉਹ 5 ਅਕਤੂਬਰ ਨੂੰ ਜਾ ਕੇ ਪਬਲਿਸ਼ ਹੋਣੀਆਂ ਹਨ ਅਤੇ ਉਸ ਤੋਂ ਪਹਿਲਾਂ ਹੀ ਇਹ ਇਲੈਕਸ਼ਨਾਂ ਹੋ ਜਾਣੀਆਂ ਹਨ ।

**ਮਾਸਟਰ ਬਾਬੂ ਸਿੰਘ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ 21 ਸਤੰਬਰ ਤੋਂ 30 ਸਤੰਬਰ ਤਕ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋ ਰਹੀਆਂ ਹਨ । ਗਜ਼ਟ ਨੋਟੀਫਿਕੇਸ਼ਨ ਕਰ ਦਿੱਤੀ ਗਈ ਹੈ । ਜਿਸ ਤਰਾਂ ਮਾਸਟਰ ਦਲੀਪ ਚੰਦ ਜੀ ਨੇ ਪੁਛਿਆ ਹੈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਵੋਟਰਾਂ ਦੀ ਐਨਰੋਲਮੈਂਟ ਹੋ ਗਈ ਹੈ, ਉਨ੍ਹਾਂ ਦੀ ਪਬਲੀਕੇਸ਼ਨ ਦੀ ਲਾਸਟ ਡੇਟ ਕਿਹੜੀ ਹੈ ਤੇ ਕੀ ਐਸ. ਡੀ. ਐਮ. ਇਨ੍ਹਾਂ ਨੂੰ ਪਬਲਿਸ਼ ਕਰਦਾ ਹੈ ਜਾਂ ਇਲੈਕਸ਼ਨ ਆਫਿਸ ਵਾਲੇ ਕਰਦੇ ਹਨ ?

**ਮੰਤਰੀ :** ਡਿਪਟੀ ਕਮਿਸ਼ਨਰਾਂ ਨੇ 12 ਸਤੰਬਰ, 1983 ਨੂੰ ਪਬਲੀਕੇਸ਼ਨ ਆਫ ਇਲੈਕਸ਼ਨ ਪ੍ਰੋਗਰਾਮ ਕਰ ਦੇਣਾ ਹੈ ਅਤੇ ਉਸ ਦੇ ਬਾਅਦ 7 ਦਿਨਾਂ ਦਾ ਕਲੀਅਰ-ਕੱਟ ਨੋਟਿਸ ਦੇ ਕੇ 21 ਸਤੰਬਰ ਨੂੰ ਇਲੈਕਸ਼ਨਾਂ ਸ਼ੁਰੂ ਹੋ ਜਾਣਗੀਆਂ । ਇਲੈਕਸ਼ਨ ਪਾਰਟੀਆਂ ਬਣ ਗਈਆਂ ਹਨ ਜਿਨ੍ਹਾਂ ਨੇ ਪੰਜ ਦਿਨਾਂ ਵਿੱਚ ਇਹ ਇਲੈਕਸ਼ਨ ਦਾ ਪ੍ਰੋਸੈਸ ਖਤਮ ਕਰ ਦੇਣਾ ਹੈ। ਨਵੀਆਂ ਵੋਟਾਂ ਦੀ ਪਬਲੀਕੇਸ਼ਨ ਬਾਅਦ ਵਿੱਚ ਹੋਵੇਗੀ । ਜਿਨ੍ਹਾਂ ਨੇ ਨਵੀਆਂ ਵੋਟਾਂ ਬਣਵਾਣੀਆਂ ਹਨ ਉਹ ਇਲੈਕਸ਼ਨ ਤਹਿਸੀਲਦਾਰ ਨਾਲ ਗਲ ਕਰ ਲੈਣ, ਉਹ ਬਣਾਉਂਦੇ ਹੋਣਗੇ ।

**ਪ੍ਰੋਫੈਸਰ ਬਲਵੰਤ ਸਿੰਘ :** ਸਪੀਕਰ ਸਾਹਿਬ, ਤਿੰਨਾਂ ਸਾਲਾਂ ਦੇ ਬਾਅਦ ਇਹ ਰਵੀਜ਼ਨ ਹੋਈ ਹੈ । 64 ਹਲਕਿਆਂ ਵਿੱਚ ਵਜ਼ੀਰ ਸਾਹਿਬ ਕਹਿੰਦੇ ਹਨ ਨਵੇਂ ਵੋਟਰਾਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਹੋਵੇਗਾ ਕਿਉਂਕਿ 5 ਅਕਤੂਬਰ ਨੂੰ ਇਸ ਦੀ ਪਬਲੀਕੇਸ਼ਨ ਹੋਣੀ ਹੈ । ਸਪੀਕਰ ਸਾਹਿਬ, ਜਿਹੜੇ 1980 ਦੇ ਪੁਰਾਣੇ ਵੋਟਰ ਹਨ ਉਨ੍ਹਾਂ ਨੂੰ ਵੋਟ ਪਾਉਣ ਦੇ ਰਹੇ ਹਨ ਬਾਕੀ ਤਿੰਨਾਂ ਸਾਲਾਂ ਦੇ ਨਵੇਂ ਵੋਟਰ ਜੋ ਬਣੇ ਹਨ, ਉਨ੍ਹਾਂ ਨੂੰ ਇਸ ਹੱਕ ਤੋਂ ਵੰਚਿਤ ਕੀਤਾ ਜਾ ਰਿਹਾ ਹੈ । ਕੀ ਵਜ਼ੀਰ ਸਾਹਿਬ, ਇਸ ਦੇ ਬਾਰੇ ਕੋਈ ਉਪਰਾਲਾ ਕਰਨਗੇ ?

**ਮੰਤਰੀ :** ਵੋਟਾਂ ਹਰ ਸਾਲ ਬਣਦੀਆਂ ਹਨ । ਇਸ ਕਰਕੇ ਜਿਤਨੀਆਂ ਵੋਟਾਂ ਬਣ ਗਈਆਂ ਹਨ ਉਹ ਵੋਟਰ 10 ਪੈਸੇ ਦਾ ਫਾਰਮ ਲੈ ਕੇ ਆਪਣੀ ਵੋਟ ਬਣਵਾ ਰਹੇ ਹਨ । 9 ਤਾਰੀਖ ਇਸ ਦੀ ਲਾਸਟ ਡੇਟ ਹੈ । ਇਸ ਲਈ ਉਤਾਵਲੇ ਹੋਣ ਦੀ ਲੋੜ ਨਹੀਂ । 5 ਅਕਤੂਬਰ ਨੂੰ ਨਵੀਆਂ ਵੋਟਾਂ ਦੀ ਪਬਲੀਕੇਸ਼ਨ ਹੋਣੀ ਹੈ । ਇਹ ਵੋਟਰ ਬਾਅਦ ਵਿੱਚ ਜਿਹੜੀਆਂ ਇਲੈਕਸ਼ਨਾਂ ਹੋਣਗੀਆਂ ਉਨ੍ਹਾਂ ਦੇ ਵਿੱਚ ਸ਼ਾਮਲ ਹੋ ਜਾਣਗੇ ।

**ਕਾਮਰੇਡ ਬਲਦੇਵ ਸਿੰਘ ਲੂੰਬਾ :** ਸਪੀਕਰ ਸਾਹਿਬ, ਇਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਜਿਥੇ ਕੋਈ ਡੇਰਾ ਹੈ, ਉਥੇ 150, 200 ਦੀ ਆਬਾਦੀ ਹੈ, ਉਥੇ ਵੀ ਪੰਚਾਇਤ ਬਣ ਸਕਦੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡ ਦੀ ਸ਼ਾਮਲਾਤ ਜ਼ਮੀਨ ਹੋਵੇਗੀ ਜਾਂ ਪੰਚਾਇਤ ਦੀ ਪ੍ਰਾਪਰਟੀ ਹੋਵੇਗੀ ਉਸ ਦੀ ਵੰਡ ਲਈ ਕਿਹੜਾ ਤਰੀਕਾ ਅਖਤਿਆਰ ਕਰਨਗੇ । ਜਿਹੜਾ ਕੋਈ ਡੇਰਾ ਹੈ, ਉਥੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੁੰਬਾ]

ਦੀ ਪੰਚਾਇਤ ਦੀ ਨਾ ਕੋਈ ਜ਼ਮੀਨ ਹੋਵੇ ਅਤੇ ਨਾ ਹੀ ਕੋਈ ਆਮਦਨ ਹੋਵੇ ਉਸ ਪਿੰਡ ਦਾ ਕਿਸ ਤਰ੍ਹਾਂ ਇਹ ਕੰਮ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਜਿਸ ਪਿੰਡ ਦੀ ਹਦਬਸਤ ਅਲਹਿਦਾ ਹੈ, ਰੈਵੇਨਿਊ ਐਸਟੇਟ ਵਖਰੀ ਹੈ, ਆਬਾਦੀ 100 ਤੋਂ ਵਧ ਹੈ, ਉਥੇ ਪੰਚਾਇਤ ਬਣਦੀ ਹੈ । ਪਹਿਲਾਂ 10,622 ਪੰਚਾਇਤਾਂ ਸਨ । 274 ਪੰਚਾਇਤਾਂ ਹੋਰ ਬਣ ਰਹੀਆਂ ਹਨ । ਜਿਸ ਜਿਸ ਪਿੰਡ ਦੀ ਰਿਪਰਜ਼ੈਂਟੇਸ਼ਨ ਆਵੇਗੀ, ਅਸੀਂ ਇਹ ਵੇਖਾਂਗੇ ਕਿ ਉਸ ਦੀ ਹਦਬਸਤ ਵਖਰੀ ਹੈ, 100 ਤੋਂ ਵੱਧ ਆਬਾਦੀ ਹੈ ਤਾਂ ਉਸ ਪਿੰਡ ਦੀ ਪੰਚਾਇਤ ਬਣਾਉਣ ਬਾਰੇ ਵੇਖਾਂਗੇ ।

---

**ਨਿਸ਼ਾਨਵਾਲਾ ਪ੍ਰਸ਼ਨ ਨੰ : 2071**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤਾ ਗਿਆ ।)

---

**Compensation to Land Owners whose land was acquired for Chagan Drain**

***2078. Sardar Dilbagh Singh** : Will the Minister for Agriculture be pleased to state—

(a) the year in which the Chagan Drain was dug out ;

(b) whether any compensation was paid to the persons whose land was acquired for the drain referred to in part(a) above ; if so, the year in which it was paid ; if not paid, the reasons therefor and the approximate time by which it is likely to be paid ?

**Chaudhri Kanshi Ram** : (a) Charan Drain (not Chagan Drain) was excavated in 1971.

(b) The Charan Drain was excavated after getting resolutions passed by the Gram Panchayats of Village Charan, Muzaffarpur, Shekhupur Bagh and Majhur to the effect that no compensation for land coming under the Charan Drain would be demanded.

**ਸਰਦਾਰ ਦਿਲਬਾਗ ਸਿੰਘ** : ਸਪੀਕਰ ਸਾਹਿਬ, ਮੈਂ ਤਾਂ ਇਤਨਾਂ ਹੀ ਪਤਾ ਕਰਨਾ ਹੈ ਕਿ ਇਹ ਚਰਨ ਡਰੇਨ ਕੋਈ 15 ਮੀਲ ਲੰਬੀ ਹੈ, ਇਨ੍ਹਾਂ ਨੇ ਇਸ ਬਾਰੇ ਕਿਹਾ ਹੈ ਕਿ ਦੋ ਤਿੰਨ ਪਿੰਡਾਂ ਨੇ ਮਿਲ ਕੇ ਰੈਜ਼ੋਲਿਊਸ਼ਨ ਕਰ ਦਿੱਤਾ ਹੈ ਕਿ ਅਸੀਂ ਕੰਪੈਨਸੇਸ਼ਨ ਨਹੀਂ ਲੈਣਾ ਪਰ ਬਾਕੀ ਪਿੰਡ ਜਿਹੜੇ ਹਨ ਉਨ੍ਹਾਂ ਨੇ ਕੋਈ ਰੈਜ਼ੋਲਿਊਸ਼ਨ ਨਹੀਂ ਕੀਤਾ ਔਰ ਨਾ ਹੀ ਕਿਸੇ ਪੰਚਾਇਤ ਨੂੰ ਇਹ ਇਖਤਿਆਰ ਹੈ ਕਿ ਉਹ ਕਿਸੇ ਦੀ ਜ਼ਮੀਨ ਵਿਚੋਂ ਡਰੇਨ ਕਢਵਾ ਦੇਵੇ ਔਰ ਫਿਰ ਕਹੇ ਕਿ ਇਸ ਦੇ ਪੈਸੇ ਵੀ ਨਹੀਂ ਲੈਣੇ । ਕੀ ਸਰਕਾਰ ਉਨ੍ਹਾਂ ਨੂੰ ਪੈਸੇ ਦੇਣ ਲਈ ਤਿਆਰ ਹੈ ?

**ਮੰਤਰੀ** : ਸਪੀਕਰ ਸਾਹਿਬ, ਜਿੱਥੋਂ ਤਕ ਤਾਂ ਉਸ ਡਰੇਨ ਦੀ ਲੰਬਾਈ ਦਾ ਸਵਾਲ ਹੈ ਉਹ 15 ਮੀਲ ਲੰਬੀ ਨਹੀਂ ਹੈ, ਡਿਪਾਰਟਮੈਂਟ ਵਾਲੇ ਇਹ ਗੱਲ ਨਹੀਂ ਮੰਨਦੇ । ਫੈਕਚੁਅਲ ਪੁਜ਼ੀਸ਼ਨ ਤਾਂ

Original with;
Punjab Vidhan Sabha
Digitized by;
Panjab Digital Library

ਇਹ ਹੈ ਕਿ ਮੈਂ ਪੂਰੀ ਗੱਲ ਨਾ ਦੱਸਾਂ ਤਾਂ ਚੰਗਾ ਹੈ। ਇਹ ਸਰਦਾਰ ਦਿਲਬਾਗ ਸਿੰਘ ਲਈ ਔਰ ਮੇਰੇ ਲਈ ਵੀ ਚੰਗਾ ਹੋਵੇਗਾ।

**Sardar Birdevinder Singh**: This question is a property of the House. This matter is not between the Honourable Member, Sardar Dilbagh Singh and the Honourable Minister. The Minister has no right to conceal the facts.

**Minister** : I am not concealing the facts.

ਸਪੀਕਰ ਸਾਹਿਬ, ਮੈਂ ਬੈਠਾ ਨਹੀਂ ਹਾਂ। ਮੈਂ ਅਜੇ ਜਵਾਬ ਦੇ ਰਿਹਾ ਹਾਂ। ਉਨ੍ਹਾਂ ਵਕਤਾਂ ਵਿਚ ਜਦੋਂ ਇਹ ਡਰੇਨ ਨਿਕਲੀ ਸੀ ਪਾਲਿਸੀ ਇਹ ਹੁੰਦੀ ਸੀ ਕਿ ਵਾਲੰਟਰੀ ਡਰੇਨਜ਼ ਬਣਦੀਆਂ ਸਨ। ਅਗਰ ਪੰਜ ਮੀਲ ਤੋਂ ਲੰਬਾਈ ਘਟ ਹੋਵੇ ਤਾਂ ਪਿੰਡਾਂ ਵਾਲੇ ਆਪ ਹੀ ਉਸ ਦੀ ਪੁੱਟ ਪੁਟਾਈ ਕਰਵਾ ਲੈਂਦੇ ਸਨ। ਇਸ ਤਰ੍ਹਾਂ ਹੀ ਇਹ ਡਰੇਨ ਵੀ ਸਰਦਾਰ ਸਾਹਿਬ ਨੇ ਉਸ ਵੇਲੇ ਤਾਂ ਖੁਦਵਾ ਲਈ ਜਿਹੜੀ ਕਿ ਵਾਲੰਟਰੀ ਖੁਦਵਾਉਣੀ ਸੀ ਪਰ ਹੁਣ ਇਹ ਕਹਿੰਦੇ ਹਨ ਕਿ ਉਸ ਦੇ ਪੈਸੇ ਦਿਓ। ਬਾਕੀ ਦੂਜੀ ਜਿਹੜੀ ਗੱਲ ਇਨ੍ਹਾਂ ਨੇ ਕਹੀ ਹੈ ਕਿ ਉਸ ਦੀ ਲੰਬਾਈ 15 ਮੀਲ ਦੀ ਹੈ ਇਸ ਬਾਰੇ ਮੈਂ ਵੇਰੀਫਿਕੇਸ਼ਨ ਕਰਵਾ ਕੇ ਦੱਸ ਦੇਵਾਂਗਾ ਪਰ ਮੈਂ ਨਹੀਂ ਸਮਝਦਾ ਕਿ ਉਸ ਦੀ ਲੰਬਾਈ 15 ਮੀਲ ਹੋਵੇਗੀ।

---

**Allotment of Land to the Education Department**

***2099. Shri Ram Parkash Bali** : Will the Minister for Local Government be pleased to state whether there is any proposal under the consideration of the Government to allot, free of cost, land within the Improvement Trust Area in the State, to Education Department, for the construction of Government School Buildings instead of Private Institutions at reserve price ; if so, the details of the proposal and the time by which it is likely to be finalised ?

**Shri Sardari Lal Kapur**: Yes Sir. The matter is under the consideration of the Government and is likely to be finalised shortly.

**ਸ਼੍ਰੀ ਰਾਮ ਪ੍ਰਕਾਸ਼ ਬਾਲੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਕੋਈ ਗੌਰਮਿੰਟ ਸਕੂਲ ਖੋਲ੍ਹਣ ਵਾਸਤੇ ਇਨ੍ਹਾਂ ਪਾਸੋਂ ਰਿਜ਼ਰਵ ਪ੍ਰਾਈਸ ਤੇ ਜ਼ਮੀਨ ਮੰਗੇ ਤਾਂ ਕੀ ਇਹ ਦੇਣ ਨੂੰ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਬਿਲਕੁਲ ਕੋਈ ਐਸੀ ਗੱਲ ਨਹੀਂ ਹੈ, ਅਸੀਂ ਐਲ. ਆਰ. ਤੋਂ ਰਾਏ ਮੰਗੀ ਹੋਈ ਹੈ। ਜੇਕਰ ਉਹ ਰਾਏ ਇਸ ਪੱਖ ਵਿਚ ਆਵੇਗੀ ਤਾਂ ਜਿਹੜਾ ਐਜੂਕੇਸ਼ਨ ਡਿਪਾਰਟਮੈਂਟ ਜਗ੍ਹਾ ਲੈਣੀ ਚਾਹਵੇਗਾ ਅਸੀਂ ਬਗੈਰ ਕੀਮਤ ਤੇ ਉਨ੍ਹਾਂ ਨੂੰ ਜ਼ਮੀਨ ਦੇਣ ਲਈ ਤਿਆਰ ਹੋਵਾਂਗੇ।

**ਸ਼੍ਰੀ ਸੇਵਾ ਰਾਮ** : ਕੀ ਮੰਤਰੀ ਜੀ ਇਸ ਗੱਲ ਦਾ ਵਿਸ਼ਵਾਸ ਦਿਵਾਉਣਗੇ ਕਿ ਅੱਜ ਤੋਂ ਬਾਅਦ ਜਿਹੜੇ ਚੈਰੀਟੇਬਲ ਇਨਸਟੀਚਿਊਸ਼ਨਜ਼ ਨਹੀਂ ਹਨ ਔਰ ਜਿਹੜੇ ਪਲਾਟ ਇੰਪਰੂਵਮੈਂਟ ਟਰੱਸਟਾਂ ਵਿਚ ਖਾਲੀ ਪਏ ਹਨ ਉਨ੍ਹਾਂ ਵਿੱਚੋਂ ਅਲਾਟ ਨਹੀਂ ਕੀਤੇ ਜਾਣਗੇ ਔਰ ਇਸ ਬਾਰੇ ਇਹ ਕਦੋਂ ਤਕ ਪੱਕਾ ਫੈਸਲਾ ਲੈ ਲੈਣਗੇ ਕਿ ਸਰਕਾਰੀ ਸਕੂਲਾਂ ਵਾਸਤੇ ਪਲਾਟ ਦਿੱਤੇ ਜਾਣਗੇ ?

**ਮੰਤਰੀ** : ਜਲਦੀ ਤੋਂ ਜਲਦੀ ਕਰਾਂਗੇ ਜੀ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਸ੍ਰੀ ਸੇਵਾ ਰਾਮ ਜੀ ਨੇ ਪੁੱਛਿਆ ਹੈ ਕਿ ਪ੍ਰਾਈਵੇਟ ਅਦਾਰਿਆਂ ਨੂੰ ਜਿਹੜੇ ਚੈਰੀਟੇਬਲ ਇਨਸਟੀਚਿਊਸ਼ਨਜ਼ ਨਹੀਂ ਹਨ, ਕੀ ਤੁਸੀਂ ਉਨ੍ਹਾਂ ਨੂੰ ਪਲਾਟ ਦੇਣੇ ਬੰਦ ਕਰ ਦਿਉਗੇ ?

**ਮੰਤਰੀ** : ਸਪੀਕਰ ਸਾਹਿਬ, ਰੂਲਜ਼ ਬਣਾਏ ਹਨ ਔਰ ਐਲ.ਆਰ.ਦੀ ਐਡਵਾਈਸ ਲਈ ਕੇਸ ਗਿਆ ਹੋਇਆ ਹੈ। ਜਦੋਂ ਉਸ ਦੀ ਐਡਵਾਈਸ ਆ ਜਾਵੇਗੀ, ਇਸ ਦੇ ਬਾਰੇ ਉਸ ਤੋਂ ਬਾਅਦ ਅਸੀਂ ਦੱਸ ਸਕਾਂਗੇ।

**ਸ੍ਰੀ ਸੇਵਾ ਰਾਮ** : ਸਪੀਕਰ ਸਾਹਿਬ, ਜੇਕਰ ਇਹ ਪ੍ਰਾਈਵੇਟ ਅਦਾਰਿਆਂ ਨੂੰ ਪਲਾਟ ਅਲਾਟ ਕਰ ਦੇਣਗੇ ਤਾਂ ਫਿਰ ਸਰਕਾਰੀ ਸਕੂਲਾਂ ਦਾ ਕੀ ਬਣੇਗਾ ?

**ਸ੍ਰੀ ਸਪੀਕਰ** : ਤੁਸੀਂ ਬੈਠ ਜਾਓ, ਮਨਿਸਟਰ ਸਾਹਿਬ ਨੂੰ ਜਵਾਬ ਦੇ ਲੈਣ ਦਿਓ।

**ਮੰਤਰੀ** : ਸਪੀਕਰ ਸਾਹਿਬ, ਗੱਲ ਚੱਲੀ ਸੀ ਕਿ ਕੀ ਅਸੀਂ ਗੌਰਮਿੰਟ ਐਜੂਕੇਸ਼ਨਲ ਇਨਸਟੀ-ਚਿਊਸ਼ਨਜ਼ ਨੂੰ ਬਗੈਰ ਪ੍ਰਾਈਸ ਦੇ ਪਲਾਟ ਦੇਣ ਨੂੰ ਤਿਆਰ ਹਾਂ, ਮੈਂ ਕਿਹਾ ਸੀ ਕਿ ਹਾਂ ਅਸੀਂ ਦੇਣ ਨੂੰ ਤਿਆਰ ਹਾਂ ਪਰ ਆਪਣੇ ਕਾਨੂੰਨ ਨੂੰ ਪੂਰਾ ਕਰਨ ਲਈ ਅਸੀਂ ਐਲ.ਆਰ. ਦੀ ਰਾਏ ਲਈ ਹੈ। ਜਦੋਂ ਉਹ ਰਾਏ ਸਾਡੇ ਪਾਸ ਆ ਜਾਵੇਗੀ ਤਾਂ ਹੀ ਅੱਗੋਂ ਅਸੀਂ ਕੋਈ ਗੱਲ ਕਰ ਸਕਾਂਗੇ, ਕੋਈ ਪਲਾਟ ਦੇ ਸਕਾਂਗੇ। ਬਾਕੀ ਜਿਹੜੇ ਪ੍ਰਾਈਵੇਟ ਇਨਸਟੀਚਿਊਸ਼ਨਜ਼ ਹਨ, ਦੁਕਾਨਦਾਰੀ ਕਰਨ ਵਾਲੇ ਹਨ ਉਨ੍ਹਾਂ ਨੂੰ ਅਸੀਂ ਪਲਾਟ ਦੇਣ ਵਾਸਤੇ ਰਾਜ਼ੀ ਨਹੀਂ ਹਾ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਜਿਹੜੇ ਅਦਾਰੇ ਦੁਕਾਨਦਾਰੀ ਕਰਦੇ ਹਨ, ਪ੍ਰਾਈਵੇਟ ਸਕੂਲਾਂ ਵਾਲੇ ਹਨ, ਉਨ੍ਹਾਂ ਨੂੰ ਪਲਾਟ ਨਹੀਂ ਦੇਵਾਂਗੇ, ਜਿਹੜੀਆਂ ਜਗਾਹ ਅਲਾਟ ਪਿੱਛੇ ਹੋਈਆਂ ਸਨ, ਉਨਾਂ ਨੂੰ ਅਲਾਟ ਕਰਨ ਵਾਸਤੇ ਇਕ ਇੰਪਰੂਵਮੈਂਟ ਟਰੱਸਟ ਦਾ ਮੈਂਬਰ ਹੁੰਦਾ ਸੀ, ਇਕ ਐਜੂਕੇਸ਼ਨ ਡਿਪਾਰਟਮੈਂਟ ਦਾ ਔਰ ਇਕ ਉਸ ਇਲਾਕੇ ਦਾ ਆਦਮੀ ਹੁੰਦਾ ਸੀ। ਕੀ ਜਿਹੜੇ ਉਹ ਪਲਾਟ ਇਸ ਤਰ੍ਹਾਂ ਦਿਤੇ ਗਏ ਸਨ ਉਨ੍ਹਾਂ ਦੀ ਅਲਾਟਮੈਂਟ ਬਾਰੇ ਇਹ ਘੋਖ ਕਰਾਉਣਗੇ? ਕੀ ਇਹ ਵੇਖਣਗੇ ਕਿ ਜਿਹੜੀਆਂ ਜਗ੍ਹਾ ਪ੍ਰਾਈਵੇਟ ਸਕੂਲਾਂ ਨੂੰ ਅਲਾਟ ਕੀਤੀਆਂ ਗਈਆਂ ਸਨ ਕੀ ਉਹ ਕਾਂਸਟੀਚਿਊਸ਼ਨਲ ਗੱਲ ਹੋਈ ਹੈ, ਕੀ ਉਹ ਅਲਾਟਮੈਂਟਾਂ ਠੀਕ ਹੋਈਆਂ ਹਨ ਜਾਂ ਨਹੀਂ, ਕੀ ਇਹ ਇਸ ਦੀ ਘੋਖ ਕਰਾਉਣਗੇ ?

**ਮੰਤਰੀ** : ਸਵਾਲ ਤਾਂ ਕੁਝ ਹੋਰ ਹੈ ਪਰ ਜੋ ਇਨ੍ਹਾਂ ਨੇ ਕਿਹਾ ਹੈ ਉਸ ਨੂੰ ਵੀ ਵੇਖਾਂਗੇ।

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਕਈ ਪ੍ਰਾਈਵੇਟ ਸਕੂਲਾਂ ਨੂੰ ਜਗ੍ਹਾ ਦਿੱਤੀ ਗਈ ਹੈ ਔਰ ਜਿਥੇ ਪਹਿਲਾਂ ਸਕੂਲ ਚਲਦੇ ਸਨ ਉਹ ਸਕੂਲ ਉਥੇ ਵੀ ਚਲ ਰਹੇ ਹਨ, ਸੱਤ ਸੱਤ ਸਾਲ ਹੋ ਗਏ ਹਨ ਉਨਾਂ ਲੋਕਾਂ ਨੇ ਨਵੀਆਂ ਬਿਲਡਿੰਗਾਂ ਵੀ ਬਣਾ ਲਈਆਂ ਹਨ ਪਰ ਉਹ ਪੁਰਾਣੀਆਂ ਥਾਵਾਂ ਖਾਲੀ ਨਹੀਂ ਕੀਤੀਆਂ। ਇਸ ਨਾਲ ਟਰੱਸਟਾਂ ਨੂੰ ਲਾਸ ਹੁੰਦਾ ਪਿਆ ਹੈ, ਇਸ ਲਈ ਇਹ ਉਨਾਂ ਲੋਕਾਂ ਪਾਸੋਂ ਕਦੋਂ ਕੁ ਤਕ ਪੁਰਾਣੀਆਂ ਜਗ੍ਹਾ ਖਾਲੀ ਕਰਵਾ ਲੈਣਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਲਿਖ ਕੇ ਦੇ ਦੇਣ, ਅਸੀਂ ਵੇਖ ਲਵਾਂਗੇ।

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਲੱਖਾਂ ਰੁਪਏ ਦਾ ਗਬਨ ਹੋਇਆ ਹੈ ਇਸ ਵਿਚ। ਜਿਹੜੀਆਂ ਜਗ੍ਹਾ ਪ੍ਰਾਈਵੇਟ ਸਕੂਲਾਂ ਨੂੰ ਦਿੱਤੀਆਂ ਗਈਆਂ ਉਨ੍ਹਾਂ ਦਾ ਦਸ ਹਜ਼ਾਰ ਰੁਪਿਆ ਮਰਲਾ

Original with;
Punjab Vidhan Sabha
Digitized by;
Panjab Digital Library

ਕੀਮਤ ਸੀ ਪਰ ਸਰਕਾਰ ਨੇ 800 ਰੁਪਿਆ ਮਰਲਾ ਦੇ ਹਿਸਾਬ ਨਾਲ ਦਿਤੀ ਹੈ ਇਸ ਤਰ੍ਹਾਂ ਨਾਲ ਲੱਖਾਂ ਰੁਪਿਆ ਦਾ ਘਪਲਾ ਹੋਇਆ ਹੈ ।

**ਸ੍ਰੀ ਸਪੀਕਰ** : ਸੈਣੀ ਸਾਹਿਬ, ਸਪੀਚ ਨਾ ਕਰੋ । ਹਾਂ ਜੀ, ਨੈਕਸਟ ਕੁਐਸਚਨ ।

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਗਾਂਧੀ ਕੈਂਪ ਜਲੰਧਰ ਨੇੜੇ ਜਗ੍ਹਾ ਦਿਤੀ ਗਈ ਹੈ, ਮਨਿਸਟਰ ਸਾਹਿਬ, ਨੂੰ ਪੜਤਾਲ ਕਰਾਉਣ ਵਿਚ ਕੀ ਹਿਚ ਹੈ......

**ਸ੍ਰੀ ਸਪੀਕਰ** : ਬੈਠ ਜਾਓ, ਸੈਣੀ ਸਾਹਿਬ, ਪਲੀਜ਼ ਬੈਠ ਜਾਓ । ਮੈਂ ਅਗਲਾ ਸਵਾਲ ਕਾਲ ਅਪਾਨ ਕਰ ਲਿਆ ਹੈ ।

—— ——

## Construction of Link Road

***2072. Sardar Birdevinder Singh** : Will the Minister for Public Works be pleased to state whether there is any proposal under the consideration of the Government to construct a link road between villages Balsua and Basantpura on Sarain Banjara-Bhagrana Road in District Patiala ; if so, the amount likely to be spent thereon and the time by which it is likely to be completed ?

**Sardar Beant Singh** : The village Balsua and Basantpura stand already connected with road.

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਇਹ ਸੜਕ ਬਣਾ ਸੀ ਲੇਕਿਨ ਹਰ ਸਾਲ ਪਾਣੀ ਨਾਲ, ਬਹੁਤੀਆਂ ਬਾਰਸ਼ਾਂ ਨਾਲ ਉਹ ਸੜਕ ਰੁੜ੍ਹ ਗਈ ਹੈ, ਜਿਸ ਨਾਲ ਕਿ ਬਰਸਾਤਾਂ ਦੇ ਦਿਨਾਂ ਵਿਚ ਤਿੰਨ ਚਾਰ ਮਹੀਨੇ ਰਸਤਾ ਬੰਦ ਰਹਿੰਦਾ ਹੈ । ਬੱਚਿਆਂ ਔਰ ਔਰਤਾਂ ਲਈ ਤਾਂ ਬਿਲਕੁਲ ਬਹੁੱਤ ਮੁਸ਼ਕਲ ਹੋ ਜਾਂਦੀ ਹੈ । ਸਕੂਲਾਂ ਨੂੰ ਜਾਣ ਵਾਲੇ ਬੱਚਿਆਂ ਨੂੰ ਟਰੈਕਟਰਾਂ ਵਗੈਰਾ ਤੇ ਛੱਡ ਕੇ ਆਉਂਦੇ ਹਾਂ, ਉਥੇ ਬੱਸਾਂ ਦੀ ਆਵਾਜਾਈ ਬੰਦ ਹੈ । ਮੈਂ ਮਨਿਸਟਰ ਸਾਹਿਬ ਤੋਂ ਭਰੋਸਾ ਚਾਹਵਾਂਗਾ ਕਿ ਕੀ ਇਹ ਇਸ ਸੜਕ ਦੀ ਰੇਜ਼ਿੰਗ ਕਰਵਾ ਕੇ ਪੁਲ ਵਗੈਰਾ ਦਾ ਪ੍ਰਬੰਧ ਕਰਕੇ, ਇਹ ਕੰਮ ਛੇਤੀ ਤੋਂ ਛੇਤੀ ਮੁਕੰਮਲ ਕਰਨ ਦੀ ਕੋਸ਼ਿਸ਼ ਕਰਨਗੇ ? ਮੈਂ ਇਹ ਮਸਲਾ ਪਿਛਲੇ ਸੈਸ਼ਨ ਵਿਚ ਵੀ ਉਠਾਇਆ ਸੀ ।

**ਮੰਤਰੀ** : ਸਪੀਕਰ ਸਾਹਿਬ, ਸੰਨ 1972 ਵਿਚ ਇਹ ਸੜਕ ਬਣੀ ਸੀ ਔਰ ਨੀਵੀਂ ਹੋਣ ਕਰਕੇ ਬਾਰਸ਼ਾਂ ਨਾਲ ਟੁੱਟ ਗਈ ਹੈ । ਉਸ ਦਾ ਐਸਟੀਮੇਟ ਬਣਾਉਣ ਵਾਸਤੇ ਕਿਹਾ ਗਿਆ ਹੈ ਔਰ ਰੇਜ਼ਿੰਗ ਪ੍ਰੋਵਾਈਡ ਕਰਨ ਵਾਸਤੇ ਵੀ ਕਿਹਾ ਗਿਆ ਹੈ । ਜਦੋਂ ਐਸਟੀਮੇਟ ਆ ਜਾਵੇਗਾ ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਐਸਟੀਮੇਟ ਤੋਂ ਬਾਅਦ ਉਹ ਕੰਮ ਹੱਥ ਵਿਚ ਲੈ ਲਿਆ ਜਾਵੇਗਾ ।

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਇਹ ਤੁਹਾਡੇ ਰਾਹੀਂ ਜਾਨਣਾ ਚਾਹਵਾਂਗਾ ਕਿ ਇਸ ਸੜਕ ਦੀ ਰੇਜ਼ਿੰਗ ਵਾਸਤੇ ਐਸਟੀਮੇਟ ਮਹਿਕਮੇ ਨੇ ਕਦੋਂ ਤਿਆਰ ਕੀਤਾ ਸੀ ਔਰ ਆਇਆ ਉਸ ਐਸਟੀਮੇਟ ਨੂੰ ਸਰਕਾਰ ਨੇ ਪਰਵਾਨਗੀ ਦੇ ਦਿਤੀ ਹੈ, ਉਹ ਐਸਟੀਮੇਟ ਕਿਸ ਮਹੀਨੇ ਵਿਚ ਤਿਆਰ ਹੋਇਆ ਸੀ ?

**ਮੰਤਰੀ** : ਹਾਲੇ ਪਰਵਾਨਗੀ ਨਹੀਂ ਦਿਤੀ ਗਈ । ਕੇਸ ਪਰਵਾਨਗੀ ਲਈ ਮੇਰੇ ਤਕ ਆਉਂਦਾ ਹੈ ਪਰ ਇਹ ਕੇਸ ਅਜੇ ਮੇਰੇ ਤਕ ਨਹੀਂ ਆਇਆ । ਬਾਕੀ ਇਹ ਤਾਂ ਮੈਂ ਪੁੱਛ ਕੇ ਮਹਿਕਮੇ ਪਾਸੋਂ ਦੱਸ ਸਕਦਾ

Original with;
Punjab Vidhan Sabha
Digitized by;
Panjab Digital Library

[Minister for Public Works]

ਹਾਂ ਕਿ ਐਸਟੀਮੇਟਸ ਕਦੋਂ ਤਿਆਰ ਕਰਨੇ ਸ਼ੁਰੂ ਕੀਤੇ ਸਨ ਅੌਰ ਆਇਆ ਤਿਆਰ ਹੋ ਗਏ ਹਨ ਜਾਂ ਨਹੀਂ। ਮਾਨਯੋਗ ਮੈਂਬਰ ਸਾਹਿਬ ਮੈਨੂੰ ਮਿਲ ਲੈਣ, ਮੈਂ ਇਹ ਸਾਰੀ ਚੀਜ਼ ਇਨ੍ਹਾਂ ਨੂੰ ਦੱਸ ਦੇਵਾਂਗਾ।

---

**Chandigarh-Hoshiarpur-Dasuya Road**

***2121. Pandit Sarwan Ram, Master Kundan Singh**: Will the Minister for Public Works be pleased to state the approximate date by which the Chandigarh-Hoshiarpur Dasuya Road would be declared as an all-weather road ?

**Sardar Beant Singh** : This road consists of the following stretches, the position of which is explained against each:—

(a) **Chandigarh-Ropar.**—This is a National Highway No. 21 and is an all- weather road.

(b) **Ropar to Garhshankar.**—It is State Highway and it is already an all-weather road.

(c) **Garhshankar-Hoshiarpur.**—This road is being improved under strategic road programme and it is likely to be declared an all- weather road by March, 1985 subject to the availability of funds.

(d) **Hoshiarpur-Dasuya road.**—This is a State Highway. It is still traversed by a few choes, over which it has not been possible to provide bridges due to paucity of funds. Efforts will be made to make this an all-weather road by the end of 7th five year plan subject to availability of funds.

**ਪੰਡਿਤ ਸਰਵਣ ਰਾਮ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜੋ ਚੰਡੀਗੜ੍ਹ ਤੋਂ ਰੋਪੜ ਅੌਰ ਰੋਪੜ ਤੋਂ ਗੜ੍ਹਸ਼ੰਕਰ ਬਾਰੇ ਪੁਜ਼ੀਸ਼ਨ ਦੱਸੀ ਹੈ, ਉਹ ਤਾਂ ਚਲੋ ਠੀਕ ਹੈ। ਪਰ ਜਿਹੜਾ ਇਨ੍ਹਾਂ ਨੇ ਗੜ੍ਹਸ਼ੰਕਰ ਤੋਂ ਹੁਸ਼ਿਆਰਪੁਰ ਬਾਰੇ ਦਸਿਆ ਹੈ ਕਿ ਫੰਡਜ਼ ਮਿਲਣ ਤੇ ਕੰਮ ਕੀਤਾ ਜਾਵੇਗਾ, ਇਸ ਬਾਰੇ ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਫੰਡਜ਼ ਕਦੋਂ ਤਕ ਮਿਲ ਜਾਣਗੇ ਅੌਰ ਕਦੋਂ ਤਕ ਕੰਮ ਹੋ ਜਾਵੇਗਾ।

ਦੂਸਰਾ, ਮੈਂ ਇਹ ਪੁਛਣਾ ਹੈ ਕਿ ਹੁਸ਼ਿਆਰਪੁਰ ਤੋਂ ਦਸੂਆ ਤੇ ਜਿਹੜੇ ਪੁਲ ਬਣਨੇ ਸਨ ਉਹ ਵੀ ਫੰਡਜ਼ ਨਾ ਹੋਣ ਕਾਰਣ ਕੰਮ ਨਹੀਂ ਹੋ ਰਿਹਾ। ਮੈਂ ਤਾਂ ਇਹ ਸਮਝਦਾ ਹਾਂ ਕਿ ਫੰਡਜ਼ ਦੇਣ ਵਾਲੇ ਵੀ ਇਹ ਹੀ ਹਨ ਅਤੇ ਕੰਮ ਵੀ ਇਨ੍ਹਾਂ ਨੇ ਹੀ ਕਰਨਾ ਹੈ। ਇਸ ਲਈ ਇਹ ਚੰਗੀ ਤਰ੍ਹਾਂ ਦੱਸਣ ਕਿ ਇਹ ਕੰਮ ਕਦੋਂ ਤਕ ਕੰਪਲੀਟ ਹੋ ਜਾਣਗੇ ?

**ਮੰਤਰੀ** : ਸਪੀਕਰ ਸਾਹਿਬ, ਗੜ੍ਹਸ਼ੰਕਰ ਤੋਂ ਹੁਸ਼ਿਆਰਪੁਰ ਤਕ ਬੜੀ ਭਾਰੀ ਪਰੋਗਰੈਸ ਹੋਈ ਹੈ। ਹੁਸ਼ਿਆਰਪੁਰ ਦਾ ਜ਼ਿਲ੍ਹਾ ਚੋਆਂ ਅੌਰ ਚੌਧਰੀਆਂ ਵਾਸਤੇ ਮਸ਼ਹੂਰ ਹੈ। ਇਥੇ 23 ਚੋਅ ਹਨ ਅੌਰ ਇਨ੍ਹਾਂ ਵਿਚੋਂ

Original with;
Punjab Vidhan Sabha
Digitized by;
Panjab Digital Library

7 ਵਡੇ ਚੋਆਂ ਤੇ ਪੂਲ ਕੰਪਲੀਟ ਹੋ ਚੁਕੇ ਹਨ। ਬਾਸਪੁਰ ਚੋਅ, ਚੱਬੋਵਾਲ ਚੋਅ ਅਤੇ ਨੰਗਲ ਸਹੀਦਾਂ ਚੋਅ ਤੇ ਬੜਾ ਜੋਰ ਨਾਲ ਕੰਮ ਹੋਇਆ ਹੈ ਔਰ ਹੁਣ ਵੀ ਕਿਹਾ ਹੈ ਕਿ ਜੇ ਫੰਡਜ਼ ਮਿਲ ਗਏ ਤਾਂ ਮਾਰਚ, 1984-85 ਤਕ ਮੁਕੰਮਲ ਕਰ ਦਿਆਂਗੇ ।

ਦਸੂਆ ਰੋਡ ਬਾਰੇ ਦਸਿਆ ਹੈ ਕਿ ਇਥੇ ਵੀ 5 ਚੋਅ ਹਨ ਇਨ੍ਹਾਂ ਵਿਚੋਂ ਰਾਮ ਲੀਲਾ ਚੋਅ ਭੰਗੜਾ ਚੋਅ ਅਤੇ ਹਰਿਆਣਾ ਚੋਅ ਤੇ ਅਸੀਂ ਕੰਮ ਕੀਤਾ ਹੈ ਔਰ ਇਸ ਵਾਸਤੇ 50 ਲੱਖ ਰੁਪਿਆ ਦਰਕਾਰ ਹੈ। ਬਾਕੀ ਕੰਮ ਵੀ ਜਿਸ ਤਰ੍ਹਾਂ ਫੰਡਜ਼ ਉਪਲਬੱਧ ਹੋ ਜਾਣਗੇ ਕੰਮ ਕਰਦੇ ਜਾਵਾਂਗੇ।

**ਮਾਸਟਰ ਕੁੰਦਨ ਸਿੰਘ** : ਸਪੀਕਰ ਸਾਹਿਬ, ਭਾਗ 'ਸੀ' ਵਿਚ ਇਨ੍ਹਾਂ ਨੇ ਦੱਸਿਆ ਹੈ ਕਿ ਮਾਰਚ, 1985 ਤਕ ਮੁਕੰਮਲ ਕਰ ਦੇਣਗੇ। ਪਰ ਇਥੇ ਇਕ ਰਾਜਨੀ ਚੋਅ ਹੈ ਉਸ ਬਾਰੇ ਨਹੀਂ ਦਸਿਆ ਕਿ ਉਹ ਕਦੋਂ ਤਕ ਬਣਾ ਦੇਣਗੇ।

**ਮੰਤਰੀ** : ਰਾਜਨੀ ਚੋਅ ਹਾਲੇ ਡਿਜ਼ਾਇਨ ਵਿਚ ਪਿਆ ਹੋਇਆ ਹੈ। ਜਦੋਂ ਡਿਜ਼ਾਇਨ ਬਣ ਜਾਵੇਗਾ ਤਾਂ ਕੰਮ ਸ਼ੁਰੂ ਕਰ ਦਿਆਂਗੇ।

———

**Pensions for Old Age, Widows and Handicapped Persons**

***2122. Pandit Sarwan Ram**
**Master Kundan Singh** : Will the Minister for Welfare and Labour be pleased to state——

(a) the number of applications received by the Social Welfare Department for the grant of pensions for old age, widows and handicapped persons separately during the years 1981-82 and 1982-83 separately in district Hoshiarpur;

(b) the total number of applications, out of those referred to in part (a) above who have so far been sanctioned the above mentioned pensions category-wise and the number of pending applications and the reasons therefor category-wise ?

**ਚੌਧਰੀ ਜਗਤ ਰਾਮ:**

| —— | 1981-82 | 1982-83 | ਜੋੜ |
|---|---|---|---|
| (ੳ) | | | |
| (1) ਬੁਢਾਪਾ ਪੈਨਸ਼ਨ ... | 1,357 | 1,335 | 2,692 |
| (2) ਵਿਧਵਾ ਅਤੇ ਨਿਆਸ਼ਾਰਤ ਔਰਤਾਂ ਨੂੰ ਵਿੱਤੀ ਸਹਾਇਤਾ ... | 473 | 635 | 1,108 |
| (3) ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ... | 844 | 437 | 1,281 |

Original with;
Punjab Vidhan Sabha
Digitized by;
Panjab Digital Library

[ਭਲਾਈ ਮੰਤਰੀ]

| (ੳ) | | ਪ੍ਰਵਾਨਤ | ਪੈਂਡਿੰਗ |
|---|---|---|---|
| (1) ਬੁਢਾਪਾ ਪੈਨਸ਼ਨ | ... | 1,198 | 83 |
| (2) ਵਿਧਵਾ ਅਤੇ ਨਿਆਸਰਿਤ ਔਰਤਾਂ ਨੂੰ ਵਿੱਤੀ ਸਹਾਇਤਾ | ... | 664 | 41 |
| (3) ਅਪੰਗ ਵਿਅੱਕਤੀਆਂ ਨੂੰ ਵਿੱਤੀ ਸਹਾਇਤਾ | ... | 304 | 23 |
| | | 2,166 | 147 |

ਆਖਰੀ ਨਿਪਟਾਰੇ ਤੋਂ ਪਹਿਲਾਂ 147 ਅਰਜ਼ੀਆਂ ਮੌਕੇ ਤੇ ਪੜ੍ਹਤਾਲ ਕਰਨ ਲਈ ਪੈਂਡਿੰਗ ਹਨ।

**ਮਾਸਟਰ ਕੁੰਦਨ ਸਿੰਘ** : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜੋ ਦਸਿਆ ਹੈ ਉਸ ਦਾ ਕੁੱਲ ਜੋੜ ਹੁਣ ਤਕ 5,081 ਅਰਜ਼ੀਆਂ ਆਈਆਂ ਔਰ ਉਨ੍ਹਾਂ ਵਿਚੋਂ 2,166 ਨੂੰ ਪੈਨਸ਼ਨਾਂ ਦਿੱਤੀਆਂ ਗਈਆਂ ਹਨ ਇਸ ਦਾ ਮਤਲਬ ਇਹ ਹੈ ਕਿ 42% ਐਪਲੀਕੈਂਟਸ ਨੂੰ ਹੁਣ ਤਕ ਪੈਨਸ਼ਨਾਂ ਦਿਤੀਆਂ ਹਨ ਔਰ 58% ਰਿਜੈਕਟ ਹਨ ਜਾਂ ਪੈਂਡਿੰਗ ਪਈਆਂ ਹਨ। ਕੀ ਮੰਤਰੀ ਸਾਹਿਬ ਦੱਸਣਗੇ ਕਿ ਬਾਕੀਆਂ ਨੂੰ ਕਦੋਂ ਤਕ ਪੈਨਸ਼ਨ ਦੇ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਠੀਕ ਹੈ ਕਿ ਟੋਟਲ 5,081 ਅਰਜ਼ੀਆਂ ਆਈਆਂ ਹਨ। ਪਰ ਮੇਰਾ ਖਿਆਲ ਹੈ ਕਿ ਜਦੋਂ ਦੀ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਆਈ ਹੈ ਇਸ ਨੇ ਇਸ ਵੱਲ ਧਿਆਨ ਦੇ ਕੇ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਔਰ ਅੰਗਹੀਣਾਂ ਨੂੰ ਪੈਨਸ਼ਨ ਦਿੱਤੀ ਹੈ। ਸਿਰਫ ਇਥੇ ਹੀ ਬਸ ਨਹੀਂ ਸਾਡੇ ਮੁੱਖ ਮੰਤਰੀ ਸਾਹਿਬ ਨੇ ਉਨ੍ਹਾਂ ਲੋਕਾਂ ਦੀ ਭਲਾਈ ਵਾਸਤੇ ਜਿਨ੍ਹਾਂ ਨੂੰ ਚੰਡੀਗੜ੍ਹ ਆਉਣਾ ਪੈਂਦਾ ਸੀ ਉਨ੍ਹਾਂ ਦੇ ਕੰਮ ਕਰਨ ਵਾਸਤੇ ਹੈਡ ਕੁਆਰਟਰ ਹਰ ਜ਼ਿਲ੍ਹੇ ਤੇ ਲੈ ਗਏ ਹਨ ਤਾਕਿ ਉਨ੍ਹਾਂ ਨੂੰ ਚੰਡੀਗੜ੍ਹ ਨਾ ਭੱਜਣਾ ਪਵੇ। ਮੈਨੂੰ ਖੁਸ਼ੀ ਹੈ ਕਿ ਮਾਸਟਰ ਕੁੰਦਨ ਸਿੰਘ ਆਪਣੇ ਹਲਕੇ ਵਿਚ ਲੋਕਾਂ ਦਾ ਬੜੀ ਚੰਗੀ ਤਰ੍ਹਾਂ ਨਾਲ ਕੰਮ ਕਰਦੇ ਹਨ ਅਤੇ ਉਨ੍ਹਾਂ ਦਾ ਖਿਆਲ ਕਰਦੇ ਹਨ। ਪਰ ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਕਈ ਐਪਲੀਕੇਸ਼ਨਾਂ ਐਸੀਆਂ ਆਉਂਦੀਆਂ ਹਨ ਜਿਨ੍ਹਾਂ ਦੀਆਂ ਆਪਣੀਆਂ ਜ਼ਮੀਨਾਂ ਵੀ ਹੁੰਦੀਆਂ ਹਨ, ਬੱਚੇ ਵੀ ਕੰਮ ਕਰਦੇ ਹੁੰਦੇ ਹਨ, ਔਰ ਜੇ ਉਨ੍ਹਾਂ ਨੂੰ ਕਹੋ ਤਾਂ ਇਹ ਕਹਿੰਦੇ ਹਨ ਕਿ ਸਾਨੂੰ ਬੱਚੇ ਰੋਟੀ ਹੀ ਨਹੀਂ ਦਿੰਦੇ। ਮੇਰਾ ਖਿਆਲ ਹੈ ਕਿ ਇਹੋ ਜਿਹੇ ਆਦਮੀਆਂ ਦੀਆਂ ਅਰਜ਼ੀਆਂ ਜ਼ਰੂਰ ਰਿਜੈਕਟ ਕਰਨੀਆਂ ਪੈਂਦੀਆਂ ਹਨ। ਮੈਨੂੰ ਖੁਸ਼ੀ ਹੈ ਕਿ ਮਾਸਟਰ ਜੀ ਨੂੰ ਸ਼ੇਰੇਵਾਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਹ ਲੋਕਾਂ ਦਾ ਕੰਮ ਵੀ ਬਹੁਤ ਕਰਦੇ ਹਨ।

**ਪ੍ਰੋਫੈਸਰ ਦਰਬਾਰੀ ਲਾਲ** : ਸਪੀਕਰ ਸਾਹਿਬ, ਇਹ ਲਫਜ਼ ਵਾਪਸ ਕਰਾਓ ਕਿਉਂਕਿ ਜੰਗਲ ਵਿਚ ਰਿੱਛ ਨੂੰ ਇਸ ਨਾਂ ਨਾਲ ਕਹਿੰਦੇ ਹਨ।

**Mr. Speaker** : No Interruption please.

ਮੰਤਰੀ : ਜੇ ਕਹੋ ਤਾਂ ਮੈਂ ਇਹ ਨਾਂ ਕਾਰਡ ਤੇ ਛਪਿਆ ਹੋਇਆ ਦਿਖਾਵਾਂ। ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਸਰਕਾਰ ਨੇ ਤਾਂ ਇਨ੍ਹਾਂ ਲੋਕਾਂ ਦੀ ਭਲਾਈ ਵਾਸਤੇ ਇਹ ਵੀ ਕੀਤਾ ਹੈ ਕਿ ਜਿਹੜੇ ਮਨੀਆਰਡਰ ਪਹਿਲਾਂ ਨਹੀਂ ਮਿਲਦੇ ਸਨ, ਉਨ੍ਹਾਂ ਵਾਸਤੇ ਹੁਣ ਬੈਂਕਾਂ ਰਾਹੀਂ ਵੀ ਪੈਨਸ਼ਨਾਂ ਦੇਣ ਦਾ ਕੰਮ ਸ਼ੁਰੂ ਕੀਤਾ ਹੈ। ਇਸ ਲਈ ਇਸ ਤੇ ਇਨ੍ਹਾਂ ਨੂੰ ਚਿੰਤਾ ਨਹੀਂ ਕਰਨੀ ਚਾਹੀਦੀ ਹੈ।

Original with;
Punjab Vidhan Sabha
Digitized by;
Punjab Digital Library

**ਪੰਡਿਤ ਸਰਵਣ ਰਾਮ** : ਸਪੀਕਰ ਸਾਹਿਬ, ਹੁਸ਼ਿਆਰਪੁਰ ਜ਼ਿਲ੍ਹੇ ਵਿਚੋਂ ਇਨ੍ਹਾਂ ਨੂੰ 5,081 ਐਪਲੀਕੇਸ਼ਨਾਂ ਪੈਨਸ਼ਨਾਂ ਵਾਸਤੇ ਆਈਆਂ ਸਨ, ਜਿਸ ਵਿਚੋਂ ਨਿਪਟਾਰਾ ਬਹੁੱਤ ਘੱਟ ਦਾ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ 147 ਐਪਲੀਕੇਸ਼ਨਾਂ ਨਿਪਟਾਰੇ ਲਈ ਪਈਆਂ ਹੋਈਆਂ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕਿ ਬਾਕੀ ਦੀਆਂ ਐਪਲੀਕੇਸ਼ਨਾਂ ਕਿਥੇ ਗਈਆਂ ਹਨ ?

**ਮੰਤਰੀ**: ਸਪੀਕਰ ਸਾਹਿਬ, ਇਨ੍ਹਾਂ ਵਿਚੋਂ 1,306 ਐਪਲੀਕੇਸ਼ਨਾਂ ਤੇ ਦੁਬਾਰਾ ਇਨਕੁਆਇਰੀ ਹੋ ਰਹੀ ਹੈ ਅਤੇ ਬਹੁਤ ਸਾਰੀਆਂ ਐਪਲੀਕੇਸ਼ਨਾਂ ਵਿਚ ਗਲਤ ਐਫੀਡੇਵਿਟ ਦਿੱਤੇ ਹੋਏ ਸਨ ਜਿਸ ਕਰਕੇ ਰਿਜੈਕਟ ਹੋ ਗਈਆਂ ਹਨ।

———

## Upgradation of Hospital at Jagraon

***2085. Sardar Jagroop Singh** : Will the Minister for Health be pleased to state whether there is any proposal under the consideration of the Government to upgrade the 25-Bed Hospital at Jagraon to 50-Bed Hospital ; if so, the time by which that is likely to be done ?

**ਸ੍ਰੀ ਜੋਗਿੰਦਰ ਪਾਲ ਪਾਂਡੇ** : ਹਾਲ ਦੀ ਘੜੀ ਸਰਕਾਰ ਦੇ ਵਿਚਾਰ ਅਧੀਨ ਅਜਿਹੀ ਕੋਈ ਤਜਵੀਜ਼ ਨਹੀਂ ਹੈ।

**ਸਰਦਾਰ ਜਗਰੂਪ ਸਿੰਘ** : ਸਪੀਕਰ ਸਾਹਿਬ, ਹਰ ਵਾਰੀ ਮਨਿਸਟਰ ਸਾਹਿਬ ਇਹ ਕਹਿ ਦਿੰਦੇ ਹਨ ਕਿ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਪਰ 2 ਸਾਲ ਪਹਿਲੇ 45 ਹਜ਼ਾਰ ਦੀ ਗੈਦਰਿੰਗ ਵਿਚ ਸੀ. ਐਮ. ਸਾਹਿਬ ਨੇ ਐਲਾਨ ਕੀਤਾ ਸੀ ਕਿ ਇਸ ਹਸਪਤਾਲ ਨੂੰ ਅਪਗਰੇਡ ਕੀਤਾ ਜਾਵੇਗਾ ਅਤੇ ਬਾਦ ਵਿਚ ਡਾਕਟਰ ਸਾਹਿਬ ਵੀ ਲੋਕਾਂ ਦੇ ਸਾਹਮਣੇ ਐਲਾਨ ਕਰਕੇ ਆਏ ਸਨ ਅਤੇ ਐਸਾ ਹੀ ਐਲਾਨ ਕਪੂਰ ਸਾਹਿਬ ਜਦੋਂ ਹੈਲਥ ਮਨਿਸਟਰ ਸਨ ਇਨ੍ਹਾਂ ਨੇ ਵੀ ਹਸਪਤਾਲ ਨੂੰ ਅਪਗਰੇਡ ਕਰਨ ਦਾ ਲੋਕਾਂ ਨਾਲ ਵਾਅਦਾ ਕੀਤਾ ਸੀ। ਫੇਰ ਹੁਣ ਸਰਕਾਰ ਕਿਉਂ ਨਹੀਂ ਅਪਗਰੇਡ ਕਰ ਰਹੀ ਹੈ ? ਇਹ ਸਬ-ਡਿਵੀਜ਼ਨ ਦੇ ਹਸਪਤਾਲ ਦੀ ਹਾਲਤ ਬੜੀ ਭੈੜੀ ਹੈ। ਜੇਕਰ ਸਰਕਾਰ ਨੇ ਇਸ ਹਤਪਤਾਲ ਨੂੰ ਅਪਗਰੇਡ ਨਹੀਂ ਕਰਨਾ ਸੀ ਫੇਰ 2 ਸਾਲ ਪਹਿਲੇ ਉਥੇ ਲੋਕਾਂ ਦੇ ਸਾਹਮਣੇ ਐਲਾਨ ਕਰਨ ਦੀ ਕੀ ਲੋੜ ਸੀ ? ਜ਼ਿਆਦਾ ਬੀਮਾਰ ਹੋਣ ਦੀ ਹਾਲਤ ਵਿਚ ਮਰੀਜ਼ ਨੂੰ ਲੁਧਿਆਣੇ ਦੇ ਹਸਪਤਾਲ ਵਿਚ ਰੈਫਰ ਕੀਤਾ ਜਾਂਦਾ ਹੈ ਅਤੇ ਮਰੀਜ਼ ਨੂੰ ਆਉਣ ਜਾਣ ਵਿਚ ਮੁਸ਼ਕਿਲ ਹੁੰਦੀ ਹੈ। ਕੀ ਇਸ ਨੂੰ ਅਪਗਰੇਡ ਕਰਨ ਲਈ ਸਰਕਾਰ ਤਿਆਰ ਹੈ ?

**ਮੰਤਰੀ** : ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਫਰਮਾਇਆ ਹੈ ਕਿ ਸੀ. ਐਮ. ਸਾਹਿਬ, ਡਾਕਟਰ ਸਾਹਿਬ ਔਰ ਕੂਪਰ ਸਾਹਿਬ ਨੇ ਐਲਾਨ ਕੀਤਾ ਸੀ, ਮੈਂ ਇਸ ਗੱਲ ਨੂੰ ਇਗਨੋਰ ਨਹੀਂ ਕੀਤਾ ਹੈ। ਪਰ ਮੈਂ ਤਾਂ ਕਿਹਾ ਹੈ ਕਿ ਇਸ ਮੌਕੇ ਤੇ ਹਾਲੇ ਤਜਵੀਜ਼ ਨਹੀਂ ਹੈ। ਇਸ ਦਾ ਕਾਰਨ ਪੈਸੇ ਦੀ ਕਮੀ ਹੈ ਔਰ ਇਸ ਨੂੰ ਅਪਗਰੇਡ ਕਰਨ ਦੀ ਸਕੀਮ ਸਾਡੇ ਵਿਚਾਰ ਵਿਚ ਹੈ। ਇਹ ਗਲ ਮੇਰੇ ਨੋਟਿਸ ਵਿਚ ਹੈ ਕਿ ਇਹ ਹਸਪਤਾਲ ਬਹੁਤ ਪੁਰਾਣਾ ਜ਼ਿਲ੍ਹਾ ਪ੍ਰੀਸ਼ਦ ਦੀ ਬਿਲਡਿੰਗ ਵਿਚ ਹੈ ਅਤੇ ਇਸ ਦੀ ਹਾਲਤ ਕੋਈ ਅੱਛੀ ਨਹੀਂ ਹੈ। ਮੈਂ ਖਜ਼ਾਨਾ ਮੰਤਰੀ ਜੀ ਨਾਲ ਗੱਲ ਕਰਕੇ ਜਦ ਵੀ ਇਸ ਦੇ ਲਈ ਪੈਸਾ ਮਿਲ ਗਿਆ ਤਾਂ ਇਸ ਤੇ ਖਰਚ ਕਰਾਂਗੇ।

**ਸਰਦਾਰ ਜਗਰੂਪ ਸਿੰਘ** : ਸਪੀਕਰ ਸਾਹਿਬ, ਉਥੇ 45 ਹਜ਼ਾਰ ਦੀ ਆਬਾਦੀ ਵਿਚ ਕੇਵਲ 2 ਡਾਕਟਰ ਲਗੇ ਹੋਏ ਹਨ ਜੇ ਸਰਕਾਰ ਇਸ ਨੂੰ ਹਾਲੇ ਅਪਗਰੇਡ ਨਹੀਂ ਕਰ ਸਕਦੀ ਫੇਰ ਉਥੇ ਸਰਜਨ ਵਗੈਰਾ ਭੇਜ ਦੇਣ ਤਾਂ ਕਿ ਉਥੇ ਓਪਰੇਸ਼ਨ ਵਗੈਰਾ ਮਰੀਜ਼ਾਂ ਦੇ ਹੋ ਸਕਣ।

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਗਿੱਲ ਸਾਹਿਬ ਨਾਲ ਮੈਂ ਗੱਲ ਕਰ ਲਵਾਂਗਾ ਅਤੇ ਜੋ ਸਰਵਿਸ ਪ੍ਰੋਵਾਈਡ ਕਰਨ ਦੀ ਲੋੜ ਹੈ ਉਸ ਤੇ ਗੌਰ ਕਰ ਲਵਾਂਗੇ।

**Admission to the Government Medical Colleges in the State**

***2108. Comrade Raj Kumar**
**Comrade Buta Singh** : Will the Minister for Health be pleased to state—

(a) the number of students who appeared in the entrance examination for admission to the Government Medical Colleges in the State in the year 1983 ;

(b) the number of those who applied for admission in the General category and in each of the reserved categories separately ;

(c) the number of students admitted in the said colleges in the general category and in each of the reserved categories separately and the number of girls in each category ;

(d) the highest and the lowest marks secured by those admitted in the general category and in each of the reserved categories separately ?

ਸ੍ਰੀ ਜੋਗਿੰਦਰ ਪਾਲ ਪਾਂਡੇ : (ੲ), (ਬੀ,) (ਸੀ) ਅਤੇ (ਡੀ) ਇਕ ਸਟੇਟਮੈਂਟ ਜਿਸ ਵਿਚ ਲੋੜੀਂਦੀ ਸੂਚਨਾ ਦਰਜ ਹੈ, ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

STATEMENT

(a) Number of students who appeared in the Competitive entrance examination for the year 1983 .. 2,913

(b) & (c) Number of candidates who applied for admission and have been admitted (including girls) categorywise :—

| Name of category | | No. of students applied | No. of students admitted | No. of Girls students admitted |
|---|---|---|---|---|
| (i) General | .. | 325 | 193 | 56 |
| (ii) Scheduled Castes | .. | 116 | 90 | 22 |
| (iii) Backward Classes | .. | 20 | 13 | 5 |
| (iv) Backward Area | .. | 43 | 7 | 1 |
| (v) Border Area | .. | 24 | 7 | 3 |
| (vi) Sportsmen/women | .. | 34 | 6 | 3 |
| (vii) Freedom fighter | .. | 59 | 7 | 2 |
| (viii) Defence Personnel | .. | 34 | 7 | 3 |
| (ix) Handicapped | .. | 14 | 4 | 1 |

Original with;
Punjab Vidhan Sabha
Digitized by;
Panjab Digital Library

(d) Information regarding highest marks and lowest marks, categorywise :—
Total Marks : 300

| Name of Category | | Highest Marks | Lowe st Marks |
|---|---|---|---|
| (i) General category | .. | 218·5 | 159·5 |
| (ii) Scheduled Castes | .. | 153·5 | 84·5 |
| (iii) Backward Class | .. | 157·00 | 150·0 |
| (iv) Backward Area | .. | 158·5 | 156·00 |
| (v) Border Area | .. | 159·5 | 155·5 |
| (vi) Sportsmen/sportswomen | .. | 146·00 | 84·00 |
| (vii) Defence Personnel | .. | 159·5 | 153·00 |
| (viii) Political Sufferers | .. | 159·00 | 150·00 |
| (ix) Handicapped | .. | 135·00 | 120·5 |

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੀ. ਐਮ. ਟੀ. ਦੇ ਦਾਖਲੇ ਵਾਸਤੇ ਜਨਰਲ ਕੈਟੇਗਰੀ ਦੇ ਲਈ ਕਿੰਨੇ ਪ੍ਰਤੀਸ਼ਤ ਨੰਬਰ ਦੀ ਲੋੜ ਹੈ ਅਤੇ ਸ਼ਡਿਊਲਡ ਕਾਸਟ ਕੈਂਡੀਡੇਟ ਲਈ ਕਿੰਨੇ ਪ੍ਰਤੀਸ਼ਤ ਨੰਬਰ ਦੀ ਲੋੜ ਹੈ ਔਰ ਜੇਕਰ ਸ਼ਡਿਊਲਡ ਕਾਸਟ ਕੈਂਡੀਡੇਟ ਘੱਟ ਹੋਣ ਤਾਂ ਇਨ੍ਹਾਂ ਦੇ ਲਈ ਟੈਸਟ ਖਤਮ ਕਰ ਦੇਣਾ ਚਾਹੀਦਾ ਹੈ।

**ਮੰਤਰੀ** : ਸਪੀਕਰ ਸਾਹਿਬ, ਜਵਾਬ ਬੜਾ ਤਫਸੀਲ ਨਾਲ ਦਿੱਤਾ ਗਿਆ ਸੀ ਤਾਂਕਿ ਮੈਂਬਰ ਸਾਹਿਬ ਨੂੰ ਸਪਲੀਮੈਂਟਰੀ ਕਰਨ ਦੀ ਲੋੜ ਨਾ ਪਵੇ। ਜਨਰਲ ਕੈਟੇਗਰੀ ਵਾਸਤੇ 50% ਨੰਬਰਾਂ ਦੀ ਲੋੜ ਹੈ ਅਤੇ ਸ਼ਡਿਊਲਡ ਕਾਸਟ ਕੈਂਡੀਡੇਟ ਲਈ 40% ਨੰਬਰਾਂ ਦੀ ਲੋੜ ਹੁੰਦੀ ਹੈ। ਪੀ. ਐਮ. ਟੀ. ਵਿਚ ਸ਼ਡਿਊਲਡ ਕਾਸਟ ਦੇ 25% ਕੈਂਡੀਡੇਟ ਰਹਿ ਜਾਂਦੇ ਹਨ। ਇਹ ਜਾਣ ਕੇ ਇਨ੍ਹਾਂ ਨੂੰ ਖੁਸ਼ੀ ਹੋਵੇਗੀ ਕਿ ਇਸ ਸਾਲ 90 ਸੀਟਾਂ ਸ਼ਡਿਊਲਡ ਕਾਸਟਸ ਕੈਂਡੀਡੇਟ ਵਾਸਤੇ ਸਨ ਜਦ ਕਿ ਦਾਖਲਾ 116 ਕੈਂਡੀਡੇਟਸ ਦਾ ਕੀਤਾ ਗਿਆ ਹੈ।

———

### Auction of Land in the Villages of Garhshankar Tehsil

***2082. Master Dalip Chand** : Will the Minister for Revenue be pleased to state—

(a) whether the Tehsildar held any auction of the Government land lying in the villages in tehsil Garh Shankar during the year 1982-83 ;

(b) if the reply to part (a) above be in affirmative, the area of land so auctioned in each village together with the details of amount deposited in the treasury, village-wise ?

**ਸਰਦਾਰ ਦਰਸ਼ਨ ਸਿੰਘ ਕੇ.ਪੀ.** (ਰਾਜ ਮੰਤਰੀ, ਪੁਨਰਵਾਸ ਅਤੇ ਜਨ ਸਿਹਤ) : (ੳ) ਹਾਂ ਜੀ।

(ਅ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ (ਅਨੁਲਗ 'ੲ')

Original with;
Punjab Vidhan Sabha
Digitized by;
Panjab Digital Library

[Minister of State for Rehabilitation and Public Health]

ANNEXURE 'A'

**Statement showing village-wise particulars of the rural Package deal land sold by auction in Tehsil Garhshankar during the year 1982-83**

| Serial No. | Name of the Village | Area sold | Amount of Highest Bid | Amount deposited into the treasury | Date of deposit |
|---|---|---|---|---|---|
| 1 | 2 | 3 | 4 | 5 | 6 |
| | | A—K—M | Rs. | Rs. | |
| 1. | Chauhara .. | 1—4—7 | 7,200 | 7,200 | 1-6-1982 |
| 2. | Bachhoi .. | 27—6—19 | 98,350 | 33,926 | 23-4-1982 to 3-9-1982 |
| 3. | Kothi .. | 0—3—16 | 7,000 | 1,750 | 30-4-1982 |
| 4. | Kangar .. | 10—4—13 | 25,600 | 5,630 | 30-4-1982 |
| 5. | Mehmoodwal .. | 0—3—6 | 700 | 35 | 21-5-1982 |
| 6. | Bhullowal Gujran .. | 0—0—18 | 4,100 | 205 | 21-5-1982 |
| 7. | Lalwan .. | 4—7—18 | 11,050 | 1,895 | 21-5-1982 to 8-1-1983 |
| 8. | Sadarpur .. | 20—0—7 | 31,910 | 24,275 | 25-5-1982 to 16-3-1983 |
| 9. | Kunail .. | 10—0—0 | 4,800 | 4,800 | 29-7-1982 |
| 10. | Nangal .. | 1—0—15 | 13,000 | 3,250 | 25-6-1982 & 1-10-1982 |
| 11. | Kulewal .. | 2—1—5 | 11,300 | 2,825 | 1-7-1982 |
| 12. | Chak Gujran .. | 25—6—5 | 55,750 | 29,465 | 20-7-1982 & 1-2-1983 |
| 13. | Chak Rauthan .. | 2—4—17 | 23,100 | 4,290 | 20-7-1982/ 21-12-1982 |
| 14. | Bham .. | 1—5—11 | 3,430 | 171 | 28-7-1982 |
| 15. | Khanni .. | 2—0—0 | 3,000 | 3,000 | 4-8-1982/ 20-12-1982 |
| 16. | Sauli .. | 0—6—11 | 15,000 | 750 | 7-8-1982 |
| 17. | Hajipur .. | 7—3—12 | 19,810 | 3,873 | 7-8-1982 |
| 18. | Satnam .. | 0—1—16 | 2,700 | 135 | 10-8-1982 |
| 19. | Bilron .. | 6—0—16 | 18,500 | 14,375 | 26-8-1982to 4-2-1983 |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 |
|---|---|---|---|---|---|
| 20. | Birampur .. | 4—3—16 | 9,360 | 7,410 | 7-9-1982/ 4-1-1983 |
| 21. | Bambeli .. | 0—0—12 | 2,750 | 690 | 17-9-1982 |
| 22. | Dullewal .. | 8—4—2 | 14,150 | 13,533 | 23-9-1982 to 1-2-1983 |
| 23. | Ballam .. | 0—7—5 | 3,700 | 485 | 1-10-1982 |
| 24. | Baddon .. | 0—4—0 | 4,000 | 1,000 | 1-10-1982 |
| 25. | Rehali .. | 0—3—12 | 5,000 | 250 | 1-10-1982 |
| 26. | Dehana .. | 1—2—2 | 20,750 | 1,860 | 1-10-1982 |
| 27. | Chair .. | 0—1—10 | 3,000 | 750 | 1-10-1982 |
| 28. | Maili .. | 18—5—1 | 18,950 | 4,868 | 29-10-1982& 8-1-1983 |
| 29. | Mahilpur .. | 0—1—8 | 1,250 | 1,250 | 22-11-1982/ 11-7-1983 |
| 30. | Rampur .. | 1—1—4 | 16,750 | 1,640 | 25-1-1983 |
| 31, | Fatehpur Khurd .. | 0—2—4 | 1,300 | 325 | 19-4-1983 |

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਤਹਿਸੀਲ ਗੜ੍ਹਸ਼ੰਕਰ ਦੇ 31 ਪਿੰਡਾਂ ਵਿਚ 1982-83 ਵਿਚ ਹੋਈ ਬੋਲੀ ਬਾਰੇ ਦਸਿਆ ਗਿਆ ਹੈ । ਬਲਾਚੌਰ ਅਤੇ ਗੜ੍ਹਸ਼ੰਕਰ ਤਹਿਸੀਲਾਂ ਵਿਚ ਪਿਛਲੇ 2 ਸਾਲਾਂ ਤੋਂ ਇਕ ਏਕੜ ਤੋਂ ਘੱਟ ਜ਼ਮੀਨ ਦੀ ਨਿਲਾਮੀ ਨਹੀਂ ਹੋਈ ਹੈ। ਮੇਰੇ ਕੋਲ 31 ਪਿੰਡਾਂ ਦੀ ਲਿਸਟ ਆਈ ਹੈ ਜਿਸ ਦੀ ਨਿਲਾਮੀ ਜ਼ਮੀਨ ਦੀ ਕੀਤੀ ਗਈ ਹੈ ਅਤੇ ਇਸ ਦੇ ਵਿਚ ਬੜੀ ਮਾਤਰਾ ਵਿਚ ਹੇਰਾ ਫੇਰੀ ਅਤੇ ਗੜਬੜ ਕੀਤੀ ਗਈ ਹੈ । ਪਿੰਡ ਮਹਿਮੂਦਵਾਲ ਵਿਚ ਸਾਢੇ 3 ਕੈਨਾਲ ਜ਼ਮੀਨ ਦੀ ਨਿਲਾਮੀ 700 ਰੁਪਏ ਦੀ ਸ਼ੋ ਕੀਤੀ ਗਈ ਹੈ। ਪਿੰਡ ਸਦਰਪੁਰ ਦੀ 20 ਏਕੜ ਜ਼ਮੀਨ 31 ਹਜ਼ਾਰ ਰੁਪਏ ਦੀ ਵਿਕੀ ਹੈ ਜਦ ਕਿ ਇਸ ਦਾ ਮੁੱਲ ਇਕ ਲੱਖ ਤੋਂ ਵੀ ਜ਼ਿਆਦਾ ਹੈ। ਪਿੰਡ ਬਾਸ ਦੀ ਡੇਢ ਕਨਾਲ ਜ਼ਮੀਨ 3,430 ਰੁਪਏ ਦੀ ਵੇਚੀ ਹੈ ਜਦ ਕਿ ਮੁੱਲ ਬਹੁਤ ਜ਼ਿਆਦਾ ਹੈ। ਇਸੇ ਤਰ੍ਹਾਂ ਬਹੁਤ ਸਾਰੇ ਪਿੰਡਾਂ ਵਿਚ ਜ਼ਮੀਨ ਦੀ ਬੋਲੀ ਕੁਝ ਹੋਰ ਹੋਈ ਹੈ ਪਰ ਪੈਸੇ ਜਮ੍ਹਾਂ ਘੱਟ ਕਰਵਾਏ ਗਏ ਹਨ ਅਤੇ ਪਹਿਲੀ ਬੋਲੀ ਦੇ ਕਾਗਜ਼ ਬਦਲ ਦਿੱਤੇ ਗਏ ਅਤੇ ਘੱਟ ਪੈਸੇ ਦੇ ਕਾਗਜ਼ ਤਿਆਰ ਕਰਕੇ ਪੈਸੇ ਖਜ਼ਾਨੇ ਵਿਚ ਘਟ ਜਮ੍ਹਾਂ ਕਰਵਾਏ ਗਏ ਹਨ। ਕੀ ਮਨਿਸਟਰ ਸਾਹਿਬ ਇਸ ਦੀ ਸਾਰੀ ਇਨਕੁਆਇਰੀ ਵਿਜੀਲੈਂਸ ਡਿਪਾਰਟਮੈਂਟ ਤੋਂ ਕਰਵਾਉਣ ਲਈ ਤਿਆਰ ਹਨ ਅਤੇ ਦੋਸ਼ੀਆਂ ਦੇ ਖਿਲਾਫ ਕਾਰਵਾਈ ਕਰਨ ਲਈ ਤਿਆਰ ਹਨ ?

**ਰਾਜ ਮੰਤਰੀ,** ਪੁਨਰਵਾਸ ਅਤੇ ਜਨ ਸਿਹਤ : ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਫਰਮਾਇਆ ਹੈ ਇਹ ਬਿਲਕੁਲ ਠੀਕ ਹੈ । ਇਹ ਜ਼ਮੀਨ ਸਾਡੇ ਕੋਲ 1976 ਵਿਚ ਪੈਕੇਜ ਡੀਲ ਰਾਹੀਂ ਆਈ ਸੀ ਔਰ ਰੈਵੇਨਿਊ ਡਿਪਾਰਟਮੈਂਟ ਦਾ ਤਹਿਸੀਲਦਾਰ ਇਹ ਜ਼ਮੀਨ ਅਲਾਟ ਕਰਦਾ ਸੀ। ਇਸ ਦਾ ਚੌਥਾ ਹਿੱਸਾ ਪੈਸੇ ਉਸ ਵੇਲੇ ਜਮ੍ਹਾਂ ਕਰਵਾਏ ਸਨ ਅਤੇ ਬਾਕੀ ਦੇ ਪੈਸੇ ਬਾਅਦ ਵਿਚ ਲੈਣੇ ਸਨ। ਇਸ ਸਾਰੀ ਹੇਰਾ ਫੇਰੀ ਦੀ ਜਾਂਚ ਪੜਤਾਲ ਕਰ ਲਵਾਂਗੇ। ਉਸ ਤੋਂ ਬਾਅਦ ਕਸੂਰਵਾਰ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਪੁਨਰਵਾਸ ਅਤੇ ਜਨ ਸਿਹਤ]

ਅਫਸਰਾਂ ਦੇ ਖਿਲਾਫ ਕਾਰਵਾਈ ਕਰਕੇ ਸਜ਼ਾ ਦੇਵਾਂਗੇ। ਇਸ ਸਾਰੀ ਜ਼ਮੀਨ ਨੂੰ ਖੁਰਦਬੁਰਦ ਨਹੀਂ ਹੋਣ ਦਿਤਾ ਜਾਵੇਗਾ। ਬਾਕੀ ਉਚੀ ਨੀਵੀਂ ਥਾਵਾਂ ਤੇ ਰੇਟ ਘੱਟ ਵੱਧ ਹੁੰਦੇ ਹਨ।

**ਮਾਸਟਰ ਦਲੀਪ ਚੰਦ**: ਸਪੀਕਰ ਸਾਹਿਬ, ਮੈਂ ਸਵਾਲ ਹੋਰ ਕੀਤਾ ਸੀ ਕਿ ਜਿੰਨੀ ਬੋਲੀ ਤੇ ਪਿੰਡ ਦੇ ਲੋਕਾਂ ਨੇ ਪੈਸੇ ਜਮ੍ਹਾਂ ਕਰਵਾਏ ਸਨ ਉਤਨੇ ਪੈਸੇ ਜਮ੍ਹਾਂ ਨਹੀਂ ਕਰਵਾਏ ਅਤੇ ਉਸ ਨਾਲੋਂ ਘੱਟ ਪੈਸੇ ਖਜ਼ਾਨੇ ਵਿਚ ਜਮ੍ਹਾਂ ਕਰਵਾਏ ਗਏ ਸਨ। ਜਿਸ ਤਰ੍ਹਾਂ ਸੇਲੀ ਪਿੰਡ ਦੀ ਜ਼ਮੀਨ 10,750 ਰੁਪਏ ਵਿਚ ਵੇਚੀ ਗਈ ਸੀ, ਪਰ ਉਸ ਦੇ ਪੈਸੇ ਖਜ਼ਾਨੇ ਵਿਚ 750 ਰੁਪਏ ਜਮ੍ਹਾਂ ਕਰਵਾਏ ਗਏ ਹਨ ਯਾਨੀ 10 ਹਜ਼ਾਰ ਰੁਪਿਆ ਘੱਟ ਜਮ੍ਹਾਂ ਕਰਵਾਇਆ ਗਿਆ ਅਤੇ ਕਾਗਜ਼ ਬਦਲ ਦਿੱਤੇ ਗਏ ਹਨ। ਇਸ ਬਾਰੇ ਜਾਂਚ ਪੜਤਾਲ ਕੀਤੀ ਜਾਵੇ ਅਤੇ ਲੋਕਾਂ ਤੋਂ ਪੁੱਛਿਆ ਜਾਵੇ ?

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਤਾਂ ਪਹਿਲੇ ਹੀ ਕਿਹਾ ਹੈ ਕਿ ਇਹ ਜਾਂਚ ਪੜਤਾਲ ਕਰਵਾਵਾਂਗੇ ਅਤੇ ਕਸੂਰਵਾਰ ਅਫਸਰਾਂ ਦੇ ਖਿਲਾਫ ਕਾਰਵਾਈ ਕਰਾਂਗੇ।

**ਕਾਮਰੇਡ ਸਰਵਣ ਸਿੰਘ ਚੀਮਾ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਜ਼ਮੀਨ ਨਿਲਾਮ ਕੀਤੀ ਗਈ ਹੈ, ਕੀ ਉਹ ਜ਼ਮੀਨ ਅਬਾਦ-ਕਾਰਾਂ ਨੂੰ ਦਿੱਤੀ ਗਈ ਹੈ ਜਾਂ ਬਾਹਰਲੇ ਲੋਕਾਂ ਨੂੰ ਦਿੱਤੀ ਗਈ ਹੈ ?

**ਰਾਜ ਮੰਤਰੀ**: ਸਪੀਕਰ ਸਾਹਿਬ, ਇਹ ਜ਼ਮੀਨਾਂ ਕਬਜ਼ੇ ਦੇ ਅਧਾਰ ਤੇ ਦਿੱਤੀਆਂ ਗਈਆਂ ਹਨ ਜਿਸ ਦਾ 1976-1978 ਤੋਂ ਕਬਜ਼ਾ ਹੋਵੇ ਔਰ ਜਿਹੜੀ ਖਾਲੀ ਜ਼ਮੀਨ ਹੈ, ਉਹ ਬੋਲੀ ਰਾਹੀਂ ਦਿਤੀ ਜਾਂਦੀ ਹੈ। ਬੋਲੀ ਸ਼ਡਿਊਲਡ ਕਾਸਟ ਹੀ ਦੇ ਸਕਦਾ ਹੈ।

**ਸ੍ਰੀ ਗੁਰਦਿਆਲ ਸੈਣੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛੇ ਖਾਨਾ ਰੋਡ ਬੋਲੀ ਹੋਣੀ ਸੀ ਅਤੇ ਇਕ ਅਫਸਰ ਨਿਲਾਮੀ ਵਾਸਤੇ ਉਥੇ ਗਿਆ ਸੀ। ਅਫਸਰ ਦਾ 1000 ਰੁਪਏ ਮਰਲੇ ਦੇ ਹਿਸਾਬ ਨਾਲ ਸੌਦਾ ਹੋ ਗਿਆ ਅਤੇ ਉਸ ਅਫਸਰ ਨੇ ਨਿਲਾਮੀ ਬੰਦ ਕਰ ਦਿੱਤੀ। ਇਸ ਬਾਰੇ ਮੈਂ ਵਜ਼ੀਰ ਸਾਹਿਬ ਨੂੰ ਨਾਇਬ ਤਹਿਸੀਲਦਾਰ ਦੇ ਸਾਹਮਣੇ ਵੀ ਕਿਹਾ ਸੀ। ਵਜ਼ੀਰ ਸਾਹਿਬ ਨੇ ਹੁਣ ਤਕ ਉਸ ਅਫਸਰ ਦੇ ਖਿਲਾਫ ਕੀ ਐਕਸ਼ਨ ਲਿਆ ਹੈ ? ਸਰਕਾਰ ਨੂੰ ਇਸ ਤਰ੍ਹਾਂ ਕਰਨ ਨਾਲ ਕਿਤਨਾ ਘਾਟਾ ਪਿਆ ਹੈ ?

**ਰਾਜ ਮੰਤਰੀ**: ਸਪੀਕਰ ਸਾਹਿਬ, ਜਿਹੜੀ ਸ਼ਹਿਰਾਂ ਦੀ ਜ਼ਮੀਨ ਹੈ ਉਸ ਦੀ ਖੁਲ੍ਹੀ ਤੌਰ ਤੇ ਬੋਲੀ ਕਰਦੇ ਹਾਂ। ਸ੍ਰੀ ਗੁਰਦਿਆਲ ਸੈਣੀ ਜੀ ਨੇ ਜੋ ਦੱਸਿਆ ਹੈ, ਉਥੇ ਜੋ ਕੁਝ ਹੋਇਆ ਹੈ, ਉਸ ਬਾਰੇ ਉਨ੍ਹਾਂ ਨੂੰ ਵੀ ਪਤਾ ਹੈ ਅਤੇ ਮੈਨੂੰ ਵੀ ਸਭ ਕੁਝ ਪਤਾ ਹੈ। ਉਥੇ ਹੋਰ ਵੀ ਕਈ ਮੁਸ਼ਕਿਲਾਂ ਹਨ ਜਿਸ ਕਰਕੇ ਅਫਸਰਾਂ ਨੂੰ ਵੀ ਮੁਸ਼ਕਿਲ ਆ ਜਾਂਦੀ ਹੈ। ਜੇ ਕੋਈ ਬੋਲੀ ਹੋਣ ਵਿਚ ਮੁਸ਼ਕਿਲ ਆਵੇਗੀ ਤਾਂ ਉਸ ਨੂੰ ਦਰੁਸਤ ਕਰਾਂਗੇ।

**ਕਾਮਰੇਡ ਬਲਦੇਵ ਸਿੰਘ ਲੁੰਬਾ**: ਸਪੀਕਰ ਸਾਹਿਬ, 31 ਪਿੰਡਾਂ ਦੀ ਬੋਲੀ ਵਿਚ ਲੱਖਾਂ ਰੁਪਿਆ ਖਾਧਾ ਗਿਆ ਹੈ। ਉਥੇ ਬੋਲੀ ਕੈਂਸਲ ਕਿਉਂ ਨਹੀਂ ਕਰਵਾਉਂਦੇ ?

**ਰਾਜ ਮੰਤਰੀ**: ਸਪੀਕਰ ਸਾਹਿਬ, ਉਥੇ ਬੋਲੀ ਠੀਕ ਹੋਈ ਹੈ। ਉਥੇ ਪੈਸਾ ਜਮ੍ਹਾਂ ਕਰਾਉਣ ਵਿਚ ਲੇਟ ਹੋ ਗਏ।

---

Original with;
Punjab Vidhan Sabha
Digitized by;
Panjab Digital Library

**Relief/Grant for the drought affected villages in Bet and Kandi Areas**

***2107. Pandit Sarwan Ram :** Will the Minister for Revenue be pleased to state whether any relief/grant for drought affected villages in Bet and Kandi areas was sanctioned by Government during the year 1980-81, if so, the reasons for non-payment of the same to the drought affected people ?

**ਸਰਦਾਰ ਗੁਰਦਰਸ਼ਨ ਸਿੰਘ :** (1) 1980-81 ਸਾਲ ਦੇ ਦੌਰਾਨ ਸੋਕੇ ਨਾਲ ਪ੍ਰਭਾਵਿਤ ਪਿੰਡਾਂ ਲਈ ਕੋਈ ਸਹਾਇਤਾ ਮਨਜ਼ੂਰ ਨਹੀਂ ਕੀਤੀ ਗਈ ਸੀ ।

(2) ਮੁੱਖ ਕਾਰਨ ਵਿੱਤੀ ਸਾਧਨਾਂ ਦੀ ਘਾਟ ਹੈ ।

**ਪੰਡਿਤ ਸਰਵਣ ਰਾਮ :** ਸਪੀਕਰ ਸਾਹਿਬ, ਸਾਡੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਹਜ਼ਾਰਾਂ ਰੁਪਏ ਸੋਕੇ ਕਾਰਨ ਰਿਲੀਫ ਦੇ ਲੋਕਾਂ ਨੂੰ ਦਿਤੇ ਗਏ ਹਨ। ਕੁਝ ਪਿੰਡਾਂ ਵਿਚ ਲੋਕਾਂ ਨੂੰ ਮੁਆਵਜ਼ਾ ਅਜੇ ਤਕ ਨਹੀਂ ਮਿਲਿਆ। ਉਨ੍ਹਾਂ ਲੋਕਾਂ ਨੂੰ ਡਿਪਟੀ ਕਮਿਸ਼ਨਰ ਨੇ ਕਿਹਾ ਹੈ ਕਿ ਪੈਸਾ ਖਤਮ ਹੋ ਗਿਆ ਹੈ। ਸਪੀਕਰ ਸਾਹਿਬ, ਹਾਲੇ ਤਕ ਉਨ੍ਹਾਂ ਗਰੀਬ ਲੋਕਾਂ ਨੂੰ ਪੈਸੇ ਨਹੀਂ ਮਿਲੇ, ਹੁਣ ਵਜ਼ੀਰ ਸਾਹਿਬ ਦਸਣ ਕਿ ਕਦੋਂ ਤਕ ਉਨ੍ਹਾਂ ਨੂੰ ਪੈਸਾ ਮਿਲ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ 1980-81 ਸਾਲ ਦੇ ਦੌਰਾਨ ਸੋਕੇ ਨਾਲ ਪ੍ਰਭਾਵਿਤ ਪਿੰਡਾਂ ਲਈ ਸਹਾਇਤਾ ਦੇਣ ਬਾਰੇ ਸੀ ਪਰ ਮੈਂ ਕਿਹਾ ਹੈ ਕਿ 1980-81 ਸਾਲ ਦੇ ਦੌਰਾਨ ਸੋਕੇ ਨਾਲ ਪ੍ਰਭਾਵਿਤ ਪਿੰਡਾਂ ਲਈ ਕੋਈ ਸਹਾਇਤਾ ਮੰਨਜ਼ੂਰ ਨਹੀਂ ਕੀਤੀ ਗਈ। ਜੇਕਰ ਇਹ ਹੋਰ ਸਾਲਾਂ ਦਾ ਜ਼ਿਕਰ ਕਰ ਰਹੇ ਹਨ ਤਾਂ ਉਹ ਦੱਸ ਦੇਣ ਤਾਂ ਮੈਂ ਜਵਾਬ ਦੇ ਦੇਵਾਂਗਾ ਕਿਉਂਕਿ ਮੇਰੇ ਕੋਲ ਜਵਾਬ ਹੈ।

**ਪੰਡਿਤ ਸਰਵਣ ਰਾਮ :** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹੜੇ ਕਿਹੜੇ ਸਾਲ ਦੇ ਪੈਸੇ ਦਿਤੇ ਹਨ ਅਤੇ ਬਾਕੀਆਂ ਨੂੰ ਉਸ ਸਾਲ ਦੇ ਪੈਸੇ ਕਦੋਂ ਮਿਲਣਗੇ ?

**ਮੰਤਰੀ :** ਸਪੀਕਰ ਸਾਹਿਬ, 1979 ਵਿਚ ਸੋਕਾ ਪਿਆ ਸੀ ਅਤੇ ਜਿਹੜਾ ਅਮਾਉਂਟ ਸੈਂਕਸ਼ਨ ਹੋਇਆ ਸੀ, ਉਹ ਸਾਰਾ ਅਮਾਉਂਟ ਦੇ ਦਿਤਾ ਗਿਆ ਹੈ।

---

**Upgradation of Punjab Roadways Sub-Depot at Jagraon**

***2086. Sardar Jagroop Singh :** Will the Minister of State for Transport be pleased to state whether there is any proposal under the consideration of Government to upgrade the Punjab Roadways Sub-Depot at Jagaraon to a full-fledged depot, if so, the time by which that is likely to be done ?

**ਸਰਦਾਰ ਅਵਤਾਰ ਸਿੰਘ ਗਟਵਾਲੀ :** ਹਾਂ ਜੀ । 1984-85 ਵਿਚ ਹੋਣ ਦੀ ਆਸ ਹੈ ।

**ਸਰਦਾਰ ਜਗਰੂਪ ਸਿੰਘ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਮੇਰੇ ਸਵਾਲ ਦਾ ਜਵਾਬ "ਹਾਂ ਜੀ" ਵਿਚ ਦਿੱਤਾ ਹੈ ਅਤੇ ਕਿਹਾ ਹੈ ਕਿ 1984-85 ਵਿਚ ਇਹ ਕੰਮ ਹੋਣ ਦੀ ਆਸ ਹੈ । (ਥੰਪਿੰਗ) ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਰੂਪ ਸਿੰਘ]

ਕਿ ਜਗਰਾਉਂ ਤੋਂ ਲੁਧਿਆਣਾ ਬਹੁਤ ਭਾਰੀ ਗਿਣਤੀ ਵਿਚ ਲੇਬਰ ਅਤੇ ਹੋਰ ਦੂਸਰੇ ਕੰਮ ਕਰਨ ਵਾਲੇ ਲੋਕ ਆਉਂਦੇ ਹਨ। ਉਨ੍ਹਾਂ ਗਰੀਬਾਂ ਲਈ ਆਉਣ ਜਾਣ ਦੇ ਸਾਧਨ ਬਹੁਤ ਹੀ ਘੱਟ ਹਨ। ਜਿਹੜੀ ਲੁਧਿਆਣਾ ਦੀ ਲੋਕਲ ਬਸ ਮੁਲਾਂਪੁਰ ਤਕ ਜਾਂਦੀ ਹੈ, ਉਹ ਜਗਰਾਉਂ ਤਕ ਕਰ ਦਿੱਤੀ ਜਾਵੇ ਤਾਂਕਿ ਜਗਰਾਉਂ ਦੇ ਲੋਕਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ ਅਤੇ ਉਹ ਲੁਧਿਆਣੇ ਆ ਜਾ ਸਕਣ। ਪਿਛੇ ਸਪੀਕਰ ਸਾਹਿਬ, ਬੇਟ ਏਰੀਏ ਦੀ ਇਕ ਮੀਟਿੰਗ ਹੋਈ ਸੀ, ਜਿਸ ਵਿਚ ਮੈਂ ਬੱਸਾਂ ਬਾਰੇ ਸੀ. ਐਮ. ਸਾਹਿਬ ਨੂੰ ਵੀ ਕਿਹਾ ਸੀ ਕਿ ਉਥੇ ਹੋਰ ਬੱਸਾਂ ਚਲਾਉਣੀਆਂ ਚਾਹੀਦੀਆਂ ਹਨ। ਹੋਰ ਬੱਸਾਂ ਤਾਂ ਉਥੇ ਕੀ ਚਲਾਉਣੀਆਂ ਸਨ ਬਲਕਿ ਪਹਿਲੀਆਂ ਚਲਦੀਆਂ ਬੱਸਾਂ ਵੀ ਬੰਦ ਹੋ ਗਈਆਂ ਹਨ। ਇਹ ਪਿੰਡ ਹਨ, ਰਹਾਨਾ, ਬਟੀ ਪੁਰਾਣੀ ਅਤੇ ਬਹਾਦੁਰਪੁਰ, ਕੀ ਉਥੇ ਉਨ੍ਹਾਂ ਲੋਕਾਂ ਦੀਆਂ ਤਕਲੀਫਾਂ ਮਨਿਸਟਰ ਸਾਹਿਬ ਦੂਰ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜਗਰਾਉਂ ਡਿਪੂ ਨੂੰ ਅਪਗਰੇਡ ਕਰਨ ਬਾਰੇ ਡਿਪਾਰਟਮੈਂਟ ਨੇ ਫੈਸਲਾ ਕੀਤਾ ਤਾਂਕਿ ਅਪਗਰੇਡ ਕਰਕੇ ਡਿਪੂ ਬਣਾਇਆ ਜਾਵੇ। ਜਿਥੋਂ ਤੱਕ ਲੋਕਲ ਬੱਸਾਂ ਦਾ ਤੁਅੱਲਕ ਹੈ ਉਹ ਲੋਕਲ ਸੈਲਫ ਗੌਰਮਿੰਟ ਵਲੋਂ ਚਲਦੀਆਂ ਹਨ। ਉਨ੍ਹਾਂ ਦੀਆਂ ਕੁਝ ਲਿਮੀ-ਟੇਸ਼ਨਜ਼ ਹਨ। ਹੋਰ ਬੱਸ ਸਰਵਿਸ ਬਾਰੇ ਅਸੀਂ ਪ੍ਰੈਸ ਕਰ ਦਿਆਂਗੇ ਤਾਂਕਿ ਉਨ੍ਹਾਂ ਲੋਕਾਂ ਦੀ ਦੇਖ ਭਾਲ ਹੋ ਸਕੇ। ਜਿਨ੍ਹਾਂ ਪਿੰਡਾਂ ਬਾਰੇ ਆਨਰੇਬਲ ਮੈਂਬਰ ਸਾਹਿਬ ਕਹਿ ਰਹੇ ਹਨ, ਉਨ੍ਹਾਂ ਦੇ ਨਾਂ ਉਹ ਲਿਖ ਕੇ ਦੇ ਦੇਣ, ਜੇ ਲੋੜ ਹੋਈ ਤਾਂ ਬੱਸ ਸੇਵਾ ਜ਼ਰੂਰ ਦੇਵਾਂਗੇ।

----

ਨਿਸ਼ਾਨ ਵਾਲਾ ਪ੍ਰਸ਼ਨ ਨੰ : 2116

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ)

---

## Post of Principal, I.T.I., Bassi Pathana

***2073. Sardar Birdevinder Singh** : Will the Minister of State for Rehabilitation and Industries be pleased to state whether it is a fact that the post of the Principal, I.T.I. Bassi Pathana, has been lying vacant, if so, since when and the time by which it is likely to be filled up by a permanent incumbent ?

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਹਾਂ ਜੀ। ਪ੍ਰਿੰਸੀਪਲ ਆਈ. ਟੀ. ਆਈ. ਬਸੀ ਪਠਾਣਾਂ ਦੀ ਅਸਾਮੀ ਮਿਤੀ 18 ਨਵੰਬਰ, 1981 ਨੂੰ ਖਾਲੀ ਹੋਈ ਸੀ। ਇਸ ਅਸਾਮੀ ਤੇ ਸਮੇਂ ਸਮੇਂ ਭਿੰਨ-ਭਿੰਨ ਵਿਅਕਤੀ ਲਗੇ ਰਹੇ ਹਨ। ਮਿਤੀ 28 ਜੁਲਾਈ, 1983 ਤੋਂ ਸ੍ਰੀ ਜਰਨੈਲ ਸਿੰਘ ਪ੍ਰਿਸੀਪਲ, ਆਈ.ਟੀ.ਆਈ. ਬੁਡਲਾਡਾ, ਨੂੰ ਰੈਗੂਲਰ ਤੌਰ ਤੇ ਪ੍ਰਿੰਸੀਪਲ ਆਈ. ਟੀ. ਆਈ. ਬੱਸੀ ਪਠਾਣਾ, ਨਿਯੁਕਤ ਕੀਤਾ ਗਿਆ ਹੈ।

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਮਿਤੀ 18 ਨਵੰਬਰ, 1981 ਤੋਂ 28 ਜੁਲਾਈ, 1983 ਤੱਕ ਕਿਹੜੇ ਕਿਹੜੇ ਪ੍ਰਿੰਸੀਪਲ ਲਗੇ ਰਹੇ ਹਨ ਉਨ੍ਹਾਂ ਪ੍ਰਿੰਸੀਪਲਾਂ ਦੀਆਂ ਕੀ, ਕੀ ਕੁਆਲੀ-ਫਿਕੇਸ਼ਨਜ਼ ਸਨ ? ਕੀ ਉਹ ਪ੍ਰਿੰਸੀਪਲ ਲਈ ਜੋ ਕੁਆਲੀਫਿਕੇਸ਼ਨਜ਼ ਹਨ ਉਹ ਪੂਰੀਆਂ ਕਰਦੇ ਸਨ ਜਾਂ ਨਹੀਂ ? ਇਸ ਪੋਸਟ ਨੂੰ ਦੋ ਸਾਲ ਲਈ ਕਿਉਂ ਖਾਲੀ ਰਖਿਆ ਗਿਆ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ**: ਸਪੀਕਰ ਸਾਹਿਬ, ਇਹ ਪਰਮਾਨੈਂਟ ਪੋਸਟ ਸੀ। ਪ੍ਰਿੰਸੀਪਲ ਕਈ ਡਾਇਰੈਕਟ ਵੀ ਲਏ ਜਾਂਦੇ ਹਨ ਕਈ ਪਬਲਿਕ ਸਰਵਿਸ ਕਮਿਸ਼ਨ ਦੇ ਥਰੂ ਲਏ ਜਾਂਦੇ ਹਨ ਅਤੇ ਕਈ ਮਹਿਕਮੇਂ ਵਿਚੋਂ ਤਰੱਕੀ ਰਾਹੀਂ ਵੀ ਲਏ ਜਾਂਦੇ ਹਨ। ਸਪੀਕਰ ਸਾਹਿਬ, ਹੁਣ ਪੱਕੇ ਤੌਰ ਤੇ ਉਥੇ ਪ੍ਰਿੰਸੀਪਲ ਲਗਾਇਆ ਗਿਆ ਹੈ ਅਤੇ ਉਹ ਯੋਗਤਾਵਾਂ ਵੀ ਪੂਰੀਆਂ ਕਰਦਾ ਹੈ।

**ਸਰਦਾਰ ਬੀਰਦਵਿੰਦਰ ਸਿੰਘ**: ਮੈਨੂੰ ਤਾਂ ਮਨਿਸਟਰ ਸਾਹਿਬ ਦਾ ਜਵਾਬ ਸਮਝ ਨਹੀਂ ਆਇਆ ਪਰ ਕੀ ਸਪੀਕਰ ਸਾਹਿਬ, ਤੁਹਾਨੂੰ ਜਵਾਬ ਸਮਝ ਵਿਚ ਆ ਗਿਆ ਹੈ ?

**ਸ਼੍ਰੀ ਸਪੀਕਰ** : ਮੈਂ ਤਾਂ ਜਵਾਬ ਸਮਝ ਗਿਆ ਹਾਂ।

**ਸਰਦਾਰ ਬੀਰਦਵਿੰਦਰ ਸਿੰਘ**: ਮੈਂ ਪੁੱਛਿਆ ਹੈ ਕਿ ਉਥੇ ਕਿਹੜੇ ਕਿਹੜੇ ਬੰਦੇ ਲਗਾਏ ਸੀ ਅਤੇ ਉਨ੍ਹਾਂ ਦੀ ਕੀ ਕੀ ਕੁਆਲੀਫਿਕੇਸ਼ਨ ਸੀ ?

**ਰਾਜ ਮੰਤਰੀ**: ਇਸ ਲਈ ਮੈਂਬਰ ਸਾਹਿਬ ਵਖਰਾ ਨੋਟਿਸ ਦੇ ਦੇਣ।

**ਸਰਦਾਰ ਬੀਰਦਵਿੰਦਰ ਸਿੰਘ**: ਸਪੀਕਰ ਸਾਹਿਬ, ਮੈਂ ਤੁਹਾਡੇ ਕੋਲੋਂ ਇਕ ਸਪਲੀਮੈਂਟਰੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਐਸ. ਐਸ. ਐਸ. ਬੋਰਡ ਦਾ ਦਫਤਰ ਗਵਰਨਰ ਗੈਲਰੀ ਵਿਚ ਸ਼ਿਫਟ ਕਰ ਦਿਤਾ ਗਿਆ ਹੈ ?

**Mr. Speaker**: Next question

---

**Sanctioned strength of P.C.S. (Executive Branch) Posts**

***2119. Sardar Shamsher Singh**: Will the Chief Minister be pleased to state—

(a) the sanctioned strength of P.C.S. (Executive Branch) posts in the State at present ;

(b) the number of posts out of those referred to in part (a) above which stand filled up at present ;

(c) the number of posts out of those referred to in part (a) above which are lying vacant at present ; the date(s) since when those posts have been lying vacant and the approximate time by which those are likely to be filled up ;

(d) the number of posts out of those referred to in part (b) above against which the persons belonging to the Scheduled Castes and Backward Classes have been appointed separately ;

(e) whether the number referred to in part (d) above is according to the reservation policy of the Government ; if not, the reasons therefor ?

**Sardar Darbara Singh**: The requisite information is laid on the Table of the House.

Original with;
Punjab Vidhan Sabha
Digitized by;
Panjab Digital Library

[Chief Minister]

STATEMENT

| *Question* | *Answer* |
|---|---|
| (a) The sanctioned strength of the P.C.S. (Executive Branch) posts in the State at present ; | 269 posts have been sanctioned in the P.C.S. (Executive Branch) cadre for a period of 3 years, i.e. 1-3-1983 to 28-2-1986 as under :— |

| | |
|---|---|
| (i) Permanent posts (i.e., Specified posts) | 170 |
| (ii) Leave reserve @ 7½% .. | 13 |
| (iii) Training reserve @ 10.59% .. | 18 |
| (iv) Deputation reserve @ 40% .. | 68 |
| Total .. | 269 |

| *Question* | *Answer* |
|---|---|
| (b) The number of posts out of those referred to in part (a) above which stand filled up at present ; | 178 |
| (c) The number of posts out of those referred to in part (a) above which are lying vacant at present ; the date(s) since when those posts have been lying vacant and the approximate time by which those are likely to be filled up ; | 91 posts are lying vacant. In relation to the above break-up, under sub-heads (i) to (iv) in para (a) above, the details of the vacant posts are given hereunder :— |

| | Sanctioned strength | Officers in position | Difference |
|---|---|---|---|
| (i) Permanent posts (specified posts) | 170 | 127 | 43 |
| (ii) Leave reserve .. | 13 | 1 | 12 |
| (iii) Training reserve .. | 18 | 3 | 15 |
| (iv) Deputation reserve .. | 68 | 27*+17**+3*** =47 | 21 |
| | 269 | 178 | 91 |

*On deputation to other States/autonomous Bodies/ Boards etc.

**Occupying temporary posts adjustable against deputation reserve.

***Holding I.A.S. cadre posts.

The posts have been lying vacant for a period ranging from one month to two years. But in order to cope with the work, adjustments have been made by giving additional charge of certain posts to a single officer. In some cases, officers belonging to P.S.S. and Revenue Department (Under Secretary/ District Revenue Officers) are posted against P.C.S. cadre posts, and *vice-versa*, as and when such deployment is considered to be necessary in the public interest.

Original with;
Punjab Vidhan Sabha
Digitized by;
Punjab Digital Library

| *Question* | *Answer* |
|---|---|
| | The posts are likely to be filled up as soon as the recommendations of the Punjab Public Service Commission with regard to direct recruitment/nominations of officers to P.C.S. (E.B.) become available. Efforts are being made to expedite the matter. |
| (d) The number of posts out of those referred to in part (b) above against which the persons belonging to the Scheduled Castes and Backward Classes have been appointed separately ; | Out of 178 officers in position, 29 belong to the Scheduled Castes, and 4 to the Backward Classes. |
| (e) Whether the number referred to in part (d) above is according to the reservation policy of the Government; if not, the reasons therefor ? | Yes. It is in accordance with the Government Policy, for the reservation of vacancies for the members belonging to Scheduled Castes and Backward Classes, for recruitment in the services, in vogue from time to time. |

**ਸਰਦਾਰ ਸ਼ਮਸ਼ੇਰ ਸਿੰਘ :** ਸਪੀਕਰ ਸਾਹਿਬ, ਮੇਰਾ ਸਵਾਲ ਇਹ ਸੀ ਕਿ ਪੀ. ਸੀ. ਐਸ. ਪੋਸਟਾਂ ਕਿੰਨੀਆਂ ਸੈਂਕਸ਼ਨ ਹਨ ਅਤੇ ਕਿੰਨੀਆਂ ਖਾਲੀ ਹਨ ਜਿਸਦੇ ਬਾਰੇ ਇਨ੍ਹਾਂ ਨੇ ਇਨਫਰਮੇਸ਼ਨ ਦਿੱਤੀ ਹੈ ਕਿ ਕੁੱਲ ਪੋਸਟਾਂ ਸੈਂਕਸ਼ਨਡ 269 ਹਨ, ਜਿਨ੍ਹਾਂ ਵਿਚੋਂ 178 ਫਿਲਡ ਅਪ ਹਨ ਅਤੇ 91 ਪੋਸਟਾਂ ਖਾਲੀ ਹਨ। ਪਾਰਟ (ਡੀ) ਵਿਚ ਪੁੱਛਿਆ ਗਿਆ ਸੀ ਕਿ ਕੀ ਇਨ੍ਹਾਂ ਪੋਸਟਾਂ ਵਿਚੋਂ ਰਿਜ਼ਰਵੇਸ਼ਨ ਪਾਲਿਸੀ ਮੁਤਾਬਿਕ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਨੂੰ ਸੈਪਰੇਟਲੀ ਐਪੁਆਇੰਟ ਕੀਤਾ ਗਿਆ ਹੈ, ਜਿਸਦੇ ਜਵਾਬ ਵਿੱਚ ਇਨ੍ਹਾਂ ਨੇ ਪਾਰਟ (ਈ) ਵਿੱਚ ਲਿਖਿਆ ਹੈ ਕਿ—

"Yes. It is in accordance with the Government Policy, for the reservation of vacancies for the members belonging to Scheduled Castes & Backward Classes, for recruitment in the services, in vogue from time to time."

ਮੈਂ ਸੀ. ਐਮ. ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਬੈਕਵਰਡ ਕਲਾਸਿਜ਼ ਦੇ ਰੋਸਟਰ ਦੇ ਮੁਤਾਬਿਕ ਉਨ੍ਹਾਂ ਦਾ ਪੰਦਰਵਾਂ ਪੁਆਇੰਟ ਉਹਨਾਂ ਨੂੰ ਨਹੀਂ ਦਿਤਾ ਗਿਆ ਸੀ ਜਿਹੜਾ 35 ਪੁਆਇੰਟ ਤੇ ਦਿੱਤਾ ਗਿਆ ਹੈ ਜਿਸ ਵਿੱਚ ਅਰਵਿੰਦਰ ਸਿੰਘ ਨੂੰ ਲਾਇਆ ਗਿਆ ਹੈ ਜਿਹੜਾ ਕਿ ਬੈਕਵਰਡ ਕਲਾਸ ਨਹੀਂ ਸੀ। ਇਸ ਸਬੰਧੀ 1982 ਵਿੱਚ ਕੁਐਸਚਨ ਵੀ ਕੀਤਾ ਗਿਆ ਸੀ ਕਿ ਇਸ ਪਰਸਨ ਨੇ ਜਾਲੀ ਸਰਟੀਫਿਕੇਟ ਦੇ ਕੇ ਪੋਸਟ ਮਾਰ ਲਈ ਹੈ। ਇਹ ਜਿਹੜਾ ਜਾਲ੍ਹੀ ਸਰਟੀਫਿਕੇਟ ਦਿਤਾ ਗਿਆ ਹੈ, ਕੀ ਉਸਦੇ ਖਿਲਾਫ ਕੋਈ ਐਕਸ਼ਨ ਲੈਣ ਲਈ ਤਿਆਰ ਹਨ ?

**ਮੁੱਖ ਮੰਤਰੀ :** ਅਗਰ ਇਹ ਸਾਬਤ ਹੋ ਜਾਵੇ ਕਿ ਸਰਟੀਫਿਕੇਟ ਜਾਲ੍ਹੀ ਹੈ ਤਾਂ ਪੋਸਟ ਵਿਦਡਰਾ ਕਰਾਂਗੇ ।

**Mr. Speaker :** Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

Original with;
Punjab Vidhan Sabha
Digitized by;
Panjab Digital Library

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Compensation to Land Owners whose land was acquired for Rahon Drain

***2079. Sardar Dilbagh Singh :** Will the Minister for Agriculture be pleased to state—

(a) the year in which the Rahon drain was dug out ;

(b) whether any compensation was paid to the persons whose land was acquired for the drain referred to in part (a) above ; if so, the year in which it was paid, if not paid the reasons therefor and the approximate time by which it is likely to be paid ?

**ਚੌਧਰੀ ਕਾਂਸ਼ੀ ਰਾਮ :** (ੳ) ਸਾਲ 1971-72 ਦੇ ਦੌਰਾਨ ਵਿੱਚ ।

(ਅ) ਹਾਂ ਜੀ । ਰਾਹੋਂ ਪਿੰਡ ਦੇ ਜ਼ਮੀਨ ਦੇ ਮਾਲਕਾਂ ਨੂੰ ਛੱਡ ਕੇ ਜ਼ਮੀਨ ਦੇ ਮੁਆਵਜ਼ੇ ਦੀ ਸਾਲ 1971-72 ਤੋਂ ਸਾਲ 1974-75 ਅਤੇ 1976 ਵਿੱਚ ਅਦਾਇਗੀ ਕੀਤੀ ਗਈ । ਰਾਹੋਂ ਪਿੰਡ ਦਾ ਅਵਾਰਡ ਮਹਿਕਮੇ ਦੀਆਂ ਕੁਝ ਕਾਰਵਾਈਆਂ ਪੂਰੀਆਂ ਨਾ ਹੋਣ ਕਾਰਣ ਸੁਣਾਇਆ ਨਹੀਂ ਜਾ ਸਕਿਆ । ਹੁਣ ਅਵਾਰਡ ਸੁਣਾਇਆ ਗਿਆ ਹੈ ਅਤੇ ਮੁਆਵਜ਼ੇ ਦੀ ਅਦਾਇਗੀ ਫੰਡਜ਼ ਮਿਲਣ ਉਪਰੰਤ ਕੀਤੀ ਜਾਵੇਗੀ ।

---

### Posts of Chief Engineers and Superintending Engineers in Irrigation Department

***2100. Shri Ram Parkash Bali :** Will the Minister for Agriculture be pleased to state the number of posts of Chief Engineers and Superintending Engineers in the Irrigation Department as on 31st March, 1980 and 31st March, 1983, separately ?

**ਚੌਧਰੀ ਕਾਂਸ਼ੀ ਰਾਮ :** (ੳ) ਮਿਤੀ 31-3-1980 ਨੂੰ ਸਿੰਜਾਈ ਅਤੇ ਬਿਜਲੀ ਵਿਭਾਗ ਦੀ ਸਿੰਜਾਈ ਸ਼ਾਖਾ ਵਿਚ 7 ਮੁੱਖ ਇੰਜੀਨੀਅਰਾਂ ਅਤੇ 45 ਨਿਗਰਾਨ ਇੰਜੀਨੀਅਰਾਂ ਦੀਆਂ ਆਸਾਮੀਆਂ ਸਨ ।

(ਅ) ਮਿਤੀ 31-3-1983 ਨੂੰ ਸਿੰਜਾਈ ਅਤੇ ਬਿਜਲੀ ਵਿਭਾਗ ਦੀ ਸਿੰਜਾਈ ਸ਼ਾਖਾ ਵਿਚ 15 ਮੁੱਖ ਇੰਜੀਨੀਅਰਾਂ ਅਤੇ 73 ਨਿਗਰਾਨ ਇੰਜੀਨੀਅਰਾਂ ਦੀਆਂ ਆਸਾਮੀਆਂ ਸਨ ।

---

### Starred Question No. 2118*

(Extension was asked for in respect of Starred Question No. 2118)

---

*For Starred Quetion No. 2118 and reply thereto please see Appendix to this Debate.

Original with;
Punjab Vidhan Sabha
Digitized by;
Panjab Digital Library

# UNSTARRED QUESTIONS AND ANSWERS

## Recruitment of Constables in District Amritsar

**289. Comrade Buta Singh**
**Comrade Raj Kumar** : Will the Chief Minister be pleased to state—

(a) the number of police constables recruited in district Amritsar during the years 1982 and 1983 upto date ;

(b) the names and addresses of all those who were asked to join during the years 1982 and 1983 upto date and who actually joined ?

**ਸਰਦਾਰ ਦਰਬਾਰਾ ਸਿੰਘ** : (ੳ) ਜ਼ਿਲ੍ਹਾ ਅੰਮ੍ਰਿਤਸਰ ਵਿਚ ਕੁਲ ਮਿਲਾ ਕਿ 78 ਉਮੀਦਵਾਰਾਂ ਨੂੰ ਭਰਤੀ ਹੋਣ ਖਾਤਰ ਬੁਲ ਇਆ ਗਿਆ ਸੀ ਅਤੇ ਉਹ ਸਾਰੇ 1982 ਵਿਚ ਭਰਤੀ ਕੀਤੇ ਗਏ ਸਨ ।

ਇਸ ਸਾਲ 17 ਅਗਸਤ, 1983 ਤੱਕ ਕੋਈ ਉਮੀਦਵਾਰ ਭਰਤੀ ਨਹੀਂ ਕੀਤਾ ਗਿਆ।

(ਅ) ਜੋ ਉਮੀਦਵਾਰ ਭਰਤੀ ਕੀਤੇ ਗਏ ਸਨ ਉਨ੍ਹਾਂ ਦੇ ਨਾਂ ਅਤੇ ਪਤੇ ਝੰਡੀ 'ੲ' ਤੇ ਦਿਤੇ ਗਏ ਹਨ।

'ੲ'

ਸਾਲ 1982 ਵਿਚ ਭਰਤੀ ਕੀਤੇ ਰਕਰੂਟਾਂ ਦੀ ਲਿਸਟ

| | ਨਾਮ ਨੰਬਰ ਅਤੇ ਪਤਾ | | ਭਰਤੀ ਦੀ ਮਿਤੀ |
|---|---|---|---|
| 1. | ਕਾਂ: ਸੁਖਵਿੰਦਰ ਸਿੰਘ ਨੰਬਰ 3101 ਪੁੱਤਰ ਸ੍ਰੀ: ਮੇਜਾ ਸਿੰਘ, ਜਾਤ ਮਜ਼ਬੀ, ਵਾਸੀ ਝਬਾਲ ਕਲਾਂ ਥਾਨਾ ਝਬਾਲ, ਜ਼ਿਲ੍ਹਾ ਅੰਮ੍ਰਿਤਸਰ | ... | 4-1-82 |
| 2. | ਕਾਂ: ਬਲਦੇਵ ਸਿੰਘ 3102 ਪੁੱਤਰ ਤਾਰਾ ਸਿੰਘ, ਜਾਤ ਜੱਟ, ਪਿੰਡ ਹਲਵਾਰਾ ਥਾਨਾ ਸੁਦਾਰ ਜ਼ਿਲ੍ਹਾ ਲੁਧਿਆਣਾ | ... | 4-1-82 |
| 3. | ਕਾਂ: ਸ਼ਮਸ਼ੇਰ ਸਿੰਘ ਨੰ: 3103 ਪੁੱਤਰ ਸ. ਕਰਤਾਰ ਸਿੰਘ ਜਾਤ ਜੱਟ, ਪਿੰਡ ਲੌਂਗੀਵਿੰਡ, ਥਾਨਾ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ | ... | 4-1-82 |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਨਾਮ, ਨੰਬਰ ਅਤੇ ਪਤਾ | ਭਰਤੀ ਦੀ ਮਿਤੀ |
|---|---|
| 4. ਕੰ: ਹਰਜੀਤ ਸਿੰਘ ਨੰਬਰ 3104 ਪੁੱਤਰ ਪਿਆਰਾ ਸਿੰਘ, ਜਾਤ ਜੱਟ, ਪਿੰਡ ਕੋਟ ਹਰਦੇਰਾਮ, ਥਾਨਾ ਕਥੂ ਨੰਗਲ, ਜ਼ਿਲ੍ਹਾ ਅੰਮ੍ਰਿਤਸਰ ... | 5-1-82 |
| 5. ਕੰ: ਲਾਲ ਸਿੰਘ 3105 ਪੁੱਤਰ ਮਹਿੰਦਰ ਸਿੰਘ, ਜਾਤ ਜੱਟ, ਪਿੰਡ ਖਾਰਾ ਬਰਨਾਲਾ, ਥਾਨਾ ਮਾਨਸਾ, ਜ਼ਿਲ੍ਹਾ ਬਠਿੰਡਾ ... | 5-1-82 |
| 6. ਕੰ: ਗੁਰਮੁੱਖ ਸਿੰਘ 3106 ਪੁੱਤਰ ਅਰਜਨ ਸਿੰਘ, ਜੱਟ, ਪਿੰਡ ਮਾੜੀ ਮੇਘਾ, ਥਾਨਾ ਖਾਲੜਾ, ਜ਼ਿਲ੍ਹਾ ਅੰਮ੍ਰਿਤਸਰ ... | 5-1-82 |
| 7. ਕੰ: ਜਸਬੀਰ ਸਿੰਘ 3107 ਪੁੱਤਰ ਵਤਨ ਸਿੰਘ ਨੰਬਰ 736 ਅੰਮ੍ਰਿਤ-ਸਰ, ਜਾਤ ਸੈਨੀ, ਪਿੰਡ ਲਾਧੂਪੁਰ, ਥਾਨਾ ਕਾਹਨੂੰਪੁਰ, ਜ਼ਿਲ੍ਹਾ ਗੁਰਦਾਸਪੁਰ ... | 6-1-82 |
| 8. ਕੰ: ਕੰਵਲਜੀਤ ਸਿੰਘ 3111 ਪੁੱਤਰ ਬਾਵਾ ਸਿੰਘ ਜਾਤ ਜੱਟ ਪਿੰਡ ਘਨੂਪੁਰ, ਥਾਨਾ ਛਿਹਰਟਾ, ਜ਼ਿਲ੍ਹਾ ਅੰਮ੍ਰਿਤਸਰ ... | 8-1-82 |
| 9. ਕੰ: ਮਨਜੀਤ ਸਿੰਘ 314 ਪੁੱਤਰ ਸ੍ਰ: ਕੁਲਵੰਤ ਸਿੰਘ, ਜਾਤ ਜੱਟ ਪਿੰਡ ਪੰਡੋਰੀ ਸੁਖਾ ਸਿੰਘ, ਥਾਨਾ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ... | 20-1-82 |
| 10. ਕੰ: ਗੁਰਨਾਮ ਸਿੰਘ 3105 ਪੁੱਤਰ ਦਲੀਪ ਸਿੰਘ, ਜਾਤ ਪਰਜਾਪਤ, ਪਿੰਡ ਕੋਟਲਾ ਡੂਮ ਥਾਨਾ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ... | 21-1-82 |
| 11. ਕੰ: ਗੁਰਬਚਨ ਸਿੰਘ 3116 ਪੁੱਤਰ ਗਿਆਨ ਸਿੰਘ, ਜਾਤ ਜੱਟ, ਪਿੰਡ ਢੋਡੀਆਂ ਪਤੀ ਰਾਜਾਰਾਤ, ਥਾਨਾ ਸਿਰਹਾਲੀ, ਜ਼ਿਲ੍ਹਾ ਅੰਮ੍ਰਿਤਸਰ ... | 27-1-82 |
| 12. ਕੰ: ਮਲਕੀਅਤ ਸਿੰਘ 3117 ਪੁੱਤਰ ਗੁਰਨਾਮ ਸਿੰਘ, ਜਾਤ ਜੱਟ, ਪਿੰਡ ਉਗਰ ਔਲੱਖ, ਥਾਨਾ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ... | 28-1-82 |
| 13. ਕੰ: ਕੁਲਵੰਤ ਸਿੰਘ 3118 ਪੁੱਤਰ ਇੰਦਰ ਸਿੰਘ ਜਾਤ ਜੱਟ, ਪਿੰਡ ਵਡਾਲਾ ਪਤੀ. ਹਿੰਦੂਕੀ ਥਾਨਾ ਜੰਡਿਆਲਾ ਜ਼ਿਲ੍ਹਾ ਅੰਮ੍ਰਿਤਸਰ ... | 1-2-82 |
| 14. ਕੰ: ਬਲਜੀਤ ਸਿੰਘ 3119 ਪੁੱਤਰ ਖਜਾਨ ਸਿੰਘ, ਪਿੰਡ ਬਹਿੜਵਾਲ, ਥਾਨਾ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ... | 19-2-82 |
| 15. ਕੰ: ਜਸਵਿੰਦਰ ਸਿੰਘ 3120 ਪੁੱਤਰ ਗੁਰਚਰਨ ਸਿੰਘ, ਜਾਤ ਜੱਟ, ਪਿੰਡ ਮਹਾਵਾਂ, ਥਾਨਾ ਘਰਿੰਡਾ, ਜ਼ਿਲ੍ਹਾ ਅੰਮ੍ਰਿਤਸਰ ... | 19-2-82 |

Original with;
Punjab Vidhan Sabha
Digitized by;
Panjab Digital Library

| ਨਾਮ ਨੰਬਰ ਅਤੇ ਪਤਾ | | ਭਰਤੀ ਦੀ ਮਿਤੀ |
|---|---|---|
| 16. ਕਾਂ: ਬਲਕਾਰ ਸਿੰਘ 3121 ਪੁੱਤਰ ਅਜਮੇਰ ਸਿੰਘ ਜਾਤ ਜੱਟ ਪਿੰਡ ਸੈਦੂਕੇ ਥਾਨਾ ਬਿਆਸ ਜ਼ਿਲ੍ਹਾ ਅੰਮ੍ਰਿਤਸਰ | ... | 19-2-82 |
| 17. ਕਾਂ: ਹਰਭਜਨ ਸਿੰਘ 3122 ਪੁੱਤਰ ਸਰਦਾਰ ਸਿੰਘ ਜਾਤ ਲਬਾਨਾ ਪਿੰਡ ਇਬਰਾਹਿਮ ਥਾਨਾ ਭਲੱਥ ਜ਼ਿਲ੍ਹਾ ਕਪੂਰਥਲਾ | ... | 19-2-82 |
| 18. ਕਾਂ: ਵਿਜੈ ਕੁਮਾਰ 3123 ਪੁੱਤਰ ਓਮ ਪ੍ਰਕਾਸ਼ ਜਾਤ ਬਰਾਹਮਣ ਪਿੰਡ ਅਜਨਾਲਾ ਥਾਨਾ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ | ... | 19-2-82 |
| 19. ਕਾਂ: ਸਰਬਜੀਤ ਸਿੰਘ 3124 ਪੁੱਤਰ ਕਰਨੈਲ ਸਿੰਘ ਜਾਤ ਜੱਟ ਪਿੰਡ ਖੁੱਡੀ ਕਲਾਂ ਥਾਨਾ ਬਰਨਾਲਾ ਜ਼ਿਲ੍ਹਾ ਸੰਗਰੂਰ | .. | 19-2-82 |
| 20. ਕਾਂ: ਸੁਰਜੀਤ ਸਿੰਘ 3125 ਪੁੱਤਰ ਜਗੀਰ ਸਿੰਘ ਜਾਤ ਜੱਟ ਪਿੰਡ ਰਾਓਵਾਲ ਥਾਨਾ ਕਾਹਨੂੰਵਾਨ ਜ਼ਿਲ੍ਹਾ ਗੁਰਦਾਸਪੁਰ | ... | 19-2-82 |
| 21. ਕਾਂ: ਗੁਰਮੇਜ ਸਿੰਘ 3126 ਪੁੱਤਰ ਕਰਮ ਸਿੰਘ ਜਾਤ ਜੱਟ ਪਿੰਡ ਸੋਹੀਆਂ ਕਲਾਂ ਥਾਨਾ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ | ... | 19-2-82 |
| 22. ਕਾਂ: ਨਰਿੰਦਰ ਸਿੰਘ 3127 ਪੁੱਤਰ ਮਸੂਰਾਮ ਜਾਤ ਸਾਂਸੀ ਪਿੰਡ ਕੋਟ ਮੁਹੰਮਦ ਖਾਂ ਥਾਨਾ ਸਿਰਹਾਲੀ ਜ਼ਿਲ੍ਹਾ ਅੰਮ੍ਰਿਤਸਰ | ... | 19-2-82 |
| 23. ਕਾਂ: ਸੁਖਵੰਤ ਸਿੰਘ 3127 ਪੁੱਤਰ ਕੇਹਰ ਸਿੰਘ ਜਾਤ ਜੱਟ ਪਿੰਡ ਧਾਰੜ ਥਾਨਾ ਸਦਰ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ | ... | 19-2-82 |
| 24. ਕਾਂ: ਵਿਸ਼ਵਾ ਮਿੱਤਰ 3129 ਪੁੱਤਰ ਬਦਰੀ ਨਾਥ ਜਾਤ ਬਰਾਹਮਣ ਪਿੰਡ ਵੱਲਾ ਥਾਨਾ ਸਦਰ ਅੰਮ੍ਰਿਤਸਰ ਜ਼ਿਲ੍ਹਾ ਅੰਮ੍ਰਿਤਸਰ | ... | 19-2-82 |
| 25. ਕਾਂ: ਅਰੁਨ ਕੁਮਾਰ 3130 ਪੁਤਰ ਯਸ਼ਪਾਲ ਜਾਤ ਬਰਾਹਮਣ ਪਿੰਡ ਪੱਟੀ ਵਾਰਡ ਨੰ: 2 ਥਾਨਾ ਪਟੀ ਜ਼ਿਲ੍ਹਾ ਅੰਮ੍ਰਿਤਸਰ | ... | 19-2-82 |
| 26. ਕਾਂ: ਹਰਸੁਖਪਾਲ ਸਿੰਘ 3131 ਪੁੱਤਰ ਰਿਟਾਇਰਡ ਏ. ਐਸ. ਆਈ. ਜੁਗਿੰਦਰ ਸਿੰਘ ਜਾਤ ਨਾਈ ਪਿੰਡ ਰਸੂਲਪੁਰ ਕਲਾਂ ਥਾਨਾ ਜੰਡਿਆਲਾ ਜ਼ਿਲ੍ਹਾ ਅੰਮ੍ਰਿਤਸਰ | ... | 19-2-82 |
| 27. ਕਾਂ: ਕੇਵਲ ਰਾਜ 3132 ਪੁੱਤਰ ਹਜਾਰੀ ਨਾਥ ਜਾਤ ਬਾਵਾ ਪਿੰਡ ਜਹਾਂਗੀਰ ਥਾਨਾ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ | ... | 19-2-82 |
| 28. ਕਾਂ: ਜਸਬੀਰ ਸਿੰਘ 3133 ਪੁੱਤਰ ਚੰਚਲ ਸਿੰਘ ਜਾਤ ਜੱਟ ਪਿੰਡ ਮੇਉਕਾ ਥਾਨਾ ਜੰਡਿਆਲਾ ਜ਼ਿਲ੍ਹਾ ਅੰਮ੍ਰਿਤਸਰ | ... | 19-2-82 |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਨਾਮ, ਨੰਬਰ ਅਤੇ ਪਤਾ | ਭਰਤੀ ਦੀ ਮਿਤੀ |
|---|---|
| 29. ਕਾਂ: ਗੁਰਮੀਤ ਸਿੰਘ 3134 ਪੁੱਤਰ ਨਰੰਜਨ ਸਿੰਘ ਜਾਤ ਮਜਬੀ ... ਪਿੰਡ ਅਕਾਲਗੜ੍ਹ ਢਪਈਆਂ ਥਾਣਾ ਜੰਡਿਆਲਾ ਜ਼ਿਲ੍ਹਾ ਅੰਮ੍ਰਿਤਸਰ | 19-2-82 |
| 30. ਕਾਂ: ਬਾਵਾ ਸਿੰਘ 3135 ਪੁੱਤਰ ਤੇਜਾ ਸਿੰਘ ਜਾਤ ਮਜਬੀ ... ਪਿੰਡ ਅਦਾਲਤਪੁਰ ਥਾਣਾ ਡੇਹਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ | 19-2-82 |
| 31. ਕਾਂ: ਬਲਬੀਰ ਸਿੰਘ 3136 ਪੁੱਤਰ ਐਕਸ ਕਾਂ: ਅਮਰ ਸਿੰਘ ... 1121 ਫਿਰੋਜ਼ਪੁਰ ਜਾਤ ਮਹਿਰਾ ਪਿੰਡ (ਸਰਹਾਲੀ ਕਲਾਂ) ਥਾਣਾ ਸਿਰਹਾਲੀ ਜ਼ਿਲ੍ਹਾ ਅੰਮ੍ਰਿਤਸਰ | 19-2-82 |
| 32. ਕਾਂ: ਜਸਪਾਲ ਸਿੰਘ 3137 ਪੁੱਤਰ ਗੁਰਨਾਮ ਸਿੰਘ ਜਾਤ ਜੱਟ ... ਪਿੰਡ ਸਹਿੰਸਾ ਕਲਾਂ ਥਾਣਾ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ | 19-2-82 |
| 33. ਕਾਂ: ਰਜਿੰਦਰ ਕੁਮਾਰ 3138 ਪੁੱਤਰ ਓਮ ਪ੍ਰਕਾਸ਼ ਜਾਤ ਬਰਾਹਮਣ ... ਪਿੰਡ ਘਰ ਨੰ: 1529 ਕਟੜਾ ਬਘੀਆਂ ਗਲੀ ਕਕੇ ਜਹੀਆਂ ਥਾਣਾ ਏ. ਡਵੀਜ਼ਨ ਜ਼ਿਲ੍ਹਾ ਅੰਮ੍ਰਿਤਸਰ | 19-2-82 |
| 34. ਕਾਂ: ਦਵਿੰਦਰ ਕੁਮਾਰ 3140 ਪੁੱਤਰ ਕੁਲਵੰਤ ਰਾਏ ਜਾਤ ਬਰਾਹਮਣ ... ਪਿੰਡ ਚੱਕ ਸਕੰਦਰ ਥਾਣਾ ਰਮਦਾਸ ਜ਼ਿਲ੍ਹਾ ਅੰਮ੍ਰਿਤਸਰ | 19-2-82 |
| 35. ਕਾਂ: ਸ਼ਾਮ ਸਰੂਪ 3139 ਪੁੱਤਰ ਹਰੀ ਦਾਸ ਜਾਤ ਬੈਰਾਗੀ ... ਪਿੰਡ ਮਾਕੋਵਾਲ ਥਾਣਾ ਰਮਦਾਸ ਜ਼ਿਲ੍ਹਾ ਅੰਮ੍ਰਿਤਸਰ | 19-2-82 |
| 36. ਕਾਂ: ਸਰੂਪ ਸਿੰਘ 3141 ਪੁੱਤਰ ਕੁੰਨਣ ਸਿੰਘ ਜਾਤ ਜੱਟ ਪਿੰਡ ... ਛਾਪਾਰਾਮ ਸਿੰਘ ਥਾਣਾ ਜੰਡਿਆਲਾ ਜ਼ਿਲ੍ਹਾ ਅੰਮ੍ਰਿਤਸਰ | 19-2-82 |
| 37. ਕਾਂ: ਤਰਸੇਮ ਸਿੰਘ 3142 ਪੁੱਤਰ ਰਘਬੀਰ ਸਿੰਘ ਜਾਤ ਜੱਟ ਪਿੰਡ ... ਦੁਧਾਲਾ ਥਾਣਾ ਕਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ | 19-2-82 |
| 38. ਕਾਂ: ਅਮਰਜੀਤ ਸਿੰਘ 3143 ਪੁੱਤਰ ਕੁੰਨਣ ਸਿੰਘ ਜਾਤ ਜੱਟ ਪਿੰਡ ... ਚੱਕ ਸਕੰਦਰ ਥਾਣਾ ਰਮਦਾਸ ਜ਼ਿਲ੍ਹਾ ਅੰਮ੍ਰਿਤਸਰ | 19-2-82 |
| 39. ਕਾਂ: ਲਖਵਿੰਦਰ ਸਿੰਘ 3144 ਪੁੱਤਰ ਗਿਆਨ ਸਿੰਘ ਜਾਤ ਜੱਟ ਪਿੰਡ ... ਅਦਲੀਵਾਲਾ ਥਾਣਾ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ | 20-2-82 |
| 40. ਕਾਂ: ਸਰਬਜੀਤ ਸਿੰਘ 2458 ਪੁੱਤਰ ਸਵਰਨ ਸਿੰਘ ਜਾਤ ਜੱਟ ਪਿੰਡ ... ਬੋਗੇਵਾਲ ਥਾਣਾ ਕਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ | 2-3-82 |

Original with;
Punjab Vidhan Sabha
Digitized by;
Panjab Digital Library

| ਨਾਮ ਨੰਬਰ ਅਤੇ ਪਤਾ | | ਭਰਤੀ ਦੀ ਮਿਤੀ |
|---|---|---|
| 41. ਕੰ. ਸੁਭਾਸ਼ ਚੰਦਰ 2568 ਪੁੱਤਰ ਬਸੰਬਰ ਦਾਸ ਜਾਤ ਬਰਾਹਮਣ ਪਿੰਡ ਲੱਦਾ ਮੁੰਡਾ ਥਾਨਾ ਸ੍ਰੀ ਹਰਗੋਬਿੰਦਪੁਰ ਜਿਲ੍ਹਾ ਗੁਰਦਾਸਪੁਰ | ... | 2-3-82 |
| 42. ਕੰ: ਇੰਦਰਪਾਲ ਸਿੰਘ 2807 ਪੁੱਤਰ ਸੁਦਾਗਰ ਸਿੰਘ ਜਾਤ ਜੱਟ ਪਿੰਡ ਭੁੱਲਾ ਥਾਨਾ ਭਿਖੀਵਿੰਡ ਜਿਲ੍ਹਾ ਅੰਮ੍ਰਿਤਸਰ | ... | 2-3-82 |
| 43. ਕੰ: ਸੁਰਜੀਤ ਸਿੰਘ 2306 ਪੁਤਰ ਕਸ਼ਮੀਰ ਸਿੰਘ ਜਾਤ ਜੱਟ ਪਿੰਡ ਚੱਕ ਮਾਹਿਰ ਥਾਨਾ ਸਿਰਹਾਲੀ ਜਿਲ੍ਹਾ ਅੰਮ੍ਰਿਤਸਰ | ... | 3-3-82 |
| 44. ਕੰ: ਬਲਕਾਰ ਸਿੰਘ 2835 ਪੁੱਤਰ ਕੰ : ਮਾਧਾ ਸਿੰਘ 1022 ਪਟਿਆਲਾ ਜਾਤ ਜੱਟ ਪਿੰਡ ਕੰਗ ਥਾਨਾ ਸਦਰ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ | ... | 2-3-82 |
| 45. ਕੰ: ਅਨਿਲ ਕੁਮਾਰ 2652 ਪੁੱਤਰ ਐਚ. ਸੀ. ਸਤਪਾਲ 1041/ ਅਮ੍ਰਿਤਸਰ ਜਾਤ ਬਰਾਹਮਣ ਘਰ ਨੰ: 4142 ਚੌਂਕੀ ਇਸਲਾਮਾਬਾਦ ਥਾਨਾ ਡੀ. ਡਵੀਜ਼ਨ ਅੰਮ੍ਰਿਤਸਰ | ... | 2-3-82 |
| 46. ਕੰ: ਨਰਿੰਦਰ ਸਿੰਘ 1351 ਪੁੱਤਰ ਕੰ: ਦੇਵਾ ਸਿੰਘ 1366 ਅੰਮ੍ਰਿਤਸਰ ਜਾਤ ਜੱਟ ਪਿੰਡ ਟਡਿਆਲਾ ਥਾਨਾ ਸਦਰ ਬਟਾਲਾ ਜ਼ਿਲ੍ਹਾ ਅੰਮ੍ਰਿਤਸਰ | ... | 7-3-82 |
| 47. ਕੰ: ਕੁਲਵੰਤ ਸਿੰਘ 3145 ਪੁੱਤਰ ਸੰਗਾਰਾ ਸਿੰਘ ਜਾਤ ਮਜਬੀ ਪਿੰਡ ਸੰਤੂ ਨੰਗਲ ਥਾਨਾ ਮਜੀਠਾ ਜਿਲ੍ਹਾ ਅੰਮ੍ਰਿਤਸਰ | ... | 7-6-82 |
| 48. ਕੰ: ਜੋਗਿੰਦਰ ਪਾਲ 3146 ਪੁੱਤਰ ਮਖਣ ਜਾਤ ਹਰੀਜਨ ਗਲੀ ਨੰਬਰ 23 ਮਕਾਨ ਨੰਬਰ 24 ਯਾਸੀਨ ਰੋਡ ਥਾਨਾ ਸਿਵਲ ਲਾਇਨ ਜ਼ਿਲ੍ਹਾ ਅੰਮ੍ਰਿਤਸਰ | ... | 7-6-82 |
| 49. ਕੰ: ਸੁਖਵੰਤ ਸਿੰਘ 3147 ਪੁੱਤਰ ਕਰਮ ਸਿੰਘ ਜਾਤ ਜੱਟ ਪਿੰਡ ਗੋਪਾਲ ਪੁਰਾ ਥਾਨਾ ਕਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ | ... | 7-6-82 |
| 50. ਕੰ: ਪਰਦੀਪ ਕੁਮਾਰ 3148 ਪੁੱਤਰ ਕੁਲਵੰਤ ਰਾਏ ਜਾਤ ਖਤਰੀ ਪਿੰਡ ਜਲਾਲਾਬਾਦ ਥਾਨਾ ਵਰੇਵਾਲ ਜਿਲ੍ਹਾ ਅੰਮ੍ਰਿਤਸਰ | ... | 7-6-82 |
| 51. ਕੰ: ਰਮੇਸ਼ ਕੁਮਾਰ 3149 ਪੁੱਤਰ ਚਰੰਜੀ ਲਾਲ ਜਾਤ ਹਰੀਜਨ ਮਕਾਨ ਨੰ: 14 ਸਦਰ ਬਜਾਰ ਥਾਨਾ ਸਿਵਲ ਲਾਇਨ ਅੰਮ੍ਰਿਤਸਰ | ... | 7-6-82 |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਨਾਮ ਨੰਬਰ ਅਤੇ ਪਤਾ | | ਭਰਤੀ ਦੀ ਮਿਤੀ |
|---|---|---|
| 52. ਕੰ: ਜਗੀਰ ਸਿੰਘ 3150 ਪੁੱਤਰ ਬਿਸ਼ਨ ਸਿੰਘ ਜਾਤ ਮਜਬੀ ਪਿੰਡ ਮਕਾਨ ਨੰ: 563 ਯਾਸੀਨ ਰੋਡ ਅੰਮ੍ਰਿਤਸਰ ਥਾਨਾ ਸਿਵਲ ਲਾਇਨ ਜ਼ਿਲ੍ਹਾ ਅੰਮ੍ਰਿਤਸਰ | ... | 7-6-82 |
| 53. ਕੰ: ਰਤਨਜੀਤ ਸਿੰਘ 3151 ਪੁੱਤਰ ਕਰਤਾਰ ਸਿੰਘ ਜਾਤ ਮਜਬੀ ਪਿੰਡ ਅਮਰ ਕੋਟ ਥਾਨਾ ਜੰਡਿਆਲਾ ਜ਼ਿਲ੍ਹਾ ਅੰਮ੍ਰਿਤਸਰ | ... | 7-6-82 |
| 54. ਕੰ. ਗੁਰਕਿਰਪਾਲ ਸਿੰਘ 3152 ਪੁੱਤਰ ਸਕੱਤਰ ਸਿੰਘ ਕੋਠੀ ਨੰ: 104 ਰਾਣੀ ਕਾ ਬਜ਼ਾਰ ਅੰਮ੍ਰਿਤਸਰ ਥਾਨਾ ਸਿਵਲ ਲਾਇਨ | ... | 7-6-82 |
| 55. ਕੰ: ਸੁਖਵੰਤ ਸਿੰਘ 3153 ਪੁੱਤਰ ਮਹਿੰਦਰ ਸਿੰਘ ਜਾਤ ਹਰੀਜਨ ਪਿੰਡ ਝੀਤੇ ਕਲਾਂ ਥਾਨਾ ਜੰਡਿਆਲਾ ਜ਼ਿਲ੍ਹਾ ਅੰਮ੍ਰਿਤਸਰ | ... | 7-6-82 |
| 56. ਕੰ: ਕੁਲਦੀਪ ਸਿੰਘ 3154 ਪੁੱਤਰ ਬਾਵਾ ਸਿੰਘ ਕੰ: 685/ ਅੰਮ੍ਰਿਤਸਰ ਜਾਤ ਨਾਈ ਪਿੰਡ ਧਾਰੋਵਾਲੀ ਥਾਨਾ ਡੇਹਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ | ... | 7-6-82 |
| 57. ਕੰ: ਹਰਜੀਤ ਸਿੰਘ 3155 ਪੁੱਤਰ ਹਰਬੰਸ ਸਿੰਘ ਜਾਤ ਜੱਟ ਪਿੰਡ ਥਾਦਾਂ ਥਾਨਾ ਸਦਰ ਅੰਮ੍ਰਿਤਸਰ ਜ਼ਿਲ੍ਹਾ ਅੰਮ੍ਰਿਤਸਰ | ... | 7-6-82 |
| 58. ਕੰ: ਗੁਰਦੇਵ ਸਿੰਘ 3156 ਪੁੱਤਰ ਮੱਖਣ ਸਿੰਘ ਜਾਤ ਨਾਈ ਪਿੰਡ ਹਰੀਆ ਥਾਨਾ ਕਥੂਨੰਗਲ ਜ਼ਿਲ੍ਹਾ ਅੰਮ੍ਰਿਤਸਰ | ... | 7-6-82 |
| 59. ਕੰ: ਪਦਾਰਥ ਸਿੰਘ 3157 ਪੁੱਤਰ ਹਰਭਜਨ ਸਿੰਘ ਜਾਤ ਜੱਟ ਪਿੰਡ ਰਸੂਲਪੁਰ ਕਲਾਂ ਥਾਨਾ ਜੰਡਿਆਲਾ ਜ਼ਿਲ੍ਹਾ ਅੰਮ੍ਰਿਤਸਰ | ... | 11-6-82 |
| 60. ਕੰ: ਬਲਵਿੰਦਰ ਸਿੰਘ 3158 ਪੁੱਤਰ ਮਸੂਰਾਮ ਜਾਤ ਸਾਂਸੀ ਕੋਟ ਅਹਿਮਦ ਖਾਂ ਥਾਨਾ ਸਿਰਹਾਲੀ ਜ਼ਿਲ੍ਹਾ ਅੰਮ੍ਰਿਤਸਰ | ... | 11-6-82 |
| 61. ਕੰ: ਮਨਜੀਤ ਸਿੰਘ 3159 ਪੁੱਤਰ ਸੰਪੂਰਨ ਸਿੰਘ ਜਾਤ ਜੱਟ ਪਿੰਡ ਗਿੱਲਾਂ ਵਾਲੀ ਥਾਨਾ ਰਮਦਾਸ ਜ਼ਿਲ੍ਹਾ ਅੰਮ੍ਰਿਤਸਰ | ... | 14-6-82 |
| 62. ਕੰ: ਗੁਰਮੇਜ ਸਿੰਘ 3160 ਪੁੱਤਰ ਸੰਤਾ ਸਿੰਘ ਜਾਤ ਜੱਟ ਪਿੰਡ ਕੋਟਲਾ ਗਾਜ਼ੀਆਂ ਥਾਨਾ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ | ... | 14-7-82 |
| 63. ਕੰ: ਬਲਵਿੰਦਰ ਸਿੰਘ 3161 ਪੁੱਤਰ ਨਰੰਜਨ ਸਿੰਘ ਜਾਤ ਜੱਟ ਪਿੰਡ ਕਲੱਸ ਥਾਨਾ ਵਲਟੋਹਾ ਜ਼ਿਲ੍ਹਾ ਅੰਮ੍ਰਿਤਸਰ | ... | 14-7-82 |

Original with;
Punjab Vidhan Sabha
Digitized by;
Panjab Digital Library

| ਨਾਮ ਨੰਬਰ ਅਤੇ ਪਤਾ | | ਭਰਤੀ ਦੀ ਮਿਤੀ |
|---|---|---|
| 64. ਕਾਂ: ਗੁਰਮੇਜ ਸਿੰਘ 3162 ਪੁੱਤਰ ਬਚਨ ਸਿੰਘ ਜਾਤ ਪਰਜਾਪਤ ਪਿੰਡ ਲਾਵੇ ਥਾਨਾ ਲਪੋਕੇ ਜਿਲ੍ਹਾ ਅੰਮ੍ਰਿਤਸਰ | ... | 14-7-82 |
| 65. ਕਾਂ: ਰਣਧੀਰ ਸਿੰਘ 3163 ਪੁੱਤਰ ਸੰਤੋਖ ਸਿੰਘ ਜਾਤ ਜੱਟ ਪਿੰਡ ਸਿੰਘਪੁਰਾ ਥਾਨਾ ਧਾਰੀਵਾਲ ਜਿਲ੍ਹਾ ਗੁਰਦਾਸਪੁਰ | ... | 14-7-82 |
| 66. ਕਾਂ: ਕਸ਼ਮੀਰ ਸਿੰਘ 3164 ਪੁੱਤਰ ਪ੍ਰੀਤਮ ਸਿੰਘ ਜਾਤ ਮਜਬੀ ਪਿੰਡ ਪੇਰੋਸ਼ਾਹ ਥਾਨਾ ਸ੍ਰੀ ਹਰਗੋਬਿੰਦਪੁਰ ਜਿਲ੍ਹਾ ਗੁਰਦਾਸਪੁਰ | ... | 14-7-82 |
| 67. ਕਾਂ: ਪਰਦੁਮਨ ਸਿੰਘ 3165 ਪੁੱਤਰ ਇੰਦਰ ਸਿੰਘ 136/ਅੰਮ੍ਰਿਤਸਰ ਜਾਤ ਜੱਟ ਪਿੰਡ ਗੁਜਰਪੁਰਾ ਥਾਨਾ ਅਜਨਾਲਾ ਜਿਲ੍ਹਾ ਅੰਮ੍ਰਿਤਸਰ | ... | 14-7-82 |
| 68. ਕਾਂ: ਰਵੀ ਦੱਤ 3166 ਪੁੱਤਰ ਬਰਹਮ ਦਾਸ ਜਾਤ ਬਰਾਹਮਣ ਪਿੰਡ ਚੌਕ ਪਰਾਗਦਾਸ ਥਾਨਾ ਬੀ. ਡਵੀਜ਼ਨ ਜ਼ਿਲ੍ਹਾ ਅੰਮ੍ਰਿਤਸਰ | ... | 14-7-82 |
| 69. ਕਾਂ: ਗੁਰਵਿੰਦਰ ਸਿੰਘ 3167 ਪੁੱਤਰ ਰਾਜਪਾਲ ਸਿੰਘ ਜਾਤ ਜੱਟ ਪਿੰਡ ਮੁਗਲਵਾਲਾ ਥਾਨਾ ਭਿਖੀਵਿੰਡ ਜਿਲ੍ਹਾ ਅੰਮ੍ਰਿਤਸਰ | ... | 14-7-82 |
| 70. ਕਾਂ: ਲੇਡੀ ਕੇ: ਰਮਾ ਰਾਣੀ 1300 ਵਿਧਵਾ ਰਤਨਜੀਤ ਸਿੰਘ ਜਾਤ ਖਤਰੀ ਮਕਾਨ ਨੰ: 3041/2 ਗਲੀ ਅਰਾਈਆਂ ਗੇਟ ਮਹਾ ਸਿੰਘ ਅੰਮ੍ਰਿਤਸਰ ਥਾਨਾ ਬੀ. ਡਵੀਜਨ ਅੰਮ੍ਰਿਤਸਰ | ... | 19-8-82 |
| 71. ਕਾਂ: ਹਰਦੇਵ ਸਿੰਘ 1380 ਪੁੱਤਰ ਸਵਰਨ ਸਿੰਘ ਜਾਤ ਜੱਟ ਪਿੰਡ ਬੋੜੇ ਵਾਲ ਕੰਗ ਥਾਨਾ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ | | 24-8-82 |
| 72. ਕਾਂ: ਮਹਿੰਦਰ ਸਿੰਘ 1247 ਪੁੱਤਰ ਵੀਰ ਸਿੰਘ ਜਾਤ ਮਜਬੀ ਪਿੰਡ ਨਜਾਮਪੁਰਾ ਥਾਨਾ ਜੰਡਿਆਲਾ ਜ਼ਿਲ੍ਹਾ ਅੰਮ੍ਰਿਤਸਰ | ... | 6-9-82 |
| 73. ਕਾਂ: ਤਰਸੇਮ ਸਿੰਘ 736 ਪੁੱਤਰ ਚੰਚਲ ਸਿੰਘ ਜਾਤ ਪਰਜਾਪਤ ਵਾਸੀ ਗੁਰੂ ਨਾਨਕ ਵਾੜਾ ਅੰਮ੍ਰਿਤਸਰ ਥਾਨਾ ਸਦਰ ਅੰਮ੍ਰਿਤਸਰ | ... | 7-9-82 |
| 74. ਕਾਂ: ਬਲਵਿੰਦਰ ਸਿੰਘ 975 ਪੁੱਤਰ ਕੁੰਨਣ ਸਿੰਘ ਜਾਤ ਜੱਟ ਪਿੰਡ ਜਲਾਲਾਬਾਦ ਥਾਨਾ ਵੈਰੋਵਾਲ ਜਿਲ੍ਹਾ ਅੰਮ੍ਰਿਤਸਰ | ... | 7-9-82 |
| 75. ਕਾਂ: ਦਲਜੀਤ ਕੁਮਾਰ 1946 ਪੁੱਤਰ ਬਲਦੇਵ ਰਾਜ ਜਾਤ ਬਰਾਹਮਣ ਪਿੰਡ ਸਰਲੀ ਖੁਰਦ ਥਾਨਾ ਵੈਰੋਵਾਲ ਜ਼ਿਲ੍ਹਾ ਅੰਮ੍ਰਿਤਸਰ | ... | 14-9-82 |
| 76. ਕਾਂ: ਵਸਨ ਸਿੰਘ 839 ਪੁੱਤਰ ਦੀਦਾਰ ਸਿੰਘ ਜਾਤ ਜੱਟ ਪਿੰਡ ਮੁਗਲਾਨੀ ਥਾਨਾ ਵੈਰੋਵਾਲ ਜਿਲ੍ਹਾ ਅੰਮ੍ਰਿਤਸਰ | ... | 23-9-82 |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਨਾਮ ਨੰਬਰ ਅਤੇ ਪਤਾ | ਭਰਤੀ ਦੀ ਮਿਤੀ |
|---|---|
| 77. ਕੰ: ਚਰਨਜੀਤ ਸਿੰਘ 2986 ਪੁੱਤਰ ਬਨਾਰਸੀ ਦਾਸ ਜਾਤ ਬਰਾਹਮਣ ... ਪਿੰਡ ਮਾਨ ਖੇਰਾ ਥਾਨਾ ਸਰਦੂਲ ਗੜ੍ਹ ਜਿਲ੍ਹਾ ਬਠਿੰਡਾ | 24-9-82 |
| 78. ਕੰ: ਭੁਪਿੰਦਰ ਸਿੰਘ 1628 ਪੁੱਤਰ ਹੋਸ਼ਨਾਕ ਸਿੰਘ ਜਾਤ ਜੱਟ ਪਿੰਡ ... ਭੁਚਰ ਖੁਰਦ ਥਾਨਾ ਝਬਾਲ ਜਿਲ੍ਹਾ ਅੰਮ੍ਰਿਤਸਰ | 11-10-82 |

## Delivery Pipes of the Tubewells

**290. Shri Hari Mittar Hans :** Will the Chief Minister be pleased to state whether it is a fact that the Punjab State Electricity Board, Patiala has imposed a condition that delivery pipes of the tubewells cannot be more than two feet high above the ground ; if so, the reasons therefor ?

**ਸਰਦਾਰ ਦਰਬਾਰਾ ਸਿੰਘ** : ਹਾਂ ਜੀ। ਪੰਜਾਬ ਰਾਜ ਬਿਜਲੀ ਬੋਰਡ ਨੇ ਹੇਠਲੇ ਪੱਧਰ ਤੇ ਜਿਹੜਾ ਅਧਿਆਨ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਲਾਹ ਨਾਲ ਕੀਤਾ ਹੈ, ਉਸ ਤੋਂ ਜ਼ਾਹਿਰ ਹੁੰਦਾ ਹੈ ਕਿ ਡਲੀਵਰੀ ਪਾਈਪ ਦੀ ਉਚਾਈ ਜ਼ਮੀਨ ਤੋਂ ਵਧਾਈ ਜਾਣ ਤੇ ਪੰਪ ਸੈਟ ਦੀ ਨਿਪੁੰਨਤਾ ਘਟ ਜਾਂਦੀ ਹੈ। ਡਲੀਵਰੀ ਪਾਈਪ ਦੀ ਵਾਧੂ ਉਚਾਈ, ਬਿਜਲੀ ਦੀ ਖਪਤ ਵਿਚ ਵਾਧਾ ਕਰਨ ਦੇ ਨਾਲ ਨਾਲ ਪਾਣੀ ਦੇ ਡਿਸਚਾਰਜ ਨੂੰ ਵੀ ਘਟਾਉਂਦੀ ਹੈ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਡਲੀਵਰੀ ਪਾਈਪ ਦੀ ਉਚਾਈ 2 ਫੁੱਟ ਤੱਕ ਹੀ ਰੱਖੀ ਗਈ ਹੈ।

## Admission of Failed Students in the Government Colleges

**291. Shri Hari Mitter Hans :** Will the Minister for Education be pleased to state whether it is a fact that failed students are not admitted to the Government Colleges in the State from which they had appeared in the examinations, if so, the reasons therefor ?

**ਸਰਦਾਰ ਹਰਚਰਨ ਸਿੰਘ ਅਜਨਾਲਾ** : ਸਰਕਾਰ ਵਲੋਂ ਪ੍ਰਵਾਨ ਕੀਤੀ ਪਾਲਿਸੀ ਅਨੁਸਾਰ ਆਪਣੇ ਹੀ ਕਾਲਜ ਦੇ ਫੇਲ੍ਹ ਹੋਏ ਵਿਦਿਆਰਥੀਆਂ ਨੂੰ ਦਾਖਲਾ ਉਸੇ ਕਾਲਜ ਵਿਚ ਦਿਤਾ ਜਾਂਦਾ ਹੈ ਪ੍ਰੰਤੂ ਇਕੋ ਕਲਾਸ ਵਿਚ ਦੋ ਵਾਰ ਤੋਂ ਵਧ ਫੇਲ੍ਹ ਹੋਏ ਵਿਦਿਆਰਥੀਆਂ ਨੂੰ ਤਦ ਹੀ ਦਾਖਲਾ ਦਿਤਾ ਜਾਵੇਗਾ ਜੇਕਰ ਨਿਯਮਾਂ ਅਨੁਸਾਰ ਦਾਖਲਾ ਕਰਨ ਉਪਰੰਤ ਪ੍ਰਿੰਸੀਪਲ ਪਾਸ ਕੋਈ ਸੀਟਾਂ ਬਕਾਇਆ ਹੋਣ। ਪ੍ਰਿੰਸੀਪਲ ਨੂੰ ਪੂਰਾ ਅਧਿਕਾਰ ਹੈ ਕਿ ਜਿਸ ਨੂੰ ਉਹ ਦਾਖਲੇ ਦੇ ਯੋਗ ਨਾਂ ਸਮਝੇ ਉਸ ਨੂੰ ਦਾਖਲੇ ਤੋਂ ਇਨਕਾਰ ਕਰ ਸਕਦਾ ਹੈ।

## PANEL OF CHAIRMEN

**Mr. Speaker :** Under Rule 13(1) of the Rules of Procedure and Conduct of Business in the Punjab Vidhan Sabha (Punjab Legislative

Original with;
Punjab Vidhan Sabha
Digitized by;
Panjab Digital Library

Assembly), I nominate the following Members to serve on the Panel of Chairmen :—

1. Sardar Dilbagh Singh.
2. Shri Sewa Ram.
3. Shri Joginder Nath.
4. Master Babu Singh.

---

## ANNOUNCEMENT BY THE SECRETARY

**ਸਕੱਤਰ :** ਮੈਂ ਉਨ੍ਹਾਂ ਬਿਲਾਂ ਦਾ ਵਿਵਰਣ ਮੇਜ਼ ਤੇ ਰੱਖਦਾ ਹਾਂ ਜੋ ਪੰਜਾਬ ਵਿਧਾਨ ਸਭਾ ਦੁਆਰਾ ਇਸਦੇ ਛੇਵੇਂ (ਬਜਟ) ਸਮਾਗਮ ਦੌਰਾਨ ਪਾਸ ਕੀਤੇ ਗਏ ਹਨ ਅਤੇ ਜਿਨ੍ਹਾਂ ਨੂੰ ਰਾਜਪਾਲ ਜੀ ਨੇ ਸਹਿਮਤੀ ਦੇ ਦਿੱਤੀ ਹੈ।

**ਪੰਜਾਬ ਵਿਧਾਨ ਸਭਾ ਦੁਆਰਾ ਇਸਦੇ ਛੇਵੇਂ (ਬਜਟ) ਸਮਾਗਮ ਦੇ ਦੌਰਾਨ ਪਾਸ ਕੀਤੇ ਗਏ ਬਿਲ, ਜਿਨ੍ਹਾਂ ਤੇ ਰਾਜਪਾਲ ਦੁਆਰਾ ਸਹਿਮਤੀ ਦੇ ਦਿਤੀ ਗਈ ਹੈ, ਦਰਸਾਂਉਦਾ ਵਿਵਰਣ।**

---

1. ਪੰਜਾਬ ਅਨੁਸੂਚਿਤ ਜਾਤੀਆਂ, ਜ਼ਮੀਨ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਸੋਧਨਾ) ਬਿਲ, 1983।
2. ਉੱਤਰੀ ਭਾਰਤ ਬੇੜੀਆਂ (ਪੰਜਾਬ ਸੋਧਨਾ) ਬਿਲ, 1983।
3. ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲਾ ਪਰਸ਼ਿਦਾਂ (ਆਰਜ਼ੀ ਅਧਿਲੰਘਣ) ਸੋਧਨਾ ਬਿਲ, 1983।
4. ਪੰਜਾਬ ਯੂਨੀਵਰਸਿਟੀ (ਸੋਧਨਾ) ਬਿਲ, 1983।
5. ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 1983।
6. ਪੰਜਾਬ ਸਾਬਕਾ ਫੌਜੀਆਂ ਲਈ ਕਾਰਪੋਰੇਸ਼ਨ (ਸੋਧਨਾ) ਬਿਲ, 1983।
7. ਪੰਜਾਬ ਸੰਬੱਧ ਕਾਲਜ (ਸੇਵਾ ਦੀ ਸੁਰੱਖਿਆ) ਸੋਧਨਾ ਬਿਲ, 1983।
8. ਪੰਜਾਬ ਨਮਿੱਤਣ ਬਿਲ, 1983।
9. ਪੂਰਬੀ ਪੰਜਾਬ ਜੰਗੀ ਜਗੀਰਾਂ (ਸੋਧਨਾ) ਬਿਲ, 1983।
10. ਪੰਜਾਬ ਵਿਧਾਨ ਸਭਾ (ਮੈਂਬਰਾਂ ਦੇ ਭੱਤੇ) ਸੋਧਨਾ ਬਿਲ, 1983।
11. ਪੰਜਾਬ ਨਮਿੱਤਣ (ਨੰ: 2) ਬਿਲ, 1983।

I have to inform the House that in pursuance of Rule 203 of the Rules of Procedure and Conduct of Business in the Punjab Vidhan Sabha (Punjab Legislative Assembly) and direction dated the 2nd April, 1968, issued by the Speaker, the following Reports of the various Committees—

(i) 31st Report of the Committee on Public Undertakings (1982-83) ;

Original with;
Punjab Vidhan Sabha
Digitized by;
Panjab Digital Library

[ਸਕੱਤਰ]

(ii) Report of the Committee on Estimates for the year 1982-83 on the Budget Estimates of the Health and Family Welfare Department ;

(iii) 59th, 60th, 61st, 62nd, 63rd, 64th, 65th, 66th and 67th Reports of the Committee on Public Accounts (1982-83) ;

were presented to the Speaker by the Chairmen of the respective Committees as the same could not be presented to the House before the expiry of the term of the Committee for the year 1982-83 because the House was not in Session.

In pursuance of the aforesaid Rule and direction dated the 2nd April, 1968, the Speaker had ordered the printing, publication and circulation of the abovesaid Reports.

I lay a copy of each of these Reports on the Table of the House.

**ਸ੍ਰੀ ਸਪੀਕਰ :** ਹੁਣ ਸ੍ਰੀ ਸੁਰਿੰਦਰ ਕਪੂਰ ਜੀ ਕਾਲ ਅਟੈਨਸ਼ਨ ਮੋਸ਼ਨ ਪੜ੍ਹਨ ।

(ਵਿਘਨ) (ਇਸ ਸਮੇਂ ਕਈ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

**ਕਾਮਰੇਡ ਰਾਜ ਕੁਮਾਰ :** ** ** **

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਕਾਮਰੇਡ ਰਾਜ ਕੁਮਾਰ :** ਪ੍ਰਧਾਨ ਮੰਤਰੀ ਨਾਲ ਉਥੇ ਇਹ ਗੱਲ ਬਾਤ ਨਹੀਂ ਹੋ ਸਕੀ। ਚਾਹੀਦਾ ਤਾਂ ਇਹ ਹੈ ਕਿ ਇਕ ਮੀਟਿੰਗ ਹੋਵੇ ਜਿਸਦੇ ਵਿੱਚ ਕਾਂਗਰਸ ਪਾਰਟੀ, ਅਕਾਲੀ ਪਾਰਟੀ ਅਤੇ ਦੂਜੀਆਂ ਪਾਰਟੀਆਂ ਵੀ ਹੋਣ। ਜੇ ਇਹ ਮੀਟਿੰਗ ਨਹੀਂ ਹੋਵੇਗੀ ਤਾਂ ਹੁਣ ਤੋਂ ਲੈ ਕੇ ਜਦੋਂ ਤੱਕ ਇਹ ਹਾਊਸ ਨਹੀਂ ਉਠਦਾ We will resort to strike and sit in this house. We will not go from this House.

**ਵਿੱਤ ਮੰਤਰੀ :** ਸਪੀਕਰ ਸਾਹਿਬ, ਤੁਸੀਂ ਜ਼ੀਰੋ ਆਵਰ ਨਾ ਹੋਣ ਦੇ ਬਾਵਜੂਦ ਵੀ ਰਾਜਕੁਮਾਰ ਹੋਰਾਂ ਨੂੰ ਬੋਲਣ ਦੀ ਇਜਾਜ਼ਤ ਦਿੱਤੀ ਹੈ ਅਤੇ ਜਿਸ ਪੁਆਇੰਟ ਵੱਲ ਉਨ੍ਹਾਂ ਨੇ ਧਿਆਨ ਦਿਵਾਇਆ ਹੈ, ਉਸ ਬਾਰੇ ਤੁਸੀਂ ਬਿਜ਼ਨੈਸ ਅਡਵਾਇਜ਼ਰੀ ਕਮੇਟੀ ਦੇ ਵਿੱਚ ਫੈਸਲਾ ਕੀਤਾ ਸੀ ਕਿ ਕੋਈ ਐਗਰੀਡ ਰੇਜ਼ੋਲਿਊਸ਼ਨ ਲਿਆ ਕੇ ਡਿਸਕਸ ਕਰ ਲਵਾਂਗੇ। ਮੈਂ ਸਮਝਦਾ ਹਾਂ ਕਿ ਰਾਜਕੁਮਾਰ ਹੋਰਾਂ ਨੂੰ ਕਿਸੇ ਕਿਸਮ ਦੀ ਧਰੇਟ ਦੇ ਕੇ ਹੁਣ ਗੱਲ ਨਹੀਂ ਕਰਨੀ ਚਾਹੀਦੀ। ਅਸੀਂ ਬੜੀ ਸੀਰੀਅਸਲੀ ਪੰਜਾਬ ਦੀ ਪਰਾਬਲਮ ਨੂੰ ਹੱਲ ਕਰਨ ਵਾਸਤੇ ਤਿਆਰ ਹਾਂ। ਇਸ ਲਈ ਉਨ੍ਹਾਂ ਨੂੰ ਇਹ ਥਰੇਟ ਦੇ ਲਫ਼ਜ਼ ਇਸਤੇਮਾਲ ਨਹੀਂ ਕਰਨੇ ਚਾਹੀਦੇ ਸਨ ।

**ਮਾਸਟਰ ਚੰਦ ਸਿੰਘ :** ** ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। Please sit down.

(ਇਸ ਵੇਲੇ ਸੀ. ਪੀ. ਆਈ. ਅਤੇ ਸੀ. ਪੀ. ਆਈ. (ਐਮ) ਦੇ ਮੈਂਬਰ ਸਾਹਿਬਾਨ ਕਾਫੀ ਰੌਲਾ ਪਾ ਰਹੇ ਸਨ ** ** )

**ਸ੍ਰੀ ਸਪੀਕਰ** : ਇਹ ਜੋ ਕੁਝ ਬੋਲਿਆ ਜਾ ਰਿਹਾ ਹੈ ਇਹ ਰਿਕਾਰਡ ਨਾ ਕੀਤਾ ਜਾਵੇ।

**ਮੁੱਖ ਮੰਤਰੀ** : ** ** **

**Comrade Raj Kumar** : ** ** **

**Chief Minister** : ** ** **

**Comrade Raj Kumar** : ** ** **

**ਮੁੱਖ ਮੰਤਰੀ** : ** ** **

(ਇਸ ਵੇਲੇ ਮਾਨਯੋਗ ਮੈਂਬਰ ਕਾਮਰੇਡ ਰਾਜ ਕੁਮਾਰ ਜੀ ਨੇ ਬਗੈਰ ਇਜਾਜ਼ਤ ਤੋਂ ਬੋਲਣਾ ਸ਼ੁਰੂ ਕਰ ਦਿੱਤਾ। ** ** ** **)

**ਸ੍ਰੀ ਸਪੀਕਰ** : ਰਾਜ ਕੁਮਾਰ ਜੀ, ਪਲੀਜ਼ ਸਿੱਟ ਡਾਊਨ। (ਵਿਘਨ) No point of order. Nothing to be recorded. Please sit down. ਮੈਨੂੰ ਬੜਾ ਅਫਸੋਸ ਹੈ ਕਿ ਮੇਰੇ ਕਹਿਣ ਦੇ ਬਾਵਜੂਦ ਵੀ ਚੰਦ ਜੀ ਤੁਸੀ ਬੈਠ ਨਹੀਂ ਰਹੇ।

(ਇਸ ਵੇਲੇ ਫਿਰ ਸੀ. ਪੀ. ਆਈ. ਦੇ ਹਾਜ਼ਰ ਮੈਂਬਰ ਬਗੈਰ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਬਹੁਤ ਰੌਲਾ ਪਾ ਰਹੇ ਸਨ। ** ** **)

**Mr. Speaker** : Nothing to be recorded. Please sit down.

**ਮਾਸਟਰ ਚੰਦ ਸਿੰਘ** : ** ** **

**Mr. Speaker** : Nothing to be recorded.

**ਵਿੱਤ ਮੰਤਰੀ** : ** ** **

**ਮਾਲ ਮੰਤਰੀ** : ** ** **

**ਰਾਜ ਮੰਤਰੀ, ਪੁਨਰਵਾਸ ਅਤੇ ਜਨ ਸਿਹਤ** : ** ** **

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ** ** **

**Mr. Speaker** : I don't allow. Nothing to be recorded.

**ਸਰਦਾਰ ਬੀਰਦਵਿੰਦਰ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ।

**ਵਿੱਤ ਮੰਤਰੀ** : ਇਸ ਨੂੰ ਹੁਣ ਕਲੋਜ਼ ਕਰੋ ਅਤੇ ਨੈਕਸਟ ਬਿਜ਼ਨੈਸ ਸ਼ੁਰੂ ਕਰੋ ਜੀ।

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਸੀ. ਪੀ. ਆਈ. (ਐਮ) ਦੇ ਕੁਝ ਮਾਨਯੋਗ ਮੈਂਬਰ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਹੋਣ ਕਾਰਨ ਕੁਝ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

**Mr Speaker** : Please sit down. ਅਫਸੋਸ ਦੀ ਗੱਲ ਹੈ ਕਿ ਬਗੈਰ ਮੇਰੀ ਇਜਾਜ਼ਤ ਦੇ ਇਹ ਇਸ ਤਰ੍ਹਾਂ ਕਰੀ ਜਾਂਦੇ ਹਨ। ਮੈਂ ਪੁਆਇੰਟ ਆਫ ਆਰਡਰ ਬਾਰੇ ਕਹਿ ਦਿਤਾ ਹੈ ਕਿ ਜੋ ਪੁਆਇੰਟ ਆਫ ਆਰਡਰ। ਸੀ. ਐਮ. ਨੇ ਸਟੇਟਮੈਂਟ ਦੇ ਦਿਤੀ ਹੈ, ਉਸ ਦੇ ਬਾਅਦ ਜੇ ਕੋਈ ਖਾਸ ਗਲ ਹੈ ਤਾਂ ਮੇਰੇ ਨਾਲ ਆਕੇ ਚੈਂਬਰ ਵਿਚ ਗੱਲ ਕਰ ਲੈਣੀ।

(ਸੀ. ਪੀ. ਆਈ. (ਐਮ) ਦੇ ਕੁਝ ਮਾਨਯੋਗ ਮੈਂਬਰ ਹਾਲਾਂ ਵੀ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਹੋਣ ਕਾਰਨ ਕੁਝ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

**Mr Speaker**: Please sit down.
**ਵਿੱਤ ਮੰਤਰੀ**: ਸਪੀਕਰ ਸਾਹਿਬ, ਤੁਸੀਂ ਕਾਲ ਅਟੈਨਸ਼ਨ ਮੋਸ਼ਨਜ਼ ਲਵੋ ਜੀ।

**ਸਰਦਾਰ ਬੀਰਦਵਿੰਦਰ ਸਿੰਘ** : ਪੁਆਇੰਟ ਆਫ ਆਰਡਰ, ਸਰ।

**Mr. Speaker**: Please sit down.
**ਸਰਦਾਰ ਬੀਰਦਵਿੰਦਰ ਸਿੰਘ** : ਮੈਂ ਜ਼ਰੂਰੀ ਗਲ ਕਰਨੀ ਹੈ।

(ਸੀ. ਪੀ. ਆਈ. (ਐਮ) ਦੇ ਕੁਝ ਮਾਨਯੋਗ ਮੈਂਬਰ ਹਾਲਾਂ ਵੀ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਹੋਣ ਕਾਰਨ ਕੁਝ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

**Mr. Speaker**: Please sit nown. (ਵਿਘਨ) ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਤੁਸੀਂ ਇਹ ਮਾਮਲਾ ਰੇਜ਼ ਕੀਤਾ ਸੀ। ਤੁਸੀਂ ਆਪਣੇ ਸੈਂਟੀਮੈਂਟਸ ਦਾ ਇਜ਼ਹਾਰ ਕੀਤਾ ਸੀ। ਉਥ ਮੀਟਿੰਗ ਵਿਚ ਐਫ. ਐਮ. ਅਤੇ ਪਾਂਡੇ ਜੀ ਸਨ। ਤੁਸੀਂ ਉਥੇ ਸਹਿਮਤੀ ਪ੍ਰਗਟ ਕੀਤੀ ਸੀ ਅਤੇ ਤੁਹਾਡੀ ਸੁਜੈਸ਼ਨ ਦੇ ਅਨੁਸਾਰ ਵੀਰਵਾਰ ਦਾ ਜਿਹੜਾ ਨਾਨ-ਆਫੀਸ਼ਲ ਡੇ ਹੈ, ਉਸ ਨੂੰ ਆਫੀਸ਼ਲ ਡੇ ਵਿਚ ਕਨਵਰਟ ਕੀਤਾ ਜਾਵੇ। ਇਹ ਗਲ ਜ਼ੇਰੇ ਗੌਰ ਹੈ ਇਸ ਲਈ ਹੁਣ ਇਸ ਮਾਮਲੇ ਨੂੰ ਖਤਮ ਕੀਤਾ ਜਾਵੇ।

**Comrade Raj Kumar**: What is this matter?

ਵਿੱਤ ਮੰਤਰੀ: ਸਪੀਕਰ ਸਾਹਿਬ, ਹੁਣ ਕਾਲ ਅਟੈਨਸ਼ਨ ਮੋਸ਼ਨਜ਼ ਲਈਆਂ ਜਾਣ।

## WALK-OUT

**ਮਾਸਟਰ ਚੰਦ ਸਿੰਘ** : ਅਸੀਂ ਐਜ਼ ਏ ਪਰੋਟੈਸਟ ਵਾਕ-ਆਊਟ ਕਰਦੇ ਹਾਂ।

(ਇਸ ਸਮੇਂ ਸੀ. ਪੀ. ਆਈ. (ਐਮ) ਦੇ ਸਦਨ ਵਿਚ ਸਾਰੇ ਹਾਜ਼ਰ ਮਾਨਯੋਗ ਮੈਂਬਰ ਵਾਕ-ਆਊਟ ਕਰ ਗਏ।)

**ਸ੍ਰੀ ਸੁਪੀਕਰ** : ਕਾਲ ਅਟੈਨਸ਼ਨ ਮੋਸ਼ਨਜ਼। ਕਪੂਰ ਸਾਹਿਬ, ਤੁਸੀਂ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ।

Original with;
Punjab Vidhan Sabha
Digitized by;
Panjab Digital Library

**Sardar Birdevinder Singh :** Sir, you call on a supplementary and things have been recorded.

**Mr. Speaker :** I have called upon Shri Surinder Kapur.

**Sardar Birdevinder Singh :** I am speaking as a Chief Whip. This is my right to speak on behalf of the Legislature Party. Why don't you concede my point of order ? So, my point of order is that the issue raised by Shri Chand Singh Chopra, C.P.I.(M) has been disallowed and declared as 'No Point of Order'. I would request that nothing should be recorded whatever has been said by the Members of the C.P.I.(M) when it is declared as 'No Point of Order'. It has no relevance as it does not concern Sardar Darbara Singh at all. Hence debate which has taken place from all sides should be expunged and nothing should go on record. This is my submission.

**Mr. Speaker :** Nothing has been recorded.

**ਸ਼੍ਰੀ ਸੇਵਾ ਰਾਮ :** ਜੋ ਕਾਮਰੇਡ ਰਾਜ ਕੁਮਾਰ ਨੇ ਕਿਹਾ ਹੈ ਉਹ ਵੀ ਐਕਸਪੰਜ ਹੋਣਾ ਚਾਹੀਦਾ ਹੈ ।

---

## CALL ATTENTION NOTICES UNDER RULE 66

### (Serial No. 2)

**Shri Surinder Kapur :** Sir, I beg to draw the attention of the Government towards a matter of urgent public importance, namely, deteriorating sewerage conditions in Bhatinda City. Due to lack of proper arrangements for the disposal of sewer, sullage water forms puddles and ponds in the streets and bazars through overflowing gutters. People find it difficult to step out of their houses. Even drinking water being supplied through pipes has become muddy due to bursting of pipes. This can cause an epidemic. There have been accidents due to open gutters. Some deaths have occurred due to cholera. Property worth lakhs of rupees has also been destroyed. The Government should be asked to make a statement in the House with regard to bringing about improvement in the sewerage and sanitary conditions.

**Local Government Minister (Shri Sardari Lal Kapur) :** Sir, like most of the towns in Punjab, Bhatinda too does not have storm water sewer system nor is there any natural drain nearby. During rainy-season rain water, therefore, does accumulate in low lying areas.

With the rise of sub-soil water level, the existing structure at Disposal station has come under water. A new Pump Chamber has been constructed and one Pump already installed. The remaining pumps are being shifted to the new Chamber site. However, to provide immediate relief, portable pumps have also been installed wherever there is over-flow in the sewers.

Turbidity in drinking water occurred because new water lines had been installed which were flushed. Notice of flushing was duly given on 12th August, 1983.

No case of any person falling in the open-gutter or death due to cholera or any loss to property has been reported.

Original with;
Punjab Vidhan Sabha
Digitized by;
Panjab Digital Library

**ਸ੍ਰੀ ਸੁਰਿੰਦਰ ਕਪੂਰ:** ਮੈਨੂੰ ਬੜਾ ਅਫਸੋਸ ਹੈ ਕਿ ਪਤਾ ਨਹੀਂ ਇਨ੍ਹਾਂ ਨੂੰ ਕਿਸ ਤਰੀਕੇ ਨਾਲ ਰਿਪੋਰਟ ਦਿਤੀ ਗਈ ਹੈ। ਜੇਕਰ ਵਜ਼ੀਰ ਸਾਹਿਬ ਇਸ ਗਲ ਦਾ ਵਿਸ਼ਵਾਸ਼ ਦਿਵਾਉਣ ਕਿ ਇਥੋਂ ਕਮੇਟੀ ਡਿਪਿਊਟ ਕਰਕੇ ਬਠਿੰਡੇ ਭੇਜਣਗੇ ਅਤੇ ਬਠਿੰਡੇ ਦੇ ਲੋਕਾਂ ਨੂੰ ਬੁਲਾ ਕੇ ਪੁੱਛਿਆ ਜਾਵੇ ਕਿ ਸੀਵਰੇਜ ਦੀ ਕੀ ਹਾਲਤ ਹੈ ਤਾਂ ਫਿਰ ਠੀਕ ਹੈ। ਬਠਿੰਡਾ ਸ਼ਹਿਰ ਦੇ ਅੰਦਰ ਸੀਵਰੇਜ ਪੈਣ ਤੋਂ ਪਹਿਲਾਂ ਕੋਈ ਖਰਾਬੀ ਨਹੀਂ ਸੀ। ਸੀਵਰੇਜ ਪੈਣ ਤੋਂ ਬਾਦ 3 ਕਰੋੜ 86 ਲੱਖ ਰੁਪਏ ਤੋਂ ਉਪਰ ਲਗ ਚੁੱਕਾ ਹੈ। ਮੈਂ ਦੋ ਤਿੰਨ ਸਾਲ ਤੋਂ ਹਰ ਸੈਸ਼ਨ ਵਿਚ ਇਹ ਮਾਮਲਾ ਉਠਾਉਂਦਾ ਰਿਹਾ ਹਾਂ ਅਤੇ ਕਹਿੰਦਾ ਰਿਹਾ ਹਾਂ ਕਿ ਉਥੇ ਦੇ ਸੀਵਰੇਜ ਸਿਸਟਮ ਵਲ ਅਫਸਰ ਸਾਹਿਬਾਨ ਅਤੇ ਸਰਕਾਰ ਧਿਆਨ ਦੇਵੇ ਲੇਕਿਨ ਉਥੇ ਧਿਆਨ ਨਹੀਂ ਦਿੱਤਾ ਗਿਆ। ਇਸ ਦੇ ਨਤੀਜੇ ਵਜੋਂ ਅਜ ਇਹ ਹਾਲ ਹੋ ਗਿਆ ਹੈ ਪਰ ਇਥੇ ਕਿਹਾ ਗਿਆ ਹੈ ਕਿ ਲੋ ਲਾਇੰਗ ਏਰੀਏ ਵਿੱਚ ਬਰਸਾਤ ਹੋਣ ਦੇ ਕਾਰਨ ਪਾਣੀ ਖੜਾ ਰਹਿੰਦਾ ਹੈ। ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਨਿੱਜੀ ਤੌਰ ਤੇ ਬਠਿੰਡੇ ਜਾ ਕੇ ਦੇਖਣ ਤਾਂ ਉਨਾਂ ਨੂੰ ਪਤਾ ਲਗੇਗਾ ਕਿ ਉਥੇ ਸ਼ਹਿਰ ਵਿਚ ਕੋਈ ਗਲੀ ਨਹੀਂ, ਕੋਈ ਬਜ਼ਾਰ ਨਹੀਂ ਜਿਥੇ ਸੀਵਰੇਜ ਦਾ ਪਾਣੀ ਫਿਰਦਾ ਨਾ ਹੋਵੇ। ਸਰਦਾਰ ਬੇਅੰਤ ਸਿੰਘ ਜੀ 15 ਅਗਸਤ ਨੂੰ ਉਥੇ ਗਏ ਸਨ। ਜਿਸ ਵੇਲੇ ਦੇਸ਼ ਦੀ ਆਜ਼ਾਦੀ ਦੀਆਂ ਬੋਲੀਆਂ ਉਸ 15 ਅਗਸਤ ਦੇ ਮੌਕੇ ਤੇ ਬੋਲੀਆਂ ਗਈਆਂ ਸਨ ਤਾਂ ਸਰਦਾਰ ਬੇਅੰਤ ਸਿੰਘ ਜੀ ਨੂੰ ਯਾਦ ਹੋਵੇਗਾ ਕਿ ਉਥੇ ਸੀਵਰੇਜ ਦੇ ਬਾਰੇ ਵੀ ਬੱਚਿਆਂ ਵਲੋਂ ਬੋਲੀਆਂ ਪਾਈਆਂ ਗਈਆਂ ਸਨ ਅਤੇ ਉਨ੍ਹਾਂ ਬੱਚਿਆਂ ਨੇ ਕਿਹਾ ਸੀ ਕਿ ਅਸੀਂ ਸਕੂਲ ਜਾਣ ਤੋਂ ਅਸਮਰਥ ਹੋ ਗਏ ਹਾਂ। ਸਿਵਲ ਸਰਜਨ ਦੀ ਰਿਪੋਰਟ ਮੰਗਵਾ ਕੇ ਦੇਖ ਲਓ ਉਥੇ ਕਾਲਰਾ ਹੋਣ ਕਰਕੇ ਡੈਥਸ ਵੀ ਹੋਈਆਂ ਹਨ। ਪਾਣੀ ਦੇ ਸੈਂਪਲ ਭਰੇ ਗਏ ਔਰ ਹੋਰ ਸਾਰਾ ਕੁਝ ਹੋਇਆ ਲੇਕਿਨ ਅਫਸੋਸ ਹੈ ਕਿ ਹਾਊਸ ਦੇ ਵਿੱਚ ਇਹ ਸਟੇਟਮੈਂਟ ਦੇ ਕੇ ਹਾਊਸ ਨੂੰ ਗੁਮਰਾਹ ਕੀਤਾ ਗਿਆ ਹੈ। ਜਿਸ ਅਫਸਰ ਨੇ ਵੀ ਇਹ ਸਟੇਟਮੈਂਟ ਬਣਾ ਕੇ ਦਿਤੀ ਹੈ ਉਸ ਨੇ ਹਾਊਸ ਨੂੰ ਗੁਮਰਾਹ ਕੀਤਾ ਹੈ। ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਨੂੰ ਸੀਰੀਅਸਲੀ ਸੋਚਿਆ ਜਾਵੇ ਅਤੇ ਬਠਿੰਡੇ ਦੇ ਲੋਕਾਂ ਦੀ ਪ੍ਰਾਪਰਟੀ ਨੂੰ, ਬਠਿੰਡੇ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖ ਕੇ ਇਨਕੁਆਇਰੀ ਕਰਵਾਈ ਜਾਵੇ ਔਰ ਜਿਹੜੇ ਅਫਸਰਾਂ ਨੇ ਲੱਖਾਂ ਰੁਪਏ ਖਾ ਲਏ ਹਨ ਉਸ ਦੀ ਇਨਕੁਆਇਰੀ ਕਰਵਾਈ ਜਾਵੇ ਔਰ ਉਨ੍ਹਾਂ ਨੂੰ ਸਜ਼ਾ ਦਿਤੀ ਜਾਵੇ ਅਤੇ ਇਸ ਮਸਲੇ ਨੂੰ ਹੱਲ ਕਰਨ ਦਾ ਉਪਰਾਲਾ ਕੀਤਾ ਜਾਵੇ, ਸੀਵਰੇਜ ਸਿਸਟਮ ਨੂੰ ਠੀਕ ਕੀਤਾ ਜਾਵੇ। ਕੀ ਮਨਿਸਟਰ ਸਾਹਿਬ ਇਸ ਗਲ ਦਾ ਹਾਊਸ ਵਿਚ ਵਿਸ਼ਵਾਸ ਦਿਵਾਉਣਗੇ ?

**ਸਥਾਨਕ ਸਰਕਾਰ ਮੰਤਰੀ:** ਸਪੀਕਰ ਸਾਹਿਬ, ਮੇਰੇ ਮੋਹਤਰਮ ਦੋਸਤ ਨੇ ਜਿਹੜੀ ਗਲ ਕਹੀ ਹੈ ਉਸ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਂ ਵੀ ਬਠਿੰਡੇ ਗਿਆ ਸੀ। ਇਹ ਠੀਕ ਹੈ ਕਿ ਉਥੇ ਤਕਲੀਫ ਹੈ, ਇਸ ਦੇ ਵਿਚ ਕੋਈ ਸ਼ਕ ਨਹੀਂ ਹੈ ਪਰ ਇਸ ਦਾ ਕਾਰਨ ਇਹ ਹੈ ਕਿ ਉਥੇ ਸਬ ਸਾਇਲ ਵਾਟਰ ਆਇਆ ਹੈ। ਇਹ ਇਕੱਲੇ ਉਸ ਸ਼ਹਿਰ ਦੀ ਹੀ ਗਲ ਨਹੀਂ ਨਜ਼ਦੀਕ ਦੇ ਏਰੀਏ ਵਿੱਚ ਵੀ ਇਹ ਪ੍ਰਾਬਲਮ ਹੈ। ਸਾਡੇ ਮਹਿਕਮੇ ਨੇ ਕਾਫੀ ਕੋਸ਼ਿਸ਼ ਕਰਕੇ ਅਤੇ ਉਥੇ ਸੀਵਰੇਜ ਬਣਾ ਕੇ ਮਿਉਂਸਪਲ ਕਮੇਟੀ ਦੇ ਸਪੁਰਦ ਕਰ ਦਿਤਾ। ਮਿਉਂਸਪਲ ਕਮੇਟੀ ਨੇ ਵੀ ਕੋਸ਼ਿਸ਼ ਕੀਤੀ, ਕਾਫੀ ਰੁਪਿਆ ਖਰਚਿਆ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜਾ ਕਿਹਾ ਹੈ ਕਿ ਕੋਈ ਕਮੇਟੀ ਮੁਕੱਰਰ ਕੀਤੀ ਜਾਵੇ, ਇਸ ਦਾ ਹੱਲ ਇਹ ਨਹੀਂ। ਇਸ ਸਿਲਸਿਲੇ ਵਿਚ ਟੈਕਨੀਕਲ ਆਦਮੀ ਜੋ ਹਨ ਉਨ੍ਹਾਂ ਨੂੰ ਭੇਜ ਕੇ ਚੰਗੀ ਤਰਾਂ ਪਤਾ ਕਰਕੇ ਹੱਲ ਕਰਨਾ ਪਵੇਗਾ। ਜੇ ਮੈਨੂੰ ਵੀ ਜਾਣ ਦੀ ਲੋੜ ਪਈ ਤਾਂ ਮੈਂ ਵੀ ਜਾਵਾਂਗਾ। ਇਹ ਮੈਂ ਮੰਨਦਾ ਹਾਂ ਕਿ ਉਥੇ ਤਕਲੀਫ ਹੈ ਪਰ ਇਸ ਦਾ ਹੱਲ ਇਹ ਨਹੀਂ ਹੈ ਜਿਸ ਤਰ੍ਹਾਂ ਇਨ੍ਹਾਂ ਨੇ ਫੁਰਮਾਇਆ ਹੈ। ਇਸ ਦੇ ਬਾਰੇ ਟੈਕਨੀਕਲ

Original with;
Punjab Vidhan Sabha
Digitized by;
Panjab Digital Library

ਤੌਰ ਤੇ ਦੇਖਣਾ ਪਵੇਗਾ। ਇਸ ਤੇ 3 ਕਰੋੜ ਰੁਪਏ ਦੇ ਕਰੀਬ ਲਗਣਾ ਹੈ ਤਾਂ ਇਹ ਠੀਕ ਹੋਣਾ ਹੈ। ਇਸ ਮਸਲੇ ਨੂੰ ਹੱਲ ਕਰਨ ਵਾਸਤੇ ਟੈਕਨੀਕਲ ਆਦਮੀਆਂ ਨੂੰ ਭੇਜ ਕੇ ਵੀ ਦੇਖਾਂਗੇ, ਜੋ ਵੀ ਹੋ ਸਕਿਆ ਕਰਾਂਗੇ ਅਤੇ ਜੇ ਲੋੜ ਪਈ ਤਾਂ ਮੈਂ ਆਪ ਵੀ ਜਾ ਕੇ ਦੇਖਾਂਗਾ। ਇਸ ਗਲ ਦਾ ਮੈਂ ਇਨ੍ਹਾਂ ਨੂੰ ਵਿਸ਼ਵਾਸ਼ ਦਿਵਾਉਂਦਾ ਹਾਂ।

**(Serial No. 3*)**

**Sardar Jagat Singh :** Sir, I beg to draw the attention of the Government towards a matter of urgent public importance, namely, recent encroachments on a very large area of Government land measuring about 14135 acres situated in village Siswan, tehsil Kharar, district Ropar. This land was purchased by the Punjab Government being inferier evacuee land from the Central Government.

The Government may please state the steps taken or being taken to remove the encroachment and to safeguard its interest.

**ਮਾਲ ਮੰਤਰੀ** (ਸਰਦਾਰ ਗੁਰਦਰਸ਼ਨ ਸਿੰਘ): ਸਪੀਕਰ ਸਾਹਿਬ, ਪੈਕੇਜ ਡੀਲ ਦੇ ਵਜੋਂ ਭਾਰਤ ਸਰਕਾਰ ਨੇ ਪੰਜਾਬ ਸਰਕਾਰ ਨੂੰ ਪਿੰਡ ਸੀਸਵਾਂ, ਤਹਿਸੀਲ ਖਰੜ, ਜ਼ਿਲਾ ਰੋਪੜ, ਵਿੱਚ 3059 ਏਕੜ 4 ਕਨਾਲ ਘਟੀਆ ਨਿਕਾਸੀ ਭੋਂ ਮੁੰਤਕਿਲ ਕੀਤੀ ਇਸ ਭੋਂ ਵਿਚੋਂ ਪੰਜਾਬ ਸਰਕਾਰ ਨੇ 2407 ਏਕੜ 4 ਕਨਾਲ ਭੋਂ ਮਹਿਕਮਾ ਜੰਗਲਾਤ ਨੂੰ ਦੇ ਦਿਤੀ ਅਤੇ 293 ਏਕੜ ਭੋਂ 20 ਜੁਲਾਈ, 1967 ਨੂੰ ਹਰੀਜਨਾਂ, ਸਾਬਕਾ ਫੌਜੀਆਂ ਤੇ ਪੱਛੜੀਆਂ ਸ਼ਰੇਣੀਆਂ ਨੂੰ, ਅਲਾਟ ਕੀਤੀ। ਬਕਾਇਆ 359 ਏਕੜ ਭੋਂ ਗੈਰ ਮੁਮਕਿਨ ਪਹਾੜ ਹੈ ਅਤੇ ਕਿਸੇ ਵਿਅਕਤੀ ਨੂੰ ਅਲਾਟ ਨਹੀਂ ਕੀਤੀ ਗਈ। ਮਾਲ ਅਧਿਕਾਰੀਆਂ ਦੀ ਰਿਪੋਰਟ ਅਨੁਸਾਰ ਇਹ 359 ਏਕੜ ਰਕਬਾ ਕਿਸੇ ਦੇ ਨਜਾਇਜ਼ ਕਬਜ਼ਾ ਹੇਠ ਨਹੀਂ ਹੈ।

ਇਸ ਕਾਰਨ ਸਰਕਾਰ ਦੀ ਸੀਸਵਾਂ ਵਿਚ 14135 ਏਕੜ ਮਲਕੀਤੀ ਭੋਂ ਨਹੀਂ ਹੈ ਅਤੇ ਮਾਲ ਵਿਭਾਗ ਦੀ ਮਲਕੀਤੀ ਜ਼ਮੀਨ ਤੇ ਨਜਾਇਜ਼ ਕਬਜ਼ੇ ਦੀ ਕੋਈ ਰਿਪੋਰਟ ਨਹੀਂ ਹੈ। ਇਸ ਲਈ ਨਜਾਇਜ਼ ਕਬਜ਼ੇ ਨੂੰ ਹਟਾਉਣ ਬਾਰੇ ਕਾਰਵਾਈ ਦੀ ਲੋੜ ਨਹੀਂ ਹੈ।

**ਸਰਦਾਰ ਜਗਤ ਸਿੰਘ:** ਸਪੀਕਰ ਸਾਹਿਬ, ਹਾਈ ਕੋਰਟ ਦਾ ਰਿਕਾਰਡ ਮੇਰੇ ਪਾਸ ਹੈ। ਇਹੀ ਨਹੀਂ ਫਰਵਰੀ, 1960 ਵਿੱਚ ਪੰਜਾਬ ਸਰਕਾਰ ਨੇ ਇਸ ਰਕਬੇ ਦੀ ਕੀਮਤ ਕੇਂਦਰ ਸਰਕਾਰ ਨੂੰ ਦੇ ਦਿਤੀ ਸੀ। ਇਸ ਦੇ ਅਨੁਸਾਰ ਇਸ ਸਾਰੀ ਜ਼ਮੀਨ ਦਾ ਇੰਤਕਾਲ ਪੰਜਾਬ ਸਰਕਾਰ ਦੇ ਨਾਮ ਹੋਣਾ ਸੀ ਪਰੰਤੂ ਸਾਡੇ ਨੋਟਿਸ ਵਿੱਚ ਅਜੇਹੀ ਉਦਾਹਰਣ ਆਈ ਹੈ ਜਿਸ ਦਾ ਹੁਣ ਤਕ ਕੋਈ ਇੰਤਕਾਲ ਪੰਜਾਬ ਸਰਕਾਰ ਦੇ ਨਾਮ ਨਹੀਂ ਹੋਇਆ ਹੈ। ਪਿੰਡ ਸੀਸਵਾਂ, ਤਹਿਸੀਲ ਖਰੜ ਵਿੱਚ ਕੁੱਲ ਰਕਬਾ ਨਿਕਾਸੀ ਜ਼ਮੀਨ ਦਾ 15881 ਵਿਘੇ ਜੋ ਤਕਰੀਬਨ 3600 ਏਕੜ ਬਣਦਾ ਹੈ ਮਿਤੀ 14 ਅਪਰੈਲ, 1960 ਨੂੰ 2 ਲੱਖ 34 ਹਜਾਰ ਰੁਪਏ ਵਿੱਚ ਖਰੀਦਿਆ। ਜਿਸ ਦਾ ਇੰਤਕਾਲ ਸੰਨ 1960 ਵਿੱਚ ਕਾਗਜ਼ਾਤ ਮਾਲ ਵਿੱਚ ਦਰਜ ਕੀਤਾ ਗਿਆ ਅਤੇ ਕਬਜ਼ਾ ਪੰਜਾਬ ਸਰਕਾਰ ਦੇ ਹਵਾਲੇ ਹੋਇਆ। ਇਸ ਤੋਂ ਉਪਰੰਤ ਤਕਰੀਬਨ 652 ਏਕੜ ਜ਼ਮੀਨ ਸਾਲ 1967 ਵਿੱਚ 10 ਸਾਲ ਪੱਟੇ ਤੇ ਹਰੀਜਨ ਕਾਸ਼ਤਕਾਰ ਅਤੇ ਐਕਸ ਸਰਵਿਸਮੈਨ ਨੂੰ ਅਲਾਟ ਕੀਤੀ ਗਈ ਸੀ। ਸੰਨ 1971 ਵਿੱਚ ਡਿਪਟੀ ਕਮਿਸ਼ਨਰ, ਰੋਪੜ ਨੇ ਇਸ ਜ਼ਮੀਨ ਦਾ ਇੰਤਕਾਲ ਗਰਾਮ ਪੰਚਾਇਤ ਸਿਸਵਾਂ ਦੇ ਨਾਮ ਮਨਜ਼ੂਰ ਕਰਨ ਦੇ ਆਦੇਸ਼ ਦਿੱਤੇ। ਇਹ ਸਾਰੀ ਕਾਰਵਾਈ ਇਕ ਦਿਨ ਦੇ ਵਿਚ ਹੋਈ। ਥੋੜ੍ਹੀ ਦੇਰ ਪਿਛੋਂ ਗਰਾਮ ਪੰਚਾਇਤ

---

Read in Punjabi*

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਤ ਸਿੰਘ]

ਸਿਸਵਾਂ ਦੇ ਸਰਪੰਚ ਨੇ ਪੰਜਾਬ ਹਾਈ ਕੋਰਟ ਵਿਚ ਸਾਲ 1972 ਵਿੱਚ ਇਕ ਰਿੱਟ ਰਾਹੀਂ ਸਾਰੀ ਜ਼ਮੀਨ ਦੀ ਉਪਜ ਤੇ ਹੋਰ ਆਮਦਨ ਦਾ ਹੱਕਦਾਰ ਦਾ ਦਾਅਵਾ ਕੀਤਾ।

**ਸ੍ਰੀ ਸਪੀਕਰ** :: ਸਰਦਾਰ ਜਗਤ ਸਿੰਘ ਜੀ, ਤੁਹਾਡਾ ਸਪਲੀਮੈਂਟਰੀ ਕੀ ਹੈ ?

**ਸਰਦਾਰ ਜਗਤ ਸਿੰਘ**: ਸਪੀਕਰ ਸਾਹਿਬ, ਮੈਂ ਇਸ ਗਲ ਦੀ ਅਸ਼ੋਰੈਂਸ ਲੈਣੀ ਹੈ ਕਿ ਕਦੋਂ ਤਕ ਇਹ ਜ਼ਮੀਨ ਹਰੀਜਨਾਂ ਨੂੰ, ਐਕਸ ਸਰਵਿਸਮੈਨ ਨੂੰ ਜਿਨ੍ਹਾਂ ਕੋਲ ਨਹੀਂ ਉਨਾਂ ਨੂੰ 5-5 ਏਕੜ ਜ਼ਮੀਨ ਦੇ ਹਿਸਾਬ ਨਾਲ ਦਿੱਤੀ ਜਾਵੇਗੀ। ਮੈਨੂੰ ਵਜ਼ੀਰ ਸਾਹਿਬ ਇਸ ਗਲ ਦੀ ਐਸ਼ੋਰੈਂਸ ਦੇਣ। ਜੇ ਕੋਈ ਰਿਕਾਰਡ ਮੇਰੇ ਕੋਲੋਂ ਲੈਣਾ ਚਾਹੁਣ ਤਾਂ ਲੈ ਸਕਦੇ ਹਨ। ਹਾਈ ਕੋਰਟ ਦਾ ਰਿਕਾਰਡ ਮੇਰੇ ਕੋਲ ਹੈ, ਡਿਪਟੀ ਕਮਿਸ਼ਨਰ ਦੇ ਆਦੇਸ਼ ਦੀ ਕਾਪੀ ਮੇਰੇ ਕੋਲ ਹੈ। ਇਥੇ ਹੀ ਨਹੀਂ ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਹੁਣ ਪ੍ਰਮਾਤਮਾ ਦੀ ਕਿਰਪਾ ਹੋਈ ਹੈ। ਇਸ ਵੇਲੇ ਉਹ ਜਿਹੜੀ ਜ਼ਮੀਨ ਹੈ ਉਸ ਤੇ ਕੋਈ 700 ਪਰੀਵਾਰ ਵੱਸ ਸਕਦੇ ਹਨ। ਉਹ ਜ਼ਮੀਨ ਹਰੀਜਨਾਂ ਨੂੰ, ਐਕਸ ਸਰਵਿਸ-ਮੈਨ ਨੂੰ ਅਤੇ ਫਰੀਡਮ ਫਾਈਟਰਜ਼ ਨੂੰ ਦਿਤੀ ਜਾਏ। ਇਸ ਦੇ ਬਾਰੇ ਮੈਂ ਸਬੰਧਤ ਵਜ਼ੀਰ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਤੋਂ ਅਸ਼ੋਰੈਂਸ ਚਾਹਾਂਗਾ।

**ਮਾਲ ਮੰਤਰੀ**: ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ, ਨੇ ਕਿਹਾ ਹੈ ਮੈਂ ਪਹਿਲਾਂ ਹੀ ਕਿਹਾ ਸੀ ਕਿ ਇਹ ਰਿਕਾਰਡ ਵਿਚ ਨਹੀਂ ਹੈ। ਜਿਹੜੀ ਜ਼ਮੀਨ ਹੈ ਉਸ ਵਿਚੋਂ ਅਸੀਂ 359 ਏਕੜ ਇਲਾਟ ਕਰ ਚੁੱਕੇ ਹਾਂ। 2407 ਏਕੜ ਜੋ ਜੰਗਲਾਤ ਨੂੰ ਦਿਤੀ ਹੈ ਅਗਰ ਇਹ ਉਸ ਨੂੰ ਨਾਜਾਇਜ਼ ਕਬਜ਼ਾ ਸਮਝਦੇ ਹਨ ਤਾਂ ਇਹ ਦੂਸਰੀ ਗੱਲ ਹੈ ਔਰ ਅਗਰ ਇਹ ਚਾਹੁੰਦੇ ਹਨ ਕਿ ਉਹ ਜੰਗਲਾਤ ਵਾਲੀ ਜ਼ਮੀਨ ਹਰੀਜਨਾਂ ਨੂੰ ਦਿਤੀ ਜਾਏ ਤਾਂ ਇਹ ਪਾਲਿਸੀ ਮੈਟਰ ਹੈ। ਵੈਸੇ ਸਾਡੀ ਸਰਕਾਰ ਕਿਸੇ ਦਾ ਵੀ ਨਾਜਾਇਜ਼ ਕਬਜ਼ਾ ਰਖਣ ਦੇ ਹੱਕ ਵਿਚ ਨਹੀਂ ਹੈ ਅਗਰ ਕਿਸੇ ਕੋਲ ਕੋਈ ਨਾਜਾਇਜ਼ ਕਬਜ਼ਾ ਹੈ ਤਾਂ ਉਹ ਜ਼ਰੂਰ ਤੁੜਵਾਵਾਂਗੇ।

(ਕ੍ਰਮ ਨੰ : 7)

**ਮਾਸਟਰ ਦਲੀਪ ਚੰਦ**: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ ਮੇਰੇ ਹਲਕੇ ਬਲਾਚੌਰ ਵਿਚ ਪਿੰਡ ਰੈਲ ਮਾਜਰਾ ਵਿਚ ਇਕ ਸਲਫਰ ਅਤੇ ਖਾਦ ਫੈਕਟਰੀ ਲੱਗੀ ਹੋਈ ਹੈ। ਇਸ ਫੈਕਟਰੀ ਦੇ ਧੂੰਏਂ ਨਾਲ ਇਸ ਦੇ ਸਾਹਮਣੇ ਦਰਖਤ ਅਤੇ ਖੇਤਾਂ ਦੀ ਫਸਲ ਅਤੇ ਬਹੁਤ ਪਸ਼ੂ ਮਰ ਗਏ ਹਨ। ਲੋਕਾਂ ਵਿਚ ਬਹੁਤ ਪਰੇਸ਼ਾਨੀ ਅਤੇ ਘਬਰਾਹਟ ਪਾਈ ਜਾਂਦੀ ਹੈ।

ਸਰਕਾਰ ਇਸ ਸਬੰਧੀ ਸਦਨ ਵਿਚ ਬਿਆਨ ਦੇਵੇ।

**ਸਰਦਾਰ ਦਰਸ਼ਨ ਸਿੰਘ ਕੇ. ਪੀ. (ਰਾਜ ਮੰਤਰੀ, ਪੁਨਰਵਾਸ, ਉਦਯੋਗ ਅਤੇ ਜਨ ਸਿਹਤ)**: ਪਿੰਡ ਰੈਲ ਮਾਜਰਾ, ਤਹਿਸੀਲ ਬਲਾਚੌਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪੰਜਾਬ ਸਲਫਰ ਪਰਾਡੱਕਟਸ ਲਿਮਿਟਿਡ ਦੀ ਇਕ ਫੈਕਟਰੀ ਲਗੀ ਹੈ। ਇਸ ਫੈਕਟਰੀ ਵਲੋਂ ਛੱਡੇ ਗਏ ਧੂੰਏਂ ਕਾਰਨ ਫਸਲਾਂ ਨੂੰ ਨੁਕਸਾਨ ਪਹਿਲੀ ਵਾਰੀ ਸਤੰਬਰ, 1982 ਵਿਚ ਧਿਆਨ ਵਿੱਚ ਆਇਆ। ਇਸ ਤੋਂ ਫੌਰਨ ਬਾਅਦ ਮੈਂ ਆਪ ਅਤੇ ਇਲਾਕੇ ਦੇ ਐਮ. ਐਲ. ਏ. ਅਤੇ ਜਲ ਦੂਸ਼ਨ ਰੋਕਥਾਮ ਬੋਰਡ ਅਧਿਕਾਰੀਆਂ ਨਾਲ ਫੈਕਟਰੀ ਦਾ ਅਤੇ ਇਲਾਕੇ ਦਾ ਦੌਰਾ ਕੀਤਾ। ਮੌਕੇ ਤੇ ਦਰਖਤਾਂ ਅਤੇ ਫਸਲਾਂ ਅਤੇ ਡੰਗਰਾਂ ਨੂੰ ਹੋਏ ਨੁਕਸਾਨ ਬਾਰੇ ਦੀਆਂ ਜੰਤਾ ਸ਼ਿਕਾਇਤਾਂ ਦੀ ਸੁਣਵਾਈ ਕੀਤੀ ਗਈ। ਮੌਕੇ ਤੇ ਨੁਕਸਾਨ ਜ਼ਰੂਰ ਸੀ ਪਰ ਇਤਨਾ

Original with;
Punjab Vidhan Sabha
Digitized by;
Panjab Digital Library

ਨਹੀਂ ਜਿਤਨਾ ਕਿ ਆਖਿਆ ਜਾਂਦਾ ਸੀ। ਫੈਕਟਰੀ ਵਾਲਿਆਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਵਾਯੂ ਦੂਸ਼ਨ ਨੂੰ ਰੋਕਣ ਲਈ ਯੋਗ ਕਾਰਵਾਈ ਕਰਨ। ਇਸ ਦੇ ਸਿੱਟੇ ਵਜੋਂ ਫੈਕਟਰੀ ਨੇ ਆਪਣੀ ਚਿਮਨੀ ਦੀ ਉਚਾਈ 87 ਫੁੱਟ ਤੋਂ ਵਧਾ ਕੇ 100 ਫੁਟ ਕਰ ਦਿਤੀ ਹੈ ਅਤੇ ਵੱਡਾ ਪੱਖਾ (ਬਲੋਅਰ) ਲਗਾਇਆ ਹੈ ਜਿਸ ਨਾਲ ਕਿ ਵਾਯੂ ਦੂਸ਼ਨ ਦੀ ਮਾਤਰਾ ਬਹੁਤ ਘਟ ਗਈ ਹੈ।

**ਮਾਸਟਰ ਦਲੀਪ ਚੰਦ**: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਪਿਛਲੇ ਸਾਲ ਇਹ ਉਥੇ ਗਏ ਸੀ। ਮੈਂ ਅਰਜ ਕਰਦਾ ਹਾਂ ਕਿ ਪਿਛਲੇ ਸਾਲ ਜੋ ਨੁਕਸਾਨ ਵੇਖਿਆ ਸੀ, ਝੋਨਾ ਦੀ ਫਸਲ ਤਬਾਹ ਹੋਈ ਸੀ, ਪਸ਼ੂ ਮਰੇ ਸਨ ਪਰ ਕੋਈ ਮੁਆਵਜ਼ਾ ਨਹੀਂ ਮਿਲਿਆ। ਜੋ ਇਹ ਹਦਾਇਤ ਕਰਕੇ ਆਏ ਸਨ ਕੋਈ ਅਮਲ ਨਹੀਂ ਹੋਇਆ। ਇਸ ਸਾਲ ਡਾਕਟਰ ਸਾਹਿਬ ਮੇਰੇ ਹਲਕੇ ਵਿਚ ਗਏ। ਮੈਂ ਵਖਾਇਆ ਦਰਖਤ ਜਲ ਗਏ ਸਨ, ਝੋਨਾ ਸੁੱਕ ਰਿਹਾ ਹੈ, ਪਸ਼ੂ ਫਿਰ ਮਰ ਗਏ। ਪਿਛਲੇ ਸਾਲ ਦਾ ਹਾਲੇ ਤਕ ਕੋਈ ਮੁਆਵਜ਼ਾ ਨਹੀਂ ਮਿਲਿਆ ਅਤੇ ਇਸ ਸਾਲ ਦਾ ਪਤਾ ਨਹੀਂ ਕਿ ਕਦੋਂ ਮਿਲਣਾ ਹੈ। ਇਸ ਫੈਕਟਰੀ ਨੂੰ ਬੰਦ ਕਰਵਾ ਕੇ ਉਨ੍ਹਾਂ ਨੂੰ ਮੁਆਵਜ਼ਾ ਦਿਲਵਾਇਆ ਜਾਏ, ਚਾਹੇ ਉਹ ਪਿਛਲੇ ਸਾਲ ਦਾ ਹੈ ਚਾਹੇ ਇਸ ਸਾਲ ਦਾ ਹੈ।

**ਮੁੱਖ ਮੰਤਰੀ** : ਜੋ ਮੈਂਬਰ ਸਾਹਿਬ ਨੇ ਕਿਹਾ ਹੈ ਇਸ ਸਾਰੇ ਦੀ ਐਸਟੀਮੇਸ਼ਨ ਕਰਾਂਗੇ ਜਿਹੜਾ ਜਿਹੜਾ ਨੁਕਸਾਨ ਹੋਇਆ ਹੈ ਗੌਰਮਿੰਟ ਲੋਕਾਂ ਨੂੰ ਰਿਲੀਫ ਦੇਵੇਗੀ। ਦੂਸਰੀ ਅਰਜ਼ ਹੈ ਕਿ ਮੈਂ ਡਿਪਾਰਟਮੈਂਟ ਨੂੰ ਪੁੱਛਾਂਗਾ ਔਰ ਜਿਹੜੀ ਪਾਲਿਊਸ਼ਨ ਹੈ ਉਸ ਦੀ ਰੋਕਥਾਮ ਲਈ ਕਹਾਂਗਾ। ਪਾਲਿਊਸ਼ਨ ਦਾ ਇਹ ਹੈ ਕਿ ਇਹ ਕਿਸੇ ਥਾਂ ਤੇ ਜਾ ਕੇ ਹਵਾ ਦੇ ਰੁਖ ਨਾਲ ਥਲੇ ਆਕੇ ਨੁਕਸਾਨ ਕਰਦੀ ਹੈ। ਇਸ ਦੀ ਪੂਰੀ ਇਹਤਤਾਤ ਕਰਾਂਗੇ।

**ਸ੍ਰੀ ਸਪੀਕਰ**: ਇਹ ਜਿਹੜੀ ਸਲਫਰ ਹੈ ਇਹ ਪਾਇਜ਼ਨ ਹੁੰਦੀ ਹੈ ਔਰ ਇਸ ਦੀ ਰੋਕਥਾਮ ਸੁਚੱਜੇ ਢੰਗ ਨਾਲ ਹੋਣੀ ਚਾਹੀਦੀ ਹੈ।

## FIRST REPORT OF THE BUSINESS ADVISORY COMMITTEE

**Mr. Speaker**: Sir, I beg to present to the House the First Report of the Business Advisory Committee. The Report reads as under:—

After some discussion, the Committee recommended that the following business be transacted at the sittings of the Vidhan Sabha to be held on the 6th and 7th September, 1983 :—

**Tuesday, the 6th September,** 1983 (9·00 A.M.)

(i) Question hour.

(ii) Call Attention Notices.

(iii) Laying/re-laying of papers on the Table of the House.

(iv) Presentation of the Supplementary Estimates (1st Instalment) for the year 1983-84.

**(v) Legislative Business :**

(a) The East Punjab War Awards (Amendment) Bill, 1983.

(b) The Punjab Backward Classes Land Development and Finance Corporation (Amendment) Bill, 1983.

Original with;
Punjab Vidhan Sabha
Digitized by;
Panjab Digital Library

[Mr. Speaker]

(c) The Punjab Motor Vehicles Taxation (Amendment) Bill, 1983.

(d) The Punjab Municipal (Amendment) Bill, 1983.

(e) The Punjab Town Improvement (Amendment) Bill, 1983.

| | |
|---|---|
| **Wednesday, the 7th September, 1983.** | |
| (i) 9.00 A.M. to 1.30 P.M. (Morning Sitting) | (i) Question Hour. |
| | (ii) Call Attention Notices. |
| | (iii) Discussion and voting on Demends for Grants in respect of Supplementary Estimates (First Instalment) for the year 1983-84. |
| (ii) From 2.30 P.M. on wards (Afternoon Sitting) | (i) Question Hour |
| | (ii) Call Attention Notices, if any. |
| | (iii) The Punjab Appropriation (No. 3) Bill, 1983 relating to the Supplementary Estimates 1983-84 (First Instalment). |

If any rule/rules of the Rules of procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/those rules will stand suspended to that extent.

**Finance Minister** (Doctor Kewal Krishan) : Sir, I beg to move—

That this House agrees with the recommendations contained in the First Report of the Business Advisory Committee.

**Mr. Speaker** : Motion moved—

That this House agrees with the recommendations contained in the First Report of the Business Advisory Committee.

**Mr. Speaker** : Question is—

That this House agrees with the recommendations contained in the First Report of the Business Advisory Committee.

*The Motion was carried unanimously*

## PAPERS LAID/RELAID ON THE TABLE

**Health and Family Welfare Minister** (Shri Joginder Pal Pandey) : Sir, I beg to—

(i) lay on the Table the Code of Criminal Procedure (Punjab Amendment) Ordinance, 1983 (Punjab Ordinance No. 3 of 1983), as required under Article 213(2) (a) of the Constitution of India.

(ii) lay on the Table 2nd Annual Report and Accounts of the Punjab Tourism Development Corporation Limited for the year 1980-81, as required under section619-A(3)(b) of the Companies Act, 1956.

Original with;
Punjab Vidhan Sabha
Digitized by;
Punjab Digital Library

(iii) lay on the Table 4th, 5th, 6th, 7th, 8th, 9th, 10th, 11th, and 12th Annual Reports and Accounts of the Punjab Agro-Industries Corporation Limited for the years from 1969-70 to 1977-78, as required under section 619-A(3)(b) of the Companies Act, 1956.

(iv) lay on the Table the Annual Financial Statement incorporating Details of Actuals 1981-82, Budget Estimates/Revised Estimates 1982-83 and Budget Estimates 1983-84 of the Punjab State Electricity Board, as required under section 61 of the Electricity (Supply) Act, 1948.

(v) lay on the Table the Audit Report on the Accounts of the Punjab Water Supply and Sewerage Board for the year 1980-81, as required under section 45 (2) (a) of the Punjab Water Supply and Sewerage Board Act, 1976.

(vi) lay on the Table the Annual Reports on the working of the Punjab Women and Children Development and Welfare Corporation for the year 1980-81 and 1981-82, as required under section 23(6) of the Punjab Women and Children Development and Welfare Corporation Act, 1979.

(vii) lay on the Table 6th and 7th Annual Reports and Accounts of the Punjab Film and News Corporation Limited for the years 1978-79 and 1979-80, as required under section 619-A(3)(b) of the Compa-nies Act, 1956.

(viii) lay on the Table the Balance Sheets and Annual Audited Accounts of the Punjab School Education Board for the year 1981-82, as required under section 19(5) of the Punjab School Education Board Act, 1969.

(ix) lay on the Table 30th Annual Report of the Punjab Financial Corporation for the year 1982-83, as required under section 38(3) of the State Financial Corporations Act, 1951.

(x) lay on the Table the Annual Reports and Balance Sheets of the Punjab Ex-Servicemen Corporation for the years 1979-80 and 1982-83, as required under section 23(6) of the Punjab Ex-Servicemen Corporation Act, 1978.

(xi) lay on the Table the Annual Report and Accounts of the Punjab State Board for the Prevention and Control of Water Pollution for the year 1981-82, as required under sections 39(2) and 40(7) of the Water (Prevention and Control of Pollution) Act, 1974.

(xii) re-lay on the Table Notification No. G.S.R. 148/C.A.4/39/Ss.24 and 41/Amd. (99)/82, dated the 12th November, 1982, as required under section 133(3) of the Motor Vehicles Act, 1939.

(xiii) lay on the Table the Annual Report of the Punjab Scheduled Castes Land Development and Finance Corporation for the year 1981-82, as required under section 27(6) of the Punjab Scheduled Castes Land Development and Finance Corporation Act, 1970.

(xiv) lay on the Table the Punjab Municipal Corporation Services (Recruitment and Conditions of Service) (First Amendment) Rules, 1983, as required under section 397(2) of the Punjab Municipal Corporation Act, 1976.

(xv) lay on the Table the Statement explaining the reasons for delay in laying the Annual Accounts of the Punjab State Hosiery and Knitwear Development Corporation for the years 1979-80 to 1981-82, before the House within the prescribed period.

(xvi) lay on the Table the Statement explaining the reasons for delay in laying the Annual Accounts of the Punjab Small Industries and Export Corporation for the years 1980-81 to 1982-83 before the house within the prescribed period.

(xvii) lay on the Table 3rd Annual Report of the Punjab State Handloom and Textiles Development Corporation Limited for the year 1978-79, as required under section 619-A(3) (b) of the Companies Act, 1956.

(xviii) lay on the Table the Statement explaining the reasons for delay in laying the Annual Accounts of the Punjab State Handloom and Textiles Development Corporation for the years from 1979-80 to 1982-83.

Original with;
Punjab Vidhan Sabha
Digitized by;
Panjab Digital Library

[Health and Family Welfare Minister]

(xix) lay on the Table the Annual Audit Accounts of the Punjab Agricultural University for the year 1980-81 as required under section 34(5) of the Haryana and Punjab Agricultural Universities Act, 1970

(xx) lay on the Table the—

(i) Punjab Motor Vehicles (First Amendment) Rules, 1983

(ii) Punjab Motor Vehicles (Second Amendment) Rules, 1983 and
(iii) Punjab Motor Vehicles (Third Amendment) Rules, 1983,

as required under section 133(3) of the motor Vehicles Act, 1939.

(xxi) lay on the Table the Annual Report of the Punjab Agricultural University for the year 1981-82 and Government comments thereon, as required under section 39(3) of the Haryana and Punjab Agricultural Universities Act 1970.

(xxii) lay on the Table the Annual Statement of Accounts of the Punjab Housing Development Board for the year 1980-81, as required under section 68(3) of the Punjab Housing Development Board Act, 1972.

(xxiii) lay on the Table—

(i) the Finance Accounts, 1981-82

(ii) the Appropriation Accounts, 1981-82

(iii) the Report of the Comptroller and Auditor General of India (Civil) for the year 1981-82 ;

(iv) the Report of the Comptroller and Auditor General of India (Revenue Receipts) for the year 1981-82 ;and

(v) the Report of the Comptroller and Auditor General of India (Commercial) for the year 1981-82

as required under Article 151(2) of the Constitution of India.

## FINANCIAL BUSINESS

### (i) PRESENTATION OF SUPPLEMENTARY ESTIMATES (FIRST INSTALMENT ) FOR THE YEAR 1983-84

**Finance Minister** (Doctor Kewal Krishan) : Sir, I beg to present the Supplementary Estimates (First Instalment) for the year 1983-84.

### (ii) PRESENTATION OF REPORT OF THE COMMITTEE ON ESTIMATES ON THE SUPPLEMENTARY ESTIMATES (FIRST INSTALMENT) FOR THE YEAR 1983-84

**Chairman, Estimates Committee** (Sardar Gurnaib Singh Brar) : Sir, I beg to present the Report of the Committee on Estimates on the Supplementary Estimates (First Instalment) for the year 1983-84.

### PRESENTATION OF REPORT OF THE COMMITTEE ON PUBLIC UNDERTAKINGS

**Chairman, Committee on Public Undertakings** : Sir, I beg to present the 32nd Report of the Committee on Public Undertakings (1983-84) in respect of the General Working of the Punjab Tourism Development Corporation.

Original with;
Punjab Vidhan Sabha
Digitized by;
Panjab Digital Library

## LEGISLATIVE BUSINESS

## THE EAST PUNJAB WAR AWARDS (AMENDMENT) BILL, 1983

**Revenue Minister** (Sardar Gurdarshan Singh) : Sir, I beg to introduce the East Punjab War Awards (Amendment) Bill.

Sir, I also move—

That the East Punjab War Awards (Amendment) Bill be taken into consideration at once.

ਸਪੀਕਰ ਸਾਹਿਬ, 'ਜਾਗੀਰ' ਜਿਹੜਾ ਲਫਜ਼ ਸੀ, ਇਹ ਬ੍ਰਿਟਿਸ਼ ਰਾਜ ਦੀ ਲਿਗੇਸੀ ਸੀ, ਇਸ ਲਈ ਇਹ ਨਾਂ ਠੀਕ ਨਹੀਂ ਸਮਝਿਆ ਗਿਆ। ਇਸਦਾ ਨਾਂ ਬਦਲ ਕੇ 'ਫੌਜੀ ਸੇਵਾ ਪੁਰਸਕਾਰ' ਰਖਿਆ ਹੈ।

**Mr. Speaker** : Motion moved —

That the East Punjab War Awards (Amendment) Bill be taken into consideration at once.

**Mr. Speaker** : Question is—

That the East Punjab War Awards (Amendment) Bill be taken into consideration at once.

*The Motion was carried.*

**Mr. Speaker** : Now the House will proceed to consider the Bill Clause by Clause.

CLAUSE 2

**Mr. Speaker** : Question is—

That Clause 2 stand part of the Bill.

*The Motion was carried.*

CLAUSE 3

**Mr. Speaker** : Question is—

That Clause 3 stand part of the Bill.

*The Motion was carried.*

CLAUSE 1

**Mr. Speaker** : Question is—

That Cluase 1 stand part of the Bill.

*The Motion was carried.*

TITLE

**Mr. Speaker** : Question is—

That Title be the title of the Bill.

*The Motion was carried.*

Original with;
Punjab Vidhan Sabha
Digitized by;
Panjab Digital Library

**Revenue Minister** (Sardar Gurdarshan Singh) : Sir, I beg to move—

That the East Punjab War Awards (Amendment) Bill be passed.

**Mr. Speaker** : Motion moved—

That the East Punjab War Awards (Amendment) Bill be passed.

**Mr. Speaker** : Question is—

That the East Punjab War Awards (Amendment) Bill be passed.

*The Motion was carried.*

## THE PUNJAB BACKWARD CLASSES LAND DEVELOPMENT AND FINANCE CORPORATION (AMENDMENT) BILL, 1983

**ਭਲਾਈ ਮੰਤਰੀ** (ਚੌਧਰੀ ਜਗਤ ਰਾਮ) : ਸਪੀਕਰ ਸਾਹਿਬ, ਮੈਂ ਪੰਜਾਬ ਪਛੜੀਆਂ ਸ਼੍ਰੇਣੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਸੋਧਨਾ) ਬਿਲ ਪੇਸ਼ ਕਰਦਾ ਹਾਂ ।

ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ ਕਿ:

ਪੰਜਾਬ ਪਛੜੀਆਂ ਸ਼੍ਰੇਣੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਸੋਧਨਾ) ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ ।

11—00 A.M. (At this stage Mr. Deputy Speaker occupied the Chair).

**Mr. Deputy Speaker** :- Motion moved—

That the Punjab Backward Classes Land Development and Finance Corporation (Amendment) Bill be taken into consideration at once.

**ਕਾਮਰੇਡ ਸਰਵਣ ਸਿੰਘ ਧਰਮਕੋਟ** (ਧਰਮਕੋਟ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਜਿੱਥੋਂ ਤਕ ਬਿੱਲ ਦਾ ਸਬੰਧ ਹੈ, ਇਸ ਬਿੱਲ ਵਿਚ ਪੰਜ ਕਰੋੜ ਦੀ ਬਜਾਏ 10 ਕਰੋੜ ਰੁਪਿਆ ਕੀਤਾ ਹੈ । ਇਹ ਚੰਗੀ ਗੱਲ ਹੈ ਪਰ ਜਿਥੋਂ ਤਕ ਇਸ ਗੱਲ ਦਾ ਸਬੰਧ ਹੈ ਕਿ ਕਾਰਪੋਰੇਸ਼ਨ ਨੂੰ ਇਹ ਰੁਪਿਆ ਹੌਲੀ ਹੌਲੀ ਦਿੱਤਾ ਜਾਵੇਗਾ, ਇਸ ਦੇ ਬਾਰੇ ਬੇਨਤੀ ਹੈ ਕਿ ਇਹ ਤਾਂ ਦਸ ਸਾਲ ਵੀ ਹੋ ਸਕਦੇ ਹਨ ਔਰ ਪੰਦਰਾਂ ਸਾਲ ਵੀ ਹੋ ਸਕਦੇ ਹਨ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਦਸ ਕਰੋੜ ਰੁਪਿਆ ਕਾਰਪੋਰੇਸ਼ਨ ਨੂੰ ਇਕ ਵਾਂਗੀ ਹੀ ਦਿੱਤਾ ਜਾਵੇ ਤਾਕਿ ਲੋਕਾਂ ਦਾ ਭਲਾ ਹੋ ਸਕੇ ।

ਡਿਪਟੀ ਸਪੀਕਰ ਸਾਹਿਬ, ਜਿਹੜਾ ਕਾਰਪੋਰੇਸ਼ਨ ਦਾ ਲੈਣ-ਦੇਣ ਹੈ, ਉਸ ਦੇ ਬਾਰੇ ਬੇਨਤੀ ਹੈ ਕਿ ਮਹਿਕਮੇਂ ਦੇ ਫੀਲਡ ਅਫਸਰ ਪਿੰਡਾਂ ਵਿਚ ਜਾਂਦੇ ਹਨ ਔਰ ਗਰੀਬ ਲੋਕਾਂ ਦੇ ਘਰਾਂ ਤੋਂ ਦਰਖਾਸਤਾਂ ਲੈਂਦੇ ਹਨ, ਜੇਕਰ ਕਿਸੇ ਦਾ ਕੱਚਾ ਮਕਾਨ ਹੈ ਅਤੇ ਪੱਕਾ ਬਣਾਉਣਾ ਹੈ ਤਾਂ ਉਸ ਨੂੰ ਕਿਹਾ ਜਾਂਦਾ ਹੈ ਕਿ ਇਸ ਦਾ ਨਕਸ਼ਾ ਕਿਸੇ ਓਵਰਸੀਅਰ ਤੋਂ ਬਣਵਾ ਲਵੋ । ਡਿਪਟੀ ਸਪੀਕਰ ਸਾਹਿਬ, ਜਦੋਂ ਉਹ ਗਰੀਬ ਆਦਮੀ ਨਕਸ਼ਾ ਬਣਵਾਉਣ ਲਈ ਕਿਸੇ ਓਵਰਸੀਅਰ ਪਾਸ ਜਾਂਦਾ ਹੈ ਤਾਂ ਤਕਰੀਬਨ ਦਸਵਾਂ ਜਾਂ ਗਿਆਰਵਾਂ ਹਿੱਸਾ ਤਾਂ ਕਰਜ਼ੇ ਦਾ ਉਹ ਲੈ ਜਾਂਦਾ ਹੈ, ਫਿਰ ਪਟਵਾਰੀ ਪਾਸੋਂ ਤਸਦੀਕ ਕਰਾਉਣੀ ਪੈਂਦੀ ਹੈ, ਫਿਰ ਜਿਸ ਓਵਰਸੀਅਰ ਤੋਂ ਨਕਸ਼ਾ ਬਣਵਾਉਣਾ ਹੁੰਦਾ ਹੈ ਉਸ ਤੋਂ ਹੀ ਉਸ ਬਣਾਉਣ

Original with;
Punjab Vidhan Sabha
Digitized by;
Panjab Digital Library

ਵਾਲੇ ਪੱਕੇ ਮਕਾਨ ਦਾ ਮੁੱਲ ਪਵਾਉਣਾ ਹੁੰਦਾ ਹੈ। ਇਸ ਤਰ੍ਹਾਂ ਦੀਆਂ ਸ਼ਰਤਾਂ ਪੂਰੀਆਂ ਕਰਨ ਵਿਚ ਹੀ ਗਰੀਬ ਆਦਮੀ ਦਾ ਬਹੁਤ ਸਾਰਾ ਕਰਜ਼ਾ ਤਾਂ ਮਿਲਣ ਤੋਂ ਪਹਿਲਾਂ ਹੀ ਵਰਤਿਆ ਜਾਂਦਾ ਹੈ। ਇਸ ਲਈ ਮੇਰੀ ਇਸ ਬਾਰੇ ਬੇਨਤੀ ਹੈ ਕਿ ਇਹ ਕਰਜ਼ਾ ਦੇਣ ਵਾਸਤੇ ਸ਼ਰਤਾਂ ਢਿੱਲੀਆਂ ਕਰਨੀਆਂ ਚਾਹੀਦੀਆਂ ਹਨ। ਜਦੋਂ ਫੀਲਡ ਅਫ਼ਸਰ ਨੂੰ ਅਧਿਕਾਰ ਹੈ ਕਿ ਉਹ ਮੌਕੇ ਤੇ ਜਾ ਕੇ ਵੇਖ ਕੇ ਕਰਜ਼ਾ 10 ਹਜ਼ਾਰ ਤਕ ਮਨਜ਼ੂਰ ਕਰ ਸਕਦਾ ਹੈ ਤਾਂ ਕਿਉਂ ਫਿਰ ਇਤਨੀਆਂ ਕਰੜੀਆਂ ਸ਼ਰਤਾਂ ਲਗਾਈਆਂ ਜਾਣ। ਇਹ ਸ਼ਰਤਾਂ ਹਟਾਉਣੀਆਂ ਚਾਹੀਦੀਆਂ ਹਨ।

ਫਿਰ, ਡਿਪਟੀ ਸਪੀਕਰ ਸਾਹਿਬ, ਸਾਰਾ ਕੁਝ ਕਰਕੇ ਉਸ ਆਦਮੀ ਨੂੰ ਚੰਡੀਗੜ੍ਹ ਦੇ ਚੱਕਰ ਲਗਾਉਣੇ ਪੈਂਦੇ ਹਨ। ਜਦੋਂ ਉਹ ਵਿਚਾਰਾ ਚੰਡੀਗੜ੍ਹ ਆਉਂਦਾ ਹੈ ਤਾਂ ਉਸ ਨੂੰ ਕਹਿ ਦਿੱਤਾ ਜਾਂਦਾ ਹੈ ਕਿ ਤੂੰ ਪਰਸੋਂ ਨੂੰ ਆ ਜਾਵੀਂ। ਜੇਕਰ ਤਾਂ ਮਹੀਨੇ ਦੀ ਖੰਡ ਦੀ ਤਾਰੀਖ ਦਿੱਤੀ ਜਾਵੇ ਤਾਂ ਵੀ ਕੋਈ ਗੱਲ ਬਣਦੀ ਹੈ ਕਿਉਂਕਿ ਉਹ ਵਿਚਾਰਾ ਕੁਝ ਦਿਹਾੜੀਆਂ ਲਗਾਕੇ ਚੰਡੀਗੜ੍ਹ ਦੇ ਕਿਰਾਏ ਜੋਗੇ ਪੈਸੇ ਕਮਾ ਲਵੇ ਪਰ ਕਿਹਾ ਜਾਂਦਾ ਹੈ ਕਿ ਪਰਸੋਂ ਆ ਜਾਣਾ। ਇਸ ਲਈ ਮੇਰੀ ਬੇਨਤੀ ਹੈ ਕਿ ਪਰਸੋਂ ਦਾ ਕਰਾਰ ਹਟਾ ਕੇ ਉਸ ਦਾ ਕੰਮ ਛੇਤੀ ਤੋਂ ਛੇਤੀ ਕਰ ਦੇਣਾ ਚਾਹੀਦਾ ਹੈ ਤਾਂ ਜੋ ਉਸ ਨੂੰ ਚੰਡੀਗੜ੍ਹ ਬਾਰੇ ਬਾਰ ਨਾ ਆਉਣਾ ਪਵੇ। ਡਿਪਟੀ ਸਪੀਕਰ ਸਾਹਿਬ, ਫਿਰ ਜਦੋਂ ਕਰਜ਼ਾ ਮਨਜ਼ੂਰ ਹੁੰਦਾ ਹੈ ਤਾਂ ਉਸ ਗਰੀਬ ਨੂੰ ਸਾਰਾ ਨਹੀਂ ਦਿੱਤਾ ਜਾਂਦਾ, ਅੱਧਾ ਦਿੱਤਾ ਜਾਂਦਾ ਹੈ ਔਰ ਕਿਹਾ ਜਾਂਦਾ ਹੈ ਕਿ ਅੱਧਾ ਤੈਨੂੰ ਬਾਅਦ ਵਿਚ ਦਿੱਤਾ ਜਾਵੇਗਾ। ਜਿਹੜਾ ਪਹਿਲਾਂ ਅੱਧਾ ਦਿੱਤਾ ਜਾਂਦਾ ਹੈ ਉਹ ਉਸ ਦੇ ਚੰਡੀਗੜ੍ਹ ਦੇ ਚੱਕਰ ਕੱਟਦਿਆਂ, ਓਵਰਸੀਅਰ ਦੀ ਫੀਸ, ਪਟਵਾਰੀ ਦੀ ਫੀਸ ਵਗੈਰਾ ਤੇ ਹੀ ਲੱਗ ਜਾਂਦਾ ਹੈ। ਇਸ ਲਈ ਮੇਰੀ ਇਹ ਬੇਨਤੀ ਹੈ ਕਿ ਉਹ ਕਰਜ਼ਾ ਉਸ ਨੂੰ ਇਕੋ ਵਾਰ ਹੀ ਦਿੱਤਾ ਜਾਣਾ ਚਾਹੀਦਾ ਹੈ। ਬਾਕੀ ਜਿਹੜਾ ਦਸ ਕਰੋੜ ਰੁਪਿਆ ਕਾਰਪੋਰੇਸ਼ਨ ਨੂੰ ਦੇਣਾ ਹੈ ਇਸ ਦਾ ਫਾਇਦਾ ਠੀਕ ਤਾਂ ਹੀ ਗਰੀਬਾਂ ਨੂੰ ਹੋ ਸਕਦਾ ਹੈ ਜੇਕਰ ਕਰਜ਼ਾ ਲੈਣ ਵਾਸਤੇ ਸ਼ਰਤਾਂ ਨੂੰ ਢਿੱਲਿਆਂ ਕੀਤਾ ਜਾਵੇ। ਇਸ ਦੇ ਨਾਲ ਫਿਰ ਇਹ ਬੇਨਤੀ ਕਰਾਂਗਾ ਕਿ ਇਹ ਦਸ ਕਰੋੜ ਕਾਰਪੋਰੇਸ਼ਨ ਨੂੰ ਇਕੋ ਵਾਰ ਹੀ ਦਿੱਤਾ ਜਾਵੇ। ਜੇਕਰ ਇਸ ਰਕਮ ਨੂੰ ਲੰਮਕਾਇਆ ਗਿਆ ਤਾਂ ਸਰਕਾਰ ਤਾਂ ਕਹੇਗੀ ਕਿ ਅਸੀਂ ਤਾਂ ਕਾਰਪੋਰੇਸ਼ਨ ਨੂੰ ਦਸ ਕਰੋੜ ਰੁਪਿਆ ਦੇ ਦਿੱਤਾ ਹੈ ਪਰ ਕਾਰਪੋਰੇਸ਼ਨ ਕਹੇਗੀ ਕਿ ਸਾਨੂੰ ਮਿਲਿਆ ਨਹੀਂ ਹੈ, ਲੋਕ ਕਹਿਣਗੇ ਕਿ ਸਾਨੂੰ ਕਰਜ਼ਾ ਮਿਲਦਾ ਨਹੀਂ ਹੈ। ਜੇਕਰ ਇਕੋ ਵਾਰ ਹੀ ਰਕਮ ਦਿੱਤੀ ਜਾਵੇ ਤਾਂ ਲੋਕਾਂ ਦਾ ਭਲਾ ਠੀਕ ਤਰ੍ਹਾਂ ਹੋ ਸਕਦਾ ਹੈ।

**ਕਾਮਰੇਡ ਦਰਸ਼ਨ ਸਿੰਘ ਝਬਾਲ** (ਅਟਾਰੀ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਵੈਲਫੇਅਰ ਮਨਿਸਟਰ ਸਾਹਿਬ ਨੇ ਜੋ ਬੈਕਵਰਡ ਕਲਾਸਿਜ਼ ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ ਬਾਰੇ ਬਿੱਲ ਪੇਸ਼ ਕੀਤਾ ਹੈ ਇਹ ਚੰਗਾ ਹੈ। ਚੰਗਾ ਕੀਤਾ ਹੈ ਕਿ ਪੰਜ ਕਰੋੜ ਤੋਂ 10 ਕਰੋੜ ਰੁਪਿਆ ਕਰ ਦਿੱਤਾ ਹੈ। ਇਸ ਬਾਰੇ ਇਸ ਹਾਊਸ ਵਿਚ ਬਾਰ ਬਾਰ ਗੱਲ ਆਉਂਦੀ ਰਹੀ ਹੈ ਕਿ ਇਹ ਰਕਮ ਵਧਾਉਣੀ ਚਾਹੀਦੀ ਹੈ। ਵੈਲਫੇਅਰ ਕਮੇਟੀ ਦੀ ਵੀ ਬਾਰ ਬਾਰ ਇਹ ਹੀ ਸਿਫਾਰਿਸ਼ ਹੁੰਦੀ ਸੀ ਕਿ ਰਕਮ ਜ਼ਿਆਦਾ ਹੋਣੀ ਚਾਹੀਦੀ ਹੈ। ਸਵਾਲ ਇਹ ਹੈ ਕਿ ਇਸ ਦੀ ਵਰਤੋਂ ਜਿਹੜੀ ਹੈ ਉਸ ਵੱਲ ਧਿਆਨ ਦੇਣਾ ਚਾਹੀਦਾ ਹੈ। ਗਰੀਬਾਂ ਨੂੰ ਕਰਜ਼ਾ ਦੇਣ ਦੀਆਂ ਜੋ ਸ਼ਰਤਾਂ ਹਨ ਉਹ ਢਿੱਲੀਆਂ ਹੋਣੀਆਂ ਚਾਹੀਦੀਆਂ ਹਨ, ਇਸ ਵੇਲੇ ਉਹ ਬਹੁਤ ਹੀ ਕਰੜੀਆਂ ਹਨ ਜਿਨ੍ਹਾਂ ਨਾਲ ਕਿ ਕਰਜ਼ਾ ਲੈਣਾ ਹੀ ਮੁਸ਼ਕਿਲ ਹੋ ਜਾਂਦਾ ਹੈ। ਫਿਰ ਕਰਜ਼ੇ ਦਾ ਕੋਈ ਚੌਥਾ ਹਿੱਸਾ ਤਾਂ ਕਰਮਚਾਰੀ ਹੀ ਲੈ ਜਾਂਦੇ ਹਨ। ਕੁਝ ਓਵਰਸੀਅਰ ਲੈ ਜਾਂਦਾ ਹੈ, ਕੁਝ ਹੋਰ ਕਰਮਚਾਰੀ ਲੈ ਜਾਂਦੇ ਹਨ। ਇਸ ਲਈ ਉਹ ਕਰਜ਼ਾ ਜੋ ਦਿੱਤਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਜਾਂਦਾ ਹੈ ਪੂਰਾ ਗਰੀਬਾਂ ਤਕ ਨਹੀਂ ਪੁੱਜਦਾ। ਫਿਰ ਇਹ ਵੀ ਸਰਕਾਰ ਨੂੰ ਵੇਖਣਾ ਚਾਹੀਦਾ ਹੈ ਕਿ ਇਹ ਜੋ ਰਕਮ ਦਿੱਤੀ ਜਾ ਰਹੀ ਹੈ ਇਹ ਵੱਡੇ ਵੱਡੇ ਟਰੱਕਾਂ ਵਾਲੇ ਹੀ ਲੈ ਜਾਣ ਜਾਂ ਸ਼ੈਲਰਾਂ ਵਾਲੇ ਹੀ ਲੈ ਜਾਣ। ਇਸ ਲਈ ਇਸ ਤਰ੍ਹਾਂ ਦੀ ਕੋਈ ਸ਼ਰਤ ਮੁਕੱਰਰ ਕਰਨੀ ਚਾਹੀਦੀ ਹੈ ਕਿ ਇਹ ਪੈਸਾ ਟਰੱਕਾਂ ਵਾਲੇ ਨਾ ਲੈ ਸਕਣ।

ਇਕ ਇਹ ਵੀ ਸਵਾਲ ਹੈ ਕਿ ਜਿਨ੍ਹਾਂ ਵਾਸਤੇ ਇਹ ਕਰਜ਼ਾ ਮਨਜ਼ੂਰ ਕੀਤਾ ਜਾਣਾ ਹੈ ਉਸ ਤੋਂ ਪਤਾ ਲਗਦਾ ਹੈ ਕਿ 36 ਸਾਲ ਆਜ਼ਾਦੀ ਤੋਂ ਬਾਅਦ ਵੀ ਅੱਜ ਵੀ ਦੇਸ਼ ਬੈਕਵਰਡ ਕਲਾਸਿਜ਼, ਸ਼ਡਿਊਲਡ ਕਾਸਟਸ ਜਾਂ ਇਕਨਾਮੀਕਲੀ ਬੈਕਵਰਡ ਕਲਾਸਿਜ਼ ਦੇ ਚੱਕਰ ਵਿਚ ਪਿਆ ਹੋਇਆ ਹੈ। ਸਰਕਾਰ ਅੱਜ ਤਕ ਵੀ ਗਰੀਬੀ ਦੂਰ ਨਹੀਂ ਕਰ ਸਕੀ। ਮੈਂ ਸਮਝਦਾ ਹਾਂ ਕਿ ਇਤਨੀਂ ਰਕਮ ਨਾਲ ਵੀ ਇਹ ਕਲਾਸਾਂ ਜੋ ਹਨ ਉਹ ਉੱਚੀਆਂ ਨਹੀਂ ਹੋ ਸਕਣੀਆਂ ਕਿਉਂਕਿ ਜੋ ਬੁਨਿਆਦੀ ਗੱਲਾਂ ਕਰਨ ਵਾਲੀਆਂ ਹਨ ਉਨ੍ਹਾਂ ਨੂੰ ਕਰਨ ਵਿਚ ਸਰਕਾਰ ਫੇਲ੍ਹ ਹੋਈ ਹੈ। ਸਰਕਾਰੀ ਰਿਪੋਰਟਾਂ ਤੋਂ ਪਤਾ ਲਗਦਾ ਹੈ ਕਿ ਜਿਹੜਾ ਅਮੀਰ ਸੀ ਉਹ ਹੋਰ ਅਮੀਰ ਹੋ ਗਿਆ ਹੈ ਔਰ ਜਿਹੜਾ ਗਰੀਬ ਸੀ ਉਹ ਹੋਰ ਗਰੀਬ ਹੋ ਗਿਆ ਹੈ ਕਿਉਂਕਿ ਸਰਕਾਰ ਠੋਸ ਫੈਸਲੇ ਕਰਨ ਵਿਚ ਅਸਮਰਥ ਹੈ ਔਰ ਅਮੀਰਾਂ ਦੀ, ਜਗੀਰਦਾਰਾਂ ਦੀ ਨੁਮਾਇੰਦਗੀ ਕੀਤੀ ਜਾਂਦੀ ਹੈ, ਉਨ੍ਹਾਂ ਦੀ ਮੱਦਦ ਕੀਤੀ ਜਾਂਦੀ ਹੈ। ਜਿਹੜੇ ਗਰੀਬ ਲੋਕ ਹਨ ਉਨ੍ਹਾਂ ਨੂੰ ਕਰਜ਼ਾ ਲੈਣ ਲਈ ਬੜੀਆਂ ਮੁਸ਼ਕਲਾਂ ਆਉਂਦੀਆਂ ਹਨ। ਉਹ ਵਿਚਾਰਾ ਕਰਜ਼ਾ ਲੈਣ ਵਾਸਤੇ ਜਾਂਦਾ ਹੈ ਤਾਂ ਬੈਂਕ ਮਨੇਜਰ ਕਹਿੰਦਾ ਹੈ ਕਿ ਠੀਕ ਹੈ ਤੇਰੇ ਕਾਗਜ਼ ਪੂਰੇ ਹਨ ਪਰ ਤੇਰੇ ਪਾਸ ਪੀਲਾ ਕਾਰਡ ਨਹੀਂ ਹੈ, ਇਸ ਲਈ ਤੈਨੂੰ ਵੀ ਕਰਜ਼ਾ ਨਹੀਂ ਮਿਲ ਸਕਦਾ। ਪੀਲਾ ਕਾਰਡ ਦੇਣਾ ਕਿਸ ਨੇ ਹੈ ਉਹ ਵੀ ਸਰਕਾਰ ਨੇ ਹੀ ਦੇਣਾ ਹੈ ਪਰ ਉਹ ਸਰਕਾਰ ਨੇ ਅਗਰ ਕਿਸੇ ਨੂੰ ਨਹੀਂ ਦਿੱਤਾ ਤਾਂ ਉਸ ਵਿਚ ਉਸ ਗਰੀਬ ਦਾ ਕੀ ਕਸੂਰ ਹੈ, ਉਸ ਨੂੰ ਤਾਂ ਕਰਜ਼ਾ ਮਿਲਣਾ ਚਾਹੀਦਾ ਹੈ। ਮਨੇਜਰ ਵਗੈਰਾ ਸਮਝਦੇ ਹਨ ਕਿ ਸਾਨੂੰ ਤਾਂ ਕੋਈ ਪੁੱਛਣ ਵਾਲਾ ਹੈ ਨਹੀਂ, ਅਸੀਂ ਜਿਸ ਤਰ੍ਹਾਂ ਕਰੀਏ ਸਾਡੀ ਮਰਜ਼ੀ ਹੈ। ਇਸ ਤਰ੍ਹਾਂ ਧੱਕੇ ਉਨ੍ਹਾਂ ਗਰੀਬਾਂ ਨੂੰ ਮਿਲਣ ਡਹੇ ਹੋਏ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਪੀਲੇ ਕਾਰਡ ਦੀ ਜੋ ਸ਼ਰਤ ਹੈ ਉਹ ਨਹੀਂ ਹੋਣੀ ਚਾਹੀਦੀ। ਜੇਕਰ ਗਰੀਬਾਂ ਦੇ ਪੀਲੇ ਕਾਰਡ ਬਣੇ ਨਹੀਂ ਹਨ ਔਰ ਤੁਸੀਂ ਪੀਲੇ ਕਾਰਡ ਦੀ ਸ਼ਰਤ ਲਗਾਈ ਰੱਖੋ ਔਰ ਫਿਰ ਰੁਪਿਆ ਪੰਜ ਕਰੋੜ ਤੋਂ 10 ਕਰੋੜ ਕਰ ਦਿਓ ਤਾਂ ਉਸ ਨਾਲ ਕੋਈ ਫਰਕ ਨਹੀਂ ਪੈਣਾ। ਇਕ ਬੇਨਤੀ ਹੋਰ ਹੈ, ਜਿਹੜੀਆਂ ਬੈਕਵਰਡ ਕਲਾਸਿਜ਼ ਹਨ ਉਨ੍ਹਾਂ ਦੀ ਇਕ ਲਿਸਟ ਬਣੀ ਹੋਈ ਹੈ ਪਰ ਹੁਣ ਉਸ ਵਿਚ ਜਿਹੜੇ ਇਕਨਾਮੀਕਲੀ ਬੈਕਵਰਡ ਲੋਕ ਹਨ ਉਨ੍ਹਾਂ ਨੂੰ ਵੀ ਸ਼ਾਮਲ ਕਰ ਲਿਆ ਹੈ। ਇਸ ਦੇ ਨਾਲ ਇਹ ਹੈ ਕਿ ਹੋ ਸਕਦਾ ਹੈ ਕਿ ਕਿਸੇ ਲੜਕੇ ਦੇ ਨਾਉਂ ਤੇ ਜ਼ਮੀਨ ਨਾ ਹੋਵੇ, ਕੋਈ ਪ੍ਰਾਪਰਟੀ ਨਾ ਹੋਵੇ ਤਾਂ ਬੈਕਵਰਡ ਕਲਾਸ ਦਾ ਉਸ ਨੂੰ ਵੀ ਸਰਟੀਫਿਕੇਟ ਮਿਲ ਸਕਦਾ ਹੈ ਕਿਉਂਕਿ ਉਸ ਦੇ ਨਾਉਂ ਤੇ ਕਾਨੂੰਨੀ ਗੱਲ ਕਰਕੇ ਜਾਇਦਾਦ ਨਹੀਂ ਹੈ ਪਰ ਉਹ ਅਸਲ ਵਿਚ ਬੈਕਵਰਡ ਨਹੀਂ ਹੈ। ਇਸ ਲਈ ਸਰਕਾਰ ਨੂੰ ਇਹ ਵੀ ਵੇਖਣਾ ਪਵੇਗਾ ਕਿ ਕੋਈ ਇਸ ਤਰ੍ਹਾਂ ਦੇ ਕੇਸਾਂ ਵਿਚ ਬੈਕਵਰਡ ਕਲਾਸ ਦਾ ਸਰਟੀਫਿਕੇਟ ਹਾਸਲ ਨਾ ਕਰ ਲਵੇ।

ਬਾਕੀ ਬਿੱਲ ਠੀਕ ਹੈ ਪਰ ਇਸ ਦੀ ਵਰਤੋਂ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਜਿਸ ਨਾਲ ਕਿ ਗਰੀਬ ਆਦਮੀਆਂ ਨੂੰ ਫਾਇਦਾ ਪੁੱਜ ਸਕੇ। ਇਸ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ। ਸ਼ਡਿਊਲਡ ਕਾਸਟਸ ਵਾਸਤੇ ਵੀ ਕਰਜ਼ੇ ਦੀਆਂ ਸ਼ਰਤਾਂ ਕਾਫੀ ਹਨ ਪਰ ਜੇਕਰ ਇਸ ਤਰ੍ਹਾਂ ਦੀਆਂ ਸ਼ਰਤਾਂ ਸਖ਼ਤ ਰੱਖਣੀਆਂ ਹਨ ਤਾਂ ਫਿਰ ਜਿਤਨਾ ਮਰਜ਼ੀ ਹੈ ਪਰਚਾਰ ਕਰੀ ਜਾਓ ਗਰੀਬਾਂ ਨੂੰ ਕੋਈ ਫਾਇਦਾ ਨਹੀਂ ਹੋਣ ਲੱਗਾ ਜਦੋਂ ਵੈਲਫੇਅਰ ਕਮੇਟੀ ਵਿਚ ਵੀ ਪੁਛਿਆ ਜਾਂਦਾ ਹੈ ਤਾਂ ਮਹਿਕਮੇ ਵੱਲੋਂ ਕਹਿ ਦਿਤਾ

Original with;
Punjab Vidhan Sabha
Digitized by;
Panjab Digital Library

ਜਾਂਦਾ ਹੈ ਕਿ ਇਨ੍ਹਾਂ ਨੌਕਰੀਆਂ ਵਾਸਤੇ ਪੜ੍ਹੇ ਲਿਖੇ ਸ਼ਡਿਊਲਡ ਕਾਸਟ ਕੈਂਡੀਡੇਟ ਨਹੀਂ ਮਿਲਦੇ। ਪਰ ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਪੜ੍ਹੇ ਲਿਖੇ ਕੈਂਡੀਡੇਟ ਕਿਥੋਂ ਮਿਲਣਗੇ ? ਅੱਜ 60 ਫੀ ਸਦੀ ਸ਼ਡਿਊਲਡ ਕਾਸਟਸ ਆਜ਼ਾਦੀ ਮਿਲਣ ਦੇ 36 ਸਾਲਾਂ ਬਾਅਦ ਵੀ ਅਨਪੜ੍ਹ ਹਨ ਔਰ 70% ਔਰਤਾਂ ਅਨਪੜ੍ਹ ਹਨ, ਫਿਰ ਕਿਸ ਤਰ੍ਹਾਂ ਪੜ੍ਹੇ ਲਿਖੇ ਕੈਂਡੀਡੇਟ ਸਰਕਾਰ ਨੂੰ ਮਿਲ ਜਾਣਗੇ। ਜੇਕਰ ਇਹ ਹੀ ਹਾਲਤ ਰਹਿਣੀ ਹੈ ਤਾਂ ਫਿਰ ਭਾਵੇਂ ਤੁਸੀਂ 50% ਰਿਜ਼ਰਵੇਸ਼ਨ ਕਰ ਦਿਓ, ਚਾਹੇ 60% ਕਰ ਦਿਓ ਉਸ ਦਾ ਕੋਈ ਫਾਇਦਾ ਨਹੀਂ ਹੋਣਾ। ਇਹ ਜਿਹੜੀ ਰਕਮ ਵਧਾਈ ਗਈ ਹੈ, ਇਸ ਦਾ ਵੀ ਉਤਨੀ ਦੇਰ ਤਕ ਫਾਇਦਾ ਨਹੀਂ ਹੋਣਾ ਜਦੋਂ ਤਕ ਕਿ ਬੁਨਿਆਦੀ ਗੱਲਾਂ ਜਿਹੜੀਆਂ ਹਨ ਉਹ ਨਹੀਂ ਕੀਤੀਆਂ ਜਾਂਦੀਆਂ।

ਮੈਂ ਇਸ ਬਿੱਲ ਦੀ ਹਿਮਾਇਤ ਕਰਦਾ ਹਾਂ ਪਰ ਬੇਨਤੀ ਕਰਦਾ ਹਾਂ ਕਿ ਜੋ ਖਾਮੀਆਂ ਹਨ ਉਨ੍ਹਾਂ ਵੱਲ ਮਨਿਸਟਰ ਸਾਹਿਬ ਨੂੰ ਧਿਆਨ ਦੇਣਾ ਚਾਹੀਦਾ ਹੈ। ਇਹ ਵੇਖਣਾ ਚਾਹੀਦਾ ਹੈ ਕਿ ਉਹ ਲੋਕ ਜਿਨ੍ਹਾਂ ਨੂੰ ਲੋੜ ਨਹੀਂ ਹੈ ਉਹ ਕਰਜ਼ਾ ਨਾ ਲੈ ਜਾਣ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** (ਫਗਵਾੜਾ, ਐਸ.ਸੀ.): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਪੰਜਾਬ ਬੈਕਵਰਡ ਕਲਾਸਿਜ਼ ਲੈਂਡ ਡਿਵੈਲਪਮੈਂਟ ਐਂਡ ਫਿਨਾਂਸ ਕਾਰਪੋਰੇਸ਼ਨ ਦਾ ਚੌਧਰੀ ਜਗਤ ਰਾਮ ਜੀ ਨੇ ਇਥੇ ਲਿਆਂਦਾ ਹੈ, ਇਸ ਦੇ ਵਾਸਤੇ ਸਾਡੀ ਬੜੀ ਦੇਰ ਤੋਂ ਮੰਗ ਚਲੀ ਆ ਰਹੀ ਸੀ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਰਕੇ ਸਰਕਾਰ ਨੇ ਗਰੀਬ ਲੋਕਾਂ ਦੀ ਬੜੀ ਮੱਦਦ ਕੀਤੀ ਹੈ। ਇਹ ਬੜੀ ਅੱਛੀ ਗਲ ਹੈ ਕਿ ਸਰਕਾਰ ਨੇ 5 ਕਰੋੜ ਤੋਂ 10 ਕਰੋੜ ਰੁਪਿਆ ਇਸ ਦੇ ਸ਼ੇਅਰ ਕੈਪੀਟਲ ਵਿਚ ਦਿੱਤਾ ਹੈ। ਇਹ ਇਕ ਸ਼ਲਾਘਾਯੋਗ ਗਲ ਹੈ। ਇਸ ਦੇ ਨਾਲ ਹੀ ਮੈਂ ਸਰਕਾਰ ਨੂੰ ਇਸ ਗਲ ਲਈ ਵੀ ਵਧਾਈ ਦਿੰਦਾ ਹਾਂ ਕਿ ਇਸ ਸਰਕਾਰ ਨੇ ਪਹਿਲੀ ਵਾਰ ਇਕਨਾਮੀ-ਕਲੀ ਬੈਕਵਰਡ ਲੋਕਾਂ ਦਾ ਸਰਵੇ ਕਰਵਾਇਆ ਹੈ। ਇਹ ਸਰਵੇ ਕਰਵਾ ਕੇ ਸਰਕਾਰ ਨੇ ਇਹ ਵੇਖਿਆ ਹੈ ਕਿ ਕਿਤਨੇ ਕੁ ਉਹ ਲੋਕ ਹਨ ਜਿਹੜੇ ਗਰੀਬੀ ਦੀ ਰੇਖਾ ਤੋਂ ਥਲੇ ਰਹਿ ਰਹੇ ਹਨ ਔਰ ਉਨ੍ਹਾਂ ਨੂੰ ਕਿਸ ਢੰਗ ਨਾਲ, ਕਿਸ ਚੰਗੇ ਤਰੀਕੇ ਨਾਲ ਗਰੀਬੀ ਦੀ ਰੇਖਾ ਤੋਂ ਉਤੇ ਚੁਕਣਾ ਹੈ। ਇਸ ਲਈ ਹੀ ਸਰਕਾਰ ਨੇ ਇਹ ਸਾਰੀਆਂ ਗਲਾਂ ਨੂੰ ਮੱਦੇ ਨਜ਼ਰ ਰਖਦੇ ਹੋਏ ਇਹ ਬਿਲ ਇਥੇ ਹਾਊਸ ਵਿਚ ਲਿਆਂਦਾ ਹੈ। ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਇਹ ਜਿਹੜੇ ਲੋਕਾਂ ਦਾ ਸਰਵੇ ਕਰਵਾਇਆ ਹੈ ਇਸ ਵਿਚ ਵੀ ਬਹੁਗਿਣਤੀ ਉਨ੍ਹਾਂ ਲੋਕਾਂ ਦੀ ਹੀ ਹੈ ਜਿਹੜੇ ਕਿ ਗਰੀਬੀ ਦੀ ਰੇਖਾ ਤੋਂ ਥਲੇ ਰਹਿ ਰਹੇ ਹਨ ਉਹ ਜ਼ਿਆਦਾ ਸ਼ਡਿਊਲਡ ਕਾਸਟਸ ਔਰ ਬੈਕਵਰਡ ਕਲਾਸਿਜ਼ ਦੇ ਲੋਕ ਹਨ। ਇਸ ਲਈ ਮੈਂ ਸਮਝਦਾ ਹਾਂ ਕਿ ਸਰਕਾਰ ਨੇ ਇਹ ਬਿਲ ਲਿਆ ਕੇ ਉਨ੍ਹਾਂ ਸ਼ਡਿਊਲਡ ਕਾਸਟਸ ਅਤੇ ਪਛੜੇ ਲੋਕਾਂ ਦੇ ਭਲੇ ਦਾ ਕੰਮ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਕਰਜ਼ੇ ਦਿੱਤੇ ਜਾਂਦੇ ਹਨ ਇਸ ਵਿਚ ਕੁੱਝ ਅੜਚਨਾਂ ਹਨ। ਜਿਹੜਾ ਬੈਂਕਾਂ ਦੁਆਰਾ ਕਰਜ਼ੇ ਦੇਣ ਦਾ ਸਿਸਟਮ ਅਪਣਾਇਆ ਹੋਇਆ ਹੈ ਇਸ ਨਾਲ ਬੈਂਕਾਂ ਵਾਲੇ ਗਰੀਬ ਲੋਕਾਂ ਨੂੰ ਬਹੁਤ ਪਰੇਸ਼ਾਨ ਕਰਦੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਜਿਹੜੀ ਬੈਂਕਾਂ ਵਾਲੀ ਅੜਚਨ ਹੈ, ਇਸ ਨੂੰ ਧਿਆਨ ਦੇ ਕੇ ਜ਼ਰੂਰ ਖਤਮ ਕਰਨਾ ਚਾਹੀਦਾ ਹੈ। ਇਹ ਲੋਕਾਂ ਦੇ ਭਲੇ ਦੀ ਗਲ ਹੈ ਔਰ ਜਿਹੜੀ ਉਨ੍ਹਾਂ ਨੂੰ ਅੜਚਨ ਆਉਂਦੀ ਹੈ ਉਹ ਖਤਮ ਹੋ ਜਾਵੇਗੀ ਜੇ ਉਨ੍ਹਾਂ ਲੋਕਾਂ ਨੂੰ ਇਹ ਕਰਜ਼ੇ ਇਸ ਕਾਰਪੋ-ਰੇਸ਼ਨ ਦੇ ਰਾਹੀਂ ਦਿੱਤੇ ਜਾਣ। ਬੈਂਕਾਂ ਦੇ ਜਿਹੜੇ ਮਨੇਜਰ ਹਨ ਉਹ ਉਨ੍ਹਾਂ ਨੂੰ ਕਰਜ਼ੇ ਦੇਣ ਵਿਚ ਬਹੁਤ ਤਰ੍ਹਾਂ ਦੀਆਂ ਅੜੱਚਨਾਂ ਪਾਉਂਦੇ ਹਨ ਔਰ ਉਹ ਵਿਚਾਰੇ ਕਰਜ਼ੇ ਨਹੀਂ ਲੈ ਸਕਦੇ । ਇਸ ਲਈ ਮੈਂ ਇਹ ਫਿਰ ਬੇਨਤੀ ਕਰਦਾ ਹਾਂ ਕਿ ਸਰਕਾਰ ਨੂੰ ਇਹ ਅੜਚਨ ਦੂਰ ਕਰਨ ਵਲ ਜ਼ਰੂਰ ਧਿਆਨ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪਿਆਰਾ ਰਾਮ ਧੰਨੋਵਾਲੀਆ]

ਦੇਣਾ ਚਾਹੀਦਾ ਹੈ। ਆਖੀਰ ਵਿਚ ਮੈਂ ਫਿਰ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਇਹ ਬਿਲ ਇਥੇ ਲੈ ਆਂਦਾ ਹੈ ਔਰ ਇਸ ਕਾਰਪੋਰੇਸ਼ਨ ਵਿਚ 5 ਕਰੋੜ ਰੁਪਏ ਤੋਂ ਵਧਾ ਕੇ 10 ਕਰੋੜ ਰੁਪਿਆ ਸ਼ੇਅਰ ਕੈਪੀਟਲ ਦਿੱਤਾ ਹੈ। ਇਸੇ ਤਰ੍ਹਾਂ ਮੈਨੂੰ ਆਸ ਹੈ ਕਿ ਇਹ ਅੱਗੇ ਨੂੰ ਵੀ ਇਹ ਰਕਮ ਵਧਾਉਂਦੇ ਜਾਣਗੇ। ਮੈਂ ਸਮਝਦਾ ਹਾਂ ਕਿ ਇਹ ਸ਼ਲਾਘਾਯੋਗ ਗਲ ਹੈ ਔਰ ਇਹ ਬਿਲ ਸਰਵਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ।

**ਕਾਮਰੇਡ ਬਲਦੇਵ ਸਿੰਘ ਲੂੰਬਾ** (ਸ਼ੁਤਰਾਣਾ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਲਿਆਂਦਾ ਹੈ ਔਰ 5 ਕਰੋੜ ਰੁਪਏ ਤੋਂ ਵਧਾ ਕੇ 10 ਕਰੋੜ ਰੁਪਏ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਹ ਇਕ ਬੜਾ ਹੀ ਚੰਗਾ ਕਦਮ ਹੈ। ਵਜ਼ੀਰ ਸਾਹਿਬ ਨੇ ਇਸ ਤਰ੍ਹਾਂ ਕਰਕੇ ਲੋਕਾਂ ਦੀ, ਗਰੀਬ ਲੋਕਾਂ ਦੀ ਜਿਹੜੀ ਬੜੀ ਦੇਰ ਤੋਂ ਮੰਗ ਚਲੀ ਆ ਰਹੀ ਸੀ, ਉਹ ਪੂਰੀ ਕੀਤੀ ਹੈ। ਬੈਂਕਾਂ ਦੇ ਬਾਰੇ ਵਿਚ ਜਿਸ ਤਰ੍ਹਾਂ ਧੰਨੋਵਾਲੀਆ ਸਾਹਿਬ ਨੇ ਕਿਹਾ ਹੈ ਕਿ ਬੈਂਕਾਂ ਦੇ ਮਨੇਜਰ ਗਰੀਬ ਲੋਕਾਂ ਨੂੰ ਬਹੁਤ ਤੰਗ ਕਰਦੇ ਹਨ, ਇਹ ਗਲ ਉਨ੍ਹਾਂ ਦੀ ਬਿਲਕੁਲ ਠੀਕ ਹੈ। ਜਿਹੜੇ ਤਾਂ ਗਰੀਬ ਲੋਕ ਉਨ੍ਹਾਂ ਕੋਲ ਪੀਲੇ ਕਾਰਡਾਂ ਵਾਲੇ ਜਾਂਦੇ ਹਨ ਉਨ੍ਹਾਂ ਨੂੰ ਤਾਂ ਉਹ ਬੈਂਕ ਵਾਲੇ ਕਹਿੰਦੇ ਹਨ ਕਿ ਤੂੰ ਕਰਜ਼ਾ ਲੈ ਕੇ ਮੋੜੇਂਗਾ ਕਿਥੋਂ, ਔਰ ਜਿਹੜੇ ਪੀਲੇ ਕਾਰਡਾਂ ਵਾਲੇ ਨਹੀਂ ਹਨ ਉਨ੍ਹਾਂ ਨੂੰ ਕਹਿੰਦੇ ਹਨ ਕਿ ਤੈਨੂੰ ਕਰਜ਼ੇ ਦੀ ਲੋੜ ਕੀ ਹੈ। ਇਸ ਤਰ੍ਹਾਂ ਨਾਲ ਕਹਿ ਕੇ ਹਰ ਕਰਜ਼ਾ ਲੈਣ ਵਾਲੇ ਨੂੰ ਤੰਗ ਕੀਤਾ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਇਕ ਬਹੁਤ ਵੱਡੀ ਪਰਾਬਲਮ ਬਣੀ ਹੋਈ ਹੈ। ਇਸ ਸਬੰਧ ਵਿਚ ਮੈਂ ਚੀਫ ਮਨਿਸਟਰ ਸਾਹਿਬ ਨਾਲ ਵੀ ਗਲ ਕੀਤੀ ਸੀ ਔਰ ਸਬੰਧਤ ਵਜ਼ੀਰ ਸਾਹਿਬ ਨਾਲ ਵੀ ਗਲ ਕੀਤੀ ਸੀ। ਇਸ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਮੈਂ ਤਾਂ ਇਹ ਵੀ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਬੈਂਕਾਂ ਦੇ ਰਾਹੀਂ ਕਰਜ਼ਾ ਦੇਣ ਨਾਲ ਇਨ੍ਹਾਂ ਨੂੰ ਪੁਲੀਟੀਕਲੀ ਵੀ ਨੁਕਸਾਨ ਹੋ ਰਿਹਾ ਹੈ। ਸਰਕਾਰ ਤਾਂ ਪੈਸਾ ਦਿੰਦੀ ਹੈ ਪਰ ਲੋਕਾਂ ਕੋਲ ਪਹੁੰਚਦਾ ਨਹੀਂ ਔਰ ਉਹ ਖੁਸ਼ ਨਹੀਂ ਹੁੰਦੇ ਇਸ ਤਰ੍ਹਾਂ ਨਾਲ ਬਦਨਾਮੀ ਸਰਕਾਰ ਦੀ ਹੁੰਦੀ ਹੈ। ਇਸ ਲਈ ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਜੇ ਇਹ ਕਰਜ਼ਾ ਵਜ਼ੀਰ ਸਾਹਿਬ ਆਪ ਜਾਂ ਆਪਣੇ ਅਫ਼ਸਰਾਂ ਦੇ ਥਰੂ ਦਿਵਾਉਣ ਤਾਂ ਇਸ ਨਾਲ ਇਨ੍ਹਾਂ ਦੀ ਪੁਲੀਟੀਕਲੀ ਬਦਨਾਮੀ ਵੀ ਨਹੀਂ ਹੋਵੇਗੀ ਔਰ ਲੋਕ ਇਨ੍ਹਾਂ ਦੀ ਪ੍ਰਸ਼ੰਸਾ ਵੀ ਕਰਨਗੇ। ਪਰ ਬੈਂਕਾਂ ਦੇ ਰਾਹੀਂ ਕਰਜ਼ਾ ਦੇਣ ਨਾਲ ਉਨ੍ਹਾਂ ਲੋਕਾਂ ਦਾ ਭਲਾ ਨਹੀਂ ਹੋ ਰਿਹਾ ਬਲਕਿ ਨੁਕਸਾਨ ਹੋ ਰਿਹਾ ਹੈ। ਸਰਕਾਰ ਦਾ ਪੈਸਾ ਜ਼ਾਇਆ ਜਾ ਰਿਹਾ ਹੈ। ਬੈਂਕ ਦੇ ਮਨੇਜਰ ਕਹਿੰਦੇ ਹਨ ਕਿ ਜੋ ਤੂੰ ਕਰਜ਼ਾ ਲੈਣਾ ਹੈ ਤਾਂ ਜਾ ਆੜ੍ਹਤੀਆਂ ਨੂੰ ਨਾਲ ਲੈ ਕੇ ਆ, ਜਿਹੜਾ ਤੇਰੀ ਗਵਾਹੀ ਦੇਵੇ। ਉਹ ਗਰੀਬ ਵਿਚਾਰਾ ਆੜਤੀ ਨੂੰ ਨਾਲ ਲੈ ਕੇ ਜਾ ਨਹੀਂ ਸਕਦਾ ਅਤੇ ਕਰਜ਼ਾ ਉਸ ਨੂੰ ਮਿਲਦਾ ਨਹੀਂ। ਇਸ ਲਈ ਮੈਂ ਸਮਝਦਾ ਹਾਂ ਕਿ ਵਜ਼ੀਰ ਸਾਹਿਬ ਨੂੰ ਇਸ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਚਾਹੇ ਇਸ ਬਾਰੇ ਇਹ ਕੈਬਨਿਟ ਵਿਚ ਡਿਸਕਸ ਕਰ ਲੈਣ ਜਾਂ ਆਪੇ ਫੈਸਲਾ ਕਰ ਲੈਣ, ਪਰ ਉਨ੍ਹਾਂ ਨੂੰ ਇਨ੍ਹਾਂ ਅੜਚਣਾਂ ਤੋਂ ਛੁਟਕਾਰਾ ਦਿਵਾਉਣਾ ਚਾਹੀਦਾ ਹੈ।

ਇਕ ਪੁਆਇੰਟ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਲੈਂਡ ਡਿਵੈਲਪਮੈਂਟ ਐਂਡ ਫਿਨਾਂਸ ਕਾਰਪੋਰੇਸ਼ਨ ਹੈ ਇਸ ਤੋਂ ਜਿਹੜੇ ਕਰਜ਼ੇ ਮਿਲਦੇ ਹਨ ਇਸ ਨਾਲ ਗਰੀਬ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੋ ਰਿਹਾ। ਸਾਰੇ ਕਰਜ਼ੇ ਅਮੀਰ ਲੋਕ ਹੀ ਲੈ ਜਾਂਦੇ ਹਨ। ਗਰੀਬ ਆਦਮੀ ਨੂੰ ਤਾਂ 1% ਵੀ ਫਾਇਦਾ ਨਹੀਂ ਪਹੁੰਚਦਾ। ਪਿਛਲੀ ਮਨਿਸਟਰੀ ਵੇਲੇ ਇਸ ਤੋਂ ਕਿਹੜੇ ਕਿਹੜੇ ਵਡੇ ਆਦਮੀਆਂ ਨੇ ਫਾਇਦਾ ਲਿਆ ਹੈ, ਉਹ ਤੁਹਾਨੂੰ ਸਭ ਨੂੰ ਪਤਾ ਹੀ ਹੈ।

Original with;
Punjab Vidhan Sabha
Digitized by;
Panjab Digital Library

ਮੈਂ ਕਿਸੇ ਦਾ ਨਾਂ ਨਹੀਂ ਲੈਣਾ ਚਾਹੁੰਦਾ ਪਰ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਲੋਨ ਹਨ ਇਹ ਠੀਕ ਢੰਗ ਨਾਲ ਦੇਣੇ ਚਾਹੀਦੇ ਹਨ, ਜਿਸ ਨਾਲ ਗਰੀਬ ਲੋਕਾਂ ਨੂੰ ਇਸ ਦਾ ਫਾਇਦਾ ਹੋ ਸਕੇ ਔਰ ਅਮੀਰ ਲੋਕ ਇਸ ਦਾ ਫਾਇਦਾ ਨਾ ਉਠਾਉਣ। ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਭਲਾਈ ਮੰਤਰੀ** (ਚੌਧਰੀ ਜਗਤ ਰਾਮ) : ਡਿਪਟੀ ਸਪੀਕਰ ਸਾਹਿਬ, ਜਿਹੜੇ ਜਿਹੜੇ ਮੈਂਬਰਜ਼ ਸਾਹਿਬਾਨ ਇਸ ਬਿਲ ਤੇ ਬੋਲੇ ਹਨ ਉਨ੍ਹਾਂ ਸਭ ਨੇ ਬੜੇ ਚੰਗੇ ਸੁਝਾਵ ਦਿਤੇ ਹਨ ਅਤੇ ਇਸ ਬਿਲ ਦੀ ਸ਼ਲਾਘਾ ਕੀਤੀ ਹੈ। ਇਹ ਜਿਹੜਾ 5 ਕਰੋੜ ਤੋਂ 10 ਕਰੋੜ ਰੁਪਿਆ ਕੀਤਾ ਹੈ ਇਸ ਲਈ ਉਨ੍ਹਾਂ ਨੇ ਸ਼ਾਬਾਸ਼ ਦਿਤੀ ਹੈ। ਇਸ ਲਈ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਉਨ੍ਹਾਂ ਦੀਆਂ ਔਕੜਾਂ ਹਨ ਸਰਕਾਰ ਨੇ ਉਨ੍ਹਾਂ ਨੂੰ ਧਿਆਨ ਵਿਚ ਰਖਦੇ ਹੋਏ ਇਹ 5 ਕਰੋੜ ਤੋਂ ਵਧਾ ਕੇ 10 ਕਰੋੜ ਰੁਪਿਆ ਕੀਤਾ ਹੈ ਤਾਂਕਿ ਜਿਹੜੀਆਂ ਉਨ੍ਹਾਂ ਦੀਆਂ ਔਕੜਾਂ ਹਨ ਉਹ ਦੂਰ ਹੋ ਸਕਣ। ਕਾਮਰੇਡ ਦਰਸ਼ਨ ਸਿੰਘ ਝਬਾਲ ਜੀ ਨੇ ਕਿਹਾ ਹੈ ਕਿ ਜਿਹੜੇ ਅਮੀਰ ਹਨ ਉਹ ਜ਼ਿਆਦਾ ਅਮੀਰ ਹੋ ਰਹੇ ਹਨ ਅਤੇ ਜਿਹੜੇ ਗਰੀਬ ਹਨ ਉਹ ਹੋਰ ਜ਼ਿਆਦਾ ਗਰੀਬ ਹੋ ਰਹੇ ਹਨ। ਇਸ ਲਈ ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਇਸ ਚੀਜ਼ ਨੂੰ ਵੇਖ ਕੇ ਹੀ ਇਹ ਸਰਵੇ ਕਰਵਾਇਆ ਸੀ ਔਰ ਇਸ ਵਾਸਤੇ 3600 ਰੁਪਏ ਸਾਲਾਨਾ ਦੀ ਹੱਦ ਮੁਕੱਰਰ ਕੀਤੀ ਸੀ ਤਾਂਕਿ ਇਹ ਪਤਾ ਲਗ ਸਕੇ ਕਿ ਕਿਹੜਾ ਆਦਮੀ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਿਹਾ ਹੈ। ਇਹ ਸਰਵੇ ਕਰਾਉਣ ਦਾ ਮਤਲਬ ਵੀ ਇਹੀ ਹੈ ਕਿ ਜਿਹੜੇ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਹਨ ਉਨ੍ਹਾਂ ਨੂੰ ਉਪਰ ਚੁਕਿਆ ਜਾ ਸਕੇ। ਇਹ ਸਾਡੀ ਪਹਿਲੀ ਸਰਕਾਰ ਹੈ ਜਿਸ ਨੇ ਉਨ੍ਹਾਂ ਲੋਕਾਂ ਨੂੰ ਜਿਹੜੇ ਕਿ ਲਤਾੜੇ ਹੋਏ ਸਨ, ਜਿਨ੍ਹਾਂ ਨੂੰ ਕੋਈ ਪੁੱਛਦਾ ਵੀ ਨਹੀਂ ਸੀ ਉਨ੍ਹਾਂ ਨੂੰ ਉਪਰ ਚੁੱਕ ਕੇ ਕਿਸੇ ਲਿਸਟ ਵਿਚ ਖੜਾ ਕੀਤਾ ਹੈ ਔਰ ਉਨ੍ਹਾਂ ਦੀ ਮੱਦਦ ਕੀਤੀ ਹੈ। ਇਸ ਸਰਕਾਰ ਤੋਂ ਪਹਿਲੇ ਜਿਹੜੀ ਸਰਕਾਰ ਰਹੀ ਉਸ ਨੇ ਤਾਂ ਇਨ੍ਹਾਂ ਦੀ ਪਰਵਾਹ ਹੀ ਨਹੀਂ ਕੀਤੀ। ਇਥੋਂ ਤਕ ਹੀ ਨਹੀਂ ਬਲਕਿ ਜਿਹੜੇ ਸਾਡੇ ਰਿਸ਼ੀ ਮੁਨੀ ਇਥੇ ਰਹੇ ਹਨ, ਉਹ ਵੀ ਉਨ੍ਹਾਂ ਨੂੰ ਇਤਨਾ ਉਪਰ ਨਹੀਂ ਚੁਕ ਸਕੇ ਜਿਤਨਾ ਇਸ ਕਾਂਗ੍ਰਸ ਦੀ ਸਰਕਾਰ ਨੇ ਉਪਰ ਲਿਆ ਕੇ ਖੜਾ ਕੀਤਾ ਹੈ। ਇਸ ਲਈ ਮੇਰੀ ਅਰਜ਼ ਹੈ ਕਿ ਇਹ ਸਰਕਾਰ ਉਨ੍ਹਾਂ ਦਾ ਪੂਰਾ ਖਿਆਲ ਕਰ ਰਹੀ ਹੈ, ਇਸ ਲਈ ਇਹ ਬਿਲ ਲਿਆਂਦਾ ਹੈ ਤਾਂ ਕਿ ਉਨ੍ਹਾਂ ਦਾ ਭਲਾ ਹੋ ਸਕੇ। ਇਸ ਲਈ ਇਹ ਬਿਲ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ।

**Mr. Deputy Speaker** : Question is—

That the Punjab Backward Classes Land Development and Finance Corporation (Amendment) Bill be taken into consideration at once.

*The Motion was carried.*

**Mr. Deputy Speaker** : Now the House will proceed to consider the Bill Clause by Clause.

*Clause 2*

**Mr. Deputy Speaker** : Question is—

That Cluase 2 stand part of the Bill.

*The Motion was carried.*

Original with;
Punjab Vidhan Sabha
Digitized by;
Panjab Digital Library

*Clause* 1

**Mr. Deputy Speaker** : Question is—

That Clause 1 stand part of the bill.

*The Motion was carried.*

TITLE

**Mr. Deputy Speaker** : Question is—

That Title be the title of the Bill.

*The Motion was carried.*

**Welfare Minister** (Chaudhri Jagat Ram) : Sir, I beg to move—

That the Punjab Backward Classes Land Development and Finance Corporation (Amendment) Bill be passed.

**Mr. Deputy Speaker** : Motion moved—

That the Punjab Backward Classes Land Development and Finance Corporation (Amendment) Bill be passed.

**Mr. Deputy Speaker** : Question is—

That the Punjab Backward Classes Land Development and Finance Corporation (Amendment) Bill be passed.

*The Motion was carried.*

## THE PUNJAB MOTOR VEHICLES TAXATION (AMENDMENT) BILL, 1983

**Minister of State for Transport** (Sardar Avtar Singh Gatwali) : Sir, I beg to introduce the Punjab Motor Vehicles Taxation (Amendment) Bill.

Sir, I also beg to move—

That the Punjab Motor Vehicles Taxation (Amendment) Bill be taken into consideration at once.

**Mr. Deputy Speaker** : Motion moved—

That the Punjab Motor Vehicles Taxation (Amendment) Bill be taken into consideration at once.

**ਸਰਦਾਰ ਦਿਲਬਾਗ ਸਿੰਘ** (ਨਵਾਂ ਸ਼ਹਿਰ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਪੇਸ਼ ਹੋਇਆ ਹੈ ਇਸ ਵਿਚ ਇਹ ਸ਼ਰਤ ਲਗਾਈ ਗਈ ਹੈ ਕਿ ਜੇਕਰ ਕੋਈ ਟਰੱਕ ਵਾਲਾ ਜਾਂ ਬੱਸ ਵਾਲਾ ਆਪਣੀ ਗੱਡੀ ਦਾ ਟੈਕਸ ਇਨਟਾਈਮ ਨਹੀਂ ਦੇਵੇਗਾ ਤਾਂ ਉਸ ਤੋਂ 2% ਜੁਰਮਾਨਾ ਟੈਕਸ ਦੇ ਤੌਰ ਤੇ ਲਿਆ ਜਾਵੇਗਾ ਔਰ ਜਿਹੜਾ ਏਰੀਅਰ ਡਿਊ ਹੈ ਅਗਰ ਉਹ ਡਿਊ ਡੇਟ ਤੋਂ ਬਾਅਦ ਜਮਾਂ ਕਰਵਾਏਗਾ ਤਾਂ ਉਸ ਤੋਂ 2% ਇੰਟਰਸਟ ਹਰ ਮਹੀਨੇ ਜ਼ਿਆਦਾ ਲਿਆ ਜਾਵੇਗਾ। ਪਹਿਲੇ ਟੈਕਸ ਲੈਣ ਵਾਲੇ ਦੀ ਮਰਜ਼ੀ ਹੁੰਦੀ ਸੀ ਜਿਹੜੀ ਕੋਈ ਬੁਰੀ ਗਲ ਨਹੀਂ ਸੀ ਪਰ ਇਸ ਸ਼ਰਤ ਵਿਚੋਂ ਪ੍ਰਾਈਵੇਟ

Original with;
Punjab Vidhan Sabha
Digitized by;
Panjab Digital Library

ਕਾਰਾਂ ਕੱਢ ਦਿਤੀਆਂ ਗਈਆਂ ਹਨ, ਇਹ ਟੈਕਸ ਜਦੋਂ ਮਰਜੀ ਜਮ੍ਹਾਂ ਕਰਵਾ ਦੇਣ। ਪਰ ਟਰਾਂਸਪੋਰਟ ਵਹੀਕਲ ਵਾਲਿਆਂ ਨੂੰ ਟੈਕਸ ਦੇਣਾ ਪਵੇਗਾ ਜਦ ਕਿ ਸੈਂਟਰ ਦੀ ਸਰਕਾਰ ਵਿਚ ਜੇਕਰ ਕੋਈ ਟੈਕਸੀ ਕਾਰ ਲਵੇ ਉਸ ਨੂੰ 5 ਹਜ਼ਾਰ ਰੁਪਿਆ ਸਸਤੀ ਮਿਲਦੀ ਹੈ ਅਤੇ ਜੇਕਰ ਕੋਈ ਅਮਬੈਸਡਰ ਕਾਰ ਲਵੇ ਉਸ ਨੂੰ 5 ਹਜ਼ਾਰ ਰੁਪਿਆ ਸਸਤੀ ਮਿਲਦੀ ਹੈ। ਹਿੰਦੁਸਤਾਨ ਦੇ ਬ੍ਹਾਹਰ ਜੋ ਲੋਕ ਟਰਾਂਸਪੋਰਟ ਦਾ ਕੰਮ ਕਰਦੇ ਹਨ ਉਨ੍ਹਾਂ ਨੂੰ ਮੋਟਰਾਂ ਤੇ ਟੈਕਸ ਘੱਟ ਦੇਣਾ ਪੈਂਦਾ ਹੈ ਪਰ ਜਿਹੜੀਆਂ ਪ੍ਰਾਈਵੇਟ ਕਾਰਾਂ ਹਨ ਉਨ੍ਹਾਂ ਤੇ ਟੈਕਸ ਜ਼ਿਆਦਾ ਦੇਣਾ ਪੈਂਦਾ ਹੈ। ਇਸੇ ਤਰ੍ਹਾਂ ਇੰਗਲੈਂਡ ਵਿਚ ਪ੍ਰਾਈਵੇਟ ਕਾਰਾਂ ਤੇ 35% ਪਰਚੇਜ਼ ਟੈਕਸ ਲਗਦਾ ਹੈ ਪਰ ਬੱਸਾਂ ਅਤੇ ਮੋਟਰਾਂ, ਟਰੱਕਾਂ ਤੇ 10% ਪਰਚੇਜ਼ ਟੈਕਸ ਲਗਦਾ ਹੈ। ਮੈਨੂੰ ਪਤਾ ਹੈ ਕਿ ਇਕ ਮਨਿਸਟਰ ਦੇ ਪੀ. ਏ. ਨੇ ਆ ਕੇ ਕਿਹਾ ਕਿ ਕਾਰ ਦਾ ਟੈਕਸ ਨਹੀਂ ਪੇ ਕੀਤਾ ਹੈ, ਉਹ ਕਹਿਣ ਲਗਾ ਕਿਹੜੀ ਕਾਰ ਦਾ ਟੈਕਸ ਪੇ ਨਹੀਂ ਕੀਤਾ ਹੈ। ਫਾਰਮ ਵਾਲੀ ਕਾਰ ਦਾ, ਬੀਵੀ ਵਾਲੀ ਕਾਰ ਦਾ, ਉਹ ਕਹਿਣ ਲਗਾ ਕਿਸੇ ਕਾਰ ਦਾ ਟੈਕਸ ਪੇ ਨਹੀਂ ਕੀਤਾ ਹੈ। ਇਸ ਬਿਲ ਨੂੰ ਬਣਾਉਣ ਵਾਲੇ ਸੈਕਟਰੀ ਦੇ ਕੋਲ ਵੀ 2–3 ਕਾਰਾਂ ਹੋਣੀਆਂ ਹਨ ਅਤੇ ਕਈ ਕਈ ਮਕਾਨ ਹੋਣੇ ਹਨ ਪਰ ਉਨ੍ਹਾਂ ਨੇ ਆਪਣੇ ਆਪ ਨੂੰ ਟੈਕਸ ਤੋਂ ਐਗਜ਼ੰਪਟ ਕਰ ਲਿਆ ਹੈ ਔਰ ਜਿਹੜੇ ਰਾਤ ਦਿਨ ਮਿਹਨਤ ਕਰਦੇ ਹਨ ਅਤੇ ਸਰਹੱਦ ਤੇ ਫੌਜਾਂ ਦੀ ਮਦਦ ਕਰਦੇ ਹਨ ਉਨ੍ਹਾਂ ਤੇ ਟੈਕਸ ਹੋਰ ਲਗਾ ਦਿਤਾ ਗਿਆ ਹੈ ਪਰ ਜਿਹੜੇ ਪਰਾਈਵੇਟ ਕਾਰਾਂ ਵਾਲੇ ਸਰਮਾਏਦਾਰ ਹਨ ਅਤੇ ਕਾਰਖਾਨੇਦਾਰ ਹਨ ਉਨ੍ਹਾਂ ਨੂੰ ਇਸ ਬਿਲ ਦੇ ਮੁਤਾਬਿਕ 2% ਟੈਕਸ ਤੋਂ ਐਗਜ਼ੰਪਸ਼ਨ ਦੇ ਦਿਤੀ ਹੈ ਕਿ ਉਹ ਜਦੋਂ ਮਰਜ਼ੀ ਟੈਕਸ ਜਮ੍ਹਾਂ ਕਰਵਾ ਦੇਣ। ਪਰ ਜਿਹੜਾ ਟਰੱਕ ਵਾਲਾ, ਬੱਸ ਵਾਲਾ 10 ਦਿਨ ਵੀ ਲੇਟ ਹੋ ਜਾਵੇ ਉਸ ਨੂੰ 2% ਟੈਕਸ ਹੋਰ ਲਗਾ ਦਿਤਾ ਹੈ। ਟਰਾਂਸਪੋਰਟ ਦੇ ਮਹਿਕਮੇ ਨੂੰ ਕੋਈ ਹੋਰ ਕੰਮ ਨਹੀਂ ਹੈ ਸਿਵਾਏ ਟਰਾਂਸਪੋਰਟਰਾਂ ਤੇ ਟੈਕਸ ਲਗਾਉਣ ਤੋਂ। ਇਹ ਇਸ ਮਹਿਕਮੇ ਨੂੰ ਬੰਦ ਕਰਨਾ ਚਾਹੁੰਦੇ ਹਨ ਸਾਰਿਆਂ ਨਾਲੋਂ ਜ਼ਿਆਦਾ ਬਿਲ ਤਕਰੀਬਨ 7 ਬਿਲ ਇਸ ਮਹਿਕਮੇ ਦੇ ਆਏ ਹਨ ਜਿਸ ਵਿਚ ਗੁਡਜ਼ ਟੈਕਸ, ਟੋਕਨ ਟੈਕਸ, ਇਨਸਪੈਕਸ਼ਨ ਫੀਸ, ਪੈਨਲਟੀ ਟੈਕਸ ਵਧਾਏ ਹਨ। ਪਹਿਲੇ ਪੈਨਲਟੀ ਗੁਡਜ਼ ਟੈਕਸ ਦੀ ਵੱਧ ਤੋਂ ਵੱਧ 500 ਰੁਪਏ ਤੱਕ ਹੁੰਦੀ ਸੀ। ਪਰ ਹੁਣ ਇਹ ਵੀ ਵਧਾ ਕੇ ਪੈਨਲਟੀ ਗੁਡਜ਼ ਟੈਕਸ ਘੱਟ ਤੋਂ ਘੱਟ 500 ਰੁਪਏ ਕਰ ਦਿਤੀ ਗਈ ਹੈ। ਜ਼ਿਆਦਾ ਕਰ ਦਿੱਤੀ ਗਈ ਹੈ। ਮੈਂ ਇਕ ਮਿਸਾਲ ਦਿੰਦਾ ਹਾਂ ਕਿ ਇਕ ਜੁਲਾਹਾ ਅਤੇ ਜੁਲਾਹੀ ਕੰਮ ਕਰਦੇ ਸਨ ਅਤੇ ਉਨ੍ਹਾਂ ਨੂੰ ਕੰਮ ਵਿਚ ਵੇਹਲ ਨਹੀਂ ਮਿਲਦਾ ਸੀ ਜਿਸ ਨਾਲ ਉਹ ਇਕ ਦੂਜੇ ਨਾਲ ਛੇੜਖਾਨੀ ਕਰ ਸਕਣ। ਫੇਰ ਉਹ ਤੁਰਦੇ ਤੁਰਦੇ ਉਸ ਨਾਲ ਛੇੜਖਾਨੀ ਕਰ ਲੈਂਦਾ ਸੀ ਕਿਉਂਕਿ ਜੁਲਾਹੇ ਦਾ ਧਿਆਨ ਛੇੜਖਾਨੀ ਵਿਚ ਸੀ। ਇਸ ਤਰ੍ਹਾਂ ਟਰਾਂਸਪੋਰਟ ਮਹਿਕਮੇਂ ਵਾਲੇ ਪ੍ਰਾਈਵੇਟ ਟਰਾਂਸਪੋਰਟਰਾਂ ਨਾਲ ਛੇੜਖਾਨੀ ਕਰੀ ਰੱਖਦੇ ਹਨ। ਇਸ ਸਰਕਾਰ ਦੇ 3 ਸਾਲ ਬੀਤ ਗਏ ਹਨ ਪਰ ਇਹ ਫੈਸਲਾ ਨਹੀਂ ਕਰ ਸਕੇ ਕਿ ਇਹ ਟੈਕਸ ਕਿਸ ਕਿਸ ਨੇ ਵਸੂਲ ਕਰਨੇ ਹਨ। ਪਿਛਲੇ ਬਜਟ ਸੈਸ਼ਨ ਵਿਚ ਡਾਕਟਰ ਸਾਹਿਬ ਨੇ ਐਲਾਨ ਕੀਤਾ ਸੀ ਕਿ ਸਾਰੇ ਟੈਕਸ ਇਕੱਠੇ ਕਰਕੇ ਇਕ ਵਿੰਡੋ ਵਿਚ ਲਏ ਜਾਣਗੇ। ਪਰ 6 ਮਹੀਨੇ ਬੀਤ ਗਏ ਹਨ ਅਤੇ ਹਾਲੇ ਤਕ ਕੋਈ ਫੈਸਲਾ ਨਹੀਂ ਹੋਇਆ ਹੈ। ਚਲਾਨ ਦੀ ਹਾਲਤ ਇਹ ਹੈ ਕਿ ਬਠਿੰਡੇ ਦਾ ਸਬ-ਇੰਸਪੈਕਟਰ ਟ੍ਰੈਫਿਕ ਦਾ ਗੁਰਮੁਖ ਸਿੰਘ ਹੈ, ਜਿਸ ਨੇ ਚਲਾਨ ਦੀ ਆਪਣੀ ਕਾਪੀ ਬਣਾਈ ਹੋਈ ਹੈ। ਉਸ ਚਲਾਨ ਦੀ ਇਕ ਕਾਪੀ ਮੇਰੇ ਕੋਲ ਵੀ ਹੈ ਅਤੇ ਦਿਖਾ ਸਕਦਾ ਹਾਂ। ਜਿਹੜਾ ਚਲਾਨ ਦੇ ਪੈਸੇ ਟਰੱਕ ਦਾ ਮਾਲਕ ਦੇ ਦਿੰਦਾ ਹੈ ਉਸ ਨੂੰ ਉਹ ਛੱਡ ਦਿੰਦਾ ਹੈ ਅਤੇ ਜਿਹੜਾ ਨਹੀਂ ਪੇ ਕਰਦਾ ਹੈ ਉਸ ਦਾ ਜੁਰਮਾਨਾ ਕਰ ਦਿੰਦਾ ਹੈ। ਜ਼ਿਆਦਾਤਰ ਉਹ ਲੋਕਾਂ ਤੋਂ ਮੰਥਲੀ ਲੈ ਲੈਂਦਾ ਹੈ ਅਤੇ ਇਕ ਟਿਕਟ ਜਾਰੀ ਕਰਦਾ ਹੈ, ਜਿਸ ਤੇ ਉਹ ਆਪਣੇ ਦਸਤਖਤ ਕਰਦਾ ਹੈ ਅਤੇ ਉਸ ਨੂੰ ਦੇਖ ਕੇ ਛੱਡ ਦਿੰਦਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਦੋ ਗੱਲਾਂ ਸਰਕਾਰ ਕਰ ਸਕਦੀ ਹੈ। ਟਰਾਂਸਪੋਰਟ ਬਾਰੇ ਇਨ੍ਹਾਂ ਨੇ ਕਦੇ ਧਿਆਨ ਨਹੀਂ ਦਿਤਾ। ਇਹ ਜਿਹੜੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਿਲਬਾਗ ਸਿੰਘ]

ਟੈਕਸ ਵਾਲੀ ਗੱਲ ਹੈ, ਇਸ ਨੂੰ ਇਧਰ ਉਧਰ ਖਿੱਚਣ ਦੀ ਗੱਲ ਕਰਦੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਇਹ ਟਰਾਂਸਪੋਰਟਰ ਕੋਈ ਗੈਰ ਨਹੀਂ ਔਰ ਇਹ ਤੁਹਾਡੇ ਸਾਥੀ ਹਨ। ਇਹ ਪੰਜਾਬ ਤੋਂ ਬਾਹਰੋਂ ਜਾ ਕੇ ਪੈਸਾ ਕਮਾ ਕੇ ਇਥੇ ਲਿਆਉਂਦੇ ਹਨ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਇਧਰ ਧਿਆਨ ਦੇਣਾ ਚਾਹੀਦਾ ਹੈ। ਸਾਡੀਆਂ ਟਰਾਂਸਪੋਰਟ ਦੀਆਂ ਬਹੁਤ ਸਾਰੀਆਂ ਮੰਗਾਂ ਸਨ। ਅਸੀਂ ਪੰਜਾਬ ਵਲੋਂ ਟਰੱਕ ਵਾਲੇ ਸਾਰੇ ਇਕੱਠੇ ਜਾ ਕੇ ਟਰਾਂਸਪੋਰਟ ਮੰਤਰੀ ਗੱਟਵਾਲੀ ਸਾਹਿਬ ਨੂੰ ਮਿਲੇ ਕਿਉਂਕਿ ਸੀ. ਐਮ. ਸਾਹਿਬ ਕੋਲ ਟਾਈਮ ਘੱਟ ਹੁੰਦਾ ਹੈ। ਅਸੀਂ ਟਰੱਕ ਵਾਲਿਆਂ ਨੇ ਫਿਰ ਗੱਟਵਾਲੀ ਸਾਹਿਬ ਨਾਲ ਮੀਟਿੰਗ ਕੀਤੀ ਅਤੇ ਆਪਣੀਆਂ ਸਾਰੀਆਂ ਮੰਗਾਂ ਬਾਰੇ ਉਨ੍ਹਾਂ ਨੂੰ ਦਸਿਆ ਤਾਂ ਉਨ੍ਹਾਂ ਨੇ ਸਾਨੂੰ ਕਿਹਾ ਕਿ ਤੁਸੀਂ ਪਿਛਲੀਆਂ ਗਲਾਂ ਨੂੰ ਛਡੋ ਅਤੇ ਹੁਣ ਅਸੀਂ ਤੁਹਾਡੀਆਂ ਮੰਗਾਂ ਤਿੰਨ ਮਹੀਨੇ ਦੇ ਅੰਦਰ ਅੰਦਰ ਪੂਰੀਆਂ ਕਰਾਂਗੇ। ਉਸ ਤੋਂ ਬਾਅਦ ਇਨ੍ਹਾਂ ਨੇ ਫਾਈਲ ਤਕ ਨਹੀਂ ਖੋਲ੍ਹੀ। ਅਸੀਂ ਫਿਰ ਫਰਵਰੀ, 1983 ਵਿਚ ਰੀਮਾਈਂਡਰ ਦਿਤਾ ਅਤੇ ਉਸ ਤੋਂ ਪਹਿਲਾਂ ਵੀ ਰੀਮਾਈਂਡਰ ਭੇਜੇ ਸਨ। ਮੈਨੂੰ ਪਰਸੋਂ ਚਿੱਠੀ ਆਈ ਕਿ ਤੁਹਾਡਾ ਰੀਮਾਈਂਡਰ ਮਿਲ ਗਿਆ ਹੈ ਤੇ ਅਸੀਂ ਤੁਹਾਡੀਆਂ ਮੰਗਾਂ ਕਨਸਿਡਰ ਕਰ ਰਹੇ ਹਾਂ। ਅਸੀਂ ਸੋਚਿਆ ਕਿ ਸਾਡੀਆਂ ਅੱਠ, ਨੌਂ ਮੰਗਾਂ ਸਨ ਅਤੇ ਉਨ੍ਹਾਂ ਵਿਚੋਂ ਕੁਝ ਮੰਗਾਂ ਮੰਨ ਲਿਤੀਆਂ ਹੋਣਗੀਆਂ ਪਰ ਇਹ ਤਾਂ ਉਹ ਗੱਲ ਹੋਈ ਕਿ ਹੀਰੋ ਸਾਹਿਬ ਵਰਗੇ ਬੰਦੇ ਨੇ ਜੱਸੋਵਾਲ ਵਰਗੇ ਦੋਸਤ ਨੂੰ ਗਿੱਲ ਸਾਹਿਬ ਦੇ ਸਾਹਮਣੇ 60 ਰੁਪਏ ਉਧਾਰ ਦਿਤੇ। ਹੀਰੋ ਸਾਹਿਬ ਨੇ ਕੁਝ ਦੇਰ ਬਾਅਦ ਕਿਹਾ ਕਿ ਮੇਰੇ ਰੁਪਏ ਕਢੋ, ਮੇਰੇ ਰੁਪਏ ਕੱਢੋ। ਜਿਸ ਨੇ ਰੁਪਏ ਲਿਤੇ ਸੀ, ਉਸ ਨੇ ਕਿਹਾ ਕਿ 60 ਰੁਪਏ ਸਨ। ਉਸ ਵੇਲੇ ਦੋ ਬੰਦੇ ਹਾਜ਼ਰ ਸੀ। ਹੁਣ ਇਸ ਵੇਲੇ ਇਕ ਹੈ ਨਹੀਂ ਅਤੇ ਬਾਕੀ 30 ਰੁਪਏ ਰਹਿ ਗਏ। 10 ਰੁਪਏ ਦੇਵਾਂਗੇ ਅਤੇ 10 ਰੁਪਏ ਦਿਵਾਵਾਂਗੇ ਅਤੇ 10 ਰੁਪਏ ਪੈਰੀਂ ਪੈ ਕੇ ਛੁਡਾਵਾਂਗੇ। ਇਸ ਤਰ੍ਹਾਂ ਲੈਣ ਦੇਣ ਦਾ ਹਿਸਾਬ ਬਰਾਬਰ ਹੋ ਗਿਆ ਮੁੜ ਕੇ ਨਾ ਮੰਗੀਂ। ਇਹ ਹਾਲ ਇਨ੍ਹਾਂ ਦਾ ਹੈ ਸੀ। ਮੈਨੂੰ ਡੇਢ ਸਾਲ ਤੋਂ ਬਾਅਦ ਇਕ ਚਿੱਠੀ ਡਿਪਟੀ ਸੈਕਟਰੀ ਟਰਾਂਸਪੋਰਟ ਤੋਂ ਮਿਲੀ ਕਿ ਤੁਹਾਡੀਆਂ ਮੰਗਾਂ ਸਰਕਾਰ ਦੇ ਵਿਚਾਰ ਅਧੀਨ ਹਨ ਇਹ ਚੀਜ਼ ਉਨ੍ਹਾਂ ਲੋਕਾਂ ਦੇ ਨਾਲ ਹੋ ਰਹੀ ਹੈ ਜਿਹੜੇ ਇਨ੍ਹਾਂ ਦੇ ਸਾਥੀ ਹਨ ਔਰ ਇਨ੍ਹਾਂ ਦੇ ਨਾਲ ਚਲਦੇ ਹਨ। ਪੰਜਾਬ ਦੀ ਹਾਲਤ ਜੋ ਖਰਾਬ ਹੋਈ ਹੈ ਉਸ ਵਿਚ ਹੋਰ ਇਨ੍ਹਾਂ ਨੂੰ ਭਾਈਵਾਲ ਨਾ ਬਣਾਓ। ਪੰਜਾਬ ਦੇ ਦੁਸ਼ਮਣਾਂ ਦੇ ਹੱਥ ਮਜ਼ਬੂਤ ਨਾ ਕਰੋ। ਤੁਹਾਡੇ ਕੋਲ ਇੰਡੀਪੈਂਡੈਂਟ ਮਹਿਕਮਾ ਹੈ। ਤੁਸੀਂ ਪਿੰਡਾਂ ਵਾਲਿਆਂ ਨੂੰ ਵੀ ਜਾਣਦੇ ਹੋ ਅਤੇ ਸ਼ਹਿਰਾਂ ਵਾਲਿਆਂ ਨੂੰ ਵੀ ਜਾਣਦੇ ਹੋ। ਡਿਪਟੀ ਸਪੀਕਰ ਸਾਹਿਬ, ਹੁਣ ਤੁਸੀਂ ਚਾਲਾਨ ਦੀ ਗੱਲ ਲੈ ਲਵੋ। ਟਰਾਂਸਪੋਰਟ ਦਾ ਸੈਕਟਰੀ ਕਹਿੰਦਾ ਹੈ ਕਿ ਇਕ ਅਫ਼ਸਰ ਪੀ.ਸੀ.ਐਸ. ਹੈ ਅਤੇ ਉਹ ਅਫ਼ਸਰ ਭਾਵੇਂ ਐਜੂਕੇਸ਼ਨ ਦਾ ਹੈ ਜਾਂ ਕੋਆਪ੍ਰੇਟਿਵ ਸੁਸਾਇਟੀ ਦਾ ਹੈ ਜਾਂ ਫਾਈਨਾਂਸ ਮਹਿਕਮੇਂ ਦਾ ਹੈ ਜਾਂ ਕਿਸੇ ਹੋਰ ਮਹਿਕਮੇਂ ਦਾ ਹੈ, ਉਹ ਚਲਾਨ ਕਰ ਸਕਦਾ ਹੈ। ਪੀ. ਸੀ. ਐਸ. ਅਫ਼ਸਰ ਨਾ ਹੋਇਆ ਬਲਕਿ ਉਹ ਤਾਂ ਖੁਦਾ ਹੋ ਗਿਆ। ਇਕ ਜਨਰਲ ਮਨੇਜਰ ਪਠਾਨਕੋਟ ਦਾ ਹੈ, ਉਹ ਅਫ਼ਸਰ ਪੀ.ਸੀ.ਐਸ. ਵੀ ਨਹੀਂ ਹੈ। ਉਸ ਨੇ ਗੱਡੀਆਂ ਦੇ ਚਲਾਨ ਕੀਤੇ ਅਤੇ 250, 250 ਰੁਪਏ ਜੁਰਮਾਨਾ ਕੀਤਾ ਅਤੇ ਜੁਰਮਾਨੇ ਦਾ ਪੈਸਾ ਰੋਡਵੇਜ਼ ਦੇ ਅਕਾਊਂਟ ਵਿਚ ਜਮ੍ਹਾਂ ਕਰਵਾ ਦਿਤਾ। ਇਹ ਉਸਨੇ ਆਪਣੇ ਰੋਡਵੇਜ਼ ਦੇ ਡੀਪੂ ਦੀ ਇਨਕਮ ਵਧਾਉਣ ਵਾਸਤੇ ਕੀਤਾ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ—

कहने को बहुत कुछ है,
पर हम कुछ नहीं कहते,
अपनी तो यह आदत है,
कि हम कुछ नहीं कहते ।

ਡਿਪਟੀ ਸਪੀਕਰ ਸਾਹਿਬ, ਬੱਸ ਜੋ ਮੈਂ ਗੱਲਾਂ ਕਹੀਆਂ ਹਨ, ਉਨ੍ਹਾਂ ਗੱਲਾਂ ਨੂੰ ਇਸ ਬਿਲ ਵਿਚ ਇਨਕਲੂਡ ਕੀਤਾ ਜਾਵੇ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ (ਬਟਾਲਾ): ਡਿਪਟੀ ਸਪੀਕਰ ਸਾਹਿਬ, ਇਸ ਬਿਲ ਰਾਹੀਂ ਫਾਈਨ ਦੀ ਵਿਵਸਥਾ ਕੀਤੀ ਗਈ ਹੈ। ਜਿਹੜਾ ਬੈਂਕ ਦਾ ਇੰਟਰੈਸਟ ਰੇਟ ਹੈ, ਉਸ ਦੇ ਬਰਾਬਰ ਕਰਨ ਦਾ ਯਤਨ

Original with;
Punjab Vidhan Sabha
Digitized by;
Panjab Digital Library

ਕੀਤਾ ਹੈ। ਛੋਟੇ ਟਰਾਂਸਪੋਰਟਰ ਬਾਰੇ ਮੈਂ ਨਹੀਂ ਕਹਿੰਦਾ ਪਰ ਜਿਹੜੇ ਵੱਡੇ ਵੱਡੇ ਟਰਾਂਸਪੋਰਟਰਜ਼ ਹਨ ਉਨ੍ਹਾਂ ਵਾਸਤੇ ਮੈਂਬਰ ਸਾਹਿਬਾਨ ਰਿਆਇਤ ਨਾ ਮੰਗਣ। ਸਰਦਾਰ ਦਿਲਬਾਗ ਸਿੰਘ ਜੀ ਨੂੰ ਮੈਂ ਕਹਾਂਗਾ ਕਿ ਉਹ ਜਿਸ ਕੈਟੇਗਰੀ ਦੀ ਵਕਾਲਤ ਕਰਦੇ ਹਨ, ਉਨ੍ਹਾਂ ਲਈ ਸਿਰਫ ਰਿਆਇਤ ਨਾ ਮੰਗਣ।

**ਸਰਦਾਰ ਦਿਲਬਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਹੈ ਕਿ ਟਰੱਕ ਵਾਲਿਆਂ ਨੂੰ ਤਾਂ ਅਮੀਰ ਸਮਝਿਆ ਜਾਂਦਾ ਹੈ ਪਰ 30-30 ਕਾਰਾਂ ਰਖਣ ਵਾਲੇ ਨੂੰ ਪਨੈਲਟੀ ਕਿਉਂ ਨਹੀਂ ਪਾਈ ਜਾਵੇ। ਕਾਰਾਂ ਰੱਖਣ ਵਾਲਿਆਂ ਨੂੰ ਗਰੀਬ ਸਮਝਿਆ ਜਾਂਦਾ ਹੈ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਡਿਪਟੀ ਸਪੀਕਰ ਸਾਹਿਬ, ਮੇਰਾ ਕੋਈ ਇਸ ਕਿਸਮ ਦਾ ਮਕਸਦ ਨਹੀਂ ਹੈ। ਜਿਹੜੇ ਵੱਡੇ ਵੱਡੇ ਫੈਕਟਰੀਆਂ ਵਾਲੇ ਹਨ, ਉਨ੍ਹਾਂ ਤੇ ਬੇਸ਼ਕ ਪੈਨਲਟੀ ਪਾਓ ਪਰ ਜਿਹੜੇ ਗਰੀਬ ਬੰਦੇ ਇਕ ਸਕੂਟਰ ਵਾਲੇ ਜਾਂ ਕਿਸੇ ਕੋਲ ਟੁੱਟੀ ਹੋਈ ਇਕ ਜੀਪ ਹੈ ਜਾਂ ਕਿਸੇ ਕੋਲ ਇਕ ਟੈਂਪੂ ਹੈ, ਉਨ੍ਹਾਂ ਬੰਦਿਆਂ ਦਾ ਤਾਂ ਖਿਆਲ ਰਖਣਾ ਚਾਹੀਦਾ ਹੈ। ਪਹਿਲਾਂ ਜਿਹੜਾ ਇਕ ਅਫ਼ਸਰ ਸੀ, ਜਿਸ ਨੂੰ ਜੀ ਚਾਹੇ ਇਕ ਰੁਪਿਆ ਅਤੇ ਜਿਸ ਨੂੰ ਜੀ ਚਾਹੇ 50 ਰੁਪਏ ਜੁਰਮਾਨਾ ਕਰ ਦਿੰਦਾ ਸੀ। ਸਰਦਾਰ ਦਿਲਬਾਗ ਸਿੰਘ ਟਰਾਂਸਪੋਰਟ ਬਾਰੇ ਸਾਥੋਂ ਬੈਟਰ ਜਾਣਦੇ ਹੋਣਗੇ। ਪਰ ਜਿਹੜੀਆਂ ਇਨ੍ਹਾਂ ਦੀਆਂ ਮੰਗਾਂ ਹਨ, ਉਨ੍ਹਾਂ ਦੀ ਮੈਂ ਪ੍ਰੋੜਤਾ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਕਈ ਥਾਵਾਂ ਤੇ ਬੈਰੀਅਰ ਲਗੇ ਹੋਏ ਹਨ। ਜੇਕਰ ਕੋਈ ਬੰਦਾ ਕਿਸੇ ਨੂੰ ਮਾਰ ਕੇ ਜਾਂਦਾ ਹੈ ਤਾਂ ਉਸ ਨੂੰ ਇੰਟਰਸੈਪਟ ਕੀਤਾ ਜਾਏ।ਐਕਸਟ੍ਰੀ-ਮਿਸਟਾਂ ਕਰਕੇ ਉਹ ਉਥੇ ਡਿਊਟੀ ਤੇ ਬਿਠਾਏ ਗਏ ਹਨ, ਪਰ ਮੈਨੂੰ ਸਮਝ ਨਹੀਂ ਆਉਂਦਾ ਕਿ ਉਹ ਪੁਲਿਸ ਵਾਲੇ ਜੇ ਕੋਈ ਭੈਣ ਭਰਾ ਸਕੂਟਰ ਤੇ ਜਾਂਦਾ ਹੋਵੇ ਜਾਂ ਕੋਈ ਹਸਬੈਂਡ ਐਂਡ ਵਾਈਫ ਸਕੂਟਰ ਤੇ ਜਾਂਦਾ ਹੋਵੇ ਜਾਂ ਕੋਈ ਪਿਉ-ਪੁੱਤ ਸਕੂਟਰ ਤੇ ਜਾਂਦਾ ਹੋਵੇ ਤਾਂ ਉਸ ਵਿਚਾਰੇ ਦਾ 144 ਲਾ ਕੇ ਚਾਲਾਨ ਕਰ ਦਿੰਦੇ ਹਨ। ਜੇਕਰ ਉਨ੍ਹਾਂ ਪੁਲਿਸ ਵਾਲਿਆਂ ਨੂੰ ਪੈਸੇ ਦਿਉ ਤਾਂ ਛਡਦੇ ਹਨ। ਉਹ ਗੱਡੀਆਂ ਇੰਪਾਊਂਡ ਵੀ ਕਰ ਲੈਂਦੇ ਹਨ। ਮੈਂ ਸਰਦਾਰ ਦਿਲਬਾਗ ਸਿੰਘ ਜੀ ਨੂੰ ਰਿਕੁਐਸਟ ਕਰਾਂਗਾ ਕਿ ਉਹ ਟਰਾਂਸਪੋਰਟ ਮਨਿਸਟਰ ਸਾਹਿਬ ਨਾਲ ਬੈਠ ਕੇ ਆਪਣੀਆਂ ਮੰਗਾਂ ਬਾਰੇ ਗੱਲ ਬਾਤ ਕਰਨ। ਮੈਂ ਪਬਲਿਕ ਅਕਾਊਂਟਸ ਕਮੇਟੀ ਦੀ ਮੀਟਿੰਗ ਵਿਚ ਵੀ ਡਿਸਕਸ ਕੀਤਾ ਸੀ ਅਤੇ ਮੈਂ ਉਨ੍ਹਾਂ ਨੂੰ ਕਿਹਾ ਸੀ ਕਿ

**Police is doing the duty which they are not supposed to do and they are not performing the duties for which the Police has been created.**

ਡਿਪਟੀ ਸਪੀਕਰ ਸਾਹਿਬ ਆਈ.ਜੀ. ਲਾਅ ਐਂਡ ਆਰਡਰ ਨੇ ਇਸ ਨਾਲ ਐਗਰੀ ਕੀਤਾ ਕਿ ਇਹ ਠੀਕ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਸਮਝਦਾ ਹਾਂ ਕਿ ਟਰੱਕਾਂ ਵਾਲੇ, ਵਾਰ ਵਿਚ ਆਪਣੀ ਦੇਸ਼ ਭਗਤੀ ਦਾ ਸਬੂਤ ਦਿੰਦੇ ਹਨ। ਇਸ ਲਈ ਉਨ੍ਹਾਂ ਦੀਆਂ ਜਿਹੜੀਆਂ ਜਾਇਜ਼ ਡਿਫੀਕਲਟੀਜ਼ ਹਨ ਉਨ੍ਹਾਂ ਨੂੰ ਸਰਕਾਰ ਦੂਰ ਕਰੇ। ਜਿਹੜਾ ਪੈਸਾ ਕਿਸੇ ਪ੍ਰਾਈਵੇਟ ਇੰਡੀਵੀਜੂਅਲ ਦੀ ਜੇਬ ਵਿਚ ਜਾਂਦਾ ਹੈ, ਉਸ ਨੂੰ ਬੰਦ ਕਰਨ ਦਾ ਜ਼ਰੂਰ ਯਤਨ ਕਰਨਾ ਚਾਹੀਦਾ ਹੈ। ਹੁਣ ਜਿਵੇਂ ਪੁਲਿਸ ਵਾਲੇ 20-30 ਗੱਡੀਆਂ ਡੱਕ ਕੇ ਸੜਕਾਂ ਤੇ ਖੜ੍ਹੇ ਹੁੰਦੇ ਹਨ, ਉਹ ਇਸ ਤਰ੍ਹਾਂ ਨਾ ਕੇਵਲ ਟਰਾਂਸਪੋਰਟ ਹੈਜ਼ਾਰਡ ਹੀ ਬਣਦੇ ਹਨ, ਬਲਕਿ ਪਬਲਿਕ ਲਈ ਵੀ ਇਕ ਪਰਾਬਲਮ ਖੜ੍ਹੀ ਕਰ ਦਿੰਦੇ ਹਨ। ਉਨ੍ਹਾਂ ਦਾ ਕੰਮ ਸਿਰਫ ਆਪਣੀਆਂ ਜੇਬਾਂ ਭਰਨਾ ਹੀ ਹੁੰਦਾ ਹੈ। ਗਰੀਬ ਆਦਮੀ ਤੋਂ ਉਹ ਹਰ ਕਿਸਮ ਦਾ ਜੁਰਮਾਨਾ ਵਸੂਲ ਕਰ ਲੈਂਦੇ ਹਨ ਜਿਸ ਕਰਕੇ ਉਹ ਲੋਕ ਵੀ ਸਰਕਾਰ ਨੂੰ ਬੁਰਾ ਭਲਾ ਕਹਿਣ ਲੱਗ ਜਾਂਦੇ ਹਨ। ਇਸ ਲਈ ਹੁਣ ਸਮਾਂ ਆ ਗਿਆ ਹੈ ਜਦੋਂ ਤਮਾਮ ਲੈਜਿਸਲੇਟਰਜ਼ ਇਕ ਥਾਂ ਤੇ ਇਕੱਠੇ ਹੋ ਕੇ ਬੈਠਣ ਅਤੇ ਇਸ ਪਰਾਬਲਮ ਬਾਰੇ ਵਿਚਾਰ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਵਟਾਂਦਰਾ ਕਰਨ। ਇਹ ਜਿਹੜੇ ਪੁਲਿਸ ਵਾਲੇ ਹਨ, ਇਹ ਰਸਤਿਆਂ ਵਿਚ ਵੀ ਲੋਕਾਂ ਨੂੰ ਵਿਕਟੇਮਾਈਜ਼ ਕਰਦੇ ਹਨ। ਇਸ ਗੱਲ ਤੇ ਪੂਰੀ ਪਾਬੰਦੀ ਲਗਾਈ ਜਾਵੇ ਜਿਸ ਨਾਲ ਉਹ ਲੋਕਾਂ ਨੂੰ ਅਨ-ਨਸੈਸਰੀ ਹਰਾਸ ਨਾ ਕਰ ਸਕਣ। ਇਹ ਗੱਲ ਮੈਂ ਟਰਾਂਸਪੋਰਟ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਉਹ ਸੀ.ਐਮ. ਸਾਹਿਬ ਨਾਲ ਕਰਨ ਕਿਉਂਕਿ ਉਨ੍ਹਾਂ ਕੋਲ ਹੋਮ ਡਿਪਾਰਟਮੈਂਟ ਹੈ ਅਤੇ ਹੋਮ ਸੈਕਟਰੀ ਨਾਲ ਵੀ ਗੱਲ ਕਰਨ। ਇਹ ਸਾਡੀ ਡਿਊਟੀ ਬਣ ਜਾਂਦੀ ਹੈ ਕਿ ਇਹੋ ਜਿਹੀ ਗੱਲ ਹੁੰਦੀ ਵੇਖ ਕੇ ਉਸ ਤੇ ਐਕਸ਼ਨ ਲਿਆ ਜਾਵੇ। ਇਨ੍ਹਾਂ ਪੁਲਿਸ ਵਾਲਿਆਂ ਨੇ ਜੋ ਕੁਝ ਕੀਤਾ ਹੈ ਉਸ ਬਾਰੇ ਮੈਨੂੰ ਸਭ ਪਤਾ ਹੈ। ਹੁਣ ਸਾਡੇ ਸਾਥੀ ਜਗਰੂਪ ਸਿੰਘ ਗਿੱਲ ਹਨ, ਉਨ੍ਹਾਂ ਕੋਲ ਗੱਡੀ ਹੈ, ਅਤੇ ਉਨ੍ਹਾਂ ਨੇ ਆਪਣਾ ਡਰਾਈਵਰ ਵੀ ਰਖਿਆ ਹੋਇਆ ਹੈ। ਪਰ ਪੁਲਿਸ ਵਾਲਿਆਂ ਦੀ ਇਹ ਜੁਰਅੱਤ ਕਿਸ ਤਰ੍ਹਾਂ ਹੋ ਗਈ ਕਿ ਉਹ ਗੱਡੀ ਨੂੰ ਰਸਤੇ ਵਿੱਚ ਖੜੀ ਕਰਕੇ ਕਹਿਣ ਕਿ ਡਰਾਈਵਿੰਗ ਦਾ ਲਾਈਸੈਂਸ ਐਮ.ਐਲ.ਏ. ਕੋਲ ਵੀ ਹੋਣਾ ਚਾਹੀਦਾ ਹੈ ਹਾਲਾਂਕਿ ਉਨ੍ਹਾਂ ਨੇ ਡਰਾਈਵਰ ਵੀ ਰਖਿਆ ਹੋਇਆ ਹੈ। ਇਸ ਲਈ ਚਾਹੀਦਾ ਹੈ ਕਿ ਉਸ ਪੁਲਿਸ ਵਾਲੇ ਨੂੰ ਇਮੀਜੀਏਟਲੀ ਸਸਪੈਂਡ ਕਰਕੇ ਸਖਤ ਤੋਂ ਸਖਤ ਐਕਸ਼ਨ ਲਿਆ ਜਾਵੇ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਸਾਨੂੰ ਜੋ ਵੀ ਸਟੈਂਡ ਲੈਣਾ ਪਿਆ, ਅਸੀਂ ਉਸ ਲਈ ਪਿਛੇ ਨਹੀਂ ਹਟਾਂਗੇ।

**ਪ੍ਰੋਫੈਸਰ ਬਲਵੰਤ ਸਿੰਘ (ਰਾਜਪੁਰਾ)** : ਡਿਪਟੀ ਸਪੀਕਰ ਸਾਹਿਬ, ਇਹ ਬਿਲ ਜਿਹੜਾ ਟਰਾਂਸ-ਪੋਰਟ ਮੰਤਰੀ ਸਾਹਿਬ ਨੇ ਲਿਆਂਦਾ ਹੈ, ਉਸ ਵਿੱਚ ਇਸ ਗਲ ਨੂੰ ਸੂਤਰ-ਬੱਧ ਕੀਤਾ ਗਿਆ ਹੈ ਕਿ ਟਰੱਕਾਂ ਵਾਲਿਆਂ ਵੱਲੋਂ ਜਿਹੜੀ ਟੈਕਸਾਂ ਦੀ ਉਗਰਾਹੀ ਕਰਨੀ ਸੀ, ਉਸ ਦੀ ਮਾਤਰਾ ਕਿੰਨੀ ਹੋਵੇ ਅਤੇ ਉਸ ਉਗਰਾਹੀ ਦਾ ਰੂਪ ਕੀ ਹੋਵੇ। ਜਿਹੜਾ ਟੈਕਸ ਬਕਾਇਆ ਹੁੰਦਾ ਸੀ, ਉਸ ਨੂੰ ਉਗਰਾਹੁਣ ਦੀ ਸ਼ਕਤੀ ਵੀ ਸਰਕਾਰ ਨੇ ਆਪਣੇ ਕੋਲ ਲੈਣੀ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਇਸ ਦੇ ਨਾਲ ਹੋਰ ਕਿੰਨੇ ਹੀ ਮਹੱਤਵਪੂਰਨ ਮਸਲੇ ਸਨ, ਜਿਹੜੇ ਲਏ ਜਾ ਸਕਦੇ ਸਨ ਅਤੇ ਜਿਨ੍ਹਾਂ ਨਾਲ ਰਿਕਵਰੀ ਉਗਰਾਹੁਣ ਵਿੱਚ ਵੀ ਹੋਰ ਰਾਹ ਨਿਕਲ ਸਕਦੇ ਸਨ। ਮੈਂ ਕਹਿੰਦਾ ਹਾਂ ਕਿ ਜੇ ਇਸ ਬਿਲ ਨੂੰ ਬੇਲੋੜਾ ਵੀ ਕਹਿ ਦੇਈਏ ਤਾਂ ਵੀ ਠੀਕ ਹੋਵੇਗਾ। ਇਨ੍ਹਾਂ ਦਾ ਧਿਆਨ ਸਿਰਫ ਇਸ ਪਾਸੇ ਵੱਲ ਗਿਆ ਹੈ ਕਿ ਏਨਾ ਜੁਰਮਾਨਾ ਲੱਗ ਸਕਦਾ ਹੈ ਅਤੇ ਇਸ ਤਰ੍ਹਾਂ ਉਗਰਾਹਿਆ ਜਾ ਸਕਦਾ ਹੈ। ਪਰ ਇਨ੍ਹਾਂ ਨੂੰ ਚਾਹੀਦਾ ਸੀ ਕਿ ਟੈਕਸ ਨਾ ਦੇਣ ਦਾ ਜੁਰਮਾਨਾ ਗਰੇਡਿਡ ਕਰ ਦੇਂਦੇ ਤਾਂ ਜ਼ਿਆਦਾ ਠੀਕ ਗੱਲ ਹੋਣੀ ਸੀ। ਪਰ ਇਨ੍ਹਾਂ ਵੱਲੋਂ ਗਰੀਬ ਅਤੇ ਅਮੀਰ ਵਿੱਚ ਕੋਈ ਫਰਕ ਨਹੀਂ ਰਖਿਆ ਗਿਆ। ਇਹ ਸਾਰੀਆਂ ਗੱਲਾਂ ਉਸ ਟਰੱਕ ਵਾਲੇ ਤੇ ਵੀ ਲਾਗੂ ਹੁੰਦੀਆਂ ਹਨ, ਜਿਹੜਾ ਮਸਾਂ 20-25 ਕੁਇੰਟਲ ਲੱਦ ਸਕਦਾ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਟੈਕਸ ਦੀ ਮਾਤਰਾ ਵਧਾਉਣ ਨਾਲ ਟੈਕਸ ਦੀ ਉਗਰਾਹੀ ਨਹੀਂ ਵਧਣੀ ਅਤੇ ਚੋਰੀ ਵੀ ਨਹੀਂ ਰੁਕਣੀ। ਪ੍ਰਾਈਵੇਟ ਟਰਾਂਸਪੋਰਟ ਵਾਲਿਆਂ ਕੋਲ ਕਿੰਨਾ ਪੈਸਾ ਬਕਾਇਆ ਪਿਆ ਹੈ, ਇਹ ਗੱਲ ਸਾਰਿਆਂ ਨੂੰ ਹੀ ਪਤਾ ਹੈ। ਪਿਛੇ ਜਿਹੇ ਹਿਮਾਚਲ ਪ੍ਰਦੇਸ਼ ਵਿੱਚ ਟਰੱਕਾਂ ਦਾ ਵੀ ਸਰਕਾਰੀ-ਕਰਨ ਕਰ ਦਿੱਤਾ ਗਿਆ ਹੈ। ਏਸੇ ਤਰ੍ਹਾਂ ਪੰਜਾਬ ਵਿਚ ਵੀ ਸਾਰੀ ਟਰਾਂਸਪੋਰਟ ਦਾ ਸਰਕਾਰੀ-ਕਰਨ ਕਰ ਦੇਣਾ ਚਾਹੀਦਾ ਹੈ। ਮੈਂ ਜਾਣਦਾ ਹਾਂ ਕਿ ਇਸ ਗੱਲ ਦਾ ਰੈਜ਼ੋਲਿਊਸ਼ਨ ਲਿਆਉਣ ਲਈ ਤਾਂ ਇਹ ਤਿਆਰ ਹੋਣਗੇ, ਪਰ ਇਸ ਤੋਂ ਅੱਗੇ ਇਹ ਨਹੀਂ ਜਾ ਸਕਦੇ। ਏਥੇ ਸਾਥੀ ਚਤੱਰਥ ਨੇ ਵੀ ਸੁਹਣਾ ਨੁਕਤਾ ਉਭਾਰਿਆ ਹੈ ਪਰ ਮੈਨੂੰ ਅਫ਼ਸੋਸ ਹੈ ਕਿ ਕੈਬਨੇਟ ਦੀਆਂ ਚੁਗਲੀਆਂ ਵਿਚ ਉਹ ਜ਼ਿਆਦਾ ਸਮਾਂ ਗੁਜ਼ਾਰ ਦੇਂਦਾ ਹੈ। ਉਨ੍ਹਾਂ ਨੇ ਵੀ ਪੁਲਿਸ ਵਾਲਿਆਂ ਦਾ ਜ਼ਿਕਰ ਕੀਤਾ ਹੈ। ਕੋਈ ਵੀ ਸ਼ਰੀਫ ਆਦਮੀ ਮੋਟਰ-ਸਾਈਕਲ ਤੇ ਜਾਂ ਸਕੂਟਰ ਤੇ ਉਨ੍ਹਾਂ ਬੰਦਿਆਂ ਦੀ ਲੁੱਟ ਦਾ ਸ਼ਿਕਾਰ ਹੋਏ ਬਿਨਾਂ ਨਹੀਂ ਲੰਘ ਸਕਦਾ ਜਿਹੜੇ ਉਨ੍ਹਾਂ ਦੀ ਰਾਖੀ ਲਈ ਖੜੇ ਕੀਤੇ ਹੁੰਦੇ ਹਨ। ਉਹ ਜਿੰਨੇ ਰੁਪਏ ਵੀ ਕਿਸੇ ਦੀ ਜੇਬ ਵਿਚ ਹੋਣਗੇ,

Original with;
Punjab Vidhan Sabha
Digitized by;
Panjab Digital Library

ਉਹ ਕਢਾ ਹੀ ਲੈਣਗੇ। ਇਸੇ ਲਈ ਕੋਈ ਵੀ ਸ਼ਰੀਫ ਆਦਮੀ ਸੜਕ ਤੋਂ ਜਾਣ ਦੀ ਬਜਾਏ ਪਗਡੰਡੀ ਰਾਹੀਂ ਜਾਣਾ ਜ਼ਿਆਦਾ ਅੱਛਾ ਸਮਝਦਾ ਹੈ। ਮੈਂ ਸਮਝਦਾ ਹਾਂ ਕਿ ਇਸ ਗੱਲ ਦਾ ਕੋਈ ਨਾ ਕੋਈ ਉਪਰਾਲਾ ਕਰਨਾ ਚਾਹੀਦਾ ਹੈ। ਇਕ ਪਾਸੇ ਇਸ ਬਿਲ ਵਿਚ ਲਿਆਂਦਾ ਗਿਆ ਹੈ ਕਿ ਕਿੰਨੇ ਪਰਸੈਂਟ ਟੈਕਸ ਲਾ ਸਕਦੇ ਹਾਂ ਅਤੇ ਦੂਜੇ ਪਾਸ਼ੇ ਰਿਕਵਰੀ ਦੀ ਮੁਆਫੀ ਕਿੰਨੀ ਕਰ ਸਕਦੇ ਹਾਂ। ਪਰ ਲੋਕਾਂ ਦੇ ਮਸਲੇ ਵੱਲ ਬਿਲਕੁਲ ਧਿਆਨ ਨਹੀਂ ਦਿਤਾ ਗਿਆ। ਇਨ੍ਹਾਂ ਦਾ ਧਿਆਨ ਹਰ ਵੇਲੇ ਤਾਕਤਾਂ ਦੇ ਕੇਂਦਰੀਕਰਨ ਵੱਲ ਹੀ ਰਹਿੰਦਾ ਹੈ ਅਤੇ ਹਰ ਵੇਲੇ ਇਹੀ ਸੋਚੀ ਜਾਂਦੇ ਹਨ ਕਿ ਤਾਕਤਾਂ ਨੂੰ ਕਿਵੇਂ ਇਕੱਠਾ ਕੀਤਾ ਜਾ ਸਕਦਾ ਹੈ। ਅਸਲ ਵਿਚ ਜੇਕਰ ਇਨ੍ਹਾਂ ਲੋਕਾਂ ਨੂੰ ਗੱਡੀਆਂ ਤੋਂ ਥੱਲੇ ਉਤਰਨ ਦੀ ਫੁਰਸਤ ਮਿਲੇ ਤਾਂ ਹੀ ਇਨ੍ਹਾਂ ਨੂੰ ਪਤਾ ਲਗੇ ਕਿ ਕਿਸ ਤਰ੍ਹਾਂ ਦਾ ਵਰਤਾਉ ਪੁਲਿਸ ਵਾਲਿਆਂ ਦਾ ਪਬਲਿਕ ਨਾਲ ਹੈ। ਇਨ੍ਹਾਂ ਨੂੰ ਇਸ ਗੱਲ ਦਾ ਵੀ ਪਤਾ ਲਗੇ ਕਿ ਜਿਹੜੀ ਪ੍ਰਾਈਵੇਟ ਟਰਾਂਸਪੋਰਟ ਚਲਾਈ ਹੋਈ ਹੈ, ਉਹ ਸਰਕਾਰ ਨੂੰ ਕਿਸ ਤਰ੍ਹਾਂ ਘਾਟਾ ਪਾ ਰਹੀ ਹੈ ਅਤੇ ਆਪ ਵੀ ਘਾਟੇ ਵਿਚ ਜਾ ਰਹੀ ਹੈ। ਇਸ ਲਈ ਇਹ ਹੋਣਾ ਚਾਹੀਦਾ ਹੈ ਕਿ ਸਾਰੀ ਦੀ ਸਾਰੀ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਹੋਣੀ ਚਾਹੀਦੀ ਹੈ, ਚਾਹੇ ਬੱਸਾਂ ਹੋਣ ਅਤੇ ਚਾਹੇ ਟਰੱਕ ਹੋਣ। ਇਹੋ ਇਕੋ ਰਸਤਾ ਹੈ ਵੱਧ ਰਹੇ ਕਿਰਾਇਆਂ ਅਤੇ ਪੈਟਰੋਲ ਦੀਆਂ ਵੱਧ ਰਹੀਆਂ ਕੀਮਤਾਂ ਉਤੇ ਕਾਬੂ ਪਾਉਣ ਦਾ। ਇਸ ਦੇ ਨਾਲ ਹੀ ਇਹ ਲਾਅ ਐਂਡ ਆਰਡਰ ਵੱਲ ਵੀ ਧਿਆਨ ਕਰਨ । ** ** ** **

**ਸ੍ਰੀ ਡਿਪਟੀ ਸਪੀਕਰ:** ਇਹ ਐਕਸਪੰਜ ਕੀਤਾ ਜਾਂਦਾ ਹੈ।

**ਕਾਮਰੇਡ ਬਲਦੇਵ ਸਿੰਘ ਲੁੰਬਾ** (ਸੁਤਰਾਣਾ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਦੇ ਵਿੱਚ ਮਾਸਟਰ ਜੀ ਨੇ ਵੀ ਪਹਿਲਾਂ ਕਿਹਾ ਹੈ ਕਿ 2% ਵਾਲੀ ਗੱਲ ਠੀਕ ਨਹੀਂ ਹੈ ਅਤੇ ਕਾਰਾਂ ਨੂੰ ਇਸ ਵਿਚ ਕਿਉਂ ਛੱਡ ਦਿਤਾ ਹੈ। ਮੈਂ ਸਮਝਦਾ ਹਾਂ ਕਿ ਇਹ ਕਾਰਾਂ ਵਾਲੀ ਜਿਹੜੀ ਗੱਲ ਹੈ ਇਹ ਬਿਲਕੁਲ ਦਰੁਸਤ ਹੈ। ਇਹ ਕਾਰਾਂ ਵੀ ਇਸ ਘੇਰੇ ਵਿੱਚ ਲੈ ਲੈਣੀਆਂ ਚਾਹੀਦੀਆਂ ਹਨ। ਦੂਜੀ ਗਲ ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ 2% ਵਾਲੀ ਗਲ ਤਾਂ ਬਾਅਦ ਦੀ ਸੀ ਇਹ ਕੋਈ ਰੋਕ ਹੈ ਕਿ ਕਦੋਂ ਤੱਕ ਕੋਈ ਬਕਾਇਆ ਨਾ ਦੇਵੇ। ਇਹ ਤਾਂ ਇਹ ਹੈ ਕਿ ਜਦੋਂ ਕੋਈ ਬਕਾਇਆ ਦੇਣ ਵਾਸਤੇ ਆਏਗਾ ਟੈਕਸਾਂ ਦਾ ਉਸ ਤੇ ਇਹ ਲੱਗਣਾ ਹੈ ਲੇਕਿਨ ਇਸ ਵਾਸਤੇ ਵੀ ਕੋਈ ਰੋਕ ਹੈ ਜਾਂ ਟਾਈਮ ਹੈ ਕਿ ਜਿਹੜਾ ਕਰੋੜਾਂ ਰੁਪਿਆ ਟਰਾਂਸਪੋਰਟਰਾਂ ਨੇ ਪੇ ਨਹੀਂ ਕੀਤਾ ਉਹ ਕਦੋ ਆਏਗਾ ਜਾਂ ਨਹੀਂ। ਇਸ ਲਈ ਮੈਂ ਸਮਝਦਾ ਹਾਂ ਕਿ ਵਜ਼ੀਰ ਸਾਹਿਬ ਹਾਊਸ ਨੂੰ ਇਹ ਚੀਜ਼ ਦੱਸਣ ਕਿ ਇਹ ਕਿਸ ਵੇਲੇ ਲੱਗੇਗਾ ਜਦੋਂ ਕਿ ਉਸ ਨੇ ਆਉਣਾ ਹੀ ਨਹੀਂ। ਕੋਈ ਵੀ ਜਿਹੜੇ ਟੈਕਸ ਡਿਊ ਪਏ ਹਨ ਉਹ ਦੇ ਹੀ ਨਹੀਂ ਰਿਹਾ। ਤੁਹਾਡੇ ਰਾਹੀਂ ਮੈਂ ਵਜ਼ੀਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਕਰੋੜਾਂ ਰੁਪਏ ਪ੍ਰਾਈਵੇਟ ਟਰਾਂਸਪੋਰਟਰਾਂ ਵੱਲ ਪਏ ਹਨ ਉਸ ਨੂੰ ਕਿਵੇਂ ਉਗਰਾਹੁਣਾ ਹੈ, ਉਹ ਕਿਸ ਤਰ੍ਹਾਂ ਸਰਕਾਰ ਦੇ ਖਜ਼ਾਨੇ ਵਿੱਚ ਆਵੇਗਾ, ਕਿਵੇਂ ਉਸ ਪੈਸੇ ਨਾਲ ਲੋਕਾਂ ਦੀ ਭਲਾਈ ਵਾਸਤੇ ਕੰਮ ਕੀਤੇ ਜਾਣਗੇ । ਡਿਪਟੀ ਸਪੀਕਰ ਸਾਹਿਬ, ਹਰਿਆਣੇ ਸਟੇਟ ਦੀ ਟਰਾਂਸਪੋਰਟ ਜਿਹੜੀ ਹੈ ਉਹ ਦੋ ਤਿੰਨ ਸਾਲ ਹੋ ਗਏ ਹਨ, ਉਹਨਾਂ ਦੀ ਸਾਰੀ ਟਰਾਂਸਪੋਰਟ ਨੈਸ਼ਨੇਲਾਈਜ਼ ਕੀਤੀ ਹੋਈ ਹੈ। ਮੇਰਾ ਖਿਆਲ ਹੈ ਕਿ ਉਹ ਮੁਨਾਫੇ ਵਿੱਚ ਹੀ ਜਾ ਰਹੇ ਹਨ, ਉਨ੍ਹਾਂ ਨੂੰ ਕਦੇ ਘਾਟਾ ਨਹੀਂ ਪਿਆ । ਜਿਹੜੇ ਪੰਜਾਬ ਦੇ ਵਿੱਚ ਘਾਟੇ ਦੇ ਕਾਰਨ ਹਨ ਇਹ ਇਨ੍ਹਾਂ ਦੀਆਂ ਆਪਣੀਆਂ ਨੀਤੀਆਂ ਦੇ ਕਾਰਨ ਹਨ। ਡਿਪਟੀ ਸਪੀਕਰ ਸਾਹਿਬ, ਜਿੰਨੀਆਂ ਗੱਡੀਆਂ ਇਹ ਮੰਗਵਾਉਂਦੇ ਹਨ ਉਹ ਪੂਰੀਆਂ ਤਾਂ ਕਦੇ ਆਉਂਦੀਆਂ ਨਹੀਂ ਹਨ। ਜੇ 40 ਗੱਡੀਆਂ ਆਉਣੀਆਂ ਹਨ ਤਾਂ ਪੰਜ ਛੇ ਗੱਡੀਆਂ ਤਾ ਪਹਿਲਾਂ ਹੀ ਘੱਟ ਆਉਂਦੀਆਂ ਹਨ। 40 ਵਿਚੋਂ 34/35 ਗੱਡੀਆਂ ਹੀ ਪਹੁੰਚਦੀਆਂ ਹਨ। ਫਿਰ ਇਨ੍ਹਾਂ ਨੂੰ ਬਾਡੀ ਲਾਈ ਜਾਂਦੀ ਹੈ। ਉਹਨਾਂ ਦੇ ਵਿਚ ਵੀ ਕਮਿਸ਼ਨ

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੁੰਬਾ]

ਲਿਆ ਜਾਂਦਾ ਹੈ । ਇਸ ਤਰ੍ਹਾਂ ਸਰਕਾਰ ਦੀਆਂ ਆਪਣੀਆਂ ਨੀਤੀਆਂ ਦੇ ਕਾਰਨ ਹੀ ਇਹ ਘਾਟੇ ਹਨ। ਜੇ ਵਜ਼ੀਰ ਸਾਹਿਬ ਕਦੇ ਸਰਕਾਰ ਦੀਆਂ ਬੱਸਾਂ ਤੇ ਚੜ੍ਹੇ ਹੋਣ ਤਾਂ ਇਨਾਂ ਨੇ ਜ਼ਰੂਰ ਦੇਖਿਆ ਹੋਣਾ ਹੈ ਕਿ ਇਨਾਂ ਦੀਆਂ ਬੱਸਾਂ ਦਾ ਟਾਈਮ ਪਹਿਲਾਂ ਹੁੰਦਾ ਹੈ ਔਰ ਪ੍ਰਾਈਵੇਟ ਬੱਸਾਂ ਦਾ ਬਾਅਦ ਵਿਚ ਹੁੰਦਾ ਹੈ। ਇਹ ਆਪਣੀਆਂ ਬੱਸਾਂ ਖਾਲੀ ਹੀ ਭਜਾ ਕੇ ਲੈ ਜਾਂਦੇ ਹਨ ਔਰ ਪ੍ਰਾਈਵੇਟ ਬੱਸਾਂ ਵਾਲੇ ਪੈਸੇ ਬਣਾਉਂਦੇ ਹਨ। ਇਸ ਤਰੀਕੇ ਨਾਲ ਪੰਜਾਬ ਸਰਕਾਰ ਦੇ ਪੈਸੇ ਦਾ ਨੁਕਸਾਨ ਹੋ ਰਿਹਾ ਹੈ। ਇਹ ਗੱਲਾਂ ਮਤੇ ਤਕ ਹੀ ਸੀਮਤ ਨਹੀਂ ਹੋਣੀਆਂ ਚਾਹੀਦੀਆਂ ਮਤੇ ਵੀ ਤੁਹਾਡੇ ਵੱਲੋਂ ਹੀ ਹੁੰਦੇ ਹਨ। ਇਹ ਵੀ ਸਰਕਾਰ ਦੇ ਨੁਮਾਇੰਦਿਆਂ ਵਲੋਂ ਹੀ ਆਇਆ ਹੈ ਔਰ ਇਹ ਸਰਬ-ਸੰਮਤੀ ਨਾਲ ਪਾਸ ਕੀਤੇ ਜਾਂਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਦਾ ਇਲਾਜ ਇੱਕੋ ਹੀ ਹੈ ਕਿ ਟਰਾਂਸਪੋਰਟ ਮਨਿਸਟਰ ਸਾਹਿਬ ਇਸ ਤੇ ਵਿਚਾਰ ਕਰਨ, ਜੇ ਇਹ ਟਰਾਂਸਪੋਰਟ ਦੇ ਅੰਦਰ ਕੋਈ ਸੁਧਾਰ ਲਿਆਉਣਾ ਚਾਹੁੰਦੇ ਹਨ । ਇਸ ਤੋਂ ਇਲਾਵਾ ਹੋਰ ਕੋਈ ਇਲਾਜ ਨਹੀਂ। ਚਾਹੇ ਸਰਕਾਰ ਪੰਜ ਸਾਲ ਲੱਗੀ ਰਹੇ, ਇਸ ਨਾਲ ਇੱਕ ਪਰਸੈਂਟ ਵੀ ਸੁਧਾਰ ਨਹੀਂ ਕਰ ਸਕਦੀ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਦੇ ਵਿੱਚ ਕਾਰਾਂ ਵਾਲਿਆਂ ਨੂੰ ਵੀ ਇਨਕਲੂਡ ਕਰ ਲਓ। ਗੱਡੀਆਂ ਦੇ ਨਾਲ ਇਨ੍ਹਾਂ ਨੂੰ ਵੀ ਸ਼ਾਮਲ ਕਰ ਲੈਣਾ ਚਾਹੀਦਾ ਹੈ।

**ਰਾਜ ਮੰਤਰੀ, ਆਵਾਜਾਈ (ਸਰਦਾਰ ਅਵਤਾਰ ਸਿੰਘ ਗਟਵਾਲੀ)**: ਡਿਪਟੀ ਸਪੀਕਰ ਸਾਹਿਬ, ਮੋਟਰ ਵੈਹੀਕਲਜ਼ ਬਿਲ, 1983, ਜਿਹੜਾ ਕਿ ਅੱਜ ਹਾਊਸ ਵਿੱਚ ਲਿਆਂਦਾ ਗਿਆ ਹੈ, ਇਸ ਤੇ ਸਾਡੇ ਮਾਨਯੋਗ ਦੋਸਤਾਂ ਨੇ ਆਪਣੀ ਰਾਏ ਜ਼ਾਹਿਰ ਕੀਤੀ ਹੈ । ਮੈਂ ਸਾਰੇ ਸੱਜਣਾਂ ਨੂੰ, ਸਰਦਾਰ ਦਿਲਬਾਗ ਸਿੰਘ ਤੋਂ ਲੈ ਕੇ ਚੱਤਰੱਥ ਜੀ, ਪ੍ਰੋਫੈਸਰ ਬਲਵੰਤ ਸਿੰਘ ਅਤੇ ਕਾਮਰੇਡ ਬਲਦੇਵ ਸਿੰਘ ਲੁੰਬਾ ਨੂੰ ਬੜੇ ਧਿਆਨ ਨਾਲ ਸੁਣਿਆ ਹੈ। ਇਸ ਵੇਲੇ ਮਸਲਾ ਸਾਡੇ ਸਾਹਮਣੇ ਸੀ ਕਿ ਜੋ ਅਮੈਂਡਮੈਂਟ ਇਸ ਬਿਲ ਵਿਚ ਪਰੋਪੋਜ਼ ਕੀਤੀ ਗਈ ਹੈ ਸੈਕਸ਼ਨ 24 ਦੇ ਤਹਿਤ ਮੋਟਰ ਵੈਹੀਕਲਜ਼ ਐਕਟ ਦੇ ਅੰਦਰ ਇੱਕ ਤਾਕਤ ਇਮਪਾਵਰ ਕੀਤੀ ਗਈ ਇਸ ਨਾਲ ਸਰਕਾਰ ਨੂੰ ਕਿ ਉਹ ਕੋਈ ਮੋਟਰ ਵੈਹੀਕਲਜ਼ ਜਿਹੜੀ ਆਪਣਾ ਟੈਕਸ ਪੇਅ ਨਹੀਂ ਕਰਦੀ ਉਸ ਦੇ ਉਤੇ ਪੈਨਲਟੀ ਲਾ ਕੇ ਉਸ ਤੋਂ ਟੈਕਸ ਵਸੂਲ ਕਰ ਸਕਦੀ ਹੈ ਔਰ ਉਹ ਪੈਨਲਟੀ ਜਿਹੜੀ ਪਰੋਵਾਈਡ ਕੀਤੀ ਗਈ ਹੈ ਉਹ 200% ਤੱਕ ਹੈ। ਡਿਸਟ੍ਰਿਕਟ ਅਫ਼ਸਰ ਨੂੰ ਟਰਾਂਸਪੋਰਟ ਦੇ ਜਿਸ ਅਧਿਕਾਰੀ ਨੂੰ ਟੈਕਸ ਉਗਰਾਹੁਣ ਦਾ ਅਧਿਕਾਰ ਹੈ ਉਸ ਨੂੰ ਇਹ ਪਾਵਰਜ਼ ਦਿੱਤੀਆਂ ਗਈਆਂ ਹਨ ਕਿ ਉਹ 200% ਤੱਕ ਉਸ ਤੋਂ ਪੈਨਲਟੀ ਲੈ ਸਕਦਾ ਹੈ । ਸਾਰੇ ਦੋਸਤਾਂ ਨੇ ਵੀ ਇਤਰਾਜ਼ ਕੀਤਾ ਹੈ, ਸਰਦਾਰ ਦਿਲਬਾਗ ਸਿੰਘ ਨੇ ਵੀ ਕਿਹਾ ਹੈ ਕਿ ਕਾਰਾਂ ਵਾਲਿਆਂ ਨੂੰ ਇਸ ਵਿਚੋਂ ਐਗਜ਼ੈਂਪਟ ਕੀਤਾ ਗਿਆ ਹੈ। ਮੈਂ ਬੜੀ ਹੀ ਨਿਮਰਤਾ ਨਾਲ ਇਹ ਕਹਾਂਗਾ ਕਿ ਕਿਸੇ ਨੂੰ ਵੀ ਐਗਜ਼ੈਂਪਟ ਨਹੀਂ ਕੀਤਾ ਗਿਆ । ਕਾਰਾਂ ਵਾਲਿਆਂ ਤੇ ਵੀ ਟਾਈਮ ਲੱਗ ਸਕਦਾ ਹੈ, ਪੈਨਲਟੀ ਲੱਗ ਸਕਦੀ ਹੈ ਔਰ 200% ਤੱਕ ਹੀ ਲਗ ਸਕਦੀ ਹੈ। ਉਨ੍ਹਾਂ ਨੂੰ ਵੀ ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ। ਸਾਡੇ ਮਾਨਯੋਗ ਮੈਂਬਰਾਂ ਨੇ ਬੜਾ ਕਿਹਾ ਹੈ ਕਿ ਮੈਨੂੰ ਇਕ ਵਜ਼ੀਰ ਦੇ ਬਾਰੇ ਪਤਾ ਹੈ ਜਿਨ੍ਹਾਂ ਦੀਆਂ ਕਾਰਾਂ ਹਨ ਜਾਂ ਉਸ ਦੇ ਘਰ ਵਾਲੇ ਪਾਸ ਹੈ ਜਾਂ ਉਸ ਦੇ ਬੱਚਿਆਂ ਪਾਸ ਹੈ ਇਸ ਤਰ੍ਹਾਂ ਕਰਕੇ ਉਹਨਾਂ ਨੇ 8/10 ਕਾਰਾਂ ਗਿਣੀਆਂ ਹਨ। ਪਰ, ਡਿਪਟੀ ਸਪੀਕਰ ਸਾਹਿਬ, ਮੈਨੂੰ ਤਾਂ ਨਹੀਂ ਲਗਦਾ ਕਿ ਇਸ ਪੰਜਾਬ ਦੀ ਸਰਕਾਰ ਦੇ ਵਿਚ ਕੋਈ ਵੀ ਅਜਿਹਾ ਵਜ਼ੀਰ ਹੋਵੇ ਜਿਸ ਦੇ ਪਾਸ 8/10 ਕਾਰਾਂ ਹੋਣ। ਲੇਕਿਨ ਸ਼ਾਇਦ ਕੋਈ ਹੋ ਸਕਦਾ ਹੈ ਸਾਡੇ ਐਮ. ਐਲ. ਏਜ਼ ਦੇ ਵਿਚ ਹੋਵੇ ਜਾਂ ਫਿਰ ਇਨ੍ਹਾਂ ਨੂੰ ਕੋਈ ਤਜਰਬਾ ਹੋਵੇ ਬਾਹਰ ਦਾ ਫਿਰ ਤਾਂ ਮੈਂ ਕੁਝ ਕਹਿ ਨਹੀਂ ਸਕਦਾ। ਐਸੀ ਕੋਈ ਗੱਲ ਨਹੀਂ ਕਿ ਕੋਈ ਸੱਜਣ ਡਿਫਾਲਟ ਕਰੇ ਤਾਂ ਅਸੀਂ ਉਸਤੋਂ ਟੈਕਸ ਨਾ

Original with;
Punjab Vidhan Sabha
Digitized by;
Panjab Digital Library

ਲਈਏ। ਝਗੜਾ ਜਿਹੜਾ ਅੱਜ ਸੀ ਉਹ ਸਿਰਫ ਇਕ ਹੀ ਗੱਲ ਤੇ ਸੀ ਕਿ ਜਿਹੜੇ ਪਬਲਿਕ ਕੇਰੀਅਰ ਦਾ ਕੰਮ ਕਰਦੇ ਹਨ, ਜਿਨ੍ਹਾਂ ਨੂੰ ਅਸੀਂ ਟਰਾਂਸਪੋਰਟ ਵਹੀਕਲਜ਼ ਕਹਿੰਦੇ ਹਾਂ ਉਸਦੇ ਵਿੱਚ ਕਾਫੀ ਸਾਰੇ ਪ੍ਰਾਈਵਟ ਆਪਰੇਟਰ ਵੀ ਹਨ ਰੋਡਵੇਜ਼ ਵੀ ਹੈ। ਟਰੱਕਾਂ ਵਾਲੇ ਵੀ ਇਸ ਵਿੱਚ ਆਉਂਦੇ ਹਨ-- ਮਸਲਾ ਹੈ ਵਪਾਰੀ ਆਦਮੀ ਦਾ ਉਹਨਾਂ ਦਾ ਟੈਕਸ ਕਿਵੇਂ ਆਏਗਾ। ਕਈ ਵਾਰੀ ਵਪਾਰੀ ਸੱਜਣ ਹਿਸਾਬ ਲਾ ਕੇ ਕਹਿੰਦੇ ਹਨ ਕਿ ਸਾਡੇ ਕੋਲ 4/6 ਮਹੀਨਿਆਂ ਦਾ ਪਰਮਿਟ ਹੈ ਅਸੀਂ ਟੈਕਸ ਡੀਲੇਅ ਕਰ ਲਈਏ ਅਸੀਂ ਕੋਈ ਨਾ ਕੋਈ ਅਜਿਹਾ ਰਸਤਾ ਅਖਤਿਆਰ ਕਰ ਲਈਏ ਜਿਸ ਨਾਲ ਟੈਕਸ ਨਾ ਦੇਣਾ ਪਵੇ ਉਹ ਬੈਂਕ ਦਾ ਹਿਸਾਬ ਲਾਉਂਦੇ ਹਨ। ਅਸੀਂ ਉਹਨਾਂ ਦੀ ਪੈਨਲਟੀ ਨਹੀਂ ਲੈਂਦੇ ਚਲੋ ਅਸੀਂ ਕਿਹਾ ਸੀ ਚੰਗਾ। ਜਿਹੜਾ ਆਪਣੀ ਮਿਹਨਤ ਨਾਲ, ਮਜ਼ਦੂਰੀ ਕਰਕੇ, ਵੇਲੇ ਸਿਰ ਆਪਣੇ ਟੈਕਸ ਅਦਾ ਕਰੇ ਆਪਣਾ ਕਾਰੋਬਾਰ ਇਮਾਨਦਾਰੀ ਨਾਲ ਕਰਨਾ ਚਾਹੁੰਦਾ ਹੋਵੇ ਸਰਕਾਰ ਨੂੰ ਉਸ ਨਾਲ ਕੋਈ ਇਤਰਾਜ਼ ਨਹੀਂ। ਸਰਕਾਰ ਨੂੰ ਹਮੇਸ਼ਾ ਉਹਨਾਂ ਲੋਕਾਂ ਨਾਲ ਹਮਦਰਦੀ ਹੈ ਜਿਹੜੇ ਇਮਾਨਦਾਰੀ ਨਾਲ, ਮਿਹਨਤ ਨਾਲ ਔਰ ਦੇਸ਼ ਦੇ ਕਾਨੂੰਨ ਦੇ ਨਾਲ ਚੱਲ ਕੇ ਆਪਣਾ ਰੋਜ਼ਗਾਰ ਚਲਾਉਂਦੇ ਹਨ। ਇਥੇ ਮੇਰੇ ਦੋਸਤਾਂ ਨੇ ਕਿਹਾ ਕਿ ਕਾਫੀ ਸਾਰੀਆਂ ਅਸੀਂ ਚਿੱਠੀਆਂ ਲਿਖੀਆਂ ਮੈਂ ਕਹਿੰਦਾ ਹਾਂ ਕਿ ਮੀਟਿੰਗਾਂ ਵੀ ਹੋਈਆਂ ਲੇਕਿਨ ਇੱਕ ਗਲ ਦਾ ਪਤਾ ਨਹੀਂ ਉਹ ਕਹਿਣ ਤੋਂ ਕਿਉਂ ਸੰਕੋਚ ਕਰ ਗਏ ਜਿਹੜੀ ਗੱਲ ਅਸੀਂ ਕੀਤੀ ਉਹਨਾਂ ਨੂੰ ਉਹ ਛੱਡ ਗਏ ਹਨ ਜਿਹੜੀ ਨਹੀਂ ਹੋ ਸਕਦੀ ਜਾਂ ਇੰਟਰ ਡਿਪਾਰਟਮੈਂਟਲ ਸੀ ਉਹਨਾਂ ਦੇ ਬਾਰੇ ਉਹਨਾਂ ਨੇ ਜ਼ਰੂਰ ਜ਼ਿਕਰ ਕੀਤਾ ਹੈ। ਮੈਂ ਇਹ ਕਹਾਂਗਾ ਕਿ ਉਹਨਾਂ ਨੂੰ ਪ੍ਰਾਈਵੇਟ ਆਪਰੇਟਰਜ਼ ਨੇ ਰੀਪ੍ਰੀਜੈਂਟੇਸ਼ਨ ਕੀਤੀ ਕਿ ਸਾਡੇ ਜਿਹੜੇ ਟੈਕਸ ਹਨ ਉਹ ਸੁਪਰੀਮ ਕੋਰਟ ਦੇ ਵਿਚ ਸਾਡਾ ਝਗੜਾ ਚਲਦਾ ਸੀ ਉਹ ਐਨਾ ਅਕਿਊਮੂਲੇਟ ਹੋ ਗਿਆ ਕਿ ਬਹੁਤ ਸਾਰੇ ਛੋਟੇ ਛੋਟੇ ਪ੍ਰਾਈਵੇਟ ਆਪਰੇਟਰਜ਼ ਉਸ ਨੂੰ ਦੇ ਨਹੀਂ ਸਕਦੇ। ਉਹਨਾਂ ਨੇ ਰੀ-ਪ੍ਰੀਜੈਂਟੇਸ਼ਨ ਕੀਤੀ ਕਿ ਸਰਕਾਰ ਇਸ ਦੀਆਂ ਕਿਸ਼ਤਾਂ ਕਰ ਲਏ । ਕਿਸ਼ਤਾਂ ਅਸੀਂ ਕਰਨ ਲਈ ਤਿਆਰ ਵੀ ਹੋ ਗਏ ਔਰ ਅਸੀਂ ਇਸ ਚੀਜ਼ ਦੀ ਉਹਨਾਂ ਨੂੰ ਇਨਟੀਮੇਸ਼ਨ ਵੀ ਕੀਤੀ ਹੈ। ਇਸ ਕਰਕੇ ਇਹ ਗਲ ਕਹਿਣਾ ਕਿ ਸਰਕਾਰ ਨੇ ਕੁਝ ਨਹੀਂ ਕੀਤਾ ਇਹ ਤੁਸੀਂ ਬਹੁਤ ਨਿਆਂ ਨਹੀਂ ਕਰਦੇ। ਡੈਮੋਕਰੇਸੀ ਵਿਚ ਹਮੇਸ਼ਾ ਸਰਕਾਰ ਲੋਕ ਰਾਜ ਵਿੱਚ ਵਿਸ਼ਵਾਸ ਰਖਦੀ ਹੈ। ਲੋਕਾਂ ਦੇ ਭਲੇ ਦਾ ਕੋਈ ਵੀ ਕੰਮ ਹੋਵੇ ਜਿਸ ਨਾਲ ਕਿਸੇ ਦਾ ਕੋਈ ਨੁਕਸਾਨ ਨ ਹੁੰਦਾ ਹੋਵੇ ਤਾਂ ਕੋਈ ਵੀ ਸਰਕਾਰ ਅਜਿਹੀ ਨਹੀਂ ਹੋ ਸਕਦੀ ਜਿਸ ਨੂੰ ਡੈਮੋਕਰੇਸੀ ਦੇ ਵਿੱਚ ਵਿਸ਼ਵਾਸ ਵੀ ਹੋਵੇ ਤੇ ਉਹ ਇਸ ਤੇ ਅਮਲ ਨਾ ਕਰੇ। ਬਹੁਤ ਸਾਰੇ ਦੋਸਤਾਂ ਨੇ ਇਥੇ ਕਿਹਾ ਕਿ ਪੁਲਿਸ ਜ਼ਿਆਦਤੀਆਂ ਕਰਦੀ ਹੈ ਔਰ ਹੋਰ ਜਿਹੜੇ ਬੇਰੀਅਰਜ਼ ਲਗਾਏ ਗਏ ਹਨ ਉਹਨਾਂ ਬਾਰੇ ਵੀ ਕਿਹਾ। ਮੈਂ ਕਹਿੰਦਾ ਹਾਂ ਬੜਾ ਚੰਗਾ ਹੁੰਦਾ ਪੰਜਾਬ ਐਪਰੋਪਰੀਏਸ਼ਨ ਬਿਲ ਜਿਸ ਵੇਲੇ ਪੇਸ਼ ਹੋਵੇਗਾ ਉਸ ਦੀਆਂ ਮੰਗਾਂ ਹੋਣਗੀਆਂ ਉਸ ਵੇਲੇ ਉਹ ਡਿਪਾਰਟਮੈਂਟ ਦੀਆਂ ਮੰਗਾਂ ਤੇ ਵੀ ਵਿਚਾਰ ਹੋਵੇ। ਬਹੁਤ ਚੰਗਾ ਹੁੰਦਾ ਜੇ ਉਹ ਸਾਰੀਆਂ ਗੱਲਾਂ ਉਸ ਦੇ ਵਿਚ ਲੈ ਆਉਂਦੇ।

**Shri Gopal Krishan Chatrath** : On a point of Order, Mr. Deputy Speaker. The Transport Minister is supposed to be protector of those who pay tax on vehicles. The Transport Minister must take steps to protect them from harassment. I have drawn his attention to this fact. I have not criticised him.

**ਰਾਜ ਮੰਤਰੀ,** ਆਵਾਜਾਈ: ਮੇਰੇ ਦੋਸਤ ਗਲਤ ਸਮਝ ਗਏ ਹਨ। ਮੈਂ ਨਹੀਂ ਕਹਿੰਦਾ ਕਿ ਇਹ ਨਾ ਕਹਿਣ।

**ਸਰਦਾਰ ਦਿਲਬਾਗ ਸਿੰਘ** : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ ਹਾਊਸ ਨੂੰ ਮਿਸਲੀਡ ਕਰ ਰਹੇ ਹਨ। ਇਹ ਜਿਹੜਾ ਐਕਟ ਹੈ 1924 ਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਿਲਬਾਗ ਸਿੰਘ]

ਇਹ 1939 ਵਿਚ ਅਮੈਂਡ ਹੋ ਗਿਆ ਹੈ। ਉਸ ਐਕਟ ਦੀ ਕਾਪੀ ਮੰਗਵਾ ਲਵੋ। ਉਸ ਵਿਚ ਪ੍ਰਾਈਵੇਟ ਕਾਰ ਨਹੀਂ ਆਉਂਦੀ। ਉਸ ਐਕਟ ਵਿਚ ਲਿਖਿਆ ਹੈ ਕਿ ਸਟੇਜ ਕੈਰਿਜ ਜਿਹੜੀ ਹਾਇਰ ਕਰਕੇ ਕਿਰਾਏ ਤੇ ਸਵਾਰੀਆਂ ਨੂੰ ਚੁੱਕਦੀ ਹੈ। ਫਿਰ ਉਸ ਵਿਚ ਮੋਟਰ ਕਾਰ ਹੈ ਜਿਹੜੀ ਟੈਕਸੀ ਹੋਵੇ। ਇਸ ਤੋਂ ਇਲਾਵਾ ਟਰੱਕ ਹਨ, ਜਿਹੜੇ ਭਾਰ ਢੋਂਦੇ ਹਨ। ਫਿਰ ਕੰਟਰੈਕਟ ਕੈਰੀਅਰ ਆਉਂਦਾ ਹੈ। ਇਸ ਵਿਚ ਪ੍ਰਾਈਵੇਟ ਕਾਰ ਬਾਰੇ ਦੱਸਣ, ਇਸ ਬਾਰੇ ਕਿਤੇ ਵੀ ਇਸ ਵਿਚ ਜ਼ਿਕਰ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਮਹਿਕਮੇ ਵਾਲਿਆਂ ਨੇ ਤਿਆਰ ਨਹੀਂ ਕੀਤਾ ਅਤੇ ਨਾ ਹੀ ਇਨ੍ਹਾਂ ਨੇ ਤਿਆਰੀ ਕੀਤੀ ਹੈ।

**ਰਾਜ ਮੰਤਰੀ, ਆਵਾਜਾਈ :** ਐਕਟ ਦੇ ਵਿਚ ਅਮੈਂਡਮੈਂਟ ਹੋ ਸਕਦੀ ਹੈ। ਫਿਰ ਵੀ ਮੈਂ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ 200% ਪੈਨਲਟੀ ਜਿਹੜੀ ਟ੍ਰਾਂਸਪੋਰਟ ਅਫ਼ਸਰ ਨੇ ਵਹੀਕਲ ਤੇ ਲਾਉਣੀ ਹੈ ਉਹ ਕਿਸੇ ਵੀ ਵਹੀਕਲ ਤੇ ਲਾ ਸਕਦਾ ਹੈ। 1924 ਦਾ ਐਕਟ ਜਿਹੜਾ ਹੈ ਉਸ ਦੇ ਵਿਚ ਹਰ ਵਹੀਕਲ ਤੇ ਇਹ ਲੇਵੀਏਬਲ ਹੈ ਅਤੇ ਉਸ ਵਿਚ ਅਮੈਂਡਮੈਂਟ ਐਨੀ ਕਰਦੇ ਹਾਂ ਕਿ 2% ਮਿਨੀਮਮ ਪਨੈਲਟੀ ਦੇ ਰੂਪ ਵਿਚ ਲਾਇਆ ਜਾਵੇ ਤਾਂਕਿ ਟੈਕਸ ਇਕੱਠਾ ਹੋ ਜਾਵੇ। ਇਸ ਕਿਸਮ ਦੀ ਪ੍ਰੋਵੀਜ਼ਨ ਮਹਾਰਾਸ਼ਟਰਾ ਮੋਟਰ ਵੇਹੀਕਲ ਐਕਟ ਵਿਚ ਅਮੈਂਡਮੈਂਟ ਵਜੋਂ ਹੋਈ ਹੈ। ਇਸ ਲਈ ਇਹ ਅਸੀਂ ਕੋਈ ਨਵੀਂ ਗਲ ਨਹੀਂ ਕੀਤੀ। ਜਿਹੜਾ ਚਤਰਥ ਜੀ ਨੇ ਕਿਹਾ ਹੈ ਸਾਡੀ ਐਜ਼ ਏ ਕੈਬਨਿਟ ਗੌਰਮਿੰਟ ਦੀ ਜੁਆਇੰਟ ਰਿਸਪਾਂਸੀਬਿਲਟੀ ਹੈ, ਕਿਸੇ ਕਿਸਮ ਦੀ ਪੰਜਾਬ ਦੇ ਲੋਕਾ ਨੂੰ ਤਕਲੀਫ ਹੋਵੇ ਤਾਂ ਅਸੀਂ ਉਨ੍ਹਾਂ ਦੀ ਰਾਖੀ ਕਰਨੀ ਹੈ। ਜੁਆਇੰਟ ਰਿਸਪਾਂਸੀਬਿਲਟੀ ਦੇ ਤੌਰ ਤੇ ਇਹ ਨਹੀਂ ਹੋ ਸਕਦਾ। ਕਿ ਅਸੀਂ ਉਨ੍ਹਾਂ ਦੀਆਂ ਤਕਲੀਫਾਂ ਨੂੰ ਨਾ ਦੇਖੀਏ।

ਪੁਲਿਸ ਦੀਆਂ ਵਧੀਕੀਆਂ ਬਾਰੇ ਜਿਹੜੀ ਗਲ ਕਹੀ ਗਈ ਹੈ, ਉਸ ਨੂੰ ਅਸੀਂ ਦੇਖ ਲਵਾਂਗੇ। ਮੈਂ ਇਸ ਵੇਲੇ ਐਨੀ ਬੇਨਤੀ ਕਰਾਂਗਾ ਕਿ ਪੈਨਲਿਟੀ ਅਸੀਂ ਕਿਸੇ ਇੰਡੀਵੀਜੁਅਲ ਤੇ ਨਹੀਂ ਲਾਈ ਅਸੀਂ 200% ਪਿਛੇ 2% ਫਿਕਸ ਕਰ ਦਿਤਾ ਹੈ। ਟ੍ਰਾਂਸਪੋਰਟ ਦਾ ਬਕਾਇਆ ਬਹੁਤ ਜ਼ਿਆਦਾ ਹੋ ਜਾਂਦਾ ਹੈ ਅਤੇ ਫਿਰ ਉਸ ਉਤੇ ਅਫ਼ਸਰ ਦੀ ਡਿਸਕਰੀਸ਼ਨ ਹੋ ਜਾਂਦੀ ਹੈ ਕਿ ਉਹ 200% ਲਾ ਦੇਵੇ ਜਾਂ ਇਕ ਦੋ ਰੁਪਏ ਲਾ ਦੇਵੇ। ਇਸ ਨੂੰ ਕੁਝ ਰੈਗੂਲੇਰਾਈਜ਼ ਕਰਨ ਵਾਸਤੇ, ਇਸਨੂੰ ਥੋੜ੍ਹੀ ਜਿਹੀ ਸੋਧ ਦੇਣ ਵਾਸਤੇ ਅਸੀਂ ਇਹ ਸਟੈਪ ਲਿਆ ਹੈ। ਮੈਂ ਗੁਜ਼ਾਰਿਸ਼ ਕਰਾਂਗਾ ਕਿ ਬਹੁਤੇ ਮੈਂਬਰਾਂ ਨੇ ਇਸ ਤੇ ਇਤਰਾਜ਼ ਹੀ ਨਹੀਂ ਕੀਤਾ, ਹੋਰ ਗੱਲਾਂ ਵੀ ਉਨ੍ਹਾਂ ਨੇ ਕਹੀਆਂ ਹਨ। ਮੈਂ ਇਸ ਕੈਬਨਿਟ ਦਾ ਮੈਂਬਰ ਹੁੰਦੇ ਹੋਏ, ਇਸ ਹਾਊਸ ਵਿਚ ਜਵਾਬਦੇਹ ਹੁੰਦੇ ਹੋਏ ਗੁਜ਼ਾਰਿਸ਼ ਕਰਾਂਗਾ ਕਿ ਅਸੀਂ ਉਨ੍ਹਾਂ ਦੀਆਂ ਗਲਾਂ ਨੂੰ ਜ਼ਰੂਰ ਧਿਆਨ ਵਿਚ ਰਖਾਂਗੇ।

**ਮਾਸਟਰ ਬਾਬੂ ਸਿੰਘ :** ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਇਕ ਢੀਂਡਸਾ ਟ੍ਰਾਂਸਪੋਰਟ ਚਲਦੀ ਹੈ, ਜਿਸ ਦੇ ਨਾਲ ਬਹੁਤ ਐਕਸੀਡੈਂਟਸ ਹੁੰਦੇ ਹਨ। ਇਸ ਵਿਚ ਸੁਧਾਰ ਕਰਨ ਵਾਸਤੇ ਕੀ ਇਹ ਉਸ ਉਤੇ ਰੋਸ਼ਨੀ ਪਾਉਣਗੇ ?

**ਸ੍ਰੀ ਗੁਰਦਿਆਲ ਸੈਣੀ :** ਪੁਆਇੰਟ ਆਫ ਆਰਡਰ ਸਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਜਿਹੜਾ ਇਨ੍ਹਾਂ ਨੇ ਵਧਾਉਣਾ ਹੈ, ਕੀ ਇਹ ਥਰੀ ਵ੍ਹੀਲਰ ਤੇ ਲਾਗੂ ਹੋਵਗਾ ?

**ਰਾਜ ਮੰਤਰੀ, ਆਵਾਜਾਈ :** ਮਾਸਟਰ ਜੀ ਨੇ ਜਿਹੜਾ ਕੁਐਸਚਨ ਰੇਜ਼ ਕੀਤਾ ਹੈ, ਢੀਂਡਸਾ ਟਰਾਂਸਪੋਰਟ ਬਾਰੇ, ਜਿਥੋਂ ਤਕ ਮੇਰੀ ਨਾਲਿਜ ਹੈ ਇਹ ਉਨ੍ਹਾਂ ਵਹੀਕਲਜ਼ ਨੂੰ ਰੈਫਰ ਕਰਦੇ

Original with;
Punjab Vidhan Sabha
Digitized by;
Panjab Digital Library

ਹਨ ਜਿਹੜੇ ਲੋਕਾਂ ਨੂੰ ਪੁਰਾਣੀਆਂ ਜੀਪਾਂ ਲੈ ਕੇ ਉਨ੍ਹਾਂ ਵਿਚ ਆਪਣੇ ਆਦਮੀ ਢੋਂਦੇ ਹਨ ਜਾਂ ਫਿਰ ਪੱਠੇ ਢੋਣ ਲਈ ਵਰਤਦੇ ਹਨ ਜਾਂ ਫਿਰ ਆਪਣੀਆਂ ਸਵਾਰੀਆਂ ਦੇ ਆਉਣ ਜਾਣ ਲਈ ਵਰਤਦੇ ਹਨ । ਜਦ ਇਸ ਕਿਸਮ ਦੀ ਲੋੜ ਪੰਜਾਬ ਵਿਚ ਮਹਿਸੂਸ ਹੋਈ ਤਾਂ ਅਸੀਂ ਇਸ ਨੂੰ ਕਾਫੀ ਜ਼ਿਆਦਾ ਘੋਖਿਆ । ਅਸੀਂ ਪੰਜਾਬ ਵਿਚ ਮਿੰਨੀ ਬੱਸ ਸਰਵਿਸ ਲਾਗੂ ਕੀਤੀ ਹੈ । ਉਸ ਦੇ ਅਸੀਂ 31 ਦੇ ਕਰੀਬ ਪਰਮਿਟ ਇਸ਼ੂ ਕੀਤੇ ਸਨ । ਕੁਝ ਹੋਰ ਵੀ ਜਗ੍ਹਾ ਤੋਂ ਲੋਕਾਂ ਤੋਂ ਅਰਜ਼ੀਆਂ ਮੰਗੀਆਂ ਹਨ ਅਤੇ ਉਨ੍ਹਾਂ ਦੀ ਹੀਅਰਿੰਗ ਹੋ ਗਈ ਹੈ । ਇਸ ਤਰ੍ਹਾਂ ਮਿੰਨੀ ਬੱਸ ਸੇਵਾ ਚਾਲੂ ਹੋਣ ਨਾਲ ਲੋਕਾਂ ਨੂੰ ਆਉਣ ਜਾਣ ਵਿਚ ਬੜੀ ਸੁਵਿਧਾ ਹੋਵੇਗੀ । (ਵਿਘਨ) ਉਸ ਦਾ ਨਾਮ ਇਹ ਢੀਂਡਸਾ ਟਰਾਂਸਪੋਰਟ ਰੱਖ ਲੈਣ ਜਾਂ ਮਾਸਟਰ ਟਰਾਂਸਪੋਰਟ ਰੱਖ ਲੈਣ, ਇਹ ਇਨ੍ਹਾਂ ਦੀ ਮਰਜ਼ੀ ਹੈ । ਪਰ ਮੈਂ ਐਨੀ ਬੇਨਤੀ ਕਰਾਂਗਾ ਕਿ ਅਸੀਂ ਉਨ੍ਹਾਂ ਨੂੰ ਰੈਗੂਲੇਰਾਈਜ਼ ਕਰ ਰਹੇ ਹਾਂ। ਉਨ੍ਹਾਂ ਬੱਸਾਂ ਵਿਚ 14 ਤੋਂ 30 ਸਵਾਰੀਆਂ ਦੀ ਪ੍ਰੋਵੀਜ਼ਨ ਕੀਤੀ ਗਈ ਹੈ ਤਾ ਕਿ ਲੋਕਾਂ ਨੂੰ ਛੋਟੀਆਂ ਥਾਵਾਂ ਤੋਂ ਆਉਣ ਜਾਣ ਵਿਚ ਸਹੂਲਤ ਦੇ ਸਕੀਏ ।

ਸੈਣੀ ਜੀ ਨੇ ਥਰੀ ਵ੍ਹੀਲਰ ਦੀ ਗਲ ਕੀਤੀ ਸੀ। ਇਹ ਜਿਹੜਾ ਥਰੀ ਵ੍ਹੀਲਰ ਹੈ ਉਸ ਉਤੇ ਕੋਈ ਨਵਾਂ ਟੈਕਸ ਨਹੀਂ ਲਾਉਣ ਲਗੇ । ਕੋਈ ਨਵੀਂ ਗਲ ਨਹੀਂ ਕਰਨ ਲਗੇ। 200% ਤਕ ਅਸੀਂ ਉਸ ਨੂੰ ਪਨੈਲਿਟੀ ਲਾ ਸਕਦੇ ਹਾਂ । ਜੇ 2% ਉਸ ਉਤੇ ਲਾਈ ਹੈ ਤਾਂ ਉਹ ਆਪਣੇ ਟਾਈਮ ਤੇ ਭਰਦਾ ਰਹੇ । ਇਹ ਸਾਰੇ ਵਹੀਕਲਜ਼ ਤੇ ਲਗ ਸਕਦਾ ਹੈ। ਫਿਰ ਕਾਰਾਂ ਦੇ ਬਾਰੇ ਕਿਹਾ ਗਿਆ ਅਸੀਂ ਉਸ ਨੂੰ ਐਗਜ਼ਾਮਿਨ ਨਹੀਂ ਕੀਤਾ । ਉਨ੍ਹਾਂ ਨੂੰ ਟੈਕਸ ਪਨੈਲਿਟੀ ਵੀ ਲਗਦੀ ਹੈ । ਸਾਡੇ ਟਰਾਂਸਪੋਰਟ ਅਫ਼ਸਰ ਜਿਹੜੇ ਟੈਕਸ ਉਗਰਾਉਂਦੇ ਹਨ, ਉਹ 200% ਤਕ ਪਨੈਲਿਟੀ ਲਾ ਸਕਦੇ ਹਨ । ਮੈਂ ਐਨੀ ਪ੍ਰਾਰਥਨਾ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਦੋਸਤਾਂ ਨੂੰ ਕਰਾਂਗਾ ਕਿ ਇਸ ਵਿਚ ਕੋਈ ਬਾਰ ਲਿਮਟ ਨਹੀਂ ਕੀਤੀ ਕਿ ਉਹ ਕਾਰ ਨੂੰ ਪਨੈਲਿਟੀ ਨਹੀਂ ਲਾ ਸਕਦੇ ਪਰ ਮਿਨੀਮਮ ਪ੍ਰੋਵਾਈਡ ਕੀਤਾ ਹੈ। ਮੈਂ ਬੇਨਤੀ ਕਰਾਂਗਾ ਕਿ ਹਾਊਸ ਇਸ ਨੂੰ ਅਪਰੂਵ ਕਰੇ ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਡਿਪਟੀ ਸਪੀਕਰ ਸਾਹਿਬ, ਮੈਂ ਇਕ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ। ਇਨ੍ਹਾਂ ਨੇ ਕਿਹਾ ਹੈ ਕਿ ਪ੍ਰਾਈਵੇਟ ਕਾਰਾਂ ਨੂੰ ਵੀ ਲੈ ਸਕਦੇ ਹਾਂ । ਜਿਹੜਾ ਇਨ੍ਹਾਂ ਦੇ ਐਕਟ ਦੇ ਵਿਚ ਪ੍ਰੋਵੀਜ਼ਨ ਹੈ ਉਹ ਮੈਂ ਪੜ੍ਹ ਦਿੰਦਾ ਹਾਂ । ਸਬ-ਸੈਕਸ਼ਨ 25 ਆਫ ਸੈਕਸ਼ਨ 2 ਆਫ ਮੋਟਰ ਵਹੀਕਲਜ਼ ਐਕਟ, 1939 ਵਿਚ ਲਿਖਿਆ ਹੈ––

"Public service vehicle, means any motor vehicle used or adapted to be used for the carriage of passengers for hire or reward, and includes a motor-car, contract carriage and stage carriage."

ਇਥੇ ਪ੍ਰਾਈਵੇਟ ਕਾਰਾਂ ਦਾ ਟੈਕਸ ਨਾ ਦੇਣਾ ਭੀ ਸ਼ਾਮਲ ਕਰ ਲਿਆ ਜਾਵੇ । ਮੇਰੇ ਪਾਸ ਵੀ ਕਾਰ ਹੈ ਮੈਨੂੰ ਵੀ ਜੁਰਮਾਨਾ ਹੋਣਾ ਚਾਹੀਦਾ ਹੈ ਜੇ ਮੈਂ ਵੇਲੇ ਸਿਰ ਟੈਕਸ ਨਾ ਦੇ ਸਕਾਂ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਹਜ਼ਾਰਾਂ ਕਾਰਾਂ ਚਲ ਰਹੀਆਂ ਹਨ ਉਨ੍ਹਾਂ ਦੇ ਬਾਰੇ ਇਸ ਦੇ ਵਿੱਚ ਇਹ ਇਨਕਲੂਡ ਕਰ ਲੈਣ ।

**Mr. Deputy Speaker :** Question is—

That the Punjab Motor Vehicles Taxation (Amendment) Bill be taken into consideration at once.

*The Motion was carried.*

Original with;
Punjab Vidhan Sabha
Digitized by;
Panjab Digital Library

**Mr. Deputy Speaker** : Now the House will proceed to consider the Bill Cause by Clause.

CLAUSE 2

**Mr. Deputy Speaker:** Question is—

That Clause 2 stand part of the Bill.

*The Motion was carried.*

CLAUSE 3

**Mr. Deputy Speaker** : Quesion is—

That Cluase 3 stand part of the Bill.

*The Motion was carried.*

CLAUSE 1

**Mr. Deputy Speaker** : Question is—

That Clause 1 stand part of the Bill.

*The Motion was carried.*

**Title**

**Mr. Deputy Speaker** : Question is—

That Title be the title of the Bill.

*The Motion was carried.*

**Minister of State for Transport** (Sardar Avtar Singh Gatwali): Sir, I beg to move—

That the Punjab Motor Vehicles Taxation (Amndment) Bill be passed.

**Mr. Deputy Speaker** : Motion moved—

That the Punjab Motor Vehicles Taxation (Amendment) Bill be passed.

**Mr. Deputy Speaker** : Question is—

That the Punjab Motor Vehicles Taxation (Amendment) Bill be passed.

*The Motion was carried.*

---

THE PUNJAB MUNICIPAL (AMENDMENT) BILL, 1983

**Local Government Minister** (Shri Sardari Lal Kapur) : Sir, I beg to introduce the Punjab Municipal (Amendment) Bill.

Sir, I also beg to move—

That the Punjab Municipal (Amendment) Bill be taken into consideration at once.

Original with;
Punjab Vidhan Sabha
Digitized by;
Panjab Digital Library

**Mr. Deputy Speaker :** Motion moved—

That the Punjab Municipal (Amendment) Bill be taken into consideration at once.

**ਸ੍ਰੀ ਓਮ ਪ੍ਰਕਾਸ਼ ਗੁਪਤਾ** (ਲੁਧਿਆਣਾ ਪੂਰਬੀ) : ਡਿਪਟੀ ਸਪੀਕਰ ਸਾਹਿਬ, ਪੰਜਾਬ ਮਿਉਂਸਪਲ (ਅਮੈਂਡਮੈਂਟ) ਬਿਲ, 1983 ਸਰਕਾਰ ਵਲੋਂ ਲਿਆਂਦਾ ਗਿਆ ਹੈ । ਇਸ ਦੇ ਰਾਹੀਂ ਕੁਝ ਧਾਰਾਂਵਾਂ ਅਮੈਂਡ ਕੀਤੀਆਂ ਗਈਆਂ ਹਨ ਇਸ ਐਕਟ ਦੇ ਐਗਜ਼ਿਸਟਿੰਗ ਪ੍ਰੋਵੀਜ਼ਨ ਦੇ ਸੈਕਸ਼ਨ 10 ਦੀਆਂ । ਇਨ੍ਹਾਂ ਨੇ ਇਕ ਕਮੇਟੀ ਨਰੋਟ ਜੈਮਲ ਸਿੰਘ ਬਿਲਕੁਲ ਖਤਮ ਕਰ ਦਿਤੀ ਸੀ । ਉਸ ਦੇ ਲਈ ਹਾਈ ਕੋਰਟ ਦੇ ਵਿਚ ਮਿਉਂਸਪਲ ਕਮੇਟੀ, ਨਰੋਟ ਜੈਮਲ ਸਿੰਘ ਵਲੋਂ ਰਿੱਟ ਕੀਤੀ ਗਈ ਅਤੇ ਉਹ ਰਿੱਟ ਹਾਈ ਕੋਰਟ ਵਲੋਂ ਐਕਸੈਪਟ ਕਰ ਲਈ ਗਈ ਅਤੇ ਇਸ ਦੇ ਵਿਚ ਸਰਕਾਰ ਦੇ ਖਿਲਾਫ਼ ਸੁਪਰੀਮ ਕੋਰਟ ਦੇ ਵਿਚ ਫ਼ੈਸਲਾ ਹੋਇਆ । ਇਹ ਠੀਕ ਹੈ ਕਿ ਇਹ ਸਰਕਾਰ ਦਾ ਕਦੇ ਮਨਸ਼ਾ ਨਹੀਂ ਹੈ ਕਿ ਸ਼ਹਿਰਾਂ ਦੇ ਨਾਲ ਵਿਤਕਰਾ ਕੀਤਾ ਜਾਵੇ ਲੇਕਿਨ ਇਸ ਅਮੈਂਡਮੈਂਟ ਤੋਂ ਨਜ਼ਰ ਆਉਂਦਾ ਹੈ ਕਿ ਹੌਲੀ ਹੌਲੀ ਇਨ੍ਹਾਂ ਨੇ ਕਈ ਕਮੇਟੀਆਂ ਤੋੜਨੀਆਂ ਹਨ ਤਾਂ ਹੀ ਇਹ ਇਤਨਾ ਵੱਡਾ ਬਿਲ ਲਿਆਂਦਾ ਹੈ । ਮਿਉਂਸਪਲ ਕਮੇਟੀਆਂ ਸ਼ਹਿਰਾਂ ਦੀ ਡਿਵੈਲਪਮੈਂਟ ਵਾਸਤੇ ਸਰਕਾਰ ਨੇ ਬਣਾਈਆਂ ਹਨ । ਤੁਸੀਂ, ਡਿਪਟੀ ਸਪੀਕਰ ਸਾਹਿਬ, ਇਸ ਗਲ ਤੇ ਐਗਰੀ ਕਰੋਗੇ ਕਿ ਕਮੇਟੀਆਂ ਵਾਸਤੇ ਸਰਕਾਰ ਦੇ ਵਲੋਂ ਕਦੇ ਇਕ ਪੈਸਾ ਵੀ ਨਹੀਂ ਆਇਆ ਹੈ । ਉਸ ਨੇ ਸ਼ਹਿਰ ਦੀ ਡਿਵੈਲਪਮੈਂਟ ਕਰਨੀ ਹੁੰਦੀ ਹੈ ਅਤੇ ਉਸ ਦੇ ਲਈ ਖਰਚਾ ਕਰਨਾ ਹੁੰਦਾ ਹੈ ਔਰ ਉਸ ਦੇ ਲਈ ਟੈਕਸੇਸ਼ਨ ਕਿਸੇ ਨਾ ਕਿਸੇ ਸ਼ਕਲ ਵਿਚ ਉਸ ਦੀ ਆਪਣੀ ਆ ਜਾਂਦੀ ਹੈ । ਇਨ੍ਹਾਂ ਨੇ ਕਦੇ ਇਹ ਵੀ ਨਹੀਂ ਸੋਚਿਆ ਕਿ ਸ਼ਹਿਰਾਂ ਦੀ ਡੀਵੈਲਪਮੈਂਟ ਕਰਨੀ ਹੈ ਔਰ ਉਸ ਦੇ ਲਈ ਕੋਈ ਪੈਸਾ ਵੀ ਦੇਣਾ ਹੈ। ਜਿਹੜੀ-ਆਂ ਸਾਡੇ ਸ਼ਹਿਰਾਂ ਦੇ ਵਿੱਚ ਖਰਾਬੀਆਂ ਹਨ, ਸੜਕਾਂ ਟੁੱਟੀਆਂ ਹੋਈਆਂ ਹਨ, ਨਾਲੀਆਂ ਜਾਂ ਗਲੀਆਂ ਟੁੱਟੀਆਂ ਹੋਈਆਂ ਹਨ ਜਾਂ ਇਸ ਕਿਸਮ ਦੀਆਂ ਖਰਾਬੀਆਂ ਹਨ, ਉਨ੍ਹਾਂ ਵਲ ਕਦੇ ਧਿਆਨ ਨਹੀਂ ਦਿਤਾ । ਸ਼ਹਿਰਾਂ ਵਿਚ ਜੋ ਕਨਜੈਸ਼ਨ ਹੁੰਦੀ ਹੈ ਮੰਡੀਆਂ ਦੇ ਬਣਨ ਨਾਲ ਜਾਂ ਟਰਾਂਸਪੋਰਟ ਦੀਆਂ ਏਜੰਸੀਆਂ ਜਿਹੜੀਆਂ ਖੋਲ੍ਹੀਆਂ ਹਨ ਉਨ੍ਹਾਂ ਦੇ ਨਾਲ ਜੋ ਕਨਜੈਸ਼ਨ ਹੁੰਦੀ ਹੈ ਉਥੇ ਦਾ ਟੈਕਸ ਮਾਰਕਿਟ ਕਮੇਟੀ ਲੈ ਜਾਂਦੀ ਹੈ । ਕਦੇ ਸਰਕਾਰ ਨੇ ਕਿਸੇ ਮਾਰਕਿਟ ਕਮੇਟੀ ਤੋਂ ਕੋਈ ਹਿਸਾ ਨਹੀਂ ਦਿਵਾਇਆ ਕਮੇਟੀਆਂ ਨੂੰ ਤਾ ਕਿ ਕਮੇਟੀਆਂ ਚਲ ਸਕਣ । ਇਸ ਕਰ ਕੇ ਇਨ੍ਹਾਂ ਨੂੰ ਇਹ ਜ਼ਰੂਰਤ ਮਹਿਸੂਸ ਹੋਈ ਹੈ ਕਿ ਇਹ ਕਮੇਟੀ ਤੋੜੀ ਜਾਵੇ। ਬਜਾਏ ਤੋੜਨ ਦੇ ਇਨ੍ਹਾਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਨ੍ਹਾਂ ਕਮੇਟੀਆਂ ਨੂੰ ਕਿਸ ਤਰ੍ਹਾਂ ਚਲਾਉਣਾ ਹੈ, ਕਿਸ ਤਰ੍ਹਾਂ ਮਦਦ ਕਰਨੀ ਹੈ । ਫਿਰ ਕੋਈ ਆਲਟਰਨੇਟਿਵ ਨਹੀਂ ਕਿ ਜੇ ਇਕ ਕਮੇਟੀ ਤੋੜਨੀ ਹੈ ਤਾਂ ਉਸ ਇਲਾਕੇ ਦੀ ਡਿਵੈਲਪਮੈਂਟ ਦੀ ਕੌਣ ਜ਼ਿਮੇਵਾਰੀ ਲਵੇਗਾ, ਉਹ ਕਸਬਾ ਕਿਥੇ ਜਾਵੇਗਾ ਜਿਸ ਦੀ ਡਿਵੈਲਪਮੈਂਟ ਹੋਣੀ ਹੈ । ਡਿਪਟੀ ਸਪੀਕਰ ਸਾਹਿਬ, ਕਮੇਟੀ ਤੋੜਨੀ ਹੋਰ ਚੀਜ਼ ਹੈ ਔਰ ਐਕਟ ਦੇ ਪ੍ਰਵਿਊ ਵਿਚੋਂ ਕੱਢ ਦੇਣੀ ਹੋਰ ਗਲ ਹੈ । ਇਹ ਬੜੀ ਭਾਰੀ ਜ਼ਿਆਦਤੀ ਸ਼ਹਿਰੀ ਪਾਪੂਲੇਸ਼ਨ ਨਾਲ ਇਸ ਤਰ੍ਹਾਂ ਹੁੰਦੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿੱਚ ਲਿਆਉਣ ਲਗਾ ਹਾਂ ਕਿ ਸਾਡੇ ਲੁਧਿਆਣੇ ਵਿਚ ਮਿਉਂਸਪਲ ਕਮੇਟੀ ਬੜੀ ਸੋਹਣੀ ਚਲਦੀ ਪਈ ਸੀ ਔਰ ਉਥੇ ਬੜੀ ਅੱਛੀ ਡਿਵੈਲਪਮੈਂਟ ਹੋ ਰਹੀ ਸੀ । ਸਰਕਾਰ ਨੇ ਉਥੇ ਐਵੇਂ ਹੀ ਇਕ ਕਾਰਪੋਰੇਸ਼ਨ ਬਣਾ ਦਿਤੀ । ਮੈਂ ਤਾਂ ਸਮਝਦਾ ਹਾਂ ਕਿ ਕਾਰਪੋਰੇਸ਼ਨ ਤੋੜ ਕੇ ਕਮੇਟੀ ਬਣਾ ਦੇਣੀ ਚਾਹੀਦੀ ਹੈ ਕਿਉਂਕਿ ਸਰਕਾਰ ਨੇ ਇਕ ਧੇਲਾ ਨਹੀਂ ਦਿਤਾ । ਸਰਕਾਰ ਦੀ ਨੀਅਤ ਤਾਂ ਬੜੀ ਅੱਛੀ ਹੈ ਲੇਕਿਨ ਜਦੋਂ ਕੋਈ ਇਮਪਲੀਮੈਂਟੇਸ਼ਨ ਦਾ ਸਵਾਲ ਆਉਂਦਾ ਹੈ ਤਾਂ ਉਹ ਸਾਰੀ ਗਲ ਵਿਚੇ ਰਹਿ ਜਾਂਦੀ ਹੈ । ਕਮੇਟੀਆਂ ਦੇ ਵਿਚ ਕੁਰੱਪਸ਼ਨ ਬੜੀ ਹੈ । ਡਿਪਟੀ ਸਪੀਕਰ ਸਾਹਿਬ, ਸੈਂਟ ਪਰਸੈਂਟ ਰੈਵੇਨਿਊ ਵਿਚੋਂ 60% ਤਾਂ ਐਵੇਂ ਵੇਸਟ ਹੀ ਜਾਂਦਾ ਹੈ ਔਰ 30–35% ਤਨਖਾਹਾਂ ਵਗੈਰਾ ਤੇ ਲਗ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਜਾਂਦਾ ਹੈ, ਸਿਰਫ 5–10% ਡਿਵੈਲਪਮੈਂਟ ਤੇ ਲਗਦਾ ਹੈ। ਡਿਪਟੀ ਸਪੀਕਰ ਸਾਹਿਬ, 40–50 ਕੇਸਿਜ਼ ਐਸੇ ਪਏ ਹੋਣਗੇ ਜਿਨ੍ਹਾਂ ਦਾ ਕੋਈ ਫੈਸਲਾ ਨਹੀਂ ਹੋਇਆ। ਸਾਡੇ ਵਜ਼ੀਰ ਸਾਹਿਬ ਕੋਲ ਤਾਂ ਇਤਨੀ ਵੱਡੀ ਕੋਠੀ ਨਹੀਂ ਹੈ ਜਿਤਨੀਆਂ ਇਨਸਪੈਕਟਰਜ਼ ਕੋਲ ਕੋਠੀਆਂ ਹਨ। ਉਨ੍ਹਾਂ ਦੀਆਂ ਇਨਕੁਆ-ਇਰੀਆਂ ਹੋਈਆਂ ਹਨ ਔਰ ਇਨਕੁਆਇਰੀਆਂ ਹਸ਼ ਅਪ ਹੋ ਕੇ ਪਤਾ ਨਹੀਂ ਕਿਹੜੇ ਕੋਲਡ ਸਟੋਰ ਵਿੱਚ ਪਈਆਂ ਹਨ। ਅਜੇ ਤਕ ਕੁਝ ਨਹੀਂ ਦਸਿਆ ਗਿਆ।' ਇਹ ਇਨਕੁਆਇਰੀਆਂ ਜਿਨ੍ਹਾਂ ਦੇ ਖਿਲਾਫ਼ ਸੀ ਉਨ੍ਹਾਂ ਨੂੰ ਪਰਮੋਸ਼ਨਜ਼ ਦਿਤੀਆਂ ਜਾ ਰਹੀਆਂ ਹਨ ਔਰ ਉਨ੍ਹਾਂ ਨੂੰ ਬੜੀਆਂ ਚੰਗੀਆਂ ਥਾਵਾਂ ਤੇ ਲਾਇਆ ਜਾ ਰਿਹਾ ਹੈ। ਮੈਂ ਕਹਿੰਦਾ ਹਾਂ ਕਿ ਐਕਟ ਵਿਚ ਕੋਈ ਅੱਛੀ ਜਿਹੀ ਗਲ ਲੈ ਆਵੋ ਨਹੀਂ ਤਾਂ ਇਸ ਤਰ੍ਹਾਂ ਇਸ ਦਾ ਕੋਈ ਫਾਇਦਾ ਨਹੀਂ ਹੋਵੇਗਾ। ਸ਼ਹਿਰਾਂ ਦੀ ਡਿਵੈਲਪਮੈਂਟ ਬਿਲਕੁਲ ਰੁਕ ਗਈ ਹੈ। ਇਸ ਦੇ ਵਿਚ ਕਮੇਟੀਆਂ ਕਸੂਰਵਾਰ ਨਹੀਂ ਕਿਉਂਕਿ ਉਨ੍ਹਾਂ ਕੋਲ ਫੰਡਜ਼ ਹੀ ਨਹੀਂ। ਮਾਰਕਿਟ ਕਮੇਟੀਆਂ ਸਾਡੇ ਸ਼ਹਿਰਾਂ ਵਿਚੋਂ ਆ ਕੇ ਟੈਕਸ ਲੈ ਜਾਂਦੀਆਂ ਹਨ। ਸਾਰੀਆਂ ਸੜਕਾਂ ਗੱਡਿਆਂ ਨਾਲ, ਟਰੈਕਟਰਾਂ ਅਤੇ ਟਰਾਲੀਆਂ ਨਾਲ ਤੋੜੀਆਂ ਜਾਂਦੀਆਂ ਹਨ। ਅਸੀਂ ਚੌਧਰੀ ਸਾਹਿਬ ਨੂੰ ਕਿਹਾ ਕਿ ਠੀਕ ਕਰਵਾਓ ਪਰ ਉਹ ਕਹਿੰਦੇ ਹਨ ਕਿ ਕਿਸ ਤਰ੍ਹਾਂ ਠੀਕ ਕਰਵਾਈਏ। ਜਿਹੜੇ ਸਾਡੇ ਕਮੇਟੀਆਂ ਦੇ ਪੈਸੇ ਹਨ ਉਹ ਸਾਨੂੰ ਨਹੀਂ ਦਿਤੇ ਜਾਂਦੇ। ਅਗਰ ਉਹ ਦਿਤੇ ਜਾਣ ਤਾਂ ਸਰਕਾਰ ਨੂੰ ਕਿਸੇ ਕਮੇਟੀ ਨੂੰ ਤੋੜਨ ਦੀ ਨੌਬਤ ਤਕ ਨਾ ਆਵੇ।

ਡਿਪਟੀ ਸਪੀਕਰ ਸਾਹਿਬ, ਸਾਡੇ 1973 ਵਿਚ ਡੇਰੀਆਂ ਦਾ ਫੈਸਲਾ ਹੋਇਆ ਸੀ ਕਿ ਇਹ ਬਾਹਰ ਕੱਢ ਦਿਤੀਆਂ ਜਾਣ। ਇਹ ਅੱਛਾ ਫੈਸਲਾ ਸੀ ਕਿਉਂਕਿ ਘਰ ਘਰ ਵਿਚ ਡੰਗਰ ਹੋਣ ਨਾਲ ਬੜੀ ਗੰਦਗੀ ਫੈਲਦੀ ਹੈ। ਗੋਬਰ ਨਾਲੀਆਂ ਅਤੇ ਸੀਵਰ ਵਿਚ ਚਲਾ ਜਾਂਦਾ ਹੈ। ਇਨ੍ਹਾਂ ਡੇਰੀਆਂ ਵਾ-ਲਿਆਂ ਨੂੰ ਬਾਹਰ ਸ਼ੈਡਜ਼ ਬਣਾ ਕੇ ਦਿਤੇ ਜਿਨ੍ਹਾਂ ਤੇ 4 ਕਰੋੜ ਰੁਪਿਆ ਖਰਚ ਕੀਤਾ ਗਿਆ। 10 ਸਾਲ ਹੋ ਗਏ ਹਨ ਇਸ ਗਲ ਨੂੰ ਪਰ ਕਿਸੇ ਨਾ ਕਿਸੇ ਬਹਾਨੇ ਉਹ ਫੈਸਲਾ ਅਮਲ ਵਿਚ ਨਹੀਂ ਲਿਆਂਦਾ ਗਿਆ। ਮੈਂ ਥੋੜ੍ਹੀ ਜਿਹੀ ਗਲ ਅਖਬਾਰ ਵਿਚੋਂ ਪੜ੍ਹਨ ਲਗਾ ਹਾਂ।

**ਸ਼੍ਰੀ ਡਿਪਟੀ ਸਪੀਕਰ**: ਸਾਰਾ ਨਹੀਂ ਪੜ੍ਹਨਾ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ**: ਹੈਡਿੰਗ ਹੀ ਪੜ੍ਹਦਾ ਹਾਂ ਜੀ।

'ਏਕ ਮੰਤਰੀ ਡੇਰੀ ਵਾਲੋਂ ਕੋ ਸ਼ਹਿਰ ਸੇ ਬਾਹਰ ਨਾ ਜਾਨੇ ਕੋ ਉਕਸਾ ਰਹਾ ਹੈ।'

ਮਹਿਕਮੇਂ ਦਾ ਜਿਹੜਾ ਕਨਸਰਨਡ ਮੰਤਰੀ ਹੈ, ਉਸ ਦੇ ਖਿਲਾਫ਼ ਨਾਹਰੇ ਲਗਾਏ ਗਏ, ਉਸ ਦੇ ਖਿਲਾਫ਼ ਐਜੀਟੇਸ਼ਨ ਕਰਾਉਣ ਦੀ ਕੋਸ਼ਿਸ਼ ਹੋ ਰਹੀ ਹੈ, ਇਸ ਦੇ ਖਿਲਾਫ਼ ਘਰ ਜਾ ਕੇ ਪੱਥਰ ਮਾਰੇ ਗਏ, ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਇਹ ਸਰਕਾਰ ਕਿਸ ਤਰ੍ਹਾਂ ਚਲੇਗੀ। ਇਹ ਵੀ ਦਸੋ ਕਿ ਡਿਵੈਲਪਮੈਂਟ ਕਿਸ ਤਰ੍ਹਾਂ ਹੋਵੇਗੀ। ਮੈਂ ਕਹਿੰਦਾ ਹਾਂ ਕਿ ਇਹ ਕੰਮ ਇਕ ਵਜ਼ੀਰ ਸਾਹਿਬ ਨੂੰ ਸੰਭਾਲ ਦਿਓ ਤਾ ਕਿ ਡਿਵੈਲਪ-ਮੈਂਟ ਹੋ ਸਕੇ।

ਡਿਪਟੀ ਸਪੀਕਰ ਸਾਹਿਬ, ਸਾਡੇ 10 ਐਮ. ਐਲ. ਏ. ਹਨ ਸ਼ਹਿਰ ਵਿਚ ਉਨ੍ਹਾਂ ਵਿਚੋਂ ਸਿਰਫ਼ ਇਕ ਹੀ ਐਮ. ਐਲ. ਏ. ਇਸ ਦੀ ਮੁਖਾਲਫਤ ਕਰ ਰਿਹਾ ਹੈ ਬਾਕੀ 9 ਦੇ 9 ਕਹਿ ਰਹੇ ਹਨ ਕਿ ਇਹ ਡੇਰੀਆਂ ਬਾਹਰ ਚਲੀਆਂ ਜਾਣੀਆਂ ਚਾਹੀਦੀਆਂ ਹਨ। ਵੋਟਾਂ ਅਸੀਂ ਵੀ ਲੈਣੀਆਂ ਹਨ ਔਰ ਉਨ੍ਹਾਂ ਦੀ ਮੁਖਾਲਫਤ ਵੀ ਸਹਿਣੀ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਲਦੇਵ ਸਿੰਘ ਲੂੰਬਾ :** ਡਿਪਟੀ ਸਪੀਕਰ ਸਾਹਿਬ, ਇਹ ਆਪਣੀ ਸਪੀਚ ਨੂੰ ਬਿਲ ਦੇ ਮੁਤਾਬਕ ਰਖਣ । ਦੂਸਰੇ ਇਥੇ ਸਾਰੇ ਵਜ਼ੀਰ ਸਾਹਿਬ ਬੈਠੇ ਹਨ ਇਹ ਦੱਸਣ ਕਿ ਕਿਹੜੇ ਵਜ਼ੀਰ ਸਾਹਿਬ ਮੁਖਾਲਫਤ ਕਰ ਰਹੇ ਹਨ ?

**ਸ਼੍ਰੀ ਓਮ ਪ੍ਰਕਾਸ਼ ਗੁਪਤਾ :** ਡਿਪਟੀ ਸਪੀਕਰ ਸਾਹਿਬ, ਮਿਉਂਸਪਲ ਕਮੇਟੀ ਕਹਿੰਦੀ ਹੈ ਕਿ ਡੇਰੀਆਂ ਬਾਹਰ ਜਾਣੀਆਂ ਚਾਹੀਦੀਆਂ ਹਨ, ਲੋਕ ਕਹਿੰਦੇ ਹਨ ਕਿ ਇਹ ਬਾਹਰ ਜਾਣੀਆਂ ਚਾਹੀਦੀਆਂ ਹਨ, ਪਰ ਪਤਾ ਨਹੀਂ ਲੋਕਲ ਗੌਰਮਿੰਟ ਨੂੰ ਕੀ ਹੋਇਆ ਹੈ ਕਿ ਡੇਰੀਆਂ ਬਾਹਰ ਨਹੀਂ ਜਾਣ ਦਿੰਦੇ । ਅਗਰ ਉਹ 4 ਕਰੋੜ ਰੁਪਏ ਦੇ ਸ਼ੈਡਜ਼ ਨਾ ਬਣਾਉਂਦੇ ਤਾਂ ਸਾਰੇ ਸ਼ਹਿਰ ਦੀ ਡਿਵੈਲਪਮੈਂਟ ਹੋ ਜਾਣੀ ਸੀ। ਪੈਸਾ ਸਾਰਾ ਸ਼ੈਡਜ਼ ਤੇ ਲਗਾ ਦਿੱਤਾ ਹੁਣ ਸ਼ਹਿਰ ਦੀ ਸਾਰੀ ਡਿਵੈਲਪਮੈਂਟ ਰੁਕੀ ਪਈ ਹੈ । ਸ਼ਹਿਰ ਵਿਚ ਸਲੱਮ ਹੀ ਸਲੱਮ ਹੈ । ਨਾਲੀਆਂ ਬਣਨੀਆਂ ਹਨ ਤਾ ਕਿ ਪਾਣੀ ਡਰੇਨ ਆਊਟ ਹੋ ਜਾਏ ਪਰ ਪੈਸਾ ਨਹੀਂ ਹੈ । ਜਦ ਫੰਡਜ਼ ਹੀ ਨਹੀਂ ਹਨ ਪਤਾ ਨਹੀਂ ਫਿਰ ਲੋਕਲ ਬਾਡੀਜ਼ ਕਿਵੇਂ ਚਲਣ-ਗੀਆਂ । ਕੋਈ ਸਲੱਮ ਕਲੀਅਰੈਂਸ ਨਹੀਂ ਹੋ ਰਹੀ । ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਕਿਤੇ ਤਾਂ ਠੀਕ ਕਰਾ ਦਿਓ ।

ਆਖਰ ਵਿਚ ਮੇਰੀ ਇਹ ਬੇਨਤੀ ਹੈ ਕਿ ਇਹ ਜਿਹੜੇ ਐਕਟ ਬਣਦੇ ਹਨ ਜਾਂ ਕਾਨੂੰਨ ਬਣਦੇ ਹਨ ਇਹ ਪਬਲਿਕ ਦੀ ਬੇਹਤਰੀ ਵਾਸਤੇ ਬਣਦੇ ਹਨ, ਜੇਕਰ ਕੋਈ ਐਕਟ ਪਬਲਿਕ ਇੰਟਰੈਸਟ ਦੇ ਖਿਲਾਫ਼ ਹੋਵੇ ਤਾਂ ਉਸ ਦੀ ਕੋਈ ਲੋੜ ਨਹੀਂ ਹੈ । ਮਨਜ਼ੂਰੀ ਤਾਂ ਹੋਵੇਗੀ ਔਰ ਮੈਂ ਵੀ ਵਿਚ ਹੀ ਹੋਵਾਂਗਾ ਕਿਉਂਕਿ ਮੈਂ ਸਰਕਾਰ ਦਾ ਆਦਮੀ ਹਾਂ। ਵਜ਼ੀਰ ਸਾਹਿਬ ਇਹ ਦਸਣ ਕਿ ਇਹ ਜਿਹੜਾ ਸਾਡ ਨਾਲ ਵਿਤਕਰਾ ਹੋ ਰਿਹਾ ਹੈ ਆਇਆ ਇਹ ਦੂਰ ਹੋਵੇਗਾ ਜਾਂ ਨਹੀਂ।

**ਸ਼੍ਰੀ ਗੁਰਦਿਆਲ ਸੈਣੀ** (ਜਲੰਧਰ ਉਤਰੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਲਈ ਸਮਾਂ ਦਿਤਾ ਹੈ । ਇਹ ਬੜਾ ਅੱਛਾ ਬਿਲ ਹੈ ਜਿਹੜਾ ਕਪੂਰ ਸਾਹਿਬ ਨੇ ਲਿਆਂਦਾ ਹੈ। ਜਿਹੜੀਆਂ ਕਮੇਟੀਆਂ ਆਪਣਾ ਖਰਚਾ ਪੂਰਾ ਨਹੀਂ ਕਰ ਸਕਦੀਆਂ ਉਨ੍ਹਾਂ ਨੂੰ ਰਹਿਣ ਦਾ ਕੋਈ ਅਧਿਕਾਰ ਨਹੀਂ, ਪਰ ਮੈਂ ਕਹਿੰਦਾ ਹਾਂ ਕਿ ਜਿਹੜੀ ਵੀ ਕਮੇਟੀ ਸਰਕਾਰ ਨੇ ਤੋੜਨੀ ਹੈ ਉਹ ਕਮੇਟੀ ਤੋੜਨ ਤੋਂ ਪਹਿਲਾਂ ਵਜਾ ਬਿਆਨ ਨੋਟਿਸ ਦੇਣਾ ਚਾਹੀਦਾ ਹੈ। ਸਰਕਾਰ ਨੇ ਇਹ ਦਸੇ ਬਿਨਾ ਇਕ ਕਮੇਟੀ ਤੋੜ ਦਿੱਤੀ । ਕਮੇਟੀ ਹਾਈ ਕੋਰਟ ਗਈ ਫਿਰ ਸੁਪਰੀਮ ਕੋਰਟ ਵਿਚੋਂ ਜਿੱਤ ਕੇ ਆ ਗਈ । ਸਾਡਾ ਖਰਚਾ ਵੀ ਹੋਇਆ ਅਤੇ ਉਨ੍ਹਾਂ ਦਾ ਵੀ ਹੋਇਆ। ਜੇਕਰ ਕਮੇਟੀ ਨੂੰ ਤੋੜਨ ਤੋਂ ਪਹਿਲਾਂ ਨੋਟਿਸ ਦਿੱਤਾ ਗਿਆ ਹੁੰਦਾ ਤਾਂ ਸਾਡਾ ਵੀ ਖਰਚਾ ਬਚ ਜਾਣਾ ਸੀ ਅਤੇ ਉਨ੍ਹਾਂ ਦਾ ਵੀ। ਜਦੋਂ ਵੀ ਤੋੜੋ ਇਹ ਦਸੋ ਕਿ ਤੁਹਾਡਾ ਇਤਨਾ ਖਰਚਾ ਹੈ ਤੁਹਾਡਾ ਪੂਰਾ ਨਹੀਂ ਪੈ ਰਿਹਾ ਇਸ ਕਰਕੇ ਤੋੜ ਰਹੇ ਹਾਂ । ਠੀਕ ਹੈ ਇਹ ਅੱਛਾ ਬਿਲ ਹੈ ਤਾ ਕਿ ਨਾ ਸਰਕਾਰ ਦਾ ਖਰਚਾ ਹੋਵੇ ਅਤੇ ਨਾ ਕਮੇਟੀਆਂ ਦਾ ।

ਗੁਪਤਾ ਜੀ ਨੇ ਕਿਹਾ ਪਰ ਹਾਸੇ ਵਿਚ ਲਿਆ ਗਿਆ । ਉਸ ਨੂੰ ਸੀਰੀਅਸਲੀ ਲੈਣਾ ਚਾਹੀਦਾ ਹੈ। ਜਿਸ ਤਰ੍ਹਾਂ ਪਿੰਡਾਂ ਵਿਚੋਂ ਐਮ. ਐਲ. ਏ. ਸਾਹਿਬਾਨ ਆਏ ਹਨ, ਉਸ ਤਰ੍ਹਾਂ ਅਸੀਂ ਸ਼ਹਿਰਾਂ ਵਿਚੋਂ ਆਏ ਹਾਂ। ਸ਼ਹਿਰਾਂ ਵਾਲੇ 9, 10 ਟੈਕਸ ਦਿੰਦੇ ਹਨ ਗਿਣਾਉਣ ਦੀ ਲੋੜ ਨਹੀਂ ਸਾਰਿਆਂ ਨੂੰ ਪਤਾ ਹੈ। ਕਪੂਰ ਸਾਹਿਬ ਬੜੀ ਜ਼ਿਆਦਤੀ ਕਰ ਰਹੇ ਹੋ। ਚਾਰ ਵਜ਼ੀਰ ਸਾਹਿਬ, 10 ਐਮ. ਐਲ. ਏ. ਸਾਹਿ-ਬਾਨ ਸਨ, ਸੈਕਟਰੀ ਸਾਹਿਬ ਸਨ, ਡਾਇਰੈਕਟਰ ਸਾਹਿਬ ਸਨ ਉਦੋਂ ਕਪੂਰ ਸਾਹਿਬ ਨੇ ਕਿਹਾ ਕਿ ਸ਼ਾਪ ਲਸੰਸ ਫੀਸ ਨਹੀਂ ਲਗੇਗੀ ਪਰ ਕੀਤਾ ਕੀ ਕਿ ਉਹ ਫੀਸ ਲਗਾ ਦਿੱਤੀ । ਮੈਂ ਦਸਦਾ ਹਾਂ ਕਿ ਇਕ ਦੁਕਾਨਦਾਰ ਦੀਆਂ 24 ਚੀਜ਼ਾਂ ਤੇ ਟੈਕਸ ਲਗਦਾ ਹੈ। ਕਪੂਰ ਸਾਹਿਬ ਲੋਕ ਬਾਹਰੋਂ ਬੜੇ ਆਏ ਹਨ ਮੈਂ ਤੁਹਾਨੂੰ ਮਿਲਾਵਾਂਗਾ । ਮੈਂ ਕਹਿੰਦਾ ਹਾਂ ਕਿ ਦੁਕਾਨਦਾਰਾਂ ਨਾਲ ਜ਼ਿਆਦਤੀ ਨਾ ਕਰੋ ਉਹ ਕਈ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੁਰਦਿਆਲ ਸੈਣੀ]

ਕਿਸਮ ਦੇ ਟੈਕਸ ਦਿੰਦੇ ਹਨ। ਉਹ ਸੀਵਰੇਜ ਟੈਕਸ ਦਿੰਦੇ ਹਨ, ਵਾਟਰ ਟੈਕਸ ਦਿੰਦੇ ਹਨ। ਹੋਰ ਵੀ ਬਹੁਤ ਸਾਰੇ ਟੈਕਸ ਦਿੰਦੇ ਹਨ। ਇਸ ਟੈਕਸ ਨਾਲ ਜਲੰਧਰ ਦੀ ਮਿਉਂਸਪਲ ਕਾਰਪੋਰੇਸ਼ਨ ਵਿਚ ਤਿੰਨ ਲੱਖ ਰੁਪਏ ਦੀ ਸਿਰਫ ਆਮਦਨ ਹੋਣੀ ਹੈ। ਅੰਮ੍ਰਿਤਸਰ ਦੀ ਕਾਰਪੋਰੇਸ਼ਨ ਵਿਚ 7 ਲੱਖ ਅਤੇ ਲੁਧਿਆਣੇ ਦੀ ਕਾਰਪੋਰੇਸ਼ਨ ਵਿਚ 5 ਲੱਖ ਰੁਪਏ ਦੀ ਇਸ ਟੈਕਸ ਤੋਂ ਆਮਦਨ ਹੋਣੀ ਹੈ। ਇਹ ਜੋ 10 ਲੱਖ ਦੇ ਕਰੀਬ ਰੁਪਿਆ ਹੈ ਇਹ ਕਿਸੇ ਹੋਰ ਪਾਸਿਉਂ ਵੀ ਲਿਆ ਜਾ ਸਕਦਾ ਸੀ। ਇਸ ਸਬੰਧੀ ਤਿੰਨ ਚਾਰ ਵਜ਼ੀਰਾਂ ਨੇ ਅਤੇ ਐਮ. ਐਲ. ਏਜ਼ ਨੇ ਵੀ ਬਿਆਨ ਦਿੱਤੇ ਸਨ ਕਿ ਇਹ ਸ਼ਾਪ ਲਾਇਸੈਂਸ ਫੀ ਖ਼ਤਮ ਕਰ ਦਿਆਂਗੇ। ਮੈਂ ਅਰਜ਼ ਕਰਦਾ ਹਾਂ ਕਿ ਇਸ ਨੂੰ ਖ਼ਤਮ ਕਰ ਦਿਓ। ਸਾਡੇ ਜਲੰਧਰ ਸ਼ਹਿਰ ਵਿਚ ਇਸ ਕਾਰਣ ਕਮ-ਅਜ਼-ਕਮ ਪੰਜ, ਛੇ ਹਜ਼ਾਰ ਦੁਕਾਨਦਾਰ ਨਾਰਾਜ਼ ਹਨ। ਅਸੀਂ ਕੱਲ੍ਹ ਨੂੰ ਫਿਰ ਲੋਕਾਂ ਦੇ ਦਰਬਾਰ ਵਿਚ ਜਾਣਾ ਹੈ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਜਿਸ ਤਰ੍ਹਾਂ ਬਿਆਨ ਦਿੱਤਾ ਗਿਆ ਸੀ ਉਸੇ ਤੇ ਕਾਇਮ ਅਸੀਂ ਰਹੀਏ ਜਾਂ ਫਿਰ ਦੁਬਾਰਾ ਸ਼ਹਿਰਾਂ ਦੇ ਐਮ. ਐਲ. ਏਜ਼ ਅਤੇ ਮਨਿਸਟਰ ਬੁਲਾ ਲਓ। ਉਥੇ ਦਸੋ ਕਿ ਕਿਨ੍ਹਾਂ ਹਾਲਾਤ ਵਿੱਚ ਇਹ ਟੈਕਸ ਲਾਇਆ ਗਿਆ ਹੈ ਜਦੋਂ ਕਿ ਪਹਿਲਾਂ ਇਹ ਫੈਸਲਾ ਹੋਇਆ ਸੀ ਕਿ ਇਹ ਨਹੀਂ ਲਾਉਣਾ। ਇਹ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ ਜਿੰਨੀ ਦੇਰ ਤਕ ਸਾਡਾ ਫੈਸਲਾ ਨਹੀਂ ਹੋ ਜਾਂਦਾ।

ਡਿਪਟੀ ਸਪੀਕਰ ਸਾਹਿਬ, ਬੜੀ ਖੁਸ਼ੀ ਦੀ ਗਲ ਹੈ ਕਿ ਪਾਕਿਸਤਾਨ ਦੀ ਟੀਮ ਦਾ ਸਾਡੇ ਜਲੰਧਰ ਸ਼ਹਿਰ ਵਿਚ ਮੈਚ ਹੋ ਰਿਹਾ ਹੈ। ਮਿਉਂਸਪਲ ਕਾਰਪੋਰੇਸ਼ਨ ਵੱਲੋਂ 60 ਲੱਖ ਰੁਪਿਆ ਲੱਗ ਰਿਹਾ ਹੈ। 30 ਲਖ ਰੁਪਿਆ ਕਾਰਪੋਰੇਸ਼ਨ ਨੂੰ ਪਿਛਲੇ ਸਾਲ ਦਾ ਘਾਟਾ ਹੈ। ਇਹ 90 ਲੱਖ ਰੁਪਏ ਦਾ ਘਾਟਾ ਕਾਰਪੋਰੇਸ਼ਨ ਕਿਥੋਂ ਪੂਰਾ ਕਰੇਗੀ? ਸਾਡੀ ਹੱਥ ਬੰਨ੍ਹ ਕੇ ਅਰਜ਼ ਹੈ ਕਿ ਇਸ ਮੈਚ ਦੀਆਂ ਜੋ ਟਿਕਟਾਂ ਵਿਕਣੀਆਂ ਹਨ ਉਸ ਦੇ ਵਿਚ ਸਾਡਾ ਵੀ ਹਿਸਾ ਰਖਣਾ ਚਾਹੀਦਾ ਹੈ ਜਾਂ ਫਿਰ ਸਰਕਾਰ ਸਾਨੂੰ ਇਹ ਪੈਸਾ ਦੇਵੇ। ਕੱਲ੍ਹ ਨੂੰ ਤੁਸੀਂ ਫਿਰ ਕਹਿਣਾ ਹੈ ਕਿ ਇਹ ਬਿਲ ਤੁਹਾਡੇ ਸਾਹਮਣੇ ਪੇਸ਼ ਕੀਤਾ ਸੀ ਇਹ ਕਾਰਪੋਰੇਸ਼ਨ ਘਾਟੇ ਵਿਚ ਜਾ ਰਹੀ ਹੈ ਇਸ ਲਈ ਇਹ ਤੋੜਨ ਲੱਗੇ ਹਾਂ। ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਢੀਂਡਸਾ ਟਰਾਂਸਪੋਰਟ ਦਾ ਪਿਛਲੇ ਸਾਲਾਂ ਦਾ 30 ਲੱਖ ਰੁਪਿਆ ਸਾਡੀ ਕਾਰਪੋਰੇਸ਼ਨ ਨੂੰ ਮਿਲਣਾ ਸੀ, ਉਹ ਵੀ ਨਹੀਂ ਦਿੱਤਾ ਗਿਆ। 60 ਲੱਖ ਰੁਪਏ ਦਾ ਹੁਣ ਇਹ ਨਵਾਂ ਖਰਚਾ ਪੈ ਰਿਹਾ ਹੈ। ਇਹ ਪੈਸਾ ਕਿਥੋਂ ਆਉਣਾ ਹੈ? ਸਾਡੀ ਹੱਥ ਬੰਨ੍ਹ ਕੇ ਅਰਜ਼ ਹੈ ਕਿ ਕਿਸੇ ਢੰਗ ਨਾਲ ਇਸ ਦਾ ਹੱਲ ਕਰੋ। ਇਹ ਠੀਕ ਹੈ, ਡਿਪਟੀ ਸਪੀਕਰ ਸਾਹਿਬ, ਹਰ ਘਰ ਵਿਚ ਸੀਵਰੇਜ ਦੀ ਲੈਟਰਿਨ ਲਗਣੀ ਚਾਹੀਦੀ ਹੈ। ਪਰ ਹੁੰਦਾ ਕੀ ਹੈ ਕਿ ਸੀਵਰੇਜ ਦੀ ਸੀਟ ਲੱਗੇ ਜਾਂ ਨਾਂ ਲਗੇ, ਇਹ ਆਪਣਾ ਬਿਲ ਭੇਜ ਦਿੰਦੇ ਹਨ। ਦੋ ਸਾਲ ਦੇ ਬਿਲ ਇਕੱਠੇ ਚਲੇ ਗਏ ਹਨ। ਲੋਕਾਂ ਨੂੰ 600, 700 ਰੁਪਿਆ ਇਕ ਸੀਟ ਦਾ ਦੇਣਾ ਪੈਣਾ ਹੈ। ਗਰੀਬ ਆਦਮੀ ਇਤਨਾ ਪੈਸਾ ਕਿਥੋਂ ਲਿਆਵੇਗਾ। ਮੇਰੀ ਅਰਜ਼ ਹੈ ਕਿ ਜਿਤਨੀ ਦੇਰ ਫਲੱਸ਼ ਸਿਸਟਮ ਚਾਲੂ ਨਹੀਂ ਹੁੰਦਾ, ਕੋਈ ਪੈਸਾ ਲੋਕਾਂ ਤੋਂ ਨਹੀਂ ਲੈਣਾ ਚਾਹੀਦਾ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਇਹ ਅਰਜ਼ ਕਰਦਾ ਹਾਂ ਕਿ ਇਮਪਰੂਵਮੈਂਟ ਟਰੱਸਟ ਦੇ ਅਮੈਂਡਮੈਂਟ ਬਿਲ ਤੇ ਬੋਲਣ ਲਈ ਵੀ ਮੈਨੂੰ ਟਾਈਮ ਦੇ ਦੇਣਾ।

**ਪ੍ਰੋਫੈਸਰ ਬਲਵੰਤ ਸਿੰਘ** (ਰਾਜਪੁਰਾ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਅਮੈਂਡਮੈਂਟ ਬਿਲ ਲਿਆਂਦਾ ਗਿਆ ਹੈ, ਮੈਂ ਇਸ ਦੇ ਮੁਤਲਕ ਆਪਣੇ ਵਿਚਾਰ ਵਿਅਕਤ ਕਰਨ ਵਾਸਤੇ ਖੜਾ ਹੋਇਆ ਹਾਂ। ਮਿਉਂਸਪਲ ਐਕਟ ਵਿੱਚ ਸੰਸ਼ੋਧਨ ਕਰਨ ਲਈ ਅਤੇ ਵਿਧਾਨ ਦੇ ਅਨੁਛੇਦ 14 ਅਤੇ 19 ਨਾਲ ਇਸ ਨੂੰ ਮੈਚਵਾਂ ਕਰਨ ਲਈ ਮਿਉਂਸਪਲ ਐਕਟ ਦੀ ਧਾਰਾ 10 ਨੂੰ ਅਮੈਂਡ ਕਰਨ ਦਾ ਯਤਨ ਕੀਤਾ ਹੈ। ਅਸਲ ਗਲ ਇਹ ਸੀ ਕਿ ਨਰੋਟ ਜੈਮਲ ਸਿੰਘ ਦੀ ਮਿਉਂਸਪਲ ਕਮੇਟੀ ਦਾ ਇਨ੍ਹਾਂ ਦੇ

Original with;
Punjab Vidhan Sabha
Digitized by;
Panjab Digital Library

ਰਸਤੇ ਵਿੱਚ ਵਿਘਨ ਪੈ ਗਿਆ ਸੀ। ਉਹ ਹਾਈ ਕੋਰਟ ਵਿੱਚ ਸਫਲ ਹੋ ਗਏ। ਉਸ ਚੀਜ਼ ਨੂੰ ਠੀਕ ਕਰਨ ਵਾਸਤੇ ਇਹ ਕਹਿੰਦੇ ਹਨ ਕਿ ਇਹ ਤੁਛ ਜਿਹਾ ਉਪਰਾਲਾ ਹੈ। ਇਹ ਬਿਲ ਦੇ 'ਸਟੇਟਮੈਂਟ ਆਫ਼ ਆਬਜੈਕਟਸ ਐਂਡ ਰੀਜ਼ਨਜ਼ ਵਿਚ ਦਿੱਤਾ ਗਿਆ ਹੈ। ਪਰ ਹਕੀਕਤ ਕੁਝ ਹੋਰ ਹੀ ਹੈ। ਇਹ ਗਲਾਂ ਗੁਪਤਾ ਜੀ ਨੇ ਵੀ ਉਭਾਰਨ ਦਾ ਯਤਨ ਕੀਤਾ ਹੈ। ਇਸ ਸੋਧਨਾ ਬਿਲ ਵਿਚੋਂ ਸਾਰੀਆਂ ਕਮੇਟੀਆਂ ਨੂੰ ਤੋੜਨ ਦੀ ਇਨ੍ਹਾਂ ਦੀ ਬਦਨਿਅਤੀ ਨਜ਼ਰ ਆਉਂਦੀ ਹੈ। ਜਿਹੜੀ ਕਮੇਟੀ ਇਨ੍ਹਾਂ ਦਾ ਹੁਕਮ ਨਹੀਂ ਮੰਨੇਗੀ, ਜਿਸ ਕਮੇਟੀ ਵਿੱਚ ਦੂਸਰੀ ਜਥੇਬੰਦੀ ਦੇ ਲੋਕ ਆ ਜਾਣਗੇ ਜਾਂ ਦੂਸਰੀ ਵਿਚਾਰਧਾਰਾ ਰਖਣ ਵਾਲੇ ਲੋਕਾਂ ਦੀ ਅਗਵਾਈ ਵਿਚ ਕਮੇਟੀ ਬਣ ਜਾਵੇਗੀ, ਉਨ੍ਹਾਂ ਸਾਰੀਆਂ ਕਮੇਟੀਆਂ ਨੂੰ ਤੋੜਨ ਲਈ ਵੱਡੀਆਂ ਤਾਕਤਾਂ ਹਾਸਲ ਕਰਨ ਵਾਸਤੇ ਇਹ ਬਿਲ ਲਿਆਂਦਾ ਗਿਆ ਹੈ। ਇਹ ਤਾਕਤਾਂ ਦੇ ਵਿਕੇਂਦਰੀਕਰਨ ਉਤੇ ਇਕ ਹੋਰ ਹਮਲਾ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ। ਮੈਂ ਗੁਜ਼ਾਰਿਸ਼ ਕਰਾਂਗਾ ਕਿ ਸਾਨੂੰ ਸਾਰਿਆਂ ਨੂੰ ਪਾਰਟੀ ਲਾਈਨਜ਼ ਤੋਂ ਉਪਰ ਉਠ ਕੇ ਇਸ ਬਿਲ ਦੀ ਮੁਖਾਲਫਤ ਕਰਨੀ ਚਾਹੀਦੀ ਹੈ। ਮੈਨੂੰ ਬੜੀ ਖੁਸ਼ੀ ਹੋਈ ਹੈ ਕਿ ਉਨ੍ਹਾਂ ਬੈਂਚਾਂ ਦੇ ਸਾਥੀਆਂ ਵਲੋਂ ਵੀ ਇਸ ਬਿਲ ਦੀ ਮੁਖਾਲਫਤ ਹੋਈ ਹੈ। ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਮਿਉਂਸਪਲ ਕਮੇਟੀਆਂ ਉਤੇ ਇਨ੍ਹਾਂ ਦਾ ਹੁਕਮ ਨਹੀਂ ਚਲ ਸਕੇਗਾ, ਉਨ੍ਹਾਂ ਨੂੰ ਤੋੜਨ ਦਾ ਯਤਨ ਇਹ ਇਸ ਬਿਲ ਦੇ ਪਾਸ ਹੋਣ ਨਾਲ ਕਰਨਗੇ। ਬਜਾਏ ਇਸ ਦੇ ਕਿ ਇਹ ਮਿਉਂਸਪਲ ਕਮੇਟੀਆਂ ਦੀਆਂ ਪ੍ਰਾਬਲਮਜ਼ ਵੱਲ ਇਹ ਕੋਈ ਧਿਆਨ ਦਿੰਦੇ ਉਨ੍ਹਾਂ ਨੂੰ ਹੱਲ ਕਰਨ ਦਾ ਕੋਈ ਯਤਨ ਕਰਦੇ, ਇਹ ਤਾਕਤ ਹਾਸਲ ਕਰਨ ਵਾਲਾ ਬਿਲ ਲੈ ਆਏ ਹਨ। ਇਹ ਕਹਿੰਦੇ ਹਨ ਕਿ ਸਾਨੂੰ ਤਾਕਤ ਦਿਓ ਅਸੀਂ ਉਨ੍ਹਾਂ ਮਿਉਂਸਪਲ ਕਮੇਟੀਆਂ ਨੂੰ ਤੋੜ ਦਿਆਂਗੇ। ਉਸ ਤੋਂ ਅੱਗੇ ਇਹ ਕਹਿੰਦੇ ਹਨ ਕਿ ਜਿਹੜੇ ਇਨ੍ਹਾਂ ਮਿਉਂਸ-ਪਲ ਕਮੇਟੀਆਂ ਦੇ ਮੁਲਾਜ਼ਮ ਹਨ, ਉਨ੍ਹਾਂ ਦੀਆਂ ਗਰਦਨਾਂ ਤੇ ਤਲਵਾਰ ਰਖਣ ਦੀ ਸਾਨੂੰ ਇਜਾਜ਼ਤ ਦਿਓ ਅਤੇ ਜਦੋਂ ਉਨ੍ਹਾਂ ਦੀਆਂ ਗਰਦਨਾਂ ਕੱਟੀਆਂ ਜਾ ਰਹੀਆਂ ਹੋਣ, ਉਦੋਂ ਉਹ ਸੀਅ ਵੀ ਨਾ.ਕਰ ਸਕਣ। ਇਹ ਬੜੀ ਖੁਸ਼ੀ ਨਾਲ ਉਨ੍ਹਾਂ ਨੂੰ ਕੱਢ ਸਕਣ। ਇਸ ਤੋਂ ਸਿਵਾਏ ਹੋਰ ਕੋਈ ਗਲ ਇਸ ਵਿਚ ਨਹੀਂ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਾਣੀ ਤੁਹਾਨੂੰ ਸੁਣਾਉਣ ਲੱਗਾ ਹਾਂ, ਤੁਸੀਂ ਗੁੱਸੇ ਨਾ ਹੋਣਾ। ਇੱਕ ਵਾਰੀ ਅਕਬਰ ਦੇ ਦਰਬਾਰ ਵਿਚ ਇਕ ਆਦਮੀ ਆਇਆ ਅਤੇ ਕਹਿਣ ਲਗਾ ਕਿ ਹਮ ਖੁਦਾ ਕੇ ਛੋਟੇ ਭਾਈ ਹੈਂ। ਹਮ ਨਿਜਾਤ ਹਾਸਲ ਕਰਨੇ ਕੇ ਲਿਏ ਆਏ ਹੈਂ। ਉਸ ਦਰਬਾਰ ਵਿਚ ਇੱਕ ਕਾਣਾ ਬੈਠਾ ਸੀ। ਅਕਬਰ ਨੇ ਕਿਹਾ ਕਿ ਇਸ ਦੀ ਦੂਜੀ ਅੱਖ ਠੀਕ ਕਰ ਦੇ। ਉਹ ਕਹਿਣ ਲੱਗਾ ਕਿ ਹਮ ਬੜੇ ਭਾਈ ਕੇ ਕਾਮ ਮੇਂ ਦਖਲ ਨਹੀਂ ਦੇ ਸਕਤੇ। ਅਗਰ ਦੂਸਰੀ ਆਂਖ ਤੁੜਵਾਨੀ ਹੈ ਤੋਂ ਹਮ ਤੋੜ ਦੇਤੇ ਹੈਂ। ਇਹ ਵਜ਼ੀਰ ਸਾਹਿਬ ਵੀ ਉਸੇ ਤਰੀਕੇ ਨਾਲ ਬਿਲ ਲਿਆਏ ਹਨ। ਛੋਟੇ ਭਾਈ ਵਾਲਾ ਹੀ ਕੰਮ ਕਰਨ ਵਾਸਤੇ ਤਿਆਰ ਹਨ, ਵੱਡੇ ਭਾਈ ਵਾਲਾ ਕੰਮ ਕਰਨ ਲਈ ਇਹ ਤਿਆਰ ਨਹੀਂ। ਚਾਹੀਦਾ ਤਾਂ ਇਹ ਸੀ ਕਿ ਮਿਉਂਸਪਲ ਕਮੇਟੀਆਂ ਨੂੰ ਜਿਹੜੀਆਂ ਮੁਸ਼ਕਲਾਂ ਹਨ, ਉਨ੍ਹਾਂ ਨੂੰ ਹੱਲ ਕਰਨ ਦਾ ਇਹ ਯਤਨ ਕਰਦੇ ਤਾਂ ਕਿ ਉਹ ਡੈਮੋਕਰੈਟਿਕ ਢੰਗ ਨਾਲ ਫੰਕਸ਼ਨ ਕਰ ਸਕਣ। ਪਰ ਇਹ ਤਾਂ ਉਨ੍ਹਾਂ ਨੂੰ ਮੁਲਤਵੀ ਕਰਨ ਦੀਆਂ ਪਾਵਰਜ਼ ਲੈ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਲੈਂਡ ਮਾਰਟਗੇਜ਼ ਬੈਂਕ ਦੀਆਂ ਚੋਣਾਂ ਇਹ ਕਹਿ ਕੇ ਮੁਲਤਵੀ ਕਰ ਦਿੱਤੀਆਂ ਕਿ ਪੰਚਾਇਤਾਂ ਦੀਆਂ ਚੋਣਾਂ ਆ ਰਹੀਆਂ ਹਨ। ਇਹ ਬਹਾਨਾ ਵੀ ਠੀਕ ਨਹੀਂ ਲਗਾਉਂਦੇ। ਜੋ ਕੋਈ ਕੁਰੱਪਸ਼ਨ ਕਰਦਾ ਫੜਿਆ ਗਿਆ ਤਾਂ ਉਸ ਨੂੰ ਗ੍ਰਿਫਤਾਰ ਨਹੀਂ ਕਰਦੇ। ਇਨ੍ਹਾਂ ਦੇ ਹਮਾਇਤੀ ਕਹਿੰਦੇ ਹਨ ਕਿ ਐਸਾ ਕਾਨੂੰਨ ਲਿਆਓ ਜਿਸ ਨਾਲ ਤੁਹਾਡੇ ਹੱਥ ਵਿੱਚ ਚਾਬੀ ਆ ਜਾਵੇ, ਜਿਸ ਨੂੰ ਚਾਹੋਗੇ ਪੰਕਚਰ ਕਰ ਦਿਉ, ਪੰਕਚਰ ਕਰਨ ਲਈ ਇਹ ਸੂਈ ਇਨ੍ਹਾਂ ਨੂੰ ਮਿਲ ਰਹੀ ਹੈ। ਦੂਸਰੇ ਪਾਸੇ ਮੁਲਾਜ਼ਮਾਂ ਦੀਆਂ ਗਰਦਨਾਂ ਤੇ ਇਹ ਤਲਵਾਰ ਰਖ ਸਕਣਗੇ। ਡਿਪਟੀ ਸਪੀਕਰ ਸਾਹਿਬ, ਮਿਉਂਸਪਲ ਕਮੇਟੀਆਂ ਦੇ ਕੰਮਾਂ ਬਾਰੇ ਪਿਛਲੇ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]
ਦਿਨਾਂ ਵਿਚ ਬੜਾ ਹੌਲਾ ਪਿਆ ਸੀ। ਕਹਿੰਦੇ ਹਨ ਕਿ ਜਿਤਨਾ ਪਾਣੀ ਦਾ ਬਿਲ ਹੈ, ਉਤਨਾ ਹੀ ਸੀਵਰੇਜ ਦਾ ਬਿਲ ਦੇ ਦਿਓ। ਆਟਾ ਦਾਲ ਇਕੋ ਹੀ ਭਾਅ ਇਹ ਕਰ ਰਹੇ ਹਨ। ਮੈਂ ਕਹਿੰਦਾ ਹਾਂ ਕਿ ਕੋਈ ਮੀਟਰ ਲਗੇ, ਕੋਈ ਅਸੈਸਮੈਂਟ ਹੋਵੇ।ਪਰ ਐਸਾ ਕਰਨ ਦਾ ਕੋਈ ਯਤਨ ਨਹੀਂ ਹੋ ਰਿਹਾ। ਇਹ ਕਹਿੰਦੇ ਹਨ ਕਿ ਪਾਣੀ ਦੇ ਬਿਲ ਜਿਤਨਾ ਹੀ ਸੀਵਰੇਜ ਦਾ ਬਿਲ ਦਿਓ। ਕੱਲ ਨੂੰ ਕਹਿਣਗੇ ਕਿ ਜਿਤਨਾ ਬਿਜਲੀ ਦਾ ਬਿਲ ਹੈ ਉਤਨਾ ਬਿਲ ਦਿਓ। ਅਗਰ ਕੋਈ ਚੰਗਾ ਬਿਲ ਲਿਆਉਂਦੇ ਤਾਂ ਅਸੀਂ ਸਮਝਦੇ ਕਿ ਲੋਕਾਂ ਦੇ ਮਸਲੇ ਹੱਲ ਕਰਨ ਲਗੇ ਹਨ। ਲੁਧਿਆਣੇ ਦੀ ਗਲ ਕੀਤੀ ਗਈ ਹੈ। ਕਿਵੇਂ ਇੰਡਸਟਰੀ ਦੇ ਪਾਣੀ ਕਾਰਨ ਪਾਲਿਊਸ਼ਨ ਹੋ ਰਹੀ ਹੈ। ਕਾਰਖਾਨੇਦਾਰ ਉਸ ਵੱਲ ਕੋਈ ਧਿਆਨ ਨਹੀਂ ਦੇ ਰਹੇ। ਐਸੀ ਖਤਰਨਾਕ ਮਿਲਾਵਟ ਪਾਣੀ ਵਿਚ ਹੋ ਰਹੀ ਹੈ ਕਿ ਆਉਣ ਵਾਲੀਆਂ ਨਸਲਾਂ ਉਤੇ ਬੜਾ ਭੈੜਾ ਅਸਰ ਇਸ ਦਾ ਪਏਗਾ।

**ਸ੍ਰੀ ਡਿਪਟੀ ਸਪੀਕਰ**: ਤੁਸੀਂ ਹੁਣ ਕਨਕਲੂਡ ਕਰੋ।

**ਪ੍ਰੋਫੈਸਰ ਬਲਵੰਤ ਸਿੰਘ**: ਡਿਪਟੀ ਸਪੀਕਰ ਸਾਹਿਬ, ਇਹ ਵਾਟਰ ਟਰੀਟਮੈਂਟ ਪਲਾਂਟ ਲਗ-ਵਾਉਣ। ਇਸ ਦੀ ਠੀਕ ਤਰ੍ਹਾਂ ਡਿਸਪੋਜ਼ਲ ਕਰਨੀ ਚਾਹੀਦੀ ਹੈ। ਇਸ ਵੱਲ ਇਹ ਬੜੇ ਅਵੇਸਲੇ ਬੈਠੇ ਹਨ। ਇਹ ਵੀ ਇਥੇ ਕਿਹਾ ਗਿਆ ਹੈ ਕਿ ਲੁਧਿਆਣੇ ਵਿਚ ਜੋ ਡੇਰੀਆਂ ਹਨ ਉਹ ਸ਼ਹਿਰ ਤੋਂ ਬਾਹਰ ਜਾਣੀਆਂ ਚਾਹੀਦੀਆਂ ਹਨ। ਲੁਧਿਆਣੇ ਦੇ ਤਾਂ ਡੰਗਰ ਵੀ ਬਹੁਤ ਮੋਟੇ ਮੋਟੇ ਹਨ। ਉਹ ਜ਼ਰੂਰ ਸ਼ਹਿਰ ਤੋਂ ਬਾਹਰ ਜਾਣੇ ਚਾਹੀਦੇ ਹਨ। ਫਿਰ ਗੰਦੇ ਪਾਣੀ ਦੇ ਨਿਕਾਸ ਵਾਸਤੇ ਵਾਟਰ ਟਰੀਟਮੈਂਟ ਪਲਾਂਟ ਲਗਾਉਣ ਤਾਂ ਕਿ ਲੋਕਾਂ ਨੂੰ ਫਾਇਦਾ ਹੋਵੇ। ਇਹ ਇਸ ਬਿਲ ਦੇ ਪਾਸ ਹੋਣ ਤੋਂ ਬਾਅਦ ਤਾਕਤ ਲੈ ਕੇ ਭੱਜ ਜਾਣਗੇ ਪਰ ਲੋਕਾਂ ਦੇ ਮਸਲੇ ਹੱਲ ਨਹੀਂ ਹੋ ਸਕਣਗੇ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਜਿਹੜਾ ਬਿੱਲ ਹੈ ਇਹ ਤਾਕਤਾਂ ਦੇ ਵਿਕੇਂਦਰੀਕਰਨ ਉਤੇ ਇਕ ਹਮਲਾ ਹੈ ਔਰ ਮੁਲਾਜ਼ਮਾਂ ਦੀ ਗਰਦਨ ਉਤੇ ਇਕ ਤਲਵਾਰ ਹੈ।

**ਮਾਸਟਰ ਬਾਬੂ ਸਿੰਘ** (ਰਾਮਪੁਰਾ ਫੂਲ): ਡਿਪਟੀ ਸਪੀਕਰ ਸਾਹਿਬ, ਮੇਰੇ ਆਨਰੇਬਲ ਮੈਂਬਰ ਸ੍ਰੀ ਓਮ ਪ੍ਰਕਾਸ਼ ਗੁਪਤਾ ਜੀ ਨੇ ਦਸ ਦਸ ਦੀ ਮੁਹਾਰਨੀ ਪੜ੍ਹੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸੈਕਸ਼ਨ ਵੀ ਦਸ ਹੈ ਔਰ ਲੁਧਿਆਣੇ ਦੇ ਸਾਡੇ ਐਮ. ਐਲ. ਏ. ਵੀ ਦਸ ਹੀ ਹਨ। ਮੈਂ ਕਹਿੰਦਾ ਹਾਂ ਕਿ ਕਿਤੇ ਆਪੋਜ਼ੀਸ਼ਨ ਵਾਲਿਆਂ ਨੂੰ ਤਾਂ ਇਹ ਆਪਣੇ ਮੈਂਬਰ ਨਹੀਂ ਬਣਾ ਰਹੇ ਜਿਸ ਨਾਲ ਕਿ ਇਹ ਗਿਣਤੀ ਆਪਣੇ ਮੈਂਬਰਾਂ ਦੀ ਦਸ ਦਸਦੇ ਹਨ। (ਹਾਸਾ) ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਹ ਗੱਲ ਸੋਚਣ ਦੀ ਲੋੜ ਹੈ ਕਿ ਕਮੇਟੀ ਦਾ ਕੰਮ ਕਿਸ ਤਰ੍ਹਾਂ ਇੰਪਰੂਵ ਹੋ ਸਕਦਾ ਹੈ। ਅੱਜ ਤੁਸੀਂ ਵੇਖੋ ਬਠਿੰਡਾ ਦੀ ਰਾਮਪੁਰਾ ਫੂਲ ਮਿਉਂਸਪਲ ਕਮੇਟੀ ਦੀ ਕੀ ਹਾਲਤ ਹੈ। ਰਾਮਪੁਰਾ ਫੂਲ ਵਿਚ ਅਗਰ ਚਾਰ ਕਣੀਆਂ ਪੈ ਜਾਣ ਤਾਂ ਤੁਹਾਡੀ ਕਾਰ ਉਥੋਂ ਦੀ ਨਹੀਂ ਲੰਘ ਸਕਦੀ। ਉਸ ਕਮੇਟੀ ਦੀ ਇਨਕਮ ਇਤਨੀ ਹੈ ਨਹੀਂ ਕਿ ਉਹ ਰਸਤਿਆਂ ਨੂੰ ਠੀਕ ਕਰ ਸਕੇ। ਇਸ ਲਈ ਕਮੇਟੀਆਂ ਦੇ ਰਿਸੋਰਸਿਜ਼ ਦੇ ਬਾਰੇ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਦੀ ਆਮਦਨ ਘੱਟ ਹੈ। ਸ਼ਹਿਰ ਦੀ ਕੁਝ ਆਮਦਨ ਤਾਂ ਮਾਰਕਿਟ ਕਮੇਟੀਆਂ ਲੈ ਜਾਂਦੀਆਂ ਹਨ। ਇਸ ਲਈ ਮੈਂ ਇਹ ਕਹਾਂਗਾ ਕਿ ਕੁਝ ਪੈਸਾ ਉਥੋਂ ਲੈ ਕੇ ਕੁਝ ਸਰਕਾਰ ਆਪਣੇ ਪਾਸੋਂ ਦੇਵੇ ਔਰ ਕਮੇਟੀਆਂ ਦੀ ਹਾਲਤ ਠੀਕ ਕਰੇ।

ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਡੇਰੀਆਂ ਵਾਲਿਆਂ ਨੂੰ ਕਮਿੱਟਮੈਂਟ ਕੀਤੀ ਹੈ ਕਿ ਉਨ੍ਹਾਂ ਨੂੰ ਆਲਟਰਨੇਟਿਵ ਸਾਈਟਸ ਦਿਤੀਆਂ ਜਾਣਗੀਆਂ ਔਰ ਸ਼ਾਇਦ 461 ਲੋਕਾਂ ਨੂੰ ਸਾਈਟਸ ਦਿੱਤੀਆਂ ਗਈਆਂ

Original with;
Punjab Vidhan Sabha
Digitized by;
Panjab Digital Library

ਹਨ ਔਰ ਹੋਰਾਂ ਨੂੰ ਅਜੇ ਦੇਣੀਆਂ ਹਨ। ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਰਹਿੰਦੇ ਲੋਕਾਂ ਨੂੰ ਸਰਕਾਰ ਭਾਵੇਂ ਮੁਲ ਜ਼ਮੀਨ ਦੇ ਦੇਵੇ ਲੇਕਿਨ ਦੋ ਤਿੰਨ ਮਹੀਨਿਆਂ ਵਿਚ ਉਨਾਂ ਨੂੰ ਸਾਈਟਸ ਦਾ ਪ੍ਰਬੰਧ ਕਰ ਦੇਣਾ ਚਾਹੀਦਾ ਹੈ। ਬਾਕੀ ਡੇਅਰੀਆਂ ਬਾਹਰ ਕੱਢਣ ਦੇ ਕੰਮ ਵਿਚ ਕੋਈ ਰੋਕ ਨਹੀਂ ਬਣਦਾ। ਬਾਕੀ ਸ਼ਹਿਰਾਂ ਵਿਚ ਸਟਰੇਅ ਕੈਟਲ ਬਹੁਤ ਹਨ। ਮੰਡੀਆਂ ਵਿਚ ਐਨੇ ਫਿਰਦੇ ਹਨ ਕਿ ਪੁੱਛੋ ਕੁਛ ਨਾ। ਤੁਸੀਂ ਰਾਮਪੁਰਾ ਫੂਲ ਚਲੇ ਜਾਓ, ਬਠਿੰਡਾ ਚਲੇ ਜਾਓ, ਡਿਪਟੀ ਸਪੀਕਰ ਸਾਹਿਬ, ਉਥੇ ਤੁਸੀਂ ਵੇਖੋਗੇ ਕਿ 100-100, 50-50 ਦੇ ਝੁੰਡ ਫਿਰਦੇ ਹਨ। ਫਿਰ ਕਈ ਦਾਨੀ ਸੱਜਣ ਵੀ ਹੁੰਦੇ ਹਨ ਉਹ ਕਿਧਰੇ ਪੱਠਿਆਂ ਦੀ ਢੇਰੀ ਲਗਾ ਦਿੰਦੇ ਹਨ ਤਾਂ ਫਿਰ ਉਸ ਥਾਂ ਤੇ ਬਹੁਤ ਸਾਰੇ ਡੰਗਰ ਇਕੱਠੇ ਹੋ ਜਾਂਦੇ ਹਨ। ਇਸ ਲਈ ਸਾਡੀ ਸਰਕਾਰ ਨੂੰ ਇਸ ਪਾਸੇ ਵੀ ਸੋਚਣਾ ਚਾਹੀਦਾ ਹੈ। ਜਿਸ ਤਰ੍ਹਾਂ ਪ੍ਰੋਫੈਸਰ ਬਲਵੰਤ ਸਿੰਘ ਹੋਰਾਂ ਨੇ ਦੱਸਿਆ ਹੈ ਜਦੋਂ ਕਿਸੇ ਕਮੇਟੀ ਨੂੰ ਤੋੜਿਆ ਜਾਂਦਾ ਹੈ ਤਾਂ ਉਸ ਦੇ ਮੁਲਾਜ਼ਮਾਂ ਬਾਰੇ ਵੀ ਕੁਝ ਕਰਨਾ ਚਾਹੀਦਾ ਹੈ। ਜਿਸ ਤਰ੍ਹਾਂ ਅੰਮ੍ਰਿਤਸਰ ਦੀ ਮਿਊਂਸਪਲ ਕਾਰਪੋਰੇਸ਼ਨ ਹੈ ਜਾਂ ਹੋਰ ਸ਼ਹਿਰਾਂ ਵਿਚ ਜਿੱਥੇ ਵੀ ਮਿਊਂਸਪਲ ਕਮੇਟੀ ਤੋੜੀ ਜਾਵੇ ਉਸ ਦੇ ਕਰਮ-ਚਾਰੀਆਂ ਨੂੰ ਪ੍ਰੋਟੈਕਸ਼ਨ ਦੇਣੀ ਚਾਹੀਦੀ ਹੈ। ਜੇਕਰ ਕੋਈ 'ਏ, ਕਲਾਸ ਜਾਂ 'ਬੀ, ਕਲਾਸ ਕਮੇਟੀਆਂ ਦੇ ਗਰੇਡਾਂ ਦਾ ਫਰਕ ਪੈਂਦਾ ਹੈ ਤਾਂ ਉਨਾਂ ਨੂੰ ਘੱਟ ਗਰੇਡ ਹੀ ਭਾਵੇਂ ਦੇ ਦਿਓ ਪਰ ਉਨ੍ਹਾਂ ਨੂੰ ਪ੍ਰੋਟੈਕਸ਼ਨ ਦਿਓ।

ਡਿਪਟੀ ਸਪੀਕਰ ਸਾਹਿਬ, ਵਜ਼ੀਰ ਸਾਹਿਬ ਫਰੀਡਮ ਫਾਈਟਰ ਹਨ, ਮੈਂ ਇਨ੍ਹਾਂ ਦੀ ਬੜੀ ਇਜ਼ਤ ਕਰਦਾ ਹਾਂ। ਪਰ ਜਿੱਥੇ ਕਿਤੇ ਚੋਣਾਂ ਮੁਲਤਵੀ ਕੀਤੀਆਂ ਜਾਂਦੀਆਂ ਹਨ ਉਹ ਸਾਲਾਂ ਬੱਧੀ ਨਹੀਂ ਮੁਲਤਵੀ ਕਰਨੀਆਂ ਚਾਹੀਦੀਆਂ। ਮਹੀਨਿਆਂ ਦੀ ਗੱਲ ਤਾਂ ਮੰਨੀ ਜਾ ਸਕਦੀ ਹੈ। ਮੈਂ ਸਮਝਦਾ ਹਾਂ ਕਿ ਇਸ ਵੇਲੇ ਲੋਕਲ ਬਾਡੀਜ਼ ਦੇ ਮਨਿਸਟਰ ਸਾਹਿਬ ਔਰ ਸੈਕਟਰੀ ਸਾਹਿਬ ਦੋਨੋਂ ਹੀ ਸ਼ਰੀਫ ਔਰ ਇਮਾਨਦਾਰ ਲੱਗੇ ਹੋਏ ਹਨ ਜੇਕਰ ਮਿਊਂਸਪਲ ਕਮੇਟੀਆਂ ਦਾ ਹੁਣ ਵੀ ਸੁਧਾਰ ਨਾ ਹੋਵੇ ਤਾਂ ਫਿਰ ਕਦੋਂ ਆਸ ਰੱਖੀ ਜਾ ਸਕਦੀ ਹੈ। ਇਹ ਠੀਕ ਹੈ ਕਿ ਮਿਊਂਸਪਲ ਕਮੇਟੀਆਂ ਦੀ ਜਾਇਦਾਦ ਦੀ ਆਮਦਨ ਹੈ, ਪਰ ਜਿਸ ਦੇ ਪਾਸ ਇਹ ਰਿਸੋਰਸਿਜ਼ ਘੱਟ ਹੋਵੇ ਤਾਂ ਸਰਕਾਰ ਨੂੰ ਸਬਸਿਡੀ ਦੇਣੀ ਚਾਹੀਦੀ ਹੈ।

ਫਿਰ ਕਲੋਨੀਆਂ ਦਾ ਮਸਲਾ ਹੈ। ਨਵੀਆਂ ਨਵੀਆਂ ਕਲੋਨੀਆਂ ਬਣ ਜਾਂਦੀਆਂ ਹਨ ਜਿਨ੍ਹਾਂ ਵਿਚ ਕਿ ਨਾਂ ਕੋਈ ਸੜਕ ਪ੍ਰਾਪਰਲੀ ਰੱਖੀ ਹੁੰਦੀ ਹੈ ਅਤੇ ਨਾ ਹੀ ਮਕਾਨ ਤਰਤੀਬ ਨਾਲ ਹੁੰਦੇ ਹਨ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਕਲੋਨੀ ਬਣਨੀ ਜਦੋਂ ਸ਼ੁਰੂ ਹੋਵੇ ਉਦੋਂ ਹੀ ਲੋਕਾਂ ਨੂੰ ਸਰਕਾਰ ਸੜਕਾਂ ਰਸਤਿਆਂ ਬਾਰੇ ਹਦਾਇਤ ਕਰ ਦੇਵੇ। ਜਿਹੜੇ ਜ਼ਮੀਨਾਂ ਦੇ ਮਾਲਕ ਹੁੰਦੇ ਹਨ ਉਹ ਪਲਾਟ ਵੇਚਦੇ ਹਨ ਔਰ ਪ੍ਰਾਪਰ ਸੜਕਾਂ ਜਾਂ ਰਸਤਿਆਂ ਦਾ ਧਿਆਨ ਨਹੀਂ ਰਖਿਆ ਜਾਂਦਾ। ਕੋਈ ਘਰ ਇਥੇ ਹੁੰਦਾ ਹੈ ਔਰ ਕੋਈ ਉਥੇ ਹੁੰਦਾ ਹੈ, ਕੋਈ ਤਰਤੀਬ ਨਹੀਂ ਹੁੰਦੀ। ਡਿਪਟੀ ਸਪੀਕਰ ਸਾਹਿਬ, ਪਿਛੇ ਜਿਹੇ ਬਠਿੰਡੇ ਵਿਚ ਬਰਫ ਦੇ ਕਾਰਖਾਨੇ ਬੰਦ ਕਰ ਦਿੱਤੇ ਗਏ ਸਨ ਕਿਉਂਕਿ ਉਥੇ ਗੰਦਗੀ ਫੈਲੀ ਹੋਈ ਸੀ ਔਰ ਮਲੇਰੀਆ ਤੇ ਹੋਰ ਬਿਮਾਰੀਆਂ ਦਾ ਡਰ ਸੀ। ਸਰਕਾਰ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦਾ ਵਾਤਾਵਰਨ ਕਿਸ ਤਰ੍ਹਾਂ ਠੀਕ ਕੀਤਾ ਜਾ ਸਕਦਾ ਹੈ। ਮੈਂ ਕਹਿੰਦਾ ਹਾਂ ਕਿ ਸਰਕਾਰ ਮਿਊਂਸਪਲ ਕਮੇਟੀਆਂ ਦੀ ਆਮਦਨ ਬਾਰੇ ਸੋਚੇ, ਉਨ੍ਹਾਂ ਦੇ ਰਿਸੋਰਸਿਜ਼ ਵਧਣੇ ਚਾਹੀਦੇ ਹਨ। ਜੇਕਰ ਉਨ੍ਹਾਂ ਦੇ ਰਿਸੋਰਸਿਜ਼ ਵਧਣਗੇ ਤਾਂ ਉਹ ਲੋਕਾਂ ਨੂੰ ਜ਼ਿਆਦਾ ਸਹੂਲਤਾਂ ਦੇ ਸਕਣਗੇ ਔਰ ਉਥੇ ਲੋਕਾਂ ਦਾ ਸੁਧਾਰ ਹੋ ਸਕੇਗਾ ਔਰ ਲੋਕ ਕੌਮੀ ਆਜ਼ਾਦੀ ਨੂੰ ਮਾਣ ਸਕਣਗੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਚਮਨ ਲਾਲ** (ਸੁਜਾਨਪੁਰ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਸੁਜਾਨਪੁਰ ਮਿਊਂਸਪਲ ਕਮੇਟੀ ਜਿਹੜੀ ਕਿ ਮਰੀ ਕਾਂਸਟੀਚੂਐਂਸੀ ਵਿਚ ਹੈ, ਬੜੀ ਛੋਟੀ ਜਿਹੀ ਮਿਊਂਸਪਲ ਕਮੇਟੀ ਹੈ। ਜਦੋਂ ਪਹਿਲਾਂ ਮਿਊਂਸਪਲ ਕਮੇਟੀਆਂ ਦਾ ਚੁਣਾਓ ਹੋਇਆ ਤਾਂ ਮੈਂ ਉਸ ਮਿਊਂਸਪਲ ਕਮੇਟੀ ਦਾ ਪ੍ਰੈਜ਼ੀਡੈਂਟ ਬਣਿਆ। ਉਸ ਵੇਲੇ ਉਸ ਕਮੇਟੀ ਦੀ ਕੋਈ 37 ਹਜ਼ਾਰ ਰੁਪਏ ਦੀ ਆਮਦਨ ਸੀ ਔਰ ਉਹ ਸਮਾਲ ਟਾਊਨ ਕਰਾਰ ਦਿਤਾ ਗਿਆ ਸੀ। ਫਿਰ ਉਹ 'ਬੀ' ਕਲਾਸ ਕਮੇਟੀ ਬਣੀ ਫਿਰ ਨੋਟੀਫਿਕੇਸ਼ਨ ਹੋਇਆ ਤਾਂ ਉਸ ਵੇਲੇ ਆਮਦਨ ਕੋਈ 53,000 ਰੁਪਏ ਹੋ ਗਈ ਸੀ। ਫਿਰ 'ਬੀ' ਕਲਾਸ ਕਮੇਟੀ ਬਣਨ ਤੋਂ ਬਾਅਦ ਮੈਂ ਲਗਾਤਾਰ ਉਸ ਕਮੇਟੀ ਦਾ ਪ੍ਰੈਜ਼ੀਡੈਂਟ ਬਣਦਾ ਰਿਹਾ ਹਾਂ। ਜਦੋਂ ਮੈਂ ਉਹ ਕਮੇਟੀ ਛੱਡੀ ਸੀ ਤਾਂ ਉਸ ਵੇਲੇ 2,37,000 ਰੁਪਏ ਆਮਦਨ ਸੀ ਔਰ ਹੁਣ ਹਾਲਤ ਇਹ ਹੈ ਕਿ ਉਹ ਹੀ ਕਮੇਟੀ 11 ਲੱਖ ਰੁਪਏ ਘਾਟੇ ਵਿਚ ਜਾ ਰਹੀ ਹੈ। ਮੈਂ ਆਨਰੇਬਲ ਮਨਿਸਟਰ ਸਾਹਿਬ ਨੂੰ ਰਿਕੁਐਸਟ ਕੀਤੀ ਹੈ ਕਿ ਉਥੇ ਧਾਂਦਲੀ ਮਚੀ ਹੋਈ ਹੈ, ਉਥੇ ਟੈਕਸਾਂ ਦੀ ਚੋਰੀ ਹੋ ਰਹੀ ਹੈ, ਜਿਹੜੀਆਂ ਗਲੀਆਂ ਨਾਲੀਆਂ ਹਨ ਉਨਾਂ ਦੇ ਪੱਕਿਆਂ ਕਰਨ ਦੇ ਚਾਰ ਚਾਰ ਵਾਰੀ ਬਿਲ ਬਣ ਚੁੱਕੇ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਵਜ਼ੀਰ ਸਾਹਿਬ ਮੌਕੇ ਤੇ ਕਿਸੇ ਅਫਸਰ ਨੂੰ ਭੇਜ ਕੇ ਤਸਦੀਕ ਕਰਾਉਣ। ਹੁਣ ਜਦੋਂ ਅਫਸਰ ਸਾਹਿਬ ਜਾਂਦੇ ਹਨ ਤਾਂ ਉਹ ਉਸ ਵੇਲੇ ਜਾਂਦੇ ਹਨ ਜਦੋਂ ਕਿ ਮੈਂ ਉਥੇ ਨਹੀਂ ਹੁੰਦਾ। ਜਿਹੜੇ ਸਾਡੇ ਮਿਊਂਸਪਲ ਕਮਿਸ਼ਨਰ ਹਨ ਉਹ ਵੀ ਕਹਿੰਦੇ ਹਨ ਕਿ ਉਥੇ ਗੰਦਗੀ ਬਹੁਤ ਹੈ ਪਰ ਉਨ੍ਹਾਂ ਦੀ ਪੁਕਾਰ ਕੋਈ ਨਹੀਂ ਸੁਣਦਾ। ਉਥੇ ਇਸ ਵੇਲੇ ਸਾਰਾ ਕੰਮ ਧੱਕੇਸ਼ਾਹੀ ਨਾਲ ਚਲ ਰਿਹਾ ਹੈ। ਜਿਹੜੇ ਗਰੀਬ ਲੋਕ ਹਨ ਉਹ ਦਿੱਕਤ ਵਿਚ ਫਸੇ ਹੋਏ ਹਨ, ਜਾਹਲੀ ਰਸੀਦਾਂ ਕੱਟ ਕੇ ਉਨ੍ਹਾਂ ਤੋਂ ਟੈਕਸ ਲਿਆ ਜਾਂਦਾ ਹੈ ਇਸ ਤਰ੍ਹਾਂ ਨਾਲ ਉਨ੍ਹਾਂ ਨੂੰ ਚੀਟ ਕੀਤਾ ਜਾ ਰਿਹਾ ਹੈ। ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਸਾਡੀ ਪਾਰਟੀ ਦੇ ਜਿਹੜੇ ਮਿਊਂਸਪਲ ਕਮਿਸ਼ਨਰ ਹਨ ਉਹ ਕਹਿੰਦੇ ਹਨ ਕਿ ਜੇਕਰ ਸਰਕਾਰ ਇਨ੍ਹਾਂ ਚੀਜ਼ਾਂ ਦੀ ਪੜਤਾਲ ਨਹੀਂ ਕਰਾਉਂਦੀ ਤਾਂ ਅਸੀਂ ਅਸਤੀਫਾ ਦੇਣ ਨੂੰ ਤਿਆਰ ਹਾਂ ਲੇਕਿਨ ਮੈਂ ਸਮਝਦਾ ਹਾਂ ਕਿ ਉਹ ਲੋਕ ਵਜ਼ੀਰ ਸਾਹਿਬ ਦੀ ਸ਼ਰਾਫਤ ਦਾ ਨਾਜਾਇਜ਼ ਫਾਇਦਾ ਉਠਾ ਰਹੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਉਥੇ ਮੌਕੇ ਤੇ ਕਿਸੇ ਜ਼ਿੰਮੇਵਾਰ ਅਫਸਰ ਨੂੰ ਭੇਜਿਆ ਜਾਵੇ ਜਿਹੜਾ ਕਿ ਸਾਰੇ ਹਾਲਾਤ ਦਾ ਜਾਇਜ਼ਾ ਲਵੇ। ਉਹ ਵੇਖੇ ਕਿ ਕਿਸ ਤਰ੍ਹਾਂ ਉਥੇ ਗੰਦਗੀ ਹੈ ਤੇ ਹਰ ਆਦਮੀ ਮੱਛਰ ਨਾਲ ਬਿਮਾਰ ਹੈ। ਲੱਖਾਂ ਰੁਪਏ ਦਾ ਗਬਨ ਜੇਕਰ ਨਾ ਹੋਇਆ ਤਾਂ ਮੈਂ ਐਮ. ਐਲ. ਏ. ਸ਼ਿਪ ਤੋਂ ਅਸਤੀਫਾ ਦੇ ਦੇਵਾਂਗਾ। (ਥੰਪਿੰਗ) ਅੱਜ ਵੀ ਉਥੇ ਦੇ ਸਾਡੇ ਮਿਊਂਸਪਲ ਕਮਿਸ਼ਨਰ ਇਥੇ ਆਏ ਹੋਏ ਹਨ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਿਹਾ ਸੀ ਕਿ ਉਥੇ ਧਿਆਨ ਦਿਓ ਜਿਹੜੀ ਕਮੇਟੀ ਦੋ ਲੱਖ 37 ਹਜ਼ਾਰ ਰੁਪਏ ਪ੍ਰਾਫਿਟ ਵਿਚ ਸੀ ਅੱਜ ਉਹ 11 ਲੱਖ ਰੁਪਏ ਘਾਟੇ ਵਿਚ ਜਾ ਰਹੀ ਹੈ। ਮੈਂ ਤਾਂ ਕਹਿੰਦਾ ਹਾਂ ਕਿ ਇਹੋ ਜਿਹੀਆਂ ਕਮੇਟੀਆਂ ਤੋੜ ਦੇਣੀਆਂ ਚਾਹੀਦੀਆਂ ਹਨ। ਉਥੇ ਡਿਕਟੇਟਰਸ਼ਿਪ ਹੈ, ਸਟਾਫ ਬਿਲਕੁਲ ਪਰਵਾਹ ਨਹੀਂ ਕਰਦਾ। ਜਿਹੜਾ ਪ੍ਰੈਜ਼ੀਡੈਂਟ ਹੈ ਉਹ ਧਿਆਨ ਨਹੀਂ ਦਿੰਦਾ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਜਲਦੀ ਖਤਮ ਕਰੋ। ਦੋ ਮਿੰਟ ਲੈ ਲਓ।

**ਸ੍ਰੀ ਚਮਨ ਲਾਲ** : ਮੈਨੂੰ ਗਲ ਪੂਰੀ ਕਰ ਲੈਣ ਦਿਓ। ਉਸ ਮਿਊਂਸਪਲ ਕਮੇਟੀ ਵਿਚ ਜਿਹੜੀ ਗਲ ਉਨ੍ਹਾਂ ਦੇ ਖਿਲਾਫ ਕਹੀ ਜਾਂਦੀ ਹੈ, ਉਸ ਨੂੰ ਉਹ ਬਿਲਕੁਲ ਨਹੀਂ ਲਿਖਦੇ। ਨਾਬਾਲਗ ਬੱਚਿਆਂ ਨੂੰ ਕੰਮ ਤੇ ਰਖਿਆ ਜਾਂਦਾ ਹੈ ਜਿਹੜਾ ਕਿ ਅਕਾਰਡਿੰਗ ਟੂ ਰੂਲ ਗਲਤ ਹੈ। ਕੋਈ ਕਿਸ ਦੀ ਪਰਵਾਹ ਨਹੀਂ ਕਰਦਾ। ਸਾਰੇ ਗਲਤ ਕੰਮ ਕੀਤੇ ਜਾ ਰਹੇ ਹਨ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ**: ਤੁਸੀਂ ਬੈਠੋ, ਤੁਹਾਡਾ ਟਾਈਮ ਹੋ ਗਿਆ ਹੈ।

**ਸ੍ਰੀ ਚਮਨ ਲਾਲ**: ਡਿਪਟੀ ਸਪੀਕਰ ਸਾਹਿਬ, ਮੈਨੂੰ ਬੋਲ ਲੈਣ ਦਿਓ। ਮੈਂ ਜਲਦੀ ਖਤਮ ਕਰ ਦਿੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਉਸ ਕਮੇਟੀ ਦੀ 1980–83 ਤਕ ਦੀ ਜਿਹੜੀ ਆਮਦਨੀ ਹੈ ਉਸ ਦਾ ਕੋਈ ਪਰਾਪਰ ਹਿਸਾਬ ਨਹੀਂ ਰੱਖਿਆ ਜਾਂਦਾ। 3–3 ਦਫਾ ਨਾਲੀਆਂ ਬਣੀਆਂ ਹਨ।

**ਸ੍ਰੀ ਡਿਪਟੀ ਸਪੀਕਰ** : ਕਾਮਰੇਡ ਬਲਦੇਵ ਸਿੰਘ ਲੂੰਬਾ ਜੀ ਤੁਸੀਂ ਬੋਲੋ।

**ਕਾਮਰੇਡ ਬਲਦੇਵ ਸਿੰਘ ਲੂੰਬਾ** (ਸੁਤਰਾਣਾ ਐਸ. ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਦੋ ਗੱਲਾਂ ਹੀ ਕਰਨੀਆਂ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਜਿਹੜੀ ਇਹ ਪਾਵਰ ਦਿੱਤੀ ਜਾ ਰਹੀ ਹੈ, ਇਸ ਦੀ ਦੁਰਵਰਤੋਂ ਨਹੀਂ ਹੋਵੇਗੀ, ਕਿਉਂਕਿ ਇਨ੍ਹਾਂ ਨੇ ਆਪ ਕਿਹਾ ਹੈ ਕਿ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਨਾਲ ਉਨ੍ਹਾਂ ਮੁਲਾਜ਼ਮਾਂ ਨਾਲ ਬਹੁਤ ਵੱਡਾ ਧੱਕਾ ਹੋਵੇਗਾ। ਉਹ ਮੁਲਾਜ਼ਮ ਕਿੱਥੇ ਜਾਣਗੇ ਜਾਂ ਤਾਂ ਉਨ੍ਹਾਂ ਨੂੰ ਐਡਜਸਟ ਕਰੋ ਨਹੀਂ ਤਾਂ ਉਨ੍ਹਾਂ ਮੁਲਾਜ਼ਮਾਂ ਨਾਲ ਬਹੁਤ ਵੱਡਾ ਧੱਕਾ ਹੋਵੇਗਾ।

**ਸ੍ਰੀ ਚਮਨ ਲਾਲ** : ਡਿਪਟੀ ਸਪੀਕਰ ਸਾਹਿਬ, ਮੈਨੂੰ ਦੋ ਚਾਰ ਗੱਲਾਂ ਰਿਕਾਰਡ ਤੇ ਲਿਆਉਣ ਦਿਓ। ਬੜੀ ਜ਼ਰੂਰੀ ਗੱਲਾਂ ਕਰਨੀਆਂ ਹਨ।

**ਸ੍ਰੀ ਡਿਪਟੀ ਸਪੀਕਰ**: ਚਮਨ ਲਾਲ ਜੀ ਤੁਸੀਂ ਬੈਠੋ। ਤੁਹਾਡਾ ਟਾਈਮ ਖਤਮ ਹੋ ਗਿਆ ਹੈ। ਲੂੰਬਾ ਸਾਹਿਬ ਤੁਸੀਂ ਬੋਲੋ।

**ਕਾਮਰੇਡ ਬਲਦੇਵ ਸਿੰਘ ਲੂੰਬਾ**: ਦੂਸਰੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਹਰ ਮਿਉਂਸਪਲ ਕਮੇਟੀ ਦੇ ਏਰੀਆ ਵਿਚ, ਕਾਰਪੋਰੇਸ਼ਨ ਦੇ ਏਰੀਆ ਵਿਚ ਜਾਂ ਐਨ. ਏ. ਸੀ. ਦੇ ਏਰੀਆ ਵਿਚ ਇਨਕਰੋਚਮੈਂਟ ਬਹੁਤ ਜ਼ਿਆਦਾ ਹੋ ਰਹੀ ਹੈ ਅਤੇ ਗੰਦ ਵੀ ਦਿਨੋਂ ਦਿਨ ਵਧ ਰਿਹਾ ਹੈ। ਮੈਂ ਤੁਹਾਨੂੰ ਇਕ ਘਟਨਾ ਦੱਸਣਾ ਚਾਹੁੰਦਾ ਹਾਂ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਘਟਨਾ ਨਾ ਸੁਣਾਓ। ਆਪਣਾ ਪੁਆਇੰਟ ਦੱਸੋ।

**ਕਾਮਰੇਡ ਬਲਦੇਵ ਸਿੰਘ ਲੂੰਬਾ**: ਉਹ ਘਟਨਾ ਇਸ ਨਾਲ ਸਬੰਧਤ ਹੈ ਔਰ ਇਹੀ ਮੇਰਾ ਪੁਆਇੰਟ ਹੈ। ਇਕ ਦਿਨ ਮੈਂ ਕਿਸੀ ਸਾਥੀ ਨਾਲ ਲੁਧਿਆਣਾ ਖਮਾਣੋਂ ਮੰਡੀ ਬੈਠਾ ਚਾਹ ਪੀ ਰਿਹਾ ਸੀ ਤਾਂ ਉਥੇ ਥੋੜ੍ਹੀ ਦੇਰ ਵਿਚ ਹੀ ਮਿਉਂਸਪਲ ਕਮੇਟੀ ਵਾਲੇ ਔਰ ਪੁਲਿਸ ਵਾਲੇ ਆਏ ਔਰ ਜਿਨ੍ਹਾਂ ਨੇ ਸੜਕਾਂ ਦੇ ਕਿਨਾਰੇ ਰੇਹੜੀਆਂ ਔਰ ਦੁਕਾਨਾਂ ਪਾਈਆਂ ਹੋਈਆਂ ਸਨ ਉਹ ਚੁੱਕ ਕੇ ਸੁੱਟਣ ਲੱਗ ਪਏ। ਪਰ ਇਕ ਹੋਰ ਆਦਮੀ ਉਸ ਨੇ ਸੜਕ ਦੇ ਕਿਨਾਰੇ ਬਹੁਤ ਵੱਡੀ ਫਰੂਟ ਦੀ ਦੁਕਾਨ ਪਾਈ ਹੋਈ ਸੀ, ਉਸ ਨੂੰ ਕੁਝ ਨਾ ਕਿਹਾ। ਜਦੋਂ ਬਾਕੀਆਂ ਨੇ ਇਸ ਬਾਰੇ ਕਿਹਾ ਤਾਂ ਉਹ ਪੁਲਿਸ ਦਾ ਆਦਮੀ ਉਸ ਦੁਕਾਨਦਾਰ ਕੋਲ ਗਿਆ ਔਰ ਜਦੋਂ ਉਸ ਦੇ ਸਮਾਨ ਨੂੰ ਹੱਥ ਲਾਉਣ ਲੱਗਿਆ ਤਾਂ ਉਸ ਨੇ ਉਸ ਨੂੰ ਬੁਲਾ ਕੇ ਉਸ ਦੇ ਕੰਨ ਵਿਚ ਕੁੱਝ ਗੱਲ ਕਹੀ। ਉਹ ਸੁਣ ਕੇ ਉਹ ਸਾਰੇ ਚੁੱਪ ਚਾਪ ਉਥੋਂ ਆਪਣੀ ਗੱਡੀ ਲੈ ਕੇ ਚਲੇ ਗਏ। ਬਾਅਦ ਵਿਚ ਪਤਾ ਲਗਿਆ ਕਿ ਉਹ ਦੁਕਾਨਦਾਰ ਕਿਸੇ ਵੱਡੇ ਵਜ਼ੀਰ ਦਾ ਖ਼ਾਸ ਆਦਮੀ ਹੈ। ਇਸ ਕਰਕੇ ਉਸ ਦਾ ਸਮਾਨ ਨਹੀਂ ਚੁੱਕਿਆ ਗਿਆ। (ਵਿਘਨ) ਜੇ ਤੁਸੀਂ ਕਹਿੰਦੇ ਹੋ ਤਾਂ ਮੈਂ ਦੱਸ ਦਿੰਦਾ ਹਾਂ ਉਹ ਲੋਕ ਕਹਿੰਦੇ ਸਨ ਕਿ ਇੱਕ ਬਹੁਤ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]
ਵੱਡਾ ਵਜੀਰ, ਮੋਟਾ ਜਿਹਾ, ਪਾਂਡੇ ਸਾਹਿਬ ਹਨ ਉਨ੍ਹਾਂ ਦਾ ਇਸ ਵਿਚ ਹੱਥ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਨਾਲ ਸਰਕਾਰ ਦੀ ਬਦਨਾਮੀ ਹੋ ਰਹੀ ਹੈ, ਇਸ ਤੇ ਜ਼ਰੂਰ ਕੰਟਰੋਲ ਕਰਨਾ ਚਾਹੀਦਾ ਹੈ।

**ਸਥਾਨਕ ਸਰਕਾਰ ਮੰਤਰੀ (ਸ਼੍ਰੀ ਸਰਦਾਰੀ ਲਾਲ ਕਪੂਰ)** : ਡਿਪਟੀ ਸਪੀਕਰ ਸਾਹਿਬ, ਮੈਂ ਉਨ੍ਹਾਂ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਬਿਲ ਦੇ ਮੁਤੱਲਕ ਆਪਣੇ ਖਿਆਲਾਤ ਦਾ ਇਜ਼ਹਾਰ ਕੀਤਾ ਹੈ । ਕਈ ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਇਸ ਤਰ੍ਹਾਂ ਲਗਦਾ ਹੈ ਕਿ ਮਿਉਂਸਪਲ ਕਮੇਟੀਅੀ ਨੂੰ ਤੋੜਿਆ ਜਾਵੇਗਾ । ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਬਿਲ ਲਿਆਂਦਾ ਹੀ ਇਸ ਗੱਲ ਲਈ ਹੈ ਕਿ ਮਿਉਂਸਪਲ ਕਮੇਟੀਆਂ ਨੂੰ ਤੋੜਿਆ ਨਾ ਜਾਵੇ ਬਲਕਿ ਰੂਲਜ਼ ਰੈਗੂਲੇਸ਼ਨ ਦੇ ਮੁਤਾਬਿਕ ਹੀ ਉਨ੍ਹਾਂ ਨੂੰ ਚਲਾਇਆ ਜਾਵੇ। ਕਿਉਂਕਿ ਪਿਛਲੇ ਇਕ ਨਰੋਟ ਜੈਮਲ ਸਿੰਘ ਦੀ ਕਮੇਟੀ ਤੋੜੀ ਸੀ ਤਾਂ ਉਹ ਹਾਈ ਕੋਰਟ ਚਲੇ ਗਏ ਸਨ ਔਰ ਹਾਈ ਕੋਰਟ ਨੇ ਉਹ ਫੈਸਲਾ ਰੱਦ ਕਰ ਦਿੱਤਾ ਸੀ ਕਿਉਂਕਿ ਉਸ ਕਮੇਟੀ ਨੂੰ ਜਿਹੜੀ ਤੋੜਨ ਦੀ ਵਜ੍ਹਾ ਸੀ ਉਹ ਠੀਕ ਨਹੀਂ ਜਾਪਦੀ ਸੀ। ਇਸ ਕਰਕੇ ਹੀ ਅਸੀਂ ਇਹ ਬਿਲ ਲਿਆਂਦਾ ਹੈ ਤਾਂਕਿ ਬਗੈਰ ਕਿਸੇ ਠੀਕ ਵਜਾਹ ਦੇ ਕੋਈ ਕਮੇਟੀ ਤੋੜੀ ਨਾ ਜਾ ਸਕੇ। ਅਸੀਂ ਡੈਮੋਕਰੇਸੀ ਵਿਚ ਯਕੀਨ ਰਖਦੇ ਹਾਂ ਔਰ ਚਾਹੁੰਦੇ ਹਾਂ ਕਿ ਕੋਈ ਵੀ ਆਦਮੀ ਪਬਲਿਕ ਦੇ ਪੈਸੇ ਨਾਲ ਖਿਲਵਾੜ ਨਾ ਕਰੇ (ਥੰਪਿੰਗ)। ਜਿਹੜੀਆਂ ਕਮੇਟੀਆਂ ਰੂਲਜ਼ ਐਂਡ ਰੈਗੂਲੇਸ਼ਨ ਦੇ ਮੁਤਾਬਿਕ ਕੰਮ ਨਹੀਂ ਕਰਦੀਆਂ ਔਰ ਪਬਲਿਕ ਦੇ ਪੈਸੇ ਨਾਲ ਖਿਲਵਾੜ ਕਰਦੀਆਂ ਹਨ ਉਨ੍ਹਾਂ ਤੇ ਕੰਟਰੋਲ ਕੀਤਾ ਜਾ ਸਕੇ। ਅੱਜ ਕਈ ਮੈਂਬਰ ਸਾਹਿਬਾਨ ਕਹਿੰਦੇ ਹਨ ਕਿ ਕਮੇਟੀਆਂ ਵਿਚ ਗੰਦ ਬਹੁਤ ਪੈ ਰਿਹਾ ਹੈ। ਪਰ ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਅੱਜ ਤੋਂ 10 ਸਾਲ ਪਹਿਲਾਂ ਦੀ ਹਾਲਤ ਉਨ੍ਹਾਂ ਕਮੇਟੀਆਂ ਦੀ ਵੇਖਣ, ਉਸ ਵੇਲੇ ਦੀ ਕੀ ਹਾਲਤ ਸੀ ਔਰ ਅੱਜ ਕੀ ਹਾਲਤ ਹੋ ਰਹੀ ਹੈ। ਅੱਜ ਆਬਾਦੀ ਦਿਨ ਬਦਿਨ ਵੱਧ ਰਹੀ ਹੈ ਪਰ ਉਸ ਦੇ ਬਾਵਜੂਦ ਅਸੀਂ ਉਨ੍ਹਾਂ ਕਮੇਟੀਆਂ ਤੇ ਹੋਰ ਜ਼ਿਆਦਾ ਖਰਚ ਕਰ ਰਹੇ ਹਾਂ ਤਾਂਕਿ ਉਹ ਕਮੇਟੀਆਂ ਠੀਕ ਤਰੀਕੇ ਨਾਲ ਕੰਮ ਕਰ ਸਕਣ।

**ਸਰਦਾਰ ਪ੍ਰਿਥੀਪਾਲ ਸਿੰਘ** : ਮੇਰੇ ਹਲਕੇ ਵਿਚ ਤਾਂ ਕੋਈ ਡਿਵੈਲਪਮੈਂਟ ਹੋਈ ਹੀ ਨਹੀਂ।

**ਸਥਾਨਕ ਸਰਕਾਰ ਮੰਤਰੀ** : ਉਹ ਵੀ ਤੁਸੀਂ ਦੱਸ ਲੈਣਾ। ਹੁਣ ਸੁਣ ਲਓ। ਮੈਂ ਤੁਹਾਨੂੰ ਸੁਣਿਆ ਹੈ ਹੁਣ ਤੁਸੀਂ ਮੈਨੂੰ ਸੁਣ ਲਓ ਫਿਰ ਜੋ ਕਹਿਣਾ ਹੋਵੇ ਕਹਿ ਲੈਣਾ। ਜਿਹੜੀਆਂ ਇਹ ਕਾਰਪੋਰੇਸ਼ਨਾਂ ਬਣਾਈਆਂ ਸਨ, ਇਹ ਪਿਛਲੀ ਸਰਕਾਰ ਨੇ ਬਣਾਈਆਂ ਸਨ ਔਰ ਉਨ੍ਹਾਂ ਨੇ ਇਹ ਕਾਰਪੋਰੇਸ਼ਨਾਂ ਤਾਂ ਬਣਾ ਦਿੱਤੀਆਂ ਪਰ ਉਨ੍ਹਾਂ ਨੂੰ ਸਾਰੀਆਂ ਟੁੱਟੀਆਂ ਹੋਈਆਂ ਬੱਸਾਂ ਦੇ ਦਿੱਤੀਆਂ। ਢੀਂਡਸਾ ਟਰਾਂਸਪੋਰਟ ਸਾਰੀ ਕਾਰਪੋਰੇਸ਼ਨ ਨੂੰ ਦੇ ਦਿੱਤੀ। ਇਸ ਤਰ੍ਹਾਂ ਨਾਲ ਉਹ ਕਾਰਪੋਰੇਸ਼ਨ ਘਾਟੇ ਵਿਚ ਗਈ ਔਰ ਜਿਹੜੀ ਘਾਟੇ ਵਿਚ ਕਾਰਪੋਰੇਸ਼ਨ ਹੋਵੇ ਉਹ ਡਿਵੈਲਪਮੈਂਟ ਦਾ ਕੰਮ ਕਿਵੇਂ ਕਰ ਸਕਦੀ ਹੈ। ਸਾਡੀ ਸਰਕਾਰ ਜਦੋਂ ਆਈ ਤਾਂ ਇਸ ਨੇ ਆਉਂਦੇ ਹੀ ਇਨ੍ਹਾਂ ਕਾਰਪੋਰੇਸ਼ਨਾਂ ਦੇ ਟ੍ਰਾਂਸਪੋਰਟ ਦੇ 75% ਘਾਟੇ ਨੂੰ ਪੂਰਾ ਕਰਨ ਲਈ ਆਪਣੇ ਉਤੇ ਜ਼ਿੰਮੇਵਾਰੀ ਲਈ ਤਾਂਕਿ ਉਨ੍ਹਾਂ ਕਾਰਪੋਰੇਸ਼ਨ ਦੇ ਘਾਟੇ ਨੂੰ ਕਿਸੇ ਤਰ੍ਹਾਂ ਨਾਲ ਖਤਮ ਕੀਤਾ ਜਾ ਸਕੇ ਔਰ ਉਹ ਠੀਕ ਤਰ੍ਹਾਂ ਨਾਲ ਕੰਮ ਕਰ ਸਕਣ ।

ਡੇਅਰੀਜ਼ ਦੇ ਮੁਤੱਲਕ ਕਾਫੀ ਕੁਝ ਕਿਹਾ ਗਿਆ ਹੈ। ਇਸ ਸਬੰਧ ਵਿਚ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਲੁਧਿਆਣੇ ਵਿਚ ਜਿਹੜੀਆਂ ਡੇਅਰੀਆਂ ਚਲ ਰਹੀਆਂ ਹਨ, ਉਹ ਸਾਰੀਆਂ ਜ਼ਰੂਰ

Original with;
Punjab Vidhan Sabha
Digitized by;
Panjab Digital Library

ਹੀ ਸ਼ਹਿਰ ਤੋਂ ਬਾਹਰ ਜਾਣਗੀਆਂ। ਉਨ੍ਹਾਂ ਨੂੰ ਲਾਜ਼ਮੀ ਜਾਣਾ ਪਵੇਗਾ। ਬਾਬੂ ਚਮਨ ਲਾਲ ਜੀ ਦੀ ਸੁਜਾਨਪੁਰ ਮਿਊਂਸਪਲ ਕਮੇਟੀ ਦੀ ਇਨਕੁਆਇਰੀ ਮੈਂ ਕਰਵਾਈ ਹੈ ਅਤੇ ਉਸ ਇਨਕੁਆ-ਇਰੀ ਦੀ ਰਿਪੋਰਟ ਮੇਰੇ ਕੋਲ ਆਉਣ ਵਾਲੀ ਹੈ। ਦੂਜੀ ਗੱਲ ਇਥੇ ਮੈਂਬਰਾਂ ਨੇ ਕਹੀ ਹੈ ਕਿ ਇੰਪਲਾਈਜ਼ ਕਿਥੇ ਜਾਣਗੇ ਅਤੇ ਇਸ ਗਲ ਤੇ ਬੜਾ ਜ਼ੋਰ ਦਿਤਾ ਹੈ। ਜਿਹੜੇ ਇੰਪਲਾਈਜ਼ ਦੀ ਜਸਟੀਫੀਕੇਸ਼ਨ ਹੋਵੇਗੀ ਅਤੇ ਸੀਨੀਆਰਿਟੀ ਰੱਖਦੇ ਹੋਣਗੇ, ਉਨ੍ਹਾਂ ਨੂੰ ਲਗਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਜੇਕਰ ਉਹ ਕਿਸੇ ਮਿਊਂਸਪਲ ਕਮੇਟੀ ਵਿਚ ਲੱਗਣਾ ਚਾਹੇ ਤਾਂ ਉਸ ਮਿਊਂਸਪਲ ਕਮੇਟੀ ਨੂੰ ਪੁੱਛ ਲਿਆ ਜਾਵੇਗਾ ਤਾਂ ਕਿ ਉਸ ਨੂੰ ਕੋਈ ਇਤਰਾਜ਼ ਨਾ ਹੋਵੇ। ਪਰ ਇਨ੍ਹਾਂ ਮੁਲਾਜ਼ਮਾਂ ਨੂੰ ਰੱਖਣ ਬਾਰੇ ਸਰਕਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ ਇਹ ਅਸੀਂ ਸੋਚਿਆ ਹੋਇਆ ਹੈ। ਇਸ ਗਲ ਦੀ ਤੁਹਾਨੂੰ ਚਿੰਤਾ ਨਹੀਂ ਕਰਨੀ ਚਾਹੀਦੀ। ਲੂੰਬਾ ਸਾਹਿਬ ਨੇ ਇਥੇ ਈ. ਓ. ਰਾਜਪੁਰਾ ਮੁਤੱਲਕ ਕਿਹਾ ਸੀ ਕਿ ਉਸ ਦੇ ਖਿਲਾਫ ਕਾਨੂੰਨੀ ਕਾਰਵਾਈ ਹੋ ਰਹੀ ਹੈ ਅਤੇ ਐਕਸ਼ਨ ਲਵਾਂਗੇ। ਤੁਸੀਂ ਜ਼ਰਾ ਇੰਤਜ਼ਾਰ ਕਰੋ ਕਾਨੂੰਨੀ ਤੌਰ ਤੇ ਫਸਾਇਆ ਹੋਇਆ ਕਿਸ ਤਰ੍ਹਾਂ ਬਚ ਸਕਦਾ ਹੈ। ਇਹ ਮਿਊਂਸਪਲ ਕਮੇਟੀਜ਼ ਕੋਈ ਨਵੇਂ ਸ਼ਹਿਰਾਂ ਦੀਆਂ ਨਹੀਂ ਬਣੀਆਂ ਹਨ, ਕੋਈ ਨਵਾਂ ਲੇ ਆਊਟ ਨਹੀਂ ਪਿਆ ਹੈ। ਬਲਕਿ ਇਹ ਪੁਰਾਣੇ ਟਾਈਮ ਦੀਆਂ ਮਿਊਂਸਪਲ ਕਮੇਟੀਆ ਚਲਦੀਆਂ ਰਹੀਆਂ ਹਨ ਜਿਥੇ ਨਾ ਕੋਈ ਲੇ ਆਊਟ ਪਲਾਨ ਸੀ ਅਤੇ ਛੋਟੀਆਂ ਛੋਟੀਆਂ ਗਲੀਆਂ ਸਨ ਅਤੇ ਸੀਵਰੇਜ ਸਿਸਟਮ ਕਿਧਰੇ ਨਹੀਂ ਸੀ। ਇਸ ਦੇ ਵਿਚ ਸੁਧਾਰ ਲਿਆਉਣ ਦੇ ਵਾਸਤੇ ਟਾਈਮ ਲਗੇਗਾ। ਅਸੀਂ ਮਿਊਂਸਪਲ ਕਮੇਟੀਜ਼ ਦੀ ਆਮਦਨੀ ਵਧਾਉਣ ਵਿਚ ਲਗੇ ਹੋਏ ਹਾਂ ਤਾਂਕਿ ਮਿਊਂਸਪਲ ਕਮੇਟੀਜ਼ ਦੀ ਡਿਵੈਲਪਮੈਂਟ ਹੋ ਸਕੇ ਔਰ ਅਸੀਂ ਚੁੰਗੀ ਟੈਕਸ ਨੂੰ ਵਧਾਇਆ ਹੈ ਔਰ ਸ਼ਹਿਰੀ ਮੈਂਬਰਾਂ ਦੀ ਕੋਆਪਰੇਸ਼ਨ ਨਾਲ ਵਧਾਇਆ ਹੈ। ਇਸ ਗਲ ਲਈ ਮੈਂ ਇਨ੍ਹਾਂ ਦਾ ਮਸ਼ਕੂਰ ਹਾਂ। ਚੁੰਗੀ ਟੈਕਸ ਵਿਚ ਸਾਡੀ ਕਮੇਟੀਜ਼ ਦੀ ਆਮਦਨ ਦੁੱਗਣੀ ਹੋ ਜਾਵੇਗੀ ਅਤੇ ਡਿਵੈਲਪਮੈਂਟ ਵੀ ਜ਼ਿਆਦਾ ਹੋਵੇਗੀ ਔਰ ਇਹ ਪੈਸਾ ਡਿਵੈਲਪਮੈਂਟ ਤੇ ਲੱਗੇਗਾ। ਤੁਹਾਡੇ ਲਈ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਅਸੀਂ ਵੀਕਰ ਸੈਕਸ਼ਨ ਲਈ ਜਿਹੜੇ ਸ਼ਹਿਰਾਂ ਵਿਚ ਰਹਿੰਦੇ ਸਨ ਅਤੇ ਰਹਿਣ ਵਾਸਤੇ ਕੋਈ ਮਕਾਨ ਨਹੀਂ ਉਨ੍ਹਾਂ ਲਈ ਕੋਈ ਸ਼ੈਲਟਰ ਨਹੀਂ ਸੀ ਅਤੇ ਸੜਕਾਂ ਤੇ ਸੌਂਦੇ ਸਨ। ਉਨ੍ਹਾਂ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਲੁਧਿਆਣੇ ਵਿਚ ਕਾਫੀ ਮਕਾਨ ਬਣਾ ਕੇ ਇਨ੍ਹਾਂ ਗਰੀਬ ਲੋਕਾਂ ਵਿਚ ਵੰਡੇ ਜਾਣ ਤਾਂਕਿ ਉਨ੍ਹਾਂ ਦੇ ਰਹਿਣ ਲਈ ਕੋਈ ਸ਼ੈਲਟਰ ਹੋਵੇ। ਇਸ ਦੇ ਲਈ ਅਸੀਂ ਬੈਂਕਾਂ ਤੋਂ ਵੀ ਕਰਜ਼ੇ ਲਵਾਂਗੇ। ਕੀ ਇਹ ਗਰੀਬਾਂ ਵਾਸਤੇ ਕੋਈ ਡਿਵੈਲਪਮੈਂਟ ਨਹੀਂ ਹੈ ਅਤੇ ਇਸ ਤੋਂ ਵੱਡੀ ਡਿਵੈਲਪਮੈਂਟ ਹੋਰ ਕੀ ਹੋ ਸਕਦੀ ਹੈ। ਇਕ ਗਲ ਸੈਣੀ ਸਾਹਿਬ ਨੇ ਕਹੀ ਸੀ ਕਿ ਦੁਕਾਨਦਾਰਾਂ ਤੋਂ ਲਾਈਸੈਂਸ ਫੀਸ ਨਾ ਲਈ ਜਾਵੇ। ਇਹ ਆਮ ਦੁਕਾਨਦਾਰ ਤੋਂ ਨਹੀਂ ਲਈ ਜਾਵੇਗੀ ਪਰ ਜਿਸ ਦੀ ਦੁਕਾਨ ਵਿਚ ਬੁਆਇਲਰ ਲੱਗਾ ਹੋਇਆ ਹੈ ਉਸ ਕੋਲੋਂ ਫੀਸ ਲਈ ਜਾਵੇਗੀ ਔਰ ਜਿਸ ਦੀ ਦੁਕਾਨ ਵਿਚ ਕੈਮੀਕਲ ਹੋਵੇਗਾ ਉਸ ਕੋਲੋਂ ਲਾਈਸੈਂਸ ਫੀਸ ਲਈ ਜਾਵੇਗੀ ਜਾਂ ਕਿਸੇ ਦੀ ਦੁਕਾਨ ਵਿੱਚ ਕੋਈ ਖਤਰਨਾਕ ਚੀਜ਼ ਹੈ ਉਸ ਕੋਲੋਂ ਫੀਸ ਇਹ ਲਈ ਜਾਵੇਗੀ। ਇਸ ਦੇ ਮੁਤੱਲਕ ਵਿਰੋਧ ਕਰਨ ਦੀ ਲੋੜ ਨਹੀਂ ਹੈ ਔਰ ਇਹ ਫੈਸਲਾ ਤੁਹਾਡੇ ਸਾਰਿਆਂ ਨਾਲ ਮਿਲ ਕੇ ਕੀਤਾ ਹੈ। ਮੇਰੀ ਪ੍ਰਾਰਥਨਾ ਹੈ ਕਿ ਹੁਣ ਇਸ ਬਿਲ ਨੂੰ ਪਾਸ ਕਰ ਦਿਤਾ ਜਾਵੇ।

**ਪ੍ਰੋਫੈਸਰ ਬਲਵੰਤ ਸਿੰਘ :** ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਲੁਧਿਆਣੇ ਦੀਆਂ ਡੇਰੀਆਂ ਬਾਹਿਰ ਜਾਂ ਰਹੀਆਂ ਹਨ। ਉਨ੍ਹਾਂ ਦੇ ਲਈ ਆਇਆ ਕੋਈ ਜਗ੍ਹਾ ਦਾ ਪ੍ਰਬੰਧ ਕੀਤਾ ਹੈ ?

Original with;
Punjab Vidhan Sabha
Digitized by;
Panjab Digital Library

**ਸਥਾਨਕ ਸਰਕਾਰ ਮੰਤਰੀ** : ਡਿਪਟੀ ਸਪੀਕਰ ਸਾਹਿਬ, ਅਸੀਂ ਉਥੇ 4 ਕਰੋੜ ਰੁਪਿਆ ਖਰਚ ਕਰਕੇ ਜਗ੍ਹਾ ਬਣਾ ਕੇ ਦੇ ਰਹੇ ਹਾਂ। ਤੁਸੀਂ ਇਤਨਾ ਖਰਚ ਰਾਜਪੁਰੇ ਕਰਕੇ ਦਿਖਾਓ।

**ਸ੍ਰੀ ਗੁਰਦਿਆਲ ਸੈਣੀ** : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, 60 ਲੱਖ ਰੁਪਏ ਗੇਮਜ਼ ਲਈ ਮਿਉਂਸਪਲ ਕਾਰਪੋਰੇਸ਼ਨ ਜਲੰਧਰ ਨੂੰ ਖਰਚ ਕਰਨੇ ਪੈ ਰਹੇ ਹਨ। ਇਹ ਪੈਸਾ ਸਰਕਾਰ ਆਪ ਦੇਵੇ।

**ਸਥਾਨਕ ਸਰਕਾਰ ਮੰਤਰੀ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਇਹ ਪੈਸਾ ਖਰਚ ਕਰਕੇ ਖੁਸ਼ੀ ਹੋਣੀ ਚਾਹੀਦੀ ਹੈ ਕਿ ਜਲੰਧਰ ਸ਼ਹਿਰ ਵਿਚ ਗੇਮਜ਼ ਹੋ ਰਹੀਆਂ ਹਨ। ਏਸ਼ੀਅਨ ਗੇਮਜ਼ ਦਿੱਲੀ ਵਿਚ ਕਰਵਾ ਕੇ ਹਿੰਦੁਸਤਾਨ ਦੀ ਸਰਕਾਰ ਨੇ ਨਾਂ ਕਮਾਇਆ ਹੈ। ਤੁਹਾਨੂੰ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ 60 ਲੱਖ ਦੀ ਬਜਾਏ 60 ਕਰੋੜ ਰੁਪਿਆ ਭਾਵੇਂ ਕਿਉਂ ਨਾ ਖਰਚ ਹੋਵੇ। ਫਾਈਨੈਂਸ ਮਨਿਸਟਰ ਸਾਹਿਬ ਨੇ ਇਸ ਵਿਚ ਦਲੇਰੀ ਵਖਾਈ ਹੈ।

**ਸਰਦਾਰ ਜਗਰੂਪ ਸਿੰਘ** : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਮਨਿਸਟਰ ਸਾਹਿਬ ਬੜੇ ਦੇਸ਼ ਭਗਤ ਹਨ ਅਤੇ ਮੇਰਾ ਇਨ੍ਹਾਂ ਨੂੰ ਕਹਿਣ ਵਾਸਤੇ ਦਿਲ ਨਹੀਂ ਕਰਦਾ ਹੈ। ਸ਼ਹਿਰਾਂ ਦੀ ਇਤਨੀ ਪਰਫਾਰਮੈਂਸ ਹੋਈ ਹੈ ਕਿ ਮੈਂ 1.75 ਲੱਖ ਰੁਪਏ ਦਾ ਗਬਨ ਜਗਰਾਓਂ ਮਿਉਂਸਪਲ ਕਮੇਟੀ ਦਾ ਫੜ ਕੇ ਇਨ੍ਹਾਂ ਨੂੰ ਦਿੱਤਾ ਸੀ। ਉਸ ਦੀ ਇਨਕੁਆਇਰੀ ਪਈ ਹੋਈ ਹੈ ਅਤੇ ਕੋਈ ਅਫਸਰ ਸਹਿਯੋਗ ਨਹੀਂ ਦੇ ਰਿਹਾ। ਇਸ ਤੋਂ ਇਲਾਵਾ ਉਥੇ 18 ਲੱਖ ਰੁਪਏ ਦਾ ਮਿਸਯੂਜ਼ ਹੋਣ ਬਾਰੇ ਮਨਿਸਟਰ ਸਾਹਿਬ ਅਤੇ ਅਫਸਰਾਂ ਨੂੰ ਕਹਿ ਚੁੱਕਾਂ ਹਾਂ। ਬਾਰ ਬਾਰ ਕਹਿਣ ਦੇ ਬਾਵਜੂਦ ਅਫਸਰ ਅਤੇ ਮਨਿਸਟਰ ਸਾਹਿਬ ਟੱਸ ਤੋਂ ਮੱਸ ਨਹੀਂ ਹੋਏ। ਕਹਿਣੀ ਅਤੇ ਕਰਨੀ ਵਿਚ ਬਹੁਤ ਫ਼ਰਕ ਹੁੰਦਾ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਡਿਪਟੀ ਸਪੀਕਰ ਸਾਹਿਬ, ਕਪੂਰ ਸਾਹਿਬ ਨੇ ਕਿਹਾ ਹੈ ਕਿ ਲੁਧਿ-ਆਣੇ ਦੀ ਡੇਰੀਜ਼ ਸ਼ਹਿਰ ਤੋਂ ਬਾਹਰ ਸ਼ਿਫਟ ਹੋ ਜਾਣਗੀਆਂ, ਪਰ ਉਥੇ ਬਾਰ ਬਾਰ ਐਕਸਟੈਨਸ਼ਨ ਦਿੱਤੀ ਜਾ ਰਹੀ ਹੈ। ਕੀ ਹੁਣ ਇਸ ਤੋਂ ਬਾਦ ਐਕਸਟੈਨਸ਼ਨ ਤਾਂ ਨਹੀਂ ਦਿਤੀ ਜਾਵੇਗੀ ? ਮੇਰੇ ਇਲਾਕੇ ਨਾਲ ਬੜਾ ਵਿਤਕਰਾ ਹੋ ਰਿਹਾ ਹੈ।

**ਸਥਾਨਕ ਸਰਕਾਰ ਮੰਤਰੀ** : ਡਿਪਟੀ ਸਪੀਕਰ ਸਾਹਿਬ, ਗਿੱਲ ਸਾਹਿਬ ਨੇ ਕਿਹਾ ਹੈ ਕਿ ਮੇਰੇ ਨਾਲ ਇਨ੍ਹਾਂ ਦਾ ਬੜਾ ਪਿਆਰ ਹੈ। ਜਗਰਾਓਂ ਦੀ ਮਿਉਂਸਪਲ ਕਮੇਟੀ ਇਨ੍ਹਾਂ ਨੇ ਬਣਵਾਈ ਸੀ ਅਤੇ ਆਪ ਪ੍ਰੈਜ਼ੀਡੈਂਟ ਚੁਣਿਆ ਸੀ, ਪਰ ਅਸੀਂ ਉਸ ਦੇ ਖਿਲਾਫ ਐਕਸ਼ਨ ਜ਼ਰੂਰ ਲਵਾਂਗੇ ਜੇਕਰ ਉਨ੍ਹਾਂ ਦੇ ਵਿਰੁਧ ਕੋਈ ਗਲ ਸਾਬਤ ਹੋ ਜਾਵੇ। ਫੇਰ ਤੁਸੀਂ ਇਤਰਾਜ਼ ਨਾ ਕਰਨਾ ਗੁਪਤਾ ਸਾਹਿਬ, ਡੇਅਰੀ ਵਾਲਿਆਂ ਨੂੰ ਹੋਰ ਕੋਈ ਐਕਸਟੈਨਸ਼ਨ ਨਹੀਂ ਦਿਤੀ ਜਾਵੇਗੀ, ਜਿਹੜਾ ਅਸੀਂ ਟਾਈਮ ਦੇਣਾ ਸੀ, ਉਹ ਦੇ ਦਿੱਤਾ ਹੈ। ਦੂਸਰਾ ਇਨ੍ਹਾਂ ਨੇ ਕਿਹਾ ਸੀ ਕਿ ਮੇਰੇ ਇਲਾਕੇ ਵਿਚ ਖਰਚ ਨਹੀਂ ਕੀਤਾ ਜਾਂਦਾ ਹੈ। ਇਨ੍ਹਾਂ ਦੇ ਇਲਾਕੇ ਵਿਚ ਬਰਾਬਰ ਦਾ ਖਰਚ ਕੀਤਾ ਜਾਂਦਾ ਹੈ ਸਲੱਮ ਏਰੀਆ ਵਿਚ ਅਸੀਂ 15 ਲੱਖ ਰੁਪਿਆ ਖਰਚ ਕਰ ਰਹੇ ਹਾਂ ਇਸ ਬਾਰੇ ਕਹਿ ਸਕਦਾ ਹਾਂ ਕਿ ਵਿਤਕਰਾ ਨਹੀਂ ਹੋ ਰਿਹਾ ਹੈ।

ਡਿਪਟੀ ਸਪੀਕਰ ਸਾਹਿਬ, ਸਰਦਾਰ ਪ੍ਰਿਥੀਪਾਲ ਸਿੰਘ ਹੋਰੀਂ ਬਹੁਤ ਕੁਝ ਕਹਿੰਦੇ ਹਨ, ਪਰ ਇਨ੍ਹਾਂ ਨੂੰ ਨਹੀਂ ਪਤਾ ਕਿ ਅਸੀਂ ਕੁਝ ਕਰ ਰਹੇ ਹਾਂ ਅਤੇ ਕੀ ਕੁਝ ਖਰਚ ਹੋ ਰਿਹਾ ਹੈ ? ਅਸੀਂ

Original with;
Punjab Vidhan Sabha
Digitized by;
Panjab Digital Library

ਦੁਰਗਿਆਨਾ ਮੰਦਰ ਨੂੰ ਪਾਣੀ ਦਿੱਤਾ ਹੈ ਅਤੇ ਗੋਲਡਨ ਟੈਂਪਲ ਨੂੰ ਪਾਣੀ ਦਿੱਤਾ ਹੈ। ਉਥੇ ਦੀ ਜਿਹੜੀ ਡਿਵੈਪਮੈਂਟ ਹੈ, ਉਸ ਵਲ ਧਿਆਨ ਦੇ ਰਹੇ ਹਾਂ। ਫਿਰ ਵੀ ਜੇਕਰ ਕੋਈ ਹੋਰ ਗੱਲ ਬਾਕੀ ਰਹਿ ਗਈ ਹੈ ਤਾਂ ਉਹ ਮੈਨੂੰ ਜ਼ਰੂਰ ਮਿਲ ਕੇ ਦੱਸ ਦੇਣ, ਮੈਂ ਜ਼ਰੂਰ ਕਰਾਂਗਾ। (ਵਿਘਨ) (ਸ਼ੋਰ)

**Mr. Deputy Speaker :** Question is—

That the Punjab Municipal (Amendment) Bill be taken into consideation at once.

*The motion was carried.*

**Mr. Deputy Speaker :** Now the House will proceed to consider the Bill Clause by Clause.

CLAUSE 2

**Mr. Deputy Speaker :** Question is—

That Clause 2 stand part of the Bill.

*The motion was carried.*

CLAUSE 1

**Mr. Deputy Speaker :** Question is—

That Clause 1 stand part of the Bill.

*The motion was carried.*

TITLE

**Mr. Deputy Speaker :** Question is—

That Title be the title of the Bill.

*The motion was carried.*

**Local Government Minister** (Shri Sardari Lal Kapur) : Sir, I beg to move—

That the Punjab Municipal (Amendment) Bill be passed.

**Mr. Deputy Speaker :** Motion moved—

That the Punjab Municipal (Amendment) Bill be passed.

**Mr. Deputy Speaker :** Question is—

That the Punjab Municipal (Amendment) Bill be passed.

*The motion was carried.*

## THE PUNJAB TOWN IMPROVEMENT (AMENDMENT) BILL, 1983

**Local Government Minister** (Shri Sardari Lal Kapur): Sir, I beg to introduce the Punjab Town Improvement (Amendment) Bill.

Original with;
Punjab Vidhan Sabha
Digitized by;
Panjab Digital Library

[Local Government Minister]

Sir, I also beg to move—

That the Punjab Town Improvement (Amendment) Bill be taken into consideration at once.

**Mr. Deputy Speaker :** Motion moved—

That the Punjab Town Improvement (Amendment) Bill be taken into consideration at once.

**ਪ੍ਰੋਫੈਸਰ ਦਰਬਾਰੀ ਲਾਲ** (ਅੰਮ੍ਰਿਤਸਰ ਕੇਂਦਰੀ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਤੇ ਬੋਲਣ ਲਈ ਖੜ੍ਹਾ ਹੋਇਆ ਹਾਂ। ਸਭ ਤੋਂ ਪਹਿਲਾਂ ਮੈਂ ਮਨਿਸਟਰ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਸ ਬਿਲ ਨਾਲ ਸਰਕਾਰ ਜਗ੍ਹਾ ਐਕੁਆਇਰ ਕਰੇਗੀ ਅਤੇ ਠੀਕ ਤਰੀਕੇ ਨਾਲ ਡਿਵੈਲਪਮੈਂਟ ਹੋਵੇਗੀ। ਇਸ ਬਿਲ ਵਿਚ ਇਕ ਦੋ ਗਲਾਂ ਹਨ ਜਿਹੜੀਆਂ ਕਿ ਮੈਂ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣੀਆਂ ਚਾਹੁੰਦਾ ਹਾਂ। ਪੁਰਾਣੀਆਂ ਕਈ ਸਕੀਮਾਂ ਵੀ ਹਨ, ਜਿਨ੍ਹਾਂ ਵਿਚ ਪਿਛਲੇ 30 ਸਾਲਾਂ ਵਿਚ ਕੋਈ ਅਮੈਂਡਮੈਂਟ ਨਹੀਂ ਕੀਤੀ ਜਾ ਸਕੀ। ਮੇਰੇ ਸ਼ਹਿਰ ਵਿਚ 1947 ਵਿਚ ਜਿਨ੍ਹਾਂ ਦੇ ਮਕਾਨ ਸੜ ਗਏ ਅਤੇ ਪੰਜ ਪੰਜ ਏਕੜ ਉਥੇ ਖੋਲ੍ਹੇ ਪਏ ਹਨ। ਇਸ ਸਬੰਧੀ ਮੈਂ ਪਿਛਲੇ ਤਿੰਨ ਸਾਲਾਂ ਤੋਂ ਕੋਸ਼ਿਸ਼ ਕਰ ਰਿਹਾ ਹਾਂ। ਡਿਪਟੀ ਸਪੀਕਰ ਸਾਹਿਬ, ਇੰਪਰੂਵਮੈਂਟ ਟਰੱਸਟ ਨਾ ਹੋਣ ਕਰਕੇ ਅਮੈਂਡਮੈਂਟ ਨਹੀਂ ਹੋ ਸਕੀ, ਪਰ ਮੇਰੀ ਬੇਨਤੀ ਹੈ ਕਿ ਜੇਕਰ ਉਨ੍ਹਾਂ ਵਿਚ ਅਮੈਂਡਮੈਂਟ ਕਰ ਦਿੱਤੀ ਜਾਏ ਤਾਂ ਜਿਨ੍ਹਾਂ ਦੀ ਜਗ੍ਹਾ ਐਕੁਆਇਰ ਕੀਤੀ ਗਈ ਹੈ, ਉਨ੍ਹਾਂ ਨੂੰ ਜਗ੍ਹਾ ਦੇ ਦਿੱਤੀ ਜਾਏ। ਲੋਕ ਜੇਕਰ ਉਥੇ ਜਗ੍ਹਾ ਐਕੁਆਇਰ ਕਰਨਗੇ ਤਾਂ ਉਥੇ ਗੰਦ ਨਹੀਂ ਪਵੇਗਾ। ਉਥੇ ਜਗ੍ਹਾ ਆਕਸ਼ਨ ਤੇ ਦਿੱਤੀ ਜਾਏ। ਦੂਸਰੀ ਗੱਲ, ਡਿਪਟੀ ਸਪੀਕਰ ਸਾਹਿਬ, ਇੰਪਰੂਵਮੈਂਟ ਟਰੱਸਟ ਦੇ ਇਸ ਤਰ੍ਹਾਂ ਦੇ ਪ੍ਰੋਵੀਜ਼ਨ ਹਨ ਕਿ ਕਿਸੇ ਪਬਲਿਕ ਪਾਰਕ ਵਿਚ ਟਿਊਬਵੈਲ ਨਹੀਂ ਲੱਗ ਸਕਦਾ। ਮੈਂ ਪਿਛਲੇ ਡੇਢ ਸਾਲ ਤੋਂ ਲਗਾਤਾਰ ਕੋਸ਼ਿਸ਼ ਕਰ ਰਿਹਾ ਹਾਂ ਜਿਥੇ ਦੀ ਕੋਈ 5,000 ਦੀ ਆਬਾਦੀ ਹੈ। ਸ਼ਹਿਰਾਂ ਵਿਚ ਜਗ੍ਹਾ ਵੀ ਨਹੀਂ ਹੈ ਜਿਥੇ ਟਿਊਬਵੈਲ ਲਗਾ ਦੇਈਏ। ਐਕਟ ਵਿਚ ਪ੍ਰੋਵੀਜ਼ਨ ਹੈ ਕਿ ਪਬਲਿਕ ਪਾਰਕ ਵਿਚ ਕੋਈ ਟਿਊਬਵੈਲ ਨਹੀਂ ਲਗਾ ਸਕਦਾ। ਜੇਕਰ ਐਕਟ ਵਿਚ ਪ੍ਰੋਵੀਜ਼ਨ ਹੋ ਜਾਏ ਕਿ ਉਥੇ ਟਿਊਬਵੈਲ ਲਗ ਸਕਦਾ ਹੈ ਤਾਂ ਲੋਕਾਂ ਨੂੰ ਪਾਣੀ ਮਿਲ ਸਕਦਾ ਹੈ। ਇਸ ਤਰ੍ਹਾਂ ਦਾ ਪ੍ਰੋਵੀਜ਼ਨ ਐਕਟ ਵਿਚ ਕੀਤਾ ਜਾ ਸਕਦਾ ਹੈ। ਇਸ ਨਾਲ ਗਰੀਬ ਲੋਕਾਂ ਨੂੰ ਪਾਣੀ ਮਿਲੇਗਾ। ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਨੂੰ 20—30 ਸਾਲ ਤੋਂ ਜਗ੍ਹਾ ਨਹੀਂ ਮਿਲੀ ਅਤੇ ਜਿਨ੍ਹਾਂ ਲੋਕਾਂ ਦੇ ਕਮਰਸ਼ੀਅਲ ਪਲਾਟਸ ਸਨ, ਉਨ੍ਹਾਂ ਲੋਕਾਂ ਨੂੰ ਕਮਰਸ਼ੀਅਲ ਪਲਾਟਸ ਦੇਣੇ ਚਾਹੀਦੇ ਹਨ ਤਾਕਿ ਉਨ੍ਹਾਂ ਗਰੀਬਾਂ ਦਾ ਕਾਰੋਬਾਰ ਚਲ ਸਕੇ। ਮੈਂ ਮਨਿਸਟਰ ਸਾਹਿਬ ਨੂੰ ਫਿਰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇਹ ਬਿਲ ਲਿਆਂਦਾ ਹੈ।

**ਸ੍ਰੀ ਰਾਮ ਸਵਰੂਪ ਬਾਗੀ** (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਦੀ ਸਰਾਹਨਾ ਕਰਦਾ ਹਾਂ ਜਿਨ੍ਹਾਂ ਨੇ ਇਹ ਬਿਲ ਲਿਆਂਦਾ ਹੈ। ਇਸ ਬਿਲ ਰਾਹੀਂ ਸਰਕਾਰ ਨੂੰ ਹੋਰ ਅਧਿਕਾਰ ਮਿਲਣਗੇ, ਜਿਸ ਨਾਲ ਸਰਕਾਰ ਕਾਮਯਾਬ ਹੋਵੇਗੀ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਇਕ ਗੱਲ ਦੱਸਣਾ ਚਾਹੁੰਦਾ ਹਾਂ ਕਿ ਸਿਰਫ ਵੈਸਟਿਡ ਇੰਟਰੈਸਟ ਲਈ ਜਾਂ ਇੰਪਰੂਵਮੈਂਟ ਟਰਸਟ ਦੇ ਕਰਿੰਦੇ ਜਾਂ ਐਡਮਨਿਸਟਰੇਸ਼ਨ ਦੇ ਬੰਦੇ ਜਾਂ ਹਾਕਮ ਜਿਨ੍ਹਾਂ ਨੇ ਮਕਾਨ ਬਣਾਏ ਹਨ ਅਤੇ ਨਕਸ਼ੇ ਪਾਸ ਹਨ, ਜਿਸ ਦਾ ਇੰਪਰੂਵਮੈਂਟ ਟਰਸਟ ਨੂੰ ਵੀ ਕੋਈ ਫਾਇਦਾ ਨਹੀਂ ਹੁੰਦਾ ਅਤੇ ਜਿਸ ਨਾਲ ਗਰੀਬ ਲੋਕਾਂ ਨੂੰ ਨੁਕਸਾਨ ਹੁੰਦਾ ਹੈ ਉਸ ਵੱਲ ਧਿਆਨ ਦੇਣਾ ਚਾਹੀਦਾ

Original with;
Punjab Vidhan Sabha
Digitized by;
Panjab Digital Library

ਹੈ। ਉਨ੍ਹਾਂ ਦੇ ਪਲਾਟ ਜ਼ਬਤ ਕਰਨੇ ਚਾਹੀਦੇ ਹਨ। ਜਿਥੇ ਇੰਪਰੂਵਮੈਂਟ ਟਰਸਟ ਅਤੇ ਮਿਊਂਸਪਲ ਕਮੇਟੀਆਂ ਕਮਜ਼ੋਰ ਹਨ ਅਤੇ ਉਨ੍ਹਾਂ ਕੋਲ ਬਜਟ ਘੱਟ ਹੈ, ਉਨ੍ਹਾਂ ਵੱਲ ਸਰਕਾਰ ਧਿਆਨ ਦੇਵੇ। ਸਲੱਮ ਵਾਸਤੇ ਪੈਸਾ ਖਰਚਿਆ ਜਾਏ। ਜਿਥੇ ਪੱਛੜੀਆਂ ਸ਼੍ਰੇਣੀਆਂ ਦੀ ਆਬਾਦੀ ਹੈ ਅਤੇ ਹਰੀਜਨਾਂ ਦੀ ਆਬਾਦੀ ਹੈ, ਉਨ੍ਹਾਂ ਬਸਤੀਆਂ ਵਾਸਤੇ ਸਰਕਾਰ ਨੂੰ ਪੈਸੇ ਦੇ ਕੇ ਸੁਚੱਜਾ ਬਣਾਇਆ ਜਾਵੇ। ਜਿਹੜੇ ਪਲਾਟ ਬੇਈਮਾਨੀ ਨਾਲ ਅਲਾਟ ਕੀਤੇ ਗਏ ਹਨ, ਉਹ ਜ਼ਬਤ ਹੋਣੇ ਚਾਹੀਦੇ ਹਨ ਅਤੇ ਉਥੇ ਗਰੀਬਾਂ ਨੂੰ ਮਕਾਨ ਬਣਾਉਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਜੇਕਰ ਕੋਈ ਅਦਾਰਾ ਉਥੇ ਸਰਾਂਅ ਜਾਂ ਹਸਪਤਾਲ ਬਣਾਉਣਾ ਚਾਹੁੰਦਾ ਹੈ ਤਾਂ ਇੰਪਰੂਵਮੈਂਟ ਟਰਸਟ ਨੂੰ ਰਿਜ਼ਰਵ ਪ੍ਰਾਈਸ ਤੇ ਜਗ੍ਹਾ ਦੇਣੀ ਚਾਹੀਦੀ ਹੈ।

**ਸ੍ਰੀ ਗੁਰਦਿਆਲ ਸੈਣੀ** : ਡਿਪਟੀ ਸਪੀਕਰ ਸਾਹਿਬ, 15,000 ਮਕਾਨ ਬਣਾ ਕੇ ਗਰੀਬ ਲੋਕਾਂ ਨੂੰ ਦਿੱਤੇ ਹਨ, ਉਸ ਲਈ ਮੈਂ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ। (ਥੰਪਿੰਗ)

**ਸ੍ਰੀ ਸੁਰਿੰਦਰ ਕਪੂਰ** (ਬਠਿੰਡਾ) : ਡਿਪਟੀ ਸਪੀਕਰ ਸਾਹਿਬ, ਜਿਹੜੀ ਮਨਿਸਟਰ ਸਾਹਿਬ ਨੇ ਬਿਲ ਵਿਚ ਅਮੈਂਡਮੈਂਟ ਲਿਆਂਦੀ ਹੈ, ਉਸ ਨਾਲ ਲੋਕਾਂ ਨੂੰ ਫਾਇਦਾ ਹੋਵੇਗਾ। ਇਹ ਬਹੁਤ ਚੰਗੀ ਗੱਲ ਹੈ। ਕਈ ਜਗ੍ਹਾ ਤੇ ਇਨਕਰੋਚਮੈਂਟ ਹੋਈ ਹੈ ਅਤੇ ਅਨਆਥੋਰਾਈਜ਼ਡ ਕਨਸਟਰੱਕਸ਼ਨ ਹੋਈ ਹੈ ਅਤੇ ਹੋਰ ਕਈ ਜਗ੍ਹਾ ਤੇ ਇਹ ਚੀਜ਼ ਸ਼ੁਰੂ ਹੋਈ ਹੈ। ਇਹ ਅਮੈਂਡਮੈਂਟ ਜਿਹੜੀ ਲਿਆਂਦੀ ਹੈ ਇਹ ਇਲ-ਲੀਗਲ ਕਨਸਟਰੱਕਸ਼ਨ ਨੂੰ ਰੋਕੇਗੀ, ਜਿਸ ਨਾਲ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ। ਇਹ ਬਹੁਤ ਚੰਗੀ ਗੱਲ ਹੈ। ਕਾਨੂੰਨ ਤਾਂ, ਡਿਪਟੀ ਸਪੀਕਰ ਸਾਹਿਬ, ਪਹਿਲਾਂ ਹੀ ਬਹੁਤ ਹਨ, ਪਰ ਇਸ ਅਮੈਂਡ-ਮੈਂਟ ਨਾਲ ਜਿਹੜੀ ਅਨ-ਆਥੋਰਾਈਜ਼ਡ ਕਨਸਟਰੱਕਸ਼ਨ ਹੈ, ਉਸ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਲੇਕਿਨ ਜਿਹੜੀ ਮਿਲੀ-ਭੁਗਤ ਹੋ ਰਹੀ ਹੈ, ਉਹ ਵੀ ਠੀਕ ਨਹੀਂ ਹੈ।

ਮੈਂ ਕਪੂਰ ਸਾਹਿਬ ਅੱਗੇ ਬਠਿੰਡਾ ਇਮਪਰੂਵਮੈਂਟ ਟਰੱਸਟ ਬਾਰੇ ਬੇਨਤੀ ਕਰਨ ਲਗਾ ਹਾਂ ਕਿ ਉਥੇ ਕਾਫੀ ਸਾਰੀਆਂ ਸਕੀਮਾਂ ਬਣਾਈਆਂ ਗਈਆਂ ਸਨ। ਪਰ ਅੱਜ ਉਥੋਂ ਦੀਆਂ ਸਾਰੀਆਂ ਸਕੀਮਾਂ ਦੀ ਦੁਰਦਸ਼ਾ ਅਜਿਹੀ ਹੈ ਕਿ ਲੋਕ ਅਫਸਰਾਂ ਨਾਲ ਮਿਲ ਕੇ ਐਨਕਰੋਚਮੈਂਟ ਕਰ ਰਹੇ ਹਨ ਪਬਲਿਕ ਪਲਾਟਸ ਦੇ ਸਬੰਧ ਵਿਚ ਵੀ ਮੈਂ ਦੱਸ ਦੇਂਦਾ ਹਾਂ ਕਿ ਲੋਕਾਂ ਨੇ ਉਥੇ ਕੋਠੀਆਂ ਪਾ ਲਈਆਂ ਹਨ। ਜੇ ਮਿਊਂਸਪਲ ਕਮੇਟੀ ਵਲੋਂ ਜਾਂ ਟਰੱਸਟ ਵਲੋਂ ਕੋਈ ਕੇਸ ਦਾਇਰ ਕੀਤਾ ਜਾਂਦਾ ਹੈ ਅਤੇ ਵਕੀਲਾਂ ਨੂੰ ਅਜਿਹਦਾ ਫੀਸ ਦਿੱਤੀ ਜਾਂਦੀ ਹੈ ਤਾਂ ਵੀ ਉਸ ਕੇਸ ਦਾ ਕੁਝ ਨਹੀਂ ਬਣਦਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਇਨ੍ਹਾਂ ਸਾਰੀਆਂ ਸਕੀਮਾਂ ਦੀ ਖ਼ਰਾਬੀ ਨੂੰ ਦੂਰ ਕਰਨਾ ਚਾਹੀਦਾ ਹੈ। ਮੈਂ ਪਲਾਟਾਂ ਦੇ ਸਬੰਧ ਵਿੱਚ ਵੀ ਕਹਿਣਾ ਚਾਹੁੰਦਾ ਹਾਂ। ਇਹ ਕਪੂਰ ਸਾਹਿਬ ਨੇ ਚੰਗੀ ਗੱਲ ਕੀਤੀ ਹੈ ਅਤੇ ਉਨਾਂ ਨੇ ਕਿਹਾ ਹੈ ਕਿ ਅਸੀਂ ਲੁਧਿਆਣਾ ਵਿੱਚ 21,000 ਮਕਾਨ ਵੀਕਰ ਸੈਕਸ਼ਨ ਵਾਸਤੇ ਬਣਾ ਕੇ ਦਿਆਂਗੇ। ਇਹ ਵੀਕਰ ਸੈਕਸ਼ਨਜ਼ ਦਾ ਬੜਾ ਖਿਆਲ ਰਖਦੇ ਹਨ। ਮੈਂ ਬੇਨਤੀ ਕਰਾਂਗਾ ਕਿ ਇਮਪਰੂਵਮੈਂਟ ਟਰੱਸਟ ਬਠਿੰਡਾ ਬਾਰੇ ਅਤੇ ਉਸ ਦੀਆਂ ਸਕੀਮਾਂ ਬਾਰੇ ਇਨ੍ਹਾਂ ਨੂੰ, ਮੁਆਫ ਕਰਨਾ, ਜਾਂ ਤਾਂ ਅਫ਼ਸਰਾਂ ਨੇ ਗੁੰਮਰਾਹ ਕੀਤਾ ਹੈ ਜਾਂ ਜਿਨ੍ਹਾਂ ਲੋਕਾਂ ਨੇ ਵੀ ਇਨਾਂ ਨੂੰ ਗਲਤ ਇਤਲਾਹ ਦਿੱਤੀ ਹੈ, ਉਨ੍ਹਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਜਿਨ੍ਹਾਂ ਲੋਕਾਂ ਨੂੰ ਵੀ ਬਠਿੰਡਾ ਵਿੱਚ ਪਲਾਟਸ ਮਿਲੇ ਹਨ, ਉਨ੍ਹਾਂ ਦੇ ਦੋ ਦੋ ਤਿੰਨ ਤਿੰਨ ਮੰਜ਼ਲਾ ਮਕਾਨ ਪਹਿਲਾਂ ਹੀ ਹਨ। ਉਨਾਂ ਲੋਕਾਂ ਨੇ ਗਲਤ ਐਫੀਡੇਵਿਟਸ ਦਿੱਤੇ ਹਨ ਅਤੇ ਇਕ ਇਕ ਨਹੀਂ ਬਲਕਿ ਦੋ ਦੋ ਪਲਾਟਸ ਲੈ ਲਏ ਹਨ। ਅਸੀਂ ਫੇਰ ਵੀਕਰ ਸੈਕਸ਼ਨ ਦੀ ਗੱਲ ਕਿਥੋਂ ਕਰਾਂਗੇ। ਇਸ ਲਈ ਕੋਈ ਨਾ ਕੋਈ ਕਰਾਈਟੀਰੀਆ ਫਿਕਸ

Original with;
Punjab Vidhan Sabha
Digitized by;
Panjab Digital Library

[ਸ੍ਰੀ ਸੁਰਿੰਦਰ ਕਪੂਰ]

ਹੋਣਾ ਚਾਹੀਦਾ ਹੈ ਕਿ ਪਲਾਟ ਕਿਸ ਨੂੰ ਦੇਣਾ ਹੈ ਅਤੇ ਕਿਸ ਨੂੰ ਨਹੀਂ ਦੇਣਾ। ਇਸ ਕਾਰਨ ਸ਼ੋਰੋਗੁੱਲ ਵੀ ਬੜਾ ਹੋਇਆ ਸੀ ਕਿ ਗਲਤ ਢੰਗ ਨਾਲ ਪਲਾਟਾਂ ਦੀ ਅਲਾਟਮੈਂਟ ਕੀਤੀ ਗਈ ਹੈ। ਇਸ ਲਈ ਉਨ੍ਹਾਂ ਕੇਸਾਂ ਦੀ ਪੜਤਾਲ ਕਰਨ ਦੀ, ਉਨ੍ਹਾਂ ਨੂੰ ਘੋਖਣ ਦੀ ਜ਼ਰੂਰਤ ਹੈ। ਜੇਕਰ ਪਲਾਟ ਠੀਕ ਦਿੱਤੇ ਗਏ ਹਨ, ਤਾਂ ਜ਼ਰੂਰ ਦਿਓ ਪਰ ਜੇਕਰ ਗਲਤ ਢੰਗ ਨਾਲ ਦਿੱਤੇ ਗਏ ਹਨ ਤਾਂ ਮੈਂ ਬੇਨਤੀ ਕਰਾਂਗਾ ਕਿ ਉਹ ਫਾਈਲਾਂ ਕਪੂਰ ਸਾਹਿਬ ਆਪ ਮੰਗਾ ਕੇ ਵੇਖਣ ਅਤੇ ਗਲਤ ਅਲਾਟਮੈਂਟ ਹੋਏ ਪਲਾਟਾਂ ਨੂੰ ਕੈਂਸਲ ਕਰਾਉਣ। ਮੈਂ ਹਾਊਸ ਦੀ ਪਿਛਲੀ ਸਿਟਿੰਗ ਵਿੱਚ ਵੀ ਕਿਹਾ ਸੀ ਕਿ ਇਮਪਰੂਵਮੈਂਟ ਟਰਸਟ ਦੁਆਰਾ ਸਿਨਮੇ ਦੇ ਪਲਾਟ ਦੀ ਜਿਹੜੀ ਨੀਲਾਮੀ ਲਾਈਸੈਂਸ ਸਮੇਤ ਕੀਤੀ ਗਈ ਸੀ, ਉਹ ਵੀ ਗਲਤ ਕੀਤੀ ਗਈ ਸੀ। ਉਸ ਲਈ ਦੂਜੇ ਲੋਕ ਜ਼ਿਆਦਾ ਕੀਮਤ ਦੇਣ ਲਈ ਤਿਆਰ ਸਨ ਪਰ ਫਿਰ ਵੀ ਨੀਲਾਮੀ ਘੱਟ ਕੀਮਤ ਤੇ ਕੀਤੀ ਗਈ ਜਦ ਕਿ ਇਮਪਰੂਵਮੈਂਟ ਟਰਸਟ ਨੇ ਸੀਮਿੰਟ ਵੀ ਆਪ ਹੀ ਦੇਣਾ ਸੀ। ਦੂਜੇ ਪਾਸੇ ਨਾਲ ਦੇ ਲਗਦੇ ਕਮੱਰਸ਼ੀਅਲ ਪਲਾਟਸ ਦੁਗਣੀ ਤਿਗਣੀ ਕੀਮਤ ਤੇ ਦਿੱਤੇ ਗਏ। ਇਸ ਗੱਲ ਨੂੰ ਵੀ ਵਜ਼ੀਰ ਸਾਹਿਬ ਦੇਖਣ ਅਤੇ ਰੁਕਵਾਉਣ। ਇਹ ਜਗ੍ਹਾ ਗਰੀਬ ਲੋਕਾਂ ਨੂੰ ਵੀ ਦਿੱਤੀ ਜਾਵੇ ਜਿਨ੍ਹਾਂ ਕੋਲ ਰਹਿਣ ਲਈ ਵੀ ਜਗ੍ਹਾ ਨਹੀਂ। ਅਸੀਂ ਵੇਖਦੇ ਹਾਂ ਕਿ ਉਹ ਸਟੇਸ਼ਨਾਂ ਸਾਹਮਣੇ ਅਤੇ ਬਜ਼ਾਰਾਂ ਵਿੱਚ ਸੁੱਤੇ ਹੋਏ ਮਿਲਦੇ ਹਨ। ਉਨ੍ਹਾਂ ਲੋਕਾਂ ਲਈ ਕੋਈ ਕਲੋਨੀ ਬਣਾ ਕੇ ਦੇਣੀ ਚਾਹੀਦੀ ਹੈ, ਜਿਨ੍ਹਾਂ ਨੂੰ ਬਰਸਾਤ ਅਤੇ ਹਨੇਰੀ ਵਿੱਚ ਵੀ ਬੈਠਣ ਲਈ ਕੋਈ ਥਾਂ ਨਹੀਂ ਮਿਲਦੀ। ਉਨ੍ਹਾਂ ਲੋਕਾਂ ਲਈ ਵੀ ਕਪੂਰ ਸਾਹਿਬ ਕੁੱਝ ਕਰਨ। ਇਹ ਗੱਲ ਨਿਰੀ ਲੁਧਿਆਣਾ ਵਿੱਚ ਹੀ ਨਹੀਂ ਹੈ ਬਲਕਿ ਬਠਿੰਡਾ ਵਿੱਚ ਵੀ ਇਹੋ ਹਾਲਤ ਹੈ। ਉਥੇ 2-3 ਸਾਲ ਹੋ ਗਏ ਹਨ, ਪਰ ਕੋਈ ਇਮਪਰੂਵਮੈਂਟ ਟਰਸਟ ਹੋਂਦ ਵਿੱਚ ਨਹੀਂ ਆਇਆ।

## EXTENSION OF TIME OF THE SITTING

**Mr. Deputy Speaker**: Is it the pleasure of the House that the time of the sitting of the House be extended by 20 minutes?

(*Voices*: Yes, Yes).

**Mr. Deputy Speaker**: The time of the sitting of the House is extended upto 1.50 P.M.

## THE PUNJAB TOWN IMPROVEMENT AMENDMENT BILL, 1983 (*Resumption of Consideration*)

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** (ਬਟਾਲਾ): ਡਿਪਟੀ ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਹ ਬਿਲ ਲਿਆਂਦਾ ਹੈ। ਇਸ ਦੇ ਨਾਲ ਘਟੋ-ਘੱਟ ਜਿਹੜੀ ਐਨਕਰੋਚਮੈਂਟ ਹੁੰਦੀ ਹੈ, ਉਸ ਨੂੰ ਰੋਕਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਇੱਕ ਪੁਆਇੰਟ ਮੈਂ ਵਜ਼ੀਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀਆਂ ਸਕੀਮਾਂ ਮੌਜੂਦਾ ਹਨ, ਉਨ੍ਹਾਂ ਸਾਰੀਆਂ ਨੂੰ ਅੰਡਰ ਸੈਕਸ਼ਨ-36 ਨੋਟੀਫਿਕੇਸ਼ਨ ਹੋਇਆਂ 3 ਸਾਲ ਤੋਂ ਉਪਰ ਸਮਾਂ ਹੋ ਚੁਕਾ ਹੈ। ਇਸ ਬਿਲ ਦੇ ਪਾਸ ਹੋਣ ਨਾਲ ਉਨ੍ਹਾਂ ਸਾਰੀਆਂ ਸਕੀਮਾਂ ਦਾ ਕੀ ਬਣੇਗਾ, ਇਸ ਗੱਲ ਬਾਰੇ ਵਜ਼ੀਰ ਸਾਹਿਬ ਆਪਣੇ ਅਫਸਰਾਂ ਨਾਲ ਅਤੇ ਲਾਅ ਡਿਪਾਰਟਮੈਂਟ ਨਾਲ ਵਿਚਾਰ-ਵਟਾਂਦਰਾ ਜ਼ਰੂਰ ਕਰ ਲੈਣ ਅਤੇ ਉਸ ਗੱਲ ਦੀ ਘੋਖ ਕਰਾ ਲੈਣ ਤਾਂਕਿ ਇਹ ਨਾ ਹੋਵੇ ਕਿ ਇਕ ਪਾਸੇ ਐਨਕਰੋਚਮੈਂਟ ਹਟਾਉਣ ਦਾ ਯਤਨ ਕਰਨ ਦੇ ਨਾਲ ਨਾਲ ਦੂਜੇ ਪਾਸੇ ਐਸਾ ਨੋਟੀਫਿਕੇਸ਼ਨ ਇਸ਼ੂ ਹੋ ਜਾਵੇ ਜੋ ਸਾਰੀਆਂ ਸਕੀਮਾਂ ਦੇ ਰਾਹ ਵਿੱਚ ਰੁਕਾਵਟ ਬਣ ਜਾਵੇ। ਵਜ਼ੀਰ ਸਾਹਿਬ ਐਲ.ਆਰ. ਅਤੇ ਆਪਣੇ

Original with;
Punjab Vidhan Sabha
Digitized by;
Panjab Digital Library

ਵਿਭਾਗ ਦੇ ਸੈਕਟਰੀ ਨਾਲ ਇਸ ਬਾਰੇ ਗੱਲਬਾਤ ਕਰ ਲੈਣ। ਇਸ ਗੱਲ ਦੀ ਜਾਣਕਾਰੀ ਉਨ੍ਹਾਂ ਨੂੰ ਮਿਲ ਜਾਵੇਗੀ ਕਿ ਜਿਹੜੀਆਂ ਪੁਰਾਣੀਆਂ ਸਕੀਮਾਂ 3 ਸਾਲ ਪਹਿਲਾਂ ਦੀਆਂ ਹਨ, ਉਨ੍ਹਾਂ ਦਾ ਇਸ ਨੋਟੀਫਿਕੇਸ਼ਨ ਦੇ ਜਾਰੀ ਕਰਨ ਨਾਲ ਕੀ ਬਣੇਗਾ ਅਤੇ ਉਨ੍ਹਾਂ ਤੇ ਕੀ ਇਫੈਕਟ ਪਵੇਗਾ। ਇਸ ਗੱਲ ਨੂੰ ਲੀਗਲ ਤੌਰ ਤੇ ਵੀ ਘੋਖ ਲੈਣਾ ਚਾਹੀਦਾ ਹੈ। ਇਮਪਰੂਵਮੈਂਟ ਟਰੱਸਟ ਦਾ ਮਤਲਬ ਕਿਸੇ ਚੀਜ਼ ਦੀ ਇਮਪਰੂਵਮੈਂਟ ਕਰਨਾ ਹੈ। ਇਸ ਚੀਜ਼ ਦਾ ਮਤਲਬ ਇਹ ਬਿਲਕੁਲ ਨਹੀਂ ਹੁੰਦਾ ਕਿ ਕਿਸੇ ਚੀਜ਼ ਦੀ ਤਬਾਹੀ ਕੀਤੀ ਜਾਵੇ ਜਾਂ ਸਿਰਫ ਡੈਮੋਲੀਸ਼ਨ ਹੀ ਕੀਤੀ ਜਾਵੇ। ਮੈਂ ਰਿਕੁਐਸਟ ਕਰਾਂ-ਗਾ ਕਿ ਇਹ ਬੜੀ ਚੰਗੀ ਗੱਲ ਹੈ ਕਿ ਕਿਸੇ ਚੀਜ਼ ਦੀ ਆਈਡੀਅਲ ਪਲਾਨਿੰਗ ਕੀਤੀ ਜਾਵੇ। ਪਰ ਸਿਆਣੀ ਗੱਲ ਇਹ ਹੈ ਕਿ ਸ਼ਹਿਰਾਂ ਦੇ ਮੌਜੂਦਾ ਹਾਲਾਤ ਨੂੰ ਮੁੱਖ ਰਖਦੇ ਹੋਏ ਇਕ ਬੈਲੈਂਸ ਕਾਇਮ ਰਖਿਆ ਜਾਵੇ। ਉਨ੍ਹਾਂ ਦੇ ਬਿਲਟ ਏਰੀਆਜ਼ ਨੂੰ ਢਾਉਣ ਵਿੱਚ ਕੀ ਨੁਕਸਾਨ ਹੋਵੇਗਾ, ਇਹ ਵੀ ਦੇਖਣਾ ਚਾਹੀਦਾ ਹੈ। ਕਿਸੇ ਬਣੇ ਬਣਾਏ ਏਰੀਆ ਨੂੰ ਢਾਉਣਾ ਉਸ ਏਰੀਆ ਨਾਲ ਇਕ ਧੱਕੇ ਵਾਲੀ ਗੱਲ ਹੋਵੇਗੀ ਜਦੋਂ ਕਿ ਇਮਪਰੂਵਮੈਂਟ ਟਰਸਟਾਂ ਨੂੰ ਸਕੀਮਾਂ ਬਣਾਉਣ ਲਗਿਆਂ 9-9 ਸਾਲ ਲਗ ਜਾਂਦੇ ਹਨ। ਹੁਣੇ ਪ੍ਰੋਫੈਸਰ ਦਰਬਾਰੀ ਲਾਲ ਜੀ ਨੇ ਗੱਲ ਕੀਤੀ ਸੀ ਕਿ ਕਿਉਂਕਿ ਇਮ-ਪਰੂਵਮੈਂਟ ਟਰੱਸਟ ਹੈ ਨਹੀਂ ਸਨ, ਇਸ ਲਈ ਨਵੀਆਂ ਅਮੈਂਡਮੈਂਟਾਂ ਨਹੀਂ ਹੋ ਸਕਦੀਆਂ। ਪਰ ਮੈਂ ਕਹਿੰਦਾ ਹਾਂ ਕਿ ਇਹ ਅਮੈਂਡਮੈਂਟਸ ਬਟਾਲਾ ਵਿੱਚ ਹੋਈਆਂ ਹਨ। ਸ਼ਾਸਤਰੀ ਨਗਰ ਸਕੀਮ, ਬਟਾਲਾ ਵਿੱਚ ਅਮੈਂਡਮੈਂਟ ਹੋਈ ਹੈ। ਉਥੇ 60 ਫੁੱਟ ਦੀ ਸੜਕ ਨੂੰ ਜਲੰਧਰ ਜੀ.ਟੀ.ਰੋਡ ਨਾਲ ਮਿਲਾਉਣ ਦੀ ਸਕੀਮ ਹੈ। ਕਿਉਂਕਿ ਇਹ ਮਿੱਟੀ ਪਾਉਣ ਦਾ ਵੀ ਕੰਮ ਹੈ ਅਤੇ ਮਿੱਟੀ ਦੇ ਕੰਮ ਵਿੱਚ ਹੀ ਪੈਸੇ ਹੁੰਦੇ ਹਨ। ਮੈਂ ਇਸੇ ਲਈ ਕਹਿੰਦਾ ਹਾਂ ਕਿ ਇਕ ਹਾਈ ਲੈਵਲ ਕਮੇਟੀ ਬਣਾਓ ਜਿਹੜੀ ਇਸ ਗੱਲ ਨੂੰ ਦੇਖੇ ਕਿ ਜਿਹੜੀਆਂ ਮੌਜੂਦਾ ਸਟਰੱਕਚਰਲ ਸਕੀਮਾਂ ਹਨ, ਉਨ੍ਹਾਂ ਵਿੱਚ ਐਸੀ ਅਮੈਂਡਮੈਂਟ ਕਰ ਦਈਏ ਕਿ ਸਾਡਾ ਮਤਲਬ ਵੀ ਹਲ ਹੋ ਜਾਵੇ ਅਤੇ ਲੋਕਾਂ ਦਾ ਨੁਕਸਾਨ ਵੀ ਨਾ ਹੋਵੇ। ਉਨ੍ਹਾਂ ਸਕੀਮਾਂ ਵਿੱਚ ਕੀ ਮੋਡੀਫਿਕੇਸ਼ਨਜ਼ ਕਰ ਦੇਈਏ ਤਾਕਿ ਤਬਾਹੀ ਹੋਣੋਂ ਬਚ ਜਾਵੇ। (ਘੰਟੀ) ਬਾਕੀ ਜਿਹੜੀ ਮਿਊਂਸਪਲ ਕਮੇਟੀ ਜਾਂ ਟਰੱਸਟ ਸੀਵਰੇਜ ਆਪ ਲੈ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਆਗਿਆ ਦੇ ਦਿਓ। ਵੱਡੀਆਂ ਸਕੀਮਾਂ ਟਰੱਸਟਾਂ ਨੂੰ ਦੇ ਦਿਓ ਅਤੇ ਛੋਟੀਆਂ ਲੋਕਾਂ ਕੋਲ ਹੀ ਰਹਿਣ ਦਿਓ।

**ਪ੍ਰੋਫੈਸਰ ਬਲਵੰਤ ਸਿੰਘ** (ਰਾਜਪੁਰਾ) : ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ 2 ਮਿੰਟ ਵਿੱਚ ਹੀ ਆਪਣੀ ਗੱਲ ਕਹਿ ਦੇਵਾਂਗਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਐਨਕਰੋਚਮੈਂਟ ਨੂੰ ਦੂਰ ਕਰਨ ਵਾਸਤੇ ਜਿਹੜਾ ਇਸ ਬਿਲ ਦਾ ਸਹਾਰਾ ਭਾਲਿਆ ਗਿਆ ਹੈ, ਉਹ ਗਲਤ ਹੈ। ਇਹ ਗਲਾਂ ਕਾਨੂੰਨਾਂ ਦੇ ਸਹਾਰੇ ਨਾਲ ਦੂਰ ਨਹੀਂ ਹੁੰਦੀਆਂ। ਇਨ੍ਹਾਂ ਗੱਲਾਂ ਨੂੰ ਲੋਕਾਂ ਦੁਆਰਾ ਇਲੈਕਟਿਡ ਨੁਮਾਇੰਦੇ ਹੀ ਦੇਖ ਸਕਦੇ ਹਨ। ਇੰਮਪਰੂਵਮੈਂਟ ਟਰਸਟਾਂ ਵਿੱਚ ਵੀ ਨੌਮੀਨੇਸ਼ਨਾਂ ਨਹੀਂ ਹੋਣੀਆਂ ਚਾਹੀਦੀਆਂ ਬਲਕਿ ਇਲੈਕਸ਼ਨਜ਼ ਹੋਣੀਆਂ ਚਾਹੀਦੀਆਂ ਹਨ ਤਾਕਿ ਲੋਕਾਂ ਨੂੰ ਪੂਰੀ ਨੁਮਾਇੰਦਗੀ ਮਿਲ ਸਕੇ। ਇਹ ਮਿਊਂਸਪਲ ਕਮੇਟੀ ਦੀਆਂ ਚੋਣਾਂ ਤੋਂ ਵੀ ਭੱਜ ਰਹੇ ਹਨ। ਮੈਂ ਹੁਣੇ ਜਿਹੇ ਇਨ੍ਹਾਂ ਤੋਂ ਰਾਜਪੁਰਾ ਮਿਊਂਸਪਲ ਕਮੇਟੀ ਦੀਆਂ ਚੋਣਾਂ ਬਾਰੇ ਪੁਛਿਆ ਹੈ ਪਰ ਇਨ੍ਹਾਂ ਵਲੋਂ ਕੋਈ ਜਵਾਬ ਨਹੀਂ ਮਿਲਿਆ। ਇਹ ਸਿਰਫ ਕੇਂਦਰੀਕਰਣ ਕਰਨ ਵੱਲ ਹੀ ਲਗੇ ਹਨ। ਜੇ ਇਸੇ ਤਰ੍ਹਾਂ ਨੌਮੀਨੇਸ਼ਨਜ਼ ਹੀ ਹੁੰਦੀਆਂ ਰਹੀਆਂ ਤਾਂ ਇਕ ਦਿਨ ਵਜ਼ੀਰ ਵੀ ਨੌਮੀਨੇਟਿਡ ਹੋਣ ਲੱਗ ਜਾਣਗੇ ਅਤੇ ਇਲੈਕਸ਼ਨਾਂ ਹੋਣੀਆਂ ਵੀ ਬੰਦ ਹੋ ਜਾਣਗੀਆਂ। ਪਹਿਲਾਂ ਐਮ.ਐਲ.ਏ. ਬਣਨ ਦੀ ਲੋੜ ਨਹੀਂ ਰਹੇਗੀ। ਇਸ ਲਈ ਸਾਡੀ ਬੇਨਤੀ ਹੈ ਕਿ ਤੁਸੀਂ ਨਾਮੀਨੇਸ਼ਨ ਨਾ ਕਰੋ ਅਤੇ ਇਸ ਦੀ ਬਜਾਏ ਸਗੋਂ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਇਲੈਕਸ਼ਨ ਹੋਣੀ ਚਾਹੀਦੀ ਹੈ ਜਿਹੜਾਂ ਕਿ ਡੈਮੋਕਰੇਟਿਕ ਢੰਗ ਹੈ। ਅਜਿਹਾ ਬਿਲ ਲਿਆਓ ਜਿਸ ਨਾਲ ਇਮਪਰੂਵਮੈਂਟ ਟਰੱਸਟਾਂ ਦੇ ਜਿਹੜੇ ਮੈਂਬਰ ਹਨ ਉਹ ਨਾਮੀਨੇਟ ਨਾ ਹੋਇਆ ਕਰਨ।

ਮਾਸਟਰ ਬਾਬੂ ਸਿੰਘ (ਰਾਮਪੁਰਾ ਫੂਲ): ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਕੇਵਲ ਦੋ ਪੁਆਇੰਟ ਹੀ ਬੋਲਣੇ ਹਨ ਅਤੇ ਬਹੁਤ ਥੋੜੇ ਟਾਈਮ ਵਿੱਚ ਖ਼ਤਮ ਕਰ ਲਵਾਂਗਾ। ਡਿਪਟੀ ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਇਮਪਰੂਵਮੈਂਟ ਟਰੱਸਟ ਵਾਲਿਆਂ ਦਾ ਦੂਸਰੇ ਹੋਰ ਡਿਪਾਰਟਮੈਂਟਸ ਦੇ ਨਾਲ ਕੋਈ ਕੋਆਰਡੀਨੇਸ਼ਨ ਨਹੀਂ। ਅਗਰ ਪੀ.ਡਬਲਿਯੂ.ਡੀ. ਵਾਲੇ ਸੜਕ ਬਣਾ ਕੇ ਜਾਂਦੇ ਹਨ ਤਾਂ ਕੁਝ ਸਮੇਂ ਬਾਅਦ ਟੈਲੀਫੂਨ ਵਾਲੇ ਆ ਕੇ ਆਪਣਾ ਕੰਮ ਕਰਨ ਲੱਗ ਜਾਂਦੇ ਹਨ ਜਾਂ ਫਿਰ ਸੀਵਰੇਜ ਬੋਰਡ ਵਾਲੇ ਆ ਕੇ ਸੜਕ ਪੁੱਟਣੀ ਸ਼ੁਰੂ ਕਰ ਦੇਂਦੇ ਹਨ। ਇਸ ਤਰ੍ਹਾਂ ਜੇਕਰ ਉਨ੍ਹਾਂ ਵਿੱਚ ਕੋਆਰਡੀਨੇਸ਼ਨ ਹੋਵੇ ਤਾਂ ਇਹ ਚੀਜ਼ ਰੋਕੀ ਜਾ ਸਕਦੀ ਹੈ। ਦੂਜਾ ਪੁਆਇੰਟ, ਡਿਪਟੀ ਸਪੀਕਰ ਸਾਹਿਬ, ਮੇਰਾ ਇਹ ਹੈ ਕਿ ਜਿਹੜਾ ਬਿਲਟ ਏਰੀਆ ਪਹਿਲਾਂ ਬਣਿਆ ਹੋਇਆ ਹੈ, ਉਸ ਦੇ ਵਿੱਚ ਚੋਖਾ ਹਿੱਸਾ ਨਵਾਂ ਬਣਿਆ ਹੈ। ਗਰੀਬ ਲੋਕਾਂ ਦੇ ਪਲਾਟ ਹਨ ਉਨ੍ਹਾਂ ਦੇ ਪਾਸ ਪੈਸੇ ਦਾ ਪ੍ਰਬੰਧ ਨਹੀਂ ਹੈ, ਉਨ੍ਹਾਂ ਨੂੰ ਟੇਕ ਓਵਰ ਨਹੀਂ ਕਰਨਾ ਚਾਹੀਦਾ। ਇਮਪਰੂਵਮੈਂਟ ਟਰੱਸਟ ਵਾਲਿਆਂ ਨੂੰ ਨਵੀ ਕਾਲੋਨੀ ਵਾਸਤੇ ਜਗ੍ਹਾਂ ਇਨ੍ਹਾਂ ਲੋਕਾਂ ਦੀ ਅਕੁਆਇਰ ਨਹੀਂ ਕਰਨੀ ਚਾਹੀਦੀ। ਤੀਜਾ ਪੁਆਇੰਟ ਇਹ ਹੈ ਕਿ ਸਾਡੇ ਜਿਹੜੀ ਧਾਗਾ ਫੈਕਟਰੀ ਲੱਗੀ ਹੈ, ਇਹ ਫੈਕਟਰੀ ਵੀ ਜ਼ਮੀਨ ਐਕੁ-ਆਇਰ ਕਰਕੇ ਲੱਗੀ ਸੀ। ਕੁਝ ਦੇਰ ਇਹ ਫੈਕਟਰੀ ਚਲਦੀ ਵੀ ਰਹੀ। ਫਿਰ ਘਪਲੇਬਾਜ਼ੀ ਕਰਕੇ ਇਹ ਚੱਲੀ ਨਹੀਂ, ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਇੱਕ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਗਰੀਬ ਵੀਰ ਮੇਰੇ ਸਾਥੀ ਆਸਾਂ ਲਾਈ ਬੈਠੇ ਹਨ ਚਾਹੇ ਉਹ ਕੁਰੱਪਟ ਹੋਣ ਉਨ੍ਹਾਂ ਨੂੰ ਵੀ ਚੇਅਰਮੈਨ ਲਾ ਦਿਓ ਇਮਪਰੂਵਮੈਂਟ ਟਰੱਸਟਾਂ ਦੇ। ਇਸ ਵਾਸਤੇ, ਡਿਪਟੀ ਸਪੀਕਰ ਸਾਹਿਬ, ਬੜੀ ਲੰਮੀ ਲਿਸਟ ਬਣੀ ਹੋਈ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਵਾਸਤੇ ਵੀ ਕੋਈ ਕੁਆਲੀਫਿਕੇਸ਼ਨ ਨੂੰ ਮਿਆਰ ਮੰਨਣਾ ਚਾਹੀਦਾ ਹੈ। ਸਾਨੂੰ ਇਹ ਨਹੀਂ ਕਰਨਾ ਚਾਹੀਦਾ ਹੈ ਕਿ ਟਰੇਜ਼ਰੀ ਬੈਂਚ ਦਾ ਆਦਮੀ ਹੈ, ਅਮੀਰ ਹੈ, ਉਸ ਨੂੰ ਲਗਾ ਦਿੱਤਾ ਜਾਵੇ।

ਸ਼੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬੀ) : ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ, ਪੁਆਇੰਟਸ ਹੀ ਬੋਲਣੇ ਹਨ। ਇਹ ਜਿਹੜਾ ਬਿਲ ਹੈ ਇਹ ਬਹੁਤ ਅੱਛਾ ਬਿਲ ਹੈ। ਮੇਰਾ ਪੁਆਇੰਟ ਹੈ ਕਿ ਮੈਂ ਵਜ਼ੀਰ ਸਾਹਿਬ ਨੂੰ ਪੁੱਛਦਾ ਹਾਂ ਕਿ ਇਸ ਤਰ੍ਹਾਂ ਕੰਮ ਵਿੱਚ ਡੀਲੇਅ ਕਿਉਂ ਹੁੰਦੀ ਹੈ। ਗੌਰਮਿੰਟ ਦੀ ਕੋਈ ਸਕੀਮ ਨਵੀਂ ਆਉਂਦੀ ਹੈ ਤਾਂ ਉਹ ਤਿੰਨ ਤਿੰਨ ਸਾਲ ਉਥੇ ਹੀ ਗੁਜ਼ਰ ਜਾਂਦੇ ਹਨ ਜਾਂ ਤਾਂ ਉਹ ਏਥੇ ਸੈਕਟਰੀਏਟ ਵਿੱਚ ਪਈ ਰਹਿੰਦੀ ਹੈ ਜਾਂ ਫਿਰ ਡਾਇਰੈਕਟੋਰੇਟ ਵਿੱਚ ਪਈ ਰਹਿੰਦੀ ਹੈ। ਇਸ ਵਾਸਤੇ ਕੋਈ ਅਮੈਂਡਮੈਂਟ ਜਾਂ ਰੂਲ ਬਣਾਉਣਾ ਚਾਹੀਦਾ ਹੈ ਕਿ ਕੋਈ ਵੀ ਸਕੀਮ ਜਦੋਂ ਆਵੇ ਤਾਂ ਉਹ ਇੱਕ ਦੋ ਮਹੀਨਿਆਂ ਦੇ ਵਿੱਚ ਚਾਹੇ ਉਹ ਰੀਜੈਕਟ ਹੋਣੀ ਹੋਵੇ ਜਾ ਲਾਗੂ ਹੋਣੀ ਹੋਵੇ, ਉਸ ਦਾ ਜਵਾਬ ਜਾਣਾ ਚਾਹੀਦਾ ਹੈ। ਦੂਸਰੀ ਗੱਲ, ਡਿਪਟੀ ਸਪੀਕਰ ਸਾਹਿਬ ਇਹ ਹੈ ਕਿ ਇੱਕ ਲੈਂਡ ਸੀਲਿੰਗ ਐਕਟ ਬਣਾਇਆ ਸੀ, ਪਰ ਉਸ ਤੇ ਕੋਈ ਪੂਰੀ ਤਰ੍ਹਾਂ ਅਮਲ ਨਹੀਂ ਹੋ ਰਿਹਾ, ਜਿਸ ਨਾਲ ਇਮਪਰੂਵਮੈਂਟ ਟ੍ਰਸਟ ਨੂੰ ਬੜੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਨਾ ਲੈਂਡ-ਲਾਰਡ ਨੂੰ ਕੋਈ ਫਾਇਦਾ ਹੋਇਆ ਅਤੇ ਨਾ ਹੀ ਸਰਕਾਰ ਨੂੰ। ਇਸ ਨੂੰ ਸਕਰੈਪ ਕਰ ਦੇਣਾ ਚਾਹੀਦਾ ਹੈ ਨਹੀਂ ਤਾਂ ਇਸ ਦਾ ਕੋਈ ਫਾਇਦਾ ਨਹੀਂ। ਇਸ ਅਮੈਂਡਮੈਂਟ ਦੀ ਬਹੁਤ ਜ਼ਰੂਰਤ ਹੈ। ਦੇਸ਼ ਦੀ ਆਬਾਦੀ ਬਹੁਤ ਵੱਧ ਰਹੀ ਹੈ। ਉਸੇ ਹਿਸਾਬ ਨਾਲ ਮਕਾਨ ਵੀ ਵਧਣੇ ਚਾਹੀਦੇ ਹਨ। ਜਿੰਨਾ ਚਿਰ ਜਗ੍ਹਾ ਨਹੀਂ ਮਿਲੇਗੀ ਤਾਂ ਇਹ ਕਿੱਥੇ ਬਣਨਗੇ। ਜਿਹੜੀ ਵੀ ਜਗ੍ਹਾ ਇਮਪਰੂਵਮੈਂਟ ਟਰੱਸਟ

Original with;
Punjab Vidhan Sabha
Digitized by;
Panjab Digital Library

ਨੂੰ ਦਿੱਤੀ ਹੈ ਜਾਂ ਹਾਊਸਿੰਗ ਬੋਰਡ ਨੂੰ ਦਿੱਤੀ ਹੈ ਉਹ ਕਈ ਵਾਰ ਮਿਸ-ਯੂਜ਼ ਹੋ ਜਾਂਦੀ ਹੈ। ਤੀਸਰਾ ਮੇਰਾ ਪੁਆਇੰਟ ਇਹ ਹੈ ਕਿ ਇੱਕ ਗਰੇਨ ਮਾਰਕੀਟ ਬਣਾਈ ਸੀ, ਉਸ ਨੂੰ ਬਣੀ ਨੂੰ ਸ਼ਾਇਦ ਛੇ ਸਾਲ ਹੋ ਗਏ ਹਨ ਉਹ ਨਾ ਤਾਂ ਉਸ ਤੇ ਗੌਰਮਿੰਟ ਕੁਝ ਕਰ ਰਹੀ ਹੈ ਅਤੇ ਨਾ ਹੀ ਇਮਪਰੂਵਮੈਂਟ ਟਰੱਸਟ ਵਾਲੇ ਉਸ ਦਾ ਕੁਝ ਕਰਦੇ ਹਨ। ਉਹ ਉਥੇ ਦੀ ਉਥੇ ਹੀ ਪਈ ਹੈ। ਉਸ ਤੇ ਕੋਈ ਕਨਸਟਰੱਕਸ਼ਨ ਨਹੀਂ ਕਰ ਰਿਹਾ, ਇਸ ਤਰ੍ਹਾਂ ਉਹ ਗੌਰਮਿੰਟ ਵੀ ਯੂਜ਼ ਨਹੀਂ ਕਰ ਰਹੀ। ਗੌਰਮਿੰਟ ਦਾ ਪੈਸਾ ਵੀ ਲੱਗਿਆ ਪਰ ਉਹ ਵੇਸਟ ਹੋ ਰਿਹਾ ਹੈ।

**ਸਰਦਾਰ ਗੁਰਨੈਬ ਸਿੰਘ ਬਰਾੜ :** ** ** **

**ਸ਼੍ਰੀ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਥਾਨਕ ਸਰਕਾਰ ਮੰਤਰੀ** (ਸ਼੍ਰੀ ਸਰਦਾਰੀ ਲਾਲ ਕਪੂਰ) : ਮੈਂ, ਡਿਪਟੀ ਸਪੀਕਰ ਸਾਹਿਬ, ਆਪਣੇ ਸਾਥੀਆਂ ਦਾ ਬੜਾ ਸ਼ੁਕਰ ਗੁਜ਼ਾਰ ਹਾਂ ਜਿਨ੍ਹਾਂ ਨੇ ਇਸ ਬਿਲ ਵਿੱਚ ਐਨੀ ਦਿਲਚਸਪੀ ਲਈ ਹੈ। ਇਸ ਅਮੈਂਡਮੈਂਟ ਦੇ ਵਿੱਚ ਦਰਅਸਲ ਇਹ ਹੈ ਕਿ ਇਹ ਅਮੈਂਡਮੈਂਟ ਬਿਲਕੁਲ ਸਿੱਧੀ ਹੈ। ਇਸ ਦੇ ਵਿੱਚ ਇੱਧਰ ਉਧਰ ਦੀ ਕੋਈ ਗੱਲ ਹੈ ਨਹੀਂ। 36 ਸੈਕਸ਼ਨ ਜਿਹੜਾ ਹੈ, ਉਸ ਨਾਲ ਜਿਹੜੀ ਸਾਡੀ ਜਗ੍ਹਾ ਹੁੰਦੀ ਹੈ, ਉਹ ਅਸੀਂ ਨੋਟੀਫਾਈ ਕਰਦੇ ਹਾਂ। ਉਸ ਤੋਂ ਬਾਅਦ 42 ਸੈਕਸ਼ਨ ਦੇ ਵਿੱਚ ਅਸੀਂ ਉਸ ਨੂੰ ਮਨਜ਼ੂਰੀ ਦੇਂਦੇ ਹਾਂ। ਉਸ ਦੇ ਦੌਰਾਨ ਵਿੱਚ ਜਿਹੜੀ ਜਗ੍ਹਾ ਅਸੀਂ ਲੈਣੀ ਹੁੰਦੀ ਹੈ ਉਸ ਤੇ ਦੂਸਰਾ ਕਬਜ਼ਾ ਕਰ ਲੈਂਦਾ ਹੈ। ਇਸ ਨੂੰ ਰੋਕਣ ਵਾਸਤੇ ਸਾਡੇ ਪਾਸ ਸੈਕਸ਼ਨ 49 ਹੈ। ਇਸ ਰਾਹੀਂ ਅਸੀਂ ਇਸ ਤਰ੍ਹਾਂ ਦੀ ਅਨਆਥੋਰਾਈਜ਼ਡ ਐਨਕਰੋਚਮੈਂਟ ਦੂਰ ਕਰ ਸਕਦੇ ਹਾਂ। ਜੇ ਅਨਕਰੋਚਮੈਂਟ ਦੂਰ ਨਹੀਂ ਕੀਤੀ ਜਾਵੇਗੀ ਤਾਂ ਫਿਰ ਕੋਈ ਸਕੀਮ ਨਹੀਂ ਬਣਦੀ। ਇਸ ਵਾਸਤੇ ਇਹ ਗੱਲ ਕੋਈ ਬਹੁਤੀ ਲੰਮੀ ਚੌੜੀ ਨਹੀਂ ਸੀ। ਹੁਣੇ ਮੇਰੇ ਬੇਟੇ ਸੁਰਿੰਦਰ ਕਪੂਰ ਨੇ ਐਨਕਰੋਚਮੈਂਟ ਬਾਰੇ ਦੱਸਿਆ ਹੈ। ਮੈਂ ਕਹਿੰਦਾ ਹਾਂ ਕਿ ਅਸੀਂ ਕਿਸੇ ਪਰਕਾਰ ਦੀ ਕੋਈ ਐਨਕਰੋਚਮੈਂਟ ਨਹੀਂ ਰਹਿਣ ਦੇਣੀ। (ਵਿਘਨ) ਮਿਹਰਬਾਨੀ ਕਰਕੇ ਇਸ ਨੂੰ ਜ਼ਰਾ ਸੀਰੀਅੱਸਲੀ ਸੁਣ ਲਓ। ਇਹ ਬੜਾ ਜ਼ਰੂਰੀ ਬਿਲ ਹੈ। ਡਿਪਟੀ ਸਪੀਕਰ ਸਾਹਿਬ ਮੇਰੀ ਅਰਜ਼ ਇਹ ਹੈ ਕਿ ਐਨਕਰੋਚਮੈਂਟ ਕਿਤੇ ਨਹੀਂ ਹੁੰਦੀ ਅਗਰ ਪੁਲੀਟੀਕਲ ਆਦਮੀ ਕਿਸੇ ਦੀ ਇਸ ਕੰਮ ਵਿੱਚ ਮੱਦਦ ਨਾ ਕਰਨ। ਐਨਕਰੋਚਮੈਂਟ ਦੇ ਮਸਲੇ ਵਿੱਚ ਤੁਸੀਂ ਸਾਡੀ ਮੱਦਦ ਕਰੋ। ਮੈਂ ਸਾਰਿਆਂ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਐਨਕਰੋਚਮੈਂਟ ਜਿਹੜੀ ਤੁਹਾਡੇ ਸ਼ਹਿਰ ਵਿੱਚ ਹੈ, ਉਹ ਦੂਰ ਕਰ ਦਿਆਂਗੇ। ਤੁਸੀਂ ਕਦੇ ਕੋਈ ਰਿਪੋਰਟ ਕੀਤੀ ਹੈ ? ਰਿਪੋਰਟ ਕਰਕੇ ਦੇਖੋ ਅਸੀਂ ਐਨਕਰੋਚਮੈਂਟ ਜ਼ਰੂਰ ਦੂਰ ਕਰਾਂਗੇ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਸਾਡੀ ਮੱਦਦ ਕਰੋ, ਐਨਕਰੋਚਮੈਂਟ ਨੂੰ ਦੂਰ ਕਰਨ ਦਾ ਇਹ ਸਭ ਤੋਂ ਸੌਖਾ ਤਰੀਕਾ ਹੈ। ਜਿਹੜੀ ਵੀ ਐਨਕਰੋਚਮੈਂਟ ਹੈ ਉਸ ਨੂੰ ਦੂਰ ਕਰਨ ਵਿੱਚ ਕਿਸੇ ਨੂੰ ਬਿਲਕੁਲ ਵੀ ਮੁਆਫ ਨਹੀਂ ਕੀਤਾ ਜਾਵੇਗਾ। ਇਹ ਕੋਈ ਤਰੀਕਾ ਨਹੀਂ ਕਿ ਜਬਰੀ ਜ਼ਮੀਨ ਤੇ ਕਬਜ਼ਾ ਕਰ ਲਿਆ ਜਾਵੇ। ਮੈਂ ਇਹ ਵੀ ਅਰਜ਼ ਕਰਦਾ ਹਾਂ ਕਿ ਜਿਹੜੇ ਪਲਾਟ ਜ਼ਮੀਨ ਦੇ ਵਿੱਚ ਆਉਣਗੇ, ਜਿੱਥੇ ਕਾਨੂੰਨੀ ਤੌਰ ਤੇ ਕੋਈ ਕਬਜ਼ਾ ਨਹੀਂ ਕੀਤਾ ਜਾ ਸਕਦਾ ਤਾਂ ਉਹ ਗੈਰ ਕਾਨੂੰਨੀ ਗੱਲ ਅਸੀਂ ਬਿਲਕੁਲ ਨਹੀਂ ਹੋਣ ਦਿਆਂਗੇ। ਇਥੇ ਹੁਣੇ ਸਿਨਮੇ ਦੇ ਬਾਰੇ ਗੱਲ ਕੀਤੀ ਗਈ ਹੈ। ਮੈਨੂੰ ਇਸ ਸਿਨਮੇ ਦੇ ਬਾਰੇ ਪਤਾ ਨਹੀਂ। ਤੁਸੀਂ ਮੈਨੂੰ ਦੱਸੋ ਅਸੀਂ ਇਸ ਦੀ ਇਨਕੁਆਰੀ ਕਰਾਂਗੇ। ਜੇ ਰੋਕਣ ਦੀ ਲੋੜ ਹੋਵੇਗੀ ਤਾਂ ਰੋਕ ਵੀ ਦਿਆਂਗੇ ਪਰ ਇਨਕੁਆਇਰੀ ਤੋਂ ਬਾਅਦ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਥਾਨਕ ਸਰਕਾਰ ਮੰਤਰੀ]

ਆਖਿਰ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਖਤਮ ਕਰਦਾ ਹਾਂ। ਮੈਨੂੰ ਸਾਰੀਆਂ ਗੱਲਾਂ ਦਾ ਜਵਾਬ ਦੇਣ ਦੀ ਲੋੜ ਨਹੀਂ ਹੈ ਕਿਉਂਕਿ ਬਹੁਤ ਸਾਰੇ ਸੱਜਣ ਜਿਹੜੇ ਬੋਲੇ ਹਨ ਉਨਾਂ ਨੇ ਆਪਣੇ ਆਪ ਹੀ ਜਵਾਬ ਦੇ ਦਿਤਾ ਹੈ। ਗੁਪਤਾ ਜੀ ਨੇ ਆਪਣੇ ਆਪ ਸਵਾਲ ਕਰਕੇ ਆਪਣੇ ਆਪ ਹੀ ਜਵਾਬ ਦੇ ਦਿਤਾ ਹੈ। ਮੈਂ ਉਨ੍ਹਾਂ ਦਾ ਮਸ਼ਕੂਰ ਹਾਂ। ਇਸ ਲਈ ਮੈਨੂੰ ਉਨ੍ਹਾਂ ਦੇ ਸਵਾਲ ਦਾ ਜਵਾਬ ਦੇਣ ਦੀ ਲੋੜ ਨਹੀਂ ਹੈ। ਅੰਤ ਵਿਚ ਮੈਂ ਇਹ ਸਮਝਦਾ ਹਾਂ ਕਿ ਇਸ ਬਿਲ ਨੂੰ ਮਿਹਰਬਾਨੀ ਕਰਕੇ ਪਾਸ ਕਰ ਦਿਤਾ ਜਾਵੇ। (ਥੰਪਿੰਗ)

**Mr. Deputy Speaker :** Question is—

That the Punjab Town Improvement (Amendment) Bill be taken into consideration at once.

*The motion was carried.*

**Mr. Deputy Speaker :** Now the House will proceed to consider the Bill Clause by Clause.

CLAUSE 2

**Mr. Deputy Speaker :** Question is—

That Clause 2 stand part of the Bill .

*The motion was carried.*

CLAUSE 3

**Mr. Deputy Speaker :** Question is—

That Clause 3 stand part of the Bill.

*The motion was carried.*

CLAUSE 4

**Mr. Deputy Speaker :** Question is—

That Clause 4 stand part of the Bill.

*The motion was carried.*

CLAUSE 1

**Mr. Deputy Speaker :** Question is—

That Clause 1 stand part of the Bill.

*The motion was carried.*

TITLE

**Mr. Deputy Speaker :** Question is—

That Title be the title of the Biil.

*The motion was carried.*

Original with;
Punjab Vidhan Sabha
Digitized by;
Panjab Digital Library

**Local Government Minister** (Shri Sardari Lal Kapur) : Sir, I beg to move—.

That the Punjab Town Improvement (Amendment) Bill be passed.

**Mr. Deputy Speaker :** Motion moved—

That the Punjab Town Improvement (Amendment) Bill be passed.

**Mr. Deputy Speaker :** Question is—

That the Punjab Town Improvement (Amendment) Bill be passed.

*The motion was carried.*

**Mr. Deputy Speaker :** The House stands adjourned till 9·00 A.M. on Wednesday, the 7th September, 1983.

*1.43 P. M. (*The Sabha then adjourned* till* 9.00 *A.M. on Wednesday, the 7th September,* 1983).

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## APPENDIX TO PUNJAB VIDHAN SABHA DEBATES

*Dated 6th September, 1983.*

**Vol. VII—No. 2**

STARRED QUESTION AND ANSWER

**Girdawaris of Panchayat Land**

***2118. Sardar Shamsher Singh** : Will the Minister for Revenue be pleased to state ;—

(a) the names of persons against whom Girdawaris of the Panchayat land belonging to village Chalaila, Tehsil Sirhind district Patiala, for the year 1981-82, 1982-83 and 1983-84 stood/stands;

(b) the number of persons out of those referred to in part (a) above who belong to the Scheduled Castes and the details of Girdawaris of lands in their names in accordance with their khet (Khasra) numbers year-wise ?

**Sardar Gurdarshan Singh** : (a) The list of 137 persons against whom Girdawaris of the Panchayat land stood for the years 1981-82 and 1982-83 is enclosed (Annexure-A)

(b) Out of the above 137 persons. 12 persons belong to Scheduled Castes. The details of Girdawari of land in their names is enclosed (Annexure-B)

The details of Girdawaris in respect of the year 1983-84 cannot be given as the Girdawari is to take place for Kharif in October, 1983 and for Rabi in March, 1984.

**ANNEXURE—A**

| Sr. No. | Name of Tenant |
|---|---|
| 1. | Ujjagar Singh adopted son of Puran Chand, Sardara son of Hardit 1/3 equal shares. Niranjan Singh son of Partap Singh 2/3 share. |
| 2. | Ujjagar son of Puran. |
| 3. | Ujjagar son of Ram Singh. |
| 4. | Ujjagar Singh son of Hira Singh. |
| 5. | Ujagar Singh son of Lal Singh. |
| 6. | Om Parkash, Gian Chand, Dharam Chand sons of Piare Lal equal shares. |
| 7, | Amar Singh son of Inder Singh. |
| 8. | Amar Singh, Jagir Singh sons of Hira Singh. |
| 9. | Ajit Singh son of Daulti. |

Original with;
Punjab Vidhan Sabha
Digitized by;
Panjab Digital Library

| Sr. No. | Name of Tenant |
|---|---|
| 10. | Arjan Singh son of Nathu. |
| 11. | Arjan Singh son of Naina Singh. |
| 12. | Amrik Singh son of Sardara Singh. |
| 13. | Amrik Singh son of Mehma Singh. |
| 14. | Inder Singh son of Hira Singh. |
| 15. | Isher Singh son of Joginder Singh. |
| 16. | Isher Singh son of Basakhi. |
| 17. | Sewa Singh son of Amar Singh. |
| 18. | Shamsher Singh son of Harnam Singh. |
| 19. | Sant Singh, Dhanna Singh sons of Bishan Singh. |
| 20. | Sarup Singh son of Narain Singh. |
| 21. | Sukhdev Singh son of Narain Singh. |
| 22. | Songhi son of Gopala. |
| 23. | Sardara Singh, Mukhtiar Singh sons of Harnam Singh. |
| 24. | Sadhu Singh son of Kabul Singh. |
| 25. | Sarup Singh son of Mangal Singh. |
| 26. | Satpal son of Amar Nath. |
| 27. | Subhash Chand son of Karta Ram. |
| 28. | Surjit Singh son of Mihan Singh. |
| 29. | Salig Ram son of Thakur Dass. |
| 30. | Hakam Singh son of Basakhi. |
| 31. | Hakam Sngh son of Gokal Singh. |
| 32. | Harjang Singh son of Kehar Singh. |
| 33. | Hardial Singh son of Puran Singh. |
| 34. | Hazura Singh son of Mangal Singh. |
| 35. | Hamir Singh son of Mihan Singh. |
| 36. | Harinder Singh, Deepinder Singh sons of Mohinder Singh equal shares. |
| 37. | Harnam Singh son of Sunder Singh. |
| 38. | Harchand Singh, Ajaib Singh, Karnail Singh, Narang Singh sons of Gurdial Singh equal shares. |
| 39. | Kehar Singh son of Sadhu Singh. |
| 40. | Kaka Singh son of Saun. |
| 41. | Karnail Singh son of Basakhi. |

Original with;
Punjab Vidhan Sabha
Digitized by;
Panjab Digital Library

| Sr. No. | Name of Tenant |
|---|---|
| 42. | Karnail Singh son of Basawa Singh. |
| 43. | Kuldip Singh son of Gopi Singh. |
| 44. | Kartar Ram son of Shivcharan Dass. |
| 45. | Kartar Singh son of Sunder Singh. |
| 46. | Kartar Singh, Pritam Singh sons of Gujjar equal shares. |
| 47. | Charan Singh son of Jangir Singh. |
| 48. | Gurcharan Singh son of Hira Singh. |
| 49. | Jang Singh son of Bhagwan Singh. |
| 50. | Jangir Singh son of Nikka Singh. |
| 51. | Jangir Singh son of Nihal Singh. |
| 52. | Jangir Singh, Amar Singh sons of Hira Singh equal shares. |
| 53. | Jasmer Singh son of Sampuran Singh. |
| 54. | Jangir Singh son of Mihan Singh. |
| 55. | Jangir Singh son of Baggu. |
| 56. | Jangir Singh, Surjan Singh, Chajju Singh sons of Nihal Singh equal shares. |
| 57. | Jarnail Singh son of Jangir Singh. |
| 58. | Gurnam Singh son of Arjan Singh. |
| 59. | Gurnam Singh son of Mikka Singh. |
| 60. | Joginder Singh, Inder Singh, Darbara Singh sons of Jagjit Singh equal shares. |
| 61. | Gurnam Singh son of Basawa Singh. |
| 62. | Gian Singh son of Kehar Singh. |
| 63. | Gurdev Singh son of Basawa Singh. |
| 64. | Gian Chand, Dharam Chand, Karam Chand sons of Piare Lal equal shares. |
| 65. | Gurdev Singh son of Munshi. |
| 66. | Gurdev Singh son of Harnam Singh. |
| 67. | Gurmit Singh son of Munshi. |
| 68. | Gurdial Singh son of Munshi. |
| 69. | Gurdev Singh, Harchand Singh sons of Inder Singh equal shares. |
| 70. | Gurdial Kaur wd/o Harcharan Singh. |
| 71. | Shri Gurdwara Sahib. |
| 72. | Chajju Singh, Kehar Singh sons of Narain Singh. |
| 73. | Tejinder Singh, Harinder Singh, Gurdev Singh, sons of Gurbachan Singh, equal shares 3/4 shares. Harbhajan Singh son of Karamjit Singh 1/4 shares |

Original with;
Punjab Vidhan Sabha
Digitized by;
Panjab Digital Library

| Sr. No. | Name of Tenant |
|---|---|
| 74. | Dev Raj, Ralla Ram, Nasib Chand sons of Atma Ram equal shares. |
| 75. | Darbara Singh son of Nihal Singh. |
| 76. | Dharam Singh son of Sadhu Singh. |
| 77. | Dharam Singh son of Chanda Singh. |
| 78. | Nahar Singh son of Ujjagar Singh. |
| 79. | Nasib Singh son of Isher Singh, Jit Singh son of Sohan Singh equal shares. |
| 80. | Nasib Singh son of Basawa Singh. |
| 81. | Nasib Chand, Gian Chand sons of Basakhi. |
| 82. | Nirbhai Singh son of Hari Singh. |
| 83. | Niranjan Singh son of Partap Singh. |
| 84. | Niranjan Singh, Ajmer Singh, Puran Singh equal shares. |
| 85. | Nihal Singh son of Mihan Singh. |
| 86. | Piare Lal son of Siri Kishan. |
| 87. | Parshotam Dass, Salig Ram, Faqiria sons of Thakar Dass. |
| 88. | Puran son of Bhana. |
| 89. | Puran son of Basanta. |
| 90. | Piara Singh, Mukhtiar Singh sons of Harnam Singh. |
| 91. | Bhagwan Singh son of Daulti. |
| 92. | Bachan Singh son of Bhagwan Singh. |
| 93. | Barkha, Pritam, Surjan, Bhaktaur sons of Arjan equal shares. |
| 94. | Babu Ram son of Basakhi Ram. |
| 95. | Balbir Singh son of Inder Singh. |
| 96. | Babu son of Kehar Singh. |
| 97. | Baldev Singh, Jagdev Singh, Hardev Singh sons of Harcharan Singh. |
| 98. | Bachana son of Kakku. |
| 99. | Bishna, Munshi sons of Harna. |
| 100. | Bishna, Munshi sons of Hamir Singh. |
| 101. | Bishna son of Bir Singh. |
| 102. | Mehma Singh son of Mangal Singh. |
| 103. | Smt. Kuldip Kaur, Surjit Kaur ds/o Kako. |
| 104. | Mehar Singh son of Wariam Singh. |

Original with;
Punjab Vidhan Sabha
Digitized by;
Panjab Digital Library

| Sr. No. | Name of Tenant |
|---|---|
| 105. | Madan Lal son of Dhanni Ram. |
| 106. | Mohinder Singh son of Basawa Singh. |
| 107. | Mollu son of Mattu. |
| 108. | Mukand Singh son of Bakhtaur Singh. |
| 109. | Ranjit Singh son of Munshi. |
| 110. | Ram Saran Dass, Hari Saran Dass sons of Munsha Ram. |
| 111. | Raghbir Singh son of Attar Singh. |
| 112. | Raghbir Singh, Lakhbir Singh, Jasbinder Singh sons of Jagdev Singh. |
| 113. | Raghbir Singh son of Jagdev Singh. |
| 114. | Ram Singh son of Wariam Singh. |
| 115. | Ram Singh, Raghbir Singh sons of Attar Singh equal shares. |
| 116. | Mukhtiar Singh, Mohinder Singh sons of Hira Singh equal shares. |
| 117. | Mohinder Singh, Jit Singh, Pal Singh sons of Balwant Singh. |
| 118. | Lachhman Singh son of Parsa. |
| 119. | Lalu son of Mangal. |
| 120. | Lalu, Sarupa, Bhaktaur sons of Mangal. |
| 121. | Wariam Singh, Dalip Singh sons of Nihal Singh. |
| 122, | Surjit Singh son of Nihal Singh. |
| 123. | Jaila son of Atma. |
| 124. | Nand son of Kartara. |
| 125. | Bant Singh son of Kehar Singh. |
| 126. | Amar Singh son of Ganga Singh. |
| 127. | Inder Singh son of Jaggu. |
| 128. | Sadhu Singh son of Sunder Singh. |
| 129. | Karam Singh son of Punjab Singh. |
| 130. | Chand Singh son of Rura Singh. |
| 131. | Jang Singh son of Partap Singh. |
| 132. | Nathu son of Rulia. |
| 133. | Nathu son of Mangal. |
| 134. | Paul Singh son of Sadhu Singh. |
| 135. | Ram Lal son of Gurbaksh Singh. |
| 136. | Rulda son of Nathu. |
| 137. | Rulda son of Gina. |

Original with;
Punjab Vidhan Sabha
Digitized by;
Panjab Digital Library

# ANNEXURE—B

| Sr. No. | Name of Tenant | 1981-82 Khasra No. | 1981-82 Area K. | M. | 1982-83 Khasra No. | 1982-83 Area K. | M. |
|---|---|---|---|---|---|---|---|
| 1. | Amar Singh son of Ganga Singh | 9//24m | 1 | 10 | 9/24m | 1 | 10 |
| | | 9//25 | 8 | 00 | 9//25 | 8 | 00 |
| | | 17//14 | 8 | 0 | 17//14 | 8 | 00 |
| | | 15 | 8 | 0 | 15 | 8 | 0 |
| | | 25 | 8 | 0 | 25 | 8 | 0 |
| | | 18//4 | 8 | 0 | 18//4 | 8 | 0 |
| | | 5 | 8 | 0 | 5 | 8 | 0 |
| | | 6 | 8 | 0 | 6 | 8 | 0 |
| | | 7m | 2 | 0 | 7m | 2 | 0 |
| | Total Nos. | 9 | 59 | 10 | 9 | 59 | 10 |
| 2. | Inder Singh son of Baggu | 39//5 | 3 | 19 | 39//5 | 3 | 19 |
| | | 6 | 8 | 0 | 6 | 8 | 0 |
| | | 40//1 | 8 | 0 | 40//1 | 8 | 0 |
| | | 2 | 8 | 0 | 2 | 8 | 0 |
| | | 5 | 8 | 0 | 5 | 8 | 0 |
| | | 6 | 8 | 0 | 6 | 8 | 0 |
| | | 7 | 8 | 0 | 7 | 8 | 0 |
| | | 8 | 8 | 0 | 8 | 8 | 0 |
| | | 9 | 8 | 0 | 9 | 8 | 0 |
| | | 12 | 8 | 0 | 12 | 8 | 0 |
| | | 13 | 8 | 0 | 13 | 8 | 0 |
| | | 14 | 8 | 0 | 14 | 8 | 0 |
| | | 15 | 8 | 0 | 15 | 8 | 0 |
| | | 16 | 8 | 0 | 16 | 8 | 0 |
| | | 17 | 8 | 0 | 17 | 8 | 0 |
| | | 18 | 8 | 0 | 18 | 8 | 0 |
| | | 19 | 8 | 0 | 19 | 8 | 0 |
| | | 21 | 5 | 15 | 21 | 5 | 15 |
| | | 24 | 8 | 0 | 24 | 8 | 0 |
| | | 25 | 8 | 0 | 25 | 8 | 0 |
| | | 54//11 | 5 | 8 | 54//11 | 5 | 8 |
| | | 20 | 8 | 0 | 20 | 8 | 0 |
| | | 21 | 5 | 16 | 21 | 5 | 16 |
| | | 55//5 | 8 | 0 | 55//5 | 8 | 0 |
| | Total Kitas | 24 | 186 | 13 | Kita 24 | 186 | 3 |
| 3. | Sadhu son of Sunder | 56//7 | 8 | 0 | 56//7 | 8 | 0 |
| | | 8 | 8 | 0 | 8 | 8 | 0 |
| | | 25 | 8 | 0 | 25 | 8 | 0 |
| | | 58//7 | 8 | 0 | 58//7 | 8 | 0 |
| | | 8 | 8 | 0 | 8 | 8 | 0 |
| | | 9 | 8 | 0 | 9 | 8 | 0 |
| | | 10 | 8 | 0 | 10 | 8 | 0 |
| | | 11 | 8 | 0 | 11 | 8 | 0 |
| | | 12 | 8 | 0 | 12 | 8 | 0 |
| | Total Kitas | 9 | 72 | 0 | Kita 9 | 72 | 0 |

Original with;
Punjab Vidhan Sabha
Digitized by;
Panjab Digital Library

| Sr. No. | Name of Tenant | 1981-82 Khasra No. | Area K. M. | 1982-83 Khasra No. | Area K. M. |
|---|---|---|---|---|---|
| 4. | Karam Singh son of Punjab Singh | 39//25 | 8 0 | 39//25 | 8 0 |
| | | 55//6 | 8 0 | 55//6 | 8 0 |
| | | 11 | 8 0 | 11 | 8 0 |
| | | 12 | 8 0 | 12 | 8 0 |
| | | 13 | 8 0 | 13 | 8 0 |
| | | 15 | 8 0 | 15 | 8 0 |
| | | 16 | 8 0 | 16 | 8 0 |
| | | 19 | 8 0 | 19 | 8 0 |
| | | 20 | 8 0 | 20 | 8 0 |
| | | 56//5 | 8 0 | 56//5 | 8 0 |
| | | 6 | 8 0 | 6 | 8 0 |
| | | 15 | 8 0 | 15 | 8 0 |
| | Total Kitas | 12 | 96 0 | Kitas 12 | 96 0 |
| 5. | Chand Singh son of Rura | 56//14 | 8 0 | 56//14 | 8 0 |
| | | 17 | 8 0 | 17 | 8 0 |
| | | 18 | 8 0 | 18 | 8 0 |
| | | 23 | 8 0 | 23 | 8 0 |
| | | 24 | 8 0 | 24 | 8 0 |
| | | 76//3 | 8 0 | 76//3 | 8 0 |
| | Total Kita | 6 | 48 0 | Kita 6 | 48 0 |
| 6. | Jang Singh son of Partap Singh | 34//20 | 8 0 | 34//20 | 8 0 |
| | | 21 | 8 0 | 21 | 8 0 |
| | Total | 2 | 16 0 | 2 | 16 0 |
| 7. | Nathu son of Rulia .. | 40//21 | 8 0 | 40//21 | 8 0 |
| | | 22 | 8 0 | 22 | 8 0 |
| | | 23 | 8 0 | 23 | 8 0 |
| | | 55//1 | 8 0 | 55//1 | 8 0 |
| | | 2 | 8 0 | 2 | 8 0 |
| | | 3 | 8 0 | 3 | 8 0 |
| | | 4/1 | 4 0 | 4/1 | 4 0 |
| | | 8 | 8 0 | 8 | 8 0 |
| | | 9 | 8 0 | 9 | 8 0 |
| | | 10 | 8 0 | 10 | 8 0 |
| | Total | 10 | 76 0 | 10 | 76 0 |
| 8. | Nathu son of Mangal .. | 88//3 | 6 14 | 88//3 | 6 14 |
| | | 8 | 3 16 | 8 | 3 16 |
| | Total | 2 | 10 10 | 2 | 10 10 |
| 9. | Pal Singh son of Sadhu Singh | 39//14 | 8 0 | 39//14 | 8 0 |
| | | 15 | 8 0 | 15 | 8 0 |
| | | 16 | 8 0 | 16 | 8 0 |
| | | 17m | 4 0 | 17m | 4 0 |
| | | 18m | 4 0 | 18m | 4 0 |
| | | 40//10 | 8 0 | 40//10 | 8 0 |
| | | 11 | 8 0 | 11 | 8 0 |
| | Total | 7 | 48 0 | 7 | 48 0 |

Original with;
Punjab Vidhan Sabha
Digitized by;
Panjab Digital Library

| Sr. No. | Name of Tenant | 1981-82 Khasra No. | Area | 1982-83 Khasra No. | Area |
|---|---|---|---|---|---|
| | | | K. M. | | K. M. |
| 10. | Ram Lal son of Gurbax Singh | 18//19 | 8 0 | 18//19 | 8 0 |
| | | 20 | 8 0 | 20 | 8 0 |
| | | 21 | 8 0 | 21 | 8 0 |
| | | 22 | 8 0 | 22 | 8 0 |
| | | 23 | 8 0 | 23 | 8 0 |
| | | 24m | 4 0 | 24m | 4 0 |
| | | 19//10 | 7 16 | 19//16 | 7 16 |
| | | 25/2 | 4 14 | 25/2 | 4 14 |
| | | 25//1 | 8 0 | 25//1 | 8 0 |
| | | 2 | 8 0 | 2 | 8 0 |
| | | 5 | 8 0 | 5 | 8 0 |
| | | 25 | 8 0 | 25 | 8 0 |
| | | 24//5/2 | | 24//5/2 | 1 16 |
| | Total | 13 | 90 6 | 13 | 90 6 |
| 11. | Rulda son of Nathu | 55//21 | 8 0 | 55//21 | 8 0 |
| | | 22 | 8 0 | 22 | 8 0 |
| | | 23 | 8 0 | 23 | 8 0 |
| | | 56//23 | 6 8 | 56//23 | 6 8 |
| | | 24 | 8 0 | 24 | 8 0 |
| | | 57//3 | 8 0 | 57//3 | 8 0 |
| | | 4 | 8 0 | 4 | 8 0 |
| | | 5 | 8 0 | 5 | 8 0 |
| | | 58//1 | 8 0 | 58//1 | 8 0 |
| | | 2 | 8 0 | 2 | 8 0 |
| | | 3 | 8 0 | 3 | 8 0 |
| | | 4 | 8 0 | 4 | 8 0 |
| | Total | 12 | 94 8 | 12 | 94 8 |
| 12. | Rulda son of Gina | 39//23 | 8 0 | 39//23 | 8 0 |
| | | 24 | 8 0 | 24 | 8 0 |
| | | 55//18 | 8 0 | | |
| | | 25 | 8 0 | | |
| | | 56//3 | 4 14 | | |
| | | 4 | 8 0 | | |
| | | 7 | 8 0 | | |
| | | 8 | 8 0 | | |
| | | 13 | 4 0 | | |
| | | 14 | 8 0 | | |
| | | 16 | 8 0 | | |
| | | 17 | 8 0 | | |
| | | 18 | 8 0 | | |
| | Total | 13 | 96 14 | 2 | 16 0 |
| | Grand Total | | 882 11 | | 801 17 |



Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 1983

Published under the authority of the Punjab Vidhan Sabha and Printed by the Controller, Printing & Stationery Deptt. (U.T.), Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*7th September, 1983*
(*Forenoon Sitting*)

Vol. VII--No. 3

**OFFICIAL REPORT**

CONTENTS

**Wednesday, the 7th September, 1983**
**(Forenoon Sitting)**


| | Page |
|---|---|
| Starred Questions and Answers .. | (3)1 |
| Written Answers to Starred Questions laid on the Table of the House under Rule 38 .. | (3)25 |
| Unstarred Questions and Answers .. | (3)35 |
| Points of Order *re.* involvement of a Minister in a murder case registered at Payal Police Station .. | (3)45 |
| Announcement by Public Works Minister *re.* his resignation from the Cabinet .. | (3)49 |
| Call Attention Notices under Rule 66 .. | (3)51 |
| Question of Privilege .. | (3)52 |
| Call Attention Notices under Rule 66 (*Resumption*) .. | (3)53 |
| **FINANCIAL BUSINESS** | |
| Supplementary Estimates (First Instalment) for the year 1983-84 .. | (3)58 |
| (i) Discussion on the Estimates of the Expenditure charged on the Revenues of the State .. | (3)58 |
| (ii) Discussion and Voting of Demands for Supplementary Grants .. | (3)58 |
| Extension of Time of the Sitting .. | (3)92 |
| Discussion and Voting of Demands for Supplementary Grants (*Resumption*) .. | (3)92 |



Punjab Vidhan Sabha Secretariat, Chandigarh.

Price : Rs.———


53-50


Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## Wednesday, the 7th September, 1983

## (Forenoon Sitting)

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.*

## STARRED QUESTIONS AND ANSWERS

### L.T.C. Facilities to Government Employees

***2098. Shri Surinder Kapur :** Will the Minister for Finance be pleased to state whether there is any proposal under the consideration of the Government to give L.T.C. facilities to its employees; if so, the approximate time by which the proposal is likely to materialise ?

**Doctor Kewal Krishan** : Yes, please. Because of large financial implications the final decision has been deferred for the present.

**ਸ੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਜੀ ਨੂੰ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਫਾਈਨਾਂਸ਼ੀਅਲ ਇਮਪਲੀਕੇਸ਼ਨ ਦੀ ਵਜ੍ਹਾ ਕਰਕੇ ਫੈਸਲਾ ਪੈਂਡਿੰਗ ਰਖਿਆ ਹੈ, ਕੀ ਵਿੱਤ ਮੰਤਰੀ ਸਾਹਿਬ ਦੱਸਣ ਦੀ ਕ੍ਰਿਪਾ ਕਰਨਗੇ ਕਿ ਇਸ ਦਾ ਫੈਸਲਾ ਕਦੋਂ ਤਕ ਕਰ ਦੇਣਗੇ ? ਕੋਈ ਸਪੈਸੀਫਿਕ ਪੀਰੀਅਡ ਦੱਸਣਗੇ ਤਾਕਿ ਜਿਥੇ ਪਹਿਲਾਂ ਪੰਜਾਬ ਸਰਕਾਰ ਨੇ ਇਤਨੀ ਹਮਦਰਦੀ ਨਾਲ ਗੌਰ ਕਰਕੇ ਉਨ੍ਹਾਂ ਦੇ ਬਹੁਤ ਸਾਰੇ ਮਾਮਲੇ ਨਿਪਟਾਏ ਹਨ ਕੀ ਇਸ ਕੇਸ ਨੂੰ ਵੀ ਹਮਦਰਦੀ ਨਾਲ ਗੌਰ ਕਰਕੇ ਕੋਈ ਫੈਸਲਾ ਕਰਨਗੇ ਅਤੇ ਇਸ ਦੇ ਲਈ ਕੋਈ ਸਪੈਸੀਫਿਕ ਪੀਰੀਅਡ ਦੱਸਣਗੇ ਕਿ ਕਦੋਂ ਤਕ ਇਸ ਦਾ ਫੈਸਲਾ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਔਕੜਾਂ ਔਰ ਉਨ੍ਹਾਂ ਦੀਆਂ ਡੀਮਾਂਡਜ਼ ਦੇ ਪ੍ਰਤੀ ਬਹੁਤ ਜਾਗਰੂਪ ਹੈ ਔਰ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਵਾਸਤੇ ਮੈਕਸੀਮਮ ਕੀਤਾ ਹੈ। ਏਰੀਅਰਜ਼ ਦੇ ਤੌਰ ਤੇ ਅਸੀਂ ਤਕਰੀਬਨ 120 ਕਰੋੜ ਰੁਪਿਆ ਮੁਲਾਜ਼ਮਾਂ ਨੂੰ ਸਲਾਨਾ ਖਰਚੇ ਦੇ ਤੌਰ ਤੇ ਦੇ ਰਹੇ ਹਾਂ ਔਰ pay commission ਦੀਆਂ ਸਿਫਾਰਸ਼ਾਂ ਤੇ ਲਗ ਭਗ 65 ਕਰੋੜ ਰੁਪਏ ਦਾ ਹੋਰ ਸਾਲਾਨਾ ਬੋਝ ਬਰਦਾਸ਼ਤ ਕੀਤਾ ਹੈ। ਇਸ ਦੇ ਲਈ ਢਾਈ ਕਰੋੜ ਰੁਪਏ ਦੀ ਫਾਈਨਾਂ-ਸ਼ੀਅਲ ਇਮਪਲੀਕੇਸ਼ਨ ਹੈ। ਪਹਿਲਾਂ ਪ੍ਰਾਇਰਿਟੀ ਸੈਕਟਰਜ਼ ਵਲ ਧਿਆਨ ਦੇ ਕੇ ਫਿਰ ਮੁਲਾਜ਼ਮਾਂ ਦੀ L.T.C. ਡੀਮਾਂਡ ਵਲ ਵੀ ਧਿਆਨ ਦੇਵਾਂਗੇ।

**ਸ੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਮੁਲਾਜ਼ਮ ਆਦਮੀ ਲਈ ਸਾਰਾ ਦਿਨ ਕੰਮ ਕਰਕੇ ਲਾਈਫ ਵਿੱਚ ਉਸ ਦੇ ਲਈ ਹੋਰ ਕੋਈ ਚਾਰਮ ਨਹੀਂ ਰਹਿ ਜਾਂਦਾ ਔਰ ਇਹ ਐਲ. ਟੀ. ਸੀ. ਦਾ ਬੈਨੀਫਿਟ ਤਕਰੀਬਨ ਤਿੰਨ ਸਾਲ ਦੇ ਬਾਅਦ ਦੇਣਾ ਹੁੰਦਾ ਹੈ। ਇਸ ਦੇ ਲਈ ਵਿੱਤ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਢਾਈ ਕਰੋੜ ਰੁਪਏ ਦਾ ਐਕਸਟਰਾ ਬੋਝ ਪੈਂਣਾ ਹੈ। ਜਿਥੇ ਪੰਜਾਬ ਸਰਕਾਰ ਮੁਲਾਜ਼ਮਾਂ ਲਈ ਇਤਨੀ ਹਮਦਰਦੀ ਨਾਲ ਹੋਰ ਕੰਮ ਕਰ ਰਹੀ ਹੈ ਔਰ ਇਤਨਾ ਰੁਪਿਓ ਉਨ੍ਹਾਂ ਲਈ ਖਰਚ ਕਰ ਰਹੀ ਹੈ ਕੀ ਇਹ ਛੋਟਾ ਜਿਹਾ ਬੋਝ ਹੋਰ ਵੀ ਸਹਾਰ ਲੈਣਗੇ ਤਾਂਕਿ ਮੁਲਾਜ਼ਮਾਂ ਨੂੰ ਐਲ. ਟੀ. ਸੀ. ਦਾ ਬੈਨੀਫਿਟ ਵੀ ਮਿਲ ਸਕੇ?

Original with;
Punjab Vidhan Sabha
Digitized by;
Panjab Digital Library

**ਮੰਤਰੀ**: ਸਪੀਕਰ,ਸਾਹਿਬ, ਇਹ ਮਾਮਲਾ ਬੜੀ ਹਮਦਰਦੀ ਨਾਲ ਵਿਚਾਰ ਅਧੀਨ ਹੈ ਔਰ ਜਿਸ ਵੇਲੇ ਸਮਾਂ ਆਵੇਗਾ, ਅਸੀਂ ਫੈਸਲਾ ਕਰ ਦੇਵਾਂਗੇ।

**ਸ੍ਰੀ ਸੇਵਾ ਰਾਮ** : ਸਪੀਕਰ ਸਾਹਿਬ, ਮੈ ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਇਕ ਜੁਆਇੰਟ ਕਨਸਲਟੇਟਿਵ ਮਸ਼ੀਨਰੀ ਗੌਰਮਿੰਟ ਇਮਪਲਾਈਜ਼ ਦੇ ਝਗੜੇ ਨਿਪਟਾਉਣ ਦੇ ਵਾਸਤੇ ਬਣਾਉਣ ਦਾ ਫੈਸਲਾ ਕੀਤਾ ਸੀ, ਉਸ ਫੈਸਲੇ ਨੂੰ ਕਦੋਂ ਤਕ ਇਮਪਲੀਮੈਂਟ ਕਰ ਦੇਣਗੇ ?

**ਮੰਤਰੀ**: ਸਪੀਕਰ ਸਾਹਿਬ, ਇਸ ਦੇ ਵਾਸਤੇ ਵੱਖਰਾ ਨੋਟਿਸ ਦੇ ਦੇਣ, ਮੈਨੂੰ ਤਾਂ ਇਸ ਦੇ ਬਾਰੇ ਕੋਈ ਇਨਫਰਮੇਸ਼ਨ ਨਹੀਂ ਹੈ।

---

**Work on Kandi Canal in Balachaur and Garhshankar Assembly Constituencies**

***2083. Master Dalip Chand** : Will the Minister for Agriculture be pleased to state whether the Government propose to start the work on Kandi Canal in the Balachaur and Garhshankar Assembly Constituencies during the year, 1983-84 ; if not, the time by which it is likely to be started ?

**Chaudhri Kanshi Ram** : Yes, Sir. This scheme has been approved by the Government in August, 1983 and the preliminary works will be undertaken during the current year, 1983-84.

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਇਹ ਕੰਡੀ ਕੈਨਾਲ ਦੀ 2 ਸਾਲ ਤੋਂ ਮਨਜ਼ੂਰੀ ਹੋਈ ਸੀ ਔਰ ਇਸ ਦਾ ਕੰਮ ਤੇਜ਼ੀ ਨਾਲ ਚਲ ਰਿਹਾ ਹੈ। ਮਨਿਸਟਰ ਸਾਹਿਬ ਨੇ ਅਗੱਸਤ, 1983 ਨੂੰ ਗੜ੍ਹਸ਼ੰਕਰ ਅਤੇ ਬਲਾਚੌਰ ਦੇ ਇਲਾਕੇ ਵਿੱਚ ਇਸ ਨਹਿਰ ਦਾ ਕੰਮ ਕਰਨ ਲਈ ਮਨਜ਼ੂਰੀ ਦੇ ਦਿੱਤੀ ਹੈ ਅਤੇ ਹੁਣ ਮਨਿਸਟਰ ਸਾਹਿਬ ਨੇ ਕਹਿ ਦਿੱਤਾ ਹੈ ਕਿ ਮੁੱਢਲੇ ਕੰਮ ਸਾਲ 1983–84 ਵਿੱਚ ਸ਼ੁਰੂ ਕੀਤੇ ਜਾਣਗੇ। ਇਸ ਦੇ ਲਈ ਮੈਂ ਮਨਿਸਟਰ ਸਾਹਿਬ, ਚੀਫ ਮਨਿਸਟਰ ਸਾਹਿਬ ਦਾ ਅਤੇ ਵਿੱਤ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

**ਸਰਦਾਰ ਗੁਰੰਬਚਨ ਸਿੰਘ ਚੀਮਾ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੰਡੀ ਕੈਨਾਲ ਮੇਰੇ ਹਲਕੇ ਤੋਂ ਸ਼ੁਰੂ ਹੁੰਦੀ ਹੈ ਔਰ ਲੋਕਾਂ ਨੂੰ ਇਸ ਦੀ ਜ਼ਮੀਨ ਦੇ ਲਈ ਪਿਛਲੇ ਪੈਸੇ ਨਹੀਂ ਮਿਲੇ ਜਿਸ ਕਰਕੇ ਕਈ ਪਿੰਡਾਂ ਵਿੱਚ ਕੰਮ ਰੁਕਿਆ ਹੋਇਆ ਹੈ। ਜੇ ਕੰਮ ਸ਼ੁਰੂ ਹੀ ਨਹੀਂ ਹੋਵੇਗਾ ਤਾਂ ਇਹ ਨਹਿਰ ਅਗੇ ਕਿਸ ਤਰ੍ਹਾਂ ਜਾਵੇਗੀ। ਇਸ ਲਈ ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਲੋਕਾਂ ਨੂੰ ਪੈਸੇ ਦਿਵਾ ਦੇਣਗੇ ਤਾਂ ਕਿ ਕੰਮ ਚਲ ਸਕੇ ?

**ਮੰਤਰੀ**: ਸਪੀਕਰ ਸਾਹਿਬ, ਜੇ ਕੋਈ ਲੈਂਡ ਕਮਪਨਸੇਸ਼ਨ ਦਾ ਇਹੋ ਜਿਹਾ ਕੇਸ ਹੋਵੇਗਾ ਤਾਂ ਉਸ ਨੂੰ ਸਰਕਾਰ ਸੋਚ ਕੇ ਡਿਸਪੋਜ਼ ਕਰ ਦੇਵੇਗੀ।

---

**Shifting of some parts of Ludhiana Drainage Division**

***2087. Sardar Jagroop Singh** : Will the Minister for Agriculture be pleased to state whether it is a fact that some parts of Ludhiana Drainage Division at Jagraon have been shifted to Ferozepur Drainage Division recently ; if so, the details thereof and the reasons therefor ?

Original with;
Punjab Vidhan Sabha
Digitized by;
Panjab Digital Library

**Chaudhri Kanshi Ram :** No, Sir.

**ਸਰਦਾਰ ਜਗਰੂਪ ਸਿੰਘ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਵਾਲ ਇਹ ਸੀ ਕਿ ਕੀ ਜਗਰਾਉਂ ਦਾ ਕੁਝ ਏਰੀਆ ਲੁਧਿਆਣਾ ਡਰੇਨੇਜ ਡਵੀਜ਼ਨ ਵਿਚੋਂ ਕਢ ਕੇ ਫਿਰੋਜ਼ਪੁਰ ਡਰੇਨੇਜ ਡਵੀਜ਼ਨ ਵਿੱਚ ਲਾ ਦਿੱਤਾ ਹੈ, ਇਨ੍ਹਾਂ ਨੇ ਕਿਹਾ ਹੈ 'ਨਹੀਂ ਜੀ'। ਮੇਰਾ ਖਿਆਲ ਹੈ ਕਿ ਮਹਿਕਮੇ ਨੇ ਗਲਤ ਜਵਾਬ ਦਿੱਤਾ ਹੈ। ਮੈਂ ਚੌਧਰੀ ਸਾਹਿਬ ਨੂੰ ਵੀ ਪਹਿਲਾਂ ਕਹਿੰਦਾ ਰਿਹਾ ਹਾਂ ਔਰ ਅਜਨਾਲਾ ਸਾਹਿਬ ਨੇ ਵੀ ਪਿਛਲੇ ਸਾਲ ਲਿਖਿਆ ਸੀ ਕਿ ਸਾਡਾ ਜਗਰਾਉਂ ਦਾ ਕੁਝ ਏਰੀਆ ਫਿਰੋਜ਼ਪੁਰ ਨੂੰ ਲਾ ਦਿੱਤਾ ਹੈ। ਇਸ ਦਾ ਕਾਰਨ ਇਹ ਸੀ ਕਿ ਜੋ ਵੀ ਫੰਡਜ਼ ਦੀ ਐਲੋਕੇਸ਼ਨ ਹੁੰਦੀ ਹੈ ਹਰ ਸਾਲ ਉਹ ਮਹਿਕਮਾ ਖਾ ਜਾਂਦਾ ਹੈ, ਕੋਈ ਡਰੇਨਾਂ ਦੀ ਖੁਦਾਈ ਨਹੀਂ ਹੁੰਦੀ ਅਤੇ ਨਾ ਹੀ ਡਰੇਨਾਂ ਦੀ ਕੋਈ ਸਫਾਈ ਹੁੰਦੀ ਹੈ। ਡਿਸਟ੍ਰਿਕਟ ਗਰੀਵੈਂਸਿਜ਼ ਕਮੇਟੀ ਦੀ ਮੀਟਿੰਗ ਵਿੱਚ ਅਸੀਂ ਵਾਰ ਵਾਰ ਹਿਸਾਬ ਕਿਤਾਬ ਮੰਗਦੇ ਸੀ। ਵਾਰ ਵਾਰ ਹਿਸਾਬ ਕਿਤਾਬ ਮੰਗਣ ਤੇ ਉਨ੍ਹਾਂ ਨੇ ਮੇਰਾ ਏਰੀਆ ਹੀ ਕਢ ਕੇ ਫਿਰੋਜ਼ਪੁਰ ਨੂੰ ਲਾ ਦਿੱਤਾ ਤਾਂਕਿ ਜਗਰੂਪ ਸਿੰਘ ਲੁਧਿਆਣੇ ਗਲ ਨਾ ਕਰੇ ਔਰ ਫਿਰੋਜ਼ਪੁਰ ਇਸ ਨੇ ਜਾਣਾ ਨਹੀਂ। ਸਪੀਕਰ ਸਾਹਿਬ, ਇਹ ਸਚਾਈ ਹੈ ਕਿ ਮੇਰੇ ਜਗਰਾਉਂ ਦਾ ਏਰੀਆ ਲੁਧਿਆਣਾ ਡਰੇਨੇਜ ਡਵੀਜ਼ਨ ਵਿਚੋਂ ਕਢ ਕੇ ਫਿਰੋਜ਼ਪੁਰ ਨੂੰ ਲਾ ਦਿੱਤਾ ਹੈ, ਮਹਿਕਮੇ ਨੇ ਇਹ ਜਵਾਬ ਗਲਤ ਦਿੱਤਾ ਹੈ।

**ਮੰਤਰੀ** : ਸਪੀਕਰ ਸਾਹਿਬ, ਕੋਈ ਡਵੀਜ਼ਨ, ਕੋਈ ਸਰਕਲ ਇਰੀਗੇਸ਼ਨ ਡੀਪਾਰਟਮੈਂਟ, ਡਰੇਨੇਜ ਡੀਪਾਰਟਮੈਂਟ ਵਿੱਚ ਕਰੀਏਟ ਹੁੰਦਾ ਹੈ ਤਾਂ ਉਸ ਦੇ ਲਈ ਵਰਕ ਲੋਡ ਦਾ ਹਿਸਾਬ ਕਿਤਾਬ ਦੇਖਣਾ ਹੁੰਦਾ ਹੈ ਔਰ ਵਰਕ ਲੋਡ ਦੇ ਹਿਸਾਬ ਨਾਲ ਸਾਰਾ ਕੁਝ ਹੁੰਦਾ ਹੈ। ਜੇ ਇਹੋ ਜਿਹਾ ਕੋਈ ਸਰਦਾਰ ਜਗਰੂਪ ਸਿੰਘ ਨੂੰ ਖਦਸ਼ਾ ਹੈ ਕਿ ਉਹ ਇਸ ਦੇ ਬਾਰੇ ਕੋਈ ਉਥੇ ਗਲ ਨਾ ਕਰਨ ਤਾਂ ਅਸੀਂ ਐਕਸੀਅਨ ਨੂੰ ਡਾਇਰੈਕਟ ਕਰ ਦੇਵਾਂਗੇ। He shall have to participate in Ludhiana District Grievances Committee meeting. ਇਕ ਡਵੀਜ਼ਨ ਦੇ ਵਰਕ ਲੋਡ ਨੂੰ ਜਸਟੀਫਾਈ ਕਰਨਾ ਪਵੇਗਾ, ਉਸ ਦੀ ਕਰੀਏਸ਼ਨ ਵਾਸਤੇ ਇਕ ਡਵੀਜ਼ਨ ਦੇ ਵਰਕ ਲੋਡ ਨੂੰ ਜਸਟੀਫਾਈ ਕਰਨਾ ਪੈਂਦਾ ਹੈ। ਫਿਰ ਇਹ ਵੀ ਨਹੀਂ ਹੋ ਸਕਦਾ ਕਿ 2–3 ਐਕਸੀਅਨਜ਼ ਦਾ ਕੰਮ ਇਕ ਦੇ ਜ਼ਿੰਮੇ ਰਹੇ।

**ਸਰਦਾਰ ਜਗਰੂਪ ਸਿੰਘ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਐਸੀ ਕੋਈ ਗਲ ਨਹੀਂ ਹੈ, ਬਿਲਕੁਲ ਮਹਿਕਮੇ ਨੇ ਜਾਣ ਬੁਝ ਕੇ ਕੀਤਾ ਹੈ। ਮੈਂ ਮਨਿਸਟਰ ਸਾਹਿਬ ਦੀ ਨਾਲਿਜ ਵਿੱਚ ਵੀ ਲਿਆਂਦਾ ਸੀ ਔਰ ਵਾਰ ਵਾਰ ਡੀ. ਸੀ. ਨੇ ਵੀ ਲਿਖਿਆ ਹੈ। ਇਹ ਸਾਡੇ ਨਾਲ ਇਸ ਤਰ੍ਹਾਂ ਕਰਕੇ ਅਨਿਆਏ ਕੀਤਾ ਹੈ। ਡਰੇਨੇਜ ਦਾ ਬਹੁਤ ਬੁਰਾ ਹਾਲ ਹੈ। ਕੋਈ ਬੇਟ ਦਾ ਪਾਣੀ ਨਹੀਂ ਨਿਕਲਦਾ, ਛੱਪੜਾਂ ਦਾ ਪਾਣੀ ਨਹੀਂ ਨਿਕਲਦਾ। ਕ੍ਰਿਪਾ ਕਰਕੇ ਸਾਡਾ ਇਹ ਏਰੀਆ ਲੁਧਿਆਣਾ ਡਰੇਨੇਜ ਡਵੀਜ਼ਨ ਨਾਲ ਲਾਇਆ ਜਾਵੇ ਤਾਂਕਿ ਅਸੀਂ ਉਥੇ ਲੋਕਲ ਅਫਸਰਾਂ ਨਾਲ ਗਲਬਾਤ ਕਰ ਸਕੀਏ ਅਤੇ ਉਸ ਦਾ ਕੰਮ ਕਰਵਾ ਸਕੀਏ। ਕੀ ਮਨਿਸਟਰ ਸਾਹਿਬ ਐਸਾ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਸੰਨ 1981 ਦੇ ਦਸਵੇਂ ਮਹੀਨੇ ਦੀ ਪਹਿਲੀ ਤਾਰੀਖ ਦੀ ਗਲ ਹੈ ਕਿ ਫਰੀਦਕੋਟ ਵਲ ਵਾਟਰ ਲੈਵਲ ਬਹੁਤ ਉਚਾ ਆ ਗਿਆ ਸੀ ਜਿਸ ਕਰਕੇ ਇਕ ਡਵੀਜ਼ਨ ਖੋਲ੍ਹਣਾ ਪਿਆ ਔਰ ਉਸ ਦੀ ਜਸਟੀਫੀਕੇਸ਼ਨ ਕਰਨ ਦੀ ਖਾਤਰ ਸਾਨੂੰ ਇਹ ਕਰਨਾ ਪਿਆ ਹੈ। ਜੇ ਇਨ੍ਹਾਂ ਨੂੰ ਕੋਈ ਖਦਸ਼ਾ ਹੈ, ਜੇ ਕੰਮ ਜ਼ਿਆਦਾ ਸਫਰ ਕਰਦਾ ਹੈ ਉਹ ਵੀ ਵਿਚਾਰ ਲਵਾਂਗੇ ਲੇਕਿਨ ਜੋ ਕੀਤਾ ਹੈ ਉਹ ਸੋਚ ਸਮਝ ਕੇ ਕੀਤਾ ਹੈ। ਜਿਥੋਂ ਤਕ, ਸਪੀਕਰ ਸਾਹਿਬ, ਗਰੀਵੈਂਸਿਜ਼ ਕਮੇਟੀ ਦੀ ਮੀਟਿੰਗ ਦੀ ਗਲ ਹੈ, ਉਸ ਐਕਸੀਅਨ ਨੂੰ ਅਸੀਂ ਡਾਇਰੈਕਟ ਕਰ ਦੇਵਾਂਗੇ ਕਿ ਉਹ ਲੁਧਿਆਣੇ ਮੀਟਿੰਗ ਅਟੈਂਡ ਕਰ ਲਿਆ ਕਰੇ।

Original with;
Punjab Vidhan Sabha
Digitized by;
Panjab Digital Library

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਡਰੇਨੇਜ ਸਰਕਲ ਦਾ ਐਸ. ਈ. ਹੈ ਕੀ ਉਹ ਤਿੰਨਾਂ ਜ਼ਿਲ੍ਹਿਆਂ ਫਰੀਦਕੋਟ, ਫਿਰੋਜ਼ਪਰ ਅਤੇ ਬਠਿੰਡਾ ਦਾ ਹੈ ਜਾਂ ਇਕੱਲਾ ਫਿਰੋਜ਼ਪੁਰ ਦਾ ਹੈ ?

**ਮੰਤਰੀ** : ਐਸ. ਈ. ਫਿਰੋਜ਼ਪਰ ਦਾ ਜਿਹੜਾ ਹੈ ਉਹ ਤਿੰਨਾ ਜ਼ਿਲ੍ਹਿਆਂ ਨੂੰ ਡੀਲ ਕਰਦਾ ਹੈ।

---

**Proposal to constitute a Notified Area Committee for Balachaur**

***2084. Master Dalip Chand :** Will the Minister for Local Government be pleased to state whether the Government propose to constitute Notified Area Committee for Balachaur, if so, when ?

**Shri Sardari Lal Kapur :** No, please.

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਬਲਾਚੌਰ 1977 ਵਿਚ ਨੋਟੀਫਾਈਡ ਏਰੀਆ ਕਮੇਟੀ ਸੀ ਪਰ ਦੋ ਢਾਈ ਸਾਲ ਹੋ ਗਏ ਉਥੇ ਪੰਚਾਇਤ ਬਣਾ ਦਿਤੀ। ਉਥੇ ਦਸ ਹਜ਼ਾਰ ਦੀ ਆਬਾਦੀ ਹੈ ਔਰ ਬਾਕੀ ਸ਼ਰਤਾਂ ਵੀ ਪੂਰੀਆ ਕਰਦਾ ਹੈ। ਕੀ ਇਨ੍ਹਾਂ ਗਲਾਂ ਨੂੰ ਮੁੱਖ ਰਖਦੇ ਹੋਏ ਉਥੇ ਨੋਟੀਫਾਈਡ ਏਰੀਆ ਕਮੇਟੀ ਬਣਾਉਣਗੇ ?

**ਮੰਤਰੀ** : ਸਪੀਕਰ ਸਾਹਿਬ, 1970 ਵਿਚ ਮਾਲੀ ਪੁਜ਼ੀਸ਼ਨ ਕਮਜ਼ੋਰ ਹੋਣ ਕਰਕੇ ਇਹ ਕਮੇਟੀਆਂ ਤੋੜੀਆਂ ਸਨ। ਬਾਕੀਆਂ ਨਾਲ ਇਹ ਵੀ ਤੋੜੀ ਸੀ। ਮੈਂ ਇਹ ਵੀ ਅਰਜ਼ ਕਰ ਦੇਣਾ ਚਾਹੁੰਦਾ ਹਾਂ ਕਿ ਇਹ ਕਮੇਟੀ ਮੁਹਤਰਮ ਮੈਂਬਰ ਸਾਹਿਬ ਦੇ ਕਹਿਣ ਤੇ ਹੀ ਤੋੜੀ ਸੀ, ਜਿਹੜੇ ਅੱਜ ਕਹਿੰਦੇ ਹਨ ਕਿ ਬਣਾ ਦਿਓ। ਇਸ ਕਮੇਟੀ ਦੀ ਵੀ ਮਾਲੀ ਪੁਜ਼ੀਸ਼ਨ ਠੀਕ ਨਹੀਂ ਸੀ ਅਤੇ ਖਰਚ ਠੀਕ ਨਹੀਂ ਸੀ ਚਲਦਾ। ਉਹ ਕਮੇਟੀਆਂ ਤੋੜੀਆਂ ਸਨ। ਕੁਝ ਹਾਈ ਕੋਰਟ ਵਿਚ ਚਲੇ ਗਏ ਔਰ ਉਸ ਤੋਂ ਬਾਦ ਕੇਸ ਸੁਪਰੀਮ ਕੋਰਟ ਵਿਚ ਹੈ। ਜਦ ਤਕ ਸੁਪਰੀਮ ਕੋਰਟ ਦਾ ਫੈਸਲਾ ਨਹੀਂ ਆ ਜਾਂਦਾ, ਇਹ ਕਮੇਟੀਆਂ ਨਹੀਂ ਬਣ ਸਕਦੀਆਂ।

---

**Construction of Bridge**

***2147. Seth Khushhal Chand:** Will the Minister for Public Works be pleased to state whether there is any proposal under the consideration of the Government to construct a bridge over the drain connecting village Bamniwala and Teendanwala in District Ferozepur; if so, the approximate time by which the construction work is likely to start?

**ਸਰਦਾਰ ਬੇਅੰਤ ਸਿੰਘ** : ਨਹੀਂ ਜੀ !

**ਸੇਠ ਖੁਸ਼ਹਾਲ ਚੰਦ** : ਸਪੀਕਰ ਸਾਹਿਬ, ਇਹ ਪੁਲ ਬਹੁਤ ਜ਼ਰੂਰੀ ਹੈ, ਲੋਕਾਂ ਨੂੰ ਆਵਾਜਾਈ ਵਿਚ ਕਾਫੀ ਤਕਲੀਫ ਹੁੰਦੀ ਹੈ। ਹੁਣ 10, 15 ਮੀਲ ਦਾ ਫਾਸਲਾ ਜ਼ਿਆਦਾ ਤਹਿ ਕਰਕੇ ਆਉਣਾ ਪੈਂਦਾ ਹੈ। ਕੀ ਇਸ ਨੂੰ ਬਣਾਉਣ ਦਾ ਵਿਚਾਰ ਕਰਨਗੇ ਔਰ ਇਹ ਵੀ ਦਸ ਦੇਣ ਕਿ ਕਦੋਂ ਬਣਾਉਣਾ ਸ਼ੁਰੂ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਪੁਲ ਪਿਛਲੇ ਪਲਾਨ ਵਿਚ ਨਹੀਂ ਸੀ ਪਾ ਸਕੇ, ਹੁਣ ਵੀ ਇਸ ਦਾ ਡਾਟਾ ਮੰਗਵਾਇਆ ਹੋਇਆ ਹੈ। ਇਹ ਪੁਲ ਇਕ ਵਾਰੀ ਡਿਜ਼ਾਈਨ ਵਿਚੋਂ ਵਾਪਸ ਚਲਾ ਗਿਆ ਸੀ।

Original with;
Punjab Vidhan Sabha
Digitized by;
Panjab Digital Library

ਇਸ ਤੇ 15 ਲੱਖ ਰੁਪਿਆ ਖਰਚ ਆਉਂਣਾ ਹੈ। ਡਾਟਾ ਆਉਣ ਤੋਂ ਬਾਦ ਅਗਲੇ ਪਲੈਨ ਵਿਚ ਵਿਚਾਰਿਆ ਜਾਏਗਾ।

**ਸੇਠ ਖੁਸ਼ਹਾਲ ਚੰਦ** : ਸਪੀਕਰ ਸਾਹਿਬ, ਇਹ ਪੁਲ ਬਹੁਤ ਜ਼ਰੂਰੀ ਹੈ ਅਤੇ ਕਈਆਂ ਸਾਲਾਂ ਤੋਂ ਕਿਹਾ ਜਾ ਰਿਹਾ ਹੈ। ਇਹ ਟਾਈਮ ਦੱਸਣ ਕਿ ਕਦੋਂ ਸ਼ੁਰੂ ਕਰ ਦੇਣਗੇ ?

**ਮੰਤਰੀ** : ਮੈਂ ਅਰਜ਼ ਕਰ ਦਿਆਂ ਕਿ ਟਾਈਮ ਲਿਮਿਟ ਨਹੀਂ ਮੁਕਰਰ ਕੀਤੀ ਜਾ ਸਕਦੀ। ਪਹਿਲਾਂ ਡਿਜ਼ਾਈਨ ਵਿਚ ਚਲਾ ਜਾ ਏ ਫਿਰ ਪ੍ਰਾਇਰਿਟੀ ਦੇਣ ਦਾ ਯਤਨ ਕੀਤਾ ਜਾਏਗਾ।

**ਕਾਮਰੇਡ ਬੂਟਾ ਸਿੰਘ** : ਸਪੀਕਰ ਸਾਹਿਬ, ਬਹਾਦਰ ਸਿੰਘ ਵਾਲਾ ਡਰੇਨ ਜਿਹੜੀ ਜ਼ਿਲ੍ਹਾ ਬਠਿੰਡਾ ਵਿਚ ਮਾਨਸਾ ਵਿਚੋਂ ਲੰਘਦੀ ਹੈ ਉਸ ਦੇ ਉਤੇ ਇਕ ਬੁਧਪੁਰਾ ਪਿੰਡ ਹੈ, ਉਨ੍ਹਾਂ ਲੋਕਾਂ ਨੂੰ ਕਾਫੀ ਦਿੱਕਤ ਹੈ। ਲੋਕਾਂ ਦੀਆਂ ਮੁਸ਼ਕਲਾਂ ਨੂੰ ਵੇਖਦੇ ਹੋਏ ਕੀ ਉਹ ਪੁਲ ਜਲਦੀ ਬਣਾਇਆ ਜਾਏਗਾ। ਔਰ ਇਹ ਵੀ ਦੱਸਿਆ ਜਾਏ ਕਿ ਕਦੋਂ ਤਕ ਕੰਮ ਸ਼ੁਰੂ ਹੋ ਜਾਏਗਾ ?

**ਮੰਤਰੀ** : ਸਪੀਕਰ ਸਾਹਿਬ, ਇਸ ਦੇ ਲਈ ਮੈਂਬਰ ਸਾਹਿਬ ਨਵਾਂ ਨੋਟਿਸ ਦੇ ਦੇਣ ਕਿਉਂਕਿ ਅਗਰ ਤਾਂ ਸੜਕਾਂ ਪਹਿਲਾਂ ਬਣੀਆਂ ਹੋਈਆਂ ਹਨ ਤਾਂ ਉਹ ਪੁਲ ਇਰੀਗੇਸ਼ਨ ਵਾਲੇ ਬਣਾਉਣਗੇ ਅਤੇ ਜੇਕਰ ਸੜਕਾਂ ਅਜੇ ਬਣਨੀਆਂ ਹੋਣ ਤਾਂ ਸਾਡਾ ਡਿਪਾਰਟਮੈਂਟ ਬਣਾਏਗਾ। ਇਹ ਨਵਾਂ ਨੋਟਿਸ ਦੇ ਦੇਣ, ਮੈਂ ਐਗਜ਼ਾਮਿਨ ਕਰਾ ਲਵਾਂਗਾ।

**ਕਾਮਰੇਡ ਸਰਵਣ ਸਿੰਘ ਧਰਮਕੋਟ** : ਸਪੀਕਰ ਸਾਹਿਬ, ਜਿਸ ਪੁਲ ਬਾਰੇ ਸੁਆਲ ਕੀਤਾ ਗਿਆ ਹੈ ਇਹ ਪਿਛਲੇ ਦੋਂ ਤਿੰਨ ਸਾਲਾਂ ਤੋਂ ਸਾਡੀ ਗਰੀਵੈਂਸਿਜ਼ ਕਮੇਟੀ ਵਿਚ ਆਉਂਦਾ ਰਿਹਾ ਹੈ। ਜਦੋਂ ਹਾੜੀ ਅਤੇ ਸਾਉਣੀ ਦੀਆਂ ਫਸਲਾਂ ਆਉਂਦੀਆਂ ਹਨ ਤਾਂ ਲੋਕਾਂ ਨੂੰ 15, 20 ਮੀਲ ਉਪਰੋਂ ਆਪਣਾ ਦਾਣਾ ਲਿਆਉਂਣਾ ਪੈਂਦਾ ਹੈ। ਕਈ ਵਾਰੀ ਲੋਕੀਂ ਟਰੈਕਟਰ ਟਰਾਲੀਆਂ ਰਸਤੇ ਵਿਚ ਫਸਾ ਕੇ ਬੈਠ ਜਾਂਦੇ ਹਨ। ਕੀ ਉਨ੍ਹਾਂ ਦੀ ਸੁਵਿਧਾ ਨੂੰ ਮੁੱਖ ਰਖਦੇ ਹੋਏ ਉਹ ਪੁਲ ਛੇਤੀ ਬਣਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸਾਉਣੀ ਦੀ ਫਸਲ ਤੋਂ ਪਹਿਲਾਂ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਇਹ ਵੇਖਣਾ ਹੈ ਕਿ ਕਿੰਨਾ ਪਾਣੀ ਚਲਦਾ ਹੈ, ਕਿੰਨਾ ਡੂੰਘਾ ਹੈ, ਕਿੰਨੀ ਖੁਹੀ ਹੈ ਆਦਿ, ਸਾਰੀਆਂ ਚੀਜ਼ਾਂ ਵੇਖਣੀਆਂ ਪੈਂਦੀਆਂ ਹਨ। ਮੈਂ ਕਾਮਰੇਡ ਸਾਹਿਬ ਦੇ ਜਜ਼ਬਾਤ ਨਾਲ ਐਗਰੀ ਕਰਦਾ ਹਾਂ ਅਤੇ ਯਤਨ ਕੀਤਾ ਜਾਏਗਾ ਕਿ ਇਹ ਪੁਲ ਜਲਦੀ ਬਣ ਜਾਏ।

**ਸਰਦਾਰ ਪ੍ਰਿਥੀਪਾਲ ਸਿੰਘ** : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿਚ ਹੁਸੈਨਪੁਰਾ ਬ੍ਰਿਜ ਤੇ ਇਕ ਸਾਲ ਦਾ ਸਮਾਂ ਹੋ ਚੁਕਾ ਹੈ ਕੋਈ ਕੰਮ ਸ਼ੁਰੂ ਨਹੀਂ ਹੋਇਆ। ਸਾਰਾ ਰਸਤਾ ਬਲਾਕ ਹੋਇਆ ਪਿਆ ਹੈ। ਇਨ੍ਹਾਂ ਨੇ ਕਿਹਾ ਸੀ ਕਿ ਦੋ ਸਾਲਾਂ ਵਿਚ ਬਣਾ ਦਿਆਂਗੇ, ਪਰ ਇਹ ਦੱਸਣ ਕਿ ਇਹ ਕਦੋਂ ਤਕ ਸ਼ੁਰੂ ਕਰ ਦੇਣਗੇ ?

**ਮੰਤਰੀ** : ਗਲ ਇਹ ਹੈ ਕਿ ਇਸ ਦੇ ਬਾਰੇ ਰੇਲਵੇ ਵਾਲਿਆਂ ਨਾਲ ਕੁਝ ਗਲ ਬਾਤ ਕਰਨੀ ਸੀ, ਕੁਝ ਹੋਰ ਫੰਡਜ਼ ਦੀ ਲੋੜ ਸੀ ਔਰ ਕੁਝ ਫੰਡਜ਼ ਅਸੀਂ ਡਾਈਵਰਟ ਕੀਤੇ ਹਨ। ਹੁਣ ਜਲਦੀ ਉਥੇ ਕੰਮ ਸ਼ੁਰੂ ਕੀਤਾ ਜਾਏਗਾ।

**ਸਰਦਾਰ ਲੱਖਾ ਸਿੰਘ** : ਸਪੀਕਰ ਸਾਹਿਬ, ਮੰਤਰੀ ਸਾਹਿਬ ਨੂੰ ਪਿਛਲੇ ਸੈਸ਼ਨ ਵਿਚ ਰਿਕੁਐਸਟ ਕੀਤੀ ਸੀ ਕਿ ਮੇਰੇ ਹਲਕੇ ਵਿਚ ਸ਼ਾਹਪੁਰ ਪਿੰਡ ਦੇ ਕੋਲ ਇਕ ਪੁਲ ਹੈ। ਇਹ ਗੁਰੂ ਅੰਗਦ ਸਾਹਿਬ ਦੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਲੱਖਾ ਸਿੰਘ]

ਧਰਤੀ ਹੈ, ਉਥੇ ਪੁਲ ਤਾਂ ਜ਼ਰੂਰ ਬਣਾ ਦਿਤਾ ਪਰ ਉਹ ਗਲਤ ਬਣਾ ਦਿਤਾ। ਸੜਕ ਨੀਵੀਂ ਹੈ ਅਤੇ ਪੁਲ ਉਚਾ ਹੈ। ਉਥੋਂ ਇਕ ਸਾਈਕਲ ਵੀ ਨਹੀਂ ਲੰਘ ਸਕਦਾ, ਕਈ ਐਕਸੀਡੈਂਟ ਹੋ ਚੁਕੇ ਹਨ। ਇਸੇ ਤਰ੍ਹਾਂ ਹੀ ਇਕ ਪੁਲ ਪਿੰਡ ਭਰੋਵਾਲ ਦੇ ਕੋਲ ਬਣਨਾ ਹੈ ਔਰ ਭਰੋਸਾ ਦਿਵਾਇਆ ਗਿਆ ਸੀ ਕਿ ਜ਼ਰੂਰ ਬਣਾਇਆ ਜਾਏਗਾ ਪਰ ਨਹੀਂ ਬਣਾਇਆ ਗਿਆ। ਇਹ ਦੱਸਣ ਕਿ ਕਦੋਂ ਤਕ ਬਣਾ ਦੇਣਗੇ ?

**ਮੰਤਰੀ** : ਆਮ ਤੌਰ ਤੇ ਪੁਲ ਸੜਕ ਨਾਲੋਂ ਉਚਾ ਹੁੰਦਾ ਹੈ। ਇਹ ਮੇਰੇ ਕੋਲ ਆ ਕੇ ਮੈਨੂੰ ਸਾਰੀ ਗਲ ਸਮਝਾ ਦੇਣ ਤਾਂਕਿ ਮੈਂ ਇੰਜੀਨੀਅਰਜ਼ ਨੂੰ ਕਹਿ ਸਕਾ ਅਤੇ ਆਵਾਜਾਈ ਦੇ ਸਾਧਨ ਠੀਕ ਹੋ ਸਕਣ।

-----

**Link roads to Harijan Bastis**

***2091. Sardar Dilbagh Singh:** Will the Minister for Public Works be pleased to state—

(a) the time by which such Harijan Bastis/Colonies as are located away from villages, are likely to be linked with the villages by constructing approach roads, in the State;

(b) the number of such Harijan Bastis/Colonies in Nawanshehar Sub-Division, as have not so far been linked with the approach roads?

**Sardar Beant Singh:** (a) There is no specific scheme of the Government as yet to link Harijan Bast is located away from the villages.

(b) Question does not arise.

**ਸਰਦਾਰ ਦਿਲਬਾਗ ਸਿੰਘ** : ਸਪੀਕਰ ਸਾਹਿਬ, ਜਦੋਂ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਹਰ ਬਸਤੀ ਨੂੰ ਪਿੰਡ ਨਾਲ ਫਸਟ ਲਿੰਕ ਦਿਤੀ ਜਾਵੇਗੀ ਤੇ ਅਗਰ ਕੋਈ ਹਰੀਜਨ ਬਸਤੀ ਪਿੰਡ ਤੋਂ ਪਰੇ ਹੈ ਤਾਂ ਉਸ ਨੂੰ ਕਿਉਂ ਨਹੀਂ ਸ਼ਾਮਲ ਕੀਤਾ ਜਾਂਦਾ ?

**ਮੰਤਰੀ** : ਸਪੀਕਰ ਸਾਹਿਬ, ਕੁਝ ਪੈਸੇ ਅਸੀਂ ਰਖੇ ਹਨ ਜਿਨ੍ਹਾਂ ਨਾਲ ਯਤਨ ਕੀਤੇ ਜਾਣੇ ਹਨ ਕਿ ਜਿਹੜੀਆਂ ਕੁਝ ਹਰੀਜਨ ਬਸਤੀਆਂ ਵਡੀਆਂ ਹਨ, ਜ਼ਿਆਦਾ ਆਬਾਦੀ ਵਾਲੀਆਂ ਹਨ, ਉਨ੍ਹਾਂ ਨੂੰ ਲਿੰਕ ਕਰਨ ਦਾ ਪ੍ਰੋਗਰਾਮ ਹੈ ਪਰ ਕੋਈ ਸਪੈਸਿਫਿਕ ਸਕੀਮ ਨਹੀਂ। ਅਗਰ ਕੋਈ ਵਡੀ ਬਸਤੀ ਮਾਨਯੋਗ ਮੈਂਬਰ ਸਾਹਿਬ ਦੇ ਹਲਕੇ ਵਿਚ ਹੈ ਤਾਂ ਇਹ ਨੋਟਿਸ ਵਿਚ ਲਿਆ ਦੇਣ, ਕਰ ਦਿਆਂਗੇ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀਆ** : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਕੋਈ ਸਪੈਸਿਫਿਕ ਸਕੀਮ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਗੌਰਮਿੰਟ ਦੀ ਸਪੈਸਿਫਿਕ ਸਕੀਮ ਸੀ ਕਿ ਹਰੀਜਨ ਬਸਤੀਆਂ ਨੂੰ, ਜਿਹੜੇ ਪਿੰਡ ਨੂੰ ਸੜਕ ਜਾਏਗੀ, ਧਾਰਮਿਕ ਸਥਾਨਾਂ, ਸਕੂਲਾਂ ਆਦਿ ਤੇ ਸੜਕ ਜ਼ਰੂਰ ਲਿਜਾਈ ਜਾਏਗੀ। ਇਸ ਤਰ੍ਹਾਂ ਦੇ ਮੇਰੇ ਹਲਕੇ ਵਿਚ 10, 15 ਪਿੰਡ ਐਸੇ ਹਨ, ਜਿਥੇ ਸੜਕਾਂ ਨਹੀਂ ਜਾਂਦੀਆਂ ਹਨ। ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਬਸਤੀਆਂ ਨੂੰ ਸੜਕ ਨਾਲ ਜ਼ਰੂਰ ਜੋੜਿਆ ਜਾਏ।

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਦੀ ਇਹ ਗਲ ਦਰੁਸਤ ਹੈ ਕਿ ਬਸਤੀਆਂ ਨੂੰ ਲਿੰਕ ਕਰਨਾ ਜ਼ਰੂਰੀ ਹੈ। ਪਰ ਜਿਥੇ ਬਸਤੀਆਂ ਪਿੰਡਾਂ ਦੇ ਨਾਲ ਲਗਦੀਆਂ ਸਨ ਜਾਂ ਥੋੜ੍ਹੇ ਫਾਸਲੇ ਤੇ ਸਨ,

Original with;
Punjab Vidhan Sabha
Digitized by;
Panjab Digital Library

ਉਹ ਮਿਲਾ ਦਿੱਤੀਆਂ ਹਨ। ਬਾਕੀ ਜੋ ਸਰਦਾਰ ਦਿਲਬਾਗ ਸਿੰਘ ਨੇ ਸਵਾਲ ਕੀਤਾ ਹੈ, ਉਹ ਵਖਰਾ ਹੈ। ਕੁਝ ਨਵੀਆਂ ਬਸਤੀਆਂ ਵੱਸ ਚੁੱਕੀਆਂ ਹਨ। ਬੇਸ਼ਕ ਉਹ ਦੂਰ ਹਨ ਪਰ ਉਨ੍ਹਾਂ ਨੂੰ ਕੁਨੈਕਟ ਕਰਨਾ ਜ਼ਰੂਰੀ ਹੈ। ਇਹ ਗਲ ਵੀ ਠੀਕ ਹੈ ਕਿ ਹਰੀਜਨ ਭਰਾਵਾਂ ਨੂੰ ਇਹ ਫੈਸਿਲਿਟੀਜ਼ ਮਿਲਣੀਆਂ ਚਾਹੀਦੀਆਂ ਹਨ। ਫੰਡਜ਼ ਦੀ ਕਮੀ ਕਰਕੇ ਸ਼ਾਇਦ ਅਸੀਂ ਇਹ ਕੰਮ ਕਰ ਨਹੀਂ ਸਕੇ। ਪਰ ਮੈਂ ਯਕੀਨ ਦਿਲਾਉਂਦਾ ਹਾਂ ਕਿ ਜਿਥੇ ਵੱਡੀਆਂ ਬਸਤੀਆਂ ਹਨ ਉਹ ਜ਼ਰੂਰ ਲਿੰਕ ਕਰਾਂਗੇ।

**ਸ਼੍ਰੀ ਚਮਨ ਲਾਲ** : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਫਾਈਨਾਂਸ ਮਨਿਸਟਰ ਸਾਹਿਬ 22 ਲੱਖ ਰੁਪਏ ਅਨਾਊਂਸ ਕਰਕੇ ਆਏ ਸਨ ਅਤੇ ਜਦੋਂ ਮਨਿਸਟਰ ਸਾਹਿਬ ਉਥੇ ਗਏ ਸਨ ਤਾਂ ਇਨ੍ਹਾਂ ਨੇ ਵੀ ਅਨਾਊਂਸਮੈਂਟ ਕੀਤੀ ਸੀ ਅਤੇ ਕਿਹਾ ਸੀ ਕਿ ਮੰਦਰਾਂ ਅਤੇ ਗੁਰਦੁਆਰਿਆਂ ਨੂੰ ਜ਼ਰੂਰ ਲਿੰਕ ਰੋਡਜ਼ ਬਣਾ ਕੇ ਦਿਆਂਗੇ। ਪਰ ਮੈਨੂੰ ਪਤਾ ਨਹੀਂ ਲਗ ਰਿਹਾ ਕਿ ਮੇਰਾ ਹਲਕਾ ਕਿਉਂ ਇਗਨੋਰ ਕੀਤਾ ਜਾ ਰਿਹਾ ਹੈ। ਇਹ ਦੱਸਣ ਮੇਰੀ ਕੀ ਕੁਤਾਹੀ ਹੈ। ਫਾਈਨਾਂਸ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਅਸੀਂ ਪੀ. ਡਬਲਿਊ. ਡੀ. ਮਨਿਸਟਰ ਨੂੰ ਬੜਾ ਰੁਪਿਆ ਦੇ ਦਿੱਤਾ ਹੈ। ਦੂਸਰਾ, ਮੇਰੇ ਹਲਕੇ ਦਾ ਘਰੋਟੇ ਦਾ ਪੁਲ ਹੈ। ਉਥੇ 30 ਮੀਲ ਲੰਘ ਕੇ ਲੋਕਾਂ ਨੂੰ ਖੇਤੀਬਾੜੀ ਲਈ ਜਾਣਾ ਪੈਂਦਾ ਹੈ।

**ਸ਼੍ਰੀ ਸਪੀਕਰ** : ਤੁਸੀਂ ਸਪਲੀਮੈਂਟਰੀ ਪੁੱਛੋ, ਸਪੀਚ ਨਾ ਕਰੋ।

**ਸ਼੍ਰੀ ਚਮਨ ਲਾਲ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੇਰਾ ਹਲਕਾ ਕਿਉਂ ਇਗਨੋਰ ਕੀਤਾ ਜਾ ਰਿਹਾ ਹੈ। ਇਸ ਪੁਲ ਤੇ ਬੜੀ ਆਵਾਜਾਈ ਰਹਿੰਦੀ ਹੈ। 30 ਮੀਲ ਦਾ ਫਾਸਲਾ ਤਹਿ ਕਰਕੇ ਕਾਸ਼ਤਕਾਰਾਂ ਨੂੰ ਜਾਣਾ ਪੈਂਦਾ ਹੈ। ਇਹ ਪੁਲ ਕਦੋਂ ਬਣਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਚਮਨ ਲਾਲ ਜੀ ਮੇਰੇ ਦੋਸਤ ਹਨ। ਮੈਂ ਇਨ੍ਹਾਂ ਦੇ ਹਲਕੇ ਵਿੱਚ ਵੀ ਗਿਆ ਸੀ। ਫਾਈਨਾਂਸ ਮਨਿਸਟਰ ਸਾਹਿਬ ਨੇ ਜੋ ਕੁਮਿਟਮੈਂਟ ਕੀਤੀ ਹੈ ਉਸ ਦਾ ਮੈਨੂੰ ਪਤਾ ਨਹੀਂ ਹੈ। ਲੇਕਿਨ ਮੈਂ ਇਹ ਜ਼ਰੂਰ ਮਹਿਸੂਸ ਕੀਤਾ ਹੈ ਕਿ ਇਨ੍ਹਾਂ ਦਾ ਘਰੋਟੇ ਦਾ ਜੋ ਪੁਲ ਹੈ ਇਹ ਬੜਾ ਅਹਿਮ ਪੁਲ ਹੈ। ਇਹ ਬਹੁਤ ਜ਼ਰੂਰੀ ਪੁਲ ਹੈ। ਲੇਕਿਨ ਇਹ ਵੀ ਜ਼ਰੂਰੀ ਹੈ ਕਿ ਇਸ ਦੇ ਡਿਜ਼ਾਈਨ ਦਾ ਅਤੇ ਇਸ ਲਈ ਪੈਸੇ ਦਾ ਵੀ ਪ੍ਰਬੰਧ ਕਰੀਏ। ਇਨ੍ਹਾਂ ਕੰਮਾਂ ਲਈ ਟਾਈਮ ਲਗਦਾ ਹੈ। ਮੈਂ ਕੱਲ ਵੀ ਇਹ ਕਿਹਾ ਸੀ ਕਿ ਪਲਾਨ ਵਿਚੋਂ ਪੈਸਾ ਲੈ ਕੇ ਅਸੀਂ ਇਹ ਪੁਲ ਬਣਾ ਸਕਦੇ ਹਾਂ, ਮਾਰਕਿਟ ਕਮੇਟੀਆਂ ਦੇ ਪੈਸੇ ਨਾਲ ਨਹੀਂ ਬਣਾ ਸਕਦੇ। ਦੂਸਰਾ, ਇਨ੍ਹਾਂ ਨੇ ਕਿਹਾ ਹੈ ਕਿ ਸਾਡੀਆਂ ਬਸਤੀਆਂ, ਮੰਦਰ ਅਤੇ ਗੁਰਦੁਆਰੇ ਲਿੰਕ ਨਹੀਂ ਹੋਏ। ਇਹ, ਸਪੀਕਰ ਸਾਹਿਬ, ਸੈਕੰਡ ਲਿੰਕ ਹਨ। ਅਸੀਂ ਪਹਿਲੀ ਪ੍ਰਾਇਰਿਟੀ ਫਸਟ ਲਿੰਕ ਨੂੰ ਦਿੰਦੇ ਹਾਂ। ਕਈ ਜਗ੍ਹਾ ਪਹਿਲੇ ਲਿੰਕ ਵੀ ਰਹਿੰਦੇ ਸਨ। ਸੈਕੰਡ ਲਿੰਕ ਨੂੰ ਦੂਸਰੀ ਪ੍ਰਾਇਰਿਟੀ ਦਿੱਤੀ ਹੈ। ਮੈਂ ਆਪ ਜਾ ਕੇ ਵੇਖਿਆ ਹੈ। ਸੈਕੰਡ ਲਿੰਕ ਮਾਰਕਿਟ ਕਮੇਟੀ ਦੇ ਪੈਸੇ ਨਾਲ ਬਣਾ ਸਕਦੇ ਹਾਂ। ਮੈਂ ਅਰਜ਼ ਕਰਾਂਗਾ ਕਿ ਆਪਣੀਆਂ ਮਾਰਕਿਟ ਕਮੇਟੀਆਂ ਤੋਂ ਪੈਸੇ ਲੈ ਦੇਣ, ਅਸੀਂ ਜ਼ਰੂਰ ਸੈਕੰਡ ਲਿੰਕ ਬਣਾ ਦਿਆਂਗੇ।

---

## Loans granted to Yellow Card Holders

***2157. Pandit Sarwan Ram**
**Master Kundan Singh** : Will the Minister for Welfare and Labour be pleased to state—

(a) the total number of loans granted to the Yellow Card Holders under Bank Tie-up Scheme in village Mehlawali, Tehsil and district. Hoshiarpur during the years 1980-81, 1981-82 and 1982-83;

Original with;
Punjab Vidhan Sabha
Digitized by;
Panjab Digital Library

[Pandit Sarwan Ram]

(b) the number of cases of fraud, if any, detected, out of the cases of loans referred to in part(a) above;

(c) the details of action, if any, taken against the persons who obtained the loans by fraud?

**ਚੌਧਰੀ ਜਗਤ ਰਾਮ** : (ਏ)

| ਸਾਲ | ਕੇਸਾਂ ਦੀ ਗਿਣਤੀ । |
|---|---|
| 1980-81 | ਨਿਲ |
| 1981-82 | 25 |
| 1982-83 | 27 |

(ਬੀ)

| ਸਾਲ | ਕੇਸਾਂ ਦੀ ਗਿਣਤੀ |
|---|---|
| 1980-81 | ਨਿਲ |
| 1981-82 | ਨਿਲ |
| 1982-83 | ਇਕ |

(ਸੀ) ਜਿਸ ਵਿਅਕਤੀ ਦੇ ਵਿਰੁੱਧ ਸ਼ਿਕਾਇਤ ਹੋਈ ਹੈ, ਉਸ ਨੂੰ ਦਿਤੇ ਜਾਣ ਵਾਲੇ ਸਾਰੇ ਲਾਭ ਵਾਪਸ ਲੈ ਲਏ ਗਏ ਹਨ ।

**ਪੰਡਿਤ ਸਰਵਣ ਰਾਮ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜਿਸ ਆਦਮੀ ਨੇ ਫਰਾਡ ਕਰਕੇ ਪੀਲਾ ਕਾਰਡ ਬਣਵਾ ਲਿਆ ਸੀ ਅਤੇ ਸੁਵਿਧਾਵਾਂ ਲੈਂਦਾ ਰਿਹਾ ਸੀ, ਹੁਣ ਉਹ ਸੁਵਿਧਾਵਾਂ ਵਾਪਸ ਲੈ ਲਈਆਂ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਨੂੰ ਕੀ ਸਜ਼ਾ ਦਿੱਤੀ ਹੈ ? ਕੀ ਉਸ ਦੇ ਖਿਲਾਫ ਪਰਚਾ ਦਰਜ ਕਰਵਾਉਣਗੇ ? ਇਸ ਤਰੀਕੇ ਨਾਲ ਵੱਡੇ ਵੱਡੇ ਬੰਦੇ ਸਾਰੇ ਪੰਜਾਬ ਨੂੰ ਲੁਟ ਕੇ ਖਾ ਜਾਣਗੇ।

**ਮੰਤਰੀ** : ਜੋ ਰਿਆਇਤਾਂ ਉਸ ਨੂੰ ਮਿਲੀਆਂ ਸਨ ਉਹ ਸਾਰੀਆਂ ਵਾਪਸ ਲੈ ਲਈਆਂ ਗਈਆਂ ਹਨ। 30 ਅਗਸਤ, 1983 ਨੂੰ ਹੁਸ਼ਿਆਰਪੁਰ ਦੇ ਐਸ. ਡੀ. ਐਮ. ਨੂੰ ਹਦਾਇਤ ਕਰ ਦਿੱਤੀ ਗਈ ਹੈ ਕਿ 15 ਦਿਨਾਂ ਦੇ ਅੰਦਰ ਅੰਦਰ ਇਸ ਦੀ ਰਿਪੋਰਟ ਭੇਜੋ ਅਤੇ ਦੱਸੋ ਕਿ ਕਿਸ ਕਿਸ ਅਫਸਰ ਨਾਲ ਮਿਲ ਕੇ ਉਸ ਨੇ ਇਹ ਕਾਰਡ ਬਣਵਾ ਲਿਆ ਸੀ। ਜਿਹੜੇ ਵੀ ਅਫਸਰ ਇਸ ਦੇ ਵਿੱਚ ਸ਼ਾਮਲ ਹੋਣਗੇ, ਉਨ੍ਹਾਂ ਦੇ ਖਿਲਾਫ ਕੇਸ ਰਜਿਸਟਰ ਹੋਵੇਗਾ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਆਮ ਕੰਪਲੇਂਟਸ ਆ ਰਹੀਆਂ ਹਨ ਕਿ ਯੈਲੋ ਕਾਰਡ ਹੋਲਡਰਜ਼ ਨੂੰ ਬੈਂਕਾਂ ਵਾਲੇ ਲੋਨ ਨਹੀਂ ਦਿੰਦੇ। ਕੀ ਵਜ਼ੀਰ ਸਾਹਿਬ ਕੋਈ ਐਸੀ ਕਮੇਟੀ ਬਣਾਉਣਗੇ ਜਿਸ ਦੇ ਵਿੱਚ ਡੀ. ਸੀ. ਦੇ ਨਾਲ ਐਮ. ਐਲ. ਏਜ਼. ਵੀ ਹੋਣ ਤਾਂਕਿ ਉਹ ਬੈਂਕ ਵਾਲਿਆਂ ਨਾਲ ਗਲ ਕਰ ਸਕਣ ਅਤੇ ਉਨ੍ਹਾਂ ਕੋਲੋਂ ਲੋਨ ਨਾ ਦੇਣ ਦੇ ਰੀਜ਼ਨਜ਼ ਪੁੱਛ ਸਕਣ। ਸਾਲ ਦੋ ਸਾਲ ਲੰਘ ਜਾਂਦੇ ਹਨ, ਲੋਨ ਐਕਸਪੀਡਾਈਟ ਨਹੀਂ ਹੁੰਦੇ। ਕੀ ਵਜ਼ੀਰ ਸਾਹਿਬ ਅਜਿਹੀ ਕਮੇਟੀ ਬਣਾਉਣ ਨੂੰ ਤਿਆਰ ਹਨ ?

**ਮੰਤਰੀ** : ਪਹਿਲਾਂ ਹੀ ਐਸੀਆਂ ਕਮੇਟੀਆਂ ਬਣੀਆਂ ਹੋਈਆਂ ਹਨ ਜਿਹੜੀਆਂ ਇਸ ਕੰਮ ਦੀ ਦੇਖ ਭਾਲ ਕਰਦੀਆਂ ਹਨ। ਉਥੇ ਅਫਸਰ ਲੋਕਾਂ ਦੀਆਂ ਤਕਲੀਫਾਂ ਸੁਣਦੇ ਹਨ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਮੈਂਬਰ ਸਾਹਿਬ ਨੇ ਪੁੱਛਿਆ ਹੈ ਕਿ ਕੀ ਐਮ. ਐਲ. ਏਜ਼. ਨੂੰ ਵੀ ਇਸ ਕਮੇਟੀ ਵਿੱਚ ਐਸੋਸ਼ੀਏਟ ਕਰਨਗੇ ?

**ਮੰਤਰੀ** : ਇਹ ਵੇਖ ਲਵਾਂਗੇ। ਵੈਸੇ ਹਰ ਕਮੇਟੀ ਵਿੱਚ ਐਮ. ਐਲ. ਏ. ਮੈਂਬਰ ਹੁੰਦੇ ਹਨ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਇੱਕ ਸ਼ਿਕਾਇਤ ਦੇ ਖਿਲਾਫ ਜੋ ਐਕਸ਼ਨ ਲੈ ਰਹੇ ਹਨ ਉਹ ਦੱਸ ਦਿੱਤਾ ਹੈ। ਮੇਰਾ ਪਹਿਲਾਂ ਸਵਾਲ ਇਹ ਹੈ ਕਿ ਜਾਲ੍ਹੀ ਪੀਲੇ ਕਾਰਡ ਬਹੁਤ ਬਣੇ ਹੋਏ ਹਨ। ਕੀ ਇਨ੍ਹਾਂ ਦੀ ਪੜਤਾਲ ਕਰਾਉਣਗੇ ? ਦੂਸਰਾ, ਹਜ਼ਾਰਾਂ ਦਰਖਾਸਤਾਂ ਪੀਲੇ ਕਾਰਡ ਬਣਾਉਣ ਵਾਲੀਆਂ ਪਈਆਂ ਹਨ। ਉਨ੍ਹਾਂ ਤੇ ਕੋਈ ਅਮਲ ਨਹੀਂ ਹੋ ਰਿਹਾ। ਜਿਨ੍ਹਾਂ ਦੀਆਂ ਦਰਖਾਸਤਾਂ ਪੈਂਡਿੰਗ ਹਨ ਕੀ ਉਨ੍ਹਾਂ ਦੇ ਪੀਲੇ ਕਾਰਡ ਬਣਾ ਦਿੱਤੇ ਜਾਣਗੇ ?

**ਮੰਤਰੀ**: ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਉਸ ਬੰਦੇ ਦੀ ਬੜੀ ਹਿੰਮਤ ਹੈ, ਟੇਕ ਚੰਦ ਦੀ, ਜਿਸ ਨੇ ਇਹ ਸ਼ਿਕਾਇਤ ਕੀਤੀ। ਸ਼ਿਕਾਇਤ ਮਿਲਣ ਦੇ ਬਾਅਦ ਫੌਰਨ ਉਸ ਤੇ ਅਮਲ ਹੋਇਆ। ਮੇਰੇ ਦੋਸਤ ਵੀ ਕੋਈ ਸ਼ਿਕਾਇਤ ਦੇ ਦੇਣ, ਲਾਜ਼ਮੀ ਉਸ ਤੇ ਅਮਲ ਹੋਵੇਗਾ। ਜਨਰਲ ਗਲਾਂ ਕਹੀ ਜਾਣਾ ਵਖਰੀ ਗਲ ਹੈ। 50 ਹਜ਼ਾਰ ਗਲਤ ਪੀਲੇ ਕਾਰਡ ਬਣੇ ਸਨ ਜੋ ਹੁਣ ਕੈਂਸਲ ਕਰ ਦਿੱਤੇ ਗਏ ਹਨ। ਪਹਿਲਾਂ 8 ਲੱਖ ਪੀਲੇ ਕਾਰਡ ਬਣੇ ਸਨ, ਹੁਣ ਇਨ੍ਹਾਂ ਦੀ ਗਿਣਤੀ ਵੱਧ ਕੇ 10 ਲੱਖ ਹੋ ਗਈ ਹੈ।

**ਕਾਮਰੇਡ ਸੋਹਣ ਸਿੰਘ** : ਸਪੀਕਰ ਸਾਹਿਬ, ਵੱਡੇ ਵੱਡੇ ਲੋਕਾਂ ਨੇ ਇਹ ਪੀਲੇ ਕਾਰਡ ਬਣਾਏ ਹਨ, ਉਹ ਕੈਂਸਲ ਹੋਣੇ ਚਾਹੀਦੇ ਹਨ। ਜਿਨ੍ਹਾਂ ਗਰੀਬ ਲੋਕਾਂ ਨੇ ਪੀਲੇ ਕਾਰਡ ਦੇ ਬੇਸਿਜ਼ ਤੇ ਤਿੰਨ ਹਜ਼ਾਰ ਰੁਪਿਆ ਕਰਜ਼ਾ ਲਿਆ ਅਤੇ ਮੱਝ ਖਰੀਦ ਲਈ, ਉਨ੍ਹਾਂ ਦੇ ਪੀਲੇ ਕਾਰਡ ਕੈਂਸਲ ਹੋ ਗਏ ਹਨ। ਦੂਜੇ ਪਾਸੇ ਮੱਝਾਂ ਦੁੱਧ ਦੇਣੋਂ ਹੱਟ ਗਈਆਂ ਹਨ ਅਤੇ ਤੋਕੜ ਹੋ ਗਈਆਂ ਹਨ। ਤੁਸੀਂ ਦੱਸੋ ਉਹ ਵਿਚਾਰਾ ਕਿਸ ਤਰ੍ਹਾਂ ਕਰਜ਼ਾ ਮੋੜੇਗਾ। ਕੀ ਉਨ੍ਹਾਂ ਦੀ ਆਮਦਨ 3600 ਤੋਂ ਵੱਧ ਹੋ ਗਈ ਹੈ ਜੋ ਉਨ੍ਹਾਂ ਦੇ ਪੀਲੇ ਕਾਰਡ ਵਾਪਸ ਲਈ ਜਾ ਰਹੇ ਹਨ। ਕੀ ਵਜ਼ੀਰ ਸਾਹਿਬ ਮੇਰੀ ਇਸ ਬੇਨਤੀ ਤੇ ਵਿਚਾਰ ਕਰਨਗੇ ਕਿ 3600/- ਰੁਪਏ ਤੋਂ ਘੱਟ ਆਮਦਨ ਵਾਲਿਆਂ ਦੇ ਪੀਲੇ ਕਾਰਡ ਵਾਪਸ ਨਾ ਲਏ ਜਾਣ ?

**ਮੰਤਰੀ** : ਜਿਨ੍ਹਾਂ ਦੀ ਆਮਦਨ 3600/- ਰੁਪਏ ਤੋਂ ਵਧੀ ਨਹੀਂ ਉਨ੍ਹਾਂ ਦੇ ਪੀਲੇ ਕਾਰਡ ਕੈਂਸਲ ਨਹੀਂ ਹੋਏ। ਜਿਨ੍ਹਾਂ ਦੀ ਆਮਦਨ ਵੱਧ ਗਈ ਹੈ ਉਨ੍ਹਾਂ ਦੇ ਕਾਰਡ ਬਦਸਤੂਰ ਚਲਦੇ ਹਨ, ਅੱਗੇ ਤੋਂ ਉਨ੍ਹਾਂ ਦਾ ਖਿਆਲ ਰਖਿਆ ਜਾਂਦਾ ਹੈ।

**ਸ੍ਰੀ ਹਰੀ ਮਿੱਤਰ ਹੰਸ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਜੋ ਹਜ਼ਾਰਾਂ ਦੀ ਤਾਦਾਦ ਵਿੱਚ ਪੀਲੇ ਕਾਰਡ ਕੈਂਸਲ ਕੀਤੇ ਹਨ ਉਨ੍ਹਾਂ ਦੇ ਖਿਲਾਫ ਕੀ ਕੋਈ ਐਕਸ਼ਨ ਲਿਆ ਗਿਆ ਹੈ ? ਇਕ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਦਾ ਫੀਲਡ ਅਫਸਰ ਹੈ। ਉਸ ਨੇ ਹਰੀਜਨਾਂ ਦੇ ਪੀਲੇ ਕਾਰਡ ਬਣਾਉਣ ਲਈ ਫਾਰਮ ਭਰੇ ਸਨ। ਜਿਸ ਵੇਲੇ ਫਾਰਮ ਫਿੱਲ ਅੱਪ ਹੋ ਕੇ ਚਲੇ ਗਏ ਫਿਰ ਉਸ ਨੇ ਕਹਿ ਦਿੱਤਾ ਕਿ ਇਹ ਨਹੀਂ ਬਣ ਸਕਦੇ। ਜਿਸ ਫੀਲਡ ਅਫਸਰ ਨੇ ਇਸ ਤਰ੍ਹਾਂ ਲੋਕਾਂ ਨੂੰ ਮਿਸਗਾਈਡ ਕੀਤਾ ਹੈ, ਕੀ ਉਸ ਦੇ ਖਿਲਾਫ ਕੋਈ ਐਕਸ਼ਨ ਲੈਣਗੇ ?

**ਮੰਤਰੀ** : ਅਗਰ ਕੋਈ ਐਸਾ ਕੇਸ ਹੋਇਆ ਹੈ ਤਾਂ ਇਹ ਲਿਖ ਕੇ ਦੇ ਦੇਣ, ਐਕਸ਼ਨ ਲਵਾਂਗੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਹੈ ਕਿ ਵਜ਼ੀਰ ਸਾਹਿਬ ਨੇ ਜੋ ਸੁਵਿਧਾਵਾਂ ਵਾਪਿਸ ਲੈ ਲਈਆਂ ਹਨ ਔਰ ਜਿਸ ਨੇ ਝੂਠ ਬੋਲ ਕੇ ਕਾਰਡ ਲੈ ਲਿਆ ਸੀ ਔਰ ਜਿਨ੍ਹਾਂ ਨੇ ਉਸ ਨੂੰ ਕਾਰਡ ਦਿੱਤਾ ਸੀ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਾ ਮੰਨਿਆਂ ਹੈ, ਚੰਗੀ ਗੱਲ ਹੈ। ਜਿਨ੍ਹਾਂ ਆਦਮੀਆਂ ਦੀ 3600/- ਰੁਪਏ ਸਾਲਾਨਾ ਤੋਂ ਆਮਦਨ ਘੱਟ ਸੀ ਉਨ੍ਹਾਂ ਦੇ ਪੀਲੇ ਕਾਰਡ ਬਣੇ ਸਨ। ਜੇਕਰ ਉਨ੍ਹਾਂ ਵਿਚੋਂ ਕਈ ਲੋਕਾਂ ਦੀ ਆਮਦਨ ਵੱਧ ਗਈ ਹੈ, ਉਹ ਗਰੀਬੀ ਦੀ ਰੇਖਾਂ ਤੋਂ ਉਪਰ ਆ ਗਏ ਹਨ ਤਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਐਸੇ ਆਦਮੀਆਂ ਤੋਂ ਕਾਰਡ ਲੈ ਕੇ ਜਿਹੜੇ ਲੋਕ ਗਰੀਬੀ ਦੀ ਰੇਖਾ ਤੋਂ ਨੀਚੇ ਹਨ ਔਰ ਜਿਨ੍ਹਾਂ ਨੂੰ ਕਾਰਡ ਨਹੀਂ ਸਨ ਮਿਲੇ ਉਨ੍ਹਾਂ ਨੂੰ ਕਾਰਡ ਬਣਾ ਦੇਣੇ ਮੁਨਾਸਿਬ ਸਮਝਦੇ ਹਨ ? ਜਿਨ੍ਹਾਂ ਦੇ ਕਾਰਡ ਬਣਨੋਂ ਰਹਿ ਗਏ ਸਨ ਉਨ੍ਹਾਂ ਬਾਰੇ ਰੋਜ਼ ਰੌਲਾ ਪੈਂਦਾ ਹੈ, ਇਸ ਨਾਲ ਉਨ੍ਹਾਂ ਗਰੀਬਾਂ ਦੇ ਕਾਰਡ ਬਣ ਜਾਣਗੇ।

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦੀ ਅੱਛੀ ਤਜਵੀਜ਼ ਹੈ, ਇਸ ਤੇ ਵਿਚਾਰ ਕਰ ਲਵਾਂਗੇ ।

**Sub-Tehsil Building at Dharamkot**

***2128. Comrade Sarwan Singh Dharamkot** : Will the Minister for Revenue be pleased to state whether the Dharamkot Sub-Tehsil has got its own buildings, if not, the steps being taken or propsed to be taken to contruct the said building?

**ਸਰਦਾਰ ਗੁਰਦਰਸ਼ਨ ਸਿੰਘ** : ਨਹੀਂ ਜੀ। ਨਵੀਂ ਸਬ-ਤਹਿਸੀਲ ਬਿਲਡਿੰਗ, ਧਰਮਕੋਟ ਦੀ ਉਸਾਰੀ ਲਈ ਜ਼ਮੀਨ ਅਰੇਂਜ ਕਰ ਲਈ ਹੈ ਅਤੇ ਆਰਕੀਟੈਕਚਰਲ ਪਲਾਨ ਅਤੇ ਲਾਗਤ ਦੇ ਕੱਚੇ ਤਖਮੀਨੇ ਤਿਆਰ ਕੀਤੇ ਜਾ ਚੁਕੇ ਹਨ। ਫਿਰ ਵੀ, ਉਸਾਰੀ ਦਾ ਕੰਮ ਲੋੜੀਂਦੇ ਫੰਡਜ਼ ਉਪਲਬਧ ਹੋਣ ਤੇ ਸ਼ੁਰੂ ਕੀਤਾ ਜਾਵੇਗਾ।

**ਕਾਮਰੇਡ ਸਰਵਣ ਸਿੰਘ ਧਰਮਕੋਟ** : ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਇਸ ਬਾਰੇ ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਸੀ, ਉਹ ਵੀ ਮੇਰੇ ਪਾਸ ਪਿਆ ਹੈ। ਇਨ੍ਹਾਂ ਨੇ ਕਿਹਾ ਸੀ ਕਿ ਜਿਸ ਵੇਲੇ ਜ਼ਮੀਨ ਸਰਕਾਰ ਨੂੰ ਮਿਲ ਜਾਵੇਗੀ ਉਸ ਦੇ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਤਹਿਸੀਲ ਦੀ ਬਿਲਡਿੰਗ ਉਸਾਰ ਦਿੱਤੀ ਜਾਵੇਗੀ। ਪਰ ਹੁਣ ਇਨ੍ਹਾਂ ਨੇ ਦੱਸਿਆ ਹੈ ਕਿ ਜ਼ਮੀਨ ਐਕੁਆਇਰ ਕਰ ਲਈ ਹੈ। ਹੁਣ ਸਪਲੀਮੈਂਟਰੀ ਐਸਟੀਮੇਟਸ ਪਾਸ ਹੋ ਜਾਣੇ ਹਨ ਔਰ ਇਨ੍ਹਾਂ ਪਾਸ ਪੈਸੇ ਆ ਜਾਣਗੇ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਇਹ ਸਬ-ਤਹਿਸੀਲ ਦੀ ਬਿਲਡਿੰਗ ਬਣਵਾਉਣ ਲਈ ਕਿਤਨਾਂ ਚਿਰ ਲਗਾਉਣਗੇ, ਕੀ ਇਹ ਇਸ ਬਾਰੇ ਕੋਈ ਟਾਈਮ ਮੁਕੱਰਰ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਕਿਹਾ ਹੈ ਕਿ ਮੈਂ ਪਿਛਲੇ ਸੈਸ਼ਨ ਵਿਚ ਇਹ ਕਿਹਾ ਸੀ ਕਿ ਤਿੰਨ ਮਹੀਨਿਆਂ ਵਿਚ ਬਿਲਡਿੰਗ ਬਣਾ ਦਿੱਤੀ ਜਾਵੇਗੀ, ਮੈਂ ਇਹ ਡਿਨਾਈ ਕਰਦਾ ਹਾਂ ਕਿ ਮੈਂ ਇਹ ਗੱਲ ਨਹੀਂ ਕਹੀ ਮੈਂ ਇਹ ਜ਼ਰੂਰ ਕਿਹਾ ਸੀ ਕਿ ਡਿਜ਼ਾਈਨ ਤਿਆਰ ਕਰਕੇ ਜਲਦੀ ਤੋਂ ਜਲਦੀ ਬਿਲਡਿੰਗ ਬਣਵਾਉਣ ਦੀ ਕੋਸ਼ਿਸ਼ ਕਰਾਂਗੇ। ਹੁਣ ਇਹ ਪੁਜ਼ੀਸ਼ਨ ਹੈ ਕਿ 9,96,400/- ਰੁਪਏ ਦਾ ਐਸਟੀਮੇਟ ਬਿਲਡਿੰਗ ਦਾ ਬਣਿਆ ਹੈ ਔਰ ਇਹ ਐਸਟੀਮੇਟ ਇਸ ਸਾਲ ਯਾਨੀ ਸੰਨ 1983 ਵਿਚ ਬਣਿਆ ਹੈ। ਅਸੀਂ ਕੋਸ਼ਿਸ਼ ਕਰਾਂਗੇ ਕਿ ਅਗਲੇ ਸਾਲ ਬਿਲਡਿੰਗ ਬਣਾ ਸਕੀਏ।

**ਕਾਮਰੇਡ ਸਰਵਣ ਸਿੰਘ ਧਰਮਕੋਟ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਜ਼ਰੂਰ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਅਗਲਾ ਸਾਲ ਤਾਂ ਸਮਝੋ ਆ ਹੀ ਗਿਆ ਹੈ ਪਰ ਇਹ ਨਾ ਹੋਵੇ ਕਿ ਅਸੈਂਬਲੀ ਦੀ ਸਾਡੀ ਟਰਮ ਖਤਮ ਹੋ ਜਾਵੇ ਔਰ ਤਹਿਸੀਲ ਦੀ ਬਿਲਡਿੰਗ ਬਣਨੋ ਰਹਿ ਹੀ ਜਾਵੇ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਇਹ ਅਸ਼ੋਰੈਂਸ ਦਿੱਤੀ ਹੈ ਕਿ ਅਗਲੇ ਸਾਲ ਬਿਲਡਿੰਗ ਬਣੇਗੀ। ਸਪੀਕਰ ਸਾਹਿਬ, ਦੂਸਰੀ ਗੱਲ ਇਹ ਹੈ ਕਿ ਜਿਸ ਤਰ੍ਹਾਂ ਸਾਡੇ ਪ੍ਰਧਾਨ ਮੰਤਰੀ ਜੀ ਨੇ ਕਿਹਾ ਹੈ ਕਿ ਜੋ ਕੰਮ ਚਲ ਰਹੇ ਹਨ ਉਨ੍ਹਾਂ ਤੇ ਜ਼ੋਰ ਦਿੱਤਾ ਜਾਵੇ, ਅਸੀਂ ਉਸ ਤਰ੍ਹਾਂ ਕਰ ਰਹੇ ਹਾਂ। ਇਕ ਕਰੋੜ ਰੁਪਿਆ ਮਨਜ਼ੂਰ ਹੋਇਆ ਸੀ। ਜੋ ਕੰਮ ਚਲ ਰਹੇ ਹਨ ਉਨ੍ਹਾਂ ਤੇ ਜ਼ੋਰ ਦਿੱਤਾ ਹੈ, ਅਗਲੇ ਸਾਲ ਅਸੀਂ ਕੋਸ਼ਿਸ਼ ਕਰਾਂਗੇ ਕਿ ਇਹ ਕੰਮ ਵੀ ਹੋ ਜਾਵੇ।

**ਕਾਮਰੇਡ ਸਰਵਣ ਸਿੰਘ ਧਰਮਕੋਟ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕੰਮਾਂ ਬਾਰੇ ਇਨ੍ਹਾਂ ਨੇ ਹੁਣ ਦੱਸਿਆ ਹੈ ਕਿ ਜ਼ੋਰ ਦੇ ਰਹੇ ਹਨ, ਕੀ ਉਨ੍ਹਾਂ ਵਿਚ ਸਾਡੇ ਵਾਲਾ ਪ੍ਰਾਜੈਕਟ ਵੀ ਹੈ ?

**ਮੰਤਰੀ** : ਐਮ. ਐਲ ਏ. ਸਾਹਿਬ, ਮੈਂ ਇਹ ਕਿਹਾ ਹੈ ਕਿ ਜ਼ਰੂਰ ਕੋਸ਼ਿਸ਼ ਕਰਾਂਗੇ ਅਗਲੇ ਸਾਲ ਇਸ ਕੰਮ ਨੂੰ ਹੱਥ ਵਿਚ ਲੈਣ ਦੀ।

**ਕਾਮਰੇਡ ਬੂਟਾ ਸਿੰਘ** : ਸਪੀਕਰ ਸਾਹਿਬ, ਮਾਨਸਾ ਦੀਆਂ ਕਚਹਿਰੀਆਂ ਦੀਆਂ ਬਿਲਡਿੰਗਾਂ ਦੀ ਹਾਲਤ ਖਸਤਾ ਹੈ। ਹੁਣ ਉਥੇ ਮਿੰਨੀ ਸਕੱਤਰੇਤ ਦੀ ਬਿਲਡਿੰਗ ਦਾ ਕੰਮ ਹੋ ਰਿਹਾ ਹੈ, ਮਿੰਨੀ ਸਕੱਤਰੇਤ ਦੀ ਨਵੀਂ ਬਿਲਡਿੰਗ ਬਣ ਰਹੀ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਬਿਲਡਿੰਗ ਕਦੋਂ ਕੁ ਤੱਕ ਕੰਪਲੀਟ ਹੋ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਸਵਾਲ ਵਿਚੋਂ ਤਾਂ ਇਹ ਸਪਲੀਮੈਂਟਰੀ ਅਰਾਈਜ਼ ਨਹੀਂ ਹੁੰਦਾ। ਵੈਸੇ ਮੈਂ ਦੱਸ ਦਿੰਦਾ ਹਾਂ। ਮਾਨਸਾ ਕੰਪਲੈਕਸ ਵਾਸਤੇ 6,60,000/- ਰੁਪਏ ਦਿੱਤੇ ਹਨ ਔਰ ਮੇਨ ਬਿਲਡਿੰਗ ਦੀ ਗਰਾਊਂਡ ਫਲੋਰ ਯਾਨੀ ਫਸਟ ਫਲੋਰ ਮਾਰਚ, 1985 ਤਕ ਕੰਪਲੀਟ ਕਰ ਦੇਵਾਂਗੇ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਸਪੀਕਰ ਸਾਹਿਬ, ਮੈਂ ਫਗਵਾੜੇ ਦੀ ਗੱਲ ਕਰਨ ਲੱਗਾ ਹਾਂ। ਉਥੇ ਤਹਿਸੀਲ ਕੰਪਲੈਕਸ ਬਹੁਤ ਅੱਛਾ ਬਣਿਆ ਹੋਇਆ ਹੈ। ਉਥੇ ਜੁਡੀਸ਼ਅਲ ਕੋਰਟ ਵੀ ਬਣ ਗਈ ਹੈ। ਸ੍ਰੀ ਸਰਦਾਰੀ ਲਾਲ ਕਪੂਰ ਜੀ ਉਦਘਾਟਨ ਕਰਕੇ ਆਏ ਹਨ। ਪਰ ਉਸ ਬਿਲਡਿੰਗ ਵਿਚ ਦਫਤਰ ਸ਼ਿਫਟ ਨਹੀਂ ਹੋਏ ਔਰ ਪੁਰਾਣੀ ਬਿਲਡਿੰਗ ਵਿਚ ਹੀ ਤਹਿਸੀਲ ਦਾ ਦਫਤਰ ਚਲ ਰਿਹਾ ਹੈ। ਉਹ ਕਦੋਂ ਤਕ ਨਵੀਂ ਬਿਲਡਿੰਗ ਵਿਚ ਸ਼ਿਫਟ ਹੋ ਜਾਵੇਗਾ ? ਨੰਬਰ ਦੋ ਇਹ ਕਿ ਕੀ ਉਹ ਤਹਿਸੀਲ ਦੀ ਬਿਲਡਿੰਗ ਬਣਵਾਉਣ ਤੋਂ ਬਾਅਦ ਉਸ ਦੀ ਫਿਟਨੈਸ ਦਾ ਸਰਟੀਫਿਕੇਟ ਲੈ ਲਿਆ ਹੈ ? ਉਥੇ ਬਿਲਡਿੰਗ ਦੇ ਆਲੇ ਦੁਆਲੇ ਗੜ੍ਹੇ ਪਏ ਹਨ, ਔਰ ਮਲੇਰੀਆ ਫੈਲ ਰਿਹਾ ਹੈ। ਜੇਕਰ ਫਿਟਨੈਸ ਸਰਟੀਫਿਕੇਟ ਲੈ ਲਿਆ ਹੈ ਤਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਸਰਟੀਫਿਕੇਟ ਕਿਸ ਨੇ ਦਿੱਤਾ ਹੈ, ਕੀ ਇਹ ਇਸ ਮਾਮਲੇ ਦੀ ਇਨਕੁਆਇਰੀ ਕਰਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਕਿੱਥੇ ਧਰਮਕੋਟ ਤੇ ਕਿੱਥੇ ਫਗਵਾੜਾ। (ਹਾਸਾ) ਇਹ ਠੀਕ ਹੈ ਕਿ ਪੰਜਾਬ ਦਾ ਸਵਾਲ ਹੈ। ਜੋ ਕੁਝ ਇਨ੍ਹਾਂ ਨੇ ਨੋਟਿਸ ਵਿਚ ਲਿਆਂਦਾ ਹੈ, ਅਸੀਂ ਉਸ ਨੂੰ ਜ਼ਰੂਰ ਵੇਖ ਲਵਾਂਗੇ।

---

**Fire incidents in District Hoshiarpur**

***2134. Pandit Sarwan Ram**
**Master Kundan Singh** } : Will the Minister for Revenue be pleased to state—

(a) the total number of fire incidents in district Hoshiarpur during the year 1982-83, and the details of loss sustained in each case;

Original with;
Punjab Vidhan Sabha
Digitized by;
Panjab Digital Library

[Pandit Sarwan Ram]

(b) the details of compensation, if any, paid by the Government to the victims of the fire incidents, referred to in part (a) above?

**Sardar Gurdarshan Singh:** (a) 68 fire incidents.

Details of loss sustained in each case are laid on the Table of the House.

(b) Compensation amounting to Rs. 24,280.40 P has been paid by Government to the victims of fire incidents as per details given in the attached statement.

## ANNEXURE 'A'

**Statement showing number of fire incidents, details of loss sustained in each case and details of compensation paid**

| Sr. No. | Village | No. of families affected | Estimated Loss | Relief disbursed |
|---|---|---|---|---|
| | HOSHIARPUR SUB-DIVISION : | | | |
| 1. | Kadiana .. | 1 | 2,624·00 | 524·80 |
| 2. | Chak Suana .. | 1 | 5,580·00 | .. |
| 3. | Harmoya .. | 1 | 2,850·00 | .. |
| 4. | Dhoot Kalan .. | 1 | 1,675·00 | .. |
| 5. | Kaphat .. | 3 | 10,239·00 | .. |
| 6. | Bhagowal .. | 1 | 2,345·00 | .. |
| 7. | Khurdan .. | 1 | 2,800·00 | .. |
| 8. | Sehjowal .. | 1 | 2,800·00 | .. |
| 9. | Pandori Sumlan .. | 1 | 10,310·00 | .. |
| 10. | Bassi Khawju .. | 2 | 24,000·00 | .. |
| 11. | Dhera .. | 1 | 9,570·00 | .. |
| 12. | Arniyala Shahpur .. | 1 | 2,660·00 | .. |
| | BALACHAUR SUB-DIVISION : | | | |
| 13. | Jagtewal .. | 2 | 6,130·00 | 1,226·00 |
| 14. | Bana .. | 1 | 2,900·00 | .. |
| 15. | Syad Gama .. | 1 | 2,134·00 | .. |
| 16. | Asron .. | 1 | 3,600·00 | .. |
| 17. | Kathgarh .. | 1 | 6,969·30 | .. |
| 18. | Aiman .. | 1 | 8,859·00 | .. |

Original with;
Punjab Vidhan Sabha
Digitized by;
Panjab Digital Library

| Sr. No. | Village | | No. of families affected | Estimated Loss | Relief disbursed |
|---|---|---|---|---|---|
| | DASUYA SUB-DIVISION : | | | | |
| 19. | Behjogan | .. | 12 | 71,930·00 | 10,800·00 |
| 20. | Sibbo Chak | .. | 1 | 13,715·00 | 2,743·00 |
| 21. | Nai Chak | .. | 2 | 5,815·00 | 1,163·00 |
| 22. | Bagruwal | .. | 1 | 9,037·00 | 1,807·00 |
| 23. | Dharampura | .. | 1 | 495·00 | 99·00 |
| 24. | Bhambotar | .. | 1 | 3,300·00 | 660·00 |
| 25. | Changarwan | .. | 5 | 9,313·00 | 1,642·60 |
| 26. | Usman Shaheed | .. | 1 | 4,400·00 | 1,200·00 |
| 27. | Makowal | .. | 1 | 12,075·00 | 2,415·00 |
| 28. | Harsi | .. | 1 | 4,000·00 | .. |
| 29. | Tranglian | .. | 1 | 5,465·00 | .. |
| 30. | Usman Shaheed | .. | 1 | 2,200·00 | .. |
| 31. | Namoli | .. | 6 | 13,105·00 | .. |
| 32. | Jahanpur | .. | 1 | 3,000 00 | .. |
| 33. | Sahora Kandi | | 1 | 4,400·00 | .. |
| 34. | Himatpur | .. | 1 | 2,600·00 | .. |
| 35. | Jhingar Kalan | .. | 1 | 10,100·00 | .. |
| 36. | Lidhiari | .. | 1 | 8,530·00 | .. |
| 37. | Talwara | .. | 1 | 3,000 00 | .. |
| 38. | Abdulapur | .. | 1 | 4,010·00 | .. |
| 39. | Abdulapur | .. | 1 | 7,062·00 | .. |
| 40. | Kulla | .. | 1 | 300·00 | .. |
| 41. | Fatta | .. | 1 | 3,277·00 | .. |
| 42. | Kulla | .. | 1 | 4,000·00 | .. |
| 43. | Talwara | .. | 1 | 4,612·00 | .. |
| 44. | Beh Bidhia | .. | 1 | 6,000·00 | .. |
| 45. | Chak Sheru | .. | 1 | 6,000·00 | .. |
| 46. | Ghambowal | .. | 1 | 5,200·00 | .. |
| 47. | Talwara | .. | 1 | 2,618·00 | .. |
| 48. | Naushera | .. | 1 | 8,350·00 | .. |

Original with;
Punjab Vidhan Sabha
Digitized by;
Panjab Digital Library

[Revenue Minister]

| Sr. No. | Village | | No. of families affected | Estimated Loss | Relief disbursed |
|---|---|---|---|---|---|
| 49. | Bararowal | .. | 1 | 9,000·00 | .. |
| 50. | Budhabar | .. | 1 | 10,000·00 | .. |
| 51. | Darian | .. | 1 | 4,000·00 | .. |
| 52. | Rajpur | .. | 1 | 2,500·00 | .. |
| 53. | Talwandi Dandian | .. | 1 | 18,936·00 | Case filed as not eligible |
| 54. | Dhamian | .. | 1 | 1,250·00 | Ditto |
| | GARHSHANKAR SUB-DIVISION : | | | | |
| 55. | Mansowal | .. | 1 | 3,215·00 | .. |
| 56. | Mehdood | .. | 1 | 2,040·00 | .. |
| 57. | Pandori Ganga Singh | .. | 1 | 5,220·00 | .. |
| 58. | Mehdood | .. | 1 | 6,700·00 | .. |
| 59. | Bhawanipur | .. | 1 | 3,050·00 | .. |
| 60. | Maili | .. | 1 | 3,600·00 | .. |
| 61. | Paddi Sura Singh | .. | 1 | 1,190·00 | .. |
| 62. | Mehdood | .. | 1 | 3,190·00 | .. |
| 63. | Bhawanipur | .. | 4 | 23,325·00 | .. |
| 64. | Ispur | .. | 1 | 8,940·00 | .. |
| 65. | Sarangwal | .. | 1 | 4,000·00 | .. |
| 66. | Gajjar | .. | 1 | 5,990·00 | .. |
| 67. | Kalewal Bhagtan | .. | 1 | 2,540·00 | Case filed as not eligible |
| 68. | Bhawanipur | .. | 1 | 11,605·00 | Ditto |
| | Total | .. | 96 | 4,81,875·30 | 24,280·40 |

**ਪੰਡਿਤ ਸਰਵਣ ਰਾਮ** : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਇਤਨੇ ਕੇਸਿਜ਼ ਹੋਏ ਹਨ ਔਰ ਇਤਨਿਆਂ ਨੂੰ ਪੈਸੇ ਦਿੱਤੇ ਜਾ ਚੁਕੇ ਹਨ ਪਰ ਕਈ ਕੇਸ ਹੁਸ਼ਿਆਰਪੁਰ ਵਿਚ ਐਸੇ ਹਨ ਜਿੱਥੇ ਕਿ ਲੋਕਾਂ ਨੂੰ ਹਾਲੇ ਤਕ ਵੀ ਪੈਸੇ ਨਹੀਂ ਮਿਲੇ। ਇਨ੍ਹਾਂ ਨੇ ਆਪਣੀ ਰਿਪੋਰਟ ਵਿਚ ਲਿਖਿਆ ਹੈ ;

Original with;
Punjab Vidhan Sabha
Digitized by;
Panjab Digital Library

'Case filed as not eligible.' ਨੰਬਰ ਇਕ ਇਹ ਕਿ ਇਹ ਕਹਿੰਦੇ ਹਨ ਕਿ ਇਹ ਇਲਿਜੀਬਲ ਨਹੀਂ, ਇਸ ਲਈ ਇਨ੍ਹਾਂ ਨੂੰ ਪੈਸੇ ਨਹੀਂ ਦਿੱਤੇ। ਇਸ ਤੋਂ ਇਲਾਵਾ ਹੋਰ ਵੀ ਕਈ ਕੇਸਿਜ਼ ਹਨ ਜਿਹੜੇ ਕਿ ਪੈਂਡਿੰਗ ਪਏ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਕੇਸਾਂ ਵਿਚ ਵਜ਼ੀਰ ਸਾਹਿਬ ਕਿਤਨੇ ਚਿਰ ਵਿਚ ਲੋਕਾਂ ਨੂੰ ਪੈਸੇ ਦਿਵਾ ਦੇਣਗੇ ਜਿਨ੍ਹਾਂ ਦਾ ਅੱਗ ਨਾਲ ਨੁਕਸਾਨ ਹੋਇਆ ਹੈ ?

| 2. ਭੋਗਪੁਰ (ਸਹਿਕਾਰੀ) | ... | 348.50 |
| 3. ਨਵਾਂ ਸ਼ਹਿਰ (ਸਹਿਕਾਰੀ) | ... | 390.52 |
| 4. ਮੋਰਿੰਡਾ (ਸਹਿਕਾਰੀ) | ... | 573.42 |
| 5. ਜ਼ੀਰਾ (ਪਬਲਿਕ) | ... | 372.60 |
| 6. ਗੁਰਦਾਸਪੁਰ (ਪਬਲਿਕ) | ... | 398.84 |
| 7, ਫਗਵਾੜਾ (ਪ੍ਰਾਇਵੇਟ) | ... | 263.71 |
| 8. ਧੂਰੀ (ਪ੍ਰਾਈਵੇਟ) | ... | 229.48 |

Original with;
Punjab Vidhan Sabha
Digitized by;
Panjab Digital Library

(ਸ) ਉਕਤ ਮੌਸਮਾਂ ਸਬੰਧੀ ਉਕਤ ਹਰ ਇਕ ਮਿੱਲ ਵੱਲ ਗੰਨੇ ਦੀ ਕੀਮਤ ਦੇ ਬਕਾਏ ਹੇਠ ਲਿਖੇ ਅਨੁਸਾਰ ਹਨ :—

| | ਖੰਡ ਮਿਲ ਦਾ ਨਾਂ | | ਬਕਾਇਆ ਰਹਿੰਦੀ ਗੰਨੇ ਦੀ ਕੀਮਤ | |
|---|---|---|---|---|
| | | | (ਰੁਪਏ ਲੱਖਾਂ ਵਿਚ) | |
| 1. | ਬਟਾਲਾ (ਸਹਿਕਾਰੀ) | ... | 2.04 | (22-8-83 ਤਕ) |
| 2. | ਭੋਗਪੁਰ (ਸਹਿਕਾਰੀ) | ... | 3.30 | (22-8-83 ਤਕ) |
| 3. | ਨਵਾਂ ਸ਼ਹਿਰ (ਸਹਿਕਾਰੀ) | ... | ਨਿਲ | (22-8-83 ਤਕ) |
| 4. | ਮੋਰਿੰਡਾ (ਸਹਿਕਾਰੀ) | ... | ਨਿਲ | (26-8-83 ਤਕ) |
| 5. | ਜ਼ੀਰਾ (ਪਬਲਿਕ) | ... | 0.01 | (22-8-83 ਤਕ) |
| 6. | ਗੁਰਦਾਸਪੁਰ (ਪਬਲਿਕ) | ... | 53.60 | (22-8-83 ਤਕ) |
| 7. | ਫਗਵਾੜਾ (ਪ੍ਰਾਈਵੇਟ) | ... | 14.62 | (24-8-83 ਤਕ) |
| 8. | ਬੂਰੀ (ਪ੍ਰਾਈਵੇਟ) | ... | 14.59 | (22-8-83 ਤਕ) |

## POINTS OF ORDER RE. INVOLVEMENT OF A MINISTER IN MURDER CASE REGISTERED AT PAYAL POLICE STATION

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਇਸ ਸਵਾਲ ਤੇ ਸਪਲੀਮੈਂਟਰੀ ਕੱਲ੍ਹ ਤੇ ਕੰਟੀਨਿਊ ਕੀਤੀਆਂ ਜਾਣ ।

**ਸ੍ਰੀ ਸਪੀਕਰ** : ਇਹ ਕੁਐਸ਼ਚਨ ਹੁਣ ਕਲੋਜ਼ ਹੋ ਚੁੱਕਾ ਹੈ ।

**ਕਾਮਰੇਡ ਰਾਜ ਕੁਮਾਰ** : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਅਸੀਂ ਵੀ ਜਾਣਦੇ ਹਾਂ ਅਤੇ ਤੁਸੀਂ ਵੀ ਚੰਗੀ ਤਰ੍ਹਾਂ ਜਾਣਦੇ ਹੋ ਕਿ ਕੱਲ੍ਹ ਜਦੋਂ ਅਸੀਂ ਇਸ ਸਦਨ ਵਿਚ ਧਰਨਾ ਮਾਰ ਕੇ ਬੈਠੇ ਸੀ ......

**ਸ੍ਰੀ ਗੁਰਦਿਆਲ ਸੈਣੀ** : ਤੁਸੀਂ ਏਅਰ ਕੰਡੀਸ਼ਨ ਕਮਰੇ ਵਿਚ ਬੈਠੇ ਸੀ। (ਹਾਸਾ)

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਏਅਰ ਕੰਡੀਸ਼ਨ ਮੈਂ ਕਹਿ ਕੇ ਬੰਦ ਕਰਾਇਆ ਹੈ। ਸਪੀਕਰ ਸਾਹਿਬ, ਕਿਸੇ ਦਾ ਦਿਲ ਨਹੀਂ ਕਰਦਾ ਕਿ ਇਸ ਕਿਸਮ ਦੀ ਅਵਸਥਾ ਵਿਚ ਬੈਠੇ,

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਤੁਸੀਂ ਇਸ ਬਾਰੇ ਮੇਰੇ ਨਾਲੋਂ ਵੱਧ ਜਾਣਦੇ ਹੋ। ਸਪੀਕਰ ਸਾਹਿਬ, ਮੈਨੂੰ ਬੜੇ ਹੀ ਦੁੱਖ ਦੇ ਨਾਲ ਕਹਿਣਾ ਪੈ ਰਿਹਾ ਹੈ ਕਿ ਇਕ ਭਿਆਨਕ ਕਿਸਮ ਦਾ ਵਾਕਿਆ ਅੱਜ ਦੇ ਫਰੰਟ ਅਖਬਾਰ ਵਿਚ ਆਇਆ ਹੈ। ਇਸ ਕੇਸ ਵਿਚ ਇਕ ਆਨਰੇਬਲ ਮਨਿਸਟਰ ਸਾਹਿਬ ਦਾ ਨਾਂ ਸ਼ਾਮਲ ਕਰ ਲਿਆ ਹੈ ਅਤੇ ਉਹ ਕਤਲ ਦਾ ਕੇਸ ਹੈ। ਕੇਸ ਰਜਿਸਟਰ ਹੋ ਚੁੱਕਾ ਹੈ। ਜਿਹੜੇ ਚਾਰ ਆਦਮੀ ਪੁਲਿਸ ਦੇ ਕਹਿਣ ਤੇ ਐਨਕਾਉਂਟਰ ਵਿਚ ਮਾਰੇ ਗਏ ਸਨ, ਹੁਣ ਉਨ੍ਹਾਂ ਦੇ ਖਿਲਾਫ ਕੇਸ ਦਰਜ ਹੋਇਆ ਹੈ ਅਤੇ ਪੰਜਾਬ ਦੇ ਇਕ ਮਨਿਸਟਰ ਦੇ ਖਿਲਾਫ ਵੀ ਕੇਸ ਦਰਜ ਹੈ। ਇਹ ਇਕ, ਸਪੀਕਰ ਸਾਹਿਬ, ਅਹਿਮ ਵਾਕਿਆ ਹੈ। ਐਲੀਗੇਸ਼ਨ ਅਤੇ ਕਾਉਂਟਰ ਐਲੀਗੇਸ਼ਨ ਲਗੇ ਕਿ ਐਕਸਟ੍ਰੀਮਿਸਟਾਂ ਨੇ ਉਨ੍ਹਾਂ ਨੂੰ ਮਾਰਿਆ, ਕਾਉਂਟਰ ਐਲੀਗੇਸ਼ਨ ਕਿ ਪੁਲਿਸ ਦੀ ਕਸਟਡੀ ਵਿਚ ਮਾਰੇ ਗਏ। ਸਪੀਕਰ ਸਾਹਿਬ, ਇਸ ਤੋਂ ਇਲਾਵਾ ਪਿਛਲੇ ਦਿਨੀ ਪਾਣੀ ਅਤੇ ਗਲੀਆਂ ਦੀਆਂ ਨਾਲੀਆਂ ਵਿਚੋਂ ਲਾਸ਼ਾਂ ਮਿਲੀਆਂ। ਸਪੀਕਰ ਸਾਹਿਬ, ਮਾਨਾਵਾਲਾ ਕਿਸ ਤਰ੍ਹਾਂ ਦਾ ਵਾਕਿਆ ਹੋਇਆ ਹੈ ਬੰਦੇ ਮਾਰ ਦਿਤੇ ਅਤੇ ਕਿਸੇ ਨੇ ਕਿਹਾ ਕਿ ਐਨਕਾਉਂਟਰ ਹੋਇਆ ਹੈ। ਸਪੀਕਰ ਸਾਹਿਬ, ਮੁਕਤਸਰ ਵਿਚ ਪੁਲਿਸ ਅਫਸਰ ਮਾਰ ਦਿਤਾ। ਇਕ ਡੀ.ਆਈ.ਜੀ., ਜਿਹੜਾ ਕਿ ਬੜਾ ਫਾਈਨ ਅਫਸਰ ਸੀ ਉਸ ਨੂੰ ਵੀ ਮਾਰਿਆ ਗਿਆ। ਸਪੀਕਰ ਸਾਹਿਬ, ਇਸ ਨਾਲ ਸਾਰੇ ਸੈਂਸ ਆਫ਼ ਇਨਸਿਕਿਉਰਿਟੀ ਪੈਦਾ ਹੋ ਗਈ ਹੈ। ਆਮ ਆਦਮੀ ਅੱਜ ਕੱਲ੍ਹ ਸੋਚਦਾ ਹੈ ਕਿ ਜਲਦੀ ਦੁਕਾਨ ਬੰਦ ਕਰ ਦਿਤੀ ਜਾਵੇ ਅਤੇ ਆਪਣੀ ਸੁਰਖਿਆ ਆਪ ਕਰੋ। ਮਹਿਤਾ ਚੌਕ ਵਿਚ ਇਕ ਪਾਰਟੀ ਦੀ ਕਾਨਫਰੰਸ ਹੋਣੀ ਸੀ ਅਤੇ ਕਿਸੇ ਦੇ ਥ੍ਰੇਟ ਕਰਨ ਤੇ ਕਿ ਮਹਿਤਾ ਚੌਕ ਕਾਨਫਰੰਸ ਨਹੀਂ ਕਰਨ ਦੇਣੀ ਤਾਂ ਉਸ ਵੇਲੇ ਸਰਕਾਰ ਦਾ ਫਰਜ਼ ਬਣਦਾ ਸੀ ਕਿ ਸੁਰਖਿਆ ਦੇ ਪ੍ਰਬੰਧ ਉਥੇ ਕਰਦੀ ਪਰ ਥ੍ਰੇਟ ਕਰਨ ਤੇ ਹੀ 8 ਕਿਲੋਮੀਟਰ ਦੂਰ ਚਲੇ ਗਏ।

**ਸ੍ਰੀ ਸਪੀਕਰ :** ਤੁਸੀਂ ਪੁਆਇੰਟ ਆਫ ਆਰਡਰ ਤੇ ਆਓ।

**ਕਾਮਰੇਡ ਰਾਜ ਕੁਮਾਰ :** ਸਾਨੂੰ ਇਸ ਸਿਚੂਏਸ਼ਨ ਨੂੰ ਪ੍ਰਾਈਮ ਮਨਿਸਟਰ ਸਾਹਿਬਾ ਦੇ ਨੋਟਿਸ ਵਿਚ ਲਿਆਉਣਾ ਚਾਹੀਦਾ ਹੈ। ਉਨ੍ਹਾਂ ਨੂੰ ਬੋਲਡ ਇਨੀਸ਼ੀਏਟਿਵ ਲੈਣਾ ਚਾਹੀਦਾ ਹੈ ਜਿਸ ਤਰ੍ਹਾਂ ਕਿ ਪਹਿਲਾਂ ਲਿਆ ਸੀ। ਤ੍ਰੈਪੱਖੀ ਮੀਟਿੰਗ ਬੁਲਾਈ ਗਈ ਸੀ। ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦਾ ਮਸਲਾ ਹੱਲ ਕੀਤਾ ਜਾਵੇ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਬੁਲਾਕੇ ਗਲਬਾਤ ਕਰਨ। ਸਪੀਕਰ ਸਾਹਿਬ, ਮੈਂ ਇਕ ਛੋਟੀ ਜਿਹੀ ਗੱਲ ਕਰਦਾ ਹਾਂ ਕਿ ਅਸੀਂ ਇਥੇ ਸਦਨ ਵਿਚ ਬੈਠੇ ਹਾਂ ਅਤੇ ਸਾਡੇ ਹਾਊਸ ਦੀ ਮਰਿਆਦਾ ਭੰਗ ਕਰਨ ਦਾ ਕੋਈ ਵਿਚਾਰ ਨਹੀਂ। ਅਸੀਂ ਹਾਊਸ ਦਾ ਬਾਈਕਾਟ ਨਹੀਂ ਕੀਤਾ ਅਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਬਾਈਕਾਟ ਕੀਤਾ ਉਨ੍ਹਾਂ ਨੂੰ ਹਾਊਸ ਵਿਚ ਆ ਕੇ ਆਪਣੀ ਗੱਲ ਕਰਨੀ ਚਾਹੀਦੀ ਹੈ। ਮੈਂ ਸ਼ੁਰੂ ਵਿਚ ਵੀ ਇਸ ਗੱਲ ਦੇ ਹੱਕ ਵਿਚ ਸੀ ਕਿ ਉਹ ਅਸਤੀਫੇ ਨਾ ਦੇਣ ਪਰ, ਸਪੀਕਰ ਸਾਹਿਬ, ਤੁਸੀਂ ਉਨ੍ਹਾਂ ਦੇ ਅਸਤੀਫੇ ਮਨਜ਼ੂਰ ਨਹੀਂ ਕੀਤੇ। ਇਹ ਇਕ ਤੁਸੀਂ ਬਹੁਤ ਚੰਗੀ ਗਲ ਕੀਤੀ ਹੈ। ਅਸੀਂ ਹਰ ਗੱਲ ਤੇ ਵਾਕ ਆਊਟ ਕਰਨ ਦੇ ਖਿਲਾਫ ਹਾਂ। ਜਦੋਂ ਅਸੀਂ ਕੱਲ੍ਹ, ਸਪੀਕਰ ਸਾਹਿਬ, ਹਾਊਸ ਵਿਚ ਧਰਨਾ ਮਾਰਕੇ ਬੈਠੇ ਰਹੇ ਅਤੇ ਅਸੀਂ ਕਿਹਾ ਨਾਂ ਅਸੀਂ ਸੌਣਾ ਹੈ, ਨਾਂ ਅਸੀਂ ਖਾਣਾ ਹੈ ਅਤੇ ਅਸੀਂ ਹਾਊਸ ਦੀ ਡਿਗਨਿਟੀ ਨੂੰ ਕਿਸੇ ਕਿਸਮ ਦੀ ਆਂਚ ਨਹੀਂ ਲਗਣ ਦੇਣੀ। ਜਦੋਂ ਅਸੀਂ, ਸਪੀਕਰ ਸਾਹਿਬ, ਰੋਟੀ ਖਾਣ ਲਈ ਬਾਹਰ ਗਏ ਤਾਂ ਸਾਡਾ ਸਾਮਾਨ ਬਾਹਰ ਸੁਟ ਦਿਤਾ ਗਿਆ ਅਤੇ ਤਾਲੇ ਲਗਾ ਦਿਤੇ ਗਏ। ਸਾਨੂੰ ਸਾਰੀ ਰਾਤ ਲੌਬੀ ਵਿਚ ਕੁਰਸੀਆਂ ਤੇ ਬੈਠਣਾ ਪਿਆ। ਇਹ ਪੁਲਿਟੀਕਲ ਅਤਿਵਾਦ ਕੀਤਾ ਹੈ। ਇਸ ਲਈ ਕੌਣ ਜ਼ਿੰਮੇਵਾਰ ਹੈ ? ਇਸ ਚੀਜ਼ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

**ਖੇਤੀਬਾੜੀ ਮੰਤਰੀ :** ਸਪੀਕਰ ਸਾਹਿਬ, ਇਹ ਚੇਅਰ ਤੇ ਅਸਪਰਸ਼ਨ ਹੈ।

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**Mr. Speaker :** Please sit down.

**ਮੁੱਖ ਮੰਤਰੀ :** ਸਪੀਕਰ ਸਾਹਿਬ, ਪਹਿਲਾਂ ਮੈਂ ਉਸ ਪਾਰਟ ਦਾ ਜਵਾਬ ਦੇਵਾਂਗਾ ਜਿਸ ਵਿਚ ਇਕ ਮਨਿਸਟਰ ਸਾਹਿਬ ਦਾ ਨਾਂ ਆਇਆ ਹੈ। ਇਸ ਬਾਰੇ ਤਮਾਮ ਹਾਲਾਤ ਦੇ ਬਾਰੇ ਮੈਂ ਸਟੇਟਮੈਂਟ ਕਰਾਂਗਾ।

**ਮਾਸਟਰ ਬਾਬੂ ਸਿੰਘ :** ਜਿਸ ਮਨਿਸਟਰ ਦੇ ਬਾਰੇ, ਸਪੀਕਰ ਸਾਹਿਬ, ਐਫ. ਆਈ. ਆਰ. ਦਰਜ ਹੋ ਗਈ ਹੈ, ਉਹ ਹਾਊਸ ਵਿਚ ਬੈਠ ਨਹੀਂ ਸਕਦਾ।

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮੁੱਖ ਮੰਤਰੀ :** ਸਪੀਕਰ ਸਾਹਿਬ, ਫਰਦਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਭਾਵੇਂ ਕੇਸ ਰਜਿਸਟਰ ਕੀਤਾ ਗਿਆ ਹੋਵੇ ਪਰ ਮੇਰੀ ਇਨਕੁਆਇਰੀ ਦੱਸਦੀ ਹੈ ਕਿ ਮੇਰਾ ਮਨਿਸਟਰ ਇਸ ਵਿਚ ਇਨਵਾਲਵਡ ਨਹੀਂ ਹੈ। (ਵਿਘਨ) (ਸ਼ੋਰ)

**ਵਿੱਤ ਮੰਤਰੀ :** ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਹੋਰਾਂ ਨੇ ਤੁਹਾਡੇ ਕੋਲੋਂ ਪੁਆਇੰਟ ਆਫ ਆਰਡਰ ਦੀ ਮੰਗ ਕਰਦੇ ਹੋਏ ਕੁਝ ਕਿਹਾ ਹੈ ਜਿਸਦੇ ਬਾਰੇ ਸੀ. ਐਮ. ਸਾਹਿਬ ਨੇ ਬੜੇ ਸਪਸ਼ਟ ਤੌਰ ਤੇ ਦੋ ਗੱਲਾਂ ਕਹੀਆਂ ਹਨ। ਉਨ੍ਹਾਂ ਵਲੋਂ ਕੈਬਿਨਿਟ ਮਨਿਸਟਰ ਦੀ ਕਿਸੇ ਕੇਸ ਵਿਚ ਇਨ-ਵਾਲਵਮੈਂਟ ਰਿਪੋਰਟ ਦੇ ਬਾਰੇ ਜੋ ਕੁਝ ਕਿਹਾ ਗਿਆ ਹੈ ਉਸਦੇ ਬਾਰੇ ਸੀ. ਐਮ. ਸਾਹਿਬ ਨੇ ਬੜੇ ਸਪਸ਼ਟ ਲਫਜ਼ਾਂ ਵਿਚ ਕਿਹਾ ਹੈ ਕਿ ਮੇਰੀ ਇਨਕੁਆਇਰੀ ਰਵੀਲ ਕਰਦੀ ਹੈ ਕਿ ਮੇਰਾ ਮਨਿਸਟਰ ਬਿਲਕੁਲ ਬੇਕਸੂਰ ਹੈ ਔਰ ਉਸਦਾ ਕਿਸੇ ਕਿਸਮ ਦਾ ਕੋਈ ਦੋਸ਼ ਨਹੀਂ। ਇਸ ਸਬੰਧ ਵਿਚ ਸੀ. ਐਮ. ਸਾਹਿਬ ਨੇ ਇਸ ਹਾਊਸ ਦੇ ਵਿਚ ਇਕ ਡਿਟੇਲਡ ਸਟੇਟਮੈਂਟ ਦੇਣ ਵਾਸਤੇ ਵੀ ਕਿਹਾ ਹੈ ਜਿਹੜੀ ਸਾਰੇ ਫੈਕਟਸ ਨੂੰ ਰਵੀਲ ਕਰੇਗੀ ਔਰ ਉਹ ਜੋ ਵੀ ਫੈਕਟਸ ਹੋਣਗੇ, ਉਹ ਸਦਨ ਦੇ ਸਾਹਮਣੇ ਰਖਣਗੇ।

**ਮਾਸਟਰ ਬਾਬੂ ਸਿੰਘ :** ਇਹ ਸਭ ਕੁਝ ਸਫੇਦ ਝੂਠ ਹੈ।

**ਸ੍ਰੀ ਸਪੀਕਰ :** ਮਾਸਟਰ ਜੀ, ਤੁਸੀਂ ਬੈਠ ਜਾਓ।

**ਵਿੱਤ ਮੰਤਰੀ :** ਇਸਦੇ ਬਾਅਦ ਵਿਚ, ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਹੋਰਾਂ ਨੇ ਰਪੀਟਿਡਲੀ ਇਕ ਗਲ ਕਹੀ ਹੈ ਕਿ ਅਸੀਂ ਇਸ ਸਦਨ ਦੀ ਮਰਿਆਦਾ ਨੂੰ ਕਾਇਮ ਰਖਿਆ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ ਅਤੇ ਇਨ੍ਹਾਂ ਦੇ ਇਸ ਸੈਂਟੀਮੈਂਟ ਦਾ ਕਿ ਅਸੀਂ ਬਾਈਕਾਟ ਨਹੀਂ ਕਰਨਾ ਅਸੀਂ ਸਵਾਗਤ ਕਰਦੇ ਹਾਂ। ਹਰ ਆਨਰੇਬਲ ਮੈਂਬਰ ਨੂੰ ਇਨ੍ਹਾਂ ਜਜ਼ਬਾਤਾਂ ਨਾਲ ਹੀ ਹਾਊਸ ਵਿਚ ਆਪਣੀ ਕੰਟਰੀਬਿਊਸ਼ਨ ਕਰਨੀ ਚਾਹੀਦੀ ਹੈ ਲੇਕਿਨ ਇਸਦੇ ਨਾਲ ਹੀ ਇਨ੍ਹਾਂ ਨੇ ਇਹ ਵੀ ਕਿਹਾ ਹੈ ਇਨ੍ਹਾਂ ਨੂੰ ਤਕਲੀਫ ਵੀ ਹੋਈ ਹੈ ਅਤੇ ਇਹ ਬਾਹਰ ਬੈਠੇ ਰਹੇ ਹਨ। ਇਸ ਦੇ ਸੰਬੰਧ ਵਿਚ ਮੈਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਮਹਿਸੂਸ ਕਰਦਾ ਹਾਂ ਕਿ ਤੁਸੀਂ ਜ਼ਰੂਰ ਹੌਸਪੀਟੈਲਿਟੀ ਦੇ ਤੌਰ ਤੇ ਉਨ੍ਹਾਂ ਦਾ ਪ੍ਰਬੰਧ ਕਰਨ ਲਈ ਕਿਹਾ ਹੋਵੇਗਾ। ਲੇਕਿਨ ਫਿਰ ਵੀ ਮੈਂ ਰਾਜ ਕੁਮਾਰ ਹੋਰਾਂ ਨੂੰ ਰਿਕੁਐਸਟ ਕਰਾਂਗਾ ਕਿ ਇਹ ਸਦਨ ਸਾਡੀ ਡੈਲੀਬਰੇਸ਼ਨ ਵਾਸਤੇ ਹੈ। ਏਥੇ ਅਸੀਂ ਆਪਣੇ ਅਤੇ ਆਪਣੀ ਪਾਰਟੀ ਦੇ ਜਜ਼ਬਾਤ ਪੇਸ਼ ਕਰਦੇ ਹਾਂ। ਹਾਊਸ ਇਸੇ ਗੱਲ ਵਾਸਤੇ ਹੈ। ਹਾਊਸ ਇਸ ਗਲ ਵਾਸਤੇ ਨਹੀਂ ਕਿ ਅਸੀਂ ਏਥੇ ਬੈਠੇ ਰਹੀਏ ਔਰ ਧਰਨਾ ਦੇਈਏ ਜਾਂ ਕੁਝ ਹੋਰ ਕਰੀਏ। ਜੋ ਹਾਊਸ ਦੇ ਰੂਲਜ਼ ਹਨ, ਉਨ੍ਹਾਂ ਦੇ ਖਿਲਾਫ ਏਥੇ ਬੈਠੇ ਰਹਿਣਾ ਜਾਂ ਧਰਨਾ ਆਦਿ ਦੇਣਾ ਹਾਊਸ ਦਾ ਅਪਮਾਨ ਬਣਦਾ ਹੈ। ਲੇਕਿਨ ਫਿਰ ਵੀ ਸਾਨੂੰ ਇਸ ਗਲ ਦੀ ਖੁਸ਼ੀ ਹੈ ਕਿ ਇਨ੍ਹਾਂ ਨੇ ਹਾਊਸ ਦੀ ਮਰਿਆਦਾ ਨੂੰ ਧਿਆਨ ਵਿੱਚ ਰਖਿਆ ਹੈ। ਸਪੀਕਰ ਸਾਹਿਬ, ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ, ਇਸ ਹਾਊਸ ਦੀ ਡਿਗਨਿਟੀ ਕਾਇਮ ਰਹੇ, ਹਿਫਾਜ਼ਤ ਹੋ ਸਕੇ, ਮਰਿਆਦਾ ਕਾਇਮ ਰਹੇ, ਇਨ੍ਹਾਂ ਗੱਲਾਂ ਦੇ ਤੁਸੀਂ ਜ਼ਿੰਮੇਵਾਰ ਹੋ। ਇਸ ਹਾਊਸ ਦੇ ਦਰਵਾਜ਼ੇ ਬੰਦ ਰਹਿਣ ਜਾਂ ਖੁਲ੍ਹੇ ਰਹਿਣ, ਇਸ ਦਾ ਜ਼ਿੰਮਾ ਤੁਹਾਡਾ ਹੈ। ਮੈਂ ਸਮਝਦਾ ਹਾਂ ਕਿ ਇਸ ਵਾਸਤੇ ਜੋ ਅਤਿਵਾਦ ਆਦਿ ਦਾ ਸ਼ਬਦ ਯੂਜ਼ ਕੀਤਾ ਗਿਆ ਹੈ, ਉਹ ਮੁਨਾਸਿਬ ਨਹੀਂ ਅਤੇ ਇਹ ਕਾਰਵਾਈ ਵਿਚੋਂ ਐਕਸਪੰਜ ਹੋਣਾ ਚਾਹੀਦਾ ਹੈ ਕਿਉਂਕਿ ਇਹ ਗਲ ਠੀਕ ਨਹੀਂ ਹੈ। ਦੂਸਰੀ ਜਿਹੜੀ ਡਿਸਕਸ਼ਨ ਦੀ ਗੱਲ ਕਹੀ ਗਈ ਹੈ, ਉਸ ਬਾਰੇ ਅੱਜ ਚਾਰ ਵਜੇ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਵਿੱਚ ਇਕ ਐਗਰੀਡ ਰੈਜ਼ੋਲਿਊਸ਼ਨ ਲਈ ਗੌਰ ਕਰਨਾ ਹੈ ਜਿਸ ਵਿਚ ਅਸੀਂ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਵਾਸਤੇ ਵਿਚਾਰ ਕਰਨਾ ਹੈ। ਮੈਂ ਰਾਜ ਕੁਮਾਰ ਹੋਰਾਂ ਨੂੰ ਕਹਾਂਗਾ ਕਿ ਅਸੀਂ ਪਾਰਟੀ ਦੇ ਤੌਰ ਤੇ ਇਹ ਫੈਸਲਾ ਕੀਤਾ ਹੈ ਕਿ ਇਸ ਤਰ੍ਹਾਂ ਦੇ ਐਗਰੀਡ ਰੈਜ਼ੋਲਿਊਸ਼ਨ ਦੀ ਤਜਵੀਜ਼ ਹੋਵੇ ਤਾਂ ਅਸੀਂ ਪੰਜਾਬ ਦੇ ਭਲੇ ਲਈ ਡਿਸਕਸ਼ਨ ਕਰਨ ਲਈ ਤਿਆਰ ਹਾਂ। ਇਸ ਕਰਕੇ ਪਰੋਟੈਸਟ ਨਹੀਂ ਕਰਨਾ ਚਾਹੀਦਾ। ਅਸੀਂ ਸਾਰੇ ਪੰਜਾਬ ਦੇ ਮਸਲੇ ਲਈ ਸੀਰੀਅਸ ਹਾਂ ਅਤੇ ਜਲਦੀ ਤੋਂ ਜਲਦੀ ਚਾਹੁੰਦੇ ਹਾਂ ਕਿ ਇਹ ਮਸਲਾ ਹੱਲ ਹੋ ਜਾਵੇ।

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)।

**ਪ੍ਰੋਫੈਸਰ ਬਲਵੰਤ ਸਿੰਘ** : ** ** **

**ਸ੍ਰੀ ਸਪੀਕਰ**: ਪ੍ਰੋਫੈਸਰ ਬਲਵੰਤ ਸਿੰਘ ਜੀ, ਤੁਸੀਂ ਬੈਠੋ। ਮੈਨੂੰ ਇਸ ਗਲ ਦਾ ਬੜਾ ਅਫਸੋਸ ਹੈ ਕਿ ਸਰਦਾਰ ਬੇਅੰਤ ਸਿੰਘ, ਮੰਤਰੀ ਮਹੋਦਿਯ ਜਿਨ੍ਹਾਂ ਦੇ ਮੁਤੱਲਕ ਹਾਊਸ ਵਿਚ ਗੱਲ ਕੀਤੀ ਗਈ ਹੈ, ਖੜੇ ਹਨ। ਉਨ੍ਹਾਂ ਨੂੰ ਪਹਿਲਾਂ ਅਖਤਿਆਰ ਹੈ ਕਿ ਉਹ ਹਾਊਸ ਵਿੱਚ ਇਸਦਾ ਜਵਾਬ ਦੇਣ। ਜੋ ਕੁਝ ਵੀ ਬਿਨਾਂ ਇਜਾਜ਼ਤ ਤੋਂ ਕਿਹਾ ਜਾ ਰਿਹਾ ਹੈ, ਰਿਕਾਰਡ ਨਾ ਕੀਤਾ ਜਾਵੇ।

Professor Balwant Singh, please sit down. I do not allow you. I have allowed Sardar Beant Singh to speak.

**ਵਿੱਤ ਮੰਤਰੀ**: ਸਪੀਕਰ ਸਾਹਿਬ, ਸੀ. ਐਮ. ਸਾਹਿਬ ਦੇ ਕਹਿਣ ਦੇ ਬਾਅਦ ਮੈਂ ਸਮਝਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਹੋਰਾਂ ਨੂੰ ਕੋਈ ਗੱਲ ਨਹੀਂ ਕਹਿਣੀ ਚਾਹੀਦੀ ਔਰ ਹਾਊਸ ਦਾ ਅਗਲਾ ਬਿਜ਼ਨੈਸ ਟੇਕ-ਅਪ ਕਰਨਾ ਚਾਹੀਦਾ ਹੈ।

**ਲੋਕ ਕਾਰਜ ਮੰਤਰੀ**: ਸਪੀਕਰ ਸਾਹਿਬ, ਮੈਂ ਆਪਣੀ ਪਰਸਨਲ ਸਟੇਟਮੈਂਟ ਦੇਣੀ ਹੈ।

**ਪ੍ਰੋਫੈਸਰ ਬਲਵੰਤ ਸਿੰਘ** : ** ** **

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਬਿਨਾ ਇਜਾਜ਼ਤ ਕੁਝ ਵੀ ਰਿਕਾਰਡ ਨਾ ਕੀਤਾ ਜਾਵੇ।

ਲੋਕ ਕਾਰਜ ਮੰਤਰੀ : ਮੈਨੂੰ ਆਪਣੀ ਸਟੇਟਮੈਂਟ ਦੇਣ ਦਿਓ।

ਵਿਤ ਮੰਤਰੀ: ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਕਹਿ ਦਿਤਾ ਹੈ ਕਿ ਮਨਿਸਟਰ ਇਸ ਕੇਸ ਵਿੱਚ ਨਹੀਂ ਔਰ ਉਸਦੇ ਬਾਅਦ ਡਾਕਟਰ ਸਾਹਿਬ ਨੇ ਵੀ ਕਹਿ ਦਿਤਾ ਹੈ। ਬਾਅਦ ਵਿਚ ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਮੈਂ ਸਟੇਟਮੈਂਟ ਦੇਵਾਂਗਾ। ਇਸਦੇ ਬਾਅਦ ਮੈਂ ਸਮਝਦਾ ਹਾਂ ਕਿ ਹਾਊਸ ਦੀ ਅਗਲੀ ਕਾਰਵਾਈ ਚਲਣੀ ਚਾਹੀਦੀ ਹੈ ਅਤੇ ਇਸ ਵੇਲੇ ਦਾ ਬਿਜ਼ਨੈਸ ਸ਼ੁਰੂ ਕਰਨਾ ਚਾਹੀਦਾ ਹੈ।

---

## ANNOUNCEMENT BY PUBLIC WORKS MINISTER RE. HIS RESIGNATION FROM THE CABINET

ਲੋਕ ਕਾਰਜ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਮੈਂ ਜਵਾਬ ਦੇਣਾ ਚਾਹੁੰਦਾ ਹਾਂ (ਵਿਘਨ)

ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਲੁਧਿਆਣੇ ਦੇ ਵਿਚ ਐਨਕਾਊਂਟਰ ਦੇ ਵਿਚ ਤਿੰਨ ਚਾਰ ਆਦਮੀ ਮਰ ਗਏ। ਲੇਕਿਨ ਇਕ ਮਨਿਸਟਰ ਤੇ ਇਹ ਇਲਜ਼ਾਮ ਲਾਉਣ ਨਾਲ ਇਹ ਉਸ ਦੀ ਹੱਤਕ ਹੈ, ਇਹ ਉਸ ਤੇ ਐਸਪਰਸ਼ਨ ਵੀ ਹੈ। ਕਾਮਰੇਡ ਰਾਜ ਕੁਮਾਰ ਜੀ ਨੇ ਵੀ ਕਿਹਾ ਹੈ ਅਤੇ ਅਖਬਾਰਾਂ ਦੇ ਵਿਚ ਵੀ ਗੱਲਾਂ ਆਈਆਂ ਹਨ। ਇੱਕ ਮਨਿਸਟਰ ਜੇ ਇਸ ਅਸੈਂਬਲੀ ਵਿੱਚ ਹਾਜ਼ਰ ਹੋਵੇ ਤਾਂ ਉਹ ਇਸ ਚੀਜ਼ ਦਾ ਜਵਾਬ ਕਿਉਂ ਨਾ ਦੇਵੇ। ਜੇ ਉਹ ਇਸ ਤਰ੍ਹਾਂ ਨਹੀਂ ਕਰਦਾ ਤਾਂ ਮੈਂ ਸਮਝਦਾ ਹਾਂ ਕਿ ਉਹ ਪਾਰਲੀਮੈਂਟ ਦੇ ਅਸੂਲਾਂ ਨੂੰ ਨਹੀਂ ਸਮਝਦਾ ਅਤੇ ਇਹ ਸਮਝਿਆ ਜਾਂਦਾ ਹੈ ਕਿ ਜਿਹੜਾ ਮਨਿਸਟਰ ਹੈ ਉਹ ਜਾਣ ਬੁੱਝ ਕੇ ਆਪਣੀ ਗੱਲ ਨੂੰ ਟਾਲਦਾ ਹੈ। ਇਸ ਕਰਕੇ, ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਨੂੰ ਅੱਜ ਇਸ ਚੀਜ਼ ਦਾ ਜ਼ਰੂਰ ਜਵਾਬ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਕਈ ਦਿਨਾਂ ਤੋਂ ਇਹ ਗਲ ਪੰਜਾਬ ਦੇ ਅਖਬਾਰਾਂ ਵਿਚ ਵੀ ਔਰ ਸਾਰੇ ਪੰਜਾਬ ਦੇ ਅੰਦਰ ਚੱਲ ਰਹੀ ਸੀ ਕਿ 13 ਅਗਸਤ ਵਾਲੇ ਦਿਨ ਅਨਫਾਰਚੂਨੇਟਲੀ ਚਾਰ ਬੰਦੇ ਇੱਕ ਐਨਕਾਊਂਟਰ ਵਿੱਚ ਮਰ ਗਏ ਔਰ ਉਹਨਾਂ ਵਿਚੋਂ, ਸਪੀਕਰ ਸਾਹਿਬ, ਤਿੰਨ ਬੰਦੇ ਉਹ ਸਨ ਜਿਹੜੇ ਕਿ ਮੇਰੇ ਹਲਕੇ ਵਿੱਚੋਂ ਬਾਹਰ ਦੇ ਸਨ। ਮੈਂ ਇਸ ਆਗਸਟ ਹਾਊਸ ਵਿਚ ਕਹਿ ਸਕਦਾ ਹਾਂ ਕਿ ਮੈਂ ਪਰਸਨਲੀ ਉਹਨਾਂ ਨੂੰ ਬਿਲਕੁਲ ਜਾਣਦਾ ਤੱਕ ਨਹੀਂ ਸੀ। ਸਪੀਕਰ ਸਾਹਿਬ, ਇਕ ਬੰਦਾ ਉਹਨਾਂ ਦੇ ਵਿਚੋਂ ਇਹੋ ਜਿਹਾ ਸੀ ਜਿਹੜਾ ਕਿ ਮੇਰੇ ਪਿੰਡ ਦੇ ਨਾਲ ਦਾ ਰਹਿਣ ਵਾਲਾ ਸੀ ਲੇਕਿਨ ਉਸ ਬੰਦੇ ਨੂੰ ਕਿਸੇ ਕਤਲ ਦੇ ਕੇਸ ਵਿਚ 20 ਸਾਲ ਦੀ ਕੈਦ ਹੋਈ ਸੀ ਅਤੇ ਉਹ ਪਰੋਲ ਤੇ ਸੀ। ਮੈਨੂੰ ਇਸ ਗਲ ਦਾ ਕੋਈ ਪਤਾ ਨਹੀਂ। ਪਿਛਲੇ 15 ਸਾਲਾਂ ਤੋਂ ਮੈਂ ਉਸ ਨੂੰ ਕਦੇ ਵੇਖਿਆ ਨਹੀਂ ਸੀ। ਜੇ ਮੇਰੇ ਨਾਲ ਉਸ ਬੰਦੇ ਨੂੰ ਬਿਠਾ ਵੀ ਦਿੱਤਾ ਜਾਂਦਾ ਤਾਂ ਵੀ ਮੈਂ ਉਸ ਬੰਦੇ ਨੂੰ ਪਛਾਣ ਤੱਕ ਨਹੀਂ ਸੀ ਸਕਦਾ ਕਿ ਉਹ ਕੌਣ ਆਦਮੀ ਸੀ। ਦੂਜੀ ਗਲ, ਸਪੀਕਰ ਸਾਹਿਬ, ਇਹ ਹੈ ਕਿ ਮੇਰਾ ਨਾਂ ਮੇਰੇ ਪੁਲੀਟੀਕਲ ਆਪੋਨੈਂਟਸ ਵੱਲੋਂ ਬੜੀ ਦਲੇਰੀ ਨਾਲ ਲਿਆ ਗਿਆ ਹੈ। ਸਪੀਕਰ ਸਾਹਿਬ, ਇਸ ਬਾਰੇ ਇਨਕੁਆਇਰੀ ਹੋਈ। ਲੇਕਿਨ ਮੈਨੂੰ ਬੜਾ ਅਫਸੋਸ ਹੈ ਕਿ ਕਿਉਂਕਿ ਡੈਮੋਕਰੇਸੀ ਦੀਆਂ ਜੜ੍ਹਾਂ ਮਜ਼ਬੂਤ ਕਰਨੀਆਂ ਹਨ ਤਾਂ ਸਾਨੂੰ ਆਪਣੀ ਗੱਲ ਜ਼ਰੂਰ ਕਹਿਣੀ ਚਾਹੀਦੀ ਹੈ। ਸਪੀਕਰ ਸਾਹਿਬ, ਜੋ ਗੱਲ ਹੋਈ ਹੈ ਇਹ ਬੜੀ ਅਨਫਾਰਚੂਨੇਟ ਹੈ।

Original with;
Punjab Vidhan Sabha
Digitized by;
Panjab Digital Library

[ਲੋਕ ਰਾਜ ਮੰਤਰੀ]

ਇਸ ਬਾਰੇ ਮੇਰੇ ਉਤੇ ਇੱਕ ਇਨਕੁਆਇਰੀ ਵੀ ਕੀਤੀ ਗਈ ਪਰ ਮੈਨੂੰ ਇਸ ਇਨਕੁਆਇਰੀ ਦੇ ਵਿਚ ਸ਼ਾਮਲ ਨਹੀਂ ਕੀਤਾ ਗਿਆ। ਮੇਰੇ ਕਿਸੇ ਰਿਸ਼ਤੇਦਾਰ, ਮੇਰੇ ਕਿਸੇ ਨਜ਼ਦੀਕੀ ਸਬੰਧੀ ਨੂੰ ਬਿਲਕੁਲ ਵੀ ਕਾਨਫੀਡੈਂਸ ਵਿੱਚ ਨਹੀਂ ਲਿਆ ਗਿਆ। ਇਹ ਇਨਕੁਆਇਰੀ ਡੀ.ਐਸ.ਪੀ. (ਸੀ.ਆਈ. ਡੀ.) ਨੇ ਕੀਤੀ। ਸਪੀਕਰ ਸਾਹਿਬ, ਉਥੇ ਅਕਾਲੀ ਦਲ ਦੀ ਕਾਨਫਰੰਸ ਹੋਈ ਔਰ ਅਫਵਾਹ ਫੈਲ ਗਈ ਕਿ ਇਸ ਵਿੱਚ ਮਨਿਸਟਰ ਦੀ ਸਾਜ਼ਸ਼ ਹੈ। ਸਪੀਕਰ ਸਾਹਿਬ ਇਸ ਤੋਂ ਬਾਅਦ ਇਕ ਗੱਲ ਹੋਰ ਹੋਈ ਜਿਹੜੀ ਕਿ ਮੈਂ ਇਥੇ ਦਸਣੀ ਨਹੀਂ ਚਾਹੁੰਦਾ ਕਿਉਂਕਿ ਮੈਂ ਡੈਮੋਕਰੇਸੀ ਦੇ ਵਿੱਚ ਵਿਸ਼ਵਾਸ ਰੱਖਦਾ ਹਾਂ। ਇਸ ਚੀਜ਼ ਨੂੰ ਮੇਰੇ ਸਾਰੇ ਸੱਜਣ ਜਾਣਦੇ ਹਨ। ਮੇਰੇ ਹਲਕੇ ਦਾ ਜੋ ਥਾਣਾ ਹੈ ਜਿਨ੍ਹਾਂ ਨੂੰ ਮੈਂ ਜਾਣਦਾ ਸੀ ਉਸ ਵਿਚੋਂ ਇਕ ਸਿਪਾਹੀ ਨੂੰ ਵੀ ਉਥੋਂ ਤਬਦੀਲ ਕਰ ਦਿਤਾ ਗਿਆ ਔਰ ਮੈਂ ਸਮਝਦਾ ਹਾਂ ਕਿ ਇਸ ਕੇਸ ਵਿਚ ਸਾਡੇ ਹੋਮ ਮਨਿਸਟਰ ਸਾਹਿਬ ਦੇ ਆਰਡਰ ਹੋਏ ਹੋਣਗੇ ਤਦ ਹੀ ਇਹ ਸਾਰਾ ਕੁਝ ਹੋਇਆ ਹੋਵੇਗਾ ਨਹੀਂ ਤਾਂ ਕੋਈ ਤਿਆਰ ਨਹੀਂ ਸੀ। ਸਪੀਕਰ ਸਾਹਿਬ, ਇਸ ਲਈ ਮੈਂ ਡੈਮੋਕਰੇਸੀ ਦੀਆਂ ਰਵਾਇਤਾਂ ਨੂੰ ਕਾਇਮ ਰੱਖਦਾ ਹੋਇਆ ਅਸਤੀਫਾ ਦੇਂਦਾ ਹਾਂ।

(ਇਸ ਸਮੇਂ ਸਰਦਾਰ ਬੇਅੰਤ ਸਿੰਘ ਆਪਣੀ ਸੀਟ ਤੋਂ ਉਠ ਕੇ ਪਿਛਲੀ ਸੀਟ ਤੇ ਜਾ ਬੈਠੇ)

(ਟਰੈਜ਼ਰੀ ਬੈਂਚਾਂ ਵੱਲੋਂ ਸਰਦਾਰ ਬੇਅੰਤ ਸਿੰਘ ਜ਼ਿੰਦਾਬਾਦ, ਸਰਦਾਰ ਬੇਅੰਤ ਸਿੰਘ ਜ਼ਿੰਦਾਬਾਦ ਦੇ ਨਾਹਰੇ ਲਗਾਏ ਗਏ।)

**ਪ੍ਰੋਫੈਸਰ ਬਲਵੰਤ ਸਿੰਘ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀਆ** : ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿੱਚ ਵੀ ਇਸ ਆਦਮੀ ਨੇ ਝੂਠ ਮਾਰਿਆ ਸੀ ਅਤੇ ਇਸ ਵਾਸਤੇ ਇਸ ਨੂੰ ਮੁਆਫੀ ਮੰਗਣੀ ਪਈ ਸੀ। ਸਪੀਕਰ ਸਾਹਿਬ, ਇਹ ਉਹ ਹੀ ਆਦਮੀ ਹੈ।.........

**ਪ੍ਰੋਫੈਸਰ ਬਲਵੰਤ ਸਿੰਘ** : ** ** **

**ਸ਼੍ਰੀ ਸਪੀਕਰ** : ਇਹ ਰਿਕਾਰਡ ਨਾ ਕੀਤਾ ਜਾਵੇ। ਅਗਲਾ ਬਿਜ਼ਨੈਸ ਕਾਲ ਅਟੈਨਸ਼ਨ ਮੋਸ਼ਨਜ਼ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੂੰ ਇਸ ਹਾਊਸ ਦੇ ਵਿਚ ਏਥੇ ਅੱਜ ਆਪਣੀ ਸਟੇਟਮੈਂਟ ਦੇਣੀ ਚਾਹੀਦੀ ਹੈ। ਤੁਸੀਂ ਕਾਲ ਅਟੈਨਸ਼ਨ ਮੋਸ਼ਨਾਂ ਸ਼ੁਰੂ ਕਰਵਾ ਰਹੇ ਹੋ। ਇਹ ਬੜਾ ਸੀਰੀਅਸ ਮਾਮਲਾ ਹੈ । ਤੁਸੀਂ ਕਾਲ ਅਟੈਨਸ਼ਨਾਂ ਹਾਲੇ ਨਾ ਲਓ । ਸਰਦਾਰ ਬੇਅੰਤ ਸਿੰਘ ਨੇ ਬੜਾ ਦਲੇਰੀ ਭਰਿਆ ਕਦਮ ਚੁਕਿਆ ਹੈ। ਉਹਨਾਂ ਨੇ ਆਪਣਾ ਅਸਤੀਫਾ ਦੇ ਦਿਤਾ ਹੈ ਔਰ ਉਹ ਪਿਛੇ ਜਾ ਕੇ ਬੈਠ ਗਏ ਹਨ । ਹੁਣ ਸੀ. ਐਮ. ਸਾਹਿਬ ਨੂੰ ਇਸ ਮਾਮਲੇ ਤੇ ਆਪਣੀ ਸਟੇਟਮੈਂਟ ਦੇਣੀ ਚਾਹੀਦੀ ਹੈ। ਜੇ ਉਹ ਅੱਜ ਹੁਣ ਸਟੇਟਮੈਂਟ ਨਹੀਂ ਦਿੰਦੇ ਤਾਂ ਡੈਮੋਕਰੇਸੀ ਲਈ ਬਹੁਤ ਹੀ ਹਾਨੀਕਾਰਕ ਹੋਵੇਗਾ।

**ਵਿੱਤ ਮੰਤਰੀ** : ਸਪੀਕਰ ਸਾਹਿਬ ਇਸ ਵੇਲੇ ਸਟੇਟਮੈਂਟ ਦੇਣ ਵਾਸਤੇ ਮਜ਼ਬੂਰ ਨਹੀਂ ਕਰ ਸਕਦੇ ਕਿ ਉਹ ਅੱਜ ਹੀ, ਹੁਣੇ ਹੀ ਸਟੇਟਮੈਂਟ ਦੇਣ।

---

**Expunged/not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰਦਵਿੰਦਰ ਸਿੰਘ :** ਸਪੀਕਰ ਸਾਹਿਬ, ਮੇਰਾ ਪੁਆਇੰਟ ਇਹ ਹੈ ਕਿ ਆਪੋਜ਼ੀਸ਼ਨ ਵਾਲਿਆਂ ਨੇ ਇਲਜ਼ਾਮ ਵੀ ਲਾਇਆ ਔਰ ਅਖਬਾਰਾਂ ਦੇ ਵਿਚ ਵੀ ਇਸ ਬਾਰੇ ਆਇਆ। ਮੈਂ ਸਮਝਦਾ ਹਾਂ ਕਿ ਪਾਰਲੀਮੈਂਟਰੀ ਟਰੇਡੀਸ਼ਨਜ਼ ਨੂੰ ਮੁੱਖ ਰੱਖਦਿਆਂ ਹੋਇਆਂ ਇਹ ਹੀ ਵਾਜਬ ਸੀ। ਸਪੀਕਰ ਸਾਹਿਬ, ਜੇ ਕਿਸੇ ਬੰਦੇ ਤੇ ਕੋਈ ਇਲਜ਼ਾਮ ਹੋਵੇ ਉਸਦੀ ਇਨਕੁਆਇਰੀ ਚੀਫ ਮਨਿਸਟਰ ਵੱਲੋਂ ਆਰਡਰ ਹੋਈ ਹੋਵੇ ਔਰ ਉਸ ਤੋਂ ਬਾਅਦ ਸੀ. ਆਈ. ਡੀ. ਨੇ ਆਪਣੀ ਇਨਕੁਆਇਰੀ ਰਿਪੋਰਟ ਵੀ ਸਬਮਿਟ ਕੀਤੀ ਹੋਵੇ, ਡੀ. ਐਸ. ਪੀ. (ਸੀ. ਆਈ. ਡੀ.) ਨੇ ਕੇਸ ਰਜਿਸਟਰ ਕੀਤਾ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਇਹ ਬਹੁਤ ਹੀ ਅੱਛਾ ਕਦਮ ਉਠਾਇਆ ਹੈ ਉਸ ਦੇ ਵਿਚ ਸਾਡੀ ਪਾਰਟੀ ਦੇ ਬੰਦੇ ਜਿਹੜੇ ਕਿ ਬੁਨਿਆਦੀ ਤੌਰ ਤੇ ਡੈਮੋਕਰੇਸੀ ਦੇ ਬੁਨਿਆਦੀ ਅਸੂਲਾਂ ਵਿੱਚ ਵਿਸ਼ਵਾਸ਼ ਰਖਦੇ ਹਨ ਔਰ ਕੁਰੱਪਸ਼ਨ ਦੇ ਖਿਲਾਫ ਲੜਦੇ ਹੋਣ, ਇਸ ਦੇ ਨਾਲ ਸਾਡਾ ਇਮੇਜ ਵਧਿਆ ਹੀ ਹੈ।

**Finance Minister**: This is not a point of order.

**Sardar Birdevinder Singh**: You are no body to declare a point of order or no point of order.

A criminal case has been registered against an hon'ble Member of the House and that Chief Minister has not conducted a subsequent enquiry in the case. He has made a statement showing indicent haste. That would further rather make a case more difficult against the hon'ble Member of the House. Sardar Darbara Singh has made a statement under pressure of the party. You go into the case, following a private complaint against the Member. So, I would again request that if you have some sympathy with the hon'ble Member of the House, don't make any statement in haste in the House, conduct enquiry, take two-three days' time.

**Chief Minister**: Who said that I will make a statement to-day? It does not mean that I will make a statement to-day. I said that I will make a statement on it and not to-day.

(Interruption from Comrade Raj Kumar).

**Sardar Birdevinder Singh**: Therefore, I would humbly submit to the Leader of the House to conduct a subsequent enquiry and then make a statement. May be after 2-3 days. Thank you very much.

---

## CALL ATTENTION NOTICES UNDER RULE 66

(ਕ੍ਰਮ ਨੰ : 5)

**ਮਾਸਟਰ ਦਲੀਪ ਚੰਦ :** ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਕਿ ਮੇਰੇ ਹਲਕੇ ਬਲਾਚੌਰ ਵਿਚ ਇਕ ਪਿੰਡ ਬਨਾ ਵਿਚ ਜ਼ੀਨਥ ਪੇਪਰ ਮਿੱਲ ਲੱਗੀ ਹੈ। ਉਸਦਾ ਪਾਣੀ ਬਹੁਤ ਖਰਾਬ ਹੈ। ਇਹ ਲੋਕਾਂ ਦੀਆਂ ਜ਼ਮੀਨਾਂ ਵਿਚ ਬੇਟ ਏਰੀਆ ਵਿਚ ਲਗ ਭਗ ਢਾਈ ਹਜ਼ਾਰ ਏਕੜ ਵਿਚ ਫੈਲਿਆ ਹੋਇਆ ਹੈ। ਅੱਜ ਕੱਲ੍ਹ ਵੀ ਇਹ ਪਾਣੀ ਜਾ ਰਿਹਾ ਹੈ। ਲੋਕਾਂ ਦੀ ਫਸਲ ਬਰਬਾਦ ਹੋ ਗਈ ਹੈ। ਲੋਕਾਂ ਵਿਚ ਬਹੁਤ ਘਬਰਾਹਟ ਅਤੇ ਪਰੇਸ਼ਾਨੀ ਪਾਈ ਜਾਂਦੀ ਹੈ। ਸਰਕਾਰ ਇਸ ਸਦਨ ਵਿਚ ਜਵਾਬ ਦੇਣ ਦੀ ਕਿਰਪਾਲਤਾ ਕਰੇ।

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ, ਮੁੜ ਵਸਾਉ ਅਤੇ ਉਦਯੋਗ** (ਸਰਦਾਰ ਦਰਸ਼ਨ ਸਿੰਘ ਕੇ. ਪੀ.) : ਪਿੰਡ ਬਾਣਾ ਵਿਖੇ ਜ਼ੀਨਥ ਪੇਪਰ ਮਿੱਲ 90 ਏਕੜ ਭੂਮੀ ਵਿਚ ਲਗੀ ਹੋਈ ਹੈ। ਅਜ ਕਲ੍ਹ ਇਹ ਮਿੱਲ ਰੱਦੀ ਕਾਗਜ਼ ਤੋਂ ਕਾਗਜ਼ ਤਿਆਰ ਕਰ ਰਹੀ ਹੈ। ਮਿੱਲ ਦਾ ਜੋ ਗੰਦਾ ਪਾਣੀ ਹੈ ਉਹ ਅੱਜ ਤੋਂ 20 ਦਿਨਾਂ ਤੋਂ ਪਹਿਲਾਂ ਬਿਨਾਂ ਟਰੀਟ ਕੀਤਿਆਂ ਫੈਕਟਰੀ ਦੇ ਆਪਣੇ ਰਕਬੇ ਵਿਚ ਹੀ ਛੱਡਿਆ ਜਾਂਦਾ ਸੀ । ਜਦ ਵੀ ਕਦੀ ਬਾਰਸ਼ ਹੁੰਦੀ ਹੈ ਤਾਂ ਇਹ ਪਾਣੀ ਬਾਰਸ਼ ਦੇ ਪਾਣੀ ਨਾਲ ਮਿਲ ਕੇ ਆਸ ਪਾਸ ਦੇ ਖੇਤਾਂ ਵਿਚ ਫੈਲ ਜਾਂਦਾ ਹੈ ਕਿਉਂਕਿ ਫੈਕਟਰੀ ਦੇ ਨਾਲ ਦੀ ਲੰਘ ਰਿਹਾ ਬਾਣਾ ਤੋਂ ਤੌਂਸਾ ਚੋ ਦਾ ਰਕਬਾ ਜ਼ਿਮੀਦਾਰਾਂ ਨੇ ਕਾਸ਼ਤ ਅਧੀਨ ਲੈ ਆਂਦਾ ਹੈ ਅਤੇ ਪਾਣੀ ਦੇ ਕੁਦਰਤੀ ਨਿਕਾਸ ਵਿਚ ਰੁਕਾਵਟ ਹੋ ਗਈ ਹੈ।

ਪਿਛੇ ਜਿਹੇ ਜ਼ਿਆਦਾ ਬਾਰਸ਼ਾਂ ਕਾਰਨ ਇਲਾਕੇ ਵਿਚ ਬਹੁਤ ਸਾਰੀ ਜ਼ਮੀਨ ਵਿਚ ਪਾਣੀ ਖੜ੍ਹ ਗਿਆ ਹੈ। ਡੀ. ਸੀ. ਹੁਸ਼ਿਆਰਪੁਰ ਨੇ ਇਸ ਸਾਰੇ ਇਲਾਕੇ ਵਿਚ ਪਾਣੀ ਦੇ ਨੁਕਸਾਨ ਦਾ ਜਾਇਜ਼ਾ ਲੈਣ ਵਾਸਤੇ ਸਪੈਸ਼ਲ ਗਿਰਦਾਵਰੀ ਦਾ ਹੁਕਮ ਦੇ ਦਿਤਾ ਹੈ।

ਉਪ-ਮੰਡਲ ਅਫਸਰ, ਬਲਾਚੌਰ ਤੋਂ ਪ੍ਰਾਪਤ ਸੂਚਨਾ ਅਨੁਸਾਰ ਪੇਪਰ ਮਿੱਲ ਦਾ ਪਾਣੀ 6 ਪਿੰਡਾਂ ਦੇ ਰਕਬੇ ਵਿਚ ਫੈਲ ਗਿਆ ਹੈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :—

| | | |
|---|---|---|
| 1. | ਤੌਂਸਾ | ... 52 ਏਕੜ |
| 2. | ਬਾਣਾ | ... 26 ਏਕੜ |
| 3. | ਨੰਗਲ | ... 25 ਏਕੜ |
| 4. | ਫਤਿਹਪੁਰ | ... 20 ਏਕੜ |
| 5. | ਬੀੜ ਸਰਕਾਰ | ... 25 ਏਕੜ |
| 6. | ਤਾਜੋਵਾਲ | ... 70 ਏਕੜ (ਅਨੁਮਾਨ) |
| | ਜੋੜ | ... 218 ਏਕੜ |

ਫਸਲ ਦੇ ਖਰਾਬੇ ਦੀ ਫੀ ਸਦੀ ਦਾ ਹਾਲੇ ਪਤਾ ਨਹੀਂ ਲਗਿਆ। ਉਪ ਮੰਡਲ ਅਫਸਰ (ਸਿਵਲ) ਦੇ ਅਨੁਸਾਰ ਇਸ ਦਾ ਪਤਾ ਫਸਲ ਦੇ ਪੱਕਣ ਤੇ ਲਗ ਸਕਦਾ ਹੈ।

## QUESTION OF PRIVILEGE

**Master Babu Singh**: On a point of privilege, Sir.

ਇਕ ਮਨਿਸਟਰ ਅਸਤੀਫਾ ਦਿੰਦਾ ਹੈ ਇਸ ਇਸ਼ੂ ਤੇ ਕਿ ਮੇਰੇ ਖਿਲਾਫ ਕੋਈ ਕੇਸ ਦਰਜ ਕੀਤਾ ਗਿਆ ਹੈ। ਇਹ ਵਾਕਿਆ 13 ਤਾਰੀਖ ਦਾ ਹੈ। ਐਫ. ਆਈ. ਆਰ. ਪਹਿਲਾਂ ਹੋਰ ਹੋਈ ਹੋਈ ਹੈ ਪਰ ਸੀ. ਐਮ. ਇਥੇ ਕੈਟੇਗੋਰੀਕਲੀ ਕਹਿੰਦੇ ਹਨ ਕਿ ਰਿਪੋਰਟ ਇਹ ਠੀਕ ਨਹੀਂ ਹੈ ਜਾਂ ਗਲਤ ਹੈ। ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਅਫਸਰਾਂ ਨੇ ਇਹ ਰਿਪੋਰਟ ਦਰਜ ਕਰਾਈ ਹੈ ਉਨ੍ਹਾਂ ਨੂੰ ਕਾਲ ਕਰੋ ਅਤੇ ਸੀ. ਐਮ. ਇਥੇ ਹਾਊਸ ਵਿਚ ਅਸਤੀਫਾ ਦੇਵੇ ਕਿਉਂਕਿ ਉਨ੍ਹਾਂ ਨੇ ਹਾਊਸ ਨੂੰ ਗੁਮਰਾਹ ਕੀਤਾ ਹੈ।

Original with;
Punjab Vidhan Sabha
Digitized by;
Panjab Digital Library

**Comrade Raj Kumar** : The hon'ble Chief Minister has said that the Minister is not involved. He has verified the facts relating to a case which was registered earlier as a case of encounter. Now the same case has been registered as a case against those officer who made that case and also included the Minister. The Minister says that he is not involved. The Chief Minister says that he has made an enquiry and the Minister is not involved. The Minister has resigned. It is a very fit case against those officers who have made the Minister responsible. It is a fit case of breaching the privilege of House against those officers who have registered this new case. This is the point of privilege and we can move it orally and in writing . Therefore, I will request you to take cognisance of what has been moved by Master Babu Singh and give whatever ruling you want because there is a duty on us that we must uphold the parliamentary traditions. The way the things are taking place, it is mutilating democracy in its true sense.

**ਸ੍ਰੀ ਸਪੀਕਰ** : ਸਵਾਲ ਇਹ ਹੈ ਕਿ ਤੁਸੀਂ ਇਹ ਜੋ ਪ੍ਰਿਵਿਲੇਜ ਦਾ ਪੁਆਇੰਟ ਰੇਜ਼ ਕੀਤਾ ਹੈ, I will examine it.

**Comrade Raj Kumar** : And we would like to have your ruling by the next sitting.

**ਸ੍ਰੀ ਗੁਰਦਿਆਲ ਸੈਣੀ** : ** ** **

**Chief Minister** : No, no.

**Mr. Speaker** : This is no point of order.

**Chief Minister** : Once it is closed, why it is again and again opened up in your presence. I would like to know what is the reason that once you give your ruling, it is again being discussed like anything. Please see that there is much business before the House to dispose of.

---

## CALL ATTENTION NOTICES UNDER RULE 66 (*Resumption*)

**ਮਾਸਟਰ ਦਲੀਪ ਚੰਦ** : ਮਨਿਸਟਰ ਸਾਹਿਬ ਨੇ ਪੇਪਰ ਮਿੱਲ ਦੇ ਪਾਣੀ ਬਾਰੇ ਦੱਸਿਆ ਹੈ। ਪਿਛਲੇ ਸਾਲ ਵੀ ਲੋਕਾਂ ਦੀ ਫਸਲ ਪਾਣੀ ਨਾਲ ਤਬਾਹ ਹੋ ਗਈ ਸੀ। ਇਸ ਸਾਲ ਢਾਈ ਹਜ਼ਾਰ ਏਕੜ ਬੇਟ ਏਰੀਏ ਵਿਚ ਇਸ ਫੈਕਟਰੀ ਦੇ ਪਾਣੀ ਨਾਲ ਲੋਕਾਂ ਦੀ ਫਸਲ ਤਬਾਹ ਹੋ ਗਈ ਹੈ ਪਰ ਹਾਲਾਂ ਤਕ ਇਸਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਮੈਂ ਬੇਨਤੀ ਕਰਾਂਗਾ ਕਿ ਪਹਿਲਾਂ ਇਸ ਫੈਕਟਰੀ ਨੂੰ ਬੰਦ ਕਰਾਓ ਫਿਰ ਪਾਣੀ ਦਾ ਪ੍ਰਬੰਧ ਕਰਾਓ ਅਤੇ ਲੋਕਾਂ ਨੂੰ ਹੋਏ ਨੁਕਸਾਨ ਦਾ ਮੁਆਵਜ਼ਾ ਦਿਵਾਓ।

**ਰਾਜ ਮੰਤਰੀ, ਮੁੜ ਵਸਾਉ ਅਤੇ ਉਦਯੋਗ** : ਆਮ ਫੈਕਟਰੀਆਂ ਵਾਲਿਆਂ ਨੂੰ ਸਰਕਾਰ ਵਲੋਂ ਹਦਾਇਤ ਹੈ ਕਿ ਜਦੋਂ ਫੈਕਟਰੀ ਚਾਲੂ ਕਰਨੀ ਹੁੰਦੀ ਹੈ ਤਾਂ ਉਥੇ ਦੇ ਪਾਣੀ ਦਾ ਨਿਕਾਸ ਦਾ ਪ੍ਰਬੰਧ ਕੀਤਾ ਜਾਵੇ ਅਤੇ ਟਰੀਟ ਕਰਨ ਦਾ ਇੰਤਜ਼ਾਮ ਕੀਤਾ ਜਾਵੇ। ਜੇ ਕੋਈ ਕੁਤਾਹੀ ਕਰਦਾ ਹੈ ਤਾਂ ਅਸੀਂ ਉਸ ਨੂੰ ਦੇਖਦੇ ਹਾਂ। ਨੰਗਲ ਖਾਦ ਫੈਕਟਰੀ ਤੇ ਇਕ ਹੋਰ ਮਿੱਲ ਨੂੰ ਅਸੀਂ ਠੀਕ ਕੀਤਾ ਹੈ। 47 ਹਜ਼ਾਰ ਰੁਪਿਆ ਮੁਆਵਜ਼ੇ ਦਾ ਵੀ ਦਿਵਾਇਆ ਗਿਆ ਹੈ। (ਵਿਘਨ) ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਤੁਸੀਂ ਟਰੀਟ ਪਲਾਂਟ ਲਗਾਓ ਅਤੇ ਪਾਣੀ ਦੇ ਨਿਕਾਸ ਦਾ ਠੀਕ ਪ੍ਰਬੰਧ ਕਰੋ। ਜੇ ਫਿਰ ਵੀ ਕੋਈ ਐਸੀ ਗੱਲ ਹੁੰਦੀ ਹੈ ਤਾਂ ਇਸ ਨੂੰ ਦੇਖਕੇ ਠੀਕ ਕਰਾਂਗੇ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਤੁਸੀਂ ਇਹ ਇਨਸ਼ੋਅਰ ਕਰਾਓ ਕਿ ਇਹ ਜਲਦੀ ਤੋਂ ਜਲਦੀ ਠੀਕ ਹੋ ਜਾਵੇਗਾ ।

ਰਾਜ ਮੰਤਰੀ : ਠੀਕ ਹੈ ਜੀ ।

(ਕ੍ਰਮ ਨੰ : 9)

ਮਾਸਟਰ ਦਲੀਪ ਚੰਦ : ਮੈਂ ਸਰਕਾਰ ਦਾ ਧਿਆਨ ਇਕ ਜ਼ਰੂਰੀ ਲੋਕ ਮਹੱਤਤਾ ਦੇ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਮੇਰੇ ਹਲਕੇ ਬਲਾਚੌਰ ਵਿਚ ਬਿਸਤ ਦੁਆਬ ਦੇ ਸਾਈਫਨ ਨੂੰ ਜੋ ਕਾਠਗੜ੍ਹ ਮੋੜ ਦੇ ਪਾਸ ਹੈ, ਬਹੁਤ ਨੁਕਸਾਨ ਕੀਤਾ ਹੈ। ਖੱਡ ਨੇ ਸਾਈਫਨ ਨੂੰ ਅਤੇ ਸੜਕ ਨੂੰ ਬੁਰੀ ਤਰ੍ਹਾਂ ਤੋੜ ਦਿਤਾ ਹੈ। ਇਹ ਸਾਈਫਨ ਕਾਫੀ ਚਿਰ ਤੋਂ ਮਿੱਟੀ ਨਾਲ ਭਰਿਆ ਹੋਇਆ ਸੀ, ਲੋਕਾਂ ਨੂੰ ਪਾਣੀ ਨੇ ਬਹੁਤ ਨੁਕਸਾਨ ਕੀਤਾ ਹੈ। ਲੋਕਾਂ ਦੀਆਂ ਫਸਲਾਂ ਪਿੰਡ ਕਿਸ਼ਨਪੁਰ, ਭਰਥਲਾ, ਕਾਠਗੜ੍ਹ, ਚੈਹਲ, ਕਮਾਲਪੁਰ, ਜਲਾਲਪੁਰ, ਜੰਨਡੀ, ਟੰਨਡੋਹ, ਜਗਤਵਾਲ ਵਿਚ ਤਬਾਹ ਬਰਬਾਦ ਕਰ ਦਿੱਤੀਆਂ ਹਨ। ਲੋਕਾਂ ਵਿਚ ਬਹੁਤ ਪਰੇਸ਼ਾਨੀ ਅਤੇ ਘਬਰਾਹਟ ਪਾਈ ਜਾਂਦੀ ਹੈ। ਸਰਕਾਰ ਸਦਨ ਵਿਚ ਜਵਾਬ ਦੇਣ ਦੀ ਕਿਰਪਾਲਤਾ ਕਰੇ ।

**Agriculture Minister** (Chaudhri Kanshi Ram) : Kishanpur Choe crosses Bist Doab Canal through the superpassage at RD 49446. On 27th August, 1983, the flood water of two choes namely Bharthala and Kamalpur, combined with that of the above said Kishanpur choe, brought a lot of bushes, jungle and sand with them and consequently obstructed the bays of superpassage. As a result the right bank of the canal under the National Highway was breached and gushing water entered into the canal. There was no damage to the structure of superpassage. The retaining wall on the side of the National Highway was, however, partially damaged.

2. Prior to the monsoons the Central bays of the superpassage as also the downstream side was cleared of silt upto level of the existing choe bed for the free passage of flood water. The other bays were almost clear upto that level. Prior to the date of this incident, 13 floods passed safely from 3rd July, 1983 to 26th August, 1983 through this superpassage. The flood damage has occurred on 27th August, 1983 due to unprecedented high flood. There is no regular outfall of this choe into the river with the result that the sediment is deposited in fields/choe beds down stream and causes general raising of choe bed every year.

3. As a permanent remedy, a proposal is under consideration for canalising this choe into Mehmoodpur drain after the said drain is widened/deepened.

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਨਹਿਰ ਬਿਸਤ ਦੁਆਬ ਤੇ ਰੋਪੜ ਤੋਂ ਬਲਾਚੌਰ ਤਕ 3–4 ਸਾਈਫਨ ਐਸੇ ਹਨ ਜਿਨ੍ਹਾਂ ਵਿਚ ਹਰ ਸਾਲ ਫਲੱਡ ਦੀ ਵਜ੍ਹਾ ਕਰਕੇ ਨੁਕਸਾਨ ਹੁੰਦਾ ਹੈ। ਰਾਏਪੁਰ, ਮਾਜਰਾ ਜੱਟਾਂ, ਮਹਿਮੂਦਪੁਰ ਅਤੇ ਕਾਠਗੜ੍ਹ ਵਿਚ 4 ਚੋਅ ਹਨ। ਫਾਈਨਾਂਸ ਮਨਿਸਟਰ ਸਾਹਿਬ ਵੀ ਇਹ ਦੇਖ ਕੇ ਆਏ ਹਨ। ਜੇ ਇਕ ਇਕ ਕਿਲੋਮੀਟਰ ਦੇ ਖਾਲੇ ਕੱਢ ਦਿੱਤੇ ਜਾਣ ਅਤੇ ਇਨ੍ਹਾਂ ਚੋਆਂ ਨੂੰ ਮਹਿਮੂਦਪੁਰ ਡਰੇਨ ਵਿੱਚ ਪਾ ਦਿੱਤਾ ਜਾਵੇ ਤਾਂ ਜੋ ਨੁਕਸਾਨ ਹੁੰਦਾ ਹੈ ਉਹ ਨੁਕਸਾਨ ਹੋਣ ਤੋਂ

Original with;
Punjab Vidhan Sabha
Digitized by;
Panjab Digital Library

ਬਚ ਸਕਦਾ ਹੈ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਉਨ੍ਹਾਂ ਚੋਆਂ ਨੂੰ ਮਹਿਮੂਦਪੁਰ ਡਰੇਨ ਵਿੱਚ ਸੁੱਟ ਦਿੱਤਾ ਜਾਵੇਗਾ ?

**ਖੇਤੀਬਾੜੀ ਮੰਤਰੀ** : ਸਪੀਕਰ ਸਾਹਿਬ, ਮੈਂ ਇਹੋ ਕੁਝ ਦੱਸਿਆ ਹੈ ਕਿ ਸਾਡੀ ਕੰਸਿਡਰੇਸ਼ਨ ਹੇਠ ਇਕ ਪ੍ਰੋਪੋਜ਼ਲ ਹੈ ਕਿ ਮਹਿਮੂਦਪੁਰ ਡਰੇਨ ਵਿਚ ਇਹ ਚੋਅ ਪਾਏ ਜਾਣ। ਇਹ ਵੀ ਚੰਗਾ ਹੋਇਆ ਕਿ ਡਾਕਟਰ ਸਾਹਿਬ ਉਹ ਦੇਖ ਆਏ ਹਨ, ਫਾਈਨਾਂਸ ਵਾਲੇ ਕੋਈ ਕਿੰਤੂ ਨਹੀਂ ਕਰਨਗੇ। ਮੈਂ ਮਾਸਟਰ ਜੀ ਦੀ ਐਂਗਜ਼ਾਇਟੀ ਨਾਲ ਸਹਿਮਤ ਹਾਂ ਔਰ ਸਰਕਾਰ ਜਲਦੀ ਹੀ ਇਸ ਬਾਰੇ ਕੋਈ ਕਾਰਵਾਈ ਕਰੇਗੀ।

(Serial No. 10)

**Sardar Birdevinder Singh** : Sir, I beg to draw the attention of the Government towards a matter of urgent public importance, namely, the reported use of Beef Tallow in Vanaspati Ghee, particularly supplied by the Bhatinda Vanaspati Mill. It has caused a State wide resentment and it has injured the religious sentiments of the inhabitants of Punjab. There is a great resentment amongst public of the State on this issue. Hence, it is a fit matter for the Government to make a statement on the floor of the House.

**Health Minister (Shri Joginder Pal Pandey)** : On receipt of a complaint alleging misuse of Beef Tallow and illegal manufacture of Vanaspati by M/s Bhatinda Chemicals and Vanaspati Mills (P) Ltd., the Sub Divisional Magistrate Bhatinda conducted a surprise raid on 18th June, 1983. He found that Ammonia Plant was functioning at that time and that the Mill has complete infra-structure for the manufacture and Hydrogenation even though it had been licensed only for production of non-Edible Oil and Hudrogenation. S. D. M. also found 9916 qunitals of Beef Tallow in the premises of M/s Bhatinda Chemicals Mills (P) Ltd., and he apprehended that the Beef Tallow was likely to be used by the Mill for making Vanaspati/Refined Oil after due processing. Apprehending a threat of breach of peace because of the religious feelings and sentiments of the community involved, S. D. M. passed an ex-parte order under section 144 Cr. P. C. restraining the Mill from operating the plant for a period of two months. This order was again extended by another two months. The refinery and ammonia gas plant was also sealed on 18th June, 1983, under the orders of S. D. M. and are still lying sealed. Six cases have been registered in this connection against the Director of the Mills, Bhatinda Chemical and Vanaspati Mills (P) Ltd. The investigation of 4 cases have been transferred to C.B. I. as the same have inter-State ramification and the remaining cases are being vigorously investigated by the Punjab Police.

It is correct that the alleged use of Beef Tallow in Vanaspati Ghee has caused resentment and also injured the religious sentiments of the inhabitants of the State and keeping in view such sentiments, the Government has taken firm action against those responsible for the nefarious trade. The District Magistrate has also issued warrants of detention under the National Security Act against the Managing Director Shri Dwarka Dass Mittal and his two sons Shri R. L. Mittal and Manoj Kumar Mittal, who are absconding and action has been initiated to declare them Proclaimed Offenders. Government reiterate that no leniency will be shown to any person who misuse Beef Tallow in the manufacture of vegetable ghee.

Original with;
Punjab Vidhan Sabha
Digitized by;
Panjab Digital Library

[Health Minister]

The Health Department carried out raids and got 405 samples of vanaspati and edible oil chemically examined. Out of these, three sampls related to the product of M/s. Bhatinda Chemicals and Vanaspati Mills Ltd. Bhatinda. All the three samples of the above mentioned Mills were found to contain Beef Tallow. Two samples of vanaspati drawn from Shri Narinder Kumar of Amritsar contained Beef Tallow-one manufactured by M/s. Jain Sudh Vanaspati (P) Ltd., Gaziabad (U. P.) whereas there was no mention of the name of the manufacture on the second. Prosecution has been launched in all five cases.

Punjab Government have also requested the Government of India for cancellation of registration/licence of M/s. Bhatinda Chemicals and Vanaspati Mills (P) Ltd., who were allegedly illegally manufacturing vanaspati ghee without valid licences.

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਕ ਤਾਂ ਜਿਹੜੀ ਕੰਪਲੇਂਟ ਹੈ ਉਹ ਬਠਿੰਡੇ ਦੇ ਲੋਕਾਂ ਵਲੋਂ ਆਈ ਔਰ ਮਹਿਕਮੇਂ ਨੇ ਇਸ ਚੀਜ਼ ਨੂੰ ਡਿਟੈਕਟ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਉਸ ਕੰਪਲੇਂਟ ਤੋਂ ਬਾਅਦ ਇਨਕੁਆਇਰੀ ਹੋਈ ਔਰ ਮਿੱਲ ਨੂੰ ਸੀਲ ਕੀਤਾ ਗਿਆ । ਮਿੱਲ ਨੂੰ ਸੀਲ ਕਰਨ ਦੇ ਬਾਅਦ ਉਥੇ ਦੀਵਾਰਾਂ ਨੂੰ ਪਿਛੋਂ ਤੋੜ ਕੇ ਬੀਫ ਟੈਲੋ ਦੇ ਡਰੱਮ ਉਥੋਂ ਕਢੇ ਗਏ । ਦੋ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ ਹੁਣ ਤਕ ਦੋਸ਼ੀ ਗ੍ਰਿਫਤਾਰ ਨਹੀਂ ਕੀਤੇ ਗਏ ਔਰ ਸਟਾਕ ਰਜਿਸਟਰ ਵੀ ਕਬਜ਼ੇ ਵਿੱਚ ਨਹੀਂ ਕੀਤਾ । ਇਕ ਤਾਂ ਮੈਂ ਸਮਝਦਾ ਹਾਂ ਕਿ ਜਿਨ੍ਹਾਂ ਆਫੀਸਰਜ਼ ਨੇ ਇਨਕੁਆਇਰੀ ਕੀਤੀ ਉਨ੍ਹਾਂ ਦਾ ਕੰਡਕਟ ਹੀ ਇਨ-ਕੁਆਇਰੀ ਕਰਨ ਵਾਲਾ ਹੈ । ਉਨ੍ਹਾਂ ਨੇ ਇਨਕੁਆਇਰੀ ਕਰਨ ਸਮੇਂ ਉਹ ਪਹਿਲੂ ਅੰਡਰ ਕੰਸਿੱਡਰੇਸ਼ਨ ਨਹੀਂ ਲਏ ਜਿਹੜੇ ਉਨ੍ਹਾਂ ਨੂੰ ਫੌਰੀ ਤੌਰ ਤੇ ਲੈਣੇ ਚਾਹੀਦੇ ਸਨ । ਉਨ੍ਹਾਂ ਨੇ ਦਰਵਾਜ਼ੇ ਬੰਦ ਕਰ ਦਿੱਤੇ, ਜਿੰਦੇ ਲਾ ਦਿਤੇ ਲੇਕਿਨ ਜਿਹੜਾ ਸਾਮਾਨ ਇਤਰਾਜ਼ ਯੋਗ ਸੀ ਉਸ ਨੂੰ ਸੀਲ ਨਹੀਂ ਕੀਤਾ । ਉਸ ਦੀ ਗਿਣਤੀ ਨਹੀਂ ਕੀਤੀ ਕਿਉਂਕਿ ਜੇ ਡਰੱਮਾਂ ਦੀ ਗਿਣਤੀ ਕਰਦੇ ਤਾਂ ਸਟਾਕ ਰਜਿਸਟਰ ਵਿਚ ਐਂਟਰੀ ਹੋਣੀ ਸੀ ਇਸ ਕਰ ਕੇ ਸਟਾਕ ਰਜਿਸਟਰ ਸੀਲ ਨਹੀਂ ਕੀਤਾ । ਉਨ੍ਹਾਂ ਲੋਕਾਂ ਨੂੰ ਸਮਾਂ ਦਿਤਾ ਗਿਆ ਕਿ ਬੀਫ ਟੈਲੋ ਦਾ ਸਟਾਕ ਜੋ ਅਵੇਲੇਬਲ ਹੈ ਉਨ੍ਹਾਂ ਨੂੰ ਠੀਕ ਤਰੀਕੇ ਨਾਲ ਉਥੋਂ ਬਾਹਰ ਕਢ ਦਿਤਾ ਜਾਵੇ । ਜਿਹੜੇ ਦੋ ਐਮੀਨੈਂਟ ਸਿਟੀਜ਼ਨ ਉਸ ਇਨਕੁਆਇਰੀ ਨਾਲ ਐਸੋਸੀਏਟ ਕੀਤੇ ਗਏ ਉਨ੍ਹਾਂ ਨੇ ਕੰਪਲੇਂਟ ਕੀਤੀ ਕਿ ਸਾਨੂੰ ਨਾਲ ਐਸੋਸੀਏਟ ਨਹੀਂ ਕੀਤਾ ਗਿਆ, ਸਾਨੂੰ ਕਾਨਫੀਡੈਂਸ ਵਿਚ ਨਹੀਂ ਲਿਆ ਗਿਆ। ਉਸ ਦੇ ਬਾਅਦ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਨੈਸ਼ਨਲ ਸਿਕਿਉਰਿਟੀ ਐਕਟ ਅਧੀਨ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਬਾਰੇ ਕਾਰਵਾਈ ਕੀਤੀ ਜਾ ਰਹੀ ਹੈ ਔਰ ਪ੍ਰੋਕਲੇਮਡ ਓਫੈਂਡਰਜ਼ ਡਿਕਲੇਅਰ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ । ਇਹ ਕਿੰਨਾ ਲੰਮਾ ਚੌੜਾ ਕੰਮ ਹੈ ? ਕਿਸੇ ਵਿਅਕਤੀ ਨੂੰ ਪ੍ਰੋਕਲੇਮਡ ਓਫੈਂਡਰ ਡਿਕਲੇਅਰ ਕਰਨ ਲਈ ਕਿੰਨੇ ਵਰ੍ਹੇ ਲਗਦੇ ਹਨ ?

You have found this a fit case. Samples have been examined by the Chemical Examiner. Analysis stands against them and a case has been registered against them. He (the Hon. Minister) says that another enquiry has been entrusted to the C. B. I. I would like to know from the Honourable Minister as to why this enquiry has been entrusted to the C. B. I.? Whether citizens of the State have wanted this case to be probed by the C. B. I. or the State Government has transferred this case *suo motu* to the C. B. I.? If the State Government has passed the order to transfer the case to the C. B.I. then it means that the Government has no faith in the officers who are

Original with;
Punjab Vidhan Sabha
Digitized by;
Panjab Digital Library

conducting the enquiry to the alleged case of Beef Tallow in Vanaspati Ghee. Normally, when the cases are referred to the C. B. I. then it takes years together to bring the culprits to book. Case prolongs on. I feel that some officers who are involved in this case belong to various Departments.

ਇਹ ਬੜਾ ਇੰਪਾਰਟੈਂਟ ਮਸਲਾ ਹੈ । ਮੈਂ ਸਮਝਦਾ ਹਾਂ ਕਿ ਇਸ ਨੂੰ ਹਾਸੇ ਵਿਚ ਨਹੀਂ ਲੈਣਾ ਚਾਹੀਦਾ । ਇਸ ਨਾਲ ਸਾਰਿਆਂ ਦੀਆਂ ਫੀਲਿੰਗਜ਼ ਇੰਜਰ ਹੋਈਆਂ ਹਨ । ਗਊ ਸਭ ਤੋਂ ਜ਼ਿਆਦਾ ਪਵਿੱਤਰ ਹੁੰਦੀ ਹੈ। ਗਊ ਦੀ ਸੌਂਹ ਖਾਂਦੇ ਹਾਂ, ਗਊ ਦੇ ਰਤ ਦੀ ਸੌਂਹ ਖਾਂਦੇ ਹਾਂ । ਇਸ ਨੂੰ ਇਕ ਪਵਿੱਤਰ ਚੀਜ਼ ਸਮਝਦੇ ਹਾਂ । ਜਿਸ ਗਊ ਨੂੰ ਅਸੀਂ ਪਵਿੱਤਰ ਸਮਝਦੇ ਹਾਂ ਉਸ ਦੀ ਚਰਬੀ ਉਨ੍ਹਾਂ ਲੋਕਾਂ ਨੂੰ ਖਿਲਾਈ ਗਈ ਜਿਨ੍ਹਾਂ ਨੂੰ ਇਸ ਦਾ ਪਤਾ ਤੱਕ ਨਹੀਂ ਸੀ। ਮੈਂ ਸਮਝਦਾ ਹਾਂ ਕਿ ਇਸ ਨਾਲ ਨਾ ਕੇਵਲ ਰਿਲੀਜਸ ਸੈਂਟੀਮੈਂਟਸ ਇੰਜਰ ਹੋਏ ਹਨ ਬਲਕਿ ਇਹ ਬਹੁਤ ਵੱਡਾ ਗੁਨਾਹ ਹੋਇਆ ਹੈ ਔਰ ਇਹ ਅਫ਼ਸਰਾਂ ਦੀ ਮਿਲੀ ਭਗਤ ਨਾਲ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਇੰਨੀ ਜ਼ਿਆਦਾ ਮਿਕਦਾਰ ਵਿਚ ਬਨਸਪਤੀ ਘੀ ਇਥੇ ਇਸਤੇਮਾਲ ਕੀਤਾ ਜਾਂਦਾ ਹੈ। ਹੈਲਥ ਮਹਿਕਮਾ ਜਿਹੜਾ ਰੋਜ਼ ਛੋਟੇ ਛੋਟੇ ਦੁਕਾਨ-ਦਾਰਾਂ ਨੂੰ ਤੰਗ ਕਰਦਾ ਹੈ, ਕਦੇ ਦੁਧ ਵਾਲਿਆਂ ਦੇ ਸੈਂਪਲ ਭਰ ਲਏ, ਕਦੇ ਕਿਸੇ ਚੀਜ਼ ਦੇ, ਉਸ ਨੇ ਕਦੇ ਬੀਤੇ ਸਮੇਂ ਵਿਚ ਜਦੋਂ ਦੀਆਂ ਇਹ ਮਿੱਲਾਂ ਅਸਟੇਬਲਿਸ਼ ਹੋਈਆਂ ਹਨ ਕਦੇ ਛਾਪਾ ਮਾਰ ਕੇ ਸੈਂਪਲ ਭਰਿਆ ਹੈ ? ਮੈਨੂੰ ਵਜ਼ੀਰ ਸਾਹਿਬ ਦੱਸਣ ਕਿ ਜਿਹੜੀਆਂ ਖਾਣ ਵਾਲੀਆਂ ਵਸਤਾਂ ਦੀ ਪ੍ਰੋਡਕਸ਼ਨ ਕਰਦੀਆਂ ਹਨ ਉਨ੍ਹਾਂ ਤੇ ਕਦੇ ਛਾਪਾ ਮਾਰਿਆ ਹੈ ਅਤੇ ਕੀ ਉਸ ਪ੍ਰੋਡਕਸ਼ਨ ਨੂੰ ਕੈਮੀਕਲੀ ਐਗਜ਼ਾਮਿਨ ਕਰਵਾਇਆ ਹੈ ? ਜਿਸ ਮਹਿਕਮੇਂ ਨੇ ਰੇਡ ਕੰਡਕਟ ਕਰਨਾ ਸੀ ਉਸ ਮਹਿਕਮੇਂ ਦੇ ਉਨ੍ਹਾਂ ਅਫਸਰਾਂ ਦਾ ਕੰਡਕਟ ਵੀ ਵੈਰੀਫਾਈ ਕੀਤਾ ਜਾਏ ਔਰ ਜਦੋਂ ਪ੍ਰੋਸੀਡਿੰਗਜ਼ ਤਿਆਰ ਹੋ ਗਈਆਂ ਕਲਪ੍ਰਿਟਸ ਅਤੇ ਓਫੈਂਡਰਜ਼ ਨੂੰ ਫੌਰਨ ਪਨਿਸ਼ ਕੀਤਾ ਜਾਏ ; ਉਨ੍ਹਾਂ ਦੀ ਪ੍ਰਾਪਰਟੀ ਅਟੈਚ ਕੀਤੀ ਜਾਏ, ਜਿਸ ਤਰ੍ਹਾਂ ਦੂਜੇ ਕੇਸਿਜ਼ 5 ਦਿਨਾਂ **ਵਿਚ** ਕੰਪਲੀਟ ਕੀਤੇ ਗਏ ।

A case was completed and F. I. R. was lodged against the Honourable Minister. Such haste should be shown in such cases. This case should be followed more vigorously, more quickly and people who are found responsible should be put behind the bars. ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕਦੋਂ ਤਕ ਇਹ ਪ੍ਰੋਸੀਡਿੰਗਜ਼ ਕੰਪਲੀਟ ਕਰ ਦੇਣਗੇ ਔਰ ਆਇਆ ਆਪਣੇ ਮਹਿਕਮੇਂ ਦੇ ਅਫਸਰਾਂ ਦਾ ਵੀ ਕੰਡਕਟ ਵੈਰੀ-ਫਾਈ ਕਰਨਗੇ ?

**ਸਿਹਤ ਮੰਤਰੀ** : ਸਪੀਕਰ ਸਾਹਿਬ, ਸਰਦਾਰ ਬੀਰਦਵਿੰਦਰ ਸਿੰਘ ਨੇ ਜੋ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ ਉਸ ਦਾ ਜਵਾਬ ਤਫਸੀਲਨ ਦੇ ਦਿਤਾ ਹੈ । ਉਨ੍ਹਾਂ ਨੇ ਕੁਝ ਹੋਰ ਵਾਕਫ਼ੀਅਤ ਚਾਹੀ ਹੈ । ਉਸ ਦੇ ਬਾਰੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ 9916 ਕੁਇੰਟਲ ਬੀਫ਼ ਟੈਲੋ ਪਰੈਮਸਿਜ਼ ਵਿਚੋਂ ਪਕੜਿਆ, ਉਸ ਨੂੰ ਸੀਲ ਵੀ ਕੀਤਾ। ਇਸ ਦਾ ਮਤਲਬ ਇਹ ਹੈ ਕਿ ਬਕਾਇਦਾ ਤੌਰ ਤੇ ਸੀਲ ਕੀਤਾ ਗਿਆ ਅਤੇ ਮਾਲ ਤੇ ਬੰਦਸ਼ ਲਾ ਦਿਤੀ । ਮੁੱਖ ਮੰਤਰੀ ਜੀ ਬਠਿੰਡਾ ਗਏ ਸਨ ਉਨ੍ਹਾਂ ਨੂੰ ਕੰਪਲੇਂਟ ਕੀਤੀ ਗਈ, ਉਨ੍ਹਾਂ ਨੇ ਫੌਰੀ ਤੌਰ ਤੇ ਐਕਸ਼ਨ ਲੈਣ ਲਈ ਉਥੇ ਹੀ ਕਹਿ ਦਿਤਾ। ਸਰਕਾਰ ਨੇ ਇਸ ਸਬੰਧ ਵਿਚ ਕਿਸੇ ਕਿਸਮ ਦੀ ਕੋਈ ਅਣਗਹਿਲੀ ਨਹੀਂ ਕੀਤੀ, ਕੋਈ ਢਿਲ ਨਹੀਂ ਵਿਖਾਈ। ਜਿਉਂ ਜਿਉਂ ਪੜਤਾਲ ਹੁੰਦੀ ਗਈ, ਸੈਂਪਲ ਭਰਿਆ ਗਿਆ ਔਰ ਉਹ ਗਲਤ ਪਾਇਆ ਗਿਆ, ਕਾਰ-ਵਾਈ ਕਰ ਦਿਤੀ ਗਈ । ਜਿਥੋਂ ਤਕ ਰੇਡ ਦਾ ਸਬੰਧ ਹੈ ਮੈਂ ਦਸਦਾ ਹਾਂ ਕਿ ਇਕ ਤਾਂ ਨਾਜਾਇਜ਼ ਤੌਰ ਤੇ ਕੰਮ ਕਰਦੇ ਹਨ ਜਿਨ੍ਹਾਂ ਦੀ ਵਾਕਫ਼ੀਅਤ ਮਹਿਕਮੇਂ ਨੂੰ ਨਹੀਂ । ਦੂਸਰੇ ਬਾਕਾਇਦਾ ਤੌਰ ਤੇ ਕੰਮ ਕਰਦੇ ਹਨ ਔਰ ਉਸ ਦਾ ਮਹਿਕਮੇਂ ਨੂੰ ਪਤਾ ਹੁੰਦਾ ਹੈ। ਜਿਥੇ ਮਾਲ ਠੀਕ ਬਣਦਾ ਹੈ ਉਥੇ ਹੈਲਥ

Original with;
Punjab Vidhan Sabha
Digitized by;
Panjab Digital Library

[ਸਿਹਤ ਮੰਤਰੀ]

ਡਿਪਾਰਟਮੈਂਟ ਦਾ, ਸਿਵਲ ਸਪਲਾਈ ਦੇ ਮਹਿਕਮੇਂ ਦਾ ਤੁਅੱਲਕ ਹੈ, ਪਰ ਇਹ ਚੋਰੀ ਮਾਲ ਬਣਾਉਂਦੇ ਸਨ, ਇਹ ਗਲਤ ਕੰਮ ਕਰਦੇ ਸਨ । ਉਨ੍ਹਾਂ ਨੇ ਕਾਨੂੰਨ ਨੂੰ ਭੰਗ ਕਰ ਕੇ ਨਾਜਾਇਜ਼ ਤੌਰ ਤੇ ਬਨਾਸਪਤੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਜਦ ਕਿ ਉਨ੍ਹਾਂ ਕੋਲ ਲਸੰਸ ਨਹੀਂ ਸੀ । ਇਸ ਤੋਂ ਪਹਿਲਾਂ ਉਨ੍ਹਾਂ ਦਾ ਸੈਂਪਲ ਭਰਨ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ । ਇਸ ਦੀ ਕੰਪਲੇਂਟ ਆਉਣ ਤੇ ਸੈਂਪਲ ਭਰਿਆ ਅਤੇ ਯੂ. ਪੀ. ਦੀ ਮਿੱਲ ਜੈਨ ਸ਼ੁੱਧ ਘੀ ਲਿਮਿਟਿਡ, ਜਿਹੜੀ ਇਨ੍ਹਾਂ ਨੂੰ ਮਾਲ ਸਪਲਾਈ ਕਰਦੀ ਸੀ, ਬੀਫ ਟੈਲੋ ਉਨ੍ਹਾਂ ਕੋਲੋਂ ਪਾਈ ਗਈ, ਉਸ ਦਾ ਵੀ ਸੈਂਪਲ ਭਰਿਆ ਗਿਆ । ਚਲਾਨ ਪੇਸ਼ ਕੀਤਾ ਗਿਆ । ਯੂ. ਪੀ. ਗੌਰਮਿੰਟ ਔਰ ਗੌਰਮਿੰਟ ਆਫ਼ ਇੰਡੀਆ ਨੂੰ ਇਤਲਾਹ ਦਿਤੀ । ਪਾਰਲੀਮੈਂਟ ਵਿਚ ਸੁਆਲ ਉਠਿਆ । ਪਾਰਲੀ-ਮੈਂਟ ਵਿਚ ਜੋ ਐਕਸ਼ਨ ਹੋਇਆ ਉਸ ਵਿਚ ਦੱਸਿਆ ਗਿਆ ਕਿ ਪੰਜਾਬ ਹੈਲਥ ਡਿਪਾਰਟਮੈਂਟ ਉਸ ਪਾਰਟੀ ਦਾ ਇਕ ਹਿੱਸਾ ਹੈ ਜਿਨ੍ਹਾਂ ਨੇ ਸੈਂਪਲ ਰਿਪੋਰਟ ਦਿਤੀ ਕਿ ਇਹ ਲੋਕ ਇਸ ਤਰ੍ਹਾਂ ਦੀਆਂ ਚੀਜ਼ਾਂ ਵੇਚਦੇ ਹਨ । ਸਪੀਕਰ ਸਾਹਿਬ, ਮੈਂ ਫਿਰ ਦੱਸਣਾ ਚਾਹੁੰਦਾ ਹਾਂ ਕਿ ਨੈਸ਼ਨਲ ਸਿਕਿਉਰਿਟੀ ਐਕਟ ਵਰਗਾ ਐਕਟ ਉਨ੍ਹਾਂ ਤੇ ਲਾਗੂ ਕਰ ਦਿਤਾ ਹੈ । ਜੋ ਭਜ ਗਏ ਹਨ ਉਨ੍ਹਾਂ ਦੀ ਜਾਇਦਾਦ ਨੂੰ ਅਟੈਚ ਕਰਨ ਵਾਸਤੇ ਸਰਕਾਰ ਬਿਲਕੁਲ ਉਸ ਤਰ੍ਹਾਂ ਐਕਟ ਕਰੇਗੀ ਜਿਸ ਤਰ੍ਹਾਂ ਕਰਨਾ ਚਾਹੀਦਾ ਹੈ । ਇਸ ਵਿਚ ਕੋਈ ਡਿਲੇ ਨਹੀਂ ਹੋਵੇਗੀ । ਜਿਸ ਜਿਸ ਪਹਿਲੂ ਤੇ ਜਿਸ ਜਿਸ ਵਕਤ ਐਕਸ਼ਨ ਦੀ ਲੋੜ ਹੋਵੇਗੀ, ਮੁਫ਼ਾਦੇਆਮਾ ਦੇ ਹਕ ਵਿਚ ਐਕਸ਼ਨ ਲਿਆ ਜਾਵੇਗਾ ਔਰ ਕਾਨੂੰਨ ਦੇ ਮੁਤਾਬਕ ਹੋਵੇਗਾ ।

---

## FINANCIAL BUSINESS

### SUPPLEMENTARY ESTIMATES (FIRST INSTALMENT) FOR THE YEAR 1983-84

**(i) Discussion on the Estimates of the expenditure charged on the revenues of the State.**

**Mr. Speaker** : If any hon. Member want to raise discussion on the charged items, he may please do so.

(No one rose to speak)

**(ii) Discussion and Voting of Demands for Supplementary Grants**

**Mr. Speaker** : There are 19 Demands for Supplementary Grants which are to be discussed and voted upon today. If the hon. Members agree, all these Demands will be deemed to have been read and moved as per past practice and these will be discussed together.

(Voice : Yes Yes.)

**Mr. Speaker** : The honourable Members, while speaking, may indicate the Demand Number on which they would like to raise discussion. At the end , I will put the Demands one by one to the vote of the House.

Now I call upon Mr. Gopal Krishan Chatrath to speak.

**Demand No. 4**

That a supplementary sum not exceeding Rs. 2,11,65,000 be granted to the Governor to defray the charges that will come in course of payment for the year ending 31st March, 1984, in respect of Elections.

Original with;
Punjab Vidhan Sabha
Digitized by;
Panjab Digital Library

### Demand No. 5

That a supplementary sum not exceeding Rs 1,39,81,000 be granted to the Governor to defray the charges that will come in course of payment for the year ending 31st March, 1984 in respect of Revenue.

### Demand No. 9

That a supplementary sum not exceeding Rs. 5,49,000 be granted to the Governor to defray the charges that will come in course of payment for the year ending 31st March, 1984, in respect of Civil Secretariat.

### Demand No. 10

That a supplementary sum not exceeding Rs. 7,00,000 be granted to the Governor to defray the charges that will come in course of payment for the year ending 31st March, 1984, in respect of District Administration.

### Demand No. 11

That a supplementary sum not exceeding Rs. 3,01,24,000 be granted to the Governor to defray the charges that will come in course of payment for the year ending 31st March, 1984, in respect of Police.

### Demand No. 14

That a supplementary sum not exceeding Rs. 7,51,000 be granted to the Governor to defray the charges that will come in course of payment for the year ending 31st March, 1984, in respect of Miscellaneous Services.

### Demand No. 16

That a supplementary sum not exceeding Rs. 50,69,000 be granted to the Governor to defray the charges that will come in course of payment for the year ending 31st March, 1984 in respect of Education.

### Demand No. 20

That a supplementary sum not exceeding Rs. 38,27,000 be granted to the Governor to defray the charges that will come in course of payment for the year ending 31st March 1984, in respect of Information and Publicity.

### Demand No. 21

That a supplementary sum not exceeding Rs. 4,24,000 be granted to the Governor to defray the charges that will come in course of payment for the year ending 31st March, 1984, in respect of Tourism and Cultural Affairs.

### Demand No. 23

That a supplementary sum not exceeding Rs. 30,25,000 be granted to the Governor to defray the charges that will come in course of payment for the year ending 31st March, 1984, in respect of Social Security and Welfare.

### Demand No. 25

That a supplementary sum not exceeding Rs. 20,50,000 be granted to the Governor to defray the charges that will come in course of payment for the year ending 31st March, 1984, in respect of Co-operation.

Original with;
Punjab Vidhan Sabha
Digitized by;
Panjab Digital Library

[Mr. Speaker]

**Demand No. 26**

That a Supplementary sum not exceeding Rs. 11,25,000 be granted to the Governor to defray the charges that will come in course of payment for the year ending 31st March, 1984 in respect of Agriculture.

**Demand No. 32**

That a Supplementary sum not exceeding Rs. 16,00,000 be granted to the Governor to defray the charges that will come in course of payment for the year ending 31st March, 1984, in respect of Forest.

**Demand No. 33**

That a Supplementary sum not exceeding Rs. 6,04,35,000 be granted to the Governor to defray the charges that will come in course of payment for the year ending 31st March, 1984, in respect of Community Development.

**Demand No. 34**

That a supplementary sum not exceeding Rs. 2,00,000 be granted to the Governor to defray the charges that will come in course of payment for the year ending 31st March, 1984, in respect of Industries.

**Demand No. 36**

That a Supplementary sum not exceeding Rs. 6,53,94,000 be granted to the Governor to defray the charges that will come in course of payment for the year ending 31st March, 1984, in respect of Road and Bridges.

**Demand No. 39**

That a Supplementary sum not exceeding Rs. 1,15,000 be granted to the Governor to defray the charges that will come in course of payment for the year ending 31st March, 1984 in respect of Irrigation Drainage and Flood Control.

**Demand No. 40**

That a Supplementary sum not exceeding Rs. 3,13,000 be granted to the Governor to defray the charges that will come in course of payment for the year ending 31st March, 1984, in respect of Buildings.

**Demand No. 41**

That a Supplementary sum not exceeding Rs. 11,33,83,000 be granted to the Governor to defray the charges that will come in course of payment for the year ending 31st March, 1984 in respect of loans and advances by the State Government.

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ** (ਬਟਾਲਾ) : ਸਪੀਕਰ ਸਾਹਿਬ ਤੁਹਾਡੇ ਸਾਹਮਣੇ ਸਪਲੀਮੈਂਟਰੀ ਡਿ-ਮਾਂਡਜ਼ ਫ਼ਾਰ ਗਰਾਂਟਸ ਫ਼ਾਇਨਾਂਸ ਮਨਿਸਟਰ ਸਾਹਿਬ ਨੇ ਪੇਸ਼ ਕੀਤੀਆਂ। ਵੈਸੇ ਤਾਂ 36,66,37,000 ਰੁਪਏ ਦੀ ਐਡੀਸ਼ਨਲ ਮੰਗ ਕੀਤੀ ਗਈ ਹੈ ਲੇਕਿਨ ਇਸ ਦੇ ਉਪਰ ਐਨੈਲਸਿਜ਼ ਕੀਤਾ ਜਾਏ ਤਾਂ ਪਤਾ ਲਗਦਾ ਹੈ ਕਿ ਇਸ ਤੇ 14,37,00,000 ਰੁਪਿਆ ਹੁੰਦਾ ਹੈ ਜੋ ਕਿ ਸਾਡੇ ਪਲਾਨ ਵਿਚ ਪ੍ਰੋਵਾਈਡ ਹੈ ਔਰ ਐਡ-ਜਸਟੇਬਲ ਹੈ। ਇਸ ਤੋਂ ਇਲਾਵਾ 1,95,79,000 ਰੁਪਏ ਸੈਂਟਰਲ ਗੌਰਮਿੰਟ ਨੇ ਐਡਜਸਟ ਕਰ ਦੇਣੇ ਹਨ, ਸੈਂਟਰਲ ਗੌਰਮਿੰਟ ਤੋਂ ਪੇਏਬਲ ਹਨ, ਰੀਇੰਬਰਸਏਬਲ ਹਨ। ਇਸ ਕਰਕੇ ਪਾਰਟੀ-ਕੁਲਰ ਤੌਰ ਤੇ ਵੇਖਿਆ ਜਾਏ ਤਾਂ 10,33,26,000 ਰੁਪਏ ਪਾਰਟੀਕੁਲਰ ਪਰਪਜ਼ ਲਈ ਇਹ ਡਿਮਾਂਡਜ਼ ਪੇਸ਼ ਕੀਤੀਆਂ ਗਈਆਂ ਹਨ। ਇਸ ਦੇ ਵਿਚ ਐਸਾ ਅਮਾਊਂਟ ਵੀ ਹੈ ਜਿਹੜਾ ਕਿ ਸਰਕਾਰ ਨੂੰ ਸੈਂਟਰਲ ਗੌਰਮਿੰਟ ਨੇ ਦੇਣਾ ਹੈ। ਜਿਵੇਂ ਇਲੈਕਸ਼ਨ ਦੇ ਪ੍ਰਾਸੈਸ ਵਿਚ ਇੰਪਰੂਵਮੈਂਟ ਕਰਨ ਵਾਸਤੇ

Original with;
Punjab Vidhan Sabha
Digitized by;
Panjab Digital Library

ਇਲੈਕਟ੍ਰਨਿਕ ਮਸ਼ੀਨਾਂ ਲਗਾਉਣੀਆਂ ਸਨ । ਇਸ ਦੇ ਲਈ ਤਕਰੀਬਨ 1 ਕਰੋੜ 83 ਲੱਖ ਰੁਪਿਆ ਲਗਣਾ ਹੈ । ਇਸੇ ਤਰ੍ਹਾਂ ਨੈਚੁਰਲ ਕਲੈਮਿਟੀਜ਼ ਨੂੰ ਮੀਟ ਕਰਨ ਲਈ ਕੁਝ ਖਰਚਾ ਕੀਤਾ ਜਾਣਾ ਹੈ ।

11.00 A.M. (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਫਾਈਨਾਂਸ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲਿਆਵਾਂ ਗਾ ਕਿ ਪਿਛਲੇ ਸਾਲ ਵੀ ਮੈਂ ਇਹ ਗਲ ਰੇਜ਼ ਕੀਤੀ ਸੀ ਕਿ ਮੇਰੇ ਹਲਕੇ ਵਿੱਚ ਝੋਨੇ ਦੀ ਫਸਲ ਤਬਾਹ ਹੋਈ ਸੀ । ਰੈਵੇਨਿਊ ਮਨਿਸਟਰ ਸਾਹਿਬ ਨੇ ਇਸ ਸਬੰਧੀ ਘੋਖ ਕਰਨ ਦਾ ਵਾਅਦਾ ਕੀਤਾ ਸੀ । ਮੈਂ ਬੇਨਤੀ ਕਰਾਂਗਾ ਕਿ ਜਿਨ੍ਹਾਂ ਜ਼ਿਮੀਂਦਾਰਾਂ ਦੀ ਝੋਨੇ ਅਤੇ ਕਮਾਦ ਦੀ ਫਸਲ ਗੜੇ ਮਾਰੀ ਨਾਲ ਖਤਮ ਹੋ ਗਈ ਸੀ ਉਨ੍ਹਾਂ ਨੂੰ ਅਜੇ ਤਕ ਕੋਈ ਮੁਆਵਜ਼ਾ ਨਹੀਂ ਮਿਲਿਆ । ਸਾਡਾ ਖੇਤੀ ਪ੍ਰਧਾਨ ਸੂਬਾ ਹੈ । ਇਸ ਕੰਮ ਲਈ ਪੈਸਾ ਰਖਣਾ ਬਹੁਤ ਅੱਛੀ ਗਲ ਹੈ ।

ਡਿਪਟੀ ਸਪੀਕਰ ਸਾਹਿਬ, ਇਸ 11 ਕਰੋੜ ਦੀ ਰਕਮ ਵਿੱਚ ਬਹੁਤ ਵੱਡੀ ਰਕਮ, ਤਿੰਨ ਕਰੋੜ ਦੇ ਕਰੀਬ ਕਰੀਬ ਪੁਲਿਸ ਡਿਪਾਰਟਮੈਂਟ ਉਤੇ ਖਰਚ ਕਰਨੀ ਹੈ । ਪੁਲਿਸ ਤੇ ਖਰਚ ਵਧਿਆ ਹੈ । ਜਿਥੇ ਲਾਅ-ਐਂਡ ਆਰਡਰ ਦੀ ਸਿਚੂਏਸ਼ਨ ਹੁੰਦੀ ਹੈ, ਪੁਲਿਸ ਉਥੇ ਜਾਂਦੀ ਹੈ । ਠੀਕ ਹੈ ਜਦੋਂ ਸਾਡੇ ਕੰਮ ਇਹ ਨਹੀਂ ਕਰਦੇ ਅਸੀਂ ਔਖੇ ਹੋ ਜਾਂਦੇ ਹਾਂ । ਲੇਕਿਨ ਸਵੇਰ ਤੋਂ ਸ਼ਾਮ ਤਕ ਜਿਤਨੀ ਭਕਾਈ, ਮਿਹਨਤ ਇਨ੍ਹਾਂ ਸਰਕਮ-ਸਟਾਂਸਿਜ਼ ਵਿੱਚ ਪੰਜਾਬ ਦੀ ਪੁਲਿਸ ਨੂੰ ਕਰਨੀ ਪਈ ਹੈ ਇਹ ਬਹੁਤ ਸਰਾਹਨਾਯੋਗ ਹੈ । ਮੈਂ ਸਮਝਦਾ ਹਾਂ ਕਿ ਅਸੀਂ ਉਨ੍ਹਾਂ ਕੋਲੋਂ ਇਤਨਾ ਜ਼ਿਆਦਾ ਕੰਮ ਲਿਆ ਹੈ ਜਿਤਨਾ ਕਿ ਜ਼ਿਆਦਾ ਤੋਂ ਜ਼ਿਆਦਾ ਲਿਆ ਜਾ ਸਕਦਾ ਸੀ, ਸਗੋਂ ਅਸੀਂ ਉਨ੍ਹਾਂ ਨੂੰ ਓਵਰ-ਬਰਡਨ ਕੀਤਾ ਹੈ । ਜਿਥੇ ਜ਼ਰੂਰਤ ਹੈ ਉਥੇ ਉਨ੍ਹਾਂ ਲੋਕਾਂ ਨੂੰ ਪੇਟ ਕਰੀਏ ਜਿਨ੍ਹਾਂ ਨੇ ਦਿਨ ਰਾਤ ਮਿਹਨਤ ਕਰ ਕੇ ਸੂਬੇ ਦੀ,ਦੇਸ਼ ਦੀ ਖਿਦਮਤ ਕਰਨ ਦੀ ਕੋਸ਼ਿਸ਼ ਕੀਤੀ ਹੈ । ਮੈਂ ਕੁਝ ਸੁਝਾਓ ਇਸ ਸਬੰਧੀ ਦੇਣਾ ਚਾਹਾਂਗਾ । ਡਿਪਟੀ ਸਪੀਕਰ ਸਾਹਿਬ, ਇਹ ਵੀ ਲੋੜ ਹੈ ਕਿ ਇਸ ਨੂੰ ਕੁਝ ਟੋਨ ਅੱਪ ਵੀ ਕੀਤਾ ਜਾਵੇ । ਮੈਂ ਅੱਗੇ ਵੀ ਕਿਹਾ ਸੀ, ਫਿਰ ਦੁਹਰਾਉਂਦਾ ਹਾਂ ਕਿ ਜਿਹੜੇ ਬੈਰੀਅਰਜ਼ ਲੱਗੇ ਹਨ, ਉਹ ਬੈਰੀਅਰ ਵਾਲੇ ਸਿਰਫ ਨੋਟ ਲੈਣ ਵਾਸਤੇ ਉਥੇ ਖੜੇ ਰਹਿੰਦੇ ਹਨ । ਜਿਤਨੀ ਦੇਰ ਤਕ ਕਿਸੇ ਸੀਨੀਅਰ ਅਫਸਰ ਤੋਂ ਡਾਇਰੈਕਸ਼ਨ ਨਹੀਂ ਆਉਂਦੀ ਜਾਂ ਪਿਛੋਂ ਇਤਲਾਹ ਨਹੀਂ ਆਉਂਦੀ, ਉਹ ਬੈਰੀਅਰ ਤੋਂ ਲੰਘਣ ਨਹੀਂ ਦਿੰਦੇ । ਮੈਂ ਇਕ ਗਲ ਹੋਰ ਕਹਿਣੀ ਚਾਹੁੰਦਾ ਹਾਂ ਕਿ

Further checking by the Police officers is essential. The Police Officers are performing duties which they are not required to perform and they are also not performing the duties which they ought to have performed.

ਇਹ ਬੜਾ ਵੱਡਾ ਅਤੇ ਸੀਰੀਅਸ ਚੈਲੰਜ ਹੈ । ਕਿਹੜੇ ਕੰਮ ਹਨ ਜਿਹੜੇ ਪੁਲਿਸ ਦੇ ਜ਼ਿਮੇ ਨਹੀਂ ਪਰ ਪੁਲਿਸ ਵਾਲੇ ਉਹ ਕਰਦੇ ਹਨ । ਕਈ ਕੰਮ ਅਜਿਹੇ ਹਨ ਜਿਹੜੇ ਉਨ੍ਹਾਂ ਦੇ ਜ਼ਿਮੇ ਹਨ ਪਰ ਉਹ ਕਰਦੇ ਨਹੀਂ । ਖੁਦਾ ਦੇ ਵਾਸਤੇ ਇਨ੍ਹਾਂ ਦੀ ਡਿਊਟੀ ਇੱਕੋ ਰਖੋ । ਜਦੋਂ ਵੀ ਇਨ੍ਹਾਂ ਨੂੰ ਕਾਲ ਅਪਾਨ ਕੀਤਾ ਜਾਵੇ ਤਾਂ ਸਿਰਫ ਲਾਅ ਐਂਡ ਆਰਡਰ ਦੀ ਪ੍ਰਾਬਲਮ ਨੂੰ ਮੀਟ ਕਰਨ ਵਾਸਤੇ ਬੁਲਾਇਆ ਜਾਵੇ । ਇਹ ਨਾ ਹੋਵੇ ਕਿ ਉਹ ਸਕੂਟਰ ਫੜ ਲੈਣ । ਇਨ੍ਹਾਂ ਤੇ ਇਹ ਬੈਨ ਲਾ ਦਿਓ ਕਿ ਬੈਰੀਅਰ ਤੇ ਇਹ ਸਕੂਟਰਾਂ ਦੀ ਚੈਕਿੰਗ ਨਹੀਂ ਕਰ ਸਕਦੇ । ਜੋ ਟਰੈਫਿਕ ਦੀ ਪੁਲਿਸ ਹੈ ਇਹ ਡਿਊਟੀ ਉਨ੍ਹਾਂ ਦੀ ਹੈ । ਮੈਂ ਬੇਨਤੀ ਕਰਾਂਗਾ ਕਿ ਇਸ ਗਲ ਵੱਲ ਖਾਸ ਧਿਆਨ ਦਿਤਾ ਜਾਵੇ । ਜਿਨ੍ਹਾਂ ਲੋਕਾਂ ਨੇ ਪੰਜਾਬ ਦੀ ਬੁਰੀ ਹਾਲਤ ਕੀਤੀ ਹੋਈ ਹੈ, ਇਹੋ ਜਿਹੇ ਹਾਲਾਤ ਪੈਦਾ ਕੀਤੇ ਹਨ ਜਿਸ ਕਾਰਣ ਇਸ ਸੂਬੇ ਦੇ ਸਾਰੇ ਸੋਰਸਿਜ਼ ਉਸ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ]

ਪਾਸੇ ਲਗੇ ਹਨ, ਉਨ੍ਹਾਂ ਤੇ ਨਜ਼ਰ ਰਖੋ। ਬਦਕਿਸਮਤੀ ਹੈ ਇਸ ਸੂਬੇ ਦੀ ਅਤੇ ਇਸ ਦੇਸ਼ ਦੀ ਕਿ ਉਹ ਸੂਬਾ ਜਿਸ ਦਾ ਨਾਂ ਲੈ ਕੇ ਹਰ ਆਦਮੀ ਫਖਰ ਕਰਦਾ ਸੀ, ਅੱਜ ਉਥੇ ਕੀ ਹਾਲਤ ਹੈ। ਮੈਂ ਬਟਾਲੇ ਦਾ ਰਹਿਣ ਵਾਲਾ ਹਾਂ। ਮੈਨੂੰ ਪਤਾ ਹੈ ਕਿ ਅਸੀਂ ਲੋਹਾ, ਕੋਲਾ ਬਿਹਾਰ ਅਤੇ ਬੰਗਾਲ ਤੋਂ ਮੰਗਵਾਉਂਦੇ ਹਾਂ ਅਤੇ ਬਾਅਦ ਵਿਚ ਬਣੀ ਹੋਈ ਮਸ਼ੀਨਰੀ ਬੰਗਾਲ ਅਤੇ ਬਿਹਾਰ ਨੂੰ ਭੇਜਦੇ ਹਾਂ। ਅੱਜ ਐਸੀ ਹਾਲਤ ਹੈ ਕਿ ਪੰਜਾਬ ਦੇ ਵਿੱਚ ਬਾਹਰ ਦਾ ਵਪਾਰੀ ਆਉਣ ਤੋਂ ਘਬਰਾਉਂਦਾ ਹੈ। ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਕੁਝ ਅਖਬਾਰਾਂ ਨੇ ਆਪਣੀਆਂ ਅਖਬਾਰਾਂ ਦੀ ਵਿਕਰੀ ਕਰਨ ਵਾਸਤੇ ਇਸ ਢੰਗ ਦਾ ਨਕਸ਼ਾ ਪੇਸ਼ ਕੀਤਾ ਹੈ ਕਿ ਹਰ ਆਦਮੀ ਬਾਹਰ ਬੈਠਾ ਪੰਜਾਬ ਦੇ ਬਾਰੇ ਅਜਿਹੇ ਵਿਚਾਰ ਬਣਾ ਲੈਂਦਾ ਹੈ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਪੁਲਿਸ ਦੇ ਜਿਮੇ ਜਿਹੜੀ ਡਿਊਟੀ ਹੈ, ਲਾਅ ਐਂਡ ਆਰਡਰ ਨੂੰ ਮੇਨ-ਟੇਨ ਕਰਨ ਦੀ, ਉਹ ਠੀਕ ਨਿਭਾਉਣ। ਜਿਥੇ ਲਾਅ ਨਹੀਂ ਹੋਵੇਗਾ ਉਥੇ ਆਰਡਰ ਵੀ ਨਹੀਂ ਹੋ ਸਕਦਾ। ਲਾਅ ਐਂਡ ਆਰਡਰ ਤਾਂ ਮੇਨਟੇਨ ਰਹੇਗਾ ਜੇ ਲਾਅ ਨੂੰ ਮੇਨਟੇਨ ਕੀਤਾ ਜਾਵੇਗਾ। ਇਸ ਕਰ ਕੇ ਲਾਅ ਐਂਡ ਆਰਡਰ ਵਾਲਿਆਂ ਅੱਗੇ ਮੇਰੀ ਬੇਨਤੀ ਹੈ ਕਿ ਲਾਅ ਨੂੰ ਮੁੱਖ ਰਖਦੇ ਹੋਏ ਆਰਡਰ ਨੂੰ ਐਸ-ਟੇਬਲਿਸ਼ ਕਰਨ ਦੀ ਕੋਸ਼ਿਸ਼ ਕਰਨ। ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਪੁਲਿਸ ਦੀਆਂ ਜੋ ਡਿਮਾਂਡਜ਼ ਹਨ, ਉਨ੍ਹਾਂ ਦੇ ਬਾਰੇ ਕਮੇਟੀ ਬਣਾਉਣ। ਜਿਥੇ ਉਨ੍ਹਾਂ ਦੀ ਪੋਸਟਿੰਗ ਹੋਵੇ ਉਥੇ ਫੈਮਿਲੀ ਰਖਣ ਵਾਸਤੇ ਰੈਜ਼ੀਡੈਂਸ ਬਣਾ ਕੇ ਦਿਉ।

ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਕੁਝ ਚੰਗੇ ਕੰਮ ਵੀ ਕੀਤੇ ਗਏ ਹਨ। ਮੈਂ ਸਮਝਦਾ ਹਾਂ ਕਿ ਐਜੂਕੇਸ਼ਨ ਡਿਪਾਰਟਮੈਂਟ ਅਤੇ ਪੰਜਾਬ ਸਰਕਾਰ ਵਧਾਈ ਦੀ ਮੁਸਤਹਿਕ ਹੈ ਜਿਨ੍ਹਾਂ ਨੇ ਉਰਦੂ ਦੀ ਪੜ੍ਹਾਈ ਵਾਸਤੇ ਪ੍ਰੋਵੀਜ਼ਨ ਕੀਤਾ ਹੈ। ਇਹ ਕਹਿਣਾ ਕਿ ਇਹ ਮੁਸਲਮਾਨਾਂ ਦੀ ਜ਼ਬਾਨ ਹੈ ਜਾਂ ਪਾਕਿਸਤਾਨ ਦੀ ਜ਼ਬਾਨ ਹੈ, ਇਹ ਉਤਨੀ ਹੀ ਮਾੜੀ ਗਲ ਹੈ ਜਿਤਨੀ ਕਿ ਕੋਈ ਹੋ ਸਕਦੀ ਹੈ। ਹਿੰਦੁਸਤਾਨ ਦੀ ਆਜ਼ਾਦੀ ਤੋਂ ਬਾਅਦ ਉਰਦੂ ਜ਼ਬਾਨ ਨੂੰ ਪੰਜਾਬ ਦਾ ਹਰ ਬੱਚਾ ਪੜ੍ਹਦਾ ਸੀ। ਪਰ ਪਤਾ ਨਹੀਂ ਕਿਸ ਵਹਿਮ ਕਾਰਨ ਇਸ ਦੀ ਪੜ੍ਹਾਈ ਬੰਦ ਕਰ ਦਿਤੀ ਸੀ। ਉਰਦੂ ਦੀ ਅਕਾਦਮੀ ਖੋਲ੍ਹ ਕੇ 5 ਲੱਖ ਰੁਪਿਆ ਜੋ ਇਸ ਲਈ ਦਿਤਾ ਹੈ ਇਹ, ਡਾਕਟਰ ਸਾਹਿਬ, ਬਹੁਤ ਚੰਗਾ ਕੰਮ ਕੀਤਾ ਗਿਆ ਹੈ। ਮੈਂ ਇਸ ਦੇ ਵਾਸਤੇ ਐਜੂਕੇਸ਼ਨ ਡਿਪਾਰਟਮੈਂਟ, ਮੁੱਖ ਮੰਤਰੀ ਜੀ ਅਤੇ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ। ਬਾਰਡਰ ਦੇ ਸੂਬੇ ਦੇ ਲੋਕਾਂ ਨੂੰ ਦੂਸਰੇ ਦੇਸ਼ ਦੀ ਜ਼ਬਾਨ ਦੀ ਜਾਣਕਾਰੀ ਦੇਣੀ ਦੇਸ਼ ਅਤੇ ਡਿਫੈਂਸ ਦੋਨਾਂ ਦੇ ਹਿਤ ਵਿਚ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਉਰਦੂ ਲੈਂਗੂਏਜ ਦੇ ਫੈਲਾਓ ਵਾਸਤੇ ਇਮੀਜੀਏਟਲੀ ਯਤਨ ਕਰਨਾ ਚਾਹੀਦਾ ਹੈ। ਪੰਜਾਬੀ ਭਵਨ ਲੁਧਿਆਣੇ ਵਾਸਤੇ 75 ਹਜ਼ਾਰ ਰੁਪਿਆ ਦਿਤਾ ਗਿਆ ਹੈ। ਮੇਰੀ ਡਾਕਟਰ ਸਾਹਿਬ ਅੱਗੇ ਬੇਨਤੀ ਹੈ ਕਿ ਉਰਦੂ ਦੀਆਂ ਬੜੀਆਂ ਸ਼ਾਨਦਾਰ ਕਿਤਾਬਾਂ ਅਤੇ ਲਿਟਰੇਚਰ ਜੋ ਹੈ ਉਸਨੂੰ ਟਰਾਂਸਲੇਟ ਕਰਾ ਦਿਓ ਤਾਂ ਬਹੁਤ ਅੱਛਾ ਹੈ, ਨਹੀਂ ਤਾਂ ਘੱਟੋ ਘੱਟ ਦੇਵਨਾਗਰੀ ਜਾਂ ਗੁਰਮੁਖੀ ਸਕਰਿਪਟ ਵਿਚ ਲਿਖਵਾ ਦਿਓ ਅਤੇ ਉਰਦੂ ਪ੍ਰਚਲਤ ਕਰਵਾ ਦਿਓ। ਹੁਣ ਸਾਡੇ ਬੱਚੇ ਅਤੇ ਬੱਚੀਆਂ ਹਿੰਦੀ ਪੰਜਾਬੀ ਹੀ ਜਾਣਦੇ ਹਨ। ਉਰਦੂ ਲਿਟਰੇਚਰ ਨੂੰ ਪਰਸ਼ੀਅਨ ਸਕਰਿਪਟ ਨਾ ਜਾਣਨ ਕਰ ਕੇ ਨਹੀਂ ਪੜ੍ਹ ਸਕਦੇ ਅਤੇ ਉਸਦਾ ਫਾਇਦਾ ਨਹੀਂ ਲੈ ਸਕਦੇ। ਉਰਦੂ ਦਾ ਬੜਾ ਰਿਚ ਖਜ਼ਾਨਾ ਹੈ। ਹਿੰਦੁਸਤਾਨ ਦਾ ਕਲਚਰ ਅਤੇ ਤਹਿਜ਼ੀਬ ਅੰਡਰਸਟੈਂਡ ਕਰਨੀ ਹੋਵੇ ਤਾਂ ਉਰਦੂ ਦੀ ਜਾਣਕਾਰੀ ਬੜੀ ਜ਼ਰੂਰੀ ਹੈ। ਇਸ ਦੇ ਫੈਲਾਓ ਲਈ ਯਤਨ ਕਰੋ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿਚ ਇਹ ਗਲ ਲਿਆਉਣਾ ਚਾਹੁੰਦਾ ਹਾਂ ਕਿ ਟੀਚਰਜ਼ ਦੀਆਂ ਜਿਹੜੀਆਂ ਮੰਗਾਂ ਪੈਂਡਿੰਗ ਪਈਆਂ ਹਨ ਉਹ ਅਕਸੈਪਟ ਕਰੋ।

Original with;
Punjab Vidhan Sabha
Digitized by;
Panjab Digital Library

ਪ੍ਰਾਈਵੇਟ ਸਕੂਲਾਂ ਦੇ ਟੀਚਰਾਂ ਅਤੇ ਕਾਲਜ ਦੇ ਲੈਕਚਰਾਰਾਂ ਦੀ ਪੈਨਸ਼ਨ ਅਤੇ ਗਰੈਚੁਟੀ ਦੀ ਡਿਮਾਂਡ ਹੈ । ਪੰਜਾਬ ਵਿਚ 12,188 ਪਿੰਡ ਹਨ । ਇਨ੍ਹਾਂ ਵਿਚੋਂ 10 ਹਜ਼ਾਰ ਪਿੰਡਾਂ ਵਿਚ ਜਿਹੜੇ ਮੁਲਾਜ਼ਮ ਪੋਸਟਡ ਹਨ ਉਹ ਕਿਸੇ ਜਗ੍ਹਾ ਬਾਰਡਰ ਏਰੀਆ ਅਲਾਊਂਸ, ਕਿਸੇ ਜਗ੍ਹਾ ਹਾਊਸ ਰੈਂਟ ਅਲਾਊਂਸ, ਕਿਸੇ ਜਗ੍ਹਾ ਸੀ. ਸੀ. ਏ. ਅਤੇ ਕਿਸੇ ਜਗ੍ਹਾਂ ਬੇਟ ਏਰੀਆ ਅਲਾਊਂਸ ਲੈਂਦੇ ਹਨ । ਸਿਰਫ 2000 ਪਿੰਡ ਐਸੇ ਹਨ ਜਿਥੇ ਪੋਸਟਡ ਮੁਲਾਜ਼ਮਾਂ ਨੂੰ ਇਹ ਨਹੀਂ ਮਿਲਦਾ । ਪੰਜਾਬ ਦੇ ਵਿੱਚ ਤਕਰੀਬਨ 4 ਲੱਖ ਇੰਪ-ਲਾਈਜ਼ ਹਨ । ਇਨ੍ਹਾਂ ਵਿਚੋਂ ਤਿੰਨ, ਸਾਢੇ ਤਿੰਨ ਲੱਖ ਇੰਪਲਾਈਜ਼ ਨੂੰ ਕਿਸੇ ਨਾ ਕਿਸੇ ਸ਼ਕਲ ਵਿਚ ਇਹ ਅਲਾਊਂਸ ਮਿਲਦਾ ਹੈ । ਮੇਰੀ ਅਰਜ਼ ਹੈ ਕਿ ਕਿਉਂ ਨਾ ਇਸ ਨੂੰ ਯੂਨੀਵਰਸਲ ਕੀਤਾ ਜਾਵੇ । ਜਿਹੜੇ ਲੋਕ ਪਿੰਡਾਂ ਵਿੱਚ ਸਰਵਿਸ ਕਰਦੇ ਹਨ ਅਗਰ ਉਨ੍ਹਾਂ ਨੂੰ ਰੂਰਲ ਏਰੀਆ ਅਲਾਊਂਸ ਦੇ ਦਿੱਤਾ ਜਾਵੇ ਤਾਂ ਇਹ ਕਰਮਚਾਰੀ ਪਿੰਡਾਂ ਵਿੱਚ ਜਾ ਕੇ ਰਹਿਣਾ ਪਸੰਦ ਕਰਨਗੇ ਅਤੇ ਸ਼ਹਿਰਾਂ ਵਿਚ ਜਿਹੜਾ ਰਸ਼ ਹੈ ਉਹ ਖਤਮ ਹੋ ਜਾਵੇਗਾ । ਇਸ ਪਾਸੇ ਵੱਲ ਖਾਸ ਤੌਰ ਤੇ ਧਿਆਨ ਦਿਤਾ ਜਾਵੇ ।

ਡਿਪਟੀ ਸਪੀਕਰ ਸਾਹਿਬ, ਮੁਲਾਜ਼ਮਾਂ ਦੀ ਇਕ ਹੋਰ ਬੜੀ ਵੱਡੀ ਮੰਗ ਰਹਿੰਦੀ ਹੈ । 8 ਫਰਵਰੀ, 1978 ਨੂੰ ਇੰਪਲਾਈਜ਼ ਨੇ ਸਟਰਾਈਕ ਕੀਤੀ ਸੀ । ਜਿਨ੍ਹਾਂ ਮੁਲਾਜ਼ਮਾਂ ਨੇ ਸਟਰਾਈਕ ਨਹੀਂ ਕੀਤੀ ਸੀ ਉਨ੍ਹਾਂ ਨੂੰ ਤਾਂ 1, 1 ਇਨਕਰੀਮੈਂਟ ਦੇ ਦਿਤੀ ਗਈ । ਅਗਰ ਅੰਕੜੇ ਕੱਢੇ ਜਾਣ ਤਾਂ 4 ਲੱਖ ਇੰਪ-ਲਾਈਜ਼ ਵਿੱਚੋਂ 6000 ਇੰਪਲਾਈਜ਼ ਐਸੇ ਹਨ ਜਿਨ੍ਹਾਂ ਨੂੰ ਇਹ ਇਨਕਰੀਮੈਂਟ ਨਹੀਂ ਮਿਲੀ । ਮੈਂ ਕਹਾਂਗਾ ਕਿ ਇਹ ਵੀ ਇਕ ਕਾਜ਼ ਆਫ ਇਰੀਟੇਸ਼ਨ ਬਣਿਆ ਹੋਇਆ ਹੈ । ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ, ਫਾਈਨਾਂਸ ਮਨਿਸਟਰ ਸਾਹਿਬ ਅਤੇ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਤੁਸੀਂ ਵੇਖਿਆ ਹੋਣਾ ਹੈ ਕਿ ਚਾਰ ਪੰਜ ਸਾਲਾਂ ਤੋਂ ਮੁਲਾਜ਼ਮਾਂ ਨੇ ਸਰਕਾਰ ਦਾ ਬਿਲਕੁਲ ਸਾਥ ਦਿਤਾ ਹੈ । ਮੈਂ ਕਹਾਂਗਾ ਕਿ ਇਹ ਉਨ੍ਹਾਂ ਦੀ ਬਹੁਤ ਵੱਡੀ ਮੰਗ ਹੈ ਕਿ ਉਨ੍ਹਾਂ ਨੂੰ ਸਰਵਿਸ ਬੈਨੀਫਿਟ ਦਿਤਾ ਜਾਵੇ । ਜਾਂ ਇਹ ਕਰ ਦਿਓ ਕਿ ਜਿਨ੍ਹਾਂ ਨੂੰ 7 ਫਰਵਰੀ ਤਕ ਇਕ ਇਨਕਰੀਮੈਂਟ ਮਿਲ ਗਈ ਹੈ ਉਹ ਠੀਕ ਹੈ ਪਰ ਜਿਨ੍ਹਾਂ ਨੂੰ ਨਹੀਂ ਮਿਲੀ ਉਨ੍ਹਾਂ ਨੂੰ 8 ਫਰਵਰੀ ਤੋਂ ਸਰਵਿਸ ਬੈਨੀਫਿਟ ਦੀ ਇਕ ਇਨਕਰੀਮੈਂਟ ਦੇ ਦਿਓ ਔਰ ਕਹਿ ਦਿਓ ਕਿ ਉਨ੍ਹਾਂ ਨੇ ਪਹਿਲਾਂ 8 ਫਰਵਰੀ ਦੀ ਹੜਤਾਲ ਵਾਲੀ ਇਨਕਰੀਮੈਂਟ ਨਾ ਲਈ ਹੋਵੇ । ਜਿਸ ਵੇਲੇ ਸਾਡੀ ਪਾਰਟੀ ਬਰਸਰੇ-ਇਕਤਦਾਰ ਨਹੀਂ ਸੀ ਤਾਂ ਸਾਡੇ ਕਾਂਗਰਸ ਦੇ ਪ੍ਰਧਾਨ ਨੇ ਕਿਹਾ ਸੀ ਕਿ ਜਦੋਂ ਅਸੀਂ ਪਾਵਰ ਵਿਚ ਆਵਾਂਗੇ ਤਾਂ ਅਸੀਂ ਜਿਨ੍ਹਾਂ ਮੁਲਾਜ਼ਮਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਕੰਪੈਨਸੇਟ ਕਰਾਂਗੇ । 19 ਫਰਵਰੀ ਨੂੰ ਜਦੋਂ ਹੜਤਾਲ ਹੋਈ ਸੀ ਤਾਂ ਸਾਡੀ ਮੁਲਾਜ਼ਮਾਂ ਨਾਲ ਇਹ ਅੰਡਰਸਟੈਂਡਿੰਗ ਸੀ ਕਿ ਜਿਹੜੇ ਮੁਲਾਜ਼ਮ ਹੜਤਾਲ ਨਹੀਂ ਕਰਨਗੇ ਉਨ੍ਹਾਂ ਨੂੰ ਇਨਕਰੇਜ ਕੀਤਾ ਜਾਵੇਗਾ । ਜੇਕਰ 8 ਫਰਵਰੀ ਦੀ ਹੜਤਾਲ ਵਿਚ ਹਿੱਸਾ ਨਾ ਲੈਣ ਵਾਲੇ ਮੁਲਾਜ਼ਮਾਂ ਨੂੰ ਅਕਾਲੀ ਸਰਕਾਰ ਇਕ ਇਨਕਰੀਮੈਂਟ ਦੇ ਸਕਦੀ ਹੈ ਤਾਂ ਜਿਨ੍ਹਾਂ ਮੁਲਾਜ਼ਮਾਂ ਨੇ ਸਾਡੇ ਵੇਲੇ 19 ਜਨਵਰੀ ਨੂੰ ਹੜਤਾਲ ਨਹੀਂ ਸੀ ਕੀਤੀ ਉਨ੍ਹਾਂ ਨੂੰ ਵੀ ਇਨਕਰੀਮੈਂਟ ਦਿੱਤੀ ਜਾ ਸਕਦੀ ਹੈ । ਉਨ੍ਹਾਂ ਨੂੰ ਇਨਕਰੀਮੈਂਟ ਦਿਓ ਔਰ ਨਾਲ ਹੀ ਸ਼ਰਤ ਲਗਾ ਦਿਓ ਕਿ ਉਨ੍ਹਾਂ ਨੂੰ ਪਹਿਲਾਂ ਇਸ ਤਰ੍ਹਾਂ ਦੀ ਇਨਕਰੀਮੈਂਟ ਨਾ ਮਿਲੀ ਹੋਵੇ । ਇਹ ਇਕ ਛੋਟੀ ਜਿਹੀ ਗੱਲ ਹੈ ਪਰ ਇਹ ਇਕ ਸੈਂਟੀਮੈਂਟਲ ਚੀਜ਼ ਹੈ । ਕੋਈ ਸਰਕਾਰ ਨਮਕ ਤੇ ਟੈਕਸ ਨਹੀਂ ਲਗਾਉਂਦੀ ਪਰ ਮਹਾਤਮਾ ਗਾਂਧੀ ਜੀ ਨੇ ਉਸ ਵੇਲੇ ਦੀ ਅੰਗਰੇਜ਼ ਸਰਕਾਰ ਦੇ ਵਿਰੁੱਧ ਜਦੋਂ ਉਨ੍ਹਾਂ ਨੇ ਟੈਕਸ ਲਗਾਇਆ ਤਾਂ ਅੰਦੋਲਨ ਖੜਾ ਕਰ ਦਿੱਤਾ ਸੀ । ਇਹ ਵੀ ਬੜੀ ਸਿੰਸੇਟਿਵ ਜਿਹੀ ਗੱਲ ਸੀ ਔਰ ਸਰਕਾਰ ਨੂੰ ਇਸ ਦੇ ਬਾਰੇ ਸੋਚਣ ਤੇ ਮਜ਼ਬੂਰ ਹੋਣਾ ਪਿਆ ਸੀ ।

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਇਕ ਹੋਰ ਮਸਲਾ ਟੀਚਰਾਂ ਦਾ ਹੈ। ਸਿਵਾਏ ਟੀਚਰ ਦੇ ਬੱਚੇ ਦੇ ਬਾਕੀ ਸਾਰੇ ਬੱਚਿਆਂ ਦੀ ਫੀਸ ਮੁਆਫ ਹੋ ਸਕਦੀ ਹੈ ਪਰ ਅਧਿਆਪਕ ਦੇ ਬੱਚਿਆਂ ਦੀ ਫੀਸ ਮੁਆਫ ਨਹੀਂ ਹੋ ਸਕਦੀ ਕਿਉਂਕਿ ਬਾਕੀ ਦੇ ਤਾਂ ਗਲਤ-ਮਲਤ ਹਲਫੀਆ ਬਿਆਨ ਦੇ ਦਿੰਦੇ ਹਨ। ਉਨ੍ਹਾਂ ਵਾਸਤੇ ਇਨਕਮ ਟੈਕਸ ਵਾਲੇ ਵੀ ਸਰਟੀਫਿਕੇਟ ਦੇ ਦੇਣਗੇ ਪਰ ਅਧਿਆਪਕ ਦੇ ਕੇਸ ਵਿਚ ਉਸ ਦੇ ਬੱਚਿਆਂ ਦੀ ਫੀਸ ਮੁਆਫ ਨਹੀਂ ਹੋ ਸਕਦੀ। ਐਜੂਕੇਸ਼ਨ ਮਨਿਸਟਰ ਸਾਹਿਬ ਨੇ ਇਸ ਬਾਰੇ ਕਿਹਾ ਵੀ ਸੀ ਕਿ ਉਨ੍ਹਾਂ ਦੀ ਇਸ ਤਕਲੀਫ ਵੱਲ ਵੀ ਧਿਆਨ ਦਿੱਤਾ ਜਾਵੇਗਾ ਪਰ ਦਿੱਤਾ ਨਹੀਂ ਗਿਆ। ਇਹ ਮੇਰਾ ਖਿਆਲ ਹੈ ਕਿ ਕੋਈ ਛੇ ਸੱਤ ਲੱਖ ਦੀ ਮੁਸ਼ਕਲ ਨਾਲ ਗੱਲ ਹੋਵੇਗੀ। ਇਸ ਲਈ ਸਾਨੂੰ ਟੀਚਰਾਂ ਨੂੰ ਵੀ ਰੀਲੀਫ ਦੇਣਾ ਚਾਹੀਦਾ ਹੈ।

ਮੈਂ ਸਮਝਦਾ ਹਾਂ ਕਿ ਸਰਕਾਰ ਵਧਾਈ ਦੀ ਪਾਤਰ ਹੈ ਕਿ ਇਸ ਨੇ ਰਿਜਨਲ ਰੂਰਲ ਬੈਂਕ ਤਿੰਨ ਖੋਲ੍ਹੇ ਹਨ। ਇਨ੍ਹਾਂ ਨਾਲ ਮੈਂ ਸਮਝਦਾ ਹਾਂ ਕਿ ਪਿੰਡਾਂ ਦੇ ਲੋਕਾਂ ਨੂੰ, ਦਿਹਾਤੀ ਲੋਕਾਂ ਨੂੰ, ਹੋਰ ਕਰਜ਼ੇ ਲੈਣ ਲਈ ਸਹੂਲਤਾਂ ਮਿਲਣਗੀਆਂ।

ਇਸ ਦੇ ਨਾਲ ਹੀ ਮੈਂ ਇਹ ਵੀ ਕਹਿ ਦੇਣਾ ਚਾਹੁੰਦਾ ਹਾਂ ਕਿ ਇਸ ਵੇਲੇ ਐਡਹਾਕ ਇੰਪ-ਲਾਈਜ਼ ਦੀ ਭਰਤੀ ਬੰਦ ਕੀਤੀ ਹੋਈ ਹੈ ਔਰ ਜਿਹੜੇ ਬੰਦੇ ਅਕਾਲੀਆਂ ਨੇ ਭਰਤੀ ਕੀਤੇ ਸਨ ਉਨ੍ਹਾਂ ਨੂੰ ਅਸੀਂ ਰੈਗੂਲਰ ਕਰ ਰਹੇ ਹਾਂ ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਦੂਸਰਿਆਂ ਦਾ ਕੀ ਕਸੂਰ ਹੈ। ਜਦੋਂ ਦਫਤਰਾਂ ਦਾ ਕੰਮ ਸਫਰ ਕਰਦਾ ਹੈ ਤਾਂ ਐਡਹਾਕ ਤੌਰ ਤੇ ਮੁਲਾਜ਼ਮ ਕਿਉਂ ਨਾ ਭਰਤੀ ਕਰ ਲਏ ਜਾਣ। ਇਸ ਲਈ ਐਡਹਾਕ ਭਰਤੀ ਖੋਲ੍ਹੋ ਔਰ ਨਾਲ ਹੀ ਜਿਤਨੇ ਮੁਲਾਜ਼ਮਾਂ ਦੇ ਕੇਸਿਜ਼ ਪੈਂਡਿੰਗ ਪਏ ਹਨ ਰੈਗੂਲੇਰਾਈਜ਼ੇਸ਼ਨ ਵਾਸਤੇ ਉਨ੍ਹਾਂ ਵਲ ਵੀ ਧਿਆਨ ਦਿੱਤਾ ਜਾਵੇ ਤਾਕਿ ਇਹ ਗੱਲ ਖਤਮ ਹੋਵੇ। ਇਹ ਸਰਕਾਰ ਦਾ ਡਿਸੀਜ਼ਨ ਹੈ, ਕੈਬਨਿਟ ਦਾ ਡਿਸੀਜ਼ਨ ਹੈ ਪਰ ਕਈ ਅਫਸਰ ਅੱਗੋਂ ਇਸ ਨੂੰ ਇੰਪਲੀਮੈਂਟ ਨਹੀਂ ਕਰ ਰਹੇ। ਮੈਂ ਸਮਝਦਾ ਹਾਂ ਕਿ ਸਰਕਾਰ ਨੇ ਬਹੁਤ ਵੱਡਾ ਕੰਮ ਪਿੰਡਾਂ ਦੀ ਡਿਵੈਲਪ-ਮੈਂਟ ਦਾ ਕੀਤਾ ਹੈ। ਅਕਾਲੀਆਂ ਦੀ ਸਰਕਾਰ ਨੇ ਤਿੰਨਾਂ ਸਾਲਾਂ ਵਿਚ ਸਿਰਫ ਡੇਢ ਕਰੋੜ ਰੁਪਿਆ ਪੇਂਡੂ ਵਿਕਾਸ ਲਈ ਖਰਚਿਆ ਸੀ ਪਰ ਸਾਡੀ ਸਰਕਾਰ ਨੇ ਪਿਛਲੇ ਸਾਲ 16 ਕਰੋੜ ਰੁਪਿਆ ਔਰ ਇਸ ਸਾਲ 15 ਕਰੋੜ ਰੁਪਿਆ ਖਰਚਣਾ ਹੈ। ਜਿਹੜੇ ਸਪਲੀਮੈਂਟਰੀ ਐਸਟੀਮੇਟਸ ਹਨ ਇਨ੍ਹਾਂ ਵਿਚ ਵੀ 5 ਕਰੋੜ ਰੁਪਿਆ ਇਕ ਹੈ ਔਰ ਡੇਢ ਕਰੋੜ ਰੁਪਿਆ ਮਹਿਲਾ ਮੰਡਲ ਵਾਸਤੇ ਰੱਖਿਆ ਹੈ ਤਾਕਿ ਪਿੰਡਾਂ ਵਿਚ ਲੇਡੀਜ਼ ਨੂੰ ਸਹੂਲਤਾਂ ਦਿੱਤੀਆਂ ਜਾਣ। ਉਹ ਆਪਸ ਵਿਚ ਮਿਲ ਜੁਲ ਸਕਣ। ਇਸ ਦੇ ਨਾਲ ਹੀ ਇਕ ਹੋਰ ਚੀਜ਼ ਮੈਂ ਫਾਇਨਾਂਸ ਮਨਿਸਟਰ ਸਾਹਿਬ, ਮੁੱਖ ਮੰਤਰੀ ਸਾਹਿਬ ਦੇ ਔਰ ਹੋਮ ਡਿਪਾਰਟਮੈਂਟ ਦੇ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਕਈਆਂ ਆਦਮੀਆਂ ਨੇ ਕੁਝ ਦਿਨਾਂ ਵਿਚ, ਇਕ ਦੋ ਸਾਲਾਂ ਵਿਚ ਹੀ ਅਮੀਰ ਬਣਨ ਦਾ ਪ੍ਰੋਗਰਾਮ ਬਣਾਇਆ ਹੋਇਆ ਹੈ। ਉਹ ਬੜੀ ਹੀ ਛੇਤੀ ਅਮੀਰ ਬਣਨਾ ਚਾਹੁੰਦੇ ਹਨ, ਉਹ ਬੰਦੇ ਹਨ ਜਿਹੜੇ ਕਿ ਅਨਸਕਰੁਪੁਲਸ ਹਨ ਜਿਹੜੇ ਇਹ ਕਹਿੰਦੇ ਹਨ ਕਿ ਅਜ 3000 ਰੁਪਿਆ ਦਿਓ ਤੇ ਤਿੰਨ ਮਹੀਨਿਆਂ ਬਾਅਦ 9 ਹਜ਼ਾਰ ਰੁਪਿਆ ਲੈ ਲਵੋ, ਅੱਜ 5 ਹਜ਼ਾਰ ਰੁਪਿਆ ਦੇ ਦਿਓ ਤੇ ਤਿੰਨ ਮਹੀਨਿਆਂ ਬਾਅਦ 15 ਹਜ਼ਾਰ ਰੁਪਿਆ ਲੈ ਲਵੋ। ਇਸ ਤਰ੍ਹਾਂ ਉਹ ਕਰੋੜਾਂ ਰੁਪਿਆ ਇਕੱਠਾ ਕਰਕੇ ਨੱਠ ਜਾਂਦੇ ਹਨ।

It is no use to cry over spilt milk. Why the police has not taken action against them when such unscrupulous persons started working and I tell you, as a Government, it is our first duty that we should order the Home Department

Original with;
Punjab Vidhan Sabha
Digitized by;
Panjab Digital Library

ਕਈ ਬੰਦੇ ਇਹੋ ਜਿਹੀਆਂ ਗੱਲਾਂ ਕਰਦੇ ਹਨ । ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੇ ਖਿਲਾਫ ਕੇਸ ਰਜਿਸਟਰ ਕਰੋ। ਮੈਨੂੰ ਪੂਰੀ ਇਤਲਾਹ ਹੈ ਕਿ ਉਨ੍ਹਾਂ ਬੰਦਿਆਂ ਨੇ ਗਰੀਬਾਂ ਨੂੰ ਬੁਰੀ ਤਰ੍ਹਾਂ ਨਾਲ ਲੁੱਟਿਆ ਹੈ । ਮੈਜਾਰਿਟੀ ਲੋਕਲ ਪੁਲਿਸ ਆਫੀਸਰਜ਼ ਉਹ ਹਨ ਜਿਨ੍ਹਾਂ ਤੋਂ 5000 ਰੁਪਏ ਲੈ ਕੇ 15 ਹਜ਼ਾਰ ਰੁਪਿਆ ਦੇ ਦਿੱਤਾ ਗਿਆ ਹੈ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੇ ਖਿਲਾਫ ਵੀ ਐਕਸ਼ਨ ਲੈਣਾ ਚਾਹੀਦਾ ਹੈ। ਚਿੱਟ ਫੰਡ ਉਤੇ ਪਾਬੰਦੀ ਲਗਾਈ ਹੈ ਪਰ ਮੈਂ ਸਮਝਦਾ ਹਾਂ ਕਿ ਰਾਤੋ ਰਾਤ ਅਮੀਰ ਬਣਨ ਵਾਲਿਆਂ ਤੇ ਵੀ ਪਾਬੰਦੀ ਲਗਾਉਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਕਈ ਜ਼ਿਲ੍ਹਿਆਂ ਵਿਚ ਡਿਪਟੀ ਕਮਿਸ਼ਨਰਜ਼ ਆਪ ਲੋਕਾਂ ਨੂੰ ਜੂਆ ਖਿਡਾਉਂਦੇ ਹਨ ਔਰ ਮੈਂ ਸਮਝਦਾ ਹਾਂ ਕਿ ਇਹ ਬਹੁਤ ਵੱਡਾ ਪਾਪ ਹੈ। ਇਸ ਤੋਂ ਹੋਰ ਵੱਡਾ ਪਾਪ ਕੋਈ ਹੋ ਨਹੀਂ ਸਕਦਾ। ਰੈਡ ਕਰਾਸ ਦੇ ਨਾਮ ਉਤੇ ਮੈਂ ਬਟਾਲੇ ਵੇਖਿਆ ਹੈ ਕਿ ਕਿਸ ਤਰ੍ਹਾਂ ਜੂਆ ਖੇਡਿਆ ਜਾਂਦਾ ਹੈ। ਜਦੋਂ ਮੈਂ ਇੰਟਰਫੀਅਰ ਕੀਤਾ ਔਰ ਜੂਆ ਬੰਦ ਕਰਵਾਇਆ ਤਾਂ ਉਹ ਆਦਮੀ ਮੇਰੇ ਪਾਸ ਆ ਗਏ ਜੋ ਜੂਆ ਖਿਡਾਂਉਂਦੇ ਸਨ ਔਰ ਪੈਸੇ ਆਫਰ ਕਰਕੇ ਕਹਿਣ ਲੱਗੇ ਕਿ ਸਾਡਾ ਜੂਆ ਚਲਣ ਦਿਓ। ਮੈਂ ਇਕ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਮਨਜ਼ੂਰੀ ਕਿਸ ਨੇ ਤੇ ਕਿਉਂ ਦਿੱਤੀ ਗਈ ਹੈ ? ਅਗਰ ਉਹ ਮੈਨੂੰ ਪੈਸੇ ਆਫਰ ਕਰ ਸਕਦੇ ਹਨ ਤਾਂ ਜ਼ਰੂਰ ਹੀ ਉਨਾਂ ਨੇ ਅਫਸਰਾਂ ਨੂੰ ਵੀ ਆਫਰ ਕੀਤੇ ਹੋਣਗੇ। ਤੁਸੀਂ ਆਪ ਹੀ ਅੰਦਾਜ਼ਾ ਲਗਾ ਲਓ ਕਿ ਗਰੀਬ ਮਜ਼ਦੂਰ ਦਿਹਾੜੀ ਲਗਾ ਕੇ ਆਉਂਦਾ ਹੈ ਪਰ ਜਦੋਂ ਉਹ ਬਾਹਰ ਨਿਕਲਦਾ ਹੈ ਤਾਂ ਬਾਹਰ ਜੂਏ-ਬਾਜ਼ ਬੈਠਾ ਹੈ । ਉਹ ਉਸ ਦੇ ਪੈਸੇ ਠੱਗ ਲੈਂਦਾ ਹੈ। ਮੈਨੂੰ ਪਤਾ ਹੈ ਕਿ ਜੇਕਰ ਕਿਸੇ ਤਕੜੇ ਬੰਦੇ ਨੇ ਇਨਟਰਫੀਅਰ ਕੀਤਾ ਹੈ ਤਾਂ ਗਰੀਬ ਦੇ ਪੈਸੇ ਮੁੜ ਗਏ ਹਨ ਪਰ ਜੇਕਰ ਕੋਈ ਮਾੜਾ ਆਦਮੀ ਹੈ ਤਾਂ ਉਸ ਦੇ ਨਹੀਂ ਮੁੜੇ। ਇਸ ਲਈ ਡਿਪਟੀ ਕਮਿਸ਼ਨਰਜ਼ ਨੂੰ ਕਹਿ ਦਿਓ ਅਗਰ ਜੂਆ ਖਿਡਾਉਣਾ ਹੀ ਚਾਹੁੰਦੇ ਹਨ ਤਾਂ ਉਹ ਵੀ. .ਡੀ. ਓ. ਗੇਮ ਲੈ ਲੈਣ। ਉਸ ਦੇ ਨਾਲ ਇਹ ਹੋਵੇਗਾ ਕਿ ਜਿਤਨਾ ਵੀ ਪੈਸਾ ਆਵੇਗਾ ਸਿੱਧਾ ਰੈਡ ਕਰਾਸ ਵਿਚ ਜਾਵੇਗਾ ਪਰ ਹੁਣ ਇਹ ਹੁੰਦਾ ਹੈ ਕਿ ਜਿਹੜਾ ਪੈਸਾ ਰੈਡ ਕਰਾਸ ਦੇ ਨਾਉਂ ਤੇ ਇਕੱਠਾ ਹੁੰਦਾ ਹੈ ਉਨ੍ਹਾਂ ਪੈਸਿਆਂ ਵਿਚੋਂ ਫਰਜ਼ ਕਰੋ ਕਿ 5 ਲੱਖ ਇਕੱਠਾ ਹੋਇਆ ਹੈ ਤਾਂ ਚਾਰ ਲੱਖ ਵਿਚਲੇ ਹੀ ਖਾ ਜਾਂਦੇ ਹਨ ਔਰ ਇਕ ਲੱਖ ਹੀ ਰੈਡਕਰਾਸ ਪਾਸ ਜਾਂਦਾ ਹੈ । ਇਸ ਲਈ ਇਸ ਗੱਲ ਉਤੇ ਪਾਬੰਦੀ ਲਗਾ ਦਿਓ ਕਿ ਕੋਈ ਇਸ ਤਰ੍ਹਾਂ ਜੂਆ ਨਾ ਖਿਡਾਵੇ ਔਰ ਜਿਹੜੇ ਖੇਡਣ ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾਵੇ ।

ਡਿਪਟੀ ਸਪੀਕਰ ਸਾਹਿਬ, 1,15,00,000 ਰੁਪਏ ਫਲੱਡ ਕੰਟਰੋਲ ਵਾਸਤੇ ਦੇਣੇ ਹਨ। ਮੈਂ ਸਮਝਦਾ ਹਾਂ ਕਿ ਇਹ ਬੜਾ ਹੀ ਚੰਗਾ ਕਦਮ ਹੈ। ਪਾਕਿਸਤਾਨ ਨੇ ਸਾਡੇ ਉਤੇ ਇਕ ਹਮਲਾ ਕੀਤਾ ਹੈ ਔਰ ਇਸ ਤਰ੍ਹਾਂ ਨਾਲ ਸਾਨੂੰ ਚੈਲੰਜ ਕੀਤਾ ਹੈ।

We have delayed the matter. We have not taken a decision well in time. It is an attack on India and it should have been taken as an attack on us.

ਬਹੁਤ ਚੰਗੀ ਗੱਲ ਹੈ ਕਿ ਚੌਧਰੀ ਸਾਹਿਬ ਨੇ ਇਮੀਜੀਏਟਲੀ ਡਾਇਰੈਕਸ਼ਨਜ਼ ਦਿੱਤੀਆਂ ਆਪਣੇ ਅਫਸਰਾਂ ਨੂੰ, ਉਥੇ ਚੀਫ਼ ਮਨਿਸਟਰ ਸਾਹਿਬ ਵੀ ਗਏ, ਡਾਕਟਰ ਕੇਵਲ ਕ੍ਰਿਸ਼ਨ ਜੀ ਵੀ ਗਏ ਪਰ ਮੈਂ ਸਮਝਦਾ ਹਾਂ ਕਿ ਇਹ ਮਾਮੂਲੀ ਜਿਹਾ ਮਾਮਲਾ ਨਹੀਂ ਹੈ। ਇਸ ਦੇ ਵਾਸਤੇ ਮੇਰੀ ਤਜਵੀਜ਼ ਹੈ ਕਿ ਇਕ ਰਿਵਾਲਵਿੰਗ ਫੰਡ ਰੱਖੋ ਔਰ ਜਦੋਂ ਅੱਗੋਂ ਤੋਂ ਦੇਸ਼ ਦੇ ਉਤੇ ਕੋਈ ਇਕਨਾਮਿਕ ਅਟੈਕ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਹੋਵੇ ਤਾਂ ਇਮੀਜੀਏਟਲੀ ਬਿਨਾ ਕਿਸੇ ਰੂਲਜ਼ ਔਰ ਰੈਗੂਲੇਸ਼ਨਜ਼ ਵਿਚ ਪਿਆਂ ਹਾਲਾਤ ਨੂੰ ਕੰਟਰੋਲ ਕੀਤਾ ਜਾਵੇ। ਇਕ ਇਹ ਵੀ ਕਰਨਾ ਚਾਹੀਦਾ ਹੈ ਕਿ ਜਿਹੜੀਆਂ ਵੀ ਬਾਰਡਰ ਡਰੇਨਜ਼ ਹਨ ਉਨ੍ਹਾਂ ਨੂੰ ਕਲੀਅਰ ਕਰਨਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਡਰੇਨੇਜ਼ ਡਿਪਾਰਟਮੈਂਟ ਵਿਚ ਜਿਹੜੇ ਲੋਕ ਲੱਗੇ ਹੋਏ ਹਨ ਉਨ੍ਹਾਂ ਨੇ ਜ਼ਰੂਰ ਕਾਗਜ਼ਾਂ ਵਿਚ ਲਿਖਿਆ ਹੋਇਆ ਹੋਵੇਗਾ ਕਿ ਇਕ ਲੱਖ ਰੁਪਿਆ ਬੂਟੀ ਨੂੰ ਡਰੇਨ ਵਿਚੋਂ ਸਾਫ ਕਰਨ ਤੇ ਖਰਚ ਹੋ ਗਿਆ ਹੈ। ਮੈਂ ਕਹਾਂਗਾ ਕਿ ਜਦੋਂ ਵੀ ਕੋਈ ਡਰੇਨ ਸਾਫ ਕਰਾਓ ਤਾਂ ਉਥੋਂ ਦੇ ਡਿਪਟੀ ਕਮਿਸ਼ਨਰ ਦਾ ਸਰਟੀਫਿਕੇਟ ਲਿਆ ਜਾਵੇ, ਉਥੋਂ ਦੇ ਐਮ.ਐਲ. ਏ. ਸਾਹਿਬ ਸਰਟੀਫਿਕੇਟ ਦੇਣ ਕਿ ਹਾਂ ਇਹ ਕੰਮ ਹੋਇਆ ਹੈ। ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਇਕੋ ਜਿਹੇ ਹਨ। ਕਈਆਂ ਨੇ ਕੰਮ ਕੀਤਾ ਵੀ ਹੋਇਆ ਹੈ। ਜਿਹੜੇ ਕੰਮ ਨਹੀਂ ਕਰਦੇ ਉਨ੍ਹਾਂ ਤੇ ਚੈਕ ਕਰੋ ਤਾਕਿ ਪੰਜਾਬ ਦਾ ਫਿਊਚਰ, ਪੰਜਾਬ ਦੀ ਆਰਥਿਕ ਅਵਸਥਾ ਕਿਸੇ ਖਤਰੇ ਵਿਚ ਨਾ ਪਵੇ।

ਇਕ ਗੱਲ ਮੈਂ ਹੋਰ ਕਹਿੰਦਾ ਹਾਂ ਔਰ ਉਸ ਲਈ ਸਰਕਾਰ ਨੂੰ ਵਧਾਈ ਦਾ ਪਾਤਰ ਸਮਝਦਾ ਹਾਂ ਕਿ ਇਨ੍ਹਾਂ ਨੇ ਰੂਰਲ ਵਾਟਰ ਸਪਲਾਈ ਸਕੀਮ ਸ਼ੁਰੂ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਬਾਗੀ ਸਾਹਿਬ ਨੂੰ ਪੁਛੋ, ਪੰਡਿਤ ਸਰਵਣ ਰਾਮ ਨੂੰ ਪੁਛੋ। ਮਾਸਟਰ ਦਲੀਪ ਚੰਦ ਨੂੰ ਪੁਛੋ ਜਿਨ੍ਹਾਂ ਦੇ ਹਲਕੇ ਵਿਚ ਲੋਕੀਂ ਪਾਣੀ ਵਾਸਤੇ ਤਰਸਦੇ ਹੁੰਦੇ ਸਨ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਨਾਲ ਕੀ ਕਰਨਾ ਹੈ ਜਦੋਂ ਕਿ ਉਨ੍ਹਾਂ ਨੂੰ ਪੀਣ ਵਾਸਤੇ ਪਾਣੀ ਨਹੀਂ ਮਿਲਦਾ। ਉਨ੍ਹਾਂ ਵਾਸਤੇ ਅਜ਼ਾਦੀ ਬੇਮਾਇਨੇ ਹੋ ਜਾਂਦੀ ਹੈ ਜਿਨ੍ਹਾਂ ਨੂੰ ਛਪੜਾਂ ਦਾ ਪਾਣੀ ਪੀਣਾ ਪੈਂਦਾ ਹੈ। ਇਸ ਲਈ ਮੈਂ ਫਿਰ ਸਰਕਾਰ ਨੂੰ ਕਹਿੰਦਾ ਹਾਂ ਕਿ ਇਹ ਜਿਹੜੀਆਂ ਸਕੀਮਾਂ ਸਰਕਾਰ ਨੇ ਸ਼ੁਰੂ ਕੀਤੀਆਂ ਹਨ ਉਨ੍ਹਾਂ ਨੂੰ ਜਲਦੀ ਸਿਰੇ ਚਾੜ੍ਹਨਾ ਚਾਹੀ-ਦਾ ਹੈ।

ਇਕ ਗੱਲ ਮੈਂ ਡੀਪ ਟਿਊਬਵੈਲਜ਼ ਦੀ ਕਰਦਾ ਹਾਂ। ਮੈਂ ਇਸ ਪਾਸੇ ਨਹੀਂ ਜਾਂਦਾ ਕਿ ਕਿੰਨੇ ਟਿਊਬਵੈਲ ਚਲਦੇ ਹਨ ਜਾਂ ਕਿੰਨੇ ਬੰਦ ਪਏ ਹਨ। ਇਹ ਤਾਂ ਖੁਦਾ ਦੀਆਂ ਗਲਾਂ ਖੁਦਾ ਹੀ ਜਾਣੇ। ਪਰ ਮੈਂ ਇਕ ਗਲ ਜ਼ਰੂਰ ਕਹਿੰਦਾ ਹਾਂ ਕਿ ਜਿਹੜਾ ਵੀ ਕੰਮ ਜਿਸ ਐਕਸ.ਈ.ਐਨ ਨੇ ਕੀਤਾ ਹੈ ਉਸ ਦੇ ਨਾਂ ਦਾ ਬੋਰਡ ਉਥੇ ਜ਼ਰੂਰ ਲਗਾਇਆ ਜਾਣਾ ਚਾਹੀਦਾ ਹੈ ਤਾਕਿ ਜੇ ਕਿਸੇ ਨੇ ਚੰਗਾ ਕੰਮ ਕੀਤਾ ਹੈ ਤਾਂ ਲੋਕ ਉਸ ਦੀ ਸਰਾਹਨਾ ਕਰਨ ਔਰ ਜੇ ਉਸ ਨੇ ਮਾੜਾ ਕੰਮ ਕੀਤਾ ਹੈ ਤਾਂ ਲੋਕੀਂ ਗਾਲੀਆਂ ਸਾਨੂੰ ਨਾ ਦੇਣ। ਉਨ੍ਹਾਂ ਨੂੰ ਪਤਾ ਹੋਵੇ ਕਿ ਕਿਸ ਨੇ ਕੰਮ ਕੀਤਾ ਹੈ। ਜਿੰਨੇ ਵੀ ਪਰੋਜੈਕਟ, ਰੋਡਜ਼, ਡੈਮ ਜਾਂ ਹੋਰ ਵਡੇ ਬ੍ਰਿਜ ਬਣਦੇ ਹਨ, ਇਹ ਬਹੁਤ ਜ਼ਰੂਰੀ ਪਰੋਜੈਕਟ ਹਨ, ਇਨ੍ਹਾਂ ਤੇ ਜ਼ਰੂਰ ਉਨ੍ਹਾਂ ਦੇ ਨਾਂਵਾਂ ਦਾ ਬੋਰਡ ਲਗਣਾ ਚਾਹੀਦਾ ਹੈ ਤਾਕਿ ਜੇ ਕੋਈ ਗਲ ਹੋਵੇ ਤਾਂ ਉਹ ਜਿਸ ਨੇ ਉਸ ਬ੍ਰਿਜ ਤੇ ਕੰਮ ਕੀਤਾ, ਜਿਸ ਨੇ ਕੰਮ ਕਰਵਾਇਆ ਹੈ, ਉਹ ਹੀ ਲੋਕਾਂ ਦੇ ਆਨਸਰੇਬਲ ਹੋਣ। ਅਗਰ ਕੋਈ ਸੜਕ, ਕੋਈ ਬ੍ਰਿਜ ਜਾਂ ਕੋਈ ਹੋਰ ਪਰੋਜੈਕਟ ਠੀਕ ਨਹੀਂ ਬਣਿਆਂ ਤਾਂ ਉਹ ਹੀ ਉਸ ਵਾਸਤੇ ਪਰਸਨਲੀ ਲਾਏਬਲ ਹੋਣਾ ਚਾਹੀਦਾ ਹੈ ਇਹ ਨਾ ਹੋਵੇ ਕਿ ਬਾਅਦ ਵਿਚ ਗਾਲ੍ਹਾਂ ਸਾਨੂੰ ਪੈਣ। ਇਸ ਕਰਕੇ ਮੈਂ ਰਿਕੁਐਸਟ ਕਰਾਂਗਾ ਕਿ ਜਿਥੇ ਵੀ ਕੋਈ ਕੰਮ ਹੋਵੇ ਉਥੇ ਉਸ ਐਕਸ.ਈ.ਐਨ. ਦਾ ਬੋਰਡ ਜ਼ਰੂਰ ਲਗਵਾ ਦਿਆ ਕਰੋ ਤਾਕਿ ਜੇ ਕੋਈ ਚੰਗਾ ਕੰਮ ਹੋਇਆ ਹੋਵੇ ਤਾਂ ਲੋਕ ਉਸ ਨੂੰ ਅਸੀਸਾਂ ਦੇਣ। ਮੈਂ ਦੱਸਦਾ ਹਾਂ ਕਿ ਬਲਾਚੌਰ ਤਕ ਜਿਹੜੀ ਸੜਕ ਬਣੀ ਹੈ ਉਹ ਬਹੁਤ ਅੱਛੀ ਬਣੀ ਹੈ ਲੋਕ ਖੁਸ਼ ਹੁੰਦੇ ਹਨ ਪਰ ਉਸ ਤੋਂ ਬਾਅਦ ਸੜਕ ਦੀ ਇਤਨੀ ਭੈੜੀ ਹਾਲਤ ਹੈ ਕਿ ਲੋਕ ਗਾਲ੍ਹਾਂ ਦਿੰਦੇ ਹਨ। ਇਸ ਲਈ ਮੈਂ ਐਫ.ਐਮ. ਸਾਹਿਬ ਨੂੰ ਕਹਾਂਗਾ ਕਿ ਧਿਆਨ ਦੇਣ। ਜਿਥੋਂ ਤਕ ਪੈਸੇ ਦਾ ਸਵਾਲ ਹੈ ਇਹ ਕਈ ਜਗ੍ਹਾ ਤੋਂ ਬਚਾਇਆ ਵੀ ਜਾ ਸਕਦਾ ਹੈ। ਤੁਸੀਂ ਵੇਖੋ ਕਿ ਬਲਾਚੌਰ ਤੋਂ ਨਵੇਂ ਸ਼ਹਿਰ ਨੂੰ ਜਾਓ ਤਾਂ ਰਸਤੇ ਵਿਚ ਹਰ 6 ਫੁੱਟ ਤੇ

Original with;
Punjab Vidhan Sabha
Digitized by;
Panjab Digital Library

ਬੋਰਡ ਲਗਿਆ ਹੈ। ਉਹ ਬੋਰਡ ਕੀ ਹਨ ਫਲਾਣਾਂ ਪਿੰਡ ਇਧਰ ਹੈ, ਫਲਾਣਾਂ ਪਿੰਡ ਉਧਰ ਹੈ। ਫਲਾਣਾਂ ਪਿੰਡ ਸ਼ੁਰੂ ਹੁੰਦਾ ਹੈ, ਫਲਾਣਾਂ ਪਿੰਡ ਖਤਮ ਹੁੰਦਾ ਹੈ। ਭਾਵੇਂ ਇਹ ਖਰਚੇ ਜ਼ਿਆਦਾ ਨਹੀਂ ਥੋੜ੍ਹੇ ਹੀ ਹਨ ਪਰ ਜੇ ਇਹੀ ਖਰਚੇ ਉਧਰੋਂ ਬਚਾ ਕੇ ਸੜਕਾਂ ਤੇ ਲਾਏ ਜਾਣ ਤਾਂ ਘੱਟੋ ਘੱਟ ਇਕ ਤਾਂ ਸੜਕ ਚੰਗੀ ਬਣ ਸਕਦੀ ਹੈ। ਇਸ ਲਈ ਇਸ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਇਸ ਸਾਲ ਨੈਸ਼ਨਲ ਹਾਈਵੇ ਵਾਸਤੇ 5 ਕਰੋੜ ਰੁਪਿਆ ਰਖਿਆ ਹੈ। ਮੈਂ ਇਸ ਲਈ ਵਧਾਈ ਦਿੰਦਾ ਹਾਂ ਪਰ ਇਕ ਗੱਲ ਐਫ.ਐਮ. ਸਾਹਿਬ ਨੂੰ ਜ਼ਰੂਰ ਕਹਾਂਗਾ ਕਿ ਉਹ ਤਕੜੇ ਹੋਕੇ ਇਸ ਪੈਸੇ ਨੂੰ ਜ਼ਰੂਰ ਇਥੇ ਲਵਾ ਦੇਣ ਔਰ ਇਸ ਕੰਮ ਵਾਸਤੇ ਹਰ ਅਫ਼ਸਰ ਦੀ ਜ਼ਿਮੇਵਾਰੀ ਫਿਕਸ ਕਰ ਦੇਣ ਔਰ ਜੇ ਉਹ ਕੰਮ ਸਹੀ ਨਾ ਹੋਵੇ ਤਾਂ ਉਹ ਪਰਸਨਲੀ ਉਸ ਵਾਸਤੇ ਜ਼ਿਮੇਵਾਰ ਹੋਵੇ। ਅਸੀਂ ਭਾਵੇਂ ਆਪਣੀ ਪਬਲਿਕ ਅਕਾਊਂਟਸ ਕਮੇਟੀ ਵਿਚ ਜਾਂ ਕਾਮਰੇਡ ਰਾਜ ਕੁਮਾਰ ਆਪਣੀ ਪਬਲਿਕ ਅੰਡਰਟੇਕਿੰਗਜ਼ ਕਮੇਟੀ ਵਿਚ ਜਿਤਨਾ ਵੀ ਜ਼ੋਰ ਇਸ ਤੇ ਲਾਉਂਦੇ, ਹਾਂ, ਹਰ ਤਿੰਨ ਮਹੀਨੇ ਬਾਅਦ ਐਕਸ਼ਨ ਟੇਕਨ ਦੀ ਰਿਪੋਰਟ ਵੀ ਲਈ ਜਾਂਦੀ ਹੈ ਪਰ ਜਵਾਬ ਕੀ ਆਉਂਦਾ ਹੈ ਕਿ ਫਲਾਣਾਂ ਕੰਮ ਹਿਮਾਚਲ ਨੂੰ ਐਲੋਕੇਟ ਹੋ ਗਿਆ ਹੈ ਔਰ ਕੋਈ ਹਰਿਆਣੇ ਨੂੰ ਐਲੋਕੇਟ ਹੋ ਗਿਆ ਹੈ, ਜੇ ਬੰਦਾ ਜ਼ਿਮੇਵਾਰ ਪੁਛੋ ਤਾਂ ਇਹ ਜਵਾਬ ਮਿਲਦਾ ਹੈ ਕਿ ਫਲਾਣਾਂ ਬੰਦਾ ਮਰ ਗਿਆ ਹੈ ਜਾਂ ਫਲਾਣਾਂ ਬੰਦਾ ਰਿਟਾਇਰ ਹੋ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹੋ ਜਿਹੇ ਕੇਸਾਂ ਦੇ ਫੈਸਲੇ ਕੈਬਨਿਟ ਸਬ ਕਮੇਟੀ ਕੋਲ ਜਾਣੇ ਚਾਹੀਦੇ ਹਨ ਤਾਕਿ ਉਹ ਇਸ ਤੇ ਕੋਈ ਡਸੀਜ਼ਨ ਲੈਕੇ ਅਮਲ ਕਰਵਾ ਸਕਣ। ਅਸੀਂ ਭਾਵੇਂ ਕਿਤਨੀ ਹੀ ਕੋਸ਼ਿਸ਼ ਕਰਦੇ ਹਾਂ ਕਿ ਸਕੀਮਾਂ ਤੇ ਅਮਲ ਹੋ ਜਾਵੇ ਪਰ ਜਿੰਨਾਂ ਕੰਮ ਸਰਕਾਰ ਆਪ ਕਰ ਸਕਦੀ ਹੈ ਜਾਂ ਡਿਪਾਰਟਮੈਂਟ ਦੇ ਹੈਡਜ਼ ਕਰ ਸਕਦੇ ਹਨ ਉਤਨਾ ਅਸੀਂ ਨਹੀਂ ਕਰ ਸਕਦੇ। ਇਸ ਲਈ ਮੇਰੀ ਇਹ ਰਿਕੁਐਸਟ ਹੈ ਕਿ ਸਰਕਾਰ ਨੂੰ ਇਸ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਔਰ ਜਿਹੜੀਆਂ ਸਕੀਮਾਂ ਚਲਦੀਆਂ ਹਨ ਉਨ੍ਹਾਂ ਨੂੰ ਸਿਰੇ ਚੜ੍ਹਾਉਣਾ ਚਾਹੀਦਾ ਹੈ।

ਹੁਣ ਇਕ ਗੱਲ ਮੈਂ ਇੰਡਸਟਰੀ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਇੰਡਸਟਰੀ ਦੀ ਪੁਜ਼ੀਸ਼ਨ ਇਹ ਹੈ ਕਿ ਇਸ ਵਾਸਤੇ ਜਿਤਨਾ ਵੀ ਲੋਹਾ ਔਰ ਕੋਲਾ ਹੈ ਇਹ ਸਾਨੂੰ ਬਾਹਰੋਂ ਮੰਗਵਾਉਣਾ ਪੈਂਦਾ ਹੈ। ਮਾਲ ਮੈਨੂੰਫੈਕਚਰ ਇਥੇ ਹੁੰਦਾ ਹੈ ਔਰ ਫਿਰ ਤਿਆਰ ਕੀਤਾ ਹੋਇਆ ਮਾਲ ਉਨ੍ਹਾਂ ਨੂੰ ਵਾਪਸ ਵੀ ਭੇਜਿਆ ਜਾਂਦਾ ਹੈ। ਪਰ ਇਸ ਸਬੰਧ ਵਿਚ ਮੈਂ ਇਹ ਬੇਨਤੀ ਕਰਦਾ ਹਾਂ ਕਿ ਸਰਕਾਰ ਮਾਲ ਮੈਨੂੰਫੈਕਚਰ ਕਰਨ ਵਾਸਤੇ ਜਿਹੜੀਆਂ ਵੀ ਸਹੂਲਤਾਂ ਦਿੰਦੀ ਹੈ, ਜਿਹੜੀਆਂ ਵੀ ਸਹੂਲਤਾਂ ਦੇਣ ਵਾਸਤੇ ਸਕੀਮਾਂ ਤਿਆਰ ਕੀਤੀਆਂ ਜਾਂਦੀਆਂ ਹਨ, ਉਸ ਦਾ ਬੈਨੀਫਿਟ ਸਿਰਫ ਕੁਝ ਸਿਲੈਕਟਡ ਬੰਦਿਆਂ ਨੂੰ ਚਲਾ ਜਾਂਦਾ ਹੈ ਔਰ ਜਿਹੜੇ ਛੋਟੇ ਛੋਟੇ ਇੰਡਸਟਰੀਲਿਸਟਸ ਹਨ ਉਨ੍ਹਾਂ ਨੂੰ ਉਹ ਰਿਆਇਤਾਂ ਨਹੀਂ ਮਿਲਦੀਆਂ। ਇਸ ਲਈ ਮੇਰੀ ਰਿਕੁਐਸਟ ਹੈ ਕਿ ਇਸ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਮੈਂ ਇਥੇ ਕਿਸੇ ਦਾ ਨਾਂ ਨਹੀਂ ਲੈਣਾ ਚਾਹੁੰਦਾ। ਪਰ ਮੈਂ ਦਸਦਾ ਹਾਂ ਕਿ ਇਕ ਏ.ਬੀ.ਸੀ. ਕੰਪਨੀ ਨੇ ਸਰਕਾਰ ਦੇ ਨਾਲ ਮਿਲ ਕੇ ਚਲਾਈ ਕੰਪਨੀ ਡਿਜ਼ਾਲਵ ਕਰ ਲਈ ਔਰ ਫਿਰ ਪ੍ਰਾਈਵੇਟ ਨਾਂ ਤੇ ਕੰਪਨੀ ਚਲਾ ਲਈ ਔਰ ਉਸ ਵਾਸਤੇ ਉਸ ਏ.ਬੀ.ਸੀ. ਕੰਪਨੀ ਨੇ ਸਰਕਾਰ ਤੋਂ 15 ਲੱਖ ਰੁਪਏ ਦਾ ਲੋਨ ਵੀ ਇੰਟਰੈਸਟ ਫਰੀ ਲੈ ਲਿਆ, ਇਸ ਤਰ੍ਹਾਂ ਨਾਲ ਉਸ ਨੇ ਪਹਿਲੀ ਕੰਪਨੀ ਡਿਜ਼ਾਲਵ ਕਰਕੇ ਔਰ ਨਵੀਂ ਪ੍ਰਾਈਵੇਟ ਨਾਂ ਤੇ ਕੰਪਨੀ ਚਲਾ ਕੇ ਸਰਕਾਰ ਤੋਂ 3 ਲੱਖ ਰੁਪਿਆ ਇੰਟਰੈਸਟ ਦਾ ਹਰ ਸਾਲ ਦਾ ਮੁਨਾਫਾ ਕਮਾ ਲਿਆ। ਇਹ ਇਕ ਮਿਸਾਲ ਨਹੀਂ। ਇਹੋ ਜਿਹੀਆਂ ਹੋਰ ਵੀ ਕਈ ਮਿਸਾਲਾਂ ਹਨ ਜਿਨ੍ਹਾਂ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਪਰ ਜਦੋਂ ਇਹੋ ਜਿਹੇ ਕੇਸਾਂ ਬਾਰੇ ਅਫਸਰਾਂ ਤੋਂ ਪੁਛਿਆ ਜਾਂਦਾ ਹੈ ਤਾਂ ਜਵਾਬ ਇਹ ਮਿਲਦਾ ਹੈ ਕਿ ਇਟ ਇਜ਼

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ]

ਪਰਫੈਕਟਲੀ ਲੀਗਲ। ਪਰ ਅਸੀਂ ਕਹਿੰਦੇ ਹਾਂ ਕਿ ਇਟ ਇਜ਼ ਨਾਟ ਪਰਫੈਕਟਲੀ ਮੌਰਲ । ਇਸ ਲਈ ਮੈਂ ਇਹ ਫਿਰ ਬੇਨਤੀ ਕਰਦਾ ਹਾਂ ਕਿ ਜਿਹੜਾ ਸਮਾਲ ਇੰਡਸਟਰੀਲਿਅਸਟ ਹੈ, ਸਮਾਲ ਫਾਰ-ਮਰਜ਼ ਹਨ, ਮਜ਼ਦੂਰ ਹਨ ਉਨ੍ਹਾਂ ਨੂੰ ਜ਼ਰੂਰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਮੈਂ ਦੱਸਦਾ ਹਾਂ ਕਿ ਮੇਰੇ ਬਟਾਲਾ ਵਿਚ 15 ਸੌ ਫੈਕਟਰੀਆਂ ਵਿਚੋਂ 12 ਸੌ ਫੈਕਟਰੀਆਂ ਵਾਲੇ ਇਹੋ ਜਿਹੇ ਹਨ ਜਿਹੜੇ ਕਿ ਆਪ ਹੀ ਮਾਲਕ ਹਨ, ਆਪ ਹੀ ਮਜ਼ਦੂਰ ਹਨ। ਇਹੋ ਜਿਹੇ ਜਿਹੜੇ ਸਮਾਲ ਇੰਡਸਟਰੀਲਿਸਟਸ ਹਨ ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਇਹ ਜਿਹੜੀਆਂ ਕਨਸੈਸ਼ਨ ਦੇਣ ਵਾਸਤੇ ਸਕੀਮਾਂ ਬਣਾਈਆਂ ਜਾਂਦੀਆਂ ਹਨ, ਉਸ ਦਾ ਫਾਇਦਾ ਉਨ੍ਹਾਂ ਨੂੰ ਜ਼ਰੂਰ ਮਿਲਣਾ ਚਾਹੀਦਾ ਹੈ ਤਾਕਿ ਉਨ੍ਹਾਂ ਦੀ ਜਿਹੜੀ ਆਰਥਿਕ ਹਾਲਤ ਹੈ ਉਹ ਕੁਝ ਸੁਧਰ ਸਕੇ।

ਅਸੀਂ ਪੰਜਾਬ ਵਿਚ ਅਮਨ ਮੰਗਦੇ ਹਾਂ। ਇਸ ਅਮਨ ਵਾਸਤੇ ਪੰਡਿਤ ਨਹਿਰੂ, ਕਰਨਲ ਨਾਸਿਰ, ਮਾਰਸ਼ਲ ਟੀਟੋ ਅਤੇ ਖਰੁਸ਼ਚੀਵ ਵਰਗਿਆਂ ਨੇ ਇਸ ਹਿੰਦੁਸਤਾਨ ਨੂੰ ਅਮਨ ਦੇਣ ਦੀ ਕੋਸ਼ਿਸ਼ ਕੀਤੀ ਸੀ ਤਾਕਿ ਹਿੰਦੁਸਤਾਨ ਦੇ ਲੋਕ ਸੁਖਾਲੇ ਹੋ ਸਕਣ। ਮੇਰੀ ਬੇਨਤੀ ਹੈ ਕਿ ਉਸ ਅਮਨ ਨੂੰ ਹੁਣ ਕਾਇਮ ਰੱਖਣਾ ਚਾਹੀਦਾ ਹੈ ਔਰ ਇਸ ਵਾਸਤੇ ਸਰਕਾਰ ਨੂੰ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਨ੍ਹਾਂ ਲਫ਼ਜ਼ਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹੋਇਆ ਇਹ ਕਹਿੰਦਾ ਹਾਂ ਕਿ ਇਹ ਜਿਹੜੀਆਂ ਡਿਮਾਂਡਜ਼ ਡਾਕਟਰ ਸਾਹਿਬ ਨੇ ਇਥੇ ਰੱਖੀਆਂ ਹਨ, ਇਹ ਬੜੀਆਂ ਜਾਇਜ਼ ਡਿਮਾਂਡਜ਼ ਹਨ, ਇਹ ਪਾਸ ਕੀਤੀਆਂ ਜਾਣ ਔਰ ਡਾਕਟਰ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਹ ਡਿਮਾਂਡਜ਼ ਫਿਨਾਂਸ ਕੀਤੀਆਂ ਹਨ। ਪਿੰਡਾਂ ਵਿਚ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਬਣਾ ਕੇ ਦੇਣ ਵਿਚ ਸਰਕਾਰ ਨੂੰ ਪਹਿਲ ਦੇਣੀ ਚਾਹੀਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵੀ ਗੁਰੂ ਮਹਾਰਾਜ ਨੇ ਕਿਹਾ ਹੈ ਕਿ ਮੇਰੇ ਤੋਂ ਬਾਅਦ ਤੁਸੀਂ ਮੈਨੂੰ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਵਿਚ ਖੋਜ ਲੈਣਾ। ਜਿਹੜਾ ਪਿੰਡ ਵਿਚ ਅਨਪੜ੍ਹ ਹੈ ਅਤੇ ਉਸ ਨੂੰ ੳ, ਅ, ੲ, ਨਹੀਂ ਆਉਂਦੀ, ਉਸ ਨੇ ਜ਼ਿੰਦਗੀ ਵਿਚ ਕੀ ਕਰਨਾ ਹੈ। ਉਸ ਨੂੰ ਸਮਾਜੀ, ਰਾਜਸੀ ਪੱਖ ਤੋਂ ਜਾਗਰਤੀ ਕਿਸ ਤਰ੍ਹਾਂ ਆ ਸਕਦੀ ਹੈ। ਅਸੀਂ ਲੱਖਾਂ ਰੁਪਏ ਐਜੂਕੇਸ਼ਨ ਦੀਆਂ ਕਈ ਸਕੀਮਾਂ ਉਤੇ ਖਰਚ ਕਰਦੇ ਹਾਂ ਜੇਕਰ ਇਹ ਰੁਪਿਆ ਪ੍ਰਾਇਮਰੀ ਐਜੂਕੇਸ਼ਨ ਤੇ ਖਰਚ ਕਰ ਦਿੱਤਾ ਜਾਵੇ ਤਾਂ ਅਨਪੜ੍ਹਤਾ ਖਤਮ ਹੋ ਸਕਦੀ ਹੈ। ਪ੍ਰਾਇਮਰੀ ਸਕੂਲਾਂ ਲਈ ਬਿਲ-ਡਿੰਗਾਂ ਬਣਾ ਕੇ ਦਿਓ ਅਤੇ ਜਿਹੜਾ ਪਿੰਡ ਅੱਧੀ ਰਕਮ ਆਪ ਜਮ੍ਹਾਂ ਕਰਵਾ ਦੇਵੇ ਉਥੇ ਪਹਿਲ ਦਿੱਤੀ ਜਾਵੇ। ਇਨ੍ਹਾਂ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਵਾਸਤੇ 20 ਲੱਖ ਰੁਪਏ ਦਾ ਕੇਵਲ ਖਰਚਾ ਆਉਣਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਮਾਸਟਰ ਬਾਬੂ ਸਿੰਘ** (ਰਾਮਪੁਰਾ ਫੂਲ) : ਡਿਪਟੀ ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਐਸਟੀਮੇਟਸ ਤੇ ਪਹਿਲਾਂ ਤਾਂ ਮੈਂ ਡਾਕਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਇਸ ਦੇ ਵਿਚ ਡਿਕ-ਟਰੀਟਲ ਅਮਾਊਂਟ ਬਹੁਤ ਘੱਟ ਹੈ। ਪਹਿਲੇ ਜਿੰਨੇ ਸਪਲੀਮੈਂਟਰੀ ਐਸਟੀਮੇਟਸ ਪੇਸ਼ ਹੁੰਦੇ ਰਹੇ ਹਨ ਉਨ੍ਹਾਂ ਵਿਚ ਜ਼ਿਆਦਾਤਰ ਅਮਾਊਂਟ ਡਿਕਟਰੀਟਲ ਅਮਾਊਂਟ ਦੇ ਹੁੰਦੇ ਸਨ ਜਿਹੜੇ ਸਰਕਾਰ ਦੀ ਗਲਤੀ ਨਾਲ ਕੋਰਟ ਰਾਹੀਂ ਬਣ ਜਾਂਦੇ ਸਨ ।

ਅਗਲੀ ਗੱਲ ਇਲੈਕਸ਼ਨ ਦੇ ਸਿਲਸਿਲੇ ਵਿਚ ਹੈ । ਇਹ 2 ਤਾਰੀਖ ਦੀ ਗੱਲ ਹੈ ਕਿ ਐਸ.ਡੀ.ਐਮ. ਰਾਮਪੁਰਾ ਫੂਲ ਨੇ ਲੋਕਾਂ ਨੂੰ ਕਿਹਾ ਕਿ ਵੋਟਾਂ ਦਾ ਕੰਮ ਨਾਇਬ ਤਹਿਸੀਲਦਾਰ ਕਰੇਗਾ। ਨਾਇਬ ਤਹਿਸੀਲਦਾਰ ਕਹਿੰਦਾ ਹੈ ਕਿ ਮੇਰੇ ਕੋਲ ਵੋਟਾਂ ਨਹੀਂ ਬਣਦੀਆਂ। ਡੀ.ਸੀ. ਛੁੱਟੀ ਤੇ ਸੀ। ਇਲੈਕਸ਼ਨਾਂ ਦੇ ਦੌਰਾਨ ਨਵੀਆਂ ਵੋਟਾਂ ਬਣਦੀਆਂ ਹਨ ਅਤੇ ਕਈ ਪਿੰਡਾਂ ਵਿਚ ਨਵੀਆ ਲੜਕੀਆਂ

Original with;
Punjab Vidhan Sabha
Digitized by;
Panjab Digital Library

ਦੇ ਵਿਆਹ ਪਿੰਡ ਵਿਚ ਹੋ ਜਾਂਦੇ ਹਨ ਅਤੇ ਕੋਈ ਨਵਾਂ ਬੰਦਾ ਆ ਜਾਂਦਾ ਹੈ ਉਸ ਦੀ ਵੋਟ ਬਣਾਉਣੀ ਪੈਂਦੀ ਹੈ, ਇਸ ਗੱਲ ਦਾ ਮੈਨੂੰ ਦੁੱਖ ਹੈ ਕਿ ਪੰਚਾਇਤਾਂ ਦੀਆਂ ਚੋਣਾਂ ਹੋ ਰਹੀਆਂ ਹਨ ਪਰ ਇਹ ਸਾਰਾ ਕੁਝ ਜ਼ਬਾਨੀ ਕਲਾਮੀ ਹੈ। ਹਾਲੇ ਤੱਕ ਸਰਕਾਰ ਵਲੋਂ ਕੋਈ ਨੋਟੀਫੀਕੇਸ਼ਨ ਨਹੀਂ ਕੀਤੀ ਗਈ। ਜਦ ਕਿ ਵੋਟਰ ਸੂਚੀਆਂ ਤਿਆਰ ਹਨ। ਨੋਟੀਫੀਕੇਸ਼ਨ ਨਾ ਹੋਣ ਕਰਕੇ ਲੋਕਾਂ ਦੇ ਮਨ ਵਿਚ ਸ਼ੱਕ ਹੈ ਕਿ ਸ਼ਾਇਦ ਇਲੈਕਸ਼ਨਾਂ ਸਰਕਾਰ ਨਾ ਕਰਵਾਏ।

ਅਗਲੀ ਗੱਲ ਨੈਚੁਰਲ ਕਲੈਮਿਟੀਜ਼ ਦੇ ਬਾਰੇ ਵਿਚ ਹੈ। ਇਸ ਦੇ ਲਈ ਪੈਸੇ ਬਹੁਤ ਘੱਟ ਰੱਖੇ ਗਏ ਹਨ ਕਿਉਂਕਿ ਕਿਧਰੇ ਹੜ੍ਹ ਆ ਜਾਂਦੇ ਹਨ ਕਿਧਰੇ ਗੜੇ ਪੈ ਜਾਂਦੇ ਹਨ ਅਤੇ ਫਸਲ ਸੁਕ ਜਾਂਦੀ ਹੈ। ਪਿਛੇ ਡਾਕਟਰ ਸਾਹਿਬ ਅਤੇ ਚੌਧਰੀ ਜਗਤ ਰਾਮ ਜੀ ਪਿੰਡ ਫੂਲ ਰਾਜਦਬਾਲੀ ਗਏ ਸਨ ਅਤੇ ਮਾਨਸਾ , ਮੱਕੀ, ਭਿੱਖੀ ਦਾ ਇਹ ਹਾਲ ਹੈ ਕਿ ਉਥੇ ਲੋਕਾਂ ਦੇ ਨੁਕਸਾਨ ਨੂੰ ਪੂਰਾ ਕਰਨ ਲਈ ਰਿਲੀਫ ਹਾਲੇ ਤੱਕ ਨਹੀਂ ਦਿੱਤਾ ਗਿਆ। ਲੋਕਾਂ ਵਿਚ ਬੜੀ ਬੇਚੈਨੀ ਹੈ ਅਤੇ ਤੰਗ ਹਨ। ਉਹ ਲੋਕ ਡੀ.ਸੀ. ਅਤੇ ਐਸ.ਡੀ.ਐਮ. ਨੂੰ ਮਿਲੇ ਹਨ ਪਰ ਉਨ੍ਹਾਂ ਲੋਕਾਂ ਨੂੰ ਹਾਲੇ ਤੱਕ ਸਹਾਇਤਾ ਕੋਈ ਨਹੀਂ ਮਿਲੀ ।

ਸਿਵਲ ਸਕੱਤਰੇਤ ਦੀ ਡੀਮਾਂਡ ਹੈ । ਇਸ ਦੇ ਨਾਲ ਅਫਸਰਾਂ ਦੀ ਇਨਐਫੀਸ਼ੈਂਸੀ ਮਾਲੂਮ ਹੁੰਦੀ ਹੈ। ਇਹ ਅਮਾਊਂਟ ਤਾਂ ਪਹਿਲੇ ਬਜਟ ਵਿਚ ਵੀ ਆ ਸਕਦੀ ਸੀ। ਡਿਸਟ੍ਰਿਕਟ ਐਡਮਨਿਸ-ਟ੍ਰੇਸ਼ਨ ਅਤੇ ਡਿਮਾਂਡ ਨੰ: 33 ਬਾਰੇ ਮੈਨੂੰ ਬੜਾ ਦੁਖ ਹੈ ਕਿ ਸਾਡੀ ਸਰਕਾਰ ਕਾਫੀ ਪੈਸੇ ਇਧਰ ਉਧਰ ਦੇ ਕੰਮਾਂ ਤੇ ਫਜ਼ੂਲ ਖਰਚ ਕਰਦੀ ਹੈ। ਔਰ ਪਿਛੇ ਜਿਹੇ ਗੋਲਡ ਮੈਡਲ ਵਾਲੇ ਨੂੰ ਸਰਕਾਰ ਨੇ ਇਕ ਲੱਖ ਰੁਪਿਆ ਇਨਾਮ ਦੇਣ ਦਾ ਫੈਸਲਾ ਕੀਤਾ ਸੀ, ਇਹ ਠੀਕ ਕੀਤਾ ਸੀ ਪਰ ਭਗਤ ਭਾਈ ਪਰਦੁੱਮਣ ਸਿੰਘ ਨੇ ਤਿੰਨ ਗੇਮਜ਼ ਵਿਚ ਗੋਲਡ ਮੈਡਲ ਜਿੱਤ ਕੇ ਲਿਆਂਦੇ । ਉਹ ਬਿਮਾਰ ਪਿਆ ਹੋਇਆ ਹੈ ਅਤੇ ਸੀ.ਐਮ.ਸੀ. ਦੇ ਮੈਡੀਕਲ ਬਿਲ ਉਸ ਦੇ ਸਰਕਾਰ ਕੋਲ ਪਏ ਹੋਏ ਹਨ ਪਰ, ਸਰਕਾਰ ਨੇ ਹਾਲੇ ਤੱਕ ਉਸ ਦੇ ਬਿਲਾਂ ਨੂੰ ਪਾਸ ਨਹੀਂ ਕੀਤਾ । ਇਹ ਕੇਵਲ 5--10 ਹਜ਼ਾਰ ਰੁਪਏ ਦੀ ਰਕਮ ਦੀ ਗੱਲ ਹੈ। ਇਸ ਬਾਰੇ ਮੈਂ ਸੀ.ਐਮ. ਸਾਹਿਬ ਨੂੰ ਵੀ ਮਿਲਿਆ ਸੀ ਤਾਕਿ ਉਸ ਨੂੰ ਕੋਈ ਸਹਾਇਤਾ ਮਿਲ ਸਕੇ। ਪ੍ਰਾਈਮ ਮਨਿਸਟਰ ਸਾਹਿਬਾ ਨੇ ਥੋੜ੍ਹੀ ਸਹਾਇਤਾ ਭੇਜੀ ਸੀ। ਡੀ.ਸੀ. ਨੂੰ ਵੀ ਕਿਹਾ ਹੈ ਪਰ ਉਹ ਕਹਿੰਦੇ ਹਨ ਕਿ ਇਤਨੀ ਰਕਮ ਅਸੀਂ ਨਹੀਂ ਦੇ ਸਕਦੇ। ਇਹ ਸਾਰੀ ਰਕਮ ਕਿਉਂ ਨਹੀਂ ਦਿੱਤੀ ਜਾ ਸਕਦੀ ਜਦ ਕਿ ਰੈਡ ਕਰਾਸ ਵਿਚ ਜੂਆ ਖੇਲ੍ਹਿਆ ਜਾਂਦਾ ਹੈ ਅਤੇ ਇਤਨੀ ਕਮਾਈ ਹੁੰਦੀ ਹੈ। ਪਰ ਇਸ ਸ਼ੋਭਾ ਦੇ ਕੰਮ ਵਿਚ ਪੈਸੇ ਨਹੀਂ ਸਰਕਾਰ ਦੇ ਸਕਦੀ।

ਪਿਛਲੀ ਵਾਰੀ ਮੈਂ ਰੰਧਾਵਾ ਸਾਹਿਬ ਨੂੰ ਗਲੀਆਂ ਨਾਲੀਆਂ ਪੱਕੀਆਂ ਕਰਨ ਦੀ ਸਕੀਮ ਲਈ ਵਧਾਈ ਦਿੱਤੀ ਸੀ। ਇਸ ਕੰਮ ਲਈ ਹੁਣ ਵੀ ਪੈਸਾ ਮੰਗਿਆ ਗਿਆ ਹੈ। ਪਰ ਇਕ ਗੱਲ ਇਨ੍ਹਾਂ ਦੇ ਨੋਟਿਸ ਵਿਚ ਲਿਆਉਂਦਾ ਹਾਂ ਕਿ ਪੱਤੀ ਕਰਮ ਚੰਦ ਵਿਚ 27 ਫਰਵਰੀ, 1983 ਨੂੰ ਕੰਮ ਕੰਪਲੀਟ ਹੋ ਗਿਆ ਅਤੇ ਚੌਧਰੀ ਜਗਤ ਰਾਮ ਜੀ ਨੇ ਉਹ ਸਮਰਪਣ ਕੀਤਾ ਸੀ ਜਦ ਕਿ ਇਹੀ ਕੰਮ 13 ਅਗਸਤ, 1982 ਨੂੰ ਕੰਪਲੀਟ ਹੋ ਚੁੱਕਾ ਸੀ ਅਤੇ ਜਿਸ ਦਾ ਐਸ.ਐਸ. ਐਸ. ਬੋਰਡ ਦੇ ਚੇਅਰਮੈਨ ਨੇ ਉਦਘਾਟਨ ਕੀਤਾ ਸੀ। ਕੀ ਇਹ ਕੰਮ ਦੁਬਾਰਾ ਸ਼ੁਰੂ ਕੀਤਾ ਗਿਆ ਸੀ ?ਇਸ ਦੀ ਫੋਟੋ ਮੇਰੇ ਕੋਲ ਹੈ।ਦਿੱਲੀ ਦੀ ਕਾਰ ਵਿਚ ਬਹੁਤ ਸਾਰੇ ਸਕੈਂਡਲ ਫੜੇ ਗਏ ਸਨ ਪਰ ਇਥੇ ਮੈਂ ਇਸ ਬਾਰੇ ਦਸਣਾ ਨਹੀਂ ਚਾਹੁੰਦਾ। ਇਕ ਮੇਰੇ ਇਲਾਕੇ ਦਾ ਗੁਰਦਿੱਤ ਸਿੰਘ, ਦਿਆਲਪੁਰ ਪਿੰਡ ਦਾ ਹੈ ਉਸ ਦੀ ਮੌਤ ਹੋ ਚੁੱਕੀ ਹੈ ਪਰ ਹਾਲੇ ਤੱਕ ਉਸ ਦਾ ਇੰਤਕਾਲ ਨਹੀਂ ਕੀਤਾ ਜਾ ਰਿਹਾ। ਇੰਤਕਾਲ ਹੋਣ ਤੋਂ ਬਾਦ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਉਸ ਦੀ ਜ਼ਮੀਨ ਉਸ ਦੇ ਮੁੰਡਿਆਂ ਕੋਲ ਸਰਪਲਸ ਜ਼ਮੀਨ ਵਿਚ ਚਲੀ ਜਾਂਦੀ ਹੈ। ਇਸ ਤੇ ਕਾਰਵਾਈ ਜਲਦੀ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਐਸ.ਐਸ. ਬੋਰਡ ਦੇ ਚੇਅਰਮੈਨ ਦੇ ਖਿਲਾਫ ਮੈਂ ਇਕ ਮੈਮੋਰੰਡਮ ਦਿੱਤਾ ਸੀ ਕਿ ਉਸ ਨੇ ਆਪਣੀ ਸਾਰੀ ਜ਼ਮੀਨ ਨੂੰ ਖੁਰਦਬੁਰਦ ਕਰ ਲਿਆ ਹੈ, ਇਸ ਦੀ ਇਨਕੁਆਇਰੀ ਕੀਤੀ ਜਾਵੇ। ਇਸ ਗੱਲ ਨੂੰ 2 ਢਾਈ ਸਾਲ ਹੋ ਗਏ ਹਨ ਪਰ ਇਨਕੁਆਇਰੀ ਹਾਲੇ ਤੱਕ ਚਲ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਜ਼ਮੀਨ ਖੁਰਦ ਬੁਰਦ ਕੀਤੀ ਜਾਂਦੀ ਹੈ। ਕੁਆਰੀ ਬੀਬੀ ਦੇ ਬੱਚੇ ਪੈਦਾ ਕਰਕੇ ਵਿਖਾ ਕੇ ਉਨ੍ਹਾਂ ਦੇ ਨਾਂ ਜ਼ਮੀਨ ਕੀਤੀ ਜਾਂਦੀ ਹੈ। ਕੋਈ ਇਸ ਦੀ ਇਨਕੁਆਇਰੀ ਕਰਨ ਵਾਸਤੇ ਤਿਆਰ ਨਹੀਂ। ਡਿਪਟੀ ਕਮਿਸ਼ਨਰ ਸਾਹਿਬ ਕਹਿੰਦੇ ਹਨ ਕਿ ਅਰਜ਼ੀ ਲਿਆਓ ਤਾਂ ਅਸੀਂ ਰੀਕੰਸਿਡਰ ਕਰਾਂਗੇ। ਡਿਪਟੀ ਸਪੀਕਰ ਸਾਹਿਬ, ਜੇਕਰ ਗਰੀਬ ਲੋਕਾਂ ਨੂੰ ਐਕ-ਚੁਅਲ ਜ਼ਮੀਨ ਦੇਣੀ ਹੈ ਤਾਂ ਲਾਜ਼ਮੀ ਤੌਰ ਤੇ ਸਰਕਾਰ ਨੂੰ ਕੋਈ ਉਪਾਅ ਕਰਨਾ ਚਾਹੀਦਾ ਹੈ। ਕੇਸਾਂ ਦਾ ਸੀਰੀਅਸਲੀ ਨਿਪਟਾਰਾ ਕਰਨਾ ਚਾਹੀਦਾ ਹੈ।

ਡਿਮਾਂਡ ਨੰ: 11 ਪੁਲਿਸ ਦੀ ਹੈ। ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਜੀ ਨੇ ਪੁਲਿਸ ਦੀ ਬੜੀ ਸ਼ਲਾਘਾ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਸੋਢਲ ਮੰਦਰ ਦਾ ਕੇਸ ਲੈ ਲਓ। 125 ਫੁਟ ਲੰਬਾ ਨਿਸ਼ਾਨ ਸਾਹਿਬ ਕਰੇਨ ਵਿਚ ਉਥੇ ਕਿਵੇਂ ਚਲਾ ਗਿਆ। ਟਰੱਕ ਉਥੇ ਜਾ ਨਹੀਂ ਸਕਦਾ ਪਰ ਕਰੇਨ ਕਿਸ ਤਰ੍ਹਾਂ ਉਥੇ ਚਲੀ ਗਈ। ਬਾਅਦ ਵਿਚ ਲੋਕਾਂ ਦੀਆਂ ਅੱਖਾਂ ਪੂੰਝਣ ਵਾਸਤੇ ਕਹਿੰਦੇ ਹਨ ਕਿ ਸੰਤ ਜੀ ਮੰਨ ਗਏ ਹਨ ਅਤੇ 25 ਫੁੱਟ ਪਿਛੇ ਹਟਾ ਲਿਆ ਹੈ। ਉਥੇ ਚਾਰ ਸਿਪਾਹੀਆਂ ਨੂੰ ਮੁਅੱਤਲ ਕਰਕੇ ਤੁਸੀਂ ਲੋਕਾਂ ਦੀਆਂ ਅੱਖਾਂ ਵਿਚ ਘਟਾ ਨਹੀਂ ਪਾ ਸਕਦੇ। ਮੋਟਰ ਸਾਈਕਲ ਉਥੇ ਜਾ ਨਹੀਂ ਸਕਦਾ, ਟਰੱਕ ਉਥੇ ਜਾ ਨਹੀਂ ਸਕਦਾ ਤਾਂ 125 ਫੁੱਟ ਦੀਆਂ ਨਾਲੀਆਂ ਉਥੇ ਕਿਵੇਂ ਚਲੀਆਂ ਗਈਆਂ ਜਦੋਂ ਕਿ ਪੁਲਿਸ ਦਾ ਪਹਿਰਾ ਉਥੇ ਮੌਜਦ ਸੀ। ਡਿਪਟੀ ਸਪੀਕਰ ਸਾਹਿਬ, ਲੋਕਾਂ ਦੇ ਜਜ਼ਬਾਤ ਦੇ ਨਾਲ ਖੇਲ੍ਹਿਆ ਜਾ ਰਿਹਾ ਹੈ। ਮੈਂ ਕਹਿੰਦਾ ਹਾਂ ਕਿ ਗੌਰਮਿੰਟ ਇਸ ਦਾ ਸਪੱਸ਼ਟੀਕਰਨ ਦੇਵੇ। ਕਮਿਊਨਲਿਜ਼ਮ ਨੂੰ ਸਰਕਾਰ ਹਵਾ ਦਿੰਦੀ ਹੈ। ਮੁਕਤਸਰ ਵਿਚ ਕਿਸ ਤਰ੍ਹਾਂ ਥਾਨੇਦਾਰ ਨੂੰ ਮਾਰ ਦਿੱਤਾ। ਡੀ.ਆਈ.ਜੀ. ਸ੍ਰੀ ਅਟਵਾਲ ਸਾਹਿਬ ਦਾ ਕਤਲ ਕਰ ਦਿੱਤਾ ਗਿਆ। ਮੈਂ ਇਕ ਸਵਾਲ ਵੀ ਪੁਛਿਆ ਸੀ ਕਿ ਇਸ ਕੇਸ ਦੀ ਇਨਕੁਆਇਰੀ ਸੀ.ਬੀ.ਆਈ. ਕਰ ਰਿਹਾ ਹੈ ਜਾਂ ਹੋਰ ਕੌਣ ਕਰ ਰਿਹਾ ਹੈ। ਹਰਮੰਦਰ ਸਾਹਿਬ ਦੇ ਲਾਗਿਉਂ ਲਾਸ਼ਾਂ ਨਿਕਲਦੀਆਂ ਹਨ। ਫਿਰੋਜ਼ਪੁਰ ਅਤੇ ਹੁਸ਼ਿਆਰਪੁਰ ਦੇ ਹੋਮ ਗਾਰਡਜ਼ ਦੇ ਦਫ਼ਤਰਾਂ ਵਿਚੋਂ ਅਸਲਾ ਚੋਰੀ ਹੋ ਗਿਆ। ਇਹ ਤਾਂ ਉਹ ਗੱਲ ਹੋਈ ਕਿ ਇਕ ਆਦਮੀ ਰੀਵਾਲਵਰ ਲੈ ਕੇ ਜਾ ਰਿਹਾ ਸੀ ਤਾਂ ਰਸਤੇ ਵਿਚ ਉਸ ਨੂੰ ਇਕ ਹੋਰ ਆਦਮੀ ਗੰਡਾਸੇ ਵਾਲਾ ਮਿਲ ਗਿਆ ਅਤੇ ਉਸ ਨੂੰ ਕਿਹਾ ਗਿਆ ਕਿ ਤੂੰ ਸਭ ਕੁਝ ਇਥੇ ਰੱਖ ਦੇ। ਉਸ ਦੀ ਘੜੀ ਖੋਹ ਲਈ ਗਈ ਅਤੇ ਪੈਸੇ ਖੋਹ ਲਏ ਗਏ ਪਰ ਉਹ ਕਹਿੰਦਾ ਕਿ ਚਲੋ ਅਸਲਾ ਤਾਂ ਬਚ ਗਿਆ। ਡਿਪਟੀ ਸਪੀਕਰ ਸਾਹਿਬ, ਕੋਈ ਲਾਅ ਐਂਡ ਆਰਡਰ ਨਹੀਂ ਹੈ। ਟ੍ਰੈਫਿਕ ਇੰਸਪੈਕਟਰ ਨੂੰ ਉਸ ਦੇ ਦਫ਼ਤਰ ਵਿਚ ਹੀ ਮਾਰ ਕੇ ਚਲੇ ਗਏ ਪਰ ਕਿਸੇ ਨੂੰ ਵੀ ਪਕੜਿਆ ਨਹੀਂ ਗਿਆ। ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਇਕ ਮਨਿਸਟਰ ਇਮਾਨਦਾਰੀ ਦੀ ਸੌਂਹ ਖਾਂਦਾ ਹੈ, ਉਸੇ ਤਰ੍ਹਾਂ ਹੀ ਪੁਲਿਸ ਵਾਲਿਆਂ ਨੇ ਸੌਂਹ ਖਾਧੀ ਹੈ ਕਿ ਕਿਸੇ ਨੂੰ ਪਕੜਨਾ ਨਹੀਂ ਹੈ। ਅਗਲੇ ਦਿਨ ਅਖਬਾਰ ਵਿਚ ਆਉਂਦਾ ਹੈ ਕਿ ਦੋ ਮੋਟਰ ਸਾਈਕਲ ਤੇ ਆਦਮੀ ਆਏ ਸਨ ਜਾਂ ਤਿੰਨ ਮੋਟਰ ਸਾਈਕਲ ਤੇ ਆਦਮੀ ਆਏ ਸਨ ਅਤੇ ਵਾਕਿਆ ਕਰਕੇ ਫਰਾਰ ਹੋ ਗਏ। ਮਾਨਾਵਾਲਾ ਦਾ ਕੇਸ ਲੈ ਲਓ ਕਿਸ ਤਰ੍ਹਾਂ ਇਕ ਜੀਪ ਨੂੰ ਅੱਗ ਲਗ ਗਈ ਅਤੇ ਐਸ.ਪੀ. ਫਟੜ ਹੋ ਗਿਆ। ਇਤਨੀ ਨਾਕਾਬੰਦੀ ਹੋਣ ਦੇ ਬਾਵਜੂਦ ਦੋਸ਼ੀ ਹਰਮੰਦਰ ਸਾਹਿਬ ਪਹੁੰਚ ਗਏ। ਪੁਲਿਸ ਉਸ ਵੇਲੇ ਕਿਥੇ ਸੀ ?

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਚਰਬੀ ਦਾ ਕੇਸ ਦੇਖ ਲਓ। ਮੈਂ ਚਰਬੀ ਦੇ ਕੇਸ ਬਾਰੇ ਸ੍ਰੀ ਜੋਗਿੰਦਰ ਪਾਲ ਪਾਂਡੇ, ਸਿਹਤ ਮੰਤਰੀ ਜੀ ਨੂੰ ਵੀ ਕਿਹਾ ਸੀ। 15 -20 ਦਿਨ ਪਹਿਲਾਂ ਗਊ ਦੀ ਚਰਬੀ ਦੇ ਖਿਲਾਫ ਧਰਨੇ ਦਿਤੇ ਗਏ ਅਤੇ ਸਰਕਾਰ ਸਭ ਕੁਝ ਦੇਖਦੀ ਰਹੀ ਅਤੇ ਕੁਝ ਨਹੀਂ ਕੀਤਾ। ਜਦੋਂ ਸਰਕਾਰ ਕੋਲ 7–8 ਲੱਖ ਰੁਪਿਆ ਪਹੁੰਚ ਗਿਆ ਤਾਂ ਸਟਾਕ ਰਜਿਸਟਰ ਜਾਣ ਬੁਝ ਕੇ ਇਧਰ ਉਧਰ ਕਰ ਦਿੱਤੇ। ਪਿਛੋਂ ਕੰਧ ਟੱਪ ਕੇ ਚਰਬੀ ਦੇ ਢੋਲ ਗਾਇਬ ਕਰ ਦਿਤੇ ਗਏ। ਜਦੋਂ ਪਾਰਲੀਮੈਂਟ ਵਿਚ ਰੌਲਾ ਪਿਆ ਤਾਂ ਸੈਂਪਲ ਭਰਿਆ ਗਿਆ ਅਤੇ ਇਨਕੁਆਇਰੀ ਸ਼ੁਰੂ ਹੋ ਗਈ। ਲੋਕਾਂ ਦੇ ਸੈਂਟੀਮੈਂਟਸ ਨਾਲ ਕਿਉਂ ਖੇਲ੍ਹਿਆ ਜਾ ਰਿਹਾ ਹੈ। ਡਾਕੇ, ਕਤਲ ਦੀਆਂ ਵਾਰਦਾਤਾਂ ਰੋਜ਼ ਹੋ ਰਹੀਆਂ ਹਨ। ਆਮ ਆਦਮੀ ਦੀ ਕੋਈ ਸੁਰੱਖਿਆ ਨਹੀਂ ਹੈ। ਜੇਕਰ ਗਊ ਦੀ ਪੂਛ ਕਿਤਿਉਂ ਮਿਲ ਜਾਵੇ ਤਾਂ ਬੜਾ ਰੌਲਾ ਪੈਂਦਾ ਹੈ ਅਤੇ ਹਾਹਾਕਾਰ ਮਚ ਜਾਂਦੀ ਹੈ। ਜੇ ਗੁਰਦੁਆਰੇ ਵਿਚ ਕੋਈ ਸਿਗਰਟ ਸੁੱਟ ਦੇਵੇ ਤਾਂ ਵੀ ਹਾਹਾਕਾਰ ਮੱਚ ਜਾਂਦੀ ਹੈ। ਹੁਣ ਸਾਰੇ ਪੰਜਾਬ ਦੇ ਲੋਕਾਂ ਨੂੰ ਚਰਬੀ ਖਿਲਾਈ ਜਾ ਰਹੀ ਹੈ ਫਿਰ ਵੀ ਸੰਮਤੀਆਂ ਵਾਲੇ ਅਤੇ ਸਰਕਾਰ ਚੁਪ ਹੈ। ਡਿਪਟੀ ਸਪੀਕਰ ਸਾਹਿਬ, ਕਦੀ ਪੰਜਾਬ ਦੀ ਪੁਲਿਸ ਸਾਰੇ ਹਿੰਦੁਸਤਾਨ ਵਿਚ ਪ੍ਰਸਿੱਧ ਸੀ। ਹੁਣ ਕਤਲ ਤੇ ਚੋਰੀਆਂ ਹੋ ਰਹੀਆਂ ਹਨ ਅਤੇ ਡਾਕੇ ਪੈ ਰਹੇ ਹਨ ਪਰ ਪੁਲਿਸ ਕਿਸੇ ਨੂੰ ਵੀ ਨਹੀਂ ਫੜਦੀ। ਕਿਤੇ ਐਮ.ਐਲ.ਏ. ਦੇ ਘਰ ਬੰਬ ਸੁਟ ਦਿੱਤਾ। ਮਨਿਸਟਰ ਸਾਹਿਬਾਨ ਨੂੰ ਵੀ ਡਰ ਹੈ ਕਿ ਕਿਤੇ ਕੋਈ ਬੰਬ ਹੀ ਨਾ ਸੁਟ ਜਾਵੇ। ਪਟਿਆਲੇ, ਡਿਪਟੀ ਸਪੀਕਰ ਸਾਹਿਬ, ਸਰਦਾਰ ਲਾਲ ਸਿੰਘ, ਐਮ.ਐਲ.ਏ. ਦੇ ਘਰ ਬੰਬ ਸੁਟ ਦਿੱਤਾ। ਕਿਸੇ ਬੰਦੇ ਨੂੰ ਧਮਕੀਆਂ ਮਿਲਦੀਆਂ ਹਨ ਪਰ ਪੁਲਿਸ ਕਿਸੇ ਦਾ ਕੁਝ ਨਹੀਂ ਕਰਦੀ। ਸਰਦਾਰ ਭਗਵਾਨ ਸਿੰਘ ਨੂੰ ਧਮਕੀ ਦਿੱਤੀ ਗਈ ਕਿ ਤੇਰਾ ਨਾਮ ਨਿਸ਼ਾਨ ਵੀ ਨਹੀਂ ਰਹੇਗਾ।

**ਸ੍ਰੀ ਰਾਮ ਸਵਰੂਪ ਬਾਗੀ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਮਾਸਟਰ ਬਾਬੂ ਸਿੰਘ** : ਮੈਨੂੰ, ਡਿਪਟੀ ਸਪੀਕਰ ਸਾਹਿਬ, ਉਸ ਬਾਰੇ ਕਹਿਣ ਦੀ ਲੋੜ ਨਹੀਂ ਹੈ। ਜੇਕਰ ਕੋਈ ਬੰਦਾ ਹਰਮੰਦਰ ਸਾਹਿਬ ਤੋਂ ਆਕੇ ਪਠਾਨਕੋਟ ਬੰਦਾ ਮਾਰ ਦਿੰਦਾ ਹੈ ਜਾਂ ਐਮ.ਐਲ.ਏ. ਦੇ ਘਰ ਬੰਬ ਸੁਟ ਦਿੰਦਾ ਹੈ ਤਾਂ ਕੀ ਇਹ ਚੰਗੀ ਗੱਲ ਹੈ ? ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦਾ ਮਸਲਾ ਹੈ। ਮੈਂ ਸਰਦਾਰ ਹਰਚਰਨ ਸਿੰਘ ਅਜਨਾਲਾ, ਐਜੂਕੇਸ਼ਨ ਮੰਤਰੀ ਜੀ ਨੂੰ ਵੀ ਦੋ ਢਾਈ ਸਾਲਾਂ ਤੋਂ ਕਹਿੰਦਾ ਆ ਰਿਹਾ ਹਾਂ ਕਿ 70—72 ਸਿਲਾਈ ਟੀਚਰਜ਼ ਹਨ, ਉਹ ਸੱਤ ਅੱਠ ਸਾਲਾਂ ਤੋਂ ਮਹਿਕਮੇ ਦੀ ਸੇਵਾ ਕਰ ਰਹੀਆਂ ਹਨ ਪਰ ਉਨ੍ਹਾਂ ਟੀਚਰਜ਼ ਨੂੰ ਸਰਕਾਰ ਵਲੋਂ ਰੈਗੂਲੇਰਾਈਜ਼ ਨਹੀਂ ਕੀਤਾ ਜਾ ਰਿਹਾ। ਜਦੋਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਮਿਲੋ ਤਾਂ ਐਜੂਕੇਸ਼ਨ ਮਨਿਸਟਰ ਸਾਹਿਬ ਜਵਾਬ ਦਿੰਦੇ ਹਨ ਕਿ ਫਾਈਲ ਐਫ.ਐਮ. ਸਾਹਿਬ ਕੋਲ ਗਈ ਹੋਈ ਹੈ। ਜਦੋਂ ਐਫ.ਐਮ. ਸਾਹਿਬ ਨੂੰ ਮਿਲੋ ਤਾਂ ਕਹਿੰਦੇ ਹਨ ਕਿ ਮੈਂ ਫਾਈਲ ਕੱਢ ਦਿੱਤੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਇਸ ਸਬੰਧੀ ਕਾਲ ਅਟੈਨਸ਼ਨ ਮੋਸ਼ਨ ਵੀ ਦਿੱਤੀ ਸੀ। ਤੁਸੀਂ ਉਸ ਨੂੰ ਵੀ ਦੇਖ ਲੈਣਾ। ਅੱਜ ਉਹ ਮੁਜ਼ਾਹਰਾ ਕਰ ਰਹੇ ਹਨ। ਉਨ੍ਹਾਂ ਦੀ ਫਰਸਟਰੇਸ਼ਨ ਦੂਰ ਕੀਤੀ ਜਾਵੇ। ਇਹ ਕੋਈ ਰੀਸੈਂਟ ਅਕਰੈਂਸ ਨਹੀਂ ਹੈ। ਮੈਂ ਐਫ.ਐਮ. ਸਾਹਿਬ ਨੂੰ , ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਉਨ੍ਹਾਂ ਟੀਚਰਾਂ ਦੀਆਂ ਸਰਵਿਸਿਜ਼ ਨੂੰ ਰੈਗੂਲਰ ਕੀਤਾ ਜਾਵੇ।ਸਾਡੇ ਰਾਮਪੁਰਾ ਫੂਲ ਦੀ ਗੱਲ ਹੈ। ਖਿਆਲਾ

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਸਾਹਿਬ ਨੇ ਵੀ ਪਹਿਲਾਂ ਇਸ ਦਾ ਜ਼ਿਕਰ ਕੀਤਾ ਸੀ। ਇਕ ਵੀ ਸਕੂਲ ਅਪ-ਗ੍ਰੇਡ ਨਹੀਂ ਕੀਤਾ। ਗੌਰਮਿੰਟ ਪ੍ਰਾਇਮਰੀ ਸਕੂਲ ਨੂੰ ਅਪ-ਗਰੇਡ ਕਰਨ ਬਾਰੇ ਹੁਕਮ ਕੀਤਾ ਜਾਂਦਾ ਹੈ। ਜਿਹੜਾ 10-- 12 ਸਾਲ ਪਹਿਲਾਂ ਹੀ ਮਿਡਲ ਸਕੂਲ ਬਣਿਆ ਹੋਇਆ ਹੈ, ਉਸਦੇ ਬਾਰੇ ਕਹਿੰਦੇ ਹਨ ਕਿ ਅਪਗ੍ਰੇਡ ਹੋ ਗਿਆ ਹੈ। ਮੈਂ ਸੀ.ਐਮ. ਸਾਹਿਬ ਦੇ ਨੋਟਿਸ ਵਿੱਚ ਵੀ ਲਿਆਂਦਾ ਸੀ ਕਿ ਇਹ ਸਕੂਲ ਪ੍ਰਾਇਮਰੀ ਤੋਂ ਮਿਡਲ ਤਾਂ ਪਹਿਲਾਂ ਹੀ ਬਣਿਆ ਹੋਇਆ ਹੈ, ਇਸਨੂੰ ਹਾਈ ਬਣਾ ਦਿਓ ਪਰ ਇਕ ਵੀ ਸਕੂਲ ਮੇਰੇ ਹਲਕੇ ਵਿਚ ਅਪਗ੍ਰੇਡ ਨਹੀਂ ਕੀਤਾ ਗਿਆ। ਜੇ ਦਾਨੇਵਾਲਾ, ਦਿਆਲਪੁਰਾ ਭਾਈਕੇ ਅਤੇ ਭਗਤਾ ਭਾਈਕੇ ਹਾਈ ਸਕੂਲ ਬਣਾ ਦਿੱਤੇ ਜਾਣ ਤਾਂ ਬਹੁਤ ਹੀ ਚੰਗੀ ਗੱਲ ਹੋਵੇ, ਪਰ ਇਸ ਵੱਲ ਕੋਈ ਖਿਆਲ ਨਹੀਂ ਕੀਤਾ ਜਾਂਦਾ ਕਿਉਂਕਿ ਮੇਰੇ ਹਲਕੇ ਤੋਂ ਕਾਂਗਰਸੀ ਉਮੀਦਵਾਰ ਹਾਰ ਗਿਆ ਹੈ। ਨਾ ਹੀ ਕੋਈ ਫੰਡ ਦਿੱਤੇ ਜਾਂਦੇ ਹਨ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਡਾਕਟਰ ਸਾਹਿਬ ਦੇ ਧਿਆਨ ਵਿਚ ਲਿਆਵਾਂਗਾ ਕਿ ਇਹ ਅਫਸਰਾਂ ਵੱਲ ਵੀ ਧਿਆਨ ਦੇਣ। ਏਥੇ ਸਪਲੀ-ਮੈਂਟਰੀ ਡਿਮਾਂਡਜ਼ 1976, 1977, 1978 ਅਤੇ 1979 ਦੇ ਕਿਸੇ ਟਰੇਡ ਫੇਅਰ ਬਾਰੇ ਮੰਗੀਆਂ ਜਾ ਰਹੀਆਂ ਹਨ। ਡਾਕਟਰ ਸਾਹਿਬ ਇਸ ਨੂੰ ਪੁਲ ਅਪ ਕਰਨ ਅਤੇ ਦੇਖਣ ਕਿ ਕੀ ਗੱਲ ਹੈ ਜਿਹੜੇ ਏਨੇ ਪੁਰਾਣੇ ਖਰਚਿਆਂ ਬਾਰੇ ਪੈਸਾ ਮੰਗਿਆ ਜਾ ਰਿਹਾ ਹੈ। ਕੀ ਇਸ ਵਿੱਚ ਕੋਈ ਹੇਰਾਫੇਰੀ ਤਾਂ ਨਹੀਂ ? ਇੰਨੇ ਸਾਲ ਬਜਟ ਲੰਘਿਆਂ ਨੂੰ ਵੀ ਹੋ ਗਏ ਹਨ, ਫੇਰ ਵੀ ਸਪਲੀਮੈਂਟਰੀ ਡਿਮਾਂਡਜ਼ ਕਿਉਂ ਰਖੀਆਂ ਜਾ ਰਹੀਆਂ ਹਨ ਜਿਹੜੀਆਂ ਕਿ ਇਕੱਠੇ ਹੀ 4-4 ਸਾਲ ਪੁਰਾਣੀਆਂ ਹੋਣ। ਇਸ ਗੱਲ ਦੀ ਇਨਕੁਆਇਰੀ ਕਰਾਕੇ ਐਕਸ਼ਨ ਲੈਣਾ ਚਾਹੀਦਾ ਹੈ। ਇੰਨੇ ਸਾਲ ਕੇਸ ਨੂੰ ਕਿਸ ਗੱਲ ਕਰਕੇ ਦਬਾਈ ਰਖਿਆ ਗਿਆ ਹੈ ? ਬਾਕੀ ਮੈਂ ਚੌਧਰੀ ਸਾਹਿਬ ਦੀ ਪ੍ਰਸ਼ੰਸਾ ਕਰਦਾ ਹਾਂ ਅਤੇ ਨਾਲ ਹੀ ਤੌਖਲਾ ਵੀ ਜ਼ਾਹਿਰ ਕਰਦਾ ਹਾਂ ਕਿ ਜਿਹੜਾ 8 ਲੱਖ ਰੁਪਿਆ ਸ਼ੀਸ਼ਮ, ਯੂਕਲਿਪਟਸ, ਚੀਲ ਅਤੇ ਸਾਗਵਾਨ ਆਦਿ ਦੇ ਪੇੜ ਲਗਾਉਣ ਲਈ ਮੰਗਿਆ ਗਿਆ ਹੈ, ਉਸ ਦੇ ਬਾਰੇ ਪਹਿਲਾਂ ਐਕਸਪੈਰੀਮੈਂਟ ਕਰਾ ਲੈਣਾ ਚਾਹੀਦਾ ਹੈ ਕਿ ਇਹ ਪੇੜ ਲਗ ਵੀ ਸਕਦੇ ਹਨ ਜਾਂ ਨਹੀਂ। ਯੂਕਲਿਪਟਸ ਤਾਂ ਲਗ ਹੀ ਸਕਦਾ ਹੈ। ਲੇਕਿਨ ਚੀਲ ਵਗੈਰਾ ਲਈ ਕਿਹੋ ਜਿਹਾ ਕਲਾਈਮੇਟ ਚਾਹੀਦਾ ਹੈ, ਇਸ ਬਾਰੇ ਫੌਰੈਸਟ ਡਿਪਾਰਟਮੈਂਟ ਵਲੋਂ ਐਕਸਪੈਰੀਮੈਂਟ ਕਰਾ ਲੈਣਾ ਚਾਹੀਦਾ ਹੈ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਰੋਡਜ਼ ਐਂਡ ਬਿਲਡਿੰਗਜ਼ ਬਾਰੇ ਕਹਿਣਾ ਚਾਹੁੰਦਾ ਹਾਂ। ਇਹ ਠੀਕ ਹੈ ਕਿ 3-3 ਜ਼ਿਲ੍ਹਿਆਂ ਦੀਆਂ 2 ਮੀਟਿੰਗਾਂ ਸੀ.ਐਮ. ਸਾਹਿਬ ਨੇ ਸਟੇਟ ਦੀ ਡਿਵੈਲਪਮੈਂਟ ਦੇ ਸਬੰਧ ਵਿਚ ਬੁਲਾਈਆਂ।ਇਕ ਪਹਿਲਾਂ ਬੁਲਾਈ ਅਤੇ ਦੂਸਰੀ 10 ਮਹੀਨੇ ਬਾਅਦ ਬੁਲਾਈ। ਉਸਨੂੰ ਬੁਲਾਈ ਨੂੰ ਵੀ ਹੁਣ ਕਾਫੀ ਟਾਈਮ ਬੀਤ ਗਿਆ ਹੈ। ਉਸ ਵਿੱਚ ਵੀ ਮੈਂ ਕਿਹਾ ਸੀ ਕਿ ਜੇ ਤੁਸੀਂ ਦੀਨਾ ਸਾਹਿਬ ਜਾਂ ਬਾਘਾ ਪੁਰਾਣਾ, ਨਿਹਾਲ ਸਿੰਘ ਵਾਲਾ ਨੂੰ ਜਾਓ ਤਾਂ ਕਾਂਗੜ ਪੁਲ ਆਉਂਦਾ ਹੈ, ਜਿਹੜਾ ਕਿ ਬਿਲਕੁਲ ਖਰਾਬ ਪਿਆ ਹੈ। ਉਸ ਬਾਰੇ ਮੈਂ ਪੁਛਿਆ ਸੀ ਕਿ ਇਹ ਕੰਮ ਸੜਕ ਵਾਲਿਆਂ ਨੇ ਕਰਨਾ ਹੈ ਜਾਂ ਨਹਿਰ ਵਾਲਿਆਂ ਨੇ ਕਰਨਾ ਹੈ। ਮੈਨੂੰ ਤਾਂ ਪਤਾ ਹੈ ਕਿ ਇਹ ਸੜਕ ਵਾਲਿਆਂ ਨੇ ਕਰਨਾ ਹੈ ਪਰ ਕੋਈ ਟਸ ਤੋਂ ਮਸ ਨਹੀਂ ਹੋਇਆ। ਇਕ ਪੀ.ਏ.ਟੀ. ਹਾਈ ਸਕੂਲ ਹੈ ਜਿਹੜਾ 3 ਪਿੰਡਾਂ ਦਾ ਸਾਂਝਾ ਹੈ। ਤੁਸੀਂ ਵੀ, ਡਿਪਟੀ ਸਪੀਕਰ ਸਾਹਿਬ, ਬਢੋਰ ਨੂੰ ਗਏ ਹੋਵੋਗੇ। ਉਥੇ ਵੀ ਇਕ ਬੱਸ ਡਿੱਗੀ ਸੀ। ਪਰ ਬਾਅਦ ਵਿੱਚ ਇਹ ਕਹਿ ਦਿੰਦੇ ਹਨ ਕਿ ਠੀਕ ਕਰਾ ਦਿਆਂਗੇ। ਇਕ ਮੇਰੇ ਕੋਲ ਚਿੱਠੀ ਗਈ ਕਿ ਪੀ.ਏ.ਟੀ. ਹਾਈ ਸਕੂਲ ਕਿਥੇ ਹੈ। ਮੈਂ ਲਿਖ ਕੇ ਭੇਜਿਆ ਕਿ ਇਹ ਡਿਸਟਰਿਕਟ ਬਠਿੰਡਾ, ਤਹਿਸੀਲ ਰਾਮਪੁਰਾ ਫੂਲ, ਭਬਾਲੀ ਵਿੱਚ ਹੈ। ਏਨਾ ਪੁੱਛ ਕੇ ਵੀ ਕਿਸੇ ਭੜੂਏ ਨੇ ਕੋਈ ਕੰਮ ਉਥੇ ਨਹੀਂ ਕੀਤਾ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਪਿਆਰਾ ਰਾਮ ਧੰਨੋਵਾਲੀਆ** : ਡਿਪਟੀ ਸਪੀਕਰ ਸਾਹਿਬ ਭੜੂਆ ਸ਼ਬਦ ਅਨਪਾਰਲੀਮੈਂਟਰੀ ਹੈ। ਇਸ ਨੂੰ ਕਟਵਾ ਦਿਓ।

**ਮਾਸਟਰ ਬਾਬੂ ਸਿੰਘ** : ਇਹ ਸ਼ਬਦ ਕੋਈ ਅਨਪਾਰਲੀਮੈਂਟਰੀ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਇਕ ਸੜਕ ਮਲੂਥੇ ਤੋਂ ਨਿਊਲ ਜਾਂਦੀ ਹੈ, ਉਸਦਾ ਵੀ ਖਿਆਲ ਰਖਣਾ ਚਾਹੀਦਾ ਹੈ। ਬਿਲਕੁਲ ਟੁੱਟੀ ਪਈ ਹੈ। ਡਬਵਾਲੀ ਤੋਂ ਭਾਈਕੇ ਵਾਲੀ ਲਿੰਕ ਰੋਡ ਦਾ ਵੀ ਬੁਰਾ ਹਾਲ ਹੈ। ਟਰੇਜ਼ਰੀ ਬੈਂਚਾਂ ਵਾਲੇ ਵੀ ਮੇਰੀ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਉਸਦੀ ਬੜੀ ਖਸਤਾ ਹਾਲਤ ਹੈ। ਉਸਦੀ ਕਦੇ ਮੁਰੰਮਤ ਨਹੀਂ ਹੋਈ। ਸੜਕਾਂ ਚੌੜੀਆਂ ਵੀ ਘੱਟ ਹਨ, ਲੁੱਕ ਅਤੇ ਬਜਰੀ ਵੀ ਨਹੀਂ ਹੈ। ਕ੍ਰਿਪਾ ਕਰਕੇ ਉਨ੍ਹਾਂ ਵੱਲ ਧਿਆਨ ਦਿੱਤਾ ਜਾਵੇ।

ਇਸ ਤੋਂ ਬਾਅਦ ਮੈਂ ਬਿਜਲੀ ਬਾਰੇ ਕਹਿਣਾ ਚਾਹੁੰਦਾ ਹਾਂ। ਇਹ ਠੀਕ ਹੈ ਕਿ ਬਿਜਲੀ ਦਾ ਲੋਡ ਵਧਾ ਰਹੇ ਹਨ। ਮੁਕਤਸਰ ਵਿੱਚ ਕਾਫੀ ਕੁਨੈਕਸ਼ਨਜ਼ ਦਿੱਤੇ ਗਏ ਹਨ। ਪਰ ਮੈਂ ਕਹਿੰਦਾ ਹਾਂ ਕਿ ਸਾਰੇ ਪੰਜਾਬ ਨੂੰ ਕੁਨੈਕਸ਼ਨ ਦੇਣੇ ਚਾਹੀਦੇ ਹਨ। 10–10 ਹਜ਼ਾਰ ਰੁਪਿਆ ਦੇਣ ਵਾਲਿਆਂ ਨੂੰ ਵੀ ਕੁਨੈਕਸ਼ਨ ਨਹੀਂ ਮਿਲੇ ਅਤੇ ਚਾਰਜਿਜ਼ ਵਧਾਈ ਜਾ ਰਹੇ ਹਨ। ਜਾਲ੍ਹੀ ਬਿਲ ਬਣਦੇ ਹਨ। ਲਾਜ਼ਮੀ ਤੌਰ ਤੇ ਕੁਨੈਕਸ਼ਨਜ਼ ਵਧਣੇ ਚਾਹੀਦੇ ਹਨ। ਇਹ ਠੀਕ ਹੈ ਅਤੇ ਮੈਂ ਇਸ ਗੱਲ ਦੀ ਪ੍ਰਸ਼ੰਸਾ ਕਰਦਾ ਹਾਂ ਕਿ ਸਾਡੇ ਚੇਅਰਮੈਨ ਨੇ ਬਹੁਤ ਕੰਮ ਕੀਤਾ ਹੈ ਅਤੇ ਥਰਮਲ ਪਲਾਂਟ ਨੂੰ ਵੀ ਅੱਛੀ ਤਰ੍ਹਾਂ ਚਲਾ ਰਹੇ ਹਨ ਅਤੇ ਹੁਣ ਨਹਿਰੀ ਪਾਣੀ ਤੋਂ ਬਿਜਲੀ ਦੀ ਸਟੱਡੀ ਕਰਨ ਵਾਸਤੇ ਬਾਹਰ ਗਏ ਹੋਏ ਹਨ। ਪਰ ਜਿਹੜੇ ਵੀ ਜ਼ਿੰਮੀਂਦਾਰ ਕੁਨੈਕਸ਼ਨ ਲੈਣ ਲਈ ਅਰਜ਼ੀ ਦਿੰਦੇ ਹਨ, ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਟਿਊਬਵੈਲਜ਼ ਦੇ ਕੁਨੈਕਸ਼ਨਜ਼ ਲਈ ਪ੍ਰਾਇਰਟੀ ਦੇਣੀ ਚਾਹੀਦੀ ਹੈ। ਬਾਕੀ ਕੁਰੱਪਸ਼ਨ ਤਾਂ ਆਮ ਹੀ ਹੋ ਗਈ ਹੈ।

11·55 A.M.

(ਇਸ ਸਮੇਂ ਸ਼੍ਰੀ ਜੁਗਿੰਦਰ ਨਾਥ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਅਸੀਂ ਸਾਰੇ ਐਮ.ਐਲ.ਏਜ਼ ਅਤੇ ਮਨਿਸਟਰਜ਼ ਨੇ ਸੌਂਹ ਚੁਕੀ ਸੀ ਕਿ ਅਸੀਂ ਕੁਰੱਪਸ਼ਨ ਨੂੰ ਰੂਟ ਆਊਟ ਕਰ ਦਿਆਂਗੇ। ਪਰ ਹੁਣ ਦੇਖੋ, ਐਸ.ਐਸ.ਐਸ. ਬੋਰਡ ਵਿੱਚ ਵੀ ਜਦੋਂ ਤੱਕ ਨੋਟ ਨਹੀਂ ਚਲਦੇ, ਸਿਲੈਕਸ਼ਨ ਨਹੀਂ ਹੁੰਦੀ। 28 ਬੋਰਡ ਹਨ, ਪਰ ਸਭ ਘਾਟੇ ਵਿੱਚ ਜਾ ਰਹੇ ਹਨ। ਜਿਸ ਨੂੰ ਵੀ ਕਿਸੇ ਬੋਰਡ ਦੀ ਚੇਅਰਮੈਨਸ਼ਿਪ ਮਿਲ ਜਾਂਦੀ ਹੈ, ਉਹ ਸਮਝ ਲੈਂਦਾ ਹੈ ਕਿ ਮੇਰੀ ਲਾਟਰੀ ਨਿਕਲ ਆਈ ਹੈ। ਸਾਨੂੰ ਹਾਈ ਲੈਵਲ ਤੋਂ ਕੰਮ ਕਰਨਾ ਚਾਹੀਦਾ ਹੈ। ਚਰਬੀ ਵਾਲੇ ਕੇਸ ਵਿੱਚ ਵੀ ਤਾਂ 7/8 ਲੱਖ ਰੁਪਿਆ ਕਿਸੇ ਨਾ ਕਿਸੇ ਨੇ ਲਿਆ ਹੀ ਹੋਣਾ ਹੈ। ਇਸ ਦੀ ਵੀ ਇਨਕੁਆਇਰੀ ਕਰਕੇ ਪਤਾ ਕਰੋ। ਮੈਂ ਕਪੂਰ ਸਾਹਿਬ ਨੂੰ ਜ਼ਰੂਰ ਕਹਾਂਗਾ ਕਿ ਡੇਅਰੀ ਫਾਰਮ ਵਾਲਿਆਂ ਦੀਆਂ ਗ੍ਰਿਫਤਾਰੀਆਂ ਛੱਡ ਕੇ ਉਨ੍ਹਾਂ ਨੂੰ ਕਿਧਰੇ ਐਡਜਸਟ ਕਰਨ ਅਤੇ ਉਨ੍ਹਾਂ ਦੇ ਕੇਸ ਨੂੰ ਸਿਮਪੈਥੇਟੀਕਲੀ ਵਿਚਾਰਨ। ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀਆ** (ਫਗਵਾੜਾ, ਐਸ.ਸੀ.) : ਚੇਅਰਮੈਨ ਸਾਹਿਬ, ਖਜ਼ਾਨਾ ਮੰਤਰੀ ਡਾਕਟਰ ਸਾਹਿਬ ਨੇ 36 ਕਰੋੜ 66 ਲੱਖ 37 ਹਜ਼ਾਰ ਦੀਆਂ ਜੋ ਸਪਲੀਮੈਂਟਰੀ ਡਿਮਾਂਡਜ਼ ਰਖੀਆਂ ਹਨ, ਉਸ ਦੇ ਵਿਚ ਮੈਂ ਡਿਮਾਂਡ ਨੰਬਰ–16 ਬਾਰੇ ਐਜੂਕੇਸ਼ਨ ਦੇ ਮੁਤੱਲਕ ਕੁਝ ਕਹਿਣਾ ਚਾਹੁੰਦਾ ਹਾਂ। ਸਾਡਾ ਐਨੂਅਲ ਪ੍ਰਲਾਨ 440 ਕਰੋੜ ਰੁਪਏ ਦਾ ਹੈ ਜਿਸ ਵਿਚੋਂ 1/4 ਹਿੱਸਾ ਸਾਡੀ ਐਜੂਕੇਸ਼ਨ ਤੇ ਖਰਚ

Original with;
Punjab Vidhan Sabha
Digitized by;
Panjab Digital Library

[ਸ੍ਰੀ ਪਿਆਰਾ ਰਾਮ ਧੰਨੋਵਾਲੀਆ]

ਆਉਂਦਾ ਹੈ। ਮੈਂ ਸਮਝਦਾ ਹਾਂ ਕਿ ਇਹ ਸਭ ਤੋਂ ਵੱਡੀ ਮੱਦ ਹੈ ਜਿਸ ਤੇ ਕਾਫੀ ਪੈਸਾ ਐਜੂਕੇਸ਼ਨ ਬਾਰੇ ਖਰਚ ਕੀਤਾ ਜਾ ਰਿਹਾ ਹੈ। ਇਸ ਦੇ ਵਿੱਚ ਉਰਦੂ ਦੀ ਤਰੱਕੀ ਲਈ ਅਕਾਡਮੀ ਕਾਇਮ ਕਰਨ ਲਈ ਜੋ ਪੈਸੇ ਰੱਖੇ ਹਨ ਇਹ ਬਹੁਤ ਅੱਛਾ ਕੰਮ ਕੀਤਾ ਹੈ। ਉਰਦੂ ਜ਼ਬਾਨ ਮੈਨੂੰ ਪ੍ਰਿਤਾ ਹੈ, ਚੇਅਰਮੈਨ ਸਾਹਿਬ, ਮੈਂ 1947 ਤੋਂ ਪਹਿਲਾਂ ਪੜ੍ਹਿਆ ਹਾਂ। ਇਹ ਬਹੁਤ ਹੀ ਅੱਛੀ ਜ਼ਬਾਨ ਹੈ। ਪੰਜਾਬ ਸਰਕਾਰ ਨੇ ਇਸ ਦੀ ਤਰੱਕੀ ਲਈ 15 ਲੱਖ ਰੁਪਿਆ ਰੱਖਿਆ ਹੈ। ਇਹ ਬੜੀ ਚੰਗੀ ਗੱਲ ਕੀਤੀ ਹੈ।

ਚੇਅਰਮੈਨ ਸਾਹਿਬ, ਪੰਜਾਬ ਸਟੇਟ ਇੱਕ ਪਹਿਲੀ ਸਟੇਟ ਹੈ ਜਿਸ ਨੇ ਐਜੂਕੇਸ਼ਨ ਬਾਰੇ ਸੋਚਿਆ ਹੈ ਕਿ ਕਿਸ ਤਰ੍ਹਾਂ ਦੀ ਤਾਲੀਮ ਸਟੇਟ ਵਿੱਚ ਹੋਣੀ ਚਾਹੀਦੀ ਹੈ, ਐਜੂਕੇਸ਼ਨਲ ਢਾਂਚਾ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਇਸ ਵਾਸਤੇ ਪੰਜਾਬ ਸਰਕਾਰ ਨੇ ਇਕ ਕਮਿਸ਼ਨ ਵੀ ਮੁਕਰਰ ਕੀਤਾ ਹੈ। ਇਹ ਬੜੀ ਸ਼ਲਾਘਾਯੋਗ ਗੱਲ ਹੈ। ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਜਿਹੜੀ ਕਿ ਮੇਰੇ ਮਾਨਯੋਗ ਸਾਥੀ ਚਤਰਥ ਸਾਹਿਬ ਨੇ ਵੀ ਕੀਤੀ ਹੈ ਕਿ ਜਿਹੜੀ ਸਾਡੀ ਪ੍ਰਾਇਮਰੀ ਤਾਲੀਮ ਹੈ, ਪੰਜਾਬ ਦੇ ਅੰਦਰ ਇਸ ਵੇਲੇ ਧੜਾ ਧੜ ਮਾਡਲ ਸਕੂਲ ਖੁਲ੍ਹ ਰਹੇ ਹਨ, ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਸਾਡੀ ਪ੍ਰਾਇਮਰੀ ਤਾਲੀਮ ਮੁਫਤ ਔਰ ਕਮਪਲਸਰੀ ਹੈ ਇਸ ਤਾਲੀਮ ਨੂੰ ਬਿਲਕੁਲ ਇਨ੍ਹਾਂ ਮਾਡਲ ਲਾਈਨਾਂ ਤੇ ਜਿਹੜੇ ਸਾਡੇ ਇਹ ਪ੍ਰਾਈਵੇਟ ਤੌਰ ਤੇ ਸਕੂਲ ਕਾਨਵੈਂਟ ਸਕੂਲ ਖੋਲ੍ਹੇ ਹਨ, ਪ੍ਰਾਇਮਰੀ ਤਾਲੀਮ ਵਲ ਹੋਰ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਇਨ੍ਹਾਂ ਵਾਸਤੇ ਚੰਗੀਆਂ ਬਿਲਡਿੰਗਾਂ ਬਣਾਉਣੀਆਂ ਚਾਹੀਦੀਆਂ ਹਨ। ਬੱਚਿਆਂ ਦੀ ਪੜ੍ਹਾਈ ਵਾਸਤੇ ਅੱਛਾ ਇੰਤਜ਼ਾਮ ਹੋਣਾ ਚਾਹੀਦਾ ਹੈ। ਅਸੀਂ ਵੱਡੀਆਂ ਵੱਡੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਤੇ ਤਾਂ ਲੱਖਾਂ ਕਰੋੜਾਂ ਰੁਪਏ ਖਰਚ ਕਰ ਰਹੇ ਹਾਂ ਲੇਕਿਨ ਪ੍ਰਾਇਮਰੀ ਤਾਲੀਮ ਵੱਲ ਸਾਡਾ ਉਤਨਾ ਧਿਆਨ ਨਹੀਂ ਹੈ। ਪ੍ਰਾਇਮਰੀ ਸਕੂਲਾਂ ਵਿੱਚ ਪਿੰਡਾਂ ਵਿੱਚ , ਚੇਅਰਮੈਨ ਸਾਹਿਬ, ਗਰੀਬਾਂ ਦੇ, ਸ਼ੈਡਿਊਲਡ ਕਾਸਟਾਂ ਤੇ ਬੈਕਵਰਡ ਕਲਾਸਾਂ ਦੇ ਬੱਚੇ ਬਹੁ ਗਿਣਤੀ ਵਿਚ ਪੜ੍ਹਦੇ ਹਨ। ਉਸ ਪਾਸੇ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਐਜੂਕੇਸ਼ਨ ਹੀ ਹਰ ਤਰੱਕੀ ਦਾ ਦਾਰੋਮਦਾਰ ਹੈ। ਸੋ, ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਸ ਪਾਸੇ ਹੋਰ ਜ਼ਿਆਦਾ ਧਿਆਨ ਦੇਵੇ।

ਡੀਮਾਂਡ ਨੰ: 23 ਬਾਰੇ, ਚੇਅਰਮੈਨ ਸਾਹਿਬ, ਮੈਂ ਦੇਖਿਆ ਹੈ ਕਿ 30,25,000 ਰੁਪਿਆ ਉਨ੍ਹਾਂ ਲੋਕਾਂ ਲਈ ਰੱਖਿਆ ਗਿਆ ਹੈ ਜਿਹੜੇ ਸਾਡੇ ਦੇਸ਼ ਦੀ ਆਜ਼ਾਦੀ ਲਈ ਫਰੀਡਮ ਫਾਈਟਰਜ਼ ਸਨ, ਜਿਨ੍ਹਾਂ ਨੇ ਸਾਡੇ ਦੇਸ਼ ਨੂੰ ਆਜ਼ਾਦੀ ਦਿਵਾਈ, ਆਪਣੀਆਂ ਜਾਇਦਾਦਾਂ ਕੁਰਕ ਕਰਵਾਈਆਂ, ਆਪਣੀਆਂ ਕੁਰਬਾਨੀਆਂ ਦਿੱਤੀਆਂ। ਉਸ ਵਾਸਤੇ ਸਰਕਾਰ ਨੇ ਕਾਫੀ ਪੈਸੇ ਰੱਖੇ ਹਨ। ਇਹ ਪੈਸੇ ਫਰੀਡਮ ਫਾਈਟਰਾਂ ਦੇ ਬੱਚਿਆਂ ਦੀ ਮੱਦਦ ਲਈ, ਉਨ੍ਹਾਂ ਦੇ ਆਪਣੇ ਵਾਸਤੇ, ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ, ਦਵਾਈ ਦਾਰੂ ਲਈ ਰੱਖੇ ਸਨ। ਇਸ ਬਜਟ ਵਿੱਚ ਇੱਕ ਕਰੋੜ 21 ਲੱਖ ਰੁਪਿਆ ਪਹਿਲਾਂ ਸੀ ਉਸ ਵਿਚੋਂ 30,25,000 ਰੁਪਿਆ ਉਨ੍ਹਾਂ ਦੀਆਂ ਪੈਨਸ਼ਨਾਂ ਲਈ ਰੱਖਿਆ ਹੈ। ਇਹ ਬੜੀ ਸ਼ਲਾਘਾ ਯੋਗ ਗੱਲ ਹੈ। ਚੇਅਰਮੈਨ ਸਾਹਿਬ, ਸਾਡੀ ਇਹ ਪਹਿਲੀ ਸਰਕਾਰ ਹੈ ਜਿਸ ਨੇ ਨਿਮਾਣਿਆਂ ਅਤੇ ਨਿਤਾਣਿਆਂ ਨੂੰ ਆਜ਼ਾਦੀ ਦੇ ਘੁਲਾਟੀਆਂ ਨੂੰ ਯੋਗ ਮੱਦਦ ਦਿੱਤੀ ਹੈ ਔਰ ਉਨ੍ਹਾਂ ਵਾਸਤੇ ਇਤਨੀਆਂ ਸਹੂਲਤਾਂ ਰੱਖੀਆਂ ਹਨ। ਇਹ ਬੜੀ ਚੰਗੀ ਗੱਲ ਹੈ। ਮੈ ਖਜ਼ਾਨਾ ਮੰਤਰੀ ਜੀ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ।

ਡੀਮਾਂਡ ਨੰ. 33 ਦੇ ਵਿੱਚ ਗਲੀਆਂ ਨਾਲੀਆਂ ਪੱਕੀਆਂ ਕਰਨ ਬਾਰੇ ਜ਼ਿਕਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮਹਿਲਾ ਮੰਡਲਾਂ ਨੂੰ ਗਰਾਂਟਸ ਬਾਰੇ ਵੀ ਲਿਖਿਆ ਹੈ ਤਾਂ ਕਿ ਪੰਜਾਬ ਦੀਆਂ ਜੋ ਔਰਤਾਂ

Original with;
Punjab Vidhan Sabha
Digitized by;
Panjab Digital Library

ਪੇਂਡੂ ਔਰਤਾਂ ਹਨ ਉਨ੍ਹਾਂ ਦੇ ਵਿੱਚ ਉਤਸ਼ਾਹ ਹੋਵੇ ਮਿਲ ਕੇ ਕੰਮ ਕਰਨ ਦਾ, ਪਿੰਡ ਦੀ ਬਿਹਤਰੀ ਵਾਸਤੇ ਲੋਕਾਂ ਦੀ ਭਲਾਈ ਦੇ ਵਾਸਤੇ। ਸਰਕਾਰ ਨੇ ਇਸ ਕੰਮ ਲਈ ਕਾਫੀ ਪੈਸੇ ਰੱਖੇ ਹਨ। ਸਾਡੀ ਸਰਕਾਰ ਨੇ ਇਸ ਬਜਟ ਵਿੱਚ ਤਕਰੀਬਨ 20 ਕਰੋੜ ਰੁਪਿਆ ਇਸ ਮੱਦ ਵਿੱਚ ਰੱਖਿਆ ਹੈ। ਚੇਅਰਮੈਨ ਸਾਹਿਬ, ਇੱਕ ਗੱਲ ਹੋਰ ਹੈ ਕਿ ਪਿੰਡਾਂ ਦੀ ਜੋ ਆਬਾਦੀ ਹੈ ਉਹ ਮਹਿਸੂਸ ਕਰਦੀ ਹੈ ਕਿ ਸਾਡੇ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ ਰਿਹਾ ਹੈ ਲੇਕਿਨ ਇਸ ਸਕੀਮ ਦੇ ਨਾਲ ਪੰਜਾਬ ਦੇ ਵਿੱਚ ਜਿਹੜੇ 12,188 ਪਿੰਡ ਹਨ ਇਨ੍ਹਾਂ ਦੇ ਵਿੱਚ ਤੇਜ਼ੀ ਨਾਲ ਜ਼ੋਰ ਸ਼ੋਰ ਨਾਲ ਨਾਲੀਆਂ ਗਲੀਆਂ ਪੱਕੀਆਂ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਇਹ ਬੜੀ ਸ਼ਲਾਘਾ ਯੋਗ ਗੱਲ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਪਾਸੇ ਹੋਰ ਵੀ ਜ਼ਿਆਦਾ ਸਾਨੂੰ ਫੰਡਜ਼ ਰੱਖਣੇ ਚਾਹੀਦੇ ਹਨ।

ਡੀਮਾਂਡ ਨੰ. 36 ਦੇ ਅੰਦਰ ਰੋਡਜ਼ ਐਂਡ ਬਿਲਡਿੰਗਜ਼, ਨੈਸ਼ਨਲ ਹਾਈ ਵੇ ਦੀ ਗੱਲ ਹੈ। ਚੇਅਰਮੈਨ ਸਾਹਿਬ, ਲੁਧਿਆਣੇ ਤੋਂ ਲੈ ਕੇ ਫਿਲੌਰ ਤੱਕ ਅਤੇ ਗੁਰਾਇਆਂ ਤੱਕ ਜੋ ਫੋਰ ਲੇਨ ਸੜਕ ਬਣੀ ਹੈ ਮੈਂ ਸਮਝਦਾ ਹਾਂ ਕਿ ਗੌਰਮਿੰਟ ਆਫ ਇੰਡੀਆਂ ਦੀ ਗਰਾਂਟ ਨਾਲ ਇਹ ਸਾਡੀ ਸਰਕਾਰ ਨੇ ਬਹੁਤ ਅੱਛੀ ਗੱਲ ਕੀਤੀ ਹੈ ਪੰਜਾਬ ਸਰਕਾਰ ਨੂੰ ਗੁਰਾਇਆਂ ਤੋਂ ਲੈ ਕੇ ਜਲੰਧਰ ਤੱਕ ਅੱਛੀ ਸੜਕ ਬਣਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਹੁਸ਼ਿਆਰਪੁਰ ਜੋ ਕਿ ਪਛੜਿਆ ਹੋਇਆ ਜ਼ਿਲ੍ਹਾ ਹੈ ਇਸ ਦੇ ਬਾਰੇ ਅੱਜ ਹਾਊਸ ਵਿੱਚ ਸਵਾਲ ਵੀ ਉਠਾਇਆ ਗਿਆ ਸੀ ਜਿਹੜੀ ਸੜਕ ਹੁਸ਼ਿਆਰਪੁਰ ਤੋਂ ਊਨੇ ਨੂੰ ਜਾਂਦੀ ਹੈ ਨੰਗਲ ਔਰ ਆਨੰਦਪੁਰ ਸਾਹਿਬ ਨੂੰ ਭੀ, ਇਸ ਸੜਕ ਤੇ ਬਹੁਤ ਸਾਰੇ ਤੀਰਥ ਅਸਥਾਨ ਹਨ। ਇਸ ਪਾਸੇ ਬਹੁਤ ਸਾਰੀ ਪਬਲਿਕ ਚਿੰਤਪੁਰਨੀ, ਜਵਾਲਾਜੀ, ਨੈਣਾ ਦੇਵੀ ਅਤੇ ਬਾਬਾ ਬਾਲਕ ਨਾਥ ਵੱਲ ਜਾਂਦੇ ਹਨ। ਇਸ ਸੜਕ ਦੀ ਹਾਲਤ ਬਹੁਤ ਹੀ ਖਸਤਾ ਹੈ, ਇਹ ਸਟੇਟ ਹਾਈ ਵੇ ਹੈ। ਇਸ ਉਤੇ ਦੋ ਤਿੰਨ ਚੋਅ ਵੀ ਹਨ। ਇਸ ਵੱਲ ਵੀ ਸਰਕਾਰ ਨੂੰ ਜ਼ਰੂਰ ਛੇਤੀ ਧਿਆਨ ਦੇਣਾ ਚਾਹੀਦਾ ਹੈ। ਬਿਲਡਿੰਗਜ਼ ਦੇ ਬਾਰੇ ਮੈਂ ਇੱਕ ਸਵਾਲ ਵੀ ਦਿੱਤਾ ਸੀ। ਸਰਕਾਰ ਨੇ ਬੜੀਆਂ ਬਿਲਡਿੰਗਾਂ ਬਣਾਈਆਂ, ਕੰਮਪਲੈਕਸ ਵੀ ਬਣਾਏ ਔਰ ਕਪੂਰ ਸਾਹਿਬ ਹੁਣੇ ਹੀ ਪਿਛੇ ਜਿਹੇ ਇੱਕ ਬਿਲਡਿੰਗ ਦਾ ਉਦਘਾਟਨ ਫਗਵਾੜਾ ਕਰਕੇ ਆਏ ਸਨ, ਇਹ ਬਿਲਡਿੰਗ ਬੜੀ ਹੀ ਸ਼ਾਨਦਾਰ ਬਣਾਈ ਗਈ ਹੈ। ਮੈਂ ਸਮਝਦਾ ਹਾਂ ਕਿ ਜਿਹੜੀ ਜੁਡੀਸ਼ੀਅਲ ਕੋਰਟਸ ਦੀ ਇਹ ਬਿਲਡਿੰਗ ਬਣੀ ਹੈ, ਸਾਨੂੰ ਤਕਲੀਫ ਇਹ ਹੈ ਕਿ ਤਹਿਸੀਲ ਦੇ ਵਿੱਚ ਹੀ ਦੋ ਜੁਡੀਸ਼ੀਅਲ ਕੋਰਟਸ ਹਨ ਅਤੇ ਹਾਲੇ ਤੱਕ ਨਵੇਂ ਦਫਤਰ ਵਿਚ ਸ਼ਿਫਟ ਨਹੀਂ ਕੀਤਾ ਗਿਆ। ਇਹ ਤੁਰੰਤ ਸ਼ਿਫਟ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਤਹਿਸੀਲ ਤੇ ਹੋਰ ਦਫਤਰਾਂ ਦੇ ਵਿੱਚ ਜਿਹੜੀ ਕਨਜੈਸ਼ਨ ਹੈ ਉਹ ਘੱਟ ਹੋਵੇ।

ਮੈਂ ਬੇਨਤੀ ਕਰਾਂਗਾ ਕਿ ਇਥੇ ਕਿਹਾ ਗਿਆ ਹੈ ਕਿ ਲਾਅ ਐਂਡ ਆਰਡਰ ਦੇ ਵਿੱਚ ਪੁਲਿਸ ਤੇ ਬਹੁਤ ਖਰਚ ਕੀਤਾ ਗਿਆ ਹੈ। ਪੁਲਿਸ ਨੂੰ ਹੋਰ ਜਦੀਦ ਹਥਿਆਰ, ਜਦੀਦ ਮਸ਼ੀਨਰੀ ਦਿੱਤੀ ਜਾਣੀ ਚਾਹੀਦੀ ਹੈ। ਜੇ ਅਸੀਂ ਪੁਲਿਸ ਨੂੰ ਤੇਜ਼ ਰਫਤਾਰ ਗੱਡੀਆਂ ਨਾ ਦਿਆਂਗੇ, ਕਿਉਂਕਿ ਜਿਹੜੇ ਜੁਰਮ ਕਰਨ ਵਾਲੇ ਹਨ ਜਿਹੜੇ ਨਿਹੱਥੇ ਲੋਕਾਂ ਤੇ ਜੁਰਮ ਕਰਦੇ ਹਨ ਉਨ੍ਹਾਂ ਪਾਸ ਬੜੀ ਤੇਜ਼ ਰਫਤਾਰ ਮਸ਼ੀਨਰੀ ਹੈ, ਤਾਂ ਮੁਜਰਮਾਂ ਤੇ ਕਾਬੂ ਨਹੀਂ ਪਾ ਸਕਦੇ ਉਨ੍ਹਾਂ ਨੂੰ ਕੰਟਰੋਲ ਕਰਨ ਵਾਸਤੇ ਪੁਲਿਸ ਪਾਸ ਅੱਛੇ ਇੰਤਜ਼ਾਮ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ। ਉਨ੍ਹਾਂ ਦੀਆਂ ਕਈ ਡੀਮਾਂਡਜ਼ ਹਨ ਉਨ੍ਹਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਵੈਸੇ ਇਸ ਪਾਸੇ ਸਰਕਾਰ ਪਹਿਲਾਂ ਹੀ ਕਾਫੀ ਧਿਆਨ ਦੇ ਰਹੀ ਹੈ।

ਸਪਲੀਮੈਂਟਰੀ ਡੀਮਾਂਡਜ਼ ਦੇ ਵਿੱਚ 7 ਲੱਖ ਰੁਪਏ ਦੇ ਐਡੀਸ਼ਨਲ ਫੰਡਜ਼ ਰੱਖੇ ਹਨ, ਉਨ੍ਹਾਂ ਲੋਕਾਂ ਲਈ ਇਹ ਫੰਡਜ਼ ਰੱਖੇ ਗਏ ਹਨ ਜਿਹੜੇ ਬੇਗੁਨਾਹ ਲੋਕਾਂ ਨੂੰ ਨੁਕਸਾਨ ਉਠਾਉਣਾ ਪੈਂਦਾ ਹੈ, ਉਨ੍ਹਾਂ ਦੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪਿਆਰਾ ਰਾਮ ਧੰਨੋਵਾਲੀਆ]

ਜਾਇਦਾਦ ਵਗੈਰਾ ਸੜ ਜਾਂਦੀ ਹੈ ਜਾਂ ਕਿਸੇ ਪਰਿਵਾਰ ਦੇ ਮੈਂਬਰ ਦੀ ਮੌਤ ਹੋ ਜਾਂਦੀ ਹੈ, ਇਹ ਕੋਈ ਬਹੁਤਾ ਅੱਛਾ ਹੱਲ ਨਹੀਂ ਹੈ। ਇਸ ਦਾ ਹੱਲ ਇਹ ਹੈ ਕਿ ਜਿਹੜੇ ਲੋਕ ਧਰਮ ਦੇ ਨਾਂ ਤੇ, ਮਜ਼੍ਹਬ ਦੇ ਨਾਂ ਤੇ ਦੇਸ਼ ਦੀ ਅਖੰਡਤਾ ਨੂੰ ਭੰਗ ਕਰਦੇ ਹਨ ਔਰ ਜ਼ੁਲਮ ਕਰਦੇ ਹਨ, ਨਿਹੱਥੇ ਲੋਕਾਂ ਨੂੰ ਮਾਰਦੇ ਹਨ, ਉਨ੍ਹਾਂ ਨੂੰ ਮੈਂ ਬੇਨਤੀ ਕਰਾਂਗਾ ਕਿ ਬੈਠ ਕੇ ਗੱਲ ਕਰਨੀ ਚਾਹੀਦੀ ਹੈ। ਸਰਕਾਰ ਨੇ ਜਿਨ੍ਹਾਂ ਲੋਕਾਂ ਦਾ ਕਿਸੇ ਪਰਕਾਰ ਦਾ ਮਾਲੀ ਜਾਂ ਜਾਨੀ ਨੁਕਸਾਨ ਹੋ ਜਾਵੇ ਉਸ ਵਾਸਤੇ ਕੰਪਨਸੇਸ਼ਨ ਦੇਣ ਲਈ ਪੈਸਾ ਰੱਖਿਆ ਹੈ। ਪੰਜਾਬ ਦੇ ਮਸਲੇ ਦਾ ਹੱਲ ਇਹ ਹੀ ਹੈ ਕਿ ਬੈਠ ਕੇ ਗੱਲ ਬਾਤ ਕੀਤੀ ਜਾਵੇ ਕਿਉਂਕਿ ਸਰਕਾਰ ਨੇ ਬਹੁਤ ਸਾਰੀਆਂ ਡੀਮਾਂਡਜ਼ ਤਾਂ ਪਹਿਲਾਂ ਹੀ ਮੰਨ ਲਈਆਂ ਹਨ। ਸਾਡੇ ਸਿਰ ਤੇ ਹੋਰ ਵੀ ਬਹੁਤ ਬੋਝ ਹੈ। ਸੀ. ਆਰ. ਪੀ. ਐਫ. ਔਰ ਬੀ. ਐਸ. ਐਫ. ਤੇ ਖਰਚ ਭੀ ਕਰਨਾ ਪੈਂਦਾ ਹੈ। ਇਸ ਦੇ ਵਿੱਚ ਵੀ ਇਹ ਸਾਰਾ ਜ਼ਿਕਰ ਕੀਤਾ ਹੋਇਆ ਹੈ।

ਇਸ ਤੋਂ ਇਲਾਵਾ, ਚੇਅਰਮੈਨ, ਸਾਹਿਬ, ਮੈਂ ਫਗਵਾੜੇ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਭਾਵੇਂ ਸਰਕਾਰ ਲੋਕਾਂ ਦੀ ਸਿਹਤ ਦਾ ਖਿਆਲ ਰੱਖ ਰਹੀ ਹੈ ਫਿਰ ਭੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਫਗਵਾੜੇ ਦੇ ਵਿੱਚ ਹਸਪਤਾਲ ਦਾ ਹੋਣਾ ਬਹੁਤ ਜ਼ਰੂਰੀ ਹੈ। ਸਾਡਾ ਫਗਵਾੜਾ ਸ਼ਹਿਰ ਜੀ. ਟੀ. ਰੋਡ ਤੇ ਹੈ ਔਰ ਇਸ ਤੇ ਕਈ ਵਾਰ ਹਾਦਸੇ ਹੁੰਦੇ ਹਨ। ਇਸ ਲਈ ਮੈਂ ਕਹਾਂਗਾ ਕਿ ਫਗਵਾੜੇ ਦਾ ਹਸਪਤਾਲ ਜਲਦੀ ਤੋਂ ਜਲਦੀ ਬਣਾਉਣਾ ਚਾਹੀਦਾ ਹੈ।

ਅਖੀਰ ਵਿਚ ਮੈਂ ਕਹਾਂਗਾ ਕਿ ਇਹ ਜਿਹੜੀਆਂ ਐਫ. ਐਮ. ਸਾਹਿਬ ਨੇ ਸਪਲੀਮੈਂਟਰੀ ਡਿਮਾਂਡਜ਼ ਪੇਸ਼ ਕੀਤੀਆਂ ਹਨ, ਇਹ ਪਾਸ ਕਰਨੀਆਂ ਚਾਹੀਦੀਆਂ ਹਨ। ਐਨਾ ਕੁਝ ਕਹਿੰਦਾ ਹੋਇਆ, ਚੇਅਰਮੈਨ ਸਾਹਿਬ, ਮੈਂ ਤੁਹਾਡੇ ਕੋਲੋਂ ਆਗਿਆ ਚਾਹੁੰਦਾ ਹਾਂ।

**ਕਾਮਰੇਡ ਦਰਸ਼ਨ ਸਿੰਘ ਝਬਾਲ** (ਅਟਾਰੀ, ਐਸ. ਸ਼ੀ.) : ਚੇਅਰਮੈਨ ਸਾਹਿਬ, ਇਹ ਜਿਹੜੀਆਂ ਐਫ. ਐਮ. ਸਾਹਿਬ ਨੇ 36,66,37,000 ਰੁਪਏ ਦੀਆਂ ਸਪਲੀਮੈਂਟਰੀ ਡਿਮਾਂਡਜ਼ ਸਾਡੇ ਸਾਹਮਣੇ ਰੱਖੀਆਂ ਹਨ, ਉਸ ਦੇ ਸਬੰਧ ਵਿਚ ਮੈਂ ਕੁਝ ਗੱਲਾਂ ਕਹਿਣੀਆਂ ਚਾਹੁੰਦਾ ਹਾਂ। ਕੁਝ ਐਸੀਆਂ ਮੰਗਾਂ ਸਨ ਜਿਹੜੀਆਂ ਇਸ ਵਿਚ ਆਉਣੀਆਂ ਚਾਹੀਦੀਆਂ ਸਨ, ਉਹ ਇਸ ਵਿਚ ਨਹੀਂ ਰਖੀਆਂ ਗਈਆਂ। ਜਿਸ ਤਰ੍ਹਾਂ ਰੋਡਵੇਜ਼ ਦੇ ਕਰਮਚਾਰੀਆਂ ਦੀਆਂ ਕੁਝ ਮੰਗਾਂ ਹਨ ਪਰ ਉਨ੍ਹਾਂ ਵਾਸਤੇ ਪੈਸਾ ਨਹੀਂ ਰਖਿਆ ਗਿਆ। ਇਸੇ ਤਰ੍ਹਾਂ ਹੀ ਟੀਚਰਾਂ ਦਾ ਮਸਲਾ ਹੈ। ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਵਾਸਤੇ ਇਨ੍ਹਾਂ ਨੇ ਕੁਝ ਪੈਸਾ ਨਹੀਂ ਰਖਿਆ। ਇਸੇ ਤਰ੍ਹਾਂ ਹੋਰ ਕਈ ਮੰਗਾਂ ਦਾ ਜ਼ਿਕਰ ਇਸ ਵਿਚ ਨਹੀਂ ਆਇਆ।

ਹੁਣ ਮੈਂ ਡਿਮਾਂਡ ਨੰਬਰ 10 ਵਲ ਆਉਂਦਾ ਹਾਂ। ਸਾਡੇ ਮਾਨਯੋਗ ਮੈਂਬਰ ਸ੍ਰੀ ਧੰਨੋਵਾਲੀਆ ਨੇ ਕਿਹਾ ਹੈ ਕਿ 7 ਲੱਖ ਰੁਪਿਆ ਇਸ ਕਰਕੇ ਰਖਿਆ ਗਿਆ ਹੈ ਕਿਉਂਕਿ ਰਾਜ ਵਿਚ ਹਿੰਸਕ ਘਟਨਾਵਾਂ ਹੁੰਦੀਆਂ ਹਨ ਅਤੇ ਜਿਹੜੇ ਲੋਕ ਮਾਰੇ ਜਾਂਦੇ ਹਨ ਜਾਂ ਦੁਕਾਨਾਂ ਸੜ ਜਾਂਦੀਆਂ ਹਨ, ਉਨ੍ਹਾਂ ਦੇ ਬੱਚਿਆਂ ਨੂੰ ਮੁਆਵਜ਼ਾ ਦਿਤਾ ਜਾਂਦਾ ਹੈ, ਇਸ ਕਰਕੇ ਇਹ 7 ਲੱਖ ਰੁਪਿਆ ਰਖਿਆ ਗਿਆ ਹੈ। ਪਰ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਇਹ ਪੁਲਿਸ ਦੇ ਵੱਸ ਦੀ ਗਲ ਨਹੀਂ ਹੈ। ਕਈ ਹੋਰ ਤਰੀਕਿਆਂ ਨਾਲ ਇਥੇ ਅਮਨ ਕਾਇਮ ਹੋ ਸਕਦਾ ਹੈ। ਇਹ ਅਮਨ ਤਾਂ ਕਾਇਮ ਹੋ ਸਕਦਾ ਹੈ ਜਿਸ ਤਰ੍ਹਾਂ ਕਿ ਅਕਾਲੀ ਮੋਰਚਾ ਚਲ ਰਿਹਾ ਹੈ, ਠੀਕ ਹੈ ਉਨ੍ਹਾਂ ਦੀਆਂ ਕੁਝ ਮੰਗਾਂ ਮੰਨੀਆਂ ਗਈਆਂ ਹਨ, ਜੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨ ਲਈਆਂ ਜਾਣ ਤਾਂ ਅਮਨ ਕਾਇਮ ਹੋ ਸਕਦਾ ਹੈ। ਉਨ੍ਹਾਂ ਦੀਆਂ ਕੁਝ ਮੰਗਾਂ ਹਨ, ਜਿਵੇਂ ਕਿ ਚੰਡੀਗੜ੍ਹ ਦਾ ਸਵਾਲ ਹੈ, ਫ਼ਿਰ ਦਰਿਆਈ ਪਾਣੀਆਂ ਦਾ ਸਵਾਲ ਹੈ ਅਤੇ ਇਸੇ ਤਰ੍ਹਾਂ ਇਲਾਕਾਈ ਸਵਾਲ ਹੈ। ਇਹ ਸਵਾਲ

Original with;
Punjab Vidhan Sabha
Digitized by;
Panjab Digital Library

ਹੱਲ ਹੋਣੇ ਚਾਹੀਦੇ ਹਨ। ਇਸ ਬਾਰੇ ਸੈਂਟਰ ਨੂੰ ਕਹਿਣਾ ਚਾਹੀਦਾ ਹੈ। ਜੇ ਸੈਂਟਰ ਅਵੇਸਲਾ ਰਿਹਾ ਤਾਂ ਹਾਲਾਤ ਠੀਕ ਨਹੀਂ ਹੋਣਗੇ। ਸਾਡੀ ਪਾਰਟੀ ਇਹ ਲਗਾਤਾਰ ਕਹਿੰਦੀ ਰਹੀ ਹੈ ਕਿ ਜੇ ਇਹ ਮੰਗਾਂ ਨਾ ਮੰਨੀਆਂ ਗਈਆਂ ਤਾਂ ਫਿਰ ਇਸ ਤਰ੍ਹਾਂ ਦੇ ਹੀ ਹਾਲਾਤ ਰਹਿਣਗੇ। ਇਸ ਲਈ ਜ਼ਰੂਰੀ ਹੈ ਕਿ ਪਹਿਲਾਂ ਇਹ ਜਿਹੜੀਆਂ ਮੰਗਾਂ ਹਨ ਇਹ ਮੰਨੀਆਂ ਜਾਣੀਆਂ ਚਾਹੀਦੀਆਂ ਹਨ। ਇਸ ਲਈ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਅਗੇ ਪੁਲਿਸ ਦੀ ਡਿਮਾਂਡ ਹੈ। ਇਸ ਵਿਚ 3,01,24,000 ਰੁਪਿਆ ਰਖਿਆ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਅੰਦੋਲਨ ਕਰਕੇ ਪੁਲਿਸ ਵਾਲਿਆਂ ਨੂੰ ਗੱਡੀਆਂ ਚਾਹੀਦੀਆਂ ਹਨ ਅਤੇ ਇਸ ਲਈ ਐਨੀ ਰਕਮ ਮੰਗੀ ਗਈ ਹੈ। ਠੀਕ ਹੈ ਇਹ ਰਕਮ ਲੈ ਰਹੇ ਹਨ ਲੇਕਿਨ ਜਿਥੋਂ ਤਕ ਪੁਲਿਸ ਦੀਆਂ ਜਾਇਜ਼ ਮੰਗਾ ਦਾ ਸਵਾਲ ਹੈ ਅਸੀਂ ਉਨ੍ਹਾਂ ਦਾ ਸਮਰਥਨ ਕਰਦੇ ਹਾਂ। ਪਰ ਇਸ ਦਾ ਮਤਲਬ ਇਹ ਨਹੀਂ ਕਿ ਪੁਲਿਸ ਵਾਲੇ ਆਪਣੀਆਂ ਮਨਮਾਨੀਆਂ ਕਰੀ ਜਾਣ। ਪੁਲਿਸ ਦਾ ਕੰਮ ਹੁੰਦਾ ਹੈ ਅਮਨ ਅਮਾਨ ਨੂੰ ਕਾਇਮ ਰੱਖਣਾ ਅਤੇ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨੀ। ਪਰ ਇਸ ਵੇਲੇ ਹਾਲਤ ਇਹ ਹੈ ਕਿ ਪੁਲਿਸ ਵਾਲੇ ਲੋਕਾਂ ਦੇ ਜਾਨ ਮਾਲ ਦੀ ਰਾਖੀ ਨਹੀਂ ਕਰ ਰਹੇ। ਤੁਹਾਨੂੰ ਪਤਾ ਹੈ ਕਿ ਕਿਸ ਤਰ੍ਹਾਂ ਡਾਕੇ ਪੈ ਜਾਂਦੇ ਹਨ ਅਤੇ ਲਗਾਤਾਰ ਮਰਡਰ ਹੋ ਰਹੇ ਹਨ ਪਰ ਕੋਈ ਫੜਿਆ ਨਹੀਂ ਜਾਂਦਾ। ਸੀ. ਐਮ. ਕਹਿੰਦੇ ਹਨ ਕਿ ਅਸੀਂ ਕਾਰਵਾਈ ਕਰ ਰਹੇ ਹਾਂ, ਲਾਗੇ ਪਹੁੰਚ ਰਹੇ ਹਾਂ ਪਰ ਕੋਈ ਫੜਿਆ ਨਹੀਂ ਜਾਂਦਾ। ਨਤੀਜਾ ਇਹ ਹੁੰਦਾ ਹੈ ਕਿ ਵਾਰਦਾਤਾਂ ਹੋਰ ਜ਼ਿਆਦਾ ਹੋ ਰਹੀਆਂ ਹਨ। ਕੋਈ ਅਜ ਤਕ ਫੜਿਆ ਨਹੀਂ ਜਾ ਰਿਹਾ। ਅਸੀਂ ਕਹਿ ਸਕਦੇ ਹਾਂ ਕਿ ਇਹ ਸਾਰਾ ਕੁਝ ਇਨ੍ਹਾਂ ਦੀ ਮਿਲੀ ਭਗਤ ਹੈ, ਇਹ ਸਾਰਾ ਕੁਝ ਮਿਲਕੇ ਹੁੰਦਾ ਹੈ। ਦਿਨ ਦਿਹਾੜੇ ਡਾਕੇ ਪੈ ਜਾਂਦੇ ਹਨ। ਮੈਂ ਕਹਿੰਦਾ ਹਾਂ ਕਿ ਪੁਲਿਸ ਵਾਲੇ ਇਸ ਵਿਚ ਸ਼ਾਮਿਲ ਹੁੰਦੇ ਹਨ।

ਫਿਰ ਭ੍ਰਿਸ਼ਟਾਚਾਰ ਦੀ ਗੱਲ ਆਉਂਦੀ ਹੈ। ਪਿਛੇ ਜਿਹੇ ਅਖਬਾਰਾਂ ਵਿਚ ਖਬਰ ਆਈ ਸੀ ਕਿ ਲੋਕਾਂ ਨੇ ਕਿਹਾ ਸੀ ਕਿ ਸਰਕਾਰ ਸਾਨੂੰ ਕੁਰੱਪਸ਼ਨ ਦੇਣ ਦੀ ਇਜਾਜ਼ਤ ਦੇਵੇ ਕਿਉਂਕਿ ਸਾਡੇ ਕੰਮ ਨਹੀਂ ਹੁੰਦੇ, ਇਸ ਲਈ ਸਾਨੂੰ ਕੁਰੱਪਸ਼ਨ ਦੇਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਕੁਰੱਪਸ਼ਨ ਤੋਂ ਬਗੈਰ ਕੋਈ ਕੰਮ ਨਹੀਂ ਹੁੰਦਾ। ਪੁਲਿਸ ਵਾਲੇ ਕੀ ਕਰਦੇ ਹਨ? ਅਜ ਥਾਣੇਦਾਰ ਦਾ ਕੰਮ ਕੀ ਹੈ ਕਿ ਪੈਸੇ ਕਿਸ ਤਰ੍ਹਾਂ ਇਕੱਠੇ ਕਰਨੇ ਹਨ। ਉਹ ਬਦਮਾਸ਼ਾਂ ਅਤੇ ਡਾਕੂਆਂ ਨਾਲ ਮਿਲਕੇ ਇਸ ਤਰ੍ਹਾਂ ਕਰਦੇ ਹਨ। ਇਨ੍ਹਾਂ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਮੈਂ ਕਹਾਂਗਾਂ ਕਿ ਪੁਲਿਸ ਦੇ ਸਬੰਧ ਵਿਚ ਹਰ ਜ਼ਿਲ੍ਹੇ ਵਿਚ ਕਮੇਟੀ ਹੋਣੀਆਂ ਚਾਹੀਦੀ ਹੈ ਜਿਹੜੀ ਪੁਲਿਸ ਵਾਲਿਆਂ ਦੀ ਇਨਕੁਆਇਰੀ ਕਰੇ ਅਤੇ ਪਤਾ ਲਾਏ ਕਿ ਉਨ੍ਹਾਂ ਨੇ ਇਤਨੀਆਂ ਜਾਇਦਾਦਾਂ ਕਿਸ ਤਰ੍ਹਾਂ ਬਣਾਈਆਂ ਹਨ। ਜੇ ਹੋਰ ਮਹਿਕਮਿਆਂ ਵਿਚ ਇਨਕੁਆਇਰੀ ਹੋ ਸਕਦੀ ਹੈ ਤਾਂ ਪੁਲਿਸ ਦੇ ਮਹਿਕਮੇ ਵਿਚ ਕਿਉਂ ਨਹੀਂ ਇਨਕੁਆਇਰੀ ਹੋ ਸਕਦੀ। ਝਬਾਲ ਥਾਣੇ ਵਿਚ ਜਿਹੜਾ ਥਾਣੇਦਾਰ ਸੀ ਉਹ 10 ਮਹੀਨੇ ਵਿਚ 10 ਲੱਖ ਰੁਪਏ ਇਕਠੇ ਕਰਕੇ ਲੈ ਗਿਆ। ਉਹ ਕਹਿੰਦਾ ਸੀ ਕਿ ਮੈਂ ਇਹ ਆਪ ਹੀ ਨਹੀਂ ਖਾਣੇ, ਉਪਰ ਵੀ ਦੇਣੇ ਹਨ। ਇਸ ਤਰ੍ਹਾਂ ਦੀਆਂ ਮਿਸਾਲਾਂ ਹਨ। ਇਨ੍ਹਾਂ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ।

ਇਸ ਤੋਂ ਅਗੇ ਡਿਮਾਂਡ ਨੰ. 5 ਹੈ ਜਿਹੜੀ ਕਿ ਕੁਦਰਤੀ ਆਫਤਾਂ ਨਾਲ ਸਬੰਧਤ ਹੈ। ਇਸ ਵਿਚ 1,39,81,000 ਰੁਪਏ ਮੰਗੇ ਗਏ ਹਨ। ਗੜੇਮਾਰ ਹੋ ਜਾਵੇ, ਜ਼ਿਆਦਾ ਬਾਰਿਸ਼ਾਂ ਪੈ ਜਾਣ, ਹੜ੍ਹ ਆ ਜਾਣ ਨਾਲ ਨੁਕਸਾਨ ਹੋ ਜਾਵੇ ਤਾਂ ਉਸ ਦੇ ਮੁਆਵਜੇ ਵਜੋਂ ਇਹ ਪੈਸੇ ਦੇਣੇ ਹਨ। ਇਸ ਸਬੰਧ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਮਾਲ ਦੇ ਮਹਿਕਮੇ ਵਾਲੇ ਨੁਕਸਾਨ ਦੇ ਪੂਰੇ ਪੈਸੇ ਨਹੀਂ ਦਿੰਦੇ। ਗਿਰਦਾਵਰੀਆਂ ਲੇਟ ਕਰਦੇ ਹਨ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਇਸ ਤੋਂ ਇਲਾਵਾ ਸੋਕਾ ਪੈ ਜਾਂਦਾ ਹੈ ਪਰ ਇਹ ਕੁਦਰਤੀ ਆਫਤ ਵਿਚ ਸ਼ਾਮਿਲ ਨਹੀਂ ਹੈ। ਇਸ ਸਾਲ ਝੋਨੇ ਦੀ ਫਸਲ ਦਾ ਬਹੁਤ ਨੁਕਸਾਨ ਹੋਇਆ, ਉਸ ਬਾਰੇ ਵੀ ਇਸ ਵਿਚ ਦਰਜ ਹੋਣਾ ਚਾਹੀਦਾ ਹੈ। ਸਾਡੇ ਜ਼ਿਲ੍ਹੇ ਵਿਚ ਬੜੀਆਂ ਭਾਰੀ ਬਾਰਿਸ਼ਾਂ ਹੋਈਆਂ ਜਿਸ ਕਾਰਨ ਕਣਕ ਦੀਆਂ ਭਰੀਆਂ ਖੇਤਾਂ ਵਿਚ ਪਈਆਂ ਗਲ ਗਈਆਂ। ਮੇਰੇ ਇਲਾਕੇ ਵਿਚ ਪਿੰਡ ਪੰਡੋਰੀ ਅਤੇ ਇਕ ਹੋਰ ਪਿੰਡ ਵਿਚ ਫਸਲ ਖੇਤਾਂ ਵਿਚ ਸੜ ਗਈ ਪਰ ਮਾਲ ਦੇ ਮਹਿਕਮੇ ਵਾਲੇ ਕਹਿੰਦੇ ਹਨ ਕਿ ਤੁਹਾਡੀ ਖੜੀ ਫਸਲ ਸੀ। ਇਸ ਲਈ ਅਸੀਂ ਇਸ ਦੀ ਗਿਰਦਾਵਰੀ ਨਹੀਂ ਕਰ ਸਕਦੇ। ਉਨ੍ਹਾਂ ਦੀ ਲੱਖਾਂ ਰੁਪਏ ਦੀ ਫਸਲ ਦਾ ਨੁਕਸਾਨ ਹੋ ਗਿਆ। ਮਹਿਕਮੇ ਵਾਲਿਆਂ ਨੇ ਉਨ੍ਹਾਂ ਨੂੰ ਮੁਆਵਜ਼ਾ ਨਹੀਂ ਦਿਤਾ। ਇਹ ਚੀਜ਼ ਵੀ ਇਸ ਵਿਚ ਆਉਣੀ ਚਾਹੀਦੀ ਹੈ ਤਾਂਕਿ ਉਨ੍ਹਾਂ ਨੂੰ ਮੁਆਵਜ਼ਾ ਦਿਤਾ ਜਾਵੇ।

ਇਸ ਤੋਂ ਅੱਗੇ ਡਿਮਾਂਡ ਨੰ: 39 ਹੈ ਜਿਸ ਵਿਚ 1,15,00,000 ਰੁਪਏ ਮੰਗੇ ਗਏ ਹਨ। ਇਸ ਬਾਰੇ ਮੈਂ ਦਸਦਾ ਹਾਂ ਕਿ ਸਾਡੇ ਉਥੇ ਇਕ ਬੰਨ੍ਹ ਮਾਰਕੇ ਪਾਣੀ ਦਾ ਰੁੱਖ ਸਾਡੇ ਵੱਲ ਕਰ ਦਿਤਾ ਹੈ ਇਸ ਤਰ੍ਹਾਂ ਹਰ ਸਾਲ ਸਾਡੇ ਲੱਖਾਂ ਰੁਪਏ ਦੀਆਂ ਫਸਲਾਂ ਦਾ ਨੁਕਸਾਨ ਹੋ ਜਾਂਦਾ ਹੈ। ਇਹ ਰਕਮ ਰੱਖੀ ਗਈ ਹੈ ਠੀਕ ਗਲ ਹੈ ਪਰ ਜੋ ਮੈਂ ਕਿਹਾ ਹੈ ਉਸ ਵਲ ਧਿਆਨ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਇਹ ਵੀ ਵੇਖਣਾ ਪਵੇਗਾ ਕਿ ਡਰੇਨਾਂ ਦੇ ਮਹਿਕਮੇ ਵਿਚ ਕੁਰੱਪਸ਼ਨ ਬੜੀ ਚਲ ਰਹੀ ਹੈ। ਮਹਿਕਮੇ ਵਾਲਿਆਂ ਨੇ 23 ਲੱਖ ਰੁਪਏ ਜਿਹੜੇ ਮਜ਼ਦੂਰਾਂ ਨੂੰ ਦੇਣੇ ਸੀ ਉਹ ਮਹਿਕਮੇ ਵਾਲੇ ਆਪ ਹੀ ਖਾ ਗਏ। ਹੁਣ ਵੀ ਮੈਂ ਕਹਿੰਦਾ ਹਾਂ ਕਿ ਇਹ ਜਿਹੜੀ ਰਕਮ ਰਖੀ ਗਈ ਹੈ ਇਸ ਵਿਚ ਘਪਲੇਬਾਜ਼ੀ ਹੋਣੀ ਹੈ। ਇਸ ਵਲ ਵੀ ਦੇਖਿਆ ਜਾਵੇ। ਇਹ ਡਰੇਨਾਂ ਦੀ ਖੁਦਾਈ ਦੀ ਗਲ ਨਹੀਂ ਕਰਦੇ। ਜੇ ਡਰੇਨਾਂ ਦੀ ਖੁਦਾਈ ਦੀ ਅਸੀਂ ਗਲ ਕਰਦੇ ਹਾਂ ਤਾਂ ਮਹਿਕਮੇਂ ਵਾਲੇ ਕਹਿੰਦੇ ਹਨ ਕਿ ਸਾਨੂੰ ਉਪਰੋਂ ਸਰਕਾਰ ਤੋਂ ਪੈਸੇ ਦਿਵਾਓ, ਸਾਡੇ ਕੋਲ ਪੈਸਾ ਨਹੀਂ ਹੈ। ਕੋਈ ਖੁਦਾਈ ਦਾ ਕੰਮ ਨਹੀਂ ਹੁੰਦਾ। ਪੁਲਾਂ ਵਾਸਤੇ ਵੀ ਮੈਂ ਐਫ. ਐਮ, ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਡਰੇਨਾਂ ਤੇ ਪੁਲ ਬਹੁਤ ਜ਼ਰੂਰੀ ਹਨ, ਉਹ ਜ਼ਰੂਰ ਬਣਨੇ ਚਾਹੀਦੇ ਹਨ।

ਇਸ ਦੇ ਨਾਲ ਹੀ ਮੰਗ ਨੰਬਰ 23 ਹੈ। ਇਸ ਦੇ ਵਿਚ ਇਨ੍ਹਾਂ ਨੇ ਫਰੀਡਮ ਫਾਈਟਰਜ਼ ਨੂੰ ਪੈਨਸ਼ਨ ਦੇਣ ਲਈ ਪੈਸਾ ਰਖਿਆ ਹੈ, ਇਹ ਬੜੀ ਚੰਗੀ ਗਲ ਹੈ। ਇਹ ਬੜੀ ਚੰਗੀ ਗਲ ਹੈ ਕਿ ਫਰੀਡਮ ਫਾਈਟਰਜ਼ ਨੂੰ ਪੈਨਸ਼ਨ ਦਿੱਤੀ ਜਾਂਦੀ ਹੈ ਪਰ ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਈ ਐਵੇਂ ਹੀ ਫਰੀਡਮ ਫਾਈਟਰਜ਼ ਬਣੇ ਹੋਏ ਹਨ। ਉਨ੍ਹਾਂ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਜਿਹੜੇ ਜੈਨੂਅਨ ਬੰਦੇ ਹਨ, ਜਿਹੜੇ ਅਸਲ ਫਰੀਡਮ ਫਾਈਟਰਜ਼ ਹਨ, ਉਹ ਭੁਖੇ ਫਿਰਦੇ ਹਨ, ਉਨ੍ਹਾਂ ਦਾ ਕੋਈ ਇਲਾਜ ਨਹੀਂ ਹੋ ਰਿਹਾ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਪੈਨਸ਼ਨ ਮਿਲਦੀ ਹੈ ਪਰ ਜਿਹੜੇ ਲੋਕ ਅਸਰ ਰਸੂਖ ਵਾਲੇ ਹਨ ਉਨ੍ਹਾਂ ਨੂੰ ਪੈਨਸ਼ਨ ਵੀ ਮਿਲਦੀ ਹੈ ਅਤੇ ਹੋਰ ਸਹੂਲਤਾਂ ਵੀ ਮਿਲ ਰਹੀਆਂ ਹਨ। ਸਰਕਾਰ ਨੂੰ ਇਸ ਪਾਸੇ ਵਲ ਧਿਆਨ ਦੇਣਾ ਚਾਹੀਦਾ ਹੈ।

ਸੜਕਾਂ ਦੇ ਬਾਰੇ, ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਵੀ ਬੜੀ ਚੰਗੀ ਗਲ ਹੈ ਕਿ ਨੈਸ਼ਨਲ ਹਾਈਵੇ ਬਣ ਰਿਹਾ ਹੈ। ਨੈਸ਼ਨਲ ਹਾਈ ਵੇ ਬਣਨ ਦੇ ਨਾਲ ਬਹੁਤ ਸਾਰੇ ਹਾਦਸੇ ਜੋ ਹੁੰਦੇ ਹਨ ਉਹ ਰੁਕ ਜਾਣਗੇ। ਬਸਾਂ ਜੋ ਆਮੋ ਸਾਹਮਣੇ ਟਕਰਾਉਂਦੀਆਂ ਹਨ ਅਤੇ ਇਸ ਤਰ੍ਹਾਂ ਬਹੁਤ ਸਾਰੇ ਹਾਦਸੇ ਹੁੰਦੇ ਹਨ ਉਹ ਵੰਨ ਵੇ ਟਰੈਫਿਕ ਹੋਣ ਨਾਲ ਕੁਝ ਰੁਕ ਜਾਣਗੇ ਅਤੇ ਇਨ੍ਹਾਂ ਹਾਦਸਿਆਂ ਵਿਚ ਕਾਫੀ ਫਰਕ ਪਵੇਗਾ। ਚੇਅਰਮੈਨ ਸਾਹਿਬ, ਜਿਹੜੀਆਂ ਪਹਿਲਾਂ ਸੜਕਾਂ ਬਣਾਈਆਂ ਗਈਆਂ ਹਨ ਉਨ੍ਹਾਂ ਦੀ ਹਾਲਤ ਇਹ ਹੈ ਕਿ ਉਥੇ ਪੱਥਰ ਰੋੜੇ ਪਏ ਹਨ ਅਤੇ ਉਨ੍ਹਾਂ ਤੇ ਆਵਾਜਾਈ

Original with;
Punjab Vidhan Sabha
Digitized by;
Panjab Digital Library

ਹੋ ਨਹੀਂ ਸਕਦੀ। ਮਨਿਸਟਰ ਸਾਹਿਬ ਨੇ ਕਹਿ ਦਿੱਤਾ ਹੈ ਇਥੇ ਕਿ ਮਾਰਕਿਟ ਕਮੇਟੀਆਂ ਵਲੋਂ ਪੈਸੇ ਆਉਣਗੇ ਤਾਂ ਫਿਰ ਇਹ ਸਾਰਾ ਕੁਝ ਹੋ ਸਕਦਾ ਹੈ। ਮੇਰੀ ਬੇਨਤੀ ਹੈ ਕਿ ਸੜਕਾਂ ਵਲ ਉਚੇਚੇ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ ਤਾ ਕਿ ਆਵਾਜਾਈ ਹੋ ਸਕੇ। ਜੇ ਆਵਾਜਾਈ ਨਹੀਂ ਹੋਵੇਗੀ ਤਾਂ ਸਾਰਾ ਕੰਮ ਬੰਦ ਹੋ ਸਕਦਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸੜਕਾਂ ਵਲ ਖਾਸ ਤੌਰ ਤੇ ਧਿਆਨ ਦਿੱਤਾ ਜਾਵੇ।

ਚੇਅਰਮੈਨ ਸਾਹਿਬ, ਵੋਟਰ-ਸੂਚੀਆਂ ਦੇ ਬਾਰੇ ਕਿਹਾ ਗਿਆ ਹੈ ਕਿ ਬਿਜਲੀ ਦੀਆਂ ਮਸ਼ੀਨਾਂ ਨਾਲ ਗਿਣਤੀ ਹੋਵੇਗੀ। ਪੰਚਾਇਤ ਚੋਣਾਂ ਦੇ ਬਾਰੇ ਮਨਿਸਟਰ ਸਾਹਿਬ ਨੇ ਕਿਹਾ ਹੈ । ਆਮ ਲੋਕਾਂ ਦੀ ਰਾਏ ਹੈ ਕਿ ਐਸੇ ਹਾਲਾਤ ਵਿਚ ਨਹੀਂ ਹੋਣੀਆਂ ਚਾਹੀਦੀਆਂ। ਲਾਅ ਐਂਡ ਆਰਡਰ ਦੀ ਹਾਲਤ ਬਹੁਤ ਖਰਾਬ ਹੈ। ਲਾਅ ਐਂਡ ਆਰਡਰ ਦੀ ਹਾਲਤ ਇਹ ਹੈ ਕਿ ਕਤਲ ਹੋ ਰਹੇ ਹਨ, ਡਾਕੇ ਪੈ ਰਹੇ ਹਨ। ਇਸ ਵੇਲੇ ਪੰਜਾਬ ਵਿਚ ਲਾਅ ਐਂਡ ਆਰਡਰ ਠੀਕ ਨਹੀਂ ਹੈ। ਇਨ੍ਹਾਂ ਹਾਲਾਤ ਵਿਚ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਚੋਣਾਂ ਕਰਵਾਉਣੀਆਂ ਹਨ। ਇਹ ਠੀਕ ਹੈ ਕਿ ਪੰਚਾਇਤਾਂ ਦੀਆਂ ਚੋਣਾਂ ਹੋਣੀਆਂ ਚਾਹੀਦੀਆਂ ਹਨ, ਮੈਂ ਪੰਚਾਇਤ ਦੀਆਂ ਚੋਣਾਂ ਦੇ ਖਿਲਾਫ ਨਹੀਂ ਕਿ ਇਹ ਨਹੀਂ ਹੋਣੀਆਂ ਚਾਹੀਦੀਆਂ ਪਰ ਇਸ ਹਾਲਤ ਵਿੱਚ ਨਹੀਂ ਹੋਣੀਆਂ ਚਾਹੀਦੀਆਂ। ਇਨ੍ਹਾਂ ਨੂੰ ਕੁਝ ਸਮੇਂ ਲਈ ਨਹੀਂ ਇਹ ਕਰਾਉਣੀਆਂ ਚਾਹੀਦੀਆਂ।

**ਸ੍ਰੀ ਸਭਾਪਤੀ :** ਕਾਮਰੇਡ ਸਾਹਿਬ ਵਾਈਂਡ ਅੱਪ ਕਰੋ।

**ਕਾਮਰੇਡ ਦਰਸ਼ਨ ਸਿੰਘ ਝਬਾਲ :** ਇਕ, ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗੈਰ-ਸਰਕਾਰੀ ਕਾਲਜਾਂ ਵਾਸਤੇ ਜੋ ਰਕਮ ਰਖੀ ਗਈ ਹੈ ਇਹ ਵੀ ਚੰਗੀ ਗਲ ਹੈ । ਮੈਂ ਤਾਂ ਕਹਿੰਦਾ ਹਾਂ ਕਿ ਇਹ ਰਕਮ ਤਾਂ ਪਹਿਲਾਂ ਹੀ ਰਖਣੀ ਚਾਹੀਦੀ ਸੀ। (ਘੰਟੀ) ਚੇਅਰਮੈਨ ਸਾਹਿਬ, ਏਸ਼ੀਆਡ ਗੇਮਜ਼ ਵਾਸਤੇ ਭੰਗੜੇ ਦੇ ਲਈ 14 ਲੱਖ ਦੇ ਕਰੀਬ ਜੋ ਰਕਮ ਰਖੀ ਗਈ ਹੈ ਕਿ ਉਥੇ ਭੰਗੜਾ ਪਾਉਣ ਦੀ ਕੋਈ ਲੋੜ ਸੀ, ਮੈਂ ਸਮਝਦਾ ਹਾਂ ਕਿ ਸਾਨੂੰ ਇਤਨੀ ਰਕਮ ਇਸ ਦੇ ਲਈ ਨਹੀਂ ਸੀ ਖਰਚ ਕਰਨੀ ਚਾਹੀਦੀ। ਪਹਿਲਾਂ ਇਸ ਦੇ ਲਈ 10 ਲੱਖ ਰੁਪਿਆ ਰਖਿਆ ਗਿਆ ਸੀ, ਫਿਰ ਇਹ ਰਕਮ 14 ਲੱਖ ਰੁਪਏ ਹੋ ਗਈ। ਅਸੀਂ ਬਹੁਤ ਗਰੀਬ ਹਾਂ, ਅਸੀਂ ਅਗੇ ਹੀ ਜ਼ਿਆਦਾ ਬੋਝ ਨਾਲ ਦਬੇ ਹੋਏ ਹਾਂ, ਅਸੀਂ ਹੋਰ ਬੋਝ ਨਹੀਂ ਚੁੱਕ ਸਕਦੇ। ਇਸ ਹਾਲਤ ਵਿਚ ਮੈਂ ਸਮਝਦਾ ਹਾਂ ਕਿ ਸਾਨੂੰ ਇਸ ਤਰ੍ਹਾਂ ਦੇ ਕੰਮਾਂ ਵਾਸਤੇ ਇਤਨਾ ਪੈਸਾ ਨਹੀਂ ਖਰਚਨਾ ਚਾਹੀਦਾ।

**ਸ੍ਰੀ ਸਭਾਪਤੀ :** ਕਾਮਰੇਡ ਸਾਹਿਬ, ਬੈਠੋ ਹੁਣ, ਸ੍ਰੀ ਰਾਮ ਪ੍ਰਕਾਸ਼ ਬਾਲੀ ਜੀ, ਤੁਸੀਂ ਸ਼ੁਰੂ ਕਰੋ।

**ਸ੍ਰੀ ਰਾਮ ਪ੍ਰਕਾਸ਼ ਬਾਲੀ** (ਨੰਗਲ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਸਪਲੀਮੈਂਟਰੀ ਗਰਾਂਟਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ, ਜਿਸ ਦੇ ਖਜ਼ਾਨਾ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਹਨ, ਜਿੰਨੇ ਵੀ ਬਜਟ ਪੇਸ਼ ਕੀਤੇ ਹਨ ਉਹ ਬੜੇ ਗਰੀਬਾਂ ਦੇ, ਕਿਸਾਨਾਂ ਦੇ ਔਰ ਮਜ਼ਦੂਰਾਂ ਦੇ ਹਿੱਤ ਵਿੱਚ ਪੇਸ਼ ਕੀਤੇ ਹਨ। ਹੁਣ ਵੀ ਸਪਲੀਮੈਂਟਰੀ ਗਰਾਂਟਸ ਜੋ ਰਖੀਆਂ ਹਨ ਉਸ ਦੇ ਵਿੱਚ ਵੀ ਇਨ੍ਹਾਂ ਨੇ ਜ਼ਿਆਦਾ ਤਰ ਛੋਟੇ ਤਬਕੇ ਦੇ ਲੋਕਾਂ ਨੂੰ ਅਤੇ ਦੂਸਰੇ ਗਰੀਬ ਲੋਕਾਂ ਨੂੰ ਰਾਹਤ ਦੇਣ ਦੇ ਯਤਨ ਕੀਤੇ ਹਨ।

ਮੈਂ, ਚੇਅਰਮੈਨ ਸਾਹਿਬ, ਸਪਲੀਮੈਂਟਰੀ ਗਰਾਂਟਸ ਦੀ ਡੀਮਾਂਡ ਨੰਬਰ 5 ਤੇ ਬੋਲਣਾ ਚਾਹੁੰਦਾ ਹਾਂ। ਜਿਹੜਾ ਸਰਕਾਰ ਨੇ ਨੈਚੁਰਲ ਕਲੈਮਿਟੀਜ਼ ਦੇ ਮੁਤੱਲਕ ਪੈਸਾ ਰਖਿਆ ਹੈ ਇਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਮ ਪ੍ਰਕਾਸ਼ ਬਾਲੀ]

ਹਾਂ ਕਿ ਇਹ ਪੈਸਾ ਹੋਰ ਵਧੇਰੇ ਹੋਣਾ ਚਾਹੀਦਾ ਸੀ ਕਿਉਂਕਿ 20% ਅੱਗ ਦੇ ਸੜਨ ਨਾਲ ਲਾਸ ਵਾਲੇ ਨੂੰ ਲਾਸ ਦਾ ਜਿਹੜਾ ਮੁਆਵਜਾ ਦੇਣਾ ਹੁੰਦਾ ਹੈ ਉਹ ਬਹੁਤ ਥੋੜ੍ਹਾ ਹੈ। ਆਮ ਤੌਰ ਤੇ ਜੋ ਵਡੇ ਵਡੇ ਕਾਰਖਾਨੇਦਾਰ ਹਨ, ਇੰਡਸਟਰੀਅਲਸਟਸ ਹਨ, ਉਨ੍ਹਾਂ ਦਾ ਜਦੋਂ ਅੱਗ ਦੇ ਸੜਨ ਨਾਲ, ਨੈਚੂਰਲ ਕਲੈਮਿਟੀ ਨਾਲ ਕੋਈ ਨੁਕਸਾਨ ਹੁੰਦਾ ਹੈ ਤਾਂ ਉਨ੍ਹਾਂ ਨੇ ਲੱਖਾਂ, ਕਰੋੜਾਂ ਰੁਪਏ ਦੀ ਇਨਸ਼ੋਰੈਂਸ ਕਰਵਾਈ ਹੁੰਦੀ ਹੈ ਅਤੇ ਉਨ੍ਹਾਂ ਨੂੰ ਜ਼ਿਆਦਾ ਪੈਸਾ ਮਿਲ ਜਾਂਦਾ ਹੈ ਪਰ ਜਿਹੜਾ ਵਿਚਾਰਾ ਪਿੰਡ ਦਾ ਰਹਿਣ ਵਾਲਾ ਹੈ, ਪਿੰਡ ਦੇ ਗਰੀਬ ਲੋਕ ਜੋ ਝੌਂਪੜੀਆਂ ਵਿੱਚ ਰਹਿਣ ਵਾਲੇ ਹਨ, ਜਦੋਂ ਕੋਈ ਅੱਗ ਲਗ ਜਾਂਦੀ ਹੈ ਤਾਂ ਜੋ ਉਸ ਨੇ ਝੌਂਪੜੀ ਬਣਾਈ ਹੁੰਦੀ ਹੈ ਉਸ ਦੇ ਵਿੱਚ ਉਸ ਦੀ ਸਾਰੀ ਪੂੰਜੀ ਹੁੰਦੀ ਹੈ ਅਤੇ ਉਹ ਵੀ ਨਾਲ ਹੀ ਖਤਮ ਹੋ ਜਾਂਦੀ ਹੈ। ਨਾ ਉਸ ਗਰੀਬ ਕੋਲ ਕੋਈ ਮਕਾਨ ਬਣਾਉਣ ਵਾਸਤੇ ਪੈਸੇ ਹੁੰਦੇ ਹਨ ਅਤੇ ਨਾ ਹੀ ਰੋਟੀ ਖਾਣ ਵਾਸਤੇ ਉਸ ਦਾ ਕੋਈ ਜ਼ਰੀਆ ਤਕ ਰਹਿ ਜਾਂਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਹ 20 % ਬਹੁਤ ਥੋੜ੍ਹਾ ਹੈ ਅਤੇ ਇਸ ਨੂੰ ਵਧਾ ਕੇ ਜ਼ਿਆਦਾ ਦੋਂ ਜ਼ਿਆਦਾ ਪਰਸੈਂਟੇਜ ਵਿੱਚ ਉਨ੍ਹਾਂ ਨੂੰ ਨੁਕਸਾਨ ਦਾ ਮੁਆਵਜ਼ਾ ਦੇਣਾ ਚਾਹੀਦਾ ਹੈ ਔਰ ਇਹ ਮੁਆਵਜ਼ਾ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਦੇਣਾ ਚਾਹੀਦਾ ਹੈ। ਇਹ ਮੁਆਵਜ਼ਾ ਉਨ੍ਹਾਂ ਨੂੰ ਕੋਈ ਸਪੈਸ਼ਲ ਆਦਮੀ ਲਾ ਕੇ ਦੋ ਮਹੀਨਿਆਂ ਦੇ ਵਿੱਚ ਵਿੱਚ ਹੀ ਦੇ ਦੇਣਾ ਚਾਹੀਦਾ ਹੈ ਅਤੇ ਇਸ ਨੂੰ ਰੁਟੀਨ ਵਰਕ ਵਿੱਚ ਨਹੀਂ ਪਾਉਣਾ ਚਾਹੀਦਾ। ਕਈ ਵਾਰੀ ਇਸ ਤਰ੍ਹਾਂ ਹੁੰਦਾ ਹੈ ਕਿ 2–2 ਸਾਲ ਮੁਆਵਜ਼ਾ ਨਹੀਂ ਮਿਲਦਾ। ਇਸ ਲਈ ਮੇਰੀ ਰਿਕੁਐਸਟ ਹੈ ਕਿ ਇਕ ਤਾਂ ਇਹ ਮੁਆਵਜ਼ਾ ਵਧਾਉਣਾ ਚਾਹੀਦਾ ਹੈ ਔਰ ਦੂਸਰਾ ਜਲਦੀ ਤੋਂ ਜਲਦੀ ਦੇਣਾ ਚਾਹੀਦਾ ਹੈ। ਇਕ, ਚੇਅਰਮੈਨ ਸਾਹਿਬ, ਮੈਂ ਪਿਛਲੇ ਸੈਸ਼ਨ ਵਿੱਚ ਵੀ ਰੈਵੇਨਿਊ ਮਨਿਸਟਰ ਸਾਹਿਬ ਨੂੰ ਬੇਨਤੀ ਕੀਤੀ ਸੀ ਕਿ ਸੋਕੇ ਦੇ ਮਾਰੇ ਲੋਕਾਂ ਨੂੰ ਵੀ ਕੁਝ ਪੈਸੇ ਦਿੱਤੇ ਜਾਣ। ਉਨ੍ਹਾਂ ਨੇ ਸੋਕੇ ਦੇ ਮਾਰੇ ਲੋਕਾਂ ਨੂੰ ਪੈਸੇ ਨਹੀਂ ਦਿੱਤੇ। ਜੇ ਫਲੱਡ ਆਉਣ ਨਾਲ ਜਾਂ ਅੱਗ ਲਗਣ ਨਾਲ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਨੂੰ ਨੈਚੂਰਲ ਕਲੈਮਿਟੀ ਵਿੱਚ ਗਿਣਿਆ ਜਾਂਦਾ ਹੈ ਅਤੇ ਇਨ੍ਹਾਂ ਦੇ ਲਈ ਮੁਆਵਜ਼ਾ ਦਿੱਤਾ ਜਾਂਦਾ ਹੈ ਪਰ ਜੇ ਸੋਕਾ ਪੈਂਦਾ ਹੈ ਜਾਂ ਬਾਰਸ਼ ਨਹੀਂ ਹੁੰਦੀ ਤਾਂ ਉਹ ਨੈਚੂਰਲ ਕਲੈਮਿਟੀ ਵਿੱਚ ਕਿਉਂ ਨਹੀਂ ਪਾਉਂਦੇ ਹਨ, ਉਨ੍ਹਾਂ ਨੂੰ ਮੁਆਵਜ਼ਾ ਕਿਉਂ ਨਹੀਂ ਦਿਤਾ ਜਾਂਦਾ। ਇਕ ਤਾਂ ਉਨ੍ਹਾਂ ਲੋਕਾਂ ਨਾਲ ਇਹ ਬੇਇਨਸਾਫੀ ਹੈ ਕਿ ਉਨ੍ਹਾਂ ਨੂੰ ਇਰੀਗੇਸ਼ਨ ਫੈਸਿਲਿਟੀਜ਼ ਨਹੀਂ ਦਿੱਤੀ ਗਈ ਜਦ ਕਿ ਪੰਜਾਬ ਸਾਰੇ ਵਿੱਚ ਇਰੀਗੇਸ਼ਨ ਫੈਸਿਲਿਟੀਜ਼ ਦੇਣ ਲਈ ਸਰਕਾਰ ਕੁਮਿਟਿਡ ਹੈ। ਇਸ ਲਈ, ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸੋਕੇ ਦੇ ਲਈ ਪੈਸੇ ਨੈਚੂਰਲ ਕਲੈਮਿਟੀ ਦੇ ਵਿੱਚ ਆਉਣੇ ਚਾਹੀਦੇ ਹਨ।

ਚੇਅਰਮੈਨ ਸਾਹਿਬ, ਹੁਣ ਮੈਂ ਡੀਮਾਂਡ ਨੰਬਰ 34 ਦੇ ਮੁਤੱਲਕ ਕਹਿਣਾ ਚਾਹੁੰਦਾ ਹਾਂ। ਇੰਡਸਟਰੀਜ਼ ਦੇ ਬਾਰੇ ਸਾਡੇ ਕੇ. ਪੀ. ਸਾਹਿਬ ਬਹੁਤ ਧਿਆਨ ਦਿੰਦੇ ਹਨ। ਵੈਸੇ ਇਨ੍ਹਾਂ ਨੂੰ ਮੈਂ ਮੁਬਾਰਕਬਾਦ ਵੀ ਦਿੰਦਾ ਹਾਂ ਕਿ ਸਭ ਤੋਂ ਜ਼ਿਆਦਾ ਚੱਕਰ ਇਹ ਲਾਉਂਦੇ ਹਨ ਅਤੇ ਕੋਸ਼ਿਸ਼ ਕਰਦੇ ਹਨ ਕਿ ਪਿੰਡਾਂ ਵਿੱਚ, ਪਛੜੇ ਇਲਾਕਿਆਂ ਵਿੱਚ ਇੰਡਸਟਰੀ ਵੱਧੇ ਫੁਲੇ। ਮੈਂ ਇਨ੍ਹਾਂ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਉਹ ਇਸ ਪਾਸੇ ਵਲ ਆਪਣਾ ਧਿਆਨ ਦੇਣ ਕਿ ਨੰਗਲ ਦੇ ਵਿੱਚ ਬੇਹੱਦ ਰਿਟਰੈਂਚਮੈਂਟ ਹੋ ਰਹੀ ਹੈ, ਭਾਖੜਾ ਅਤੇ ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਦੇ ਵਿੱਚ ਬਹੁਤ ਰਿਟਰੈਂਚਮੈਂਟ ਹੋ ਰਹੀ ਹੈ, ਉਥੇ ਕੋਈ ਇੰਡਸਟਰੀਅਲ ਸ਼ੈਡਜ਼ ਬਣਾ ਕੇ ਟਰੇਨਿੰਗ ਸੈਂਟਰਜ਼ ਖੋਲ੍ਹਣ ਦੇ ਯਤਨ ਕੀਤੇ ਜਾਣ ਤਾਂਕਿ ਬੇਕਾਰ ਲੇਬਰ ਜੋ ਹੈ ਉਹ ਵੱਧ ਤੋਂ ਵੱਧ ਉਥੇ ਲਗ ਸਕੇ। ਇਕ, ਚੇਅਰਮੈਨ ਸਾਹਿਬ, ਮੈਂ ਇਹ ਗਲ ਪਿੱਛੇ ਵੀ ਕਹੀ ਸੀ ਕਿ ਭਾਖੜਾ ਨੰਗਲ ਵਿੱਚ ਜੋ ਵਰਕਸ਼ਾਪ ਹੈ, ਉਥੇ ਬਹੁਤ ਲਾਇਕ ਇੰਜੀਨੀਅਰਜ਼ ਹਨ, ਬਹੁਤ ਸਾਰੇ ਸਕਿਲਡ ਵਰਕਰਜ਼ ਹਨ, ਜੋ ਮਸ਼ੀਨਰੀ ਇਨਸਟਾਲ ਹੋਈ ਹੈ ਉਹ ਨਕਾਰਾ ਹੋ ਰਹੀ ਹੈ, ਉਸ ਨੂੰ ਜੰਗ ਲਗ ਰਿਹਾ ਹੈ। ਉਸ ਨੂੰ ਪੰਜਾਬ ਸਰਕਾਰ ਆਪਣੇ ਕਬਜ਼ੇ ਵਿੱਚ ਲਏ ਅਤੇ ਇਸ ਦੇ ਵਾਸਤੇ ਜਲਦੀ ਤੋਂ

Original with;
Punjab Vidhan Sabha
Digitized by;
Panjab Digital Library

ਜਲਦੀ ਕੋਸ਼ਿਸ਼ ਕਰੇ। ਬੀ. ਐਮ. ਬੀ. ਦੇ ਝਗੜੇ ਵਿੱਚ ਪੰਜਾਬ ਤੇ ਹਰਿਆਣਾ ਦੇ ਝਗੜੇ ਵਿੱਚ ਨੁਕਸਾਨ ਹੋ ਰਿਹਾ ਹੈ, ਉਹ ਪੰਜਾਬ ਨੂੰ ਹੈਂਡ ਓਵਰ ਕਰਨ ਨੂੰ ਤਿਆਰ ਹਨ। ਇਸ ਲਈ ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਸਰਕਾਰ ਐਫਰਟਸ ਕਰਕੇ ਕੋਈ ਕਾਰਪੋਰੇਸ਼ਨ ਬਣਾਵੇ ਅਤੇ ਜੇ ਕੋਈ ਝਗੜੇ ਦਾ ਨਿਪਟਾਰਾ ਨਹੀਂ ਹੁੰਦਾ ਤਾਂ ਸੈਂਟਰ ਆਪਣੇ ਹੱਥ ਵਿੱਚ ਇਹ ਮਾਮਲਾ ਲੈ ਕੇ ਇਸ ਦਾ ਕੋਈ ਹੱਲ ਕਰੇ ਜਾਂ ਸੈਂਟਰ ਆਪਣੇ ਹੱਥ ਵਿੱਚ ਲੈ ਕੇ ਫਰਟੀਲਾਈਜ਼ਰਜ਼ ਦੀ ਤਰ੍ਹਾਂ ਕਾਰਪੋਰੇਸ਼ਨ ਬਣਾਵੇ। ਇਥੇ ਦੀ ਮਸ਼ੀਨਰੀ ਨਕਾਰਾ ਨਾ ਹੋਵੇ ਅਤੇ ਲੋਕ ਕੰਮ ਤੇ ਲਗ ਸਕਣ ਅਤੇ ਉਥੇ ਦੇ ਲੋਕਾਂ ਨੂੰ ਰਾਹਤ ਮਿਲ ਸਕੇ।

ਇਸ ਦੇ ਬਾਦ ਹੁਣ ਮੈਂ ਡਿਮਾਂਡ ਨੰ: 16 ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਕਾਫੀ ਸਕੂਲਾਂ ਦਾ ਪ੍ਰਬੰਧ ਕੀਤਾ ਹੈ ਔਰ ਪਿੰਡ ਪਿੰਡ ਵਿਚ ਪ੍ਰਾਇਮਰੀ ਸਕੂਲ ਖੋਲ੍ਹੇ ਹਨ। ਸਾਡੇ ਮੰਤਰੀ ਸਾਹਿਬ ਉਰਦੂ ਵਾਸਤੇ ਕਾਫੀ ਉਪਰਾਲੇ ਕਰ ਰਹੇ ਹਨ। ਉਰਦੂ ਜ਼ਬਾਨ ਵਿਚ ਬੜੀ ਤਾਕਤ ਹੈ, ਬੜੀ ਅਦਾਇਗੀ ਹੈ। ਇਹ ਬਹੁਤ ਅਛਾ ਕਦਮ ਹੈ ਜੋ ਪਿੰਡਾਂ ਵਿਚ ਪ੍ਰਾਇਮਰੀ ਸਕੂਲ ਖੋਲ੍ਹੇ ਹਨ, ਪਰ ਬਿਲਡਿੰਗਾਂ ਦੀ ਬੜੀ ਘਾਟ ਹੈ। ਇਹ ਠੀਕ ਹੈ ਕਿ ਇਸ ਸਾਲ ਕਾਫੀ ਪੈਸਾ ਦਿਤਾ ਹੈ, 25, 30 ਹਜ਼ਾਰ ਰੁਪਿਆ ਦੇਣ ਦੀ ਕੋਸ਼ਿਸ਼ ਕੀਤੀ ਹੈ, ਪਰ ਫਿਰ ਵੀ ਪਿੰਡਾਂ ਵਿਚ ਮੇਰੀ ਨੰਗਲ ਕੰਸਟੀਚਿਊਐਂਸੀ ਵਿਚ ਸਬਮਾਊਂਟੇਨਸ ਏਰੀਆ ਦੇ ਸਕੂਲਾਂ ਵਿਚ ਬੱਚੇ ਦਰਖਤਾਂ ਥਲੇ ਪੜ੍ਹਦੇ ਹਨ। ਇਹ ਜਿਹੜੀ 30, 35 ਹਜ਼ਾਰ ਰੁਪਏ ਗਰਾਂਟ ਦਿਤੀ ਜਾਂਦੀ ਹੈ ਇਸ ਦੇ ਨਾਲ ਸਿਰਫ ਦੋ ਹੀ ਕਮਰੇ ਬਣਦੇ ਹਨ ਜਦ ਕਿ ਹਰ ਸਕੂਲ ਵਿਚ 5 ਕਮਰੇ ਚਾਹੀਦੇ ਹਨ। ਅਗਰ ਪ੍ਰਾਇਮਰੀ ਐਜੂਕੇਸ਼ਨ ਠੀਕ ਪ੍ਰਾਪਤ ਕੀਤੀ ਜਾਏ ਤਾਂ ਹੀ ਅਗਲੀ ਪੜ੍ਹਾਈ ਕੀਤੀ ਜਾ ਸਕਦੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਮੇਰੇ ਹਲਕੇ ਵਿਚ ਵੱਧ ਤੋਂ ਵੱਧ ਧਿਆਨ ਦੇ ਕੇ ਸਕੂਲਾਂ ਦੀਆਂ ਬਿਲਡਿੰਗਾਂ ਬਣਾਉਣ ਦਾ ਯਤਨ ਕੀਤਾ ਜਾਏ।

ਹੁਣ ਮੈਂ ਡਿਮਾਂਡ ਨੰ: 33 ਤੇ ਬੋਲਣਾ ਚਾਹੁੰਦਾ ਹਾਂ। ਮੈਂ ਵੈਸੇ ਸੋਚਦਾ ਹਾਂ ਕਿ ਮੈਂ ਕਿਨ੍ਹਾਂ ਸ਼ਬਦਾਂ ਨਾਲ ਰੰਧਾਵਾ ਸਾਹਿਬ ਦਾ ਧੰਨਵਾਦ ਕਰਾਂ। ਉਨ੍ਹਾਂ ਨੇ ਜਿਸ ਦਿਨ ਤੋਂ ਚਾਰਜ ਸੰਭਾਲਿਆ ਹੈ, ਪੰਚਾਇਤਾਂ ਦਾ ਸਨਮਾਨ ਵਧਾਇਆ ਹੈ, ਪੰਚਾਇਤਾਂ ਦੀ ਡਿਵੈਲਪਮੈਂਟ ਵਿਚ ਕਾਫੀ ਹਿੱਸਾ ਪਾਇਆ ਹੈ। ਮੈਂ ਅਰਜ਼ ਕਰਦਾ ਹਾਂ ਕਿ ਜਿਹੜਾ 5 ਕਰੋੜ ਰੁਪਿਆ ਇਨ੍ਹਾਂ ਨੂੰ ਮਿਲਿਆ ਹੈ ਉਸ ਨਾਲ ਇਹ ਉਨ੍ਹਾਂ ਪਿੰਡਾਂ ਨੂੰ ਬੜੀ ਤੇਜ਼ੀ ਨਾਲ ਲੈਣਗੇ ਜਿਨ੍ਹਾਂ ਵਿਚ ਅਜੇ ਤਕ ਕੁਝ ਨਹੀਂ ਹੋਇਆ। ਮੈਂ ਉਨ੍ਹਾਂ ਨੂੰ ਮਿਲਿਆ ਵੀ ਸੀ ਅਤੇ ਬੇਨਤੀ ਕੀਤੀ ਸੀ। ਅੱਜ, ਚੇਅਰਮੈਨ ਸਾਹਿਬ, ਤੁਹਾਡੇ ਸਾਹਮਣੇ ਨਿਮਰਤਾ ਪੂਰਵਕ ਬੇਨਤੀ ਕਰਦਾ ਹਾਂ ਕਿ ਮੇਰੇ ਸੱਬ-ਮਾਊਂਟੇਨਸ ਏਰੀਆ ਵਿਚ ਸਿਰਫ 5, 6 ਪਿੰਡ ਲਏ ਗਏ ਹਨ 3.3 ਪ੍ਰੋਗਰਾਮ ਦੇ ਥਲੇ। ਮੈਨੂੰ ਪਤਾ ਨਹੀਂ ਕਿ ਪਹਿਲਾਂ ਕਿਉਂ ਨਹੀਂ ਦੇ ਸਕੇ ਪਰ ਹੁਣ ਅਗਰ ਪੰਜਾਬ ਦੇ ਦੂਜੇ ਹਲਕਿਆਂ ਤੋਂ ਅਗੇ ਨਹੀਂ ਕਰਨਾ ਤਾਂ ਘੱਟੋ ਘਟ ਉਨ੍ਹਾਂ ਦੇ ਬਰਾਬਰ ਜ਼ਰੂਰ ਲਿਆਉਣਗੇ। ਜਿਹੜੀਆਂ ਸਟਰੀਟਸ, ਨਾਲੀਆਂ ਗਲੀਆਂ ਬਣ ਰਹੀਆਂ ਹਨ ਉਨ੍ਹਾਂ ਨੂੰ ਜਿਹੜਾ ਟੈਕਨੀਕਲ ਸਟਾਫ ਹੈ ਉਹ ਜਾ ਕੇ ਤੇਜ਼ੀ ਨਾਲ ਚੈਕ ਕਰੇ ਤਾਂਕਿ ਪਿੰਡਾਂ ਵਿਚ ਜਲਦੀ ਕੰਮ ਹੋ ਸਕਣ।

ਹੁਣ ਮੈਂ ਡਿਮਾਂਡ ਨੰ: 36 ਤੇ ਬੋਲਣਾ ਚਾਹੁੰਦਾ ਹਾਂ ਕਿਉਂਕਿ ਪੰਜਾਬ ਵਿਚ ਸਭ ਤੋਂ ਜ਼ਿਆਦਾ ਉਨਤੀ ਜਾਂ ਪੰਜਾਬ ਦੀ ਡਿਵੈਲਪਮੈਂਟ ਜੋ ਹੈ ਇਹ ਮੀਨਜ਼ ਆਫ ਕਮਿਊਨੀਕੇਸ਼ਨਜ਼ ਤੇ ਡਿਪੈਂਡ ਕਰਦੀ ਹੈ। ਕਈ ਐਸੇ ਪਿੰਡ ਹਨ ਜਿਥੇ ਲਿੰਕ ਰੋਡਜ਼ ਨਹੀਂ ਬਣ ਸਕੀਆਂ, ਜੇਕਰ ਬਣੀਆਂ ਹਨ ਤਾਂ ਉਨ੍ਹਾਂ ਵਿਚ ਖੱਡੇ ਪੈ ਗਏ ਹਨ। ਹੁਸ਼ਿਆਰਪੁਰ ਔਰ ਨੰਗਲ ਦਾ ਸੱਬ-ਮਾਊਂਟੇਨਸ ਏਰੀਆ ਹੈ। ਇਸ ਏਰੀਆ ਵਿਚ ਆਲ ਵੈਦਰ ਰੋਡਜ਼ ਨਹੀਂ ਹਨ। ਕਈ ਜਗ੍ਹਾ ਤਾਂ ਇਹ ਪੁਜ਼ੀਸ਼ਨ ਹੈ ਕਿ ਆਮ ਸਮੇਂ ਵਿਚ ਰਿਕਸ਼ਾ ਅਤੇ ਗੱਡਾ ਆਦਿ ਤਕ ਨਹੀਂ ਲੰਘ ਸਕਦੇ, ਕਮਰਸ਼ੀਅਲ ਵਹੀਕਲਜ਼ ਨਹੀਂ ਲੰਘ ਸਕਦੇ। ਇਸ ਲਈ

Original with;
Punjab Vidhan Sabha
Digitized by;
Panjab Digital Library

[ਸ੍ਰੀ ਰਾਮ ਪ੍ਰਕਾਸ਼ ਬਾਲੀ]

ਅਰਜ਼ ਹੈ ਕਿ ਉਨ੍ਹਾਂ ਸੜਕਾਂ ਵਲ ਵਿਸ਼ੇਸ਼ ਧਿਆਨ ਦਿਤਾ ਜਾਏ ਤਾਂ ਕਿ ਉਹ ਆਲ ਵੈਦਰ ਸੜਕਾਂ ਬਣ ਸਕਣ । ਮੈਨੂੰ ਉਮੀਦ ਹੈ ਕਿ ਪੀ. ਡਬਲਿਊ. ਡੀ. ਮਨਿਸਟਰ ਸਾਹਿਬ ਜ਼ਰੂਰ ਧਿਆਨ ਦੇਣਗੇ ਅਤੇ ਇਸ ਪਛੜੇ ਹੋਏ ਇਲਾਕੇ ਨੂੰ ਪੰਜਾਬ ਦੇ ਦੂਸਰੇ ਖੁਸ਼ਹਾਲ ਇਲਾਕਿਆ ਵਾਂਗ ਬਣਾਉਣਗੇ।

ਪਬਲਿਕ ਹੈਲਥ ਸਬੰਧੀ ਕਾਫੀ ਸਪਲੀਮੈਂਟਰੀ ਗਰਾਂਟਸ ਦੇ ਕੇ ਇਕ ਤਕੜਾ ਸਟੈਪ ਲਿਆ ਹੈ । ਕਾਫੀ ਰੁਪਿਆ ਖਰਚ ਕਰਕੇ ਪਛੜੇ ਲੋਕਾਂ ਤਕ, ਹਰੀਜਨਾਂ ਤਕ ਪੀਣ ਦਾ ਪਾਣੀ ਪਹੁੰਚਾਉਣ ਦਾ ਯਤਨ ਕੀਤਾ ਗਿਆ ਹੈ। ਤੁਸੀਂ ਮੇਰੇ ਹਲਕੇ ਵਿਚ ਜਾ ਕੇ ਵੇਖੋ ਉਹ ਵੱਧ ਤੋਂ ਵੱਧ ਇਗਨੋਰ ਕੀਤਾ ਗਿਆ ਹੈ। ਖਾਸ ਕਰ ਹਰੀਜਨਾਂ ਦੇ 200 ਘਰਾਂ ਵਾਸਤੇ ਇਕ ਇਕ ਨਲਕਾ ਪੁਜਿਆ, ਕਿਤੇ ਉਹ ਵੀ ਨਹੀਂ ਪੁਜਿਆ । ਕਈ ਏਰੀਆ ਵਿਚ ਪੀਣ ਦੇ ਪਾਣੀ ਦਾ ਇਕ ਨਲਕਾ ਨਹੀਂ ਪੁਜਾ। ਦੋ-ਦੋ ਸੌ ਦੀ ਆਬਾਦੀ ਲਈ ਇਕ ਟੈਪ ਹੈ। ਮੈਂ ਕਹਿੰਦਾ ਹਾਂ ਕਿ ਵਧ ਤੋਂ ਵਧ ਰੁਪਿਆ ਉਸ ਏਰੀਆ ਤੇ ਖਰਚ ਕੀਤਾ ਜਾਏ ਤਾਂ ਕਿ ਪੰਜਾਬ ਦੇ ਦੂਜੇ ਏਰੀਆ ਦੇ ਬਰਾਬਰ ਉਹ ਆ ਸਕਣ ਅਤੇ ਸਾਰੀ ਦਿਹਾੜੀ ਉਹ ਲੋਕ ਪਾਣੀ ਲਈ ਨਾ ਫਿਰਦੇ ਰਹਿਣ ਅਤੇ ਹੋਰ ਕੰਮ ਕਰਕੇ ਆਪਣੇ ਏਰੀਆ ਦੀ ਤਰੱਕੀ ਕਰ ਸਕਣ। ਕੰਡੀ ਏਰੀਆ ਵਿਚ ਹਾਲੇ ਵੀ ਲੋਕਾਂ ਨੂੰ ਪਾਣੀ ਬੜੀ ਦੂਰੋਂ ਦੂਰੋਂ ਲਿਆਉਣਾ ਪੈਂਦਾ ਹੈ, ਇਸ ਦਾ ਪ੍ਰਬੰਧ ਕੀਤਾ ਜਾਏ । ਜਦੋਂ ਵਾਟਰ ਸਪਲਾਈ ਸਕੀਮ ਦੀ ਪਲਾਨਿੰਗ ਹੋਈ ਤਾਂ ਉਦੋਂ ਪਿੰਡਾਂ ਵਿਚ ਆਬਾਦੀ ਬਹੁਤ ਘੱਟ ਸੀ ਅਤੇ 5, 6 ਪਿੰਡਾਂ ਲਈ ਇਕ ਵਾਟਰ ਟੈਂਕ ਬਣਾਇਆ ਸੀ, ਹੁਣ ਉਹ ਕੰਮ ਨਹੀਂ ਦੇ ਸਕਦਾ ਕਿਉਂਕਿ ਉਨ੍ਹਾਂ ਪਿੰਡਾਂ ਵਿਚ ਆਬਾਦੀ ਵੱਧ ਗਈ ਹੈ। ਜਿਸ ਤਰ੍ਹਾਂ ਪਹਿਲਾਂ ਸਕੂਲ 10 ਕਿਲੋਮੀਟਰ ਤੇ ਸਨ, ਫਿਰ 5 ਤੇ, ਫਿਰ 3 ਕਿਲੋਮੀਟਰ ਤੇ ਕੀਤੇ ਅਤੇ ਹੁਣ ਪਿੰਡ ਪਿੰਡ ਵਿਚ ਸਕੂਲ ਖੋਲ੍ਹ ਦਿੱਤੇ ਹਨ। ਇਸ ਤਰ੍ਹਾਂ ਮੈਂ ਕੇ. ਪੀ. ਸਾਹਿਬ ਨੂੰ ਕਹਾਂਗਾ ਕਿ ਪਿੰਡਾਂ ਵਿਚ ਉਸੇ ਤਰ੍ਹਾਂ ਵਾਟਰ ਟੈਂਕ ਬਣਾਏ ਜਾਣ ਤਾਂਕਿ ਪਿੰਡਾਂ ਦੇ ਲੋਕਾਂ ਨੂੰ ਪੀਣ ਦਾ ਪਾਣੀ ਮੁਹਈਆ ਹੋ ਸਕੇ। ਅਗਰ ਅਸੀਂ ਲੋਕਾਂ ਨੂੰ ਪੀਣ ਦਾ ਪਾਣੀ ਨਾ ਮੁਹਈਆ ਕਰ ਸਕੇ ਤਾਂ ਇਹ ਅੱਛੀ ਗਲ ਨਹੀਂ ।

ਫਰੀਡਮ ਫਾਈਟਰਜ਼ ਦੀ ਬਿਹਤਰੀ ਵਾਸਤੇ ਗ੍ਰਾਂਟਸ ਰੱਖੀਆਂ ਹਨ, ਇਸ ਲਈ ਸਰਕਾਰ ਵਧਾਈ ਦੀ ਪਾਤਰ ਹੈ।

ਇਰੀਗੇਸ਼ਨ ਦੀਆਂ ਸਕੀਮਾਂ ਦੇ ਬਾਰੇ ਵਿਚ ਮੈਂ ਅਰਜ਼ ਕਰਾਂ, ਇਰੀਗੇਸ਼ਨ ਮਨਿਸਟਰ ਸਾਹਿਬ ਬੈਠੇ ਨਹੀਂ ਹਨ, ਇਹ ਉਨ੍ਹਾਂ ਇਲਾਕਿਆਂ ਨੂੰ ਦੇਣੀਆਂ ਚਾਹੀਦੀਆਂ ਹਨ ਜਿਨ੍ਹਾਂ ਵਿਚ ਇਹ ਹਾਲੇ ਤਕ ਨਹੀਂ। ਮੇਰ ਨੰਗਲ ਦਾ ਹਲਕਾ ਹੈ, ਜਿਥੋਂ ਨਹਿਰ ਨਿਕਲਦੀ ਹੈ, ਜਿਸ ਵਿਚੋਂ ਰਾਜਿਸਥਾਨ, ਹਰਿਆਣਾ, ਪੰਜਾਬ ਨੂੰ ਪਾਣੀ ਮਿਲਦਾ ਹੈ ਅਤੇ ਜਿਸ ਦੀ ਰੋਸ਼ਨੀ ਦਿਲੀ ਤਕ ਪਹੁੰਚਦੀ ਹੈ। ਪਰ ਮੇਰੇ ਹਲਕੇ ਦੇ ਲੋਕ ਜਿਨ੍ਹਾਂ ਦੀਆਂ ਛਾਤੀਆਂ ਤੋਂ ਪਾਣੀ ਜਾਂਦਾ ਹੈ, ਜਿਨ੍ਹਾਂ ਦੀਆਂ ਜ਼ਮੀਨਾਂ ਐਕੁਆਇਰ ਕੀਤੀਆਂ ਹਨ, ਉਥੇ ਦੇ ਨੌਜਾਵਨ ਬਗੈਰ ਕੰਮ ਤੋਂ ਬੈਠੇ ਹਨ। ਅਗਰ ਕਿਸੇ- ਕੋਲ ਇਕ-ਇਕ ਜਾਂ ਦੋ ਦੋ ਕਿਲੇ ਜ਼ਮੀਨ ਰਹਿ ਗਈ ਹੈ ਤਾਂ ਉਸ ਦੇ ਲਈ ਵੀ ਉਸ ਨੂੰ ਪਾਣੀ ਨਹੀਂ ਮਿਲ ਰਿਹਾ। ਮੈਂ ਕਹਿੰਦਾ ਹਾਂ ਕਿ ਲਿਫਟ ਇਰੀਗੇਸ਼ਨ ਦੀ ਸਕੀਮ ਵੱਧ ਤੋਂ ਵੱਧ ਸਬ–ਮਾਉਂਟੇਨਸ ਏਰੀਆ ਨੂੰ, ਜਿਨ੍ਹਾਂ ਨੂੰ ਨਹਿਰ ਦਾ ਪਾਣੀ ਨਹੀਂ ਮਿਲਦਾ, ਟਿਊਬਵੇਲ ਬਹੁਤ ਡੀਪ ਲਗਦੇ ਹਨ, ਦੇਣ ਦਾ ਯਤਨ ਕਰਨਾ ਚਾਹੀਦਾ ਹੈ।

ਅਤ ਵਿਚ ਮੈਂ, ਚੇਅਰਮੈਨ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਔਰ ਜੋ ਗ੍ਰਾਂਟਸ ਹਾਊਸ ਵਿਚ ਪੇਸ਼ ਹੋਈਆਂ ਹਨ ਉਨ੍ਹਾਂ ਨੂੰ ਪਾਸ ਕਰਨ ਲਈ ਮੈਂ ਪੂਰਾ ਸਮਰਥਨ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਨ੍ਹਾਂ

Original with;
Punjab Vidhan Sabha
Digitized by;
Panjab Digital Library

ਗ੍ਰਾਂਟਸ ਵਿਚੋਂ ਵੱਧ ਤੋਂ ਵੱਧ ਪੈਸਾ ਗਰੀਬ, ਪਛੜੇ ਲੋਕਾਂ ਦੀ ਭਲਾਈ ਵਾਸਤੇ ਖਾਸ ਤੌਰ ਤੇ ਵਰਤਿਆ ਜਾਏਗਾ।

**ਸ੍ਰੀ ਗੁਰਦਿਆਲ ਸੈਣੀ** (ਜਲੰਧਰ ਉੱਤਰੀ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਸਪਲੀਮੈਂਟਰੀ ਡਿਮਾਂਡਜ਼ ਤੇ ਬੋਲਣ ਦੀ ਇਜਾਜ਼ਤ ਦਿਤੀ ਹੈ। ਡਾਕਟਰ ਸਾਹਿਬ ਨੇ 36,66,37,000 ਰੁਪਏ ਦੀਆਂ ਡਿਮਾਂਡਜ਼ ਪੇਸ਼ ਕੀਤੀਆਂ ਹਨ। ਮੈਂ ਸਮੇਂ ਦੀ ਘਾਟ ਕਾਰਨ ਸਾਰੀਆਂ ਡਿਮਾਂਡਜ਼ ਤੇ ਨਹੀਂ ਬੋਲ ਸਕਾਂਗਾ, ਕੇਵਲ 3, 4 ਡਿਮਾਂਡਜ਼ ਤੇ ਹੀ ਬੋਲਾਂਗਾ। ਸਭ ਤੋਂ ਪਹਿਲਾਂ ਮੈਂ ਡਿਮਾਂਡ ਨੰ: 34, ਜਿਹੜੀ ਇੰਡਸਟਰੀ ਦੀ ਡਿਮਾਂਡ ਹੈ, ਉਸ ਤੇ ਬੋਲਾਂਗਾ। ਪਿਛਲੇ ਦੋ ਸਾਲਾਂ ਤੋਂ ਪੰਜਾਬ ਵਿਚ ਇੰਡਸਟਰੀ ਦਾ ਜਿੰਨਾ ਨੁਕਸਾਨ ਹੋ ਰਿਹਾ ਹੈ, ਸ਼ਾਇਦ ਹੀ ਕਿਸੇ ਖੇਤਰ ਵਿਚ ਹੋ ਰਿਹਾ ਹੋਵੇ। ਇਸ ਗਲ ਨੂੰ ਸਾਰੇ ਮੰਨਦੇ ਹਨ ਅਤੇ ਇਸ ਦਾ ਕਾਰਨ ਵੀ ਸਾਰੇ ਹੀ ਜਾਣਦੇ ਹਨ ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚ ਚੰਦ ਇੰਤਹਾ ਪਸੰਦ ਬੰਦਿਆਂ ਨੇ ਬੇਕਸੂਰ ਲੋਕਾਂ ਨੂੰ, ਮਾਸੂਮ ਲੋਕਾਂ ਨੂੰ ਮਾਰਿਆ, ਪੰਜਾਬ ਦੇ ਅਮਨ ਨੂੰ ਭੰਗ ਕਰਨ ਦੀ ਕੋਸ਼ਿਸ਼ ਕੀਤੀ ਜਿਸ ਨਾਲ ਇੰਡਸਟਰੀ ਨੂੰ ਧੱਕਾ ਲਗਾ। ਪੰਜਾਬ ਨੂੰ ਕੋਈ ਬਾਹਰੋਂ ਮਾਲ ਦੇਣ ਨੂੰ ਤਿਆਰ ਨਹੀਂ। ਇਥੇ ਭਾਵੇਂ ਘਟ ਗਲ ਹੋਵੇ ਪਰ ਅਖਬਾਰਾਂ ਵਧਾ ਚੜ੍ਹਾ ਕੇ ਲਿਖਦੀਆਂ ਹਨ। ਉਹ ਲੋਕ ਸਮਝਦੇ ਹਨ ਕਿ ਪਤਾ ਨਹੀਂ ਪੰਜਾਬ ਵਿਚ ਅੱਗ ਲਗੀ ਹੋਈ ਹੈ। ਉਹ ਇਕ ਪੈਸੇ ਦਾ ਉਧਾਰ ਮਾਲ ਦੇਣ ਨੂੰ ਤਿਆਰ ਨਹੀਂ। ਮੈਂ ਦੱਸਦਾ ਹਾਂ ਕਿ ਪਿਛਲੇ ਤੋਂ ਪਿਛਲੇ ਇਕ ਸਾਲ ਵਿਚ ਇਕੱਲੀ ਸਪੋਰਟਸ ਇੰਡਸਟਰੀ ਨੇ 63 ਕਰੋੜ ਰੁਪਏ ਦਾ ਮਾਲ ਐਕਸਪੋਰਟ ਕੀਤਾ, ਇਹ ਕੋਈ ਛੋਟੀ ਗਲ ਨਹੀਂ ਹੈ। ਪਾਈਪ ਇੰਡਸਟਰੀ ਅਤੇ ਹੈਂਡ ਟੂਲ ਇੰਡਸਟਰੀ ਦਾ 45 ਕਰੋੜ ਰੁਪਏ ਦਾ ਐਕਸਪੋਰਟ ਹੋਇਆ ਸੀ। ਪਰ ਅੱਜ ਦੀਆਂ ਫਿਗਰਜ਼ ਕੱਢ ਕੇ ਵੇਖ ਲਵੋ ਅੱਜ ਸਿਰਫ ਸਪੋਰਟਸ ਵਿਚ 13 ਕਰੋੜ ਰੁਪਏ ਦਾ ਮਾਲ ਐਕਸਪੋਰਟ ਕੀਤਾ ਹੈ। ਹੌਜ਼ਰੀ ਦਾ 40 ਕਰੋੜ ਰੁਪਏ ਦਾ ਮਾਲ ਐਕਸਪੋਰਟ ਹੋਇਆ ਸੀ ਪਰ ਇਸ ਵਾਰੀ ਸਿਰਫ 18 ਕਰੋੜ ਰੁਪਏ ਦਾ ਆਰਡਰ ਮਿਲਿਆ ਹੈ। ਇਹ ਨੁਕਸਾਨ ਕਿਉਂ ਹੋ ਰਿਹਾ ਹੈ ? ਜਿਹੜੇ ਉਨ੍ਹਾਂ ਬੈਂਚਾਂ ਤੇ ਬੈਠਣ ਵਾਲੇ ਹਨ। (ਅਕਾਲੀ ਪਾਰਟੀ ਦੇ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਉਨ੍ਹਾਂ ਨੂੰ ਸਮਝਾਓ, ਉਹ ਆਪਣੇ ਨਾਲ ਪੰਜਾਬ ਦਾ ਨੁਕਸਾਨ ਨਾ ਕਰਨ, ਪੰਜਾਬ ਦੀ ਡਿਵੈਲਪਮੈਂਟ ਨਾ ਰੋਕਣ। ਅਗਰ ਐਗਰੀਕਲਚਰ ਨੇ ਪੰਜਾਬ ਦਾ ਨਾਂ ਉੱਚਾ ਕੀਤਾ ਹੈ ਤਾਂ ਇੰਡਸਟਰੀ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ। ਅਗਰ ਇੰਡਸਟਰੀ ਨਹੀਂ ਹੋਵੇਗੀ ਤਾਂ ਐਗਰੀਕਲਚਰ ਦੀ ਤਰੱਕੀ ਨਹੀਂ ਹੋਵੇਗੀ। ਅੱਜ ਜਿਹੜੇ ਸਾਨੂੰ ਇਤਨੇ ਟਰੈਕਟਰ ਨਜ਼ਰ ਆਉਂਦੇ ਹਨ, ਇਹ ਇਸ ਇੰਡਸਟਰੀ ਦੀ ਮੇਹਰਬਾਨੀ ਕਰਕੇ ਹੀ ਹੈ। ਇੰਡਸਟਰੀ ਨੂੰ ਬੜ੍ਹਾਵਾ ਦੇਣਾ ਚਾਹੀਦਾ ਹੈ। ਇਨ੍ਹਾਂ ਡਿਮਾਂਡਜ਼ ਨੂੰ ਵੇਖ ਕੇ ਮੈਨੂੰ ਇਸ ਗਲ ਦਾ ਦੁੱਖ ਹੋਇਆ ਕਿ ਇੰਡਸਟਰੀ ਦੀ ਡਿਮਾਂਡ ਥੱਲੇ ਸਿਰਫ 2 ਲੱਖ ਰੁਪਿਆ ਹੀ ਮੰਗਿਆ ਗਿਆ ਹੈ। ਕੇ. ਪੀ. ਸਾਹਿਬ ਇੰਡਸਟਰੀ ਦੇ ਮਨਿਸਟਰ ਹਨ। ਇੰਡਸਟਰੀ ਦੀਆਂ ਕੀ ਕੀ ਜ਼ਰੂਰਤਾਂ ਹਨ ਉਹ ਮੈਂ ਦੱਸ ਦਿੰਦਾ ਹਾਂ। ਮੇਰੇ ਹਲਕੇ ਵਿੱਚ ਇੰਡਸਟਰੀਅਲ ਡਿਵੈਲਪਮੈਂਟ ਦੀ ਇੱਕ ਕਾਲੋਨੀ ਬਣੀ ਹੈ। ਇਹ 10 ਸਾਲ ਪਹਿਲਾਂ ਦੀ ਬਣੀ ਹੋਈ ਹੈ। ਉਥੇ ਜਿਹੜੇ ਲੋਕ ਰਹਿੰਦੇ ਹਨ ਉਹ ਇੰਡਸਟਰੀਜ਼ ਡਿਪਾਰਟਮੈਂਟ ਨੂੰ ਡਿਵੈਲਪਮੈਂਟ ਚਾਰਜਿਜ਼ ਵੀ ਦੇ ਚੁੱਕੇ ਹਨ। ਮੈਂ ਉਥੇ ਕੇ. ਪੀ. ਸਾਹਿਬ ਨੂੰ ਵੀ ਬੁਲਾਇਆ ਸੀ। ਉਥੇ ਲੰਘਣ ਵਾਸਤੇ ਰਸਤਾ ਨਹੀਂ ਸੀ। ਅਗਰ ਇੰਡਸਟਰੀਜ਼ ਡਿਪਾਰਮੈਂਟ ਨੂੰ ਕਹਿੰਦੇ ਹਾਂ ਕਿ ਤੁਸੀਂ ਸੜਕ ਬਣਾ ਦਿਓ ਤਾਂ ਉਹ ਕਹਿੰਦੇ ਹਨ ਕਿ ਇਹ ਕੰਮ ਕਾਰਪੋਰੇਸ਼ਨ ਦਾ ਹੈ। ਜੇ ਕਾਰਪੋਰੇਸ਼ਨ ਨੂੰ ਕਹਿੰਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਡਿਵੈਲਪਮੈਂਟ ਚਾਰਜਿਜ਼ ਤਾਂ ਇੰਡਸਟਰੀਜ਼ ਡਿਪਾਰਟਮੈਂਟ ਨੇ ਲੈ ਲਏ ਹਨ, ਇਸ ਲਈ ਉਹ ਸੜਕ ਬਣਾਏ। ਇਥੇ ਇੰਡਸਟਰੀ ਮਨਿਸਟਰ ਵੀ ਅਤੇ ਲੋਕਲ ਬਾਡੀਜ਼ ਦੇ ਮਨਿਸਟਰ ਵੀ ਬੈਠੇ ਹਨ। ਮੈਂ ਦੋਹਾਂ ਨੂੰ ਅਰਜ਼ ਕਰਾਂਗਾ ਕਿ ਇਸ ਗਲ ਦਾ ਬੈਠ ਕੇ ਫੈਸਲਾ ਕਰ ਦੇਣ ਕਿ ਉਥੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੁਰਦਿਆਲ ਸੈਣੀ]
ਸੜਕ ਕਿਸ ਨੇ ਬਣਾਉਣੀ ਹੈ। ਮੈਂ ਕਹਿੰਦਾ ਹਾਂ ਕਿ ਜਦੋਂ ਇੰਡਸਟਰੀਜ਼ ਡਿਪਾਰਟਮੈਂਟ ਨੇ ਇਨ੍ਹਾਂ ਸਪਲੀ- ਮੈਂਟਰੀ ਡਿਮਾਂਡਜ਼ ਰਾਹੀਂ ਮੰਗਿਆ ਹੀ ਦੋ ਲੱਖ ਰੁਪਿਆ ਹੈ ਫਿਰ ਇਸ ਨੇ ਕੰਮ ਵੀ ਕਰਨਾ ਹੈ। ਮੇਰੀ ਗੁਜ਼ਾਰਿਸ਼ ਹੈ ਕਿ ਇਹ ਕੰਮ ਕਾਰਪੋਰੇਸ਼ਨ ਨੂੰ ਹੈਂਡ ਓਵਰ ਕਰ ਦਿਓ।

ਮੇਰੀ ਦੂਸਰੀ ਅਰਜ਼ ਇਹ ਹੈ ਕਿ ਉਥੇ ਸਪੋਰਟਸ ਕੰਪਲੈਕਸ ਬਣਿਆ ਹੈ। ਇਹ ਬੜੀ ਅੱਛੀ ਚੀਜ਼ ਬਣੀ ਹੈ। ਪਰ ਹਾਲੇ ਤਕ ਉਸਦੀ ਅਲਾਟਮੈਂਟ ਠੀਕ ਢੰਗ ਨਾਲ ਨਹੀਂ ਹੋਈ। ਜਿਹੜੇ ਅਮੀਰ ਆਦਮੀ ਸਨ ਉਹ ਆਪਣੇ ਨਾਂ ਜ਼ਮੀਨ ਕਢਾ ਗਏ ਹਨ। ਜਿਹੜੇ ਗਰੀਬ ਆਦਮੀ ਹਨ ਜਿਨ੍ਹਾਂ ਦੀ ਜ਼ਮੀਨ ਲਈ ਹੈ ਉਨ੍ਹਾਂ ਨੂੰ 5, 10 ਮਰਲੇ ਜਗ੍ਹਾ ਦਿਓ। ਐਲ. ਡੀ. ਪੀ. ਸਕੀਮ ਬਣਾ ਲਓ ਤਾਂ ਕਿ ਉਹ ਵੀ ਗੁਜ਼ਾਰਾ ਕਰ ਸਕਣ। ਸਪੋਰਟਸ ਕੰਪਲੈਕਸ ਦੀ ਲੈਂਡ ਦੀ ਜੋ ਵੰਡ ਹੋਈ ਹੈ ਉਹ ਵੀ ਠੀਕ ਨਹੀਂ ਹੋਈ। ਇਸ ਨੂੰ ਰੀਓਪਨ ਕਰੋ। ਕੋਈ ਕਮੇਟੀ ਇਸਦੇ ਲਈ ਬਣਾਓ। ਇਸੇ ਤਰ੍ਹਾਂ ਮੇਰੇ ਹਲਕੇ ਵਿੱਚ, ਚੇਅਰਮੈਨ ਸਾਹਿਬ, 1976 ਵਿਚ ਇੱਕ ਫੋਕਲ ਪੁਆਇੰਟ ਬਣਿਆ ਸੀ। ਕਪੂਰ ਸਾਹਿਬ ਉਦੋਂ ਇੰਡਸਟਰੀਜ਼ ਡਿਪਾਰਟਮੈਂਟ ਦੇ ਸੈਕਟਰੀ ਸਨ। ਉਨ੍ਹਾਂ ਨੇ ਬੜੀ ਮੱਦਦ ਕੀਤੀ। 1600 ਏਕੜ ਜ਼ਮੀਨ ਐਕਵਾਇਰ ਕੀਤੀ ਸੀ ਪਰ ਉਸ ਵਿਚੋਂ 200 ਏਕੜ ਡਿਵੈਲਪ ਕੀਤੀ ਗਈ। ਤਿੰਨ-ਚਾਰ ਵਾਰੀ ਚੀਫ ਮਿਨਸਟਰ ਸਾਹਿਬ ਨੂੰ ਕਹਿ ਚੁੱਕੇ ਹਾਂ, ਜਾਂ ਤਾਂ ਉਸ ਜ਼ਮੀਨ ਨੂੰ ਛੱਡ ਦਿਓ ਜਾਂ ਬਣਾ ਦਿਓ । 200 ਏਕੜ ਜ਼ਮੀਨ ਡਿਵੈਲਪ ਕਰਕੇ ਬੜਾ ਚੰਗਾ ਕੰਮ ਕੀਤਾ ਹੈ। ਉਸ ਵੇਲੇ ਵੀ ਕਾਂਗਰਸ ਦੀ ਸਰਕਾਰ ਸੀ। ਇਹ ਬੜਾ ਅੱਛਾ ਕੰਮ ਕੀਤਾ ਗਿਆ ਸੀ। ਮੈਂ ਕਹਿੰਦਾ ਹਾਂ ਕਿ ਕਿਉਂ ਨਹੀਂ ਬਾਕੀ ਦੀ ਜ਼ਮੀਨ ਨੂੰ ਡਿਵੈਲਪ ਕਰਦੇ ? 1973, 1974 ਦੀਆਂ ਲੋਕਾਂ ਦੀਆਂ ਸਿਕਿਉਰਟੀਆਂ ਤੁਹਾਡੇ ਕੋਲ ਪਈਆਂ ਹਨ। ਅਗਰ ਉਹ ਵਾਪਸ ਕਰਨੀਆਂ ਹਨ ਤਾਂ ਇੰਟਰੈਸਟ ਦੇ ਨਾਲ ਵਾਪਸ ਕਰੋ। ਉਨ੍ਹਾਂ ਲੋਕਾਂ ਨੇ ਪ੍ਰਾਜੈਕਟ ਰਿਪੋਰਟਾਂ ਸਬਮਿਟ ਕੀਤੀਆਂ। ਕਿਤਨਾ ਰੁਪਿਆ ਉਨ੍ਹਾਂ ਨੇ ਖਰਚ ਕੀਤਾ ਹੋਣਾ ਹੈ। ਉਨ੍ਹਾਂ ਲੋਕਾਂ ਨੂੰ ਪਲਾਟ ਦਿਓ। ਜਿਨ੍ਹਾਂ ਨੇ ਪੁਰਾਣੀਆਂ ਅਰਜ਼ੀਆਂ ਦਿੱਤੀਆਂ ਹਨ ਉਨ੍ਹਾਂ ਨੂੰ ਪਲਾਟ ਅਲਾਟ ਕਰੋ ਤਾਂ ਕਿ ਉਹ ਉਥੇ ਆਪਣੀ ਇੰਡਸਟਰੀ ਸੈਟ ਅੱਪ ਕਰਨ। ਉਸ ਏਰੀਏ ਦੇ ਨਾਲ ਇੰਡਸਟਰੀਅਲ ਏਰੀਆ ਲਗਦਾ ਹੈ। ਸੜਕਾਂ ਲਿੰਕ ਹੁੰਦੀਆਂ ਹਨ ।

**ਸ਼੍ਰੀ ਸਭਾਪਤੀ :** ਤੁਸੀਂ ਵਾਈਂਡ ਅਪ ਕਰੋ। ਟਾਈਮ ਬਹੁਤ ਥੋੜ੍ਹਾ ਹੈ।

**ਸ਼੍ਰੀ ਗੁਰਦਿਆਲ ਸੈਣੀ :** ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ ਇਹ ਏਰੀਆ ਇੰਡਸਟਰੀਅਲ ਏਰੀਏ ਦੇ ਨਾਲ ਲਗਦਾ ਹੈ। ਫੋਕਲ ਪੁਆਇੰਟ ਦੇ ਨਾਲ ਲਗਦਾ ਹੈ। ਅਗਰ ਕੋਈ ਅੱਛਾ ਰਿਸਰਚ ਅਫਸਰ ਹੋਵੇ ਤਾਂ ਉਹ ਬਿਜਲੀ ਦੀ ਥੁੜ੍ਹ ਨੂੰ ਮੁੱਖ ਰਖਦੇ ਹੋਏ ਇੱਕ ਬਹੁਤ ਵੱਡਾ ਜੈਨਰੇਟਰ ਲਗਾ ਦੇਵੇ। ਇਸ ਵੇਲੇ ਬਿਜਲੀ ਦੀ ਬੁਰੀ ਹਾਲਤ ਹੈ। ਇਹ ਜੈਨਰੇਟਰ ਸਾਰਿਆਂ ਨੂੰ ਫੀਡ ਕਰ ਸਕਦਾ ਹੈ। ਜਿਸ ਵੇਲੇ ਬਿਜਲੀ ਬੰਦ ਹੋ ਜਾਂਦੀ ਹੈ ਤਾਂ ਜਿਸਦਾ ਲੋਹਾ ਭੱਠੀ ਵਿੱਚ ਪਾਇਆ ਹੁੰਦਾ ਹੈ ਉਹ ਉਥੇ ਰਹਿ ਜਾਂਦਾ ਹੈ। ਉਸਦਾ ਬੜਾ ਨੁਕਸਾਨ ਹੁੰਦਾ ਹੈ। ਇਸ ਤਰ੍ਹਾਂ ਕਰਨ ਨਾਲ ਇੰਡਸਟਰੀ ਨੂੰ ਬੜ੍ਹਾਵਾ ਮਿਲੇਗਾ।

ਇਕ ਗੱਲ ਮੈਂ ਡੀਮਾਂਡ ਨੰਬਰ 36 ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਇਕ ਤਹਿਸੀਲ ਦਸੂਹੇ ਦੀ ਸੜਕ ਹੈ। ਦੋ ਕਰਮ ਦਾ ਰਸਤਾ ਹੈ। ਭਗੋਤੀਪੁਰ ਤੋਂ ਗੰਭੋਵਾਲ ਦੀ ਇਸ ਸੜਕ ਨੂੰ ਬਣਾਉਣ ਬਾਰੇ ਤਿੰਨ ਸੈਸ਼ਨਾਂ ਵਿੱਚ ਮੈਂ ਕਹਿੰਦਾ ਰਿਹਾ ਹਾਂ। ਅਸੈਂਬਲੀ ਵਿੱਚ ਕੁਐਸ਼ਚਨ ਦਿੰਦਾ ਰਿਹਾ ਹਾਂ। ਹਰ ਵਾਰੀ ਇਹ ਜਵਾਬ ਆਉਂਦਾ ਰਿਹਾ ਹੈ ਕਿ ਇਸ ਸੈਸ਼ਨ ਦੇ ਬਾਅਦ ਬਣ ਜਾਵੇਗੀ। ਇਹ, ਚੇਅਰਮੈਨ ਸਾਹਿਬ, ਤੁਹਾਡਾ ਇਲਾਕਾ ਹੈ ਅਤੇ ਮੇਰੀ ਉਥੇ ਰਿਸ਼ਤੇਦਾਰੀ ਹੈ। ਇਹ ਜਿਹੜੀ ਭਗੋਤੀਪੁਰ ਤੋਂ ਗੰਭੋਵਾਲ ਦੀ

Original with;
Punjab Vidhan Sabha
Digitized by;
Panjab Digital Library

ਸੜਕ ਹੈ, ਇਸਦਾ ਸਰਦਾਰ ਬੇਅੰਤ ਸਿੰਘ ਨੇ ਜੋ ਸਰਵੇ ਕਰਵਾਇਆ ਹੈ ਉਸ ਵਿੱਚ ਪ੍ਰਾਇਰਿਟੀ ਤੇ ਰਖਣ ਦਾ ਆਰਡਰ ਦਿੱਤਾ ਹੈ। ਇਸੇ ਤਰ੍ਹਾਂ ਕਾਲਵਾਂ ਤੋਂ ਕਾਲੂਵਾਲ ਕੋਟਲਾ ਸੜਕ ਹੈ। 65 ਹਜ਼ਾਰ ਰੁਪਿਆ ਇਸ ਲਈ ਮਨਜ਼ੂਰ ਹੋ ਚੁੱਕਾ ਹੈ ਪਰ ਕੰਮ ਹਾਲੇ ਸ਼ੁਰੂ ਵੀ ਨਹੀਂ ਹੋਇਆ। ਇਸੇ ਤਰ੍ਹਾਂ ਇੱਕ ਮਦਾਂ ਤੋਂ ਕੋਟਲਾ ਸੜਕ ਹੈ। ਇਹ ਵੀ ਤਹਿਸੀਲ ਦਸੂਹੇ ਦੀ ਹੈ। ਸਾਰਾ ਡੇਢ ਮੀਲ ਦਾ ਟੁਕੜਾ ਹੈ। ਇਹ ਬਣ ਜਾਣ ਨਾਲ ਲੋਕਾਂ ਨੂੰ ਕਾਫੀ ਆਸਾਨੀ ਹੋ ਜਾਵੇਗੀ।

ਚੇਅਰਮੈਨ ਸਾਹਿਬ, ਜਲੰਧਰ ਪਾਕਿਸਤਾਨ ਦੀ ਟੀਮ ਦਾ ਇੱਕ ਮੈਚ ਹੋ ਰਿਹਾ ਹੈ।

**ਸ੍ਰੀ ਸਭਾਪਤੀ** : ਵਾਈਂਡ ਅਪ ਕਰੋ ਜੀ।

**ਸ੍ਰੀ ਗੁਰਦਿਆਲ ਸੈਣੀ** : ਚੇਅਰਮੈਨ ਸਾਹਿਬ ਜੇ ਮੈਂ ਗਲਤ ਬੋਲਾਂ ਤਾਂ ਮੈਨੂੰ ਚੁੱਪ ਕਰਾ ਦਿਓ ਅਤੇ ਜੇ ਮੈਂ ਸਹੀ ਗੱਲ ਕਰਾਂ ਤਾਂ ਮੈਨੂੰ ਸੁਣ ਲਓ। ਮੈਂ ਕਹਿ ਰਿਹਾ ਸੀ ਕਿ ਇਹ ਬੜੀ ਖੁਸ਼ੀ ਦੀ ਗਲ ਹੈ ਕਿ ਜਲੰਧਰ ਵਿੱਚ ਪਾਕਿਸਤਾਨ ਦੀ ਟੀਮ ਦਾ ਮੈਚ ਹੋ ਰਿਹਾ ਹੈ। ਇਸ ਦੇ ਲਈ ਸਰਕਾਰ ਨੂੰ ਵੀ ਕਰੈਡਿਟ ਜਾਣਾ ਚਾਹੀਦਾ ਹੈ। 60 ਲੱਖ ਰੁਪਿਆ ਕਾਰਪੋਰੇਸ਼ਨ ਵੱਲੋਂ ਲਗਾ ਦਿੱਤਾ ਗਿਆ ਹੈ। ਮੈਂ ਕਹਿੰਦਾ ਹਾਂ ਕਿ ਜਿਸ ਕਾਰਪੋਰੇਸ਼ਨ ਦਾ 60 ਲੱਖ ਰੁਪਿਆ ਚਲਾ ਜਾਵੇਗਾ ਉਹ ਕਾਰਪੋਰੇਸ਼ਨ ਕੀ ਕਰੇਗੀ। ਉਸਦਾ ਤਾਂ ਭੱਠਾ ਹੀ ਬਹਿ ਜਾਣਾ ਹੈ। ਮੇਰੀ ਅਰਜ਼ ਹੈ ਕਿ ਸਾਨੂੰ ਇਸ ਵੇਲੇ ਚੁੰਗੀ ਵਿੱਚੋਂ ਐਕਸਾਈਜ਼ ਦਾ ਜੋ ਅੱਧਾ ਹਿੱਸਾ ਮਿਲਦਾ ਹੈ ਉਹ ਪੂਰਾ ਮਿਲਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਇਹ ਕਮੀ ਪੂਰੀ ਹੋ ਸਕੇਗੀ। ਬੱਸਾਂ ਟੁੱਟੀਆਂ ਪਈਆਂ ਹਨ। 30 ਲੱਖ ਰੁਪਏ ਦਾ ਪਹਿਲਾਂ ਹੀ ਟਰਾਂਸਪੋਰਟ ਦਾ ਕਾਰਪੋਰੇਸ਼ਨ ਨੂੰ ਘਾਟਾ ਪੈਂਦਾ ਹੈ।

ਚੇਅਰਮੈਨ ਸਾਹਿਬ, ਸਤਨਾਮ ਨਗਰ ਮੇਰੇ ਹਲਕੇ ਵਿੱਚ ਹੈ। ਇਥੇ ਵਾਟਰ ਸਪਲਾਈ ਅਤੇ ਸੀਵਰੇਜ ਦੇ ਮਨਿਸਟਰ ਕੇ. ਪੀ. ਸਾਹਿਬ ਬੈਠੇ ਹਨ। ਉਸ ਇਲਾਕੇ ਵਿੱਚ ਤਿੰਨ ਗਲੀਆਂ ਟਰੱਸਟ ਵਿੱਚ ਪੈਂਦੀਆਂ ਹਨ ਅਤੇ ਬਾਕੀ ਦੀਆਂ ਕਾਰਪੋਰੇਸ਼ਨ ਵਿੱਚ। ਕਾਰਪੋਰੇਸ਼ਨ ਵਾਲੀਆਂ ਸਾਰੀਆਂ ਗਲੀਆਂ ਬਣਵਾ ਦਿੱਤੀਆਂ ਗਈਆਂ ਹਨ। ਇਹ ਤਿੰਨ ਹੀ ਬਣਨੀਆਂ ਰਹਿੰਦੀਆਂ ਹਨ। ਇਹ ਵੀ ਬਣਾ ਦੇਣੀਆਂ ਚਾਹੀਦੀਆਂ ਹਨ। ਇਤਨਾ ਸੋਹਣਾ ਇਲਾਕਾ ਬਣਿਆ ਹੋਇਆ ਹੈ।

ਚੇਅਰਮੈਨ ਸਾਹਿਬ, ਅਜਨਾਲਾ ਸਾਹਿਬ ਇਥੇ ਬੈਠੇ ਸਨ। ਉਹ ਸ਼ਾਇਦ ਚਲੇ ਗਏ ਹਨ। ਅਜਨਾਲਾ ਸਾਹਿਬ ਦੀ ਬੜੀ ਮਿਹਰਬਾਨੀ ਹੈ ਕਿ ਇਨ੍ਹਾਂ ਨੇ ਮੇਰੇ ਇਲਾਕੇ ਵਿੱਚ ਤਿੰਨ, ਚਾਰ ਸਕੂਲਾਂ ਦੀਆਂ ਬਿਲਡਿੰਗਾਂ ਵਾਸਤੇ ਪੈਸਾ ਦਿੱਤਾ ਹੈ। ਇਹ ਖੁਸ਼ੀ ਦੀ ਗਲ ਹੈ ਕਿ ਸਾਰੇ ਪੰਜਾਬ ਵਿੱਚ ਬੜੇ ਸਕੂਲ ਇਨ੍ਹਾਂ ਨੇ ਅਪਗ੍ਰੇਡ ਕਰਕੇ ਹਾਈ ਕਰ ਦਿੱਤੇ ਹਨ। ਚੇਅਰਮੈਨ ਸਾਹਿਬ, ਅਜਨਾਲਾ ਸਾਹਿਬ ਨੇ ਸਾਰੇ ਪੰਜਾਬ ਵਿਚ ਹਰ ਐਮ. ਐਲ. ਏ. ਨੂੰ ਸਕੂਲ ਦਿੱਤੇ ਹਨ। ਮੈਂ ਵੀ ਮਕਸੂਦਪੁਰ ਦਾ ਸਕੂਲ ਮੰਗਿਆ ਸੀ ਪਰ ਉਹ ਨਹੀਂ ਮਿਲਿਆ। ਉਹ ਵੀ ਹਾਈ ਸਕੂਲ ਬਣਾਉਣਾ ਚਾਹੀਦਾ ਹੈ। ਡਾਕਟਰ ਸਾਹਿਬ (ਵਿੱਤ ਮੰਤਰੀ ਜੀ ਵੱਲ ਇਸ਼ਾਰਾ) ਤੁਹਾਨੂੰ ਯਾਦ ਹੋਵੇਗਾ ਇਕ ਵਾਰੀ ਤੁਸੀਂ ਲੋਕਲ ਬਾਡੀਜ਼ ਮਨਿਸਟਰ ਦੇ ਤੌਰ ਤੇ ਮੇਰੇ ਹਲਕੇ ਵਿਚ ਗਏ ਸੀ, ਉਥੇ ਕਾਫੀ ਤੁਹਾਡੇ ਹਾਰ–ਹੂਰ ਵੀ ਪਏ ਸੀ। ਉਥੇ ਮੈਂ ਤੁਹਾਨੂੰ ਗਾਂਧੀ ਕੈਂਪ ਸਕੂਲ ਵਿਖਾਇਆ ਸੀ ਔਰ ਉਸ ਸਕੂਲ ਦੇ ਸਾਹਮਣੇ ਕੋਈ 6 ਏਕੜ ਜਗ੍ਹਾ ਪਈ ਹੈ। ਤੁਸੀਂ ਕਿਹਾ ਸੀ ਕਿ ਇਸ ਜਗ੍ਹਾ ਬੱਚਿਆਂ ਲਈ ਗਰਾਉਂਡ ਬਣਨੀ ਚਾਹੀਦੀ ਹੈ ਪਰ ਉਹ ਵਾਇਦਾ ਤੁਹਾਡਾ ਪੂਰਾ ਨਹੀਂ ਹੋਇਆ। ਜਦੋਂ ਕੋਈ ਮਨਿਸਟਰ ਵਾਇਦਾ ਕਰ ਦੇਵੇ ਤਾਂ ਉਹ ਪੂਰਾ ਹੋਣਾ ਚਾਹੀਦਾ ਹੈ। ਇਸ ਲਈ ਤੁਸੀਂ ਅੱਜ ਹੀ ਅਨਾਊਂਸ ਕਰ ਦਿਓ ਕਿ ਉਹ ਜਗ੍ਹਾ ਸਕੂਲ ਨੂੰ ਦਿੱਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

[ਸ੍ਰੀ ਗੁਰਦਿਆਲ ਸੈਣੀ]

ਚੇਅਰਮੈਨ ਸਾਹਿਬ, ਆਪ ਦਾ ਬਹੁਤ ਬਹੁਤ ਧੰਨਵਾਦ।

**ਕਾਮਰੇਡ ਬਲਦੇਵ ਸਿੰਘ ਲੂੰਬਾ** (ਸ਼ੁਤਰਾਣਾ, ਐਸ. ਸੀ.) : ਚੇਅਰਮੈਨ ਸਾਹਿਬ, ਮੈਂ ਕੁਦਰਤੀ ਆਫਤਾਂ ਦੇ ਬਾਰੇ ਬੋਲਣਾ ਹੈ। ਇਹ ਗੱਲ ਕਿਸੇ ਨੂੰ ਭੁੱਲੀ ਹੋਈ ਨਹੀਂ ਹੈ ਕਿ ਕਿਤਨੀ ਦਫਾ ਫੱਲਡਜ਼ ਨਾਲ ਫਸਲਾਂ ਤਬਾਹ ਹੋਈਆਂ ਹਨ। ਕਾਮਰੇਡ ਅਮਰ ਸਿੰਘ ਹੋਰੀਂ ਵੀ ਇਥੇ ਬੈਠੇ ਹਨ। ਪ੍ਰੋਫੈਸਰ ਸਾਹਿਬ ਦੇ ਰਾਜਪੁਰਾ ਹਲਕੇ ਵਿਚ ਵੀ ਬਾਰਸ਼ਾਂ ਔਰ ਘੱਗਰ ਦੇ ਚੜ੍ਹਨ ਨਾਲ ਫਸਲਾਂ ਦੀ ਤਬਾਹੀ ਹੋਈ ਹੈ। ਹਜ਼ਾਰਾਂ ਹੀ ਲੋਕਾਂ ਦੇ ਕੱਚੇ ਘਰ ਢਹਿ ਗਏ ਹਨ। 35 ਪਿੰਡ ਤਾਂ ਮੇਰੇ ਹਲਕੇ ਵਿਚ ਐਸੇ ਹਨ ਜਿਨ੍ਹਾਂ ਦਾ ਬਹੁਤ ਹੀ ਨੁਕਸਾਨ ਹੋਇਆ ਹੈ। ਉਨ੍ਹਾਂ ਪਾਸ ਪਸ਼ੂਆਂ ਲਈ ਚਾਰਾ ਵੀ ਨਹੀਂ ਹੈ। ਉਹ ਪਿੰਡ ਤਬਾਹ ਹੋ ਗਏ ਹਨ। ਉਨ੍ਹਾਂ ਪਾਸ ਕੋਈ ਚਾਰਾ ਨਹੀਂ ਰਿਹਾ ਜਿਸ ਨਾਲ ਕਿ ਉਹ ਆਪਣੇ ਪਸ਼ੂਆਂ ਨੂੰ ਬਚਾ ਸਕਣ। ਉਹ ਲੋਕ ਕਿੱਥੇ ਬੈਠੇ ਹਨ ? ਕਈ ਪਟੜੀਆ ਤੇ, ਕਈ ਉਚੀਆਂ ਥਾਵਾਂ ਤੇ ਔਰ ਜੇਕਰ ਕਿਸੇ ਨੂੰ ਕੋਈ ਥਾਂ ਨਹੀਂ ਮਿਲੀ ਤਾਂ ਉਹ ਘਾਹ ਤੇ ਬੈਠਾ ਹੈ। ਉਸ ਦੇ ਪਾਸ ਕੋਈ ਤੰਬੂ ਵਗੈਰਾ ਵੀ ਨਹੀਂ ਹੈ। ਇਹ ਹਾਲਤ ਲੋਕਾਂ ਦੀ ਹੋ ਗਈ ਹੈ। ਇਹ ਗੱਲ ਨਹੀਂ ਹੈ ਕਿ ਪਾਣੀ ਬਹੁਤ ਜ਼ਿਆਦਾ ਹੈ। ਠੀਕ ਹੈ ਕਿ ਪਾਣੀ ਆਉਂਦਾ ਹੈ, ਪਰ ਚਲਾ ਜਾਂਦਾ ਹੈ ਜਦੋਂ ਘੱਗਰ ਉੱਤਰ ਜਾਂਦਾ ਹੈ। ਪਰ, ਚੇਅਰਮੈਨ ਸਾਹਿਬ, ਸੰਨ 1977 ਤੋਂ ਕਿਤਨੀ ਵਾਰੀ ਮੈਂ ਪੁਆਇੰਟ ਆਊਟ ਕਰਦਾ ਆ ਰਿਹਾ ਹਾਂ ਕਿ ਲੋਕਾਂ ਨੂੰ ਕੁਦਰਤੀ ਆਫਤਾਂ ਤੋਂ ਬਚਾਓ। ਸਰਕਾਰ ਨੇ ਬੜੇ ਹੀ ਢੋਲ ਢਮੱਕੇ ਨਾਲ ਕਿਹਾ ਸੀ ਕਿ ਅਸੀਂ ਲੋਕਾਂ ਦਾ ਨੁਕਸਾਨ ਨਹੀਂ ਹੋਣ ਦਿਆਂਗੇ। ਹਰਿਆਣੇ ਦੇ ਮੁਕਾਬਲੇ ਅਸੀਂ ਵੀ ਬੰਧ ਲਗਾਵਾਂਗੇ ਔਰ ਪੰਜਾਬ ਦਾ ਨੁਕਸਾਨ ਨਹੀਂ ਹੋਣ ਦਿਆਂਗੇ, ਪਰ, ਚੇਅਰਮੈਨ ਸਾਹਿਬ, ਹਰਿਆਣੇ ਨੇ ਆਪਣੇ ਪਾਸੇ ਵੱਲ ਬੰਧ ਲਗਾ ਲਿਆ ਹੈ ਪਰ ਸਾਡੇ ਵਾਲੇ ਪਾਸੇ ਲੋਕ ਬੇਘਰ ਹੋ ਗਏ ਹਨ, ਫਸਲਾਂ ਤਬਾਹ ਹੋ ਗਈਆਂ ਹਨ। ਦੂਸਰੇ ਪਾਸੇ ਹਰਿਆਣੇ ਵਾਲੇ ਆਪਣੇ ਬੰਧ ਨੂੰ ਟੁੱਟਣ ਤੋਂ ਬਚਾਉਣ ਲਈ ਪਹਿਰਾ ਲਗਾਈ ਬੈਠੇ ਹਨ। ਇਸ ਦਾ ਇਲਾਜ ਕੀ ਹੈ ? ਇਸ ਦਾ ਇਲਾਜ ਇਹ ਹੈ ਕਿ ਪੰਜਾਬ ਵਾਲੀ ਸਾਈਡ ਵੱਲ ਬੰਧ ਬਣਾਉਣ ਦੀ ਪਲਾਨਿੰਗ ਕਰਨੀ ਚਾਹੀਦੀ ਹੈ ਤਾਂਕਿ ਜਿਹੜਾ ਖਾਸ ਤੌਰ ਤੇ ਸਾਡਾ ਇਹ ਜ਼ੀਰੀ ਦਾ ਏਰੀਆ ਹੈ, ਇਸ ਦਾ ਬਚਾ ਹੋ ਸਕੇ। ਅਸੀਂ ਇਥੋਂ ਹੀ ਜ਼ਿਆਦਾ ਪੈਡੀ ਲੈਂਦੇ ਹਾਂ। ਇਹ ਇਲਾਕਾ ਬਚਣਾ ਚਾਹੀਦਾ ਹੈ। ਇਸ ਦਾ ਇੰਤਜ਼ਾਮ ਨਾ ਕਰਨ ਨਾਲ ਲੋਕਾਂ ਦੇ ਹੜ੍ਹਾਂ ਨਾਲ ਘਰ ਤਬਾਹ ਹੁੰਦੇ ਹਨ, ਪਸ਼ੂਆਂ ਦਾ ਨੁਕਸਾਨ ਹੁੰਦਾ ਹੈ। ਫਿਰ ਕੀ ਹੈ ? ਜੇਕਰ ਕਿਸਾਨ ਦਾ ਕਿਸੇ ਕੁਦਰਤੀ ਆਫਤ ਨਾਲ ਨੁਕਸਾਨ ਹੋ ਜਾਵੇ ਤਾਂ ਉਸ ਦੇ ਲਈ ਕੋਈ ਮੁਆਵਜ਼ਾ ਨਹੀਂ ਹੈ' ਰੀਲੀਫ ਭਾਵੇਂ ਹੈ, ਜੇਕਰ ਕੋਈ ਡੰਗਰ ਮਰ ਜਾਵੇ ਤਾਂ ਦੋ ਤਿੰਨ ਸੌ ਰੁਪਏ ਮਿਲ ਜਾਂਦੇ ਹਨ ਪਰ ਜੇਕਰ ਕਿਸੇ ਵਪਾਰੀ ਦਾ ਨੁਕਸਾਨ ਹੋ ਜਾਵੇ ਤਾਂ ਪੂਰਾ ਮੁਆਵਜ਼ਾ ਉਸ ਨੂੰ ਮਿਲਦਾ ਹੈ। ਕਿਉਂਕਿ ਉਸ ਦੇ ਮਾਲ ਦੀ ਇਨਸ਼ੋਰੈਂਸ ਹੋਈ ਹੋਈ ਹੁੰਦੀ ਹੈ। ਮੈਂ ਡਾਕਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਤਨਾ ਚਿਰ ਤਕ ਤੁਸੀਂ ਕਰਾਪ ਇਨਸ਼ੋਰੈਂਸ ਸਕੀਮ ਲਾਗੂ ਨਹੀਂ ਕਰਦੇ ਉਤਨਾ ਚਿਰ ਤਕ ਇਸ ਤਰ੍ਹਾਂ ਹੀ ਪੰਜਾਬ ਦਾ ਨੁਕਸਾਨ ਪੰਜਾਬ ਦੀ ਖੇਤੀ ਬਾੜੀ ਦਾ ਨੁਕਸਾਨ ਇਸ ਤਰ੍ਹਾਂ ਹੀ ਸਹਿਣਾ ਪਵੇਗਾ। ਇਸ ਲਈ ਮੈਂ ਜ਼ੋਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਹ ਕਰਾਪ ਇਨਸ਼ੋਰੈਂਸ ਸਕੀਮ ਲਾਗੂ ਕਰਨੀ ਚਾਹੀਦੀ ਹੈ।

ਹੁਣ ਮੈਂ ਡਿਮਾਂਡ ਨੰ. 11 ਬਾਰੇ ਕਹਿਣਾ ਚਾਹੁੰਦਾ ਹਾਂ। ਪੁਲਿਸ ਬਾਰੇ ਤਾਂ ਕੁਝ ਕਹਿਣ ਦੀ ਲੋੜ ਹੀ ਨਹੀਂ ਹੈ। ਪੁਲਿਸ ਦੇ ਅਫਸਰਾਂ ਦੀ ਹੇਠਾਂ ਤੋਂ ਲੈ ਕੇ ਉਪਰ ਤਕ ਚਰਚਾ ਹੋ ਰਹੀ ਹੈ। ਕਿਸੇ ਨਾ ਕਿਸੇ ਥਾਂ ਤੇ ਦੋ ਗੁੰਡੇ ਆਉਂਦੇ ਹਨ, ਉਹ ਆਪਣਾ ਕੰਮ ਕਰਕੇ ਚਲੇ ਜਾਂਦੇ ਹਨ। ਪਤਾ ਨਹੀਂ ਹੈ ਕਿ ਕਿੱਥੋਂ ਦੀ ਚਲੇ ਜਾਂਦੇ ਹਨ। ਬਾਅਦ ਵਿਚ ਇਹ ਹੀ ਪਤਾ ਲਗਦਾ ਹੈ ਕਿ ਉਹ ਅੰਮ੍ਰਿਤਸਰ ਚਲੇ ਗਏ ਹਨ। ਇਹ ਵੀ ਪੁਲਿਸ ਨੂੰ ਪਤਾ ਨਹੀਂ ਲਗਦਾ ਕਿ ਉਹ ਆਉਂਦੇ ਕਿਥੋਂ ਦੀ ਹਨ। ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਦਾ ਪੋਸਟ-ਮਾਰਟਮ ਕਰਨ ਦੀ ਲੋੜ ਨਹੀਂ ਹੈ ਬਲਕਿ

Original with;
Punjab Vidhan Sabha
Digitized by;
Panjab Digital Library

ਪੁਲਿਸ ਦੀ ਬਿਲਕੁਲ ਰੱਦੋ–ਬਦਲ ਕਰਨ ਦੀ ਲੋੜ ਹੈ। ਇਹ ਕਰ ਦਿਓ ਨਹੀਂ ਤਾਂ ਤੁਸੀਂ ਜੋ ਮਰਜ਼ੀ ਹੈ ਬਿਆਨ ਦੇਈ ਜਾਓ ਕੁਝ ਅਸਰ ਨਹੀਂ ਹੋਣਾ। ਇਹ ਚਾਹੇ ਤੁਸੀਂ ਡਰ ਦੇ ਮਾਰੇ ਕਹਿ ਲਵੋ, ਚਾਹੇ ਕੁਝ ਵੀ ਕਹਿ ਲਵੋ ਜੋ ਇਸ ਤਰ੍ਹਾਂ ਦੇ ਕੰਮ ਕਰਦੇ ਹਨ ਚਾਹੇ ਉਨ੍ਹਾਂ ਨੂੰ ਪੁਲਿਸ ਦੇ ਸਾਥੀ ਹੀ ਕਹਿ ਲਵੋ, ਪੁਲਿਸ ਉਨ੍ਹਾਂ ਨੂੰ ਫੜਨ ਵਿਚ ਫੇਲ੍ਹ ਹੋਈ ਹੈ। ਦੋ ਤਿੰਨ ਘਟਨਾਵਾਂ ਹੁਣੇ ਜਿਹੇ ਵਾਪਰੀਆਂ ਹਨ ਤਾਂ ਪਤਾ ਇਹ ਹੀ ਲਗਦਾ ਰਿਹਾ ਹੈ ਕਿ ਉਹ ਆਦਮੀ ਅੰਮ੍ਰਿਤਸਰ ਪਹੁੰਚ ਗਏ ਹਨ। ਪੁਲਿਸ ਵਾਲਾ ਹਰ ਕੋਈ ਇਹ ਹੀ ਸੋਚਦਾ ਹੈ ਕਿ ਮੈਂ ਕਿਉਂ ਭਿੰਡਰਾਂਵਾਲੇ ਦੀਆਂ ਨਜ਼ਰਾਂ ਵਿਚ ਆਵਾਂ। ਚੇਅਰਮੈਨ ਸਾਹਿਬ, ਪੁਲਿਸ ਵਲੋਂ ਸ਼ਰੀਫ ਆਦਮੀਆਂ ਨੂੰ ਤਾਂ ਜ਼ਖਮੀ ਕੀਤਾ ਜਾਂਦਾ ਹੈ ਪਰ ਜਿਹੜੇ ਕਲਪਰਿਟਸ ਹਨ ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਂਦਾ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਤੇਜ਼ੀ ਨਾਲ ਸੋਚਣਾ ਪਵੇਗਾ। ਜਿਹੜੇ ਪੁਲਿਸ ਅਫਸਰ ਹੇਠਾਂ ਬੈਠੇ ਹਨ ਉਨ੍ਹਾਂ ਵਿਚੋਂ ਵੇਖੋ ਕਿ ਕਿਤਨੇ ਕੁ ਐਸੇ ਹਨ ਜਿਹੜੇ ਕਿ ਸਰਕਾਰ ਦੀਆਂ ਪਾਲਿਸੀਆਂ ਨਾਲ ਸਹਿਮਤ ਹਨ ਔਰ ਕਿਤਨੇ ਕੁ ਉਸ ਦੀਆਂ ਨੀਤੀਆਂ ਦੇ ਉਲਟ ਕੰਮ ਕਰ ਰਹੇ ਹਨ।

ਹੁਣ ਮੈਂ ਡਿਮਾਂਡ ਨੰ: 23, ਜੋ ਕਿ ਸੋਸ਼ਲ ਸਿਕਿਉਰਿਟੀ ਐਂਡ ਵੈਲਫੇਅਰ ਦੇ ਬਾਰੇ ਹੈ, ਕਹਿਣਾ ਚਾਹੁੰਦਾ ਹਾਂ। ਮੈਂ ਇਸ ਬਾਰੇ ਕੱਲ੍ਹ ਵੀ ਗੱਲ ਕਰਨ ਦਾ ਯਤਨ ਕੀਤਾ ਸੀ ਪਰ ਮੈਂਨੂੰ ਟਾਈਮ ਨਾ ਮਿਲਣ ਕਰਕੇ ਮੈਂ ਬੋਲ ਨਹੀਂ ਸਕਿਆ। ਇਸ ਦੇ ਬਾਰੇ ਬੜੀਆਂ ਡਿਫੀਕਲਟੀਜ਼ ਪੇਸ਼ ਆਈਆਂ ਹੋਈਆਂ ਹਨ। ਜਿਹੜੇ ਲੋਕਾਂ ਦੀ ਜਾਇਦਾਦ ਹੈ, ਬਾਲ ਬੱਚਾ ਹੈ ਉਹ ਵੀ ਆਪਣੀ ਪੈਨਸ਼ਨ ਲਗਵਾ ਲੈਂਦੇ ਹਨ। ਇਸ ਬਾਰੇ ਮੈਂ ਇਹ ਤਜ਼ਵੀਜ਼ ਦੇਣੀ ਚਾਹੁੰਦਾ ਹਾਂ ਕਿ ਤੁਸੀਂ ਇਸ ਪੈਨਸ਼ਨ ਵਾਲੀ ਸਕੀਮ ਨੂੰ ਬੰਦ ਕਰ ਦਿਓ। ਅਨੇਕਾਂ-ਲੋਕ ਹਨ ਜਿਨ੍ਹਾਂ ਦੇ ਜਵਾਨ ਬੱਚੇ ਹਨ, ਜਾਇਦਾਦ ਵੀ ਹੈ ਜਿਹੜੇ ਕਿ ਪੈਨਸ਼ਨ ਲੈ ਰਹੇ ਹਨ। ਇਸ ਦੇ ਉਲਟ ਇਹ ਐਲਾਨ ਕਰ ਦਿਓ ਕਿ ਜਿਸ ਕਿਸੇ ਵੀ ਓਲਡ ਆਦਮੀ ਦਾ ਸਾਕ ਸਬੰਧੀ ਉਸ ਨੂੰ ਸਾਂਭਣ ਵਾਲਾ ਨਹੀਂ ਹੈ ਉਸ ਦਾ ਡਿਸਟਰਿਕਟ ਲੈਵਲ ਤੇ ਸਰਕਾਰ ਵੱਲੋਂ ਇੰਤਜ਼ਾਮ ਕੀਤਾ ਜਾਵੇਗਾ। ਇਸ ਨਾਲ ਮੈਂ ਸਮਝਦਾ ਹਾਂ ਕਿ ਇਕ ਤਾਂ ਸਰਕਾਰ ਦਾ ਪੈਸਾ ਘੱਟ ਖਰਚ ਹੋਵੇਗਾ ਔਰ ਇਕ ਡਿਜ਼ਰਵਿੰਗ ਆਦਮੀ ਜਿਹੜੇ ਹਨ ਉਨ੍ਹਾਂ ਦੀ ਠੀਕ ਤਰੀਕੇ ਨਾਲ ਸੇਵਾ ਹੋ ਸਕੇਗੀ। ਫਿਰ ਉਥੇ ਉਹ ਹੀ ਆਦਮੀ ਜਾਵੇਗਾ ਜਿਸ ਦੇ ਵਾਕਿਆ ਹੀ ਬੱਚੇ ਵਗੈਰਾ ਸੰਭਾਲਣ ਵਾਲੇ ਨਹੀਂ ਹਨ।

**ਸ੍ਰੀ ਸਭਾਪਤੀ** : ਤੁਸੀਂ ਹੁਣ ਵਾਈਂਡ ਅੱਪ ਕਰੋ ਜੀ।

**ਕਾਮਰੇਡ ਬਲਦੇਵ ਸਿੰਘ ਲੁੰਬਾ** : ਚੇਅਰਮੈਨ ਸਾਹਿਬ, ਬੱਸ ਜੀ, ਮੈਂ ਵਾਈਂਡ ਅੱਪ ਹੀ ਕਰ ਰਿਹਾ ਹਾਂ। ਡਿਮਾਂਡ ਨੰ: 36 ਹੈ। ਇਸ ਸਬੰਧ ਵਿਚ ਬਾਕੀ ਤਾਂ ਮੈਂ ਸਮਝਦਾ ਹਾਂ ਕਿ ਠੀਕ ਗੱਲ ਹੈ। ਮਨਿਸਟਰ ਸਾਹਿਬ ਕਿਸੇ ਦੀ ਵੀ ਡਿਊਟੀ ਲਗਾ ਦੇਣ, ਉਹ ਆਦਮੀ ਮੇਰੇ ਬਲਾਕ ਵਿਚ ਜਾ ਕੇ ਵੇਖੇ ਕਿ ਕਿਸ ਤਰ੍ਹਾਂ ਨਾਲ ਸੜਕਾਂ ਵਗੈਰਾ ਦਾ ਹਾਲ ਹੈ। ਲੋਕਾਂ ਨੇ ਕਿਸ ਤਰ੍ਹਾਂ ਨਾਲ ਵੱਖਰੇ ਰਸਤੇ ਬਣਾਏ ਹੋਏ ਹਨ। ਪਤਾ ਨਹੀਂ ਹੈ ਕਿ ਪੈਸਾ ਕਿੱਥੇ ਜਾਂਦਾ ਹੈ ਪਰ ਮੁਰੰਮਤ ਤੇ ਪੈਸਾ ਨਹੀਂ ਲਗਦਾ। ਮੈਂ ਕਹਿੰਦਾ ਹਾਂ ਕਿ ਜਿਹੜਾ ਏਰੀਆ ਹਰਿਆਣਾ ਸਟੇਟ ਦੇ ਨਾਲ ਲਗਦਾ ਹੈ ਉਥੇ ਤਾਂ ਇਹ ਹਾਲ ਹੋਵੇ ਪਰ ਦੂਸਰੇ ਪਾਸੇ ਹਰਿਆਣੇ ਨੇ ਪੰਜਾਬ ਦੇ ਨਾਲ ਲਗਦੇ ਆਪਣੇ ਇਲਾਕੇ ਵਿਚ ਕਈ ਸਹੂਲਤਾਂ ਦਿੱਤੀਆਂ ਹੋਈਆਂ ਹਨ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ਅਤੇ ਸੜਕਾਂ ਦੀ ਮੁਰੰਮਤ ਕਰਾਉਣੀ ਚਾਹੀਦੀ ਹੈ।

ਫਿਰ ਡਿਮਾਂਡ ਨੰ: 39 ਹੈ, ਇਰੀਗੇਸ਼ਨ ਡਰੇਨੇਜ ਐਂਡ ਫਲੱਡ ਕੰਟਰੋਲ ਦੇ ਬਾਰੇ ਵਿਚ। ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਔਰ ਮੈਂ ਸਰਕਾਰ ਨੂੰ ਇਹ ਚਿਤਾਵਨੀ ਦੇਣੀ ਚਾਹੁੰਦਾ ਹਾਂ ਕਿ ਜੇਕਰ ਆਉਣ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

ਵਾਲੇ ਸਮੇਂ ਵਿਚ ਜੋ ਡਰੇਨਜ ਬੰਦ ਹਨ, ਲੋਕਾਂ ਨੇ ਉਥੇ ਫਸਲਾਂ ਬੀਜੀਆਂ ਹੋਈਆਂ ਹਨ, ਜਦੋਂ ਲੋੜ ਪਈ ਸੀ ਤਾਂ ਉਦੋਂ ਡਰੇਨਾਂ ਬਣਾਈਆਂ ਸਨ, ਜੇਕਰ ਉਨ੍ਹਾਂ ਨੂੰ ਹੁਣ ਤੋਂ ਠੀਕ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਡਰੇਨਜ਼ ਦੀ ਸਫਾਈ ਨਾ ਹੋਣ ਕਰਕੇ ਹੜ੍ਹ ਆਉਣਗੇ। ਲੋਕਾਂ ਦੀਆਂ ਫਸਲਾਂ ਤਬਾਹ ਹੋ ਰਹੀਆਂ ਹਨ। ਇਸ ਲਈ ਹੁਣ ਤੋਂ ਧਿਆਨ ਦੇਕੇ ਉਨ੍ਹਾਂ ਦੀ ਸਫਾਈ ਦਾ ਪ੍ਰਬੰਧ ਕੀਤਾ ਜਾਵੇ। ਇਕ ਗਲ ਮੈਂ ਘੱਗਰ ਦਰਿਆ ਦੇ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਇਸ ਦੇ 6 ਦਰਵਾਜ਼ੇ ਹਨ ਅੌਰ ਉਨ੍ਹਾਂ ਵਿਚੋਂ 2 ਦਰਵਾਜ਼ੇ ਇਸ ਵੇਲੇ ਵੀ ਬੰਦ ਪਏ ਹਨ, 4 ਚਲ ਰਹੇ ਹਨ। ਇਨ੍ਹਾਂ ਹਾਲਾਤ ਵਿਚ ਤੁਸੀਂ ਦਸੋ ਕਿ ਹੜ੍ਹ ਆਉਣਗੇ ਜਾਂ ਨਹੀਂ ਆਉਣਗੇ ? ਇਸ ਲਈ ਮੇਰੀ ਰਿਕੁਐਸਟ ਹੈ ਕਿ ਜੇ ਹੜ੍ਹਾਂ ਤੋਂ ਬਚਣਾ ਹੈ ਤਾਂ ਇਸ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਦੋ ਪੁਲਾਂ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ। ਤੁਸੀਂ ਵੇਖੋ ਕਿ ਇਥੇ ਮਹਿਕਮੇ ਵਾਲਿਆਂ ਨੇ ਕੀ ਕਰਤੂਤ ਕੀਤੀ ਹੈ। ਇਕ ਸਮਾਣੇ ਦਾ ਪੁਲ ਹੈ ਇਹ ਡਰੇਨ ਦੇ ਉਤੇ ਬਣਿਆ ਹੈ। ਇਸ ਤੇ ਜਿਹੜਾ ਪੁਲ ਬਣਾਇਆ ਗਿਆ ਸੀ ਉਹ ਟੁਟਿਆ ਪਿਆ ਹੈ ਅੌਰ ਲੋਕੀਂ ਹਾਲੇ ਵੀ ਪੁਰਾਣੇ ਪੁਲ ਤੋਂ ਆ ਜਾ ਰਹੇ ਹਨ ਜਾਂ ਪੁਲ ਦੇ ਥਲੋਂ ਦੀ ਨਿਕਲਦੇ ਹਨ। ਮੇਰੀ ਬੇਨਤੀ ਹੈ ਕਿ ਇਸ ਦੀ ਜ਼ਰੂਰ ਪੜਤਾਲ ਹੋਣੀ ਚਾਹੀਦੀ ਹੈ ਕਿ ਇਹ ਜਿਹੜਾ ਪੁਲ ਨਵਾਂ ਬਣਾਇਆ ਗਿਆ ਸੀ ਇਹ ਇਤਨੀ ਜਲਦੀ ਟੁਟ ਕਿਸ ਤਰ੍ਹਾਂ ਗਿਆ ਹੈ। ਇਕ ਹੋਰ ਪੁਲ ਜਿਹੜਾ ਝੰਬੋਵਾਲੀ ਚੋਅ ਤੇ ਬਣਿਆ ਹੈ, ਇਹ ਵੀ ਸਮਾਣੇ ਬਲਾਕ ਵਿਚ ਹੈ, ਇਸ ਦੀ ਇਹ ਹਾਲਤ ਹੈ ਕਿ ਇਹ ਜੰਪ ਕਰਦਾ ਹੈ। ਇਸ ਤੋਂ ਜਦੋਂ ਵੀ ਕੋਈ ਗੱਡੀ ਗੁਜ਼ਰਦੀ ਹੈ ਤਾਂ ਇਹ ਜੰਪ ਬਹੁਤ ਜ਼ਿਆਦਾ ਕਰਦਾ ਹੈ। ਇਹ ਹਾਲੇ ਨਵਾਂ ਬਣਿਆ ਹੈ ਪਰ ਇਸ ਦੀ ਇਹ ਹਾਲਤ ਹੈ। ਮੇਰੀ ਬੇਨਤੀ ਹੈ ਕਿ ਇਸ ਦੀ ਜ਼ਰੂਰ ਪੜਤਾਲ ਕਰਨੀ ਚਾਹੀਦੀ ਹੈ। ਇਤਨਾ ਕਹਿਕੇ ਮੈਂ ਤੁਹਾਡਾ ਧੰਨਵਾਦ ਕਰਦਾ ਹੋਇਆ ਬੈਠਦਾ ਹਾਂ ਅਤੇ ਫਿਰ ਕਹਿੰਦਾ ਹਾਂ ਕਿ ਸਰਕਾਰ ਨੂੰ ਆਉਣ ਵਾਲੇ ਸਮੇਂ ਨੂੰ ਧਿਆਨ ਵਿਚ ਰਖਕੇ ਜਿਹੜੀਆਂ ਗਲਾਂ ਮੈਂ ਕੀਤੀਆਂ ਹਨ ਉਨ੍ਹਾਂ ਤੇ ਧਿਆਨ ਦੇਣਾ ਚਾਹੀਦਾ ਹੈ ਤਾਕਿ ਲੋਕਾਂ ਦਾ ਭਲਾ ਹੋ ਸਕੇ।

**ਵਿੱਤ ਮੰਤਰੀ** (ਡਾਕਟਰ ਕੇਵਲ ਕ੍ਰਿਸ਼ਨ): ਚੇਅਰਮੈਨ ਸਾਹਿਬ, ਸਪਲੀਮੈਂਟਰੀ ਐਸਟੀਮੇਟਸ ਦੀ ਪਹਿਲੀ ਕਿਸ਼ਤ ਸਦਨ ਦੇ ਸਾਹਮਣੇ ਰਖੀ ਗਈ ਹੈ ਅੌਰ ਮਾਨਯੋਗ ਮੈਂਬਰਾਂ ਨੇ ਇਸ ਤੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਸਭ ਤੋਂ ਪਹਿਲੇ ਚਤਰਥ ਸਾਹਿਬ ਨੇ ਇਹ ਆਬਜ਼ਰਵ ਕੀਤਾ ਸੀ ਕਿ ਇਹ ਡਿਮਾਂਡਜ਼ 36 ਕਰੋੜ 66 ਲੱਖ ਦੇ ਕਰੀਬ ਰਖੀਆਂ ਗਈਆਂ ਹਨ। ਪਰ ਮੈਂ ਦੱਸਦਾ ਹਾਂ ਕਿ ਅਸਲ ਵਿਚ ਇਹ ਡਿਮਾਂਡਜ਼ 10 ਕਰੋੜ 33 ਲੱਖ 26 ਹਜਾਰ ਰੁਪਏ ਦੀਆਂ ਹਨ। ਇਸ ਵਿਚ 11 ਕਰੋੜ 95 ਲੱਖ ਰੁਪਿਆ ਇਸ ਤਰ੍ਹਾਂ ਦਾ ਹੈ ਜਿਹੜਾ ਕਿ ਸੈਂਟਰਲ ਗੌਰਮਿੰਟ ਤੋਂ ਸਾਨੂੰ ਆਉਣਾ ਹੈ ਅੌਰ ਇਹ ਰੀਇਮਬਰਸਮੈਂਟ ਹੋਣੀ ਹੈ, ਇਹ ਕੋਈ ਫਾਲਤੂ ਨਹੀਂ ਹੈ। ਇਸ ਤੋਂ ਇਲਾਵਾ ਬਾਕੀ ਜਿਹੜਾ ਸਪਲੀਮੈਂਟਰੀ ਡਿਮਾਂਡਜ਼ ਵਿਚ ਪੈਸਾ ਮੰਗਿਆ ਗਿਆ ਹੈ ਇਹ ਐਡਜਸਟ ਕੀਤਾ ਹੋਇਆ ਹੈ। ਇਹ ਸਾਰਾ ਰੁਪਿਆ ਪਲਾਨ ਦੀ ਲਿਮਿਟ ਦੇ ਅੰਦਰ ਹੀ ਹੈ ਅੌਰ ਇਹ ਕੋਈ ਜ਼ਿਆਦਾ ਖਰਚ ਨਹੀਂ ਹੈ।

ਇਨ੍ਹਾਂ ਸਪਲੀਮੈਂਟਰੀ ਡਿਮਾਂਡਜ਼ ਦੇ ਬਾਰੇ ਸਭ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹਵਾਂਗਾ ਕਿ ਸਾਰੇ ਹਾਊਸ ਦੇ ਮੈਂਬਰਾਂ ਨੇ ਇਸ ਗੱਲ ਦੀ ਸ਼ਲਾਘਾ ਕੀਤੀ ਹੈ ਅੌਰ ਮੈਂ ਉਨ੍ਹਾਂ ਦਾ ਮਸ਼ਕੂਰ ਹਾਂ ਜੋ ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਗੌਰਮਿੰਟ ਨੇ ਐਸੇ ਕਦਮ ਉਠਾਏ ਹਨ ਜਿਸ ਨਾਲ ਦਿਹਾਤੀ ਲੋਕਾਂ ਦੀ ਹਾਲਤ ਸੁਧਰੀ ਹੈ। ਚੇਅਰਮੈਨ ਸਾਹਿਬ, ਪਿਛਲੇ ਬਜਟ ਸੈਸ਼ਨ ਵਿਚ 10 ਕਰੋੜ ਰੁਪਿਆ

Original with;
Punjab Vidhan Sabha
Digitized by;
Panjab Digital Library

ਇਸ ਵਾਸਤੇ ਰਖਿਆ ਗਿਆ ਸੀ ਔਰ ਹੁਣ 5 ਕਰੋੜ ਰੁਪਿਆ ਹੋਰ ਇਸ ਵਾਸਤੇ ਮੰਗਿਆ ਹੈ। ਚੇਅਰਮੈਨ ਸਾਹਿਬ, ਪਿਛਲੇ 30 ਸਾਲਾਂ ਵਿਚ ਪਿੰਡਾਂ ਦੀ ਹਾਲਤ ਸੁਧਾਰਨ ਬਾਰੇ ਗੱਲਾਂ ਤਾਂ ਬਹੁਤ ਕੀਤੀਆਂ ਗਈਆਂ ਹਨ ਪਰ ਅਮਲੀ ਤੌਰ ਤੇ ਰੈਵੋਲਿਊਸ਼ਨਰੀ ਸਟੈਪਸ ਜਿਤਨੇ ਅਸੀਂ ਚੁੱਕੇ ਹਨ, ਇਤਨੇ ਕਿਸੇ ਨੇ ਵੀ ਪਹਿਲੇ ਨਹੀਂ ਚੁੱਕੇ। ਇਹ ਵਰਨਣਯੋਗ ਗਲ ਹੈ ਕਿ ਪਿਛਲੇ 30 ਸਾਲਾਂ ਵਿਚ ਇਸ ਕੰਮ ਵਾਸਤੇ 2 ਕਰੋੜ 68 ਲੱਖ ਰੁਪਿਆ 2700 ਪਿੰਡਾਂ ਦੀਆਂ ਨਾਲੀਆਂ ਗਲੀਆਂ ਪੱਕੀਆਂ ਕਰਨ ਵਾਸਤੇ ਖਰਚ ਹੋਇਆ ਸੀ ਔਰ ਹੁਣ ਪਿਛਲੇ ਤਿੰਨ ਸਾਲ ਜਿਹੜੇ ਗੁਜ਼ਰੇ ਹਨ ਇਸ ਸਮੇਂ ਦੇ ਦੌਰਾਨ 19 ਕਰੋੜ ਤੋਂ ਵੱਧ ਰੁਪਿਆ ਖਰਚ ਹੋਇਆ ਹੈ। ਇਹ ਇਕ. ਰਿਕਾਰਡ ਹੈ ਕਿ ਪਿਛਲੇ ਸਮੁੱਚੇ ਸਾਲਾਂ ਵਿਚ ਪਿੰਡਾਂ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਨ ਤੇ ਇਤਨਾ ਪੈਸਾ ਖਰਚ ਨਹੀਂ ਹੋਇਆ ਜਿਤਨਾ ਕਿ ਪਹਿਲੇ ਨਾਲੋਂ ਕਈ ਗੁਣਾਂ ਜ਼ਿਆਦਾ ਇਨ੍ਹਾਂ ਤਿੰਨ ਸਾਲਾਂ ਵਿਚ ਖਰਚ ਕੀਤਾ ਗਿਆ ਹੈ। ਹੁਣ ਇਸ ਵਾਸਤੇ 5 ਕਰੋੜ ਰੁਪਿਆ ਹੋਰ ਵੀ ਖਰਚ ਕਰਨ ਵਾਸਤੇ ਮੰਗ ਲਿਆ ਹੈ ਤਾਂਕਿ 1983-84 ਵਿਚ ਇਹ ਪੈਸਾ ਖਰਚ ਕਰਕੇ ਪਿੰਡਾਂ ਦੀ ਕਾਇਆ ਪਲਟੀ ਜਾ ਸਕੇ। ਅੱਜ ਬਾਦਲ ਸਾਹਿਬ ਇਥੇ ਬੈਠੇ ਨਹੀਂ ਹਨ, ਉਨ੍ਹਾਂ ਦੇ ਹੋਰ ਸਾਥੀ ਵੀ ਨਹੀਂ ਹਨ, ਬਾਦਲ ਸਾਹਿਬ ਇਥੇ ਕਿਹਾ ਕਰਦੇ ਸਨ ਕਿ ਕੋਈ ਵੀ ਇੱਟ ਦਿਖਾ ਦਿਓ ਜਿਹੜੀ ਕਿ ਕਿਸੇ ਪਿੰਡ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਨ ਤੇ ਲਗੀ ਹੋਵੇ। ਪਰ ਅੱਜ ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਸਿਰਫ ਹਜ਼ਾਰਾਂ ਰੁਪਏ ਹੀ ਨਹੀਂ ਬਲਿਕ ਕਰੋੜਾਂ ਰੁਪਏ ਦੀਆਂ ਇੱਟਾਂ ਖਰੀਦ ਕੇ ਪੰਜਾਬ ਸਰਕਾਰ ਪਿੰਡਾਂ ਦੀ ਬੇਹਤਰੀ ਵਾਸਤੇ ਖਰਚ ਕਰ ਰਹੀ ਹੈ।

ਚੇਅਰਮੈਨ ਸਾਹਿਬ, ਇਕ ਗੱਲ ਇਥੇ ਨੈਚੁਰਲ ਕਲੈਮਿਟੀਜ਼ ਦੇ ਬਾਰੇ ਕਹੀ ਗਈ ਹੈ। ਖਾਸ ਤੌਰ ਤੇ ਮਾਸਟਰ ਬਾਬੂ ਸਿੰਘ ਨੇ ਇਹ ਕਿਹਾ ਹੈ ਕਿ ਇਸ ਵਾਸਤੇ ਪਹਿਲਾਂ ਹੀ ਜ਼ਿਆਦਾ ਪੈਸਾ ਰਖ ਲੈਣਾ ਚਾਹੀਦਾ ਸੀ, ਹੁਣ ਪੈਸਾ ਹੋਰ ਮੰਗਣ ਦੀ ਗੱਲ ਸਮਝ ਨਹੀਂ ਆਉਂਦੀ। ਇਸ ਸਬੰਧ ਵਿਚ ਮੈਂ ਅਰਜ਼ ਕਰਨੀ ਚਾਹਵਾਂਗਾ ਕਿ ਪ੍ਰਮਾਤਮਾ, ਵਾਹਿਗੁਰੂ ਇਹ ਆਫਤਾਂ ਨਾ ਲਿਆਵੇ, ਇਸ ਨਾਲ ਸਟੇਟ ਦਾ ਵੀ ਨੁਕਸਾਨ ਹੁੰਦਾ ਹੈ ਅਤੇ ਨੇਸ਼ਨ ਦਾ ਵੀ ਨੁਕਸਾਨ ਹੁੰਦਾ ਹੈ। ਇਹ ਐਸੀਆਂ ਆਫਤਾਂ ਹਨ ਜਿਨ੍ਹਾਂ ਦਾ ਇਨਸਾਨ ਹੀ ਇਨਸਾਨ ਦਾ ਦਾਰੂ ਹੈ। ਇਹ ਠੀਕ ਹੈ ਕਿ ਪਿਛਲੇ ਸਾਲਾਂ ਵਿਚ ਕੋਈ ਵੀ ਸਾਲ ਐਸਾ ਨਹੀਂ ਸੀ ਜਦੋਂ ਕਿ ਹਰ ਸਾਲ ਤਕਰੀਬਨ 5-6 ਕਰੋੜ ਰੁਪਿਆ ਇਨ੍ਹਾਂ ਆਫਤਾਂ ਤੇ ਖਰਚ ਨਾ ਕਰਨਾ ਪਿਆ ਹੋਵੇ। ਪਰ ਜਿਹੜਾ ਇਸ ਵਾਸਤੇ ਇਹ ਕਿਹਾ ਗਿਆ ਹੈ ਕਿ ਪਹਿਲੇ ਹੀ ਇਹ ਪੈਸਾ ਰੱਖ ਲੈਣਾ ਚਾਹੀਦਾ ਸੀ, ਇਸ ਸਬੰਧ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਹਰ ਗਲ ਦੀ ਕੋਈ ਮਜਬੂਰੀ ਹੁੰਦੀ ਹੈ। ਇਸ ਸਬੰਧ ਵਿਚ ਜਦੋਂ ਸਲਾਨਾ ਪਲਾਨ ਅਪਰੂਵ ਕਰਾਉਣੀ ਹੁੰਦੀ ਹੈ ਤਾਂ ਉਹ ਪਲੈਨਿੰਗ ਕਮਿਸ਼ਨ 2 ਕਰੋੜ 68 ਲੱਖ ਰੁਪਏ ਤੋਂ ਵੱਧ ਅਪਰੂਵ ਨਹੀਂ ਕਰਦੇ। ਇਸ ਲਈ ਅਸੀਂ ਇਸ ਤੋਂ ਵੱਧ ਪੈਸਾ ਰਖ ਨਹੀਂ ਸਕਦੇ। ਉਸ ਲਈ 2 ਕਰੋੜ 68 ਲੱਖ ਰੁਪਿਆ ਹੀ ਮੰਗਣਾ ਪੈਂਦਾ ਹੈ। ਲੇਕਿਨ ਇਸ ਪੈਸੇ ਨਾਲ ਕਿਸਾਨਾਂ ਨੂੰ ਰਿਲੀਫ ਪੂਰਾ ਨਹੀਂ ਦਿਤਾ ਜਾ ਸਕਦਾ। ਕਿਸਾਨਾਂ ਨੂੰ ਰਿਲੀਫ ਦੇਣ ਵਾਸਤੇ 1980-81 ਵਿਚ ਪੰਜਾਬ ਗੌਰਮਿੰਟ ਨੇ 7 ਕਰੋੜ 19 ਲੱਖ ਰੁਪਿਆ ਦਿਤਾ ਸੀ ਔਰ 1981-82 ਵਿਚ 6 ਕਰੋੜ 65 ਲੱਖ ਰੁਪਿਆ ਕਿਸਾਨਾਂ ਨੂੰ ਰਲੀਫ ਵਾਸਤੇ ਦਿਤਾ ਸੀ। 1982-83 ਤਕ ਟੋਟਲ ਅਸੀਂ ਇਸ ਕੰਮ ਵਾਸਤੇ 15 ਕਰੋੜ 94 ਲੱਖ ਰੁਪਿਆ ਖਰਚ ਕੀਤਾ ਹੈ। ਇਸ ਸਾਲ ਵੀ 2 ਅਗਸਤ, 1983 ਤਕ 3 ਕਰੋੜ 80 ਲੱਖ 14 ਹਜਾਰ ਰੁਪਿਆ ਖਰਚ ਕੀਤਾ ਹੈ ਔਰ ਹੁਣ ਸਪਲੀਮੈਂਟਰੀ ਡਿਮਾਂਡਜ਼ ਵਿਚ 1 ਕਰੋੜ 39 ਲੱਖ ਰੁਪਿਆ ਹੋਰ ਮੰਗ ਲਿਆ ਹੈ। ਇਹ ਸਾਰਾ ਪੈਸਾ ਪਿੰਡਾਂ ਦੇ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਤੇ ਹੀ ਖਰਚ ਹੋਣਾ ਹੈ। ਪੰਜਾਬ ਦੇ ਪਿੰਡਾਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਦੇ ਲੋਕਾਂ ਨੂੰ ਕੋਈ ਤਕਲੀਫ ਹੋਵੇ ਤਾਂ ਇਹ ਪੰਜਾਬ ਗੌਰਮਿੰਟ ਕਦੇ ਬਰਦਾਸ਼ਤ ਨਹੀਂ ਕਰ ਸਕਦੀ। ਇਸ ਵਾਸਤੇ ਸਾਡੀ ਪ੍ਰਧਾਨ ਮੰਤਰੀ ਜੀ ਨੇ ਵੀ ਜਿਹੜਾ 20 ਪੁਆਇੰਟ ਪ੍ਰੋਗਰਾਮ ਦਿਤਾ ਹੈ ਉਸ ਵਿਚ ਉਨ੍ਹਾਂ ਨੇ ਪਿੰਡਾਂ ਦੀ ਹਾਲਤ ਸੁਧਾਰਨ ਤੇ ਜ਼ਿਆਦਾ ਜ਼ੋਰ ਦਿਤਾ ਹੈ। ਇਹ 20 ਪੁਆਇੰਟ ਪਰੋਗਰਾਮ ਦੇ 4 ਅੰਗ ਹਨ। ਸਭ ਤੋਂ ਪਹਿਲਾ ਅੰਗ ਹੈ ਪਰੋਡਕਸ਼ਨ ਵਧਾਈ ਜਾਵੇ, ਹਰ ਖੇਤਰ ਵਿਚ ਪਰੋ-ਡਕਸ਼ਨ ਵਧਾਈ ਜਾਵੇ/ਦੂਸਰਾ ਜਿਹੜਾ ਗਰੀਬ ਆਦਮੀ ਹੈ ਉਸ ਦੀ ਮੱਦਦ ਕੀਤੀ ਜਾਵੇ, ਗਰੀਬਾਂ ਨੂੰ ਉਚਾ ਚੁਕਣ ਦੀ ਕੋਸ਼ਿਸ਼ ਕੀਤੀ ਜਾਵੇ। ਤੀਸਰਾ ਜਿਹੜੀਆਂ ਕਾਰਪੋਰੇਸ਼ਨਾਂ ਹਨ ਉਨ੍ਹਾਂ ਦੀ ਹਾਲਤ ਨੂੰ ਸੁਧਾਰਿਆ ਜਾਵੇ। ਚੌਥਾ ਇਹ ਹੈ ਕਿ ਜਿਹੜੇ ਸਮਗਲਰਜ਼ ਹਨ, ਜਿਹੜੇ ਟੈਕਸ ਇਵੇਡਰਜ਼ ਹਨ, ਉਹ ਸਮਾਜ ਦੇ ਦੁਸ਼ਮਣ ਹਨ, ਉਨ੍ਹਾਂ ਦਾ ਵੀ ਇਲਾਜ ਕੀਤਾ ਜਾਵੇ। ਅਸੀਂ 20 ਪੁਆਇੰਟ ਪ੍ਰੋਗਰਾਮ ਦੀ ਸਫਲਤਾ ਲਈ ਜ਼ੋਰਦਾਰ ਮੁਹਿਮ ਚਲਾਈ ਹੈ। ਜਿਸ ਦੇ ਸਿੱਟੇ ਦੇ ਰੂਪ ਵਿਚ 'ਟ੍ਰਿਬਿਊਨ' ਅਤੇ 'ਇੰਡੀਅਨ ਐਕਸਪ੍ਰੈਸ' ਅਖਬਾਰਾਂ ਨੇ ਖਬਰ ਦਿੱਤੀ ਹੈ ਕਿ 20-ਪੁਆਇੰਟ ਪ੍ਰੋਗਰਾਮ ਨੂੰ ਇੰਪਲੀਮੈਂਟ ਕਰਨ ਵਿਚ ਪੰਜਾਬ ਜੁਲਾਈ, 1983 ਵਿੱਚ ਟਾਪ Centre Government ਨਿਰੀਖਣ ਮੁਤਾਬਿਕ ਪਹਿਲੇ ਨੰਬਰ ਤੇ ਪੰਜਾਬ ਹੈ। ਇਹ ਪਰੋਗਰਾਮ ਸਟੇਟ ਦੇ ਲੋਕਾਂ ਦੀ ਭਲਾਈ ਲਈ ਅਤੇ ਨੇਸ਼ਨ ਦੀ ਭਲਾਈ ਲਈ ਹਨ। ਜਦ ਕਿ ਸਾਡੀ ਸਟੇਟ ਵਿਚ ਅਮਨ ਨੂੰ ਭੰਗ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਫੇਰ ਅਸੀਂ ਸਟੇਟ ਨੂੰ ਤਰੱਕੀ ਦੇ ਰਸਤੇ ਤੇ ਲੈ ਕੇ ਚਲ ਰਹੇ ਹਾਂ ਔਰ 20-ਪੁਆਇੰਟ ਪ੍ਰੋਗਰਾਮ ਦੇ ਟੀਚੇ ਨੂੰ ਪੂਰਾ ਕੀਤਾ ਹੈ। ਇਹ ਗਲ ਸਾਡੇ ਲਈ ਬੜੀ ਫਖਰ ਵਾਲੀ ਗਲ ਹੈ। ਅਸੀਂ ਇਸ ਕੰਮ ਨੂੰ ਪੂਰਾ ਕਰਨ ਵਿਚ ਆਪਣਾ ਫਰਜ਼ ਅਦਾ ਕੀਤਾ ਹੈ ਅਤੇ ਕੇਂਦਰ ਦੀ ਸਰਕਾਰ ਨੇ ਵੀ ਸਾਡੀ ਸਰਾਹਨਾ ਕੀਤੀ ਹੈ। ਸਾਨੂੰ ਤਰੱਕੀ ਦੇ ਰਸਤੇ ਤੋਂ ਕੋਈ ਹਟਾ ਨਹੀਂ ਸਕਦਾ। ਸਪਲੀਮੈਂਟਰੀ ਡੀਮਾਂਡ ਨੰ: 14 ਰਾਹੀਂ ਅਸੀਂ ਕਿਸਾਨਾਂ ਦਾ ਖਿਆਲ ਕੀਤਾ ਹੈ। ਪੰਜਾਬ ਦੇ ਲੋਕਾਂ ਦੇ ਨਾਲ ਹੀ ਅਸੀਂ ਆਸਾਮ ਦੇ ਲੋਕਾਂ ਦੀ ਮਦਦ ਲਈ ਪ੍ਰਾਈਮ ਮਨਿਸਟਰ ਰਿਲੀਫ ਫੰਡ ਵਿਚ 5 ਲੱਖ ਰੁਪਿਆ ਦਿਤਾ ਸੀ ਤਾਂਕਿ ਉਨ੍ਹਾਂ ਲੋਕਾਂ ਦੀ ਮੱਦਦ ਹੋ ਸਕੇ ਜਿਹੜੇ ਬਾੜ ਕਾਰਣ ਮੁਸੀਬਤ ਵਿਚ ਹਨ। ਹੁਣ ਜਦੋਂ ਸ੍ਰੀ ਲੰਕਾ ਵਿਚ ਹਿੰਦੁਸਤਾਨੀ ਤਾਮਿਲ ਲੋਕਾਂ ਤੇ ਮੁਸੀਬਤ ਆਈ ਤਾਂ ਪ੍ਰਾਈਮ ਮਨਿਸਟਰ ਜੀ ਨੇ ਕਿਹਾ ਕਿ ਸਾਨੂੰ ਉਨ੍ਹਾਂ ਲੋਕਾਂ ਦੀ ਮੱਦਦ ਕਰਨੀ ਚਾਹੀਦੀ ਹੈ ਤਾਂ ਪੰਜਾਬ ਸਭ ਤੋਂ ਪਹਿਲੀ ਸਟੇਟ ਹੈ ਕਿ ਪ੍ਰਾਈਮ ਮਨਿਸਟਰ ਸਾਹਿਬਾ ਨੂੰ 7 ਲੱਖ ਰੁਪਏ ਦਾ ਚੈਕ ਚੀਫ ਮਨਿਸਟਰ ਸਾਹਿਬ ਦੇ ਕੇ ਆਏ ਹਨ ਤਾਂਕਿ ਸਾਡੇ ਉਥੇ ਹਿੰਦੁਸਤਾਨ ਦੇ ਰਹਿ ਰਹੇ ਲੋਕਾਂ ਦੀ ਮੱਦਦ ਹੋ ਸ਼ਕੇ ਅਤੇ ਉਨ੍ਹਾਂ ਦੀ ਸਹਾਇਤਾ ਹੋ ਸਕੇ। ਇਹ ਸਾਡਾ ਇਕ ਇਨ-ਸਾਨੀ ਫਰਜ਼ ਹੈ ਜਿਸ ਨੂੰ ਅਸੀਂ ਪੂਰਾ ਕਰ ਰਹੇ ਹਾਂ।

ਐਜੂਕੇਸ਼ਨ ਲਈ ਬਜਟ ਵਿਚ ਕਾਫੀ ਰੁਪਿਆ ਰਖਿਆ ਗਿਆ ਹੈ ਅਤੇ ਐਜੂਕੇਸ਼ਨ ਦੀ ਜ਼ਰੂਰਤ ਵੀ ਬਹੁਤ ਜ਼ਿਆਦਾ ਹੈ। ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਵਾਸਤੇ ਧੰਨੋਵਾਲੀਆ ਜੀ ਨੇ ਜ਼ਿਕਰ ਕੀਤਾ ਸੀ। ਇਹ ਪਹਿਲੀ ਸਰਕਾਰ ਹੈ ਜਿਸ ਨੇ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਵਾਸਤੇ ਧਿਆਨ ਦਿਤਾ ਹੈ ਨਹੀਂ ਤਾਂ ਪਹਿਲੇ ਪੰਚਾਇਤਾਂ ਪ੍ਰਾਇਮਰੀ ਸਕੂਲ ਲਈ ਅਤੇ ਹਸਪਤਾਲਾਂ ਲਈ ਬਿਲਡਿੰਗਜ਼ ਪ੍ਰੋਵਾਈਡ ਕਰਦੀਆਂ ਸਨ ਅਤੇ ਹਸਪਤਾਲ ਲਈ ਤੂੜੀ ਵਾਲਾ ਕਮਰਾ ਖੋਲ੍ਹ ਦਿੰਦੇ ਸਨ ਜਿਥੇ ਡਾਕਟਰ ਨੂੰ ਬਿਠਾ ਦਿੰਦੇ ਸਨ। ਪਿੰਡ ਵਾਲੇ ਕਹਿੰਦੇ ਹੁੰਦੇ ਸਨ ਕਿ ਮਾਸਟਰ ਤੁਸੀਂ ਭੇਜ ਦਿਓ, ਸਕੂਲ ਵਾਸਤੇ ਥਾਂ ਅਸੀਂ ਦੇ ਦਿਆਂਗੇ। ਇਸ ਗੱਲ ਦਾ ਧਿਆਨ ਰਖਦੇ ਹੋਏ ਕਿ ਬੱਚੇ ਦੇਸ ਦਾ ਜਿਨ੍ਹਾਂ ਨੇ ਦੇਸ਼ ਦੀ ਵਾਗਡੋਰ ਸੰਭਾਲਣੀ ਹੈ ਉਨ੍ਹਾਂ ਦੀ ਸਿਖਿਆ ਲਈ ਬਿਲਡਿੰਗਜ਼ ਅੱਛੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਟੀਚਰਜ਼ ਲਈ ਬੈਠਣ ਦਾ ਇੰਤਜ਼ਾਮ ਠੀਕ ਹੋਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

ਸਰਕਾਰ ਨੂੰ ਕੇਵਲ ਪੰਚਾਇਤਾਂ ਤੇ ਇਨ੍ਹਾਂ ਗੱਲਾਂ ਵਾਸਤੇ ਡੀਪੈਂਡ ਨਹੀਂ ਕਰਨਾ ਚਾਹੀਦਾ। ਸਰਕਾਰ ਪ੍ਰਾਇਮਰੀ ਸਕੂਲਾਂ ਦੀ ਐਜੂਕੇਸ਼ਨ ਵੱਲ ਜ਼ਿਆਦਾ ਜ਼ੋਰ ਦੇ ਰਹੀ ਹੈ ਇਸ ਦੇ ਲਈ ਹਰ ਚੀਜ਼ ਅਸੀਂ ਪ੍ਰੋਵਾਈਡ ਕਰਾਂਗੇ। ਪਿਛਲੇ ਸਾਲਾਂ ਵਿਚ ਸਕੂਲਾਂ ਦੀਆਂ ਬਿਲਡਿੰਗਜ਼ ਵਾਸਤੇ 3 ਕਰੋੜ ਰੁਪਿਆ ਪ੍ਰੋਵਾਈਡ ਕੀਤਾ ਗਿਆ ਸੀ ਇਸ ਸਾਲ ਦੋ ਕਰੋੜ ਰੁਪਿਆ ਹੋਰ ਪ੍ਰੋਵਾਈਡ ਕੀਤਾ ਗਿਆ ਹੈ ਤਾਂਕਿ ਸਕੂਲਾਂ ਦੀਆਂ ਬਿਲਡਿੰਗਜ਼ ਬਣ ਸਕਣ। ਇਸ ਦੇ ਨਾਲ ਹੀ ਉਰਦੂ ਭਾਸ਼ਾ ਦੀ ਉਨਤੀ ਲਈ ਸਰਕਾਰ ਨੇ ਉਰਦੂ ਅਕਾਡਮੀ ਨੂੰ 5 ਲੱਖ ਰੁਪਿਆ ਦਿਤਾ ਹੈ ਤਾਂਕਿ ਇਸ ਦਾ ਵਿਕਾਸ ਹੋ ਸਕੇ। ਦੂਸਰੀਆਂ ਭਾਸ਼ਾਵਾਂ ਸੰਸਕ੍ਰਿਤ, ਪੰਜਾਬੀ, ਹਿੰਦੀ ਦੇ ਵਿਕਾਸ ਵਾਸਤੇ ਵੀ ਪੈਸੇ ਦਾ ਪ੍ਰਬੰਧ ਕੀਤਾ ਹੈ। ਉਰਦੂ ਜ਼ਬਾਨ ਸਾਰੇ ਭਾਰਤ ਦੀ ਜ਼ਬਾਨ ਰਹੀ ਹੈ, ਉਸ ਨੂੰ ਕਾਇਮ ਰਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੂਸਰੀਆਂ ਲੈਂਗੂਏਜ਼ ਲਈ ਹੋਰ 1 ਲੱਖ 40 ਹਜ਼ਾਰ ਰੁਪਏ ਦਾ ਪ੍ਰਬੰਧ ਕੀਤਾ ਗਿਆ ਸੀ ਜਿਸ ਨੂੰ ਵਧਾ ਕੇ 2 ਲੱਖ ਰੁਪਿਆ ਕਰ ਦਿਤਾ ਗਿਆ ਹੈ। ਇਸ ਦੇ ਨਾਲ ਲੁਧਿਆਣੇ ਵਿਚ ਪੰਜਾਬੀ ਸਾਹਿਤ ਭਵਨ ਲਈ 75 ਹਜ਼ਾਰ ਰੁਪਿਆ ਦਿਤਾ ਹੈ ਤਾਂਕਿ ਤਰੱਕੀ ਹੋ ਸਕੇ।

ਡੀਮਾਂਡ ਨੰ: 32 ਵਿਚ ਫਾਰੈਸਟ ਵੱਲ ਜ਼ਿਆਦਾ ਧਿਆਨ ਦਿੱਤਾ ਗਿਆ ਹੈ। ਇਸ ਦੇ ਲਈ ਪੈਸਾ ਰਖਿਆ ਗਿਆ ਹੈ। ਚੇਅਰਮੈਨ ਸਾਹਿਬ, ਪੰਜਾਬ ਇਕ ਐਸਾ ਸੂਬਾ ਹੈ ਜਿਥੇ ਫਾਰੈਸਟ ਦੀ ਬੜੀ ਕਮੀ ਹੈ ਔਰ ਬਦਕਿਸਮਤੀ ਨਾਲ ਜਿਹੜਾ ਸਾਡੇ ਕੋਲ ਹਿੱਸਾ ਸੀ ਉਹ ਹਿਮਾਚਲ ਪ੍ਰਦੇਸ਼ ਵਿਚ ਚਲਾ ਗਿਆ ਹੈ। ਵਿਗਿਆਨਕਾਂ ਦਾ ਕਹਿਣਾ ਹੈ ਕਿ ਸਟੇਟ ਵਿਚ 25% ਹਿਸਾ ਫਾਰੈਸਟ ਵਿਚ ਹੋਣਾ ਲਾਜ਼ਮੀ ਹੈ ਤਦ ਹੀ ਸਟੇਟ ਦੇ ਲੋਕਾਂ ਦੀ ਸਿਹਤ ਠੀਕ ਰਹਿ ਸਕਦੀ ਹੈ। ਪ੍ਰਾਈਮ ਮਨਿਸਟਰ ਸਾਹਿਬਾ ਨੇ ਵੀ 20 ਪੁਆਇੰਟ ਪ੍ਰੋਗਰਾਮ ਰਾਹੀਂ ਇਸ ਸਕੀਮ ਤੇ ਜ਼ੋਰ ਦਿਤਾ ਹੈ। ਪੰਜਾਬ ਦੇ ਕੁਝ ਐਸੇ ਹਾਲਾਤ ਹੋਣ ਕਰਕੇ ਫਾਰੈਸਟ ਸੂਬੇ ਵਿਚੋਂ ਬਾਹਰ ਚਲੇ ਗਏ ਹਨ। ਇਹ ਸਿਰਫ 5% Forest ਲਈ ਕਲਟੀਵੇਬਲ ਲੈਂਡ ਹੀ ਰਹਿ ਗਈ ਹੈ। ਪ੍ਰਾਈਮ ਮਨਿਸਟਰ ਸਾਹਿਬਾ ਨੇ ਇਸ ਉਤੇ ਬੜਾ ਜ਼ੋਰ ਦਿਤਾ ਹੈ। ਕਿਉਂਕਿ ਜੰਗਲ ਨਾ ਹੋਣ ਨਾਲ ਪਹਾੜੀਆਂ ਤੋਂ ਪਾਣੀ ਬੜੀ ਤੇਜ਼ੀ ਨਾਲ ਆਉਂਦਾ ਹੈ ਜਿਸ ਦੇ ਨਾਲ ਹੜ ਬੜੇ ਆਉਂਦੇ ਹਨ ਅਤੇ ਤਬਾਹੀ ਵੀ ਜ਼ਿਆਦਾ ਹੁੰਦੀ ਹੈ ਇਸ ਦਾ ਹੋਣਾ ਬੜਾ ਜ਼ਰੂਰੀ ਹੈ ਸਾਰੀ ਚੀਜ਼ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਸ ਵੱਲ ਧਿਆਨ ਦਿਤਾ ਹੈ। ਪਛਲੇ 30 ਸਾਲਾਂ ਵਿਚ ਪੰਜਾਬ ਵਿਚ 5 ਕਰੋੜ ਤੋਂ ਜ਼ਿਆਦਾ ਦਰਖਤ ਨਹੀਂ ਲਗਾਏ ਸਨ ਜਦ ਕਿ ਅਸੀਂ 19 ਕਰੋੜ 64 ਲੱਖ ਦਰਖਤ ਪਿਛਲੇ 3 ਸਾਲਾਂ ਵਿਚ ਲਗਾ ਦਿਤੇ ਹਨ। ਅਗਲੇ ਸਾਲ 10 ਕਰੋੜ ਹੋਰ ਦਰਖਤ ਲਗਾ ਦੇਵਾਂਗੇ ਔਰ 30 ਕਰੋੜ ਦਰਖਤਾਂ ਦਾ ਟੀਚਾ ਪੂਰਾ ਕਰਾਂਗੇ ਅਤੇ ਪੰਜਾਬ ਨੂੰ ਹਰਾ ਭਰਾ ਕਰਾਂਗੇ। ਮਾਸਟਰ ਬਾਬੂ ਸਿੰਘ ਜੀ ਨੇ ਕਿਹਾ ਸੀ ਕਿ ਸਕੱਤਰੇਤ ਲਈ ਖਰਚਾ ਪਹਿਲੇ ਹੀ ਰੱਖਿਆ ਜਾਣਾ ਚਾਹੀਦਾ ਸੀ ਇਸ ਖਰਚੇ ਨੂੰ ਵਧਾਉਣ ਦੀ ਲੋੜ ਨਹੀਂ ਸੀ ਪਰ ਜੇਕਰ ਇਹ ਥੱਲੇ ਦੀ ਲਾਈਨ ਨੂੰ ਪੜ੍ਹ ਲੈਂਦੇ ਤਾਂ ਸ਼ਾਇਦ ਇਹ ਗੱਲ ਇਨ੍ਹਾਂ ਨੂੰ ਕਹਿਣ ਦੀ ਲੋੜ ਨਾ ਪੈਂਦੀ। ਇਹ ਪੈਸਾ ਖਾਸ ਤੌਰ ਤੇ ਪਬਲਿਕ ਐਡਮਨਿਸਟਰੇ-ਸ਼ਨ ਇੰਸਟੀਚਿਊਟ ਤੇ ਖਰਚ ਹੋਣਾ ਹੈ ਜਿਥੇ ਅਸੀਂ ਸੈਮੀਨਾਰ ਆਦਿ ਕਰ ਰਹੇ ਹਾਂ। ਇਸੇ ਥਾਂ ਅਸੀਂ ਆਪਣੇ ਮੁਲਾਜ਼ਮਾਂ ਨੂੰ ਟਰੇਨਿੰਗ ਦਿੰਦੇ ਹਾਂ ਤਾਂਕਿ ਉਹ ਹੋਰ ਗਿਆਨ ਪ੍ਰਾਪਤ ਕਰ ਸਕਣ। ਔਰ ਉਨ੍ਹਾਂ ਵਿਚ ਐਡਮਨਿਸਟਰੇਸ਼ਨ ਨੂੰ ਸੁਚੱਜੇ ਢੰਗ ਨਾਲ ਚਲਾਉਣ ਵਿਚ ਮਦਦ ਮਿਲ ਸਕੇ, ਉਨ੍ਹਾਂ ਦੀ ਐਡਮਨਿਸਟਰੇਟਿਵ ਸ਼ਕਤੀ ਹੋਰ ਵੱਧੇ ਅਤੇ ਟੈਕਨੀਕਲ, ਸਾਇੰਸ ਦੇ ਕੰਮਾਂ ਵਿਚ ਗਿਆਨ ਪ੍ਰਾਪਤ ਕਰ ਸਕਣ। ਇਹ ਖਰਚ ਸੈਮੀਨਾਰ ਆਦਿ ਕਰਨ ਤੇ ਖਰਚ ਕੀਤਾ ਜਾਵੇਗਾ। ਇਹ ਨਹੀਂ ਇਕ ਮਹੀਨਾ ਸੈਮੀਨਾਰ ਹੋ ਗਿਆ ਅਤੇ ਅਗਲੇ 4 ਮਹੀਨੇ ਛੁਟੀ। ਐਡਮਨਿਸਟਰੇਸ਼ਨ ਨੂੰ ਟੋਨ ਅੱਪ ਕਰਨ ਲਈ ਇਹ ਪੈਸਾ ਖਰਚ ਕੀਤਾ ਜਾ ਰਿਹਾ ਹੈ। ਇਸ ਵਿਚ ਸਬਜੈਕਟ ਵਧਾਏਗਏ ਹਨ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਇਸ ਤੋਂ ਇਲਾਵਾ ਕਾਰਪੋਰੇਸ਼ਨ ਦੀ ਡੀਮਾਂਡ ਹੈ। ਪੰਜਾਬ ਐਲਕਲੀਜ਼ ਵਾਲੇ ਨੰਗਲ ਵਿਖੇ ਫੈਕਟਰੀ ਲਗਾ ਰਹੇ ਹਨ। ਇਥੇ ਸਰਕਾਰ 1 ਕਰੋੜ 25 ਲੱਖ ਰੁਪਿਆ Short Capital ਦੇ ਤੌਰ ਤੇ ਲਗਾ ਰਹੀ ਹੈ।

1.20 ਬਾਅਦ ਦੁਪਹਿਰ

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਇਹ ਫੈਕਟਰੀ ਦਸੰਬਰ, 1983 ਵਿਚ ਕਮਿਸ਼ਨ ਹੋ ਜਾਵੇਗੀ। ਇਸ ਦੇ ਵਿਚ ਕੈਪੀਟਲ ਸ਼ੇਅਰ ਵਾਸਤੇ ਰੁਪਿਆ ਦਿਤਾ ਹੈ ਤਾਂਕਿ ਪੰਜਾਬ ਦੀ ਇੰਡਸਟਰੀ ਵਿਚ ਵਾਧਾ ਹੋਵੇ। ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਇੰਡਸਟਰੀ ਵੱਧ ਲੱਗੀ ਹੈ। ਜਿਥੇ ਅਸੀਂ ਐਗਰੀਕਲਚਰਲ ਪਰੋਡਕਸ਼ਨ ਵਿਚ ਵਾਧਾ ਕੀਤਾ ਹੈ ਉਥੇ ਅਸੀਂ ਪਿਛਲੇ ਤਿੰਨ ਸਾਲਾਂ ਵਿਚ ਲਗਾਤਾਰ ਅਨਾਜ ਉਤਪਾਦਨ ਵਿਚ ਰਿਕਾਰਡ ਤੋੜ ਵਾਧਾ ਕੀਤਾ ਹੈ। ਪੈਡੀ ਵਿਚ ਵੀ ਅਤੇ ਵ੍ਹੀਟ ਵਿਚ ਵੀ ਇਜ਼ਾਫਾ ਹੋਇਆ ਹੈ ਅਸੀਂ ਸੈਂਟਰਲ ਪੂਲ ਵਿਚ 60% ਤਕ ਹਿੱਸਾ ਪਾਇਆ ਹੈ ਔਰ 80% ਅਨਾਜ ਦੀ ਉਪਜ ਵਧਾਈ ਹੈ। ਜਦੋਂ ਕਿ ਮੇਰੇ ਅਕਾਲੀ ਦੋਸਤਾਂ ਦੀ ਸਰਕਾਰ ਵੇਲੇ 0% ਦਾ ਵਾਧਾ ਸੀ। ਡਿਪਟੀ ਸਪੀਕਰ ਸਾਹਿਬ, ਇੰਡਸਟਰੀਜ਼ ਵੱਲ ਅਸੀਂ ਖਾਸ ਤੌਰ ਤੇ ਵਾਧਾ ਕੀਤਾ ਹੈ। ਪਿਛਲੇ ਤਿੰਨ ਸਾਲਾਂ ਵਿਚ ਲੈਟਰ ਆਫ ਇਨਟੈਂਟ ਲੈਕੇ ਲਗਭਗ 250 ਕਰੋੜ ਰੁਪਏ ਦੀ Industry ਲਗਾਈ ਹੈ ਅਸੀਂ ਇੰਡਸਟਰੀ ਦੀ ਗਰੋਥ ਵਿਚ ਵੀ $5\frac{1}{2}$% ਦਾ ਵਾਧਾ ਕੀਤਾ ਹੈ।

## EXTENSION OF TIME OF THE SITTING

**Mr. Deputy Speaker** : Is it the pleasure of the House that the time of the sitting of the House be extended by fifteen minutes?

**(Voices : Yes, Yes.)**

**Mr. Deputy Speaker** : The time of the sitting of the House is extended upto 1.45 P. M.

## DISCUSSION AND VOTING OF DEMANDS FOR SUPPLEMENTARY GRANTS (*Resumption*)

**ਵਿੱਤ ਮੰਤਰੀ** : ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਜੀ ਨੇ ਬੋਲਦਿਆਂ ਹੋਇਆਂ ਕੁਝ ਗੱਲਾਂ ਕਹੀਆਂ ਹਨ ਜੋ ਕਿ ਮੈਂ ਨੋਟ ਕੀਤੀਆਂ ਹਨ। ਚਤਰਥ ਸਾਹਿਬ ਨੇ ਕਿਹਾ ਹੈ ਕਿ ਬੈਰੀਅਰਜ਼ ਤੇ ਹਰਾਸਮੈਂਟ ਹੁੰਦੀ ਹੈ। ਮੈਂ ਉਨ੍ਹਾਂ ਨੂੰ ਯਕੀਨ ਦਵਾਉਣਾ ਚਾਹੁੰਦਾ ਹਾਂ ਕਿ ਬੈਰੀਅਰਜ਼ ਤੇ ਓਫੈਂਸ ਕਰਨ ਵਾਲੇ ਨੂੰ ਨਹੀਂ ਛਡਿਆ ਜਾਵੇਗਾ ਪਰ ਆਮ ਆਦਮੀ ਨੂੰ ਹਰਾਸਮੈਂਟ ਨਹੀਂ ਹੋਵੇਗੀ। ਦੂਸਰਾ ਚਤਰਥ ਜੀ ਨੇ ਰੂਰਲ ਅਲਾਊਂਸ ਦੀ ਗੱਲ ਕੀਤੀ ਹੈ। ਉਨ੍ਹਾਂ ਦੇ ਖਿਆਲ ਦੇ ਮੁਤਾਬਿਕ 12,188 ਪਿੰਡਾਂ ਵਿਚੋਂ ਦੋ ਤਿੰਨ ਹਜ਼ਾਰ ਪਿੰਡ ਬਾਕੀ ਰਹਿ ਗਏ ਹਨ। ਮੈਂ ਜੋ ਜਾਣਕਾਰੀ ਰਖਦਾ ਹਾਂ, ਉਸ ਦੇ ਮੁਤਾਬਿਕ ਉਨ੍ਹਾਂ ਦੀ ਜਾਣਕਾਰੀ ਠੀਕ ਨਹੀਂ ਹੈ। ਕੰਡੀ ਏਰੀਆ, ਬਾਰਡਰ ਏਰੀਆ ਅਤੇ ਬੇਟ ਏਰੀਆ ਦੇ 50% ਤੋਂ ਘੱਟ ਪਿੰਡ ਹਨ ਜਿਹੜੇ ਕਿ ਉਸ ਏਰੀਆ ਵਿਚ ਨਹੀਂ ਹਨ। ਜੇਕਰ ਦੋ ਤਿੰਨ ਹਜ਼ਾਰ ਹੋ ਜਾਣ ਤਾਂ ਉਹ ਸਾਨੂੰ ਦੱਸਣ ਤਾਂ ਅਸੀਂ ਰੂਰਲ ਅਲਾਊਂਸ ਦੇ ਦੇਵਾਂਗੇ।

ਡਿਪਟੀ ਸਪੀਕਰ ਸਾਹਿਬ, ਰੈਡ ਕਰਾਸ ਦੇ ਨਾਂ ਤੇ ਜੋ ਜੂਏ ਦਾ ਧੰਦਾ ਹੋਣ ਦੀ ਸ਼ਕਾਇਤ ਹੈ। ਉਸ ਬਾਰੇ ਪੰਜਾਬ ਸਰਕਾਰ ਵਲੋਂ ਇੰਸਟਰਕਸ਼ਨਾਂ ਭੇਜੀਆਂ ਗਈਆਂ ਹਨ। ਮੈਂ ਹਾਊਸ ਦੀ ਗਿਆਤ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਰੈਡ ਕਰਾਸ ਦੇ ਨਾਂ ਤੇ ਜੂਆ ਬਿਲਕੁਲ ਨਹੀਂ ਹੋਣ ਦਿਆਂਗੇ। (ਘੰਟੀ)

Original with;
Punjab Vidhan Sabha
Digitized by;
Panjab Digital Library

ਜੇਕਰ ਕੋਈ ਅਫਸਰ ਇਸ ਤਰ੍ਹਾਂ ਕੁਝ ਕਰਦਾ ਹੈ ਉਸ ਦੇ ਖਿਲਾਫ ਐਕਸ਼ਨ ਲਵਾਂਗੇ। ਰੈਡ ਕਰਾਸ ਦੀ ਇਨਕਮ ਇਸ ਤਰੀਕੇ ਦੇ ਨਾਲ ਵਧਾਉਣਾ ਬਿਲਕੁਲ ਗਲਤ ਹੈ।

ਡਿਪਟੀ ਸਪੀਕਰ ਸਾਹਿਬ, ਜਨਤਾ ਭਲਾਈ ਸਕੀਮਾਂ ਨਾਲ ਜੋ ਲੋਕਾਂ ਨੂੰ ਠਗਦੇ ਹਨ ਤਾਂ ਉਨ੍ਹਾਂ ਕੰਪਨੀਆਂ ਦੇ ਖਿਲਾਫ ਪੰਜਾਬ ਸਰਕਾਰ ਐਕਸ਼ਨ ਲਵੇਗੀ। ਇਸ ਤਰ੍ਹਾਂ ਦੀਆਂ ਕੰਪਨੀਆਂ ਦੇ ਜਦੋਂ ਅਖਬਾਰ ਵਿਚ ਇਸ਼ਤਿਹਾਰ ਆਉਂਦੇ ਹਨ ਤਾਂ ਪੰਜਾਬ ਸਰਕਾਰ ਖਾਸ ਕਰਕੇ ਹੋਮ ਡਿਪਾਰਟਮੈਂਟ ਵਾਲੇ ਕਰਮਚਾਰੀ ਇਸ ਦੀ ਇਨਵੈਸਟੀਗੇਸ਼ਨ ਕਰਨਗੇ। ਕੋਈ ਕੰਪਨੀ ਕਿਸ ਤਰ੍ਹਾਂ ਤਿੰਨ ਮਹੀਨਿਆਂ ਵਿਚ ਦੁਗਣੇ ਪੈਸੇ ਕਰਕੇ ਦੇ ਸਕਦੀ ਹੈ।

ਡਿਪਟੀ ਸਪੀਕਰ ਸਾਹਿਬ, ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਜੀ ਨੇ ਰੀਵਾਲਵਿੰਗ ਫੰਡ ਦਾ ਜ਼ਿਕਰ ਕੀਤਾ ਸੀ ਕਿ ਨੇਚੁਰਲ ਕਲੈਮਿਟੀਜ਼ ਵਾਸਤੇ ਜਿਸ ਤਰ੍ਹਾਂ ਵੀ ਰੀਵਾਲਵਿੰਗ ਫੰਡ ਬਣਾਉਣਾ ਚਾਹੀਦਾ ਹੈ, ਉਸੇ ਤਰ੍ਹਾਂ ਹੀ ਡੀਫੈਂਸ ਪਰਪਜ਼ ਲਈ ਵੀ ਰੀਵਾਲਵਿੰਗ ਫੰਡ ਰਖਿਆ ਜਾਣਾ ਚਾਹੀਦਾ ਹੈ। ਇਹ ਚੀਜ਼ ਪੰਜਾਬ ਸਰਕਾਰ ਨਹੀਂ ਕਰ ਸਕਦੀ ਅਤੇ ਨਾ ਹੀ ਪੰਜਾਬ ਸਰਕਾਰ ਨੂੰ ਇਹ ਚੀਜ਼ ਕਰਨ ਦੀ ਲੋੜ ਹੈ ਕਿਉਂਕਿ ਇਸ ਸਬੰਧੀ ਡਿਫੈਂਸ ਮਨਿਸਟਰੀ ਪੂਰੀ ਤਰ੍ਹਾਂ ਸੱਤਰਕ ਹੈ। ਹਿੰਦੁਸਤਾਨ ਦੀ ਸਰਕਾਰ ਜੇ ਕੋਈ ਵਿਦੇਸ਼ੀ ਮੁਲਕ ਚੈਲੰਜ ਕਰਦਾ ਹੈ ਤਾਂ ਉਸ ਦਾ ਟਾਕਰਾ ਕਰਨ ਲਈ ਤਿਆਰ ਹੈ। ਜੇ ਕਿਸੇ ਮੁਲਕ ਨੇ ਵੀ ਹਿੰਦੁਸਤਾਨ ਵੱਲ ਗਹਿਰੀ ਅੱਖ ਨਾਲ ਤੱਕਿਆ ਤਾਂ ਅਸੀਂ ਉਸ ਮੁਲਕ ਦੇ ਦੰਦ ਖੱਟੇ ਕਰ ਦੇਵਾਂਗੇ। (ਥੰਪਿੰਗ) ਇਸ ਲਈ ਸਾਨੂੰ ਰਿਲੀਫ ਫੰਡ ਰਖਣ ਦੀ ਕੋਈ ਲੋੜ ਨਹੀਂ ਹੈ। ਸਾਡੀ ਸੈਂਟਰਲ ਗੌਰਮਿੰਟ ਹਰ ਤਰ੍ਹਾਂ ਦੇ ਨਾਲ ਮਜ਼ਬੂਤ ਹੈ। ਸੈਂਟਰਲ ਗੌਰਮਿੰਟ ਨੇ ਸਾਨੂੰ ਇਕ ਕਰੋੜ ਅਤੇ ਪੰਦਰਾਂ ਲੱਖ ਰੁਪਏ ਦਿੱਤੇ ਹਨ, ਜਿਸ ਦਾ Supplementary Demands ਵਿਚ ਜ਼ਿਕਰ ਕੀਤਾ ਗਿਆ ਹੈ ਤਾਂਕਿ ਪਾਕਿਸਤਾਨ ਦੇ ਸਰਹੱਦੀ ਹਲਕੇ ਵਿੱਚ ਬਹਿ ਰਹੇ ਰਾਵੀ ਦਰਿਆ ਦਾ ਕਿਨਾਰਾ ਅਸੀਂ ਪੱਕਾ ਕਰ ਸਕੀਏ। ਇਸ ਕੰਮ ਲਈ ਕਰਮਚਾਰੀ ਲੱਗੇ ਹੋਏ ਹਨ ਅਤੇ ਤੇਜ਼ੀ ਨਾਲ ਕੰਮ ਕਰ ਰਹੇ ਹਨ

ਮਾਸਟਰ ਬਾਬੂ ਸਿੰਘ ਜੀ ਨੇ ਬਹੁਤ ਗੱਲਾਂ ਦਾ ਜ਼ਿਕਰ ਕੀਤਾ ਹੈ, ਮੈਂ ਸਾਰੀਆਂ ਗਲਾਂ ਦਾ ਜ਼ਿਕਰ ਤਾਂ ਨਹੀਂ ਕਰਦਾ ਪਰ ਇਕ ਗੱਲ ਦਾ ਜ਼ਿਕਰ ਜ਼ਰੂਰ ਕਰਾਂਗਾ। ਕਾਓ ਟੈਲੋ ਦੀ ਜਿਹੜੀ ਗੱਲ ਕੀਤੀ ਗਈ ਹੈ, ਡਿਪਟੀ ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਪੰਜਾਬ ਨੇ ਗਾਂ ਦੀ ਚਰਬੀ ਦੀ ਇਨਕੁਆਇਰੀ ਵਾਸਤੇ ਬਠਿੰਡੇ ਹੁਕਮ ਕੀਤਾ ਸੀ ਕਿ ਦੋਸ਼ੀਆਂ ਨੂੰ ਪਕੜਿਆ ਜਾਵੇ। ਇਸ ਦੀ ਸ਼ਲਾਘਾ ਮਾਸਟਰ ਬਾਬੂ ਸਿੰਘ ਜੀ ਨੂੰ ਕਰਨੀ ਚਾਹੀਦੀ ਹੈ। ਹਿੰਦੁਸਤਾਨ ਵਿਚ ਸਭ ਤੋਂ ਪਹਿਲਾਂ ਇਸ ਚੀਜ਼ ਦੀ ਇਨਕੁਆਇਰੀ ਹੋਈ ਹੈ। ਸਾਰੇ ਹਿੰਦੁਸਤਾਨ ਨੂੰ ਪੰਜਾਬ ਸਰਕਾਰ ਨੇ ਜਗਾਇਆ ਹੈ। (ਥੰਪਿੰਗ) ਮੈਂ ਯਕੀਨ ਦਵਾਉਂਦਾ ਹਾਂ ਕਿ ਕਾਓ ਟੈਲੋ ਦੇ ਖਿਲਾਫ ਜੋ ਇਨਕੁਆਇਰੀ ਹੋ ਰਹੀ ਹੈ। ਜਿਹੜਾ ਵੀ ਦੋਸ਼ੀ ਪਾਇਆ ਗਿਆ, ਭਾਵੇਂ ਉਹ ਦੋਸ਼ੀ ਕਿਤਨਾ ਵੀ ਅਮੀਰ ਕਿਉਂ ਨਾ ਹੋਵੇ ਜਾਂ ਕਿਤਨਾ ਵੀ ਵੱਡਾ ਸ਼ਖਸ਼ ਕਿਉਂ ਨਾ ਹੋਵੇ, ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। (ਥੰਪਿੰਗ) ਉਸ ਨੂੰ ਪਕੜ ਕੇ ਸਖਤ ਸਜ਼ਾ ਦਿੱਤੀ ਜਾਵੇਗੀ।

ਡਿਪਟੀ ਸਪੀਕਰ ਸਾਹਿਬ, ਇਥੇ ਹਾਊਸ ਵਿਚ ਜਨਰਲ ਕੁਰਪਸ਼ਨ ਦੀ ਗੱਲ ਕੀਤੀ ਗਈ ਹੈ। ਜੇਕਰ ਕਿਸੇ ਪਾਰਟੀਕੁਲਰ ਕੇਸ ਦਾ ਜ਼ਿਕਰ ਕਰੋਗੇ ਤਾਂ ਉਸ ਦੇ ਖਿਲਾਫ ਐਕਸ਼ਨ ਲਵਾਂਗੇ। ਅਸੀਂ, ਡਿਪਟੀ ਸਪੀਕਰ ਸਾਹਿਬ, ਚਾਹੁੰਦੇ ਹਾਂ ਕਿ ਕੁਰੱਪਸ਼ਨ ਖਤਮ ਹੋਵੇ। ਡਿਪਟੀ ਸਪੀਕਰ ਸਾਹਿਬ, ਇਹ ਚੀਜ਼ ਦੋਨੋਂ ਤਰਫ ਹੀ ਹੁੰਦੀ ਹੈ। ਪਬਲਿਕ ਮੈਨ ਹੀ ਕੁਰੱਪਸ਼ਨ ਦੇਣ ਵਾਲੇ ਹੁੰਦੇ ਹਨ ਅਤੇ ਪਬਲਿਕ ਮੈਨ ਹੀ ਛੁਡਾਉਣ ਵਾਲੇ ਹੁੰਦੇ ਹਨ। ਜੇਕਰ ਪਬਲਿਕ ਮੈਨ ਕਿਸੇ ਨੂੰ ਪਕੜਨ ਲਈ ਸਹਿਯੋਗ ਦੇਵੇ ਤਾਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]
ਫਿਰ ਜੋ ਕਸੂਰਵਾਰ ਪਕੜਿਆ ਜਾਵੇ ਤਾਂ ਐਕਸ਼ਨ ਹੋ ਸਕਦਾ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਆਪਣੇ ਸਾਥੀਆਂ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਉਹ ਕੁਰੱਪਸ਼ਨ ਨੂੰ ਦੂਰ ਕਰਨ ਵਿਚ ਸਰਕਾਰ ਦੀ ਮੱਦਦ ਕਰਨ। (ਵਿਘਨ)

**ਮਾਸਟਰ ਬਾਬੂ ਸਿੰਘ**: ਡਿਪਟੀ ਸਪੀਕਰ ਸਾਹਿਬ, ਐਫ. ਐਮ ਸਾਹਿਬ ਸੋਢਲ ਮੰਦਰ ਬਾਰੇ ਵੀ ਦੱਸ ਦੇਣ।

**ਵਿੱਤ ਮੰਤਰੀ**: ਡਿਪਟੀ ਸਪੀਕਰ ਸਾਹਿਬ, ਸੋਢਲ ਮੰਦਰ ਦਾ ਮੁਆਮਲਾ ਅਦਾਲਤ ਵਿਚ ਹੈ ਤੇ ਧਾਰਮਿਕ ਇਸੂ ਤੌਰ ਤੇ ਵੀ ਨਾਜ਼ਕ ਹੈ ਉਸ ਨੂੰ ਇਥੇ ਨਾ ਉਠਾਇਆ ਜਾਣਾ ਹੀ ਅੱਛਾ ਹੈ। ਇਸ ਦੇ ਲਈ ਜੇ ਅਸੀਂ ਸਾਂਝ ਦੀ ਗੱਲ ਕਰਦੇ ਹਾਂ ਤਾਂ ਦੂਸਰੇ ਕਹਿੰਦੇ ਹਨ ਕਿ ਫਲਾਣੇ ਦੀ ਮੱਦਦ ਕੀਤੀ ਹੈ। ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਉਸੇ ਸੋਢਲ ਮੰਦਰ ਵਿਚ 1925 ਵਿਚ ਯਾਨੀ ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਹੀ ਗੁਰੂ ਗ੍ਰੰਥ ਸਾਹਿਬ ਰਖਿਆ ਹੋਇਆ ਸੀ। ਪਰ ਜੇ ਅੱਜ ਦੇ ਹਾਲਾਤ ਵਿੱਚ ਕੋਈ ਇਸ ਤਰ੍ਹਾਂ ਦੀ ਚੀਜ਼ ਪੈਦਾ ਹੁੰਦੀ ਹੈ ਤਾਂ ਤਨਾਓ ਨੂੰ ਵਧਾਉਣਾ ਨਹੀਂ ਚਾਹੀਦਾ। ਸੁਲਾਹ ਸਫਾਈ ਦਾ ਵਾਤਾਵਰਣ ਪੈਦਾ ਕਰਨਾ ਚਾਹੀਦਾ ਹੈ। ਧਾਰਮਿਕ ਜਜ਼ਬਾਤ ਨੂੰ ਭੜਕਾਉਣਾ ਨਹੀਂ ਚਾਹੀਦਾ ਕਿਉਂਕਿ ਹਿੰਦੂ ਸਿੱਖ ਵਿੱਚ ਕੋਈ ਅੰਤਰ ਨਹੀਂ। ਇਸ ਪੰਜਾਬ ਵਿਚ ਦੋਨਾਂ ਦਾ ਰਿਸ਼ਤਾ ਸਕੇ ਭਰਾਵਾਂ ਦਾ ਰਿਸ਼ਤਾ ਹੈ। ਸਿੱਖ ਗੁਰੂਆਂ ਨੇ ਇਸੇ ਯਗੋ ਪਵੀਤ ਅਤੇ ਗਊ ਰਖਿਆ ਲਈ ਸਿੱਖ ਕੌਮ ਦੀ ਸਿਰਜਨਾ ਕੀਤੀ ਸੀ ਅਤੇ ਹਿੰਦੂਆਂ ਨੂੰ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਬਚਾਇਆ ਸੀ। ਹੁਣ ਜੇ ਮੰਦਰ ਦਾ ਮਾਮਲਾ ਅਦਾਲਤ ਵਿਚ ਹੈ ਤਾਂ ਉਸਦੇ ਮੁਤਾਬਿਕ ਹੀ ਅਮਲ ਹੋਵੇਗਾ ਅਤੇ ਅਮਲ ਹੁੰਦਾ ਹੈ। ਸੋ, ਮੈਂ ਬੇਨਤੀ ਕਰਾਂਗਾ ਕਿ ਪੰਜਾਬ ਦੇ ਲੋਕਾਂ ਦੇ ਧਾਰਮਿਕ ਜਜ਼ਬਾਤਾਂ ਨੂੰ ਨਾ ਭੜਕਾਉਂਦਿਆਂ ਹੋਇਆਂ ਸੁਲਾਹ ਸਫਾਈ ਕਰਵਾਉਣੀ ਚਾਹੀਦੀ ਹੈ।

ਪੁਲਿਸ ਦੇ ਬਾਰੇ ਵੀ ਬੜਾ ਕ੍ਰਿਟਿਸਿਜ਼ਮ ਹੋਇਆ ਹੈ ਕਿ ਪੁਲਿਸ ਨੇ ਕਮਜ਼ੋਰੀ ਦਿਖਾਈ ਹੈ ਅਤੇ ਪੁਲਿਸ ਦੇ ਹੁੰਦਿਆਂ ਹੋਇਆਂ ਹੀ ਕਤਲ ਅਤੇ ਡਾਕੇ ਹੋ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਠੀਕ ਹੈ ਕਿ ਜੁਰਮ ਇਕੱਲੇ ਪੰਜਾਬ ਵਿੱਚ ਹੀ ਨਹੀਂ ਹੋ ਰਹੇ, ਸਾਰੇ ਹਿੰਦੁਸਤਾਨ ਵਿਚ ਵੀ ਹੁੰਦੇ ਹਨ ਅਤੇ ਦੁਨੀਆਂ ਵਿਚ ਹੋ ਰਹੇ ਹਨ। ਜੁਰਮ ਅਮਰੀਕਾ ਅਤੇ ਇੰਗਲੈਂਡ ਵਿੱਚ ਵੀ ਹੁੰਦੇ ਹਨ, ਕਤਲ ਚੋਰੀਆਂ, ਡਾਕੇ ਉਥੇ ਵੀ ਹੁੰਦੇ ਹਨ। ਫਿਰ ਵੀ ਜੋ ਸਟੈਟਿਸਟਿਕਸ ਦੱਸਦੇ ਹਨ, ਉਨ੍ਹਾਂ ਮੁਤਾਬਕ ਪੰਜਾਬ ਵਿੱਚ ਜੁਰਮਾਂ ਦੀ ਜ਼ਿਆਦਤੀ ਨਹੀਂ ਹੈ, ਪੰਜਾਬ ਵਿਚ ਕਈ ਸੂਬਿਆਂ ਨਾਲੋਂ ਜੁਰਮਾਂ ਦੀ ਪਰਸੈਂਟੇਜ ਕਾਫੀ ਪਿਛੇ ਹੈ ਅਤੇ ਇਹ ਪੰਜਾਬ ਲਈ ਇਕ ਕਰੈਡਿਟ ਵਾਲੀ ਗੱਲ ਹੈ। ਇਹ ਗੱਲ ਜ਼ਰੂਰ ਹੈ ਕਿ ਪੰਜਾਬ ਵਿੱਚ ਕੁਝ ਹਾਲਾਤ ਐਸੇ ਪੈਦਾ ਕੀਤੇ ਗਏ ਹਨ ਸਾਡੇ ਉਨ੍ਹਾਂ ਦੋਸਤਾਂ ਰਾਹੀਂ, ਜਿਹੜੇ ਹਾਲਾਤ ਧਰਮ ਅਤੇ ਮਜ਼ਹਬ ਦੇ ਨਾਂ ਤੇ ਤਨਾਓ ਪੈਦਾ ਕਰਦੇ ਹਨ। ਪਰ ਹੁਣ ਪੰਜਾਬ ਵਿਚ ਇਹੋ ਜਿਹੀਆਂ ਗੱਲਾਂ ਬੰਦ ਹੋ ਜਾਣੀਆਂ ਚਾਹੀਦੀਆਂ ਹਨ। ਕੋਈ ਨਾ ਕੋਈ ਰਸਤਾ ਐਸਾ ਅਖਤਿਆਰ ਕਰਨਾ ਚਾਹੀਦਾ ਹੈ, ਜਿਸ ਨਾਲ ਪੰਜਾਬ ਵਿਚ ਅਤੇ ਹਿੰਦੁਸਤਾਨ ਵਿਚ ਅਮਨ ਪੈਦਾ ਹੋਵੇ। ਡੇਢ ਸਾਲ ਦੇ ਸਮੇਂ ਬਾਅਦ ਹੁਣ ਕੁਝ ਰੀਐਕਸ਼ਨ ਹੋਇਆ ਹੈ। ਮੈਂ ਅਕਾਲੀ ਦਲ ਦੇ ਪ੍ਰਧਾਨ ਜੀ ਨੂੰ ਕਹਾਂਗਾ ਕਿ ਉਨ੍ਹਾਂ ਨੇ ਵੀ ਜੋ ਰਵੱਈਆ ਬਦਲਿਆ ਹੈ, ਜਿਸ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਐਕਸਟੀਮਿਸਟਸ ਨੇ ਜੋ ਜ਼ਿਆਦਤੀ ਕੀਤੀ ਹੈ, ਉਹ ਕਨਡੈਮਨੇਬਲ ਹੈ ਅਤੇ ਠੀਕ ਨਹੀਂ ਅਤੇ ਅਸੀਂ ਵਖਰਾ ਮੁਲਕ ਨਹੀਂ ਚਾਹੁੰਦੇ, ਖਾਲਿਸਤਾਨ ਨਹੀਂ ਚਾਹੁੰਦੇ, ਇਹ ਸਾਰੀਆਂ ਗੱਲਾਂ ਸਵਾਗਤ ਦੇ ਕਾਬਲ ਹਨ ਅਤੇ ਦੇਸ਼ ਭਗਤੀ ਦੀਆਂ ਹਨ। ਪਰ ਕਾਸ਼ ਇਹ

Original with;
Punjab Vidhan Sabha
Digitized by;
Panjab Digital Library

ਸਾਰੀਆਂ ਗੱਲਾਂ ਉਹ ਪਹਿਲਾਂ ਕਰ ਦਿੰਦੇ ਤਾਂ ਇਹ ਜਿਹੜੇ ਮਾਸੂਮ ਲੋਕਾਂ ਦੇ ਕਤਲ ਹੋਏ ਹਨ, ਡਾਕੇ ਪਏ ਹਨ, ਉਹ ਨਾ ਹੁੰਦੇ। ਜੇ ਉਹ ਪਹਿਲਾਂ ਉਨ੍ਹਾਂ ਲੋਕਾਂ ਨਾਲ ਹਮਦਰਦੀ ਜ਼ਾਹਿਰ ਕਰ ਦਿੰਦੇ ਅਤੇ ਕਹਿ ਦਿੰਦੇ ਕਿ ਉਹ ਹਿੰਦੁਸਤਾਨ ਨੂੰ ਇਕੱਠਾ ਚਾਹੁੰਦੇ ਹਨ ਤਾਂ ਸ਼ਾਇਦ ਇਹ ਹਾਲਾਤ ਪੈਦਾ ਨਾ ਹੁੰਦੇ। ਇਨ੍ਹਾਂ ਹਾਲਾਤ ਵਿਚ ਪ੍ਰਧਾਨ ਮੰਤਰੀ ਜੀ ਨੇ ਕਈ ਵਾਰੀ ਕਿਹਾ ਹੈ ਕਿ ਆਓ, ਪੰਜਾਬ ਦੇ ਮਸਲੇ ਨੂੰ ਹੱਲ ਕਰਨ ਲਈ ਕੋਈ ਗੱਲਬਾਤ ਕਰੀਏ। ਹਰ ਮਸਲਾ ਗੱਲਬਾਤ ਰਾਹੀਂ ਹੀ ਹੱਲ ਹੁੰਦਾ ਹੈ। ਡਿਪਟੀ ਸਪੀਕਰ ਸਾਹਿਬ, ਲਗਾਤਾਰ ਲੜਾਈ ਕਾਇਮ ਨਹੀਂ ਰਹਿ ਸਕਦੀ। ਲੜਾਈ ਦੇ ਬਾਅਦ ਸੁਲਾਹ ਤਾਂ ਹੁੰਦੀ ਹੀ ਹੈ ਅਤੇ ਗਲਬਾਤ ਨਾਲ ਹੀ ਹੁੰਦੀ ਹੈ। ਸਾਡੇ Communist ਦੋਸਤ ਕੱਲ ਨਰਾਜ਼ ਸਨ ਅਤੇ ਟ੍ਰੀਪਾਰਟਾਈਟ ਮੀਟਿੰਗ ਲਈ ਕਹਿੰਦੇ ਸਨ। ਮੈਂ ਇਸ ਸਬੰਧੀ ਇਕੋ ਗੱਲ ਕਹਾਂਗਾ ਕਿ ਸਾਡੇ ਪ੍ਰਧਾਨ ਮੰਤਰੀ ਜੀ ਨੇ ਟ੍ਰੀਪਾਰਟਾਈਟ ਮੀਟਿੰਗ ਸ਼ੁਰੂ ਕੀਤੀ ਸੀ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਹੁਣ ਵੀ ਆ ਕੇ ਗੱਲਬਾਤ ਕਰ ਲਵੋ। ਗੱਲਬਾਤ ਦਾ ਕੀ ਹੈ, ਟ੍ਰੀਪਾਰਟਾਈਟ ਵੀ ਹੋ ਸਕਦੀ ਹੈ, ਬਾਈਲੇਟਰਲ ਵੀ ਹੋ ਸਕਦੀ ਹੈ ਪਰ ਗਲਬਾਤ ਸ਼ੁਰੂ ਤਾਂ ਹੋਵੇ, ਤਾਂ ਹੀ ਕੁਝ ਨਤੀਜਾ ਨਿਕਲੇਗਾ। ਸੋ, ਅਕਾਲੀ ਦੋਸਤ ਖਾਸ ਤੌਰ ਤੇ ਪ੍ਰਧਾਨ ਮੰਤਰੀ ਜੀ ਦੇ ਕਹਿਣ ਤੇ ਮਾਹੌਲ ਨੂੰ ਠੀਕ ਕਰਨ ਵਾਸਤੇ ਯੋਗਦਾਨ ਦੇਣ ਅਤੇ ਨਵੇਂ ਨਵੇਂ ਮਸਲੇ ਖੜ੍ਹੇ ਨਾ ਕਰਨ। ਹੁਣ ਇਨ੍ਹਾਂ ਨੇ ਪਰਸਨਲ ਸਿੱਖ ਲਾਅ ਬਾਰੇ ਨਵੀਂ ਗੱਲ, ਕੀਤੀ ਹੈ ਜਦ ਕਿ ਇਹ ਪਹਿਲਾਂ ਕਹਿੰਦੇ ਸਨ ਕਿ ਅਸੀਂ ਸਿਰਫ ਅਨੰਦਪੁਰ ਰੈਜ਼ੋਲਿਊਸ਼ਨ ਬਾਰੇ ਹੀ ਗੱਲ ਕਰਨੀ ਹੈ। ਮੈਂ ਇਹੀ ਕਹਾਂਗਾ ਕਿ ਗੱਲ ਬਾਤ ਰਾਹੀਂ ਮਸਲਾ ਜਿੰਨਾ ਵੀ ਨੈਰੋ ਡਾਊਨ ਹੋਇਆ ਹੈ, ਉਸ ਨੂੰ ਉਥੇ ਹੀ ਰਹਿਣ ਦਿਤਾ ਜਾਣਾ ਚਾਹੀਦਾ ਹੈ। ਇਹ ਉਸੇ ਗਲ ਤੇ ਖੜ੍ਹੇ ਰਹਿਣ। ਪ੍ਰਧਾਨ ਮੰਤਰੀ ਜੀ ਵੀ ਕਹਿੰਦੇ ਹਨ ਕਿ ਯੇ ਤੋ ਕਹੀਂ ਠਹਿਰਤੇ ਹੀ ਨਹੀਂ। ਇਹ ਗੱਲ ਪੰਜਾਬ ਦੇ ਹਿੱਤ ਵਿਚ ਨਹੀਂ ਹੈ। ਪੰਜਾਬ ਦੇ ਲੋਕਾਂ ਨੇ ਅਕਾਲੀਆਂ ਨੂੰ ਇਨ੍ਹਾਂ ਬੈਂਚਾਂ ਤੇ ਬਿਠਾਇਆ ਸੀ ਕਿ ਉਹ ਏਥੇ ਆ ਕੇ ਮਸਲਿਆਂ ਨੂੰ ਸੁਲਝਾਉਣ ਅਤੇ ਕੰਸਟਰਕਟਿਵ ਸੁਝਾਓ ਅੱਗੇ ਰਖਣ। ਪਰ ਅਫਸੋਸ ਦੀ ਗੱਲ ਹੈ ਕਿ ਉਹ ਸਿਰਫ ਅਕਾਲੀਆਂ ਦੇ ਹੀ ਨੁਮਾਇੰਦੇ ਨਹੀਂ, ਉਹ ਸਾਰੇ ਹਲਕੇ ਦੇ ਨੁਮਾਇੰਦੇ ਹਨ, ਸਾਰੇ ਪੰਜਾਬ ਦੇ ਨੁਮਾਇੰਦੇ ਹਨ ਇਸ ਤਰ੍ਹਾਂ ਹਾਜ਼ਰ ਨਾ ਹੋ ਕੇ ਉਨ੍ਹਾਂ ਨੇ ਪ੍ਰਜਾਤੰਤਰ ਦਾ ਮਜ਼ਾਕ ਉੜਾਇਆ ਹੈ, ਉਸ ਨਾਲ ਖਿਲਵਾੜ ਕੀਤਾ ਹੈ। ਉਨ੍ਹਾਂ ਨੂੰ ਅਸੈਂਬਲੀ ਵਿਚ ਆਕੇ ਕੰਟਰੀਬਿਊਸ਼ਨ ਕਰਨੀ ਚਾਹੀਦੀ ਸੀ। ਇਹ ਗੱਲਾਂ ਉਹ ਇਥੇ ਆ ਕੇ ਵੀ ਕਹਿ ਸਕਦੇ ਸਨ ਅਤੇ ਕਹਿੰਦੇ ਵੀ ਰਹੇ ਹਨ। ਅਸੀਂ ਹੁਣ ਵੀ ਚਾਹੁੰਦੇ ਹਾਂ ਕਿ ਉਹ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਲਈ ਗੱਲਬਾਤ ਕਰਨ ਲਈ ਆਉਣ ਤਾਂਕਿ ਪੰਜਾਬ ਦਾ ਵਾਤਾਵਰਣ ਸੁਖਾਵਾਂ ਹੋਵੇ।

**ਸ੍ਰੀ ਗੁਰਦਿਆਲ ਸੈਣੀ**: ਐਫ. ਐਮ. ਸਾਹਿਬ, ਸਕੂਲ ਬਿਲਡਿੰਗਜ਼ ਬਾਰੇ ਵੀ ਦੱਸ ਦਿਓ।

**ਵਿੱਤ ਮੰਤਰੀ**: ਸਕੂਲ ਦੇ ਗਰਾਊਂਡ ਨਾਲ ਲੋਕਲ ਬਾਡੀਜ਼ ਦਾ ਕਨਸਰਨ ਹੈ। ਮੈਂ ਇਹ ਸਿਫ਼ਾਰਸ਼ ਕਰ ਦੇਵਾਂਗਾ ਕਿ ਉਹ ਇਸ ਮਾਮਲੇ ਤੇ ਵਿਚਾਰ ਕਰਨ।

**ਮਾਸਟਰ ਬਾਬੂ ਸਿੰਘ**: ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸਾਡੀ ਖੁਰਾਕ ਦੇ ਮਸਲੇ ਵਿੱਚ ਸੈਂਟਰ ਵਿੱਚ ਲੀਡ ਹੈ ਅਤੇ ਮੈਡਲ ਵੀ ਮਿਲਦੇ ਹਨ, ਕੀ ਉਸੇ ਤਰ੍ਹਾਂ ਕਤਲ, ਬੈਂਕ ਡਕੈਤੀਆਂ, ਲੁੱਟਮਾਰ ਆਦਿ ਵਿੱਚ ਵੀ ਮੈਡਲ ਤਾਂ ਨਹੀਂ ਲੈਣਾ ?

**ਵਿੱਤ ਮੰਤਰੀ**: ਜੇ ਬਾਬੂ ਸਿੰਘ ਦੀ Party ਦਾ ਇਸ ਤਰ੍ਹਾਂ ਦਾ ਪ੍ਰੋਗਰਾਮ ਹੋਵੇ ਤਾਂ ਕਦੇ ਵੀ ਇਨ੍ਹਾਂ ਦੀ ਸਰਕਾਰ ਨਹੀਂ ਬਣ ਸਕਦੀ।

Original with;
Punjab Vidhan Sabha
Digitized by;
Panjab Digital Library

**Demand No. 4**

**Mr. Deputy Speaker** : Question is —

That a supplementary sum not exceeding Rs. 2,11,65,000 be granted to the Governor to defray the charges that will come in course of payment for the year ending 31s March, 1984, in respect of Elections.

*The motion was carried.*

**Demand No. 5**

**Mr. Deputy Speaker** : Question is—

That a supplementary sum not exceeding Rs. 1,39,81,000 be granted to the Governor to defray the charges that will come in course of payment for the year ending 31st March, 1984, in respect of Revenue.

*The motion was carried.*

**Demand No. 9**

**Mr. Deputy Speaker** : Question is —

That a supplementary sum not exceeding Rs. 5,49,000 be granted to the Governor to defray the charges that will come in course of payment for the year ending 31st March, 1984, in respect of Civil Secretariat.

*The motion was carried.*

**Demand No. 10**

**Mr. Deputy Speaker** : Question is—

That a supplementary sum not exceeding Rs. 7,00,000 be granted to the Governor to defray the charges that will come in course of payment for the year ending 31st March, 1984, in respect of District Administration.

*The motion was carried.*

**Demand No. 11**

**Mr. Deputy Speaker** : Question is—

That a supplementary sum not exceeding Rs. 3,01,24,000 be granted to the Governor to defray the charges that will come in course of payment for the year ending 31st March, 1984, in respect of Police.

*The motion was carried.*

**Demand No. 14**

**Mr. Deputy Speaker** : Question is—

That a supplementary sum not exceeding Rs. 7,51,000 be granted to the Governor to defray the charges that will come in course of payment for the year ending 31st March, 1984, in respect of Miscellaneous Services.

*The motion was carried.*

**Demand No. 16**

**Mr. Deputy Speaker** : Question is—

That a supplementary sum not exceeding Rs. 50,69,000 be granted to the Governor to defray the charges that will come in course of payment for the year ending 31st March, 1984 , in respect of Education.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 20**

**Mr. Deputy Speaker** : Question is—

That a supplementary sum not exceeding Rs. 38,27,000 be granted to the Governor to defray the charges that will come in course of payment for the year ending 31st March, 1984, in respect of Information and Publicity.

*The motion was carried.*

**Demand No. 21**

**Mr. Deputy Speaker** : Question is—

That a supplementary sum not exceeding Rs. 4,24,000 be granted to the Governor to defray the charges that will come in course of payment for the year ending 31st March, 1984, in respect of Tourisum and Cultural Affairs.

*The motion was carried.*

**Demand No. 23**

**Mr. Deputy Speaker** : Question is—

That a supplementary sum not exceeding Rs. 30,25,000 be granted to the Governor to defray the chrges that will come in course of payment for the year ending 31st March, 1984, in respect of Social Security and Welfare.

*The motion was carried.*

**Demand No. 25**

**Mr. Deputy Speaker** : The Questions is—

That a supplementary sum not exceeding Rs. 20,50,000 be granted to the Governor to defray the charges that will come in course of payment for the year ending 31st March, 1984 in respect of Co-operation,

*The motion was carried.*

**Demand No. 26**

**Mr. Deputy Speaker** : Question is—

That a supplementary sum not exceeding Rs. 11,25,000 be granted to the Governor, to defray the charges that will come in course of payment for the year ending 31st March. 1984 in respect of Agriculture.

*The motion was carried.*

**Demand No. 32**

**Mr. Deputy Speaker** : Question is—

That a supplementary sum not exceeding Rs. 16,00,000 be ganted to the Governor, to defray the charges that will come in course of payment for the year ending 31st March, 1984 in respect of Forest.

*The motion was carried.*

**Demand No. 33**

**Mr. Deputy Speaker** : Question is—

That a supplementary sum not exceeding Rs. 6,04,35,000 be granted to the Governor to defray the charges that will come in course of payment for the year ending 31st March, 1984, in respect of Community Development.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 34**

**Mr. Deputy Speaker** : Question is—

That a supplementary sum not exceeding Rs. 2,00,000 be granted to the Governor to defray the charges that will come in course of payment for the year ending 31st March, 1984, in respect of Industries.

*The motion was carried.*

**Demand No. 36**

**Mr. Deputy Speaker** : Question is—

That a Supplementary sum not exceeding Rs. 6,53,94,000 be granted to the Governor to defray the charges that will come in course of payment for the year ending 31st March, 1984, in respect of Road and Bridges.

*The motion was carried.*

**Demand No. 39**

**Mr. Deputy Speaker** : Question is—

That a supplementary sum not exceeding Rs. 1,15,00,000 be granted to the Governor to defray the charges that will come in course of payment for the year ending 31st March, 1984 in respect of Irrigation Drainage and Flood Control.

*The motion was carried.*

**Demand No. 40**

**Mr. Deputy Speaker**: Question is—

That a Supplementary sum not exceeding Rs. 3,13,13,000 be granted to the Governor to defray the charges that will come in course of payment for the year ending 31st March, 1984, in respect of Buildings.

*The motion was carried.*

**Demand No. 41**

**Mr. Deputy Speaker** : Question is—

That a Supplementary sum not exceeding Rs. 11,33,83,000 be granted to the Governor to defray the charges that will come in course of payment for the year ending 31st March, 1984 in respect of loans and advances by the State Government.

*The motion was carried.*

**Mr. Deputy Speaker** : The House stands adjourned till 2.30 P. M. today.

---

*1.40 P.M. | (*The Sabha then *adjourned till* 3.00 *P.M. to-day, the 7th September*, 1983).

12380/PVS 325 Copies— Govt. Press, U.T., Chd.

Original with;
Punjab Vidhan Sabha
Digitized by;
Panjab Digital Library

3

ıor
ch,

ıor
ch,

ıor
ch,

rnor
ch,

ıor
ch,

M.

ıe

Original with;
Punjab Vidhan Sabha
Digitized by;
Panjab Digital Library

© 1983

Published under the authority of the Punjab Vidhan Sabha and printed by the Controller, Printing and Stationery Department, U.T., Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*7th September, 1983*

**(*Afternoon Sitting*)**

Vol. VII—No. 4

## OFFICIAL REPORT

CONTENTS

**Wednesday, the 7th September, 1983**

(*Afternoon Sitting*)


| | | Page |
|---|---|---|
| Starred Questions and Answers | .. | (4)1 |
| Unstarred Questions and Answers | .. | (4)27 |
| Call Attention Notices under Rule 66 | .. | (4)48 |
| Paper Re-laid on the Table | .. | (4)52 |
| **Legislative Business:** | | |
| The Punjab Appropriation (No. 3) Bill, 1983 | .. | (4)52 |
| Second Report of the Buisness Advisory Committee | .. | (4)84 |
| The Punjab Appropriation (No. 3) Bill, 1983 (*Resumption of Consideration*) | .. | (4)89 |
| Appendix | .. | (i) |



**Punjab Vidhan Sabha Secretariat, Chandigarh**

**Price:** Rs.


53-50


Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Wednesday, the 7th September, 1983**

(*Afternoon Sitting*)

*The Vidhan Sabha met in the Punjab Vidhan Sabha Hall, Vidhan Bhavan, Chandigarh, at 2-30 P.M. of the Clock. Mr. Speaker (Shri Brij Bhushan Mehra) in the Chair.*

---

## STARRED QUESTIONS AND ANSWERS

### Development of Harijan Bastis in the State

***2101. Sardar Birdevinder Singh**: Will the Minister for Development be pleased to state—

(a) whether the Social Welfare Department transferred during the year 1982-83 and 1983-84 (upto date) any amount to the Development and Panchayats Department for the purpose of Development of Harijan Bastis in the State; if so, the total amount alongwith the date on which it was transferred, yearwise;

(b) the number of Bastis taken up for the Development under the scheme referred to in part (a) above, alongwith the amount spent thereon during the said period, yearwise ?

**ਸਰਦਾਰ ਸੰਤੋਖ ਸਿੰਘ ਰੰਧਾਵਾ** : (ੳ) ਸਮਾਜ ਭਲਾਈ ਵਿਭਾਗ ਵਲੋਂ ਸਾਲ 1982-83 ਅਤੇ 1983-84 ਦੇ ਦੌਰਾਨ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਕੋਈ ਰਕਮ ਤਬਦੀਲ ਨਹੀਂ ਕੀਤੀ ਗਈ ।

(ਅ) ਉਪਰੋਕਤ 'ੳ' ਨੂੰ ਮੁੱਖ ਰੱਖਦੇ ਹੋਏ, ਸਵਾਲ ਹੀ ਪੈਦਾ ਨਹੀਂ ਹੁੰਦਾ ।

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੋਈ ਸਰਕਾਰੀ ਪੱਧਰ ਤੇ ਫੈਸਲਾ ਹੋਇਆ ਸੀ ਕਿ ਬਸਤੀ ਸੁਧਾਰ ਸਕੀਮ ਤਬਦੀਲ ਕਰਕੇ ਡਿਵੈਲਪਮੈਂਟ ਡਿਪਾਰਟਮੈਂਟ ਨੂੰ ਦਿਤੀ ਜਾਵੇਗੀ ਅਤੇ ਉਸ ਲਈ ਡੇਢ ਕਰੋੜ ਰੁਪਿਆ ਰਾਖਵਾਂ ਸੀ। ਪਿਛਲੇ ਇਕ ਸਾਲ ਵਿਚ ਕੋਈ ਵੀ ਗਰੀਬ ਹਰੀਜਨ ਬਸਤੀ, ਬਸਤੀ ਸੁਧਾਰ ਸਕੀਮ ਹੇਠ ਨਹੀਂ ਲਈ ਗਈ । ਇਹ ਜਿਹੜੀ ਸਕੀਮ ਸੀ ਇਹ ਡਿਵੈਲਪਮੈਂਟ ਮਨਿਸਟਰ ਸਾਹਿਬ ਨੇ ਹੈਂਡਲ ਕਰਨੀ ਸੀ। ਇਸ ਸਾਲ ਵਿਚ ਬਸਤੀ ਸੁਧਾਰ ਸਕੀਮ ਹੇਠ ਜੋ ਨਵੀਆਂ ਬਸਤੀਆਂ ਲੈਣੀਆਂ ਸਨ, ਉਸ ਸਬੰਧ ਵਿਚ ਕੋਈ ਨੋਟ ਇਨ੍ਹਾਂ ਨੂੰ ਵੈਲਫੇਅਰ ਮਨਿਸਟਰ ਸਾਹਿਬ ਨੇ ਭੇਜਿਆ ਅਤੇ ਜਿਸ ਵਿਚ ਲਿਖਿਆ ਹੋਇਆ ਸੀ ਕਿ ਅਗਲੇ ਸਾਲ ਤੋਂ ਇਹ ਸਕੀਮ ਡਿਵੈਲਪਮੈਂਟ ਡਿਪਾਰਟਮੈਂਟ ਦੇ ਮਤਹਿਤ ਹੋਵੇਗੀ। ਜੇ ਇਹ ਭੇਜਿਆ ਗਿਆ ਤਾਂ ਬਿਨਾਂ ਪੈਸੇ ਦੇ ਇਸ ਕਿਸਮ ਦਾ ਨੋਟ ਡਿਵੈਲਪਮੈਂਟ ਮਨਿਸਟਰ ਸਾਹਿਬ ਨੂੰ ਕਿਉਂ ਭੇਜਿਆ ਗਿਆ ? ਡਿਵੈਲਪਮੈਂਟ ਮਨਿਸਟਰ ਸਾਹਿਬ ਨੂੰ ਮੈਂ ਵੀ ਮਿਲਿਆ ਸੀ ਅਤੇ ਇਨ੍ਹਾਂ ਨੇ ਕਿਹਾ ਕਿ ਇਹ ਵਿਚਾਰ-ਵਟਾਂਦਰਾ ਅਜੇ ਤਕ ਸੈਟਲ ਨਹੀਂ ਹੋ ਸਕਿਆ । ਕੀ ਇਸ ਮਸਲੇ ਬਾਰੇ ਸੀ.ਐਮ. ਸਾਹਿਬ ਕੁੱਝ ਦੱਸ ਸਕਦੇ ਹਨ ਕਿ ਇਹ ਇਕ ਸਾਲ ਲਈ ਕਿਉਂ ਪੈਂਡਿੰਗ ਰੱਖਿਆ ਗਿਆ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਫੈਸਲਾ ਜ਼ਰੂਰ ਹੋਇਆ ਸੀ ਕਿ ਇਹ ਡਿਵੈਲਪਮੈਂਟ ਵਾਲੇ ਪਾਸੇ ਜਾਵੇ ਅਤੇ ਇਹ ਫੈਸਲਾ ਕੈਬਨਿਟ ਦੀ ਮੀਟਿੰਗ ਵਿਚ ਹੋਇਆ । ਮੈਂ ਇਸ ਦੀ ਡੇਟ ਨਹੀਂ ਦੱਸ ਸਕਦਾ ਕਿ ਇਹ ਕਦੋਂ ਹੋਇਆ ਪਰ ਹੁਣ ਇਹ ਫੈਸਲਾ ਕਰ ਦਿਤਾ ਹੈ ਕਿ ਬਸਤੀ ਸੁਧਾਰ ਦਾ ਕੰਮ ਸਾਡਾ ਵੈਲਫੇਅਰ ਮਨਿਸਟਰ ਹੀ ਕਰੇਗਾ ।

**ਸਰਦਾਰ ਬੀਰਦਵਿੰਦਰ ਸਿੰਘ** : ਸੀ.ਐਮ. ਸਾਹਿਬ ਤਾਂ ਇਸ ਤਰ੍ਹਾਂ ਕਹਿ ਰਹੇ ਹਨ ਪਰ ਰੰਧਾਵਾ ਜੀ ਨੇ ਕਿਹਾ ਹੈ ਕਿ ਸਵਾਲ ਪੈਦਾ ਨਹੀਂ ਹੁੰਦਾ । ਕੀ ਉਨ੍ਹਾਂ ਨੂੰ ਇਸ ਦੀ ਜਾਣਕਾਰੀ ਨਹੀਂ ਸੀ ?

ਮੁੱਖ ਮੰਤਰੀ : ਮੇਰਾ ਖਿਆਲ ਹੈ ਕਿ ਇਹ ਪਹਿਲਾਂ ਦਾ ਫੈਸਲਾ ਹੋਇਆ ਹੋਣਾ ਹੈ।

**Sardar Birdevinder Singh**: Was he not present in the Cabinet meeting when this vital issue of his department was taken up ?

ਵਿਕਾਸ ਮੰਤਰੀ : ਪਹਿਲਾਂ ਦੱਸਿਆ ਗਿਆ ਹੈ ਕਿ ਫੰਡ ਤਬਦੀਲ ਨਹੀਂ ਹੋਏ, ਜੇ ਫੰਡਜ਼ ਤਬਦੀਲ ਨਹੀਂ ਹੋਏ ਤਾਂ ਪਿੰਡ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਸੀ.ਐਮ. ਸਾਹਿਬ ਨੇ ਫੈਸਲਾ ਦੱਸ ਦਿਤਾ ਹੈ। ਜਿਹੜੇ ਪਿੰਡ ਲੈਣੇ ਸੀ ਉਸ ਵਾਸਤੇ ਇਸ ਸਾਲ 15 ਕਰੋੜ 32 ਲੱਖ ਰੁਪਿਆ ਰਖਿਆ ਹੈ। ਉਸ ਦੇ ਵਾਸਤੇ ਇੰਸਟਰੱਕਸ਼ਨਜ਼ ਗਈਆਂ ਹਨ ਕਿ ਪਹਿਲਾਂ ਹਰੀਜਨਾਂ ਦੀਆਂ ਗਲੀਆਂ ਨਾਲੀਆਂ ਸ਼ੁਰੂ ਕੀਤੀਆਂ ਜਾਣ ਅਤੇ ਜਿਹੜੀਆਂ ਸ਼ੁਰੂ ਕੀਤੀਆਂ ਹਨ ਉਹ ਮੁਕੰਮਲ ਕਰਕੇ ਫਿਰ ਅਗੇ ਚੱਲਣਾ ਹੈ (ਥੰਪਿੰਗ) ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਮੈਂ ਵੈਲਫੇਅਰ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ਕੰਮ ਬਸਤੀ ਸੁਧਾਰ ਸਕੀਮ ਦਾ ਸ਼ੁਰੂ ਹੋਇਆ ਹੈ ਮੇਰੇ ਹਲਕੇ ਵਿਚ ਸਾਰੇ ਸਾਲ ਵਿਚ ਇਕ ਪਿੰਡ ਨੂੰ ਪੈਸਾ ਮਿਲਿਆ ਸੀ, ਪਰ ਉਥੇ ਵੀ ਕੰਮ ਅਧੂਰਾ ਪਿਆ ਹੈ । ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਅਧੂਰਾ ਕੰਮ ਹੈ, ਕੀ ਉਸ ਨੂੰ ਪਹਿਲ ਦੇਣਗੇ ?

ਮੰਤਰੀ : ਮੇਰੇ ਨਾਲ ਇਸ ਸਵਾਲ ਦਾ ਕੋਈ ਤੁਅੱਲਕ ਨਹੀਂ ਹੈ ।

---

## Amount of Chakota of Panchayat Land

*2120. **Sardar Shamsher Singh** : Will the Minister for Development be pleased to state—

(a) the names of persons against whom the amount of Chakota of Panchayat Land belonging to villages Balpur and Dhataunda, Block Sirhind, District Patiala, is outstanding stating the amount and the period since when the same is outstanding;

(b) whether the Government has taken any action for the recovery of the said amount; if so, the details thereof ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸੰਤੋਖ ਸਿੰਘ ਰੰਧਾਵਾ** : (ੳ) ਪਿੰਡ-ਵਾਰ ਲੋੜੀਂਦੀ ਸੂਚਨਾ ਹੇਠ ਲਿਖੇ ਅਨੁਸਾਰ ਦਿੱਤੀ ਜਾਂਦੀ ਹੈ :—

| ਲੜੀ ਨੰ: | ਪਿੰਡ ਦਾ ਨਾਂ | ਵਿਅਕਤੀਆਂ ਦੇ ਨਾਂ ਜਿਨ੍ਹਾਂ ਦੇ ਜ਼ਿੰਮੇ ਚਕੋਤੇ ਦੀ ਰਕਮ ਬਕਾਇਆ ਹੈ | ਜਿਸ ਸਮੇਂ ਤੋਂ ਡਿਊ ਹੈ | ਰਕਮ |
|---|---|---|---|---|
| | | | | ਰੁਪਏ ਪੈਸੇ |
| 1. | ਬਾਲਪੁਰ | ਕੋਈ ਨਹੀਂ | ਕੋਈ ਨਹੀਂ | ਕੋਈ ਨਹੀਂ |
| 2. | ਧਤਾਉਦਾ | (i) ਸ੍ਰੀ ਸੋਧੀ, ਪੁੱਤਰ ਨੱਥਾ | 1969-70 | 475-00 |
| | | | 1970-71 | 405-00 |
| | | | 1972-73 | 500-00 |
| | | (ii) ਸ੍ਰੀ ਰਾਮ ਸਿੰਘ, ਪੁੱਤਰ ਬਚਨ ਸਿੰਘ | 1972-73 | 1200-00 |
| | | (iii) ਸ੍ਰੀ ਬੀਰੂ, ਪੁੱਤਰ ਮਹਿਮਾ | 1973-74 | 322-50 |
| | | (iv) ਸ੍ਰੀ ਬਖਤੌਰ, ਪੁੱਤਰ ਸੈਦਾ ਸਿੰਘ | 1973-74 | 450-00 |
| | | | ਕੁਲ ਜੋੜ | 3,352-50 |

(ਅ) ਬਕਾਇਆ ਰਕਮ ਦੀ ਵਸੂਲੀ ਲਈ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਇਹ ਵਸੂਲੀ ਛੇਤੀ ਹੀ ਕਰ ਲਏ ਜਾਣ ਦੀ ਆਸ ਹੈ।

**ਸਰਦਾਰ ਸ਼ਮਸ਼ੇਰ ਸਿੰਘ** : ਮਨਿਸਟਰ ਸਾਹਿਬ ਨੇ 1973-74 ਦੀ ਇਨਫਰਮੇਸ਼ਨ ਦਿੱਤੀ ਹੈ, ਪਰ ਮੈਂ ਅੱਪ-ਟੂ-ਡੇਟ 1982-83 ਤੱਕ ਦੀ ਇਨਫਰਮੇਸ਼ਨ ਮੰਗੀ ਸੀ ਕਿ ਕਿੰਨੀ ਅਮਾਊਂਟ ਕਿੰਨੇ ਬੰਦਿਆਂ ਵੱਲ ਪੰਚਾਇਤ ਦੀ ਲੈਂਡ ਤੇ ਚਕੌਤੇ ਦੀ ਅਤੇ ਨਜਾਇਜ਼ ਕਬਜ਼ੇ ਕਾਰਨ ਬਣਦੀ ਹੈ ਅਤੇ ਉਸ ਨੂੰ ਰਿਕਵਰ ਕਰਨ ਵਾਸਤੇ ਇਹ ਕੀ ਸਟੈਪਸ ਲੈ ਰਹੇ ਹਨ । ਇਨ੍ਹਾਂ ਨੇ ਸਾਲ 1973-74 ਤੱਕ ਦੀ ਇਨਫਰਮੇਸ਼ਨ ਦਿੱਤੀ ਹੈ। ਬਾਕੀ ਦੇ 8 ਸਾਲਾਂ ਦੀ ਇਨਫਰਮੇਸ਼ਨ ਵੀ ਇਨ੍ਹਾਂ ਨੂੰ ਦੇਣੀ ਚਾਹੀਦੀ ਸੀ। ਇਸ ਲਈ ਕੀ ਵਜ਼ੀਰ ਸਾਹਿਬ ਦਸਣਗੇ ਕਿ ਅੱਪ-ਟੂ-ਡੇਟ ਕਿੰਨੀ ਜ਼ਮੀਨ ਕਿਨ੍ਹਾਂ ਦੇ ਨਜਾਇਜ਼ ਕਬਜ਼ੇ ਹੇਠ ਹੈ ਅਤੇ ਕਿੰਨੀ ਅਮਾਊਂਟ ਉਨ੍ਹਾਂ ਵਲ ਬਕਾਇਆ ਹੈ ਅਤੇ ਉਸ ਨੂੰ ਰਿਕਵਰ ਕਰਨ ਲਈ ਕੀ ਉਪਰਾਲੇ ਕੀਤੇ ਹਨ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਇਹ 2 ਪਿੰਡਾਂ ਦੇ ਬਾਰੇ ਪੁੱਛਿਆ ਗਿਆ ਸੀ ਅਤੇ ਉਸ ਦਾ ਮੈਂ ਜਵਾਬ ਦੇ ਦਿੱਤਾ ਹੈ। ਪਿੰਡ ਬਾਲਪੁਰ ਜਿਹੜਾ ਹੈ ਉਸ ਦੀ ਕੁੱਲ ਸ਼ਾਮਲਾਤ ਜ਼ਮੀਨ 444 ਏਕੜ ਹੈ, ਜਿਸ ਦੇ ਵਿਚੋਂ 332 ਏਕੜ, 7 ਕਨਾਲ ਅਤੇ 12 ਮਰਲੇ ਵਾਹੀ ਯੋਗ ਹੈ ਅਤੇ 111 ਏਕੜ, 5 ਕਨਾਲ ਅਤੇ 1 ਮਰਲਾ ਗੈਰ-ਵਾਹੀਯੋਗ ਹੈ । ਗੈਰ-ਵਾਹੀ ਯੋਗ ਜ਼ਮੀਨ ਵਿਚੋਂ 1981-82 ਵਿਚ 291 ਏਕੜ ਜ਼ਮੀਨ 25,225 ਰੁਪਏ ਵਿਚ ਬੋਲੀ ਤੇ ਦਿੱਤੀ ਗਈ । ਸਾਲ 1982-83 ਵਿਚ ਵੀ 291 ਏਕੜ ਜ਼ਮੀਨ 25,903 ਰੁਪਏ ਵਿਚ ਦਿੱਤੀ ਗਈ। ਸਾਲ 1983-84 ਵਿਚ ਇਹ 291 ਏਕੜ ਰਕਬਾ 34,936 ਰੁਪਏ ਵਿਚ ਬੋਲੀ ਤੇ ਦਿੱਤਾ ਗਿਆ ਹੈ । ਇਹ ਸਾਰਾ ਰੁਪਿਆ ਨਾਲੋਂ ਨਾਲ ਵਸੂਲ ਕੀਤਾ ਜਾ ਚੁੱਕਾ ਹੈ। ਬਾਕੀ ਸ਼ਾਮਲਾਤ ਜ਼ਮੀਨ ਜਿਹੜੀ ਨਜਾਇਜ਼ ਕਬਜ਼ੇ ਹੇਠ ਹੈ ਉਸ ਸਬੰਧੀ ਅਦਾਲਤ ਵਿਚ ਕੇਸ ਚੱਲ ਰਿਹਾ ਹੈ। ਪਿੰਡ ਧਤਾਉਂਦਾ ਵਿਚ 84 ਏਕੜ ਸ਼ਾਮਲਾਤ ਜ਼ਮੀਨ ਹੈ, ਜਿਸ ਵਿਚੋਂ 18 ਏਕੜ ਰਕਬਾ ਵਾਹੀਯੋਗ ਹੈ । ਇਸ ਵਾਹੀ ਯੋਗ ਰਕਬੇ ਵਿਚੋਂ 17 ਏਕੜ ਰਕਬਾ ਹਰ ਸਾਲ ਚਕੌਤੇ ਤੇ ਦਿਤਾ ਜਾਂਦਾ ਰਿਹਾ ਹੈ । ਸਾਲ 1981-82 ਵਿਚ ਇਹ 8 ਹਜ਼ਾਰ ਰੁਪਏ ਚਕੌਤੇ ਤੇ ਦਿੱਤੀ ਗਈ, ਸਾਲ 1982-83 ਵਿਚ ਇਹ 12,050 ਰੁਪਏ ਚਕੌਤੇ ਤੇ ਦਿਤੀ ਗਈ ਅਤੇ ਸਾਲ 1983-84 ਵਿਚ ਇਹ 15,700 ਰੁਪਏ ਚਕੌਤੇ ਤੇ ਦਿੱਤੀ ਗਈ ਹੈ । ਬਾਕੀ ਜਿਹੜੀ ਵਾਹੀਯੋਗ ਨਜਾਇਜ਼ ਕਬਜ਼ੇ ਹੇਠ ਹੈ, ਉਸ ਬਾਰੇ ਕੇਸ ਕੁਲੈਕਟਰ, ਪਟਿਆਲਾ ਦੀ ਅਦਾਲਤ ਵਿਚ ਚਲ ਰਿਹਾ ਹੈ । ਬਾਕੀ ਮੈਂ ਵੇਰਵਾ ਸਾਰਾ ਪਹਿਲਾਂ ਹੀ ਜਵਾਬ ਵਿਚ ਦੱਸ ਦਿੱਤਾ ਹੈ। ਪਿਛੇ 1982 ਵਿਚ ਜਦੋਂ ਅਸੀਂ ਪੜਤਾਲ ਕਰਵਾਈ, ਆਡਿਟ ਵੀ ਹੋਇਆ ਤਾਂ ਉਦੋਂ ਸਾਡੇ ਨੋਟਿਸ ਵਿਚ ਆਇਆ ਕਿ ਇਹ ਰਕਮ ਇਨ੍ਹਾਂ ਇਨ੍ਹਾਂ ਵਿਅਕਤੀਆਂ ਵੱਲ ਬਕਾਇਆ ਰਹਿੰਦੀ ਹੈ । ਹੁਣ ਅਸੀਂ ਇਹ ਵੀ ਸੋਚ ਰਹੇ ਹਾਂ ਕਿ ਜਿਹੜੇ ਆਦਮੀ ਇਸ ਵਿਚ ਕੁਤਾਹੀ ਕਰਦੇ ਹਨ ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇ ਕਿ ਕਿਉਂ ਰਕਮ ਪਈ ਰਹੀ । ਚਾਹੇ ਉਹ ਪੰਚਾਇਤ ਸੈਕਟਰੀ ਹੈ, ਸਰਪੰਚ ਹੈ, ਐਸ.ਈ.ਪੀ.ਓ. ਹੈ ਜਾਂ ਬੀ.ਡੀ.ਪੀ.ਓ. ਹੈ, ਉਨ੍ਹਾਂ ਦੇ ਖਿਲਾਫ ਵੀ ਕਾਰਵਾਈ ਕਰਨ ਲਈ ਲਿਖ ਦਿੱਤਾ ਹੈ ।

**ਸਰਦਾਰ ਸ਼ਮਸ਼ੇਰ ਸਿੰਘ** : ਮੈਂ ਪੁੱਛਿਆ ਸੀ ਕਿ ਮੈਂ ਅੱਪ-ਟੂ-ਡੇਟ ਇਨਫਰਮੇਸ਼ਨ ਮੰਗੀ ਸੀ, ਪਰ ਇਨ੍ਹਾਂ ਨੇ 1973-74 ਤੱਕ ਦੀ ਇਨਫਰਮੇਸ਼ਨ ਦਿੱਤੀ ਹੈ, ਬਾਕੀ ਬਾਰੇ ਕਿਉਂ ਨਹੀਂ ਦੱਸਿਆ ਗਿਆ? ਸੈਕੰਡ ਕੁਐਸ਼ਚਨ ਮੇਰਾ ਇਹ ਹੈ ਕਿ ਇਸ ਨੂੰ ਰਿਕਵਰ ਕਰਨ ਲਈ ਇਨ੍ਹਾਂ ਨੇ ਕੋਈ ਉਪਰਾਲੇ ਕੀਤੇ ਹਨ ਜਾਂ ਨਹੀਂ ?

**ਮੰਤਰੀ** : ਮੈਂ ਦੱਸਿਆ ਹੈ ਕਿ ਅਸੀਂ ਉਪਰਾਲੇ ਕਰ ਰਹੇ ਹਾਂ । ਜਿਨ੍ਹਾਂ ਨੇ ਵੀ ਕੋਈ ਗਲਤੀ ਕੀਤੀ ਹੈ ਉਨ੍ਹਾਂ ਦੇ ਖਿਲਾਫ ਇਨਕੁਆਰੀ ਕਰਕੇ ਉਨ੍ਹਾਂ ਦੇ ਖਿਲਾਫ ਐਕਸ਼ਨ ਜ਼ਰੂਰ ਲਿਆ ਜਾਵੇਗਾ।

**ਕਾਮਰੇਡ ਅਮਰ ਸਿੰਘ** : ਮੇਰੇ ਹਲਕੇ ਲਹਿਰਾ ਵਿਚ ਇਕ ਢੀਂਡਸਾ ਪਿੰਡ ਹੈ । ਉਥੇ ਪੰਚਾਇਤ ਦੀ 13½ ਏਕੜ ਸ਼ਾਮਲਾਤ ਜ਼ਮੀਨ ਹੈ । ਉਹ ਜ਼ਮੀਨ ਇਕ ਸਾਬਕਾ ਡਿਪਟੀ ਡਾਇਰੈਕਟਰ ਨੇ ਇਕ ਜ਼ਿਮੀਦਾਰ ਤੋਂ ਪੈਸੇ ਲੈ ਕੇ ਉਸ ਨੂੰ ਦੇ ਦਿੱਤੀ। ਕੀ ਇਸ ਦੀ ਇਹ ਪੜਤਾਲ ਕਰਨਗੇ ?

**ਮੰਤਰੀ** : ਸ਼ਪੀਕਰ ਸਾਹਿਬ, ਇਹ ਤਾਂ ਇਸ ਵਿਚੋਂ ਸਵਾਲ ਪੈਦਾ ਨਹੀ ਹੁੰਦਾ ਲੇਕਿਨ ਇਹ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਜਿਥੋਂ ਵੀ ਸਾਨੂੰ ਪਤਾ ਲਗਦਾ ਹੈ ਕਿ ਐਸੀ ਗੱਲ ਹੈ ਤਾਂ ਅਸੀਂ ਉਨ੍ਹਾਂ ਦੇ ਖਿਲਾਫ ਕਾਰਵਾਈ ਕਰ ਵੀ ਰਹੇ ਹਾਂ। ਅੱਗੇ ਵੀ ਕਾਮਰੇਡ ਨੂੰ ਪਤਾ ਹੈ ਕਿ ਪਿਛਲੇ ਦਿਨਾਂ ਵਿਚ ਇਨ੍ਹਾਂ ਨੇ ਮੇਰੇ ਨੋਟਿਸ ਵਿਚ ਕੇਸ ਲਿਆਂਦੇ ਸੀ ਅਤੇ ਅਸੀਂ ਸੈਂਕੜੇ ਏਕੜ ਜ਼ਮੀਨ ਨਜਾਇਜ਼ ਕਬਜ਼ੇ ਵਿਚੋਂ ਛੁਡਵਾ ਕੇ ਦੁਬਾਰਾ ਪੰਚਾਇਤ ਨੂੰ ਦਿਵਾਈ ਸੀ। ਹੁਣ ਵੀ ਜਦ ਇਹ ਸਾਡੇ ਨੋਟਿਸ ਵਿਚ ਲਿਆਉਣਗੇ ਤਾਂ ਉਨ੍ਹਾਂ ਬਾਰੇ ਵੀ ਕਾਰਵਾਈ ਕਰਾਂਗੇ ।

Original with;
Punjab Vidhan Sabha
Digitized by;
Panjab Digital Library

## Thresher Accidents

***2210 Comrade Darshan Singh Jhabal:** Will the Minister for Agriculture be pleased to state the number of accidents that occured while operating thresher during the Rabi Crop of 1982-83 ?

**ਚੌਧਰੀ ਕਾਂਸ਼ੀ ਰਾਮ :** ਦੁਰਘਟਨਾਵਾਂ ਦੀ ਗਿਣਤੀ: 220

**ਕਾਮਰੇਡ ਦਰਸ਼ਨ ਸਿੰਘ ਝਬਾਲ :** ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਇਨ੍ਹਾਂ ਨੇ ਹਾਦਸਿਆਂ ਦਾ ਵੇਰਵਾ ਦਿੱਤਾ ਹੈ ਅਤੇ ਦੱਸਿਆ ਹੈ ਕਿ ਹਾਦਸਿਆਂ ਦੀ ਗਿਣਤੀ 220 ਹੈ। ਇਹ ਜਿਹੜੇ ਹਾਦਸੇ ਹੁੰਦੇ ਹਨ ਇਹ ਬਹੁਤੇ ਜ਼ਿਆਦਾ ਹੁੰਦੇ ਹਨ ਪਰ ਇਨ੍ਹਾਂ ਨੇ ਇਨ੍ਹਾਂ ਦੀ ਗਿਣਤੀ 220 ਦੱਸੀ ਹੈ। ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਹਾਦਸਿਆਂ ਦੀ ਰੋਕਥਾਮ ਲਈ ਕੋਈ ਤਜਵੀਜ਼ ਤੇ ਗੌਰ ਕਰ ਰਹੇ ਹਨ ਜਿਸ ਦੇ ਨਾਲ ਹਾਦਸੇ ਨਾ ਹੋਣ ?

**ਮੰਤਰੀ :** ਸਪੀਕਰ ਸਾਹਿਬ, ਪਹਿਲਾਂ ਇਹ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਸੀ ਕਿ ਕੁਆਲਿਟੀ ਕੰਟਰੋਲ ਲਿਆਂਦੀ ਜਾਵੇ ਪਰ ਹੁਣ ਭਾਰਤ ਸਰਕਾਰ ਨੇ 10 ਮਈ, 1983 ਨੂੰ ਪਾਰਲੀਮੈਂਟ ਵਿੱਚ ਇਕ ਬਿਲ ਇੰਟਰੋਡਿਊਸ ਕੀਤਾ ਹੈ ਅਤੇ ਇਹ ਬਿਲ ਬੜਾ ਕਮਪਰੀਹੈਨਸਿਵ ਹੈ। ਉਸ ਮੁਤਾਬਿਕ ਜੇ ਇਹ ਡਿਫੈਕਟਿਵ ਹੋਣਗੇ ਤਾਂ ਉਸ ਦੀ ਪ੍ਰੋਡਕਸ਼ਨ ਅਤੇ ਡਿਸਟ੍ਰੀਬਿਊਸ਼ਨ ਨਹੀਂ ਕੀਤੀ ਜਾ ਸਕੇਗੀ ਅਤੇ ਜੇ ਕੋਈ ਮੈਨੂਫੈਕਚਰ ਕਰੇਗਾ ਤਾਂ ਉਸ ਮੈਨੂਫੈਕਚਰਰ ਨੂੰ ਕਮਪਨਸੇਸ਼ਨ ਦੇਣੀ ਪਵੇਗੀ।

**ਕਾਮਰੇਡ ਦਰਸ਼ਨ ਸਿੰਘ ਝਬਾਲ :** ਸਪੀਕਰ ਸਾਹਿਬ, ਮੇਰਾ ਇਕ ਸਪਲੀਮੈਂਟਰੀ ਇਹ ਹੈ ਕਿ ਪੰਜਾਬ ਰਾਜ ਖੇਤੀਬਾੜੀ ਮਾਰਕੀਟਿੰਗ ਬੋਰਡ ਦੇ ਚੇਅਰਮੈਨ ਨੇ 8 ਜੁਲਾਈ ਨੂੰ ਆਪਣੇ ਇਕ ਬਿਆਨ ਵਿੱਚ ਕਿਹਾ ਸੀ ਕਿ ਜਿਹੜੇ ਇਨ੍ਹਾਂ ਹਾਦਸਿਆਂ ਵਿੱਚ ਆਪਣੀ ਇਕ ਬਾਂਹ ਜਾਂ ਦੋ ਬਾਹਾਂ ਗਵਾ ਲੈਣਗੇ ਉਨ੍ਹਾਂ ਨੂੰ 5 ਤੋਂ 10 ਹਜ਼ਾਰ ਰੁਪਿਆ ਤਕ ਮੁਆਵਜ਼ਾ ਦਿੱਤਾ ਜਾਵੇਗਾ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਹੜਾ ਕਿਸੇ ਦੀ ਇਕ ਬਾਂਹ ਜਾਂ ਦੋ ਬਾਹਾਂ ਇਹੋ ਜਿਹੇ ਹਾਦਸਿਆਂ ਵਿੱਚ ਕੱਟ ਜਾਂਦੀਆਂ ਹਨ ਅਤੇ ਉਹ ਕਾਰੋਬਾਰ ਇਸ ਤਰ੍ਹਾਂ ਬਾਂਹ ਕੱਟ ਜਾਣ ਨਾਲ ਨਹੀਂ ਕਰ ਸਕਦਾ, ਕੀ ਉਨ੍ਹਾਂ ਲੋਕਾਂ ਨੂੰ ਸਰਕਾਰ ਮੁਆਵਜ਼ਾ ਦੇਵੇਗੀ ?

**ਮੰਤਰੀ :** ਸਪੀਕਰ ਸਾਹਿਬ, ਜੋ ਝਬਾਲ ਸਾਹਿਬ ਨੇ ਮਾਰਕੀਟਿੰਗ ਬੋਰਡ ਦੇ ਚੇਅਰਮੈਨ ਦੇ ਬਿਆਨ ਦਾ ਜ਼ਿਕਰ ਕੀਤਾ ਹੈ ਉਸ ਦੇ ਬਾਰੇ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਤਜ਼ਵੀਜ਼ ਸਾਡੇ ਕੋਲ ਆਈ ਹੈ ਅਤੇ ਅਸੀਂ ਉਹ ਐਲ.ਆਰ. ਨੂੰ ਰੈਫਰ ਕੀਤੀ ਹੈ ਕਿ ਉਹ ਆਪਣੀ ਓਪੀਨੀਅਨ ਦੇਵੇ ।

**ਮਾਸਟਰ ਬਾਬੂ ਸਿੰਘ :** ਸਪੀਕਰ ਸਾਹਿਬ, ਅਕਾਲੀ ਰਾਜ ਦੇ ਵਿੱਚ ਜਦੋਂ ਸਰਦਾਰ ਬਲਵਿੰਦਰ ਸਿੰਘ ਭੂੰਦੜ ਐਗਰੀਕਲਚਰ ਮਨਿਸਟਰ ਸਨ ਤਾਂ ਉਦੋਂ ਕੁੱਝ ਰਕਮ ਜਿਹੜੇ ਲੋਕਾਂ ਦੇ ਮਸ਼ੀਨਾਂ ਨਾਲ ਹੱਥ, ਪੈਰ ਕੱਟ ਜਾਂਦੇ ਸੀ ਤਾਂ ਉਨ੍ਹਾਂ ਨੂੰ ਦਿਤੀ ਜਾਂਦੀ ਸੀ । ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਨ੍ਹਾਂ ਨੇ 220 ਹਾਦਸੇ ਦੱਸੇ ਹਨ, ਕੀ ਉਨ੍ਹਾਂ 220 ਵਿਚੋਂ ਇਨ੍ਹਾਂ ਕੋਲ ਕੁੱਝ ਲੋਕਾਂ ਦੀਆਂ ਅਰਜ਼ੀਆਂ ਪਹੁੰਚੀਆਂ ਹਨ ਕਿ ਸਾਨੂੰ ਕੋਈ ਸਹਾਇਤਾ ਦਿੱਤੀ ਜਾਵੇ ਜਾਂ ਇਨ੍ਹਾਂ ਨੇ ਉਨ੍ਹਾਂ ਲੋਕਾਂ ਨੂੰ ਇਮਪਲਾਇਮੈਂਟ ਐਕਸਚੇਂਜ ਦੇ ਰਾਹੀਂ ਕੋਈ ਰੁਜ਼ਗਾਰ ਦਾ ਸਾਧਨ ਮੁਹੱਈਆ ਕੀਤਾ ਹੈ ? ਕੀ ਇਸ ਦੇ ਬਾਰੇ ਮਨਿਸਟਰ ਸਾਹਿਬ ਦੱਸਣਗੇ ?

**ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸ ਦਿੱਤਾ ਹੈ ਕਿ ਇਹੋ ਜਿਹੀ ਤਜ਼ਵੀਜ਼ ਮਾਰਕੀਟਿੰਗ ਬੋਰਡ ਦੇ ਚੇਅਰਮੈਨ ਵਲੋਂ ਆਈ ਹੈ ਔਰ ਅਸੀਂ ਲੀਗਲ ਓਪੀਨੀਅਨ ਲੈਣ ਦੀ ਖਾਤਰ ਉਹ ਐਲ.ਆਰ. ਨੂੰ ਭੇਜ ਦਿੱਤੀ ਹੈ ।

---

Original with;
Punjab Vidhan Sabha
Digitized by;
Panjab Digital Library

ਸਟਾਰਡ ਸਵਾਲ ਨੰ: 2204

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਉਹ ਮੈਨੂੰ ਕਹਿ ਗਏ ਹਨ ਜੀ। ਮੈਨੂੰ ਅਲਾਓ ਕਰੋ ।

**ਸ੍ਰੀ ਸਪੀਕਰ** : ਜਿੰਨੀ ਦੇਰ ਮੇਰੇ ਕੋਲ ਕੋਈ ਰਿਟਨ ਅਥਾਰਿਟੀ ਨਹੀਂ ਆਉਂਦੀ ਮੈਂ ਇਸ ਤਰ੍ਹਾਂ ਅਲਾਓ ਨਹੀਂ ਕਰ ਸਕਦਾ ।

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ, ਇਹ ਸਵਾਲ ਪੁੱਛ ਨਹੀਂ ਹੋਇਆ)

---

**Villages included in the Municipal Corporation, Ludhiana**

*2090 **Sardar Jagroop Singh** : Will the Minister for Local Government be pleased to state—

(a) the names of villages of District Ludhiana which were included in the Municipal Corporation, Ludhiana at the time when it came into existence;

(b) whether all the facilities, i.e., link roads, street lights, pavement of streets and water supply schemes, have been provided to all the villages referred to in part (a) above; if not, the reasons therefor ?

**ਸਰਦਾਰ ਬੀਰਦਵਿੰਦਰ ਸਿੰਘ** : ਮੈਂ ਵਜ਼ੀਰ ਸਾਹਿਬ ਦਾ ਧੰਨਵਾਦੀ ਹਾਂ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਡਰੇਨ ਨੂੰ ਡੀਸਿਲਟ ਕਰਵਾ ਰਹੇ ਹਨ। ਪਰ ਇਹ ਪਹਿਲਾਂ ਵੀ ਦੋ ਦਫਾ ਡੀਸਿਲਟ ਹੋ ਚੁਕੀ ਹੈ। ਇਹ ਡਰੇਨ ਬਹੁਤ ਘੱਟ ਚੌੜੀ ਹੈ। ਪਟਿਆਲੇ ਦੀ ਰੌ ਦਾ ਜਿੰਨਾਂ ਪਾਣੀ ਹੈ, ਉਹ ਇਸ ਦੇ ਵਿਚ ਚਲਾ ਜਾਂਦਾ ਹੈ। ਤੇਜ਼ ਬਾਰਸ਼ਾਂ ਹੋਣ ਕਾਰਣ ਇਹ ਸਾਰੀ ਡਰੇਨ ਹਰ ਵਾਰ ਭਰ ਜਾਂਦੀ ਹੈ ਅਤੇ ਹਰ ਵਾਰ ਇਸ ਕਰਕੇ ਮਕਾਨਾਂ ਅਤੇ ਫਸਲਾਂ ਦਾ ਨੁਕਸਾਨ ਹੁੰਦਾ ਹੈ। ਇਹ ਡਰੇਨ ਮੁਕੰਮਲ ਵੀ ਧੁਰ ਤੱਕ ਨਹੀਂ ਕੀਤੀ ਗਈ ਅਤੇ ਰਸਤੇ ਵਿੱਚ ਹੀ ਛੱਡ ਦਿੱਤੀ ਗਈ ਹੈ। ਅਸੀਂ ਮੌਕੇ ਤੇ ਗਏ ਸੀ ਅਤੇ ਦੇਖਿਆ ਸੀ ਕਿ ਉਥੇ 4-4 ਫੁੱਟ ਪਾਣੀ ਖੜਾ ਸੀ ਅਤੇ ਲੋਕਾਂ ਦੇ ਮਕਾਨ ਡਿੱਗੇ ਪਏ ਸਨ। ਇਹ ਠੀਕ ਹੈ ਕਿ ਐਗਜ਼ੈਕਟਿਵ ਇੰਜੀਨੀਅਰ ਡਰੇਨੇਜ ਸਾਡੇ ਨਾਲ ਗਏ ਸਨ ਅਤੇ ਉਨਾਂ ਨੇ ਵੀ ਇਹ ਗੱਲ ਮੰਨੀ ਸੀ ਕਿ ਜੇ ਇਸ ਨੂੰ 100 ਫੁੱਟ ਤੱਕ ਚੌੜਾ ਨਾ ਕੀਤਾ ਗਿਆ ਤਾਂ ਪਰਾਬਲਮ ਬਣੀ ਰਹੇਗੀ। ਇਸ ਨੂੰ ਡੀਸਿਲਟ ਕਰਨ ਨਾਲ ਹੀ ਪ੍ਰਾਬਲਮ ਹੱਲ ਨਹੀਂ ਹੋਵੇਗੀ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਉਂਕਿ ਇਨ੍ਹਾਂ ਦੇ ਮਹਿਕਮੇ ਦੀਆਂ ਇਨਵੈਸਟੀਗੇਸ਼ਨਜ਼ ਦੇ ਮੁਤਾਬਿਕ ਵੀ ਇਸਨੂੰ ਚੌੜਾ ਕਰਨ ਦੀ ਲੋੜ ਹੈ, ਇਸ ਲਈ ਇਧਰ ਧਿਆਨ ਦਿੱਤਾ ਜਾਵੇ। ਲੋਕਾਂ ਦੀਆਂ ਫਸਲਾਂ ਅਤੇ ਮਕਾਨਾਂ ਦਾ ਕਾਫੀ ਨੁਕਸਾਨ ਹੋ ਗਿਆ ਹੈ ਅਤੇ ਪਾਣੀ ਹਰ ਵੇਲੇ ਖੜਾ ਰਹਿਣ ਕਾਰਣ ਉਥੇ ਬੀਮਾਰੀ ਵੀ ਫੈਲ ਗਈ ਹੈ। ਝਾਮਪੁਰ ਪਿੰਡ ਦੀ ਇਕ ਲੜਕੀ ਬੀਮਾਰੀ ਨਾਲ ਮਰ ਗਈ ਹੈ। ਇਸ ਲਈ ਇਸ ਨੂੰ ਚੌੜਾ ਕਰਵਾਇਆ ਜਾਵੇ। ਅਤੇ ਜਿਸ ਤਰ੍ਹਾਂ ਮਹਿਕਮੇ ਦੀਆਂ ਇਨ-ਵੈਸਟੀਗੇਸ਼ਨਜ਼ ਕਹਿੰਦੀਆਂ ਹਨ, ਇਸ ਨੂੰ ਮੌਨਸੂਨ ਸੈਸ਼ਨ ਤੋਂ ਤੁਰੰਤ ਬਾਅਦ ਹੀ ਠੀਕ ਕਰਵਾਇਆ ਜਾਵੇ।

**ਖੇਤੀਬਾੜੀ ਮੰਤਰੀ** : ਸਪੀਕਰ ਸਾਹਿਬ, ਅਸੀਂ ਇਸ ਕੰਮ ਲਈ ਹਰੀ ਕਰਾਂਗੇ ਅਤੇ ਅਗਲੀ ਮੌਨਸੂਨ ਤੋਂ ਪਹਿਲਾਂ ਪਹਿਲਾਂ ਇਸ ਕੰਮ ਨੂੰ ਪੂਰਾ ਕਰਨ ਦਾ ਯਤਨ ਕਰਾਂਗੇ ਅਤੇ ਰੀਕੁਈਜ਼ੇਸ਼ਨ ਦੇ ਮੁਤਾਬਿਕ ਫਾਈਨਾਂਸ ਤੋਂ ਕਲੀਅਰੈਂਸ ਲੈ ਕੇ ਇਸ ਕੰਮ ਨੂੰ ਸ਼ੁਰੂ ਕਰਾ ਦੇਵਾਂਗੇ।

---

## Paper Re-laid on the Table

**Finance Minister (Doctor Kewal Krishan)** : Sir, I beg to relay on the Table Notification No. G.S.R. 85/C.A4/39/Ss.24 and 41/Amd (94)-82, dated the 6th July, 1982, as required under section 133(3) of the Motor Vehicles Act, 1939.

## LEGISLATIVE BUSINESS

### The Punjab Appropriation (No. 3) Bill, 1983

**Finance Minister (Doctor Kewal Krishan)** : Sir, I beg to introduce Punjab Appropriation (No. 3) Bill.

Sir, I also beg to move—

That the Punjab Appropriation (No. 3) Bill be taken into consideration at once.

Original with;
Punjab Vidhan Sabha
Digitized by;
Panjab Digital Library

**Mr. Speaker :** Motion moved—

That the Punjab Appropriation (No. 3) Bill be taken into consideration at once.

**ਸ੍ਰੀ ਓਮ ਪ੍ਰਕਾਸ਼ ਗੁਪਤਾ** (ਲੁਧਿਆਣਾ ਪੂਰਬੀ): ਸਪੀਕਰ ਸਾਹਿਬ, ਮੈਂ ਪੰਜਾਬ ਐਪਰੋਪਰੀਏਸ਼ਨ ਬਿਲ-3, 1983 ਤੇ ਇਸ ਦੀ ਸਪੋਰਟ ਵਿੱਚ 2-4 ਗੱਲਾਂ ਕਰਨ ਲਈ ਖੜਾ ਹੋਇਆ ਹਾਂ । ਸਪਲੀਮੈਂਟਰੀ ਡਿਮਾਂਡਜ਼ ਵਿੱਚ ਪੁਲਿਸ ਵਾਸਤੇ ਤਕਰੀਬਨ 3 ਕਰੋੜ ਦੇ ਕਰੀਬ ਰੁਪਿਆ ਯੂਜ਼ੁਅਲ ਬਜਟ ਤੋਂ ਇਲਾਵਾ ਮੰਗਿਆ ਗਿਆ ਹੈ ਔਰ ਇਸ ਦੀ ਜ਼ਰੂਰਤ ਵੀ ਪੈਦਾ ਹੋ ਗਈ ਹੈ ਕਿਉਂਕਿ ਜੋ ਪੰਜਾਬ ਦੇ ਵਿੱਚ ਐਕਸਟਰਾਔਰਡੀਨਰੀ ਸਰਕਮਸਟਾਂਸਿਜ਼ ਅਕਾਲੀ ਐਜੀਟੇਸ਼ਨ ਨਾਲ ਪੈਦਾ ਹੋ ਗਏ ਹਨ, ਇਸ ਕਾਰਣ ਮੁਲਕ ਦਾ ਜਿਹੜਾ ਬੰਦੋਬਸਤ ਹੈ, ਉਸ ਨੂੰ ਪਰੋਵਾਇਡ ਕਰਨ ਲਈ ਪੁਲਿਸ ਲਈ ਇਸ ਪੈਸੇ ਦੀ ਹੋਰ ਮੰਗ ਕੀਤੀ ਗਈ ਹੈ । ਇਸ ਤੇ ਸਰਕਾਰ ਦਾ ਕਾਫੀ ਖਰਚਾ ਹੋ ਰਿਹਾ ਹੈ। ਕੋਈ ਵੀ ਐਜੀਟੇਸ਼ਨ ਅਗਰ ਚਲਦੀ ਹੈ ਤਾਂ ਉਹ ਮਹੀਨਾ ਦੋ ਮਹੀਨੇ ਚਲਦੀ ਹੈ ਅਤੇ ਫੇਰ ਬੰਦ ਹੋ ਜਾਂਦੀ ਹੈ । ਇਹ ਡੈਮੋਕਰੇਸੀ ਦਾ ਰਾਈਟ ਹੈ ਕਿ ਕੋਈ ਵੀ ਐਜੀਟੇਸ਼ਨ ਡੈਮੋਕਰੇਟਿਕ ਤਰੀਕੇ ਨਾਲ ਕਰ ਸਕਦਾ ਹੈ। ਪਰ ਇਸ ਦੀ ਵੀ ਕੋਈ ਹੱਦ ਹੁੰਦੀ ਹੈ। ਮਗਰ ਅਫਸੋਸ ਹੈ ਕਿ ਸਾਡੇ ਅਕਾਲੀ ਭਰਾਵਾਂ ਨੇ ਜੋ ਐਜੀਟੇਸ਼ਨ ਪੰਜਾਬ ਵਿਚ ਕਮਿਊਨਲ ਲਾਇਨ ਤੇ, ਤਸ਼ੱਦਦ ਦੀ ਲਾਈਨ ਤੇ ਸ਼ੁਰੂ ਕੀਤੀ ਹੈ, ਉਸ ਤਰ੍ਹਾਂ ਦੀ ਐਜੀਟੇਸ਼ਨ ਅਸੀਂ ਕਦੇ ਵੀ ਆਪਣੀ ਹੋਸ਼ ਵਿੱਚ ਨਹੀਂ ਦੇਖੀ । ਇਕ ਨੈਕਸੇਲਾਇਟ ਮੂਵਮੈਂਟ ਹੋਈ ਸੀ, ਜਿਸ ਵਿਚ ਤਸ਼ੱਦਦ ਵੀ ਹੋਇਆ ਸੀ ਵਰਨਾ ਹੋਰ ਕੋਈ ਵੀ ਐਸੀ ਐਜੀਟੇਸ਼ਨ ਨਹੀਂ ਹੋਈ, ਜਿਸ ਵਿੱਚ ਇਸ ਤਰ੍ਹਾਂ ਕਤਲੇ ਆਮ ਹੋਇਆ ਹੋਵੇ । ਮੈਂ ਥੋੜ੍ਹੀਆਂ ਜਿਹੀਆਂ ਗੱਲਾਂ ਤੋਂ ਆਪਣੇ ਸਾਥੀਆਂ ਨੂੰ ਜਾਣੂ ਕਰਵਾਉਣਾ ਚਾਹੁੰਦਾ ਹਾਂ। ਵੈਸੇ ਇਨ੍ਹਾਂ ਨੂੰ ਵੀ ਕਾਫੀ ਗੱਲਾਂ ਦਾ ਪਤਾ ਹੀ ਹੈ । ਇਸ ਐਜੀਟੇਸ਼ਨ ਵਿੱਚ ਤਕਰੀਬਨ 150 ਹੈਪਨਿੰਗਜ਼ ਹੋਈਆਂ। 150 ਹੈਪਨਿੰਗਜ਼ ਵਿਚੋਂ ਤਕਰੀਬਨ 85 ਲੋਕ ਬੇਗੁਨਾਹ ਸਨ ਔਰ ਸਾਡੀ ਸਰਕਾਰ ਦੇ ਅੱਛੇ ਪੁਲਿਸ ਅਫਸਰ ਸਨ ਔਰ ਦੂਸਰੇ ਜਿਹੜੇ ਸੜਕ ਤੇ ਵੀ ਜਾਂਦੇ ਪਏ ਸਨ, ਉਨ੍ਹਾਂ ਦਾ ਵੀ ਕਤਲ ਕੀਤਾ ਗਿਆ ਅਤੇ ਮਾਰ ਦਿੱਤਾ ਗਿਆ । ਤਕਰੀਬਨ 1000 ਦੇ ਕਰੀਬ ਸਾਡੇ ਸ਼ਹਿਰ-ਵਾਸੀ ਜ਼ਖਮੀ ਹੋਏ ਔਰ ਕਾਂਗਰਸ ਤੋਂ ਸਿਵਾ ਕਿਸੇ ਵੀ ਪਾਰਟੀ ਨੇ ਲਿਪ ਸਿਮਪਥੀ ਤੋਂ ਸਿਵਾ ਕੁਝ ਨਹੀਂ ਕੀਤਾ, ਯਾਨੀ ਉਨ੍ਹਾਂ ਲੋਕਾਂ ਨੂੰ ਕਨਡੈਮ ਨਹੀਂ ਕੀਤਾ ਕਿ ਇਹ ਜਿਹੜੀ ਚੀਜ਼ ਹੋ ਰਹੀ ਹੈ, ਇਹ ਬਹੁਤ ਭੈੜੀ ਹੋ ਰਹੀ ਹੈ, ਅਮਨ ਦੇ ਖਿਲਾਫ ਹੋ ਰਹੀ ਹੈ, ਆਪਣੀ ਸਟੇਟ ਦੀ ਡਿਵੈਲਪਮੈਂਟ ਵਾਸਤੇ, ਆਪਣੀ ਸਟੇਟ ਦੀ ਸੇਫਟੀ ਵਾਸਤੇ, ਆਪਣੇ ਸ਼ਹਿਰਾਂ ਦੀ ਸੇਫਟੀ ਵਾਸਤੇ ਬਹੁਤ ਹੀ ਖਤਰਨਾਕ ਹੋ ਰਹੀ ਹੈ। ਏਥੇ ਆ ਕੇ ਸਭ ਕਹਿ ਦੇਂਦੇ ਹਨ ਕਿ ਇਹ ਹੋ ਗਿਆ, ਉਹ ਹੋ ਗਿਆ। ਤੇ ਦੂਜੇ ਪਾਸੇ ਜਾ ਕੇ ਕਹਿ ਦੇਂਦੇ ਹਨ ਕਿ ਤੁਸੀਂ ਕਰੀ ਜਾਓ। ਏਧਰ ਸਦਨ ਵਿੱਚ ਅਤੇ ਜਲਸਿਆਂ ਵਿੱਚ ਕਹਿੰਦੇ ਹਨ ਕਿ ਸਰਕਾਰ ਨਿਕੰਮੀ ਹੈ, ਸਰਕਾਰ ਕੰਟਰੋਲ ਨਹੀਂ ਕਰਦੀ । ਮੈਂ ਸਮਝਦਾ ਹਾਂ ਕਿ ਸਰਕਾਰ ਨੇ ਇਸ ਝਗੜੇ ਨੂੰ, ਇਸ ਲੜਾਈ ਨੂੰ ਕਨਫਾਈਨ ਕੀਤਾ ਹੈ।

**3.38 P.M.** (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

**ਕਾਮਰੇਡ ਬਲਦੇਵ ਸਿੰਘ ਲੂੰਬਾ** : ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਦੇ ਪੁਲਿਸ ਮਹਿਕਮੇ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ ਹੈ ਅਤੇ ਇਸ ਲੜਾਈ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਨੂੰ ਕਨਫਾਈਨ ਕਰ ਦਿੱਤਾ ਹੈ ਵਰਨਾ ਏਥੇ ਵੀ ਕਮਿਊਨਲ ਲਾਈਨ ਵਿੱਚ ਹਿੰਦੂ, ਹਰੀਜਨ ਅਤੇ ਕਈ ਨਿਰੰਕਾਰੀ ਮਾਰ ਦਿੱਤੇ ਗਏ । ਜੇ ਪਾਕਿਸਤਾਨ ਦਾ ਜ਼ਮਾਨਾ ਹੁੰਦਾ ਤਾਂ ਏਥੇ ਵੀ ਖੂਨ ਹੋ ਜਾਣੇ ਸੀ ਅਤੇ ਸਾਡੀ ਆਪਸ ਵਿੱਚ ਹੀ ਲੜਾਈ ਹੋ ਜਾਣੀ ਸੀ ।

ਇਹ ਸਰਕਾਰ ਦੀ ਸੂਝ ਬੂਝ ਹੈ ਕਿ ਇੱਥੋਂ ਤੱਕ ਨੌਬਤ ਨਹੀਂ ਆਉਣ ਦਿੱਤੀ । ਇਹ ਸਰਦਾਰ ਦਰਬਾਰਾ ਸਿੰਘ ਦੀ ਸੂਝ ਬੂਝ ਹੈ ਕਿ ਇਹੋ ਜਿਹੀ ਕੋਈ ਨੌਬਤ ਨਹੀਂ ਆਈ । ਲੋਕ ਵੀ ਸਿਆਣੇ ਹਨ। ਮੈਂ ਕਾਮਰੇਡ ਹੋਰਾਂ ਦੀ ਗੱਲ ਨਾਲ ਸਹਿਮਤ ਹਾਂ ਪਰ ਕਿਸੇ ਕਮਲੇ ਨੂੰ ਕੋਈ ਕੰਡੇਮ ਨਹੀਂ ਕਰਦਾ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਸ੍ਰੀਮਤੀ ਇੰਦਰਾ ਗਾਂਧੀ ਸਾਡੇ ਹਿੰਦੁਸਤਾਨ ਦੀ ਗਰੇਟ ਲੀਡਰ ਹੈ, ਉਹ ਕੇਵਲ ਹਿੰਦੁਸਤਾਨ ਦੀ ਲੀਡਰ ਨਹੀਂ, ਕਿਉਂਕਿ ਉਹ ਨਾਨ-ਅਲਾਇੰਡ ਮੁਲਕਾਂ ਦੀ ਵੀ ਚੇਅਰਮੈਨ ਹੈ, ਇਸ ਲਈ ਉਹ ਵਰਲਡ ਦੀ ਲੀਡਰ ਹੈ। ਉਹਨਾਂ ਨੇ ਬੜੀ ਕੋਸ਼ਿਸ਼ ਕੀਤੀ, ਅਟੈਂਪਟ ਕੀਤੀ ਔਰ ਇਸ ਪਰਕਾਰ ਇਨ੍ਹਾਂ ਦੀਆਂ ਤਿੰਨ ਮੰਗਾਂ ਵੀ ਮੰਨ ਲਈਆਂ ਗਈਆਂ ਹਨ। ਧਾਰਮਿਕ ਮੰਗਾਂ ਦੀ ਉਹ ਗੱਲ ਕਰਦੇ ਹਨ ਉਹ ਵੀ ਮੰਨ ਲਈਆਂ ਗਈਆਂ ਹਨ। ਮੈਂ ਹੈਰਾਨ ਹਾਂ ਕਿ ਇਹ ਉਨ੍ਹਾਂ ਆਦਮੀਆਂ ਨੂੰ ਮਾਰਦੇ ਹਨ ਜਿਹੜੀ ਕਿ ਇਨ੍ਹਾਂ ਦੀ ਆਪਣੀ ਪਨੀਰੀ ਹੈ। ਹਿੰਦੂਆਂ ਤੋਂ ਹੀ ਸਿੱਖ ਬਣਦੇ ਹਨ ਇਨ੍ਹਾਂ ਨੇ ਉਨ੍ਹਾਂ ਨੂੰ ਵੀ ਮਾਰਨਾ ਸ਼ੁਰੂ ਕਰ ਦਿੱਤਾ ਹੈ । ਜਿਹੜੀ ਪਨੀਰੀ ਹੈ ਇਹ ਉਸ ਨੂੰ ਕੱਟੀ ਜਾਂਦੇ ਹਨ। ਕੋਈ ਵੀ ਖੇਤ ਵਾਲਾ ਮੈਂ ਨਹੀਂ ਸਮਝਦਾ ਕਿ ਆਪਣੀ ਪਨੀਰੀ ਨੂੰ ਇਸ ਪਰਕਾਰ ਕਟਦਾ ਹੋਵੇ । ਜਿਸ ਪਨੀਰੀ ਤੋਂ ਸਿੱਖ ਬਣੇ ਹਨ ਉਸ ਪਨੀਰੀ ਨੂੰ ਹੀ ਇਹ ਕੱਟੀ ਜਾ ਰਹੇ ਹਨ। ਪਤਾ ਨਹੀਂ ਇਨ੍ਹਾਂ ਨੂੰ ਸੂਝ ਬੂਝ ਦੇਣ ਵਾਲਾ ਕਿੱਥੋਂ ਆਏਗਾ । ਇਤਨਾ ਸਰਕਾਰ ਦਾ ਪੈਸਾ ਇਨ੍ਹਾਂ ਕੰਮਾਂ ਤੇ ਹੀ ਖਰਚ ਹੋਈ ਜਾ ਰਿਹਾ ਹੈ । ਅੰਦਰੋ ਅੰਦਰੀ ਹੁਣ ਉਥੇ ਅਕਾਲੀਆਂ ਦੇ ਵਿੱਚ ਵੀ ਦੋ ਤਿੰਨ ਧੜੇ ਬਣ ਗਏ ਹਨ । ਮੈਨੂੰ ਬੜਾ ਅਫਸੋਸ ਹੈ ਕਿ ਜਿਹੜੀ ਸਾਡੀ ਪੰਜਾਬ ਦੀ ਡੀਵੈਲਪਮੈਂਟ ਹੋਣੀ ਸੀ, ਜਿਹੜੀ ਤੱਰਕੀ ਹੋਣੀ ਸੀ, ਇਹ ਉਤਨੀ ਨਹੀਂ ਹੋ ਸਕੀ । ਇਨਾਂ ਹਾਲਾਤ ਦੇ ਬਾਵਜੂਦ ਵੀ ਪੰਜਾਬ ਨੇ ਬਹੁਤ ਤਰੱਕੀ ਕੀਤੀ ਹੈ । ਜਿਸ ਤਰ੍ਹਾਂ ਪੀਸ ਟਾਈਮ ਵਿੱਚ ਡਿਵੈਲਪਮੈਂਟ ਹੁੰਦੀ ਹੈ, ਫਿਰ ਵੀ ਉਸ ਤਰ੍ਹਾਂ ਨਹੀਂ ਹੋ ਸਕੀ। ਅੱਜ ਦੋ ਸਾਲ ਹੋ ਗਏ ਹਨ ਇੰਡਸਟਰੀ ਦੇ ਵਿੱਚ ਮੰਦਾ ਆ ਰਿਹਾ ਹੈ । ਟਰੇਡ ਵਿੱਚ ਕਾਫੀ ਮੰਦਾ ਆ ਰਿਹਾ ਹੈ। ਲੋਕੀ ਟੈਰੋਰਾਈਜ਼ ਹੋਏ ਬੈਠੇ ਹਨ। ਸਰਕਾਰ ਦੀ ਇਤਨੀ ਸਕਿਓਰਿਟੀ ਦੇ ਬਾਵਜੂਦ ਵੀ ਇਹ ਹਾਲ ਹੋਇਆ ਪਿਆ ਹੈ। ਇਹ ਇਸ ਤਰੀਕੇ ਨਾਲ ਕਤਲੇਆਮ ਕਰ ਰਹੇ ਹਨ ਕਿ ਕੋਈ ਆਪਣਾ ਬਚਾਅ ਨਹੀਂ ਕਰ ਸਕਦਾ । ਜੇ ਕਿਸੇ ਨੂੰ ਪਤਾ ਲੱਗ ਜਾਵੇ ਕਿ ਦੁਸ਼ਮਨ ਆ ਰਿਹਾ ਹੈ ਤਾਂ ਤੇ ਉਹ ਲੁੱਕ ਛੁੱਪ ਜਾਵੇ ਪਰ ਇਹ ਆਉਂਦੇ ਹਨ ਕਤਲ ਕਰਕੇ ਮਾਰ ਕੇ ਗੁਰਦੁਆਰੇ ਵਿੱਚ ਜਾ ਵੜਦੇ ਹਨ । ਇਹ ਕੋਈ ਐਜੀਟੇਸ਼ਨ ਕਰਨ ਦਾ ਤਰੀਕਾ ਨਹੀਂ । ਮੈਂ ਕਹਿੰਦਾ ਹਾਂ ਕਿ ਇਹ ਜਿਹੜੀ ਡੀਮਾਂਡ ਹੈ ਇਹ ਬਹੁਤ ਅੱਛੀ ਡੀਮਾਂਡ ਹੈ ਪੁਲਿਸ ਦੀ, ਇਸ ਵਿੱਚ ਕਾਫੀ ਵਜ਼ਨ ਹੈ। ਇਹ ਠੀਕ ਤਰੀਕੇ ਨਾਲ ਮੰਗੀ ਗਈ ਹੈ। ਲੇਕਿਨ ਮੈਂ ਬੇਨਤੀ ਕਰਾਂਗਾ ਕਿ ਇਤਨੀ ਸੂਝ ਬੂਝ ਵਾਲਾ ਇਤਨਾ ਅੱਛਾ ਡਿਪਾਰਟਮੈਂਟ ਹੋਣ ਦੇ ਬਾਵਜੂਦ ਵੀ ਪੁਲਿਸ ਡਿਪਾਰਟਮੈਂਟ ਨੂੰ ਪਾਪੂਲੈਰਿਟੀ ਨਹੀਂ ਮਿਲਦੀ। ਪੁਲਿਸ ਦੇ ਅਗੇਂਸਟ ਹੀ ਗਲ ਚਲਦੀ ਹੈ। ਸਰਕਾਰ ਦਾ ਮਤਲਬ ਹੈ ਪੁਲਿਸ, ਜੇ ਪੁਲਿਸ ਹੀ ਬਦਨਾਮ ਹੋ ਜਾਵੇ ਤਾਂ ਸਰਕਾਰ ਵਿੱਚ ਤਾਂ ਆਪਣੇ ਆਪ ਹੀ ਖਾਮੀਆਂ ਆ ਜਾਂਦੀਆਂ ਹਨ। ਮੇਰੀ ਇਹ ਬੇਨਤੀ ਹੈ ਕਿ ਸਰਕਾਰ ਨੂੰ ਵੱਡੇ ਵੱਡੇ ਪੁਲਿਸ ਅਫ਼ਸਰਾਂ ਦੇ ਨਾਲ ਡਿਪਾਰਟਮੈਂਟ ਦੇ ਸੈਕਟਰੀਆਂ ਨਾਲ ਮਿਲ ਕੇ ਗੱਲ ਕਰਨੀ ਚਾਹੀਦੀ ਹੈ ਕਿ ਪੁਲਿਸ ਕਿਉਂ ਬਦਨਾਮ ਹੋ ਰਹੀ ਹੈ। ਕਿਥੋਂ ਗਲਤੀ ਹੈ, ਕਿਸ ਜਗ੍ਹਾਂ ਤੇ ਐਫੀਸ਼ੀਐਂਸੀ ਨਹੀਂ ਹੈ। ਖਰਾਬੀ ਕਿੱਥੋਂ ਪੈਂਦੀ ਹੈ। ਜਿਹੜੇ ਮਿਡਲ ਪਾਸ ਹਨ ਕਿਤੇ

Original with;
Punjab Vidhan Sabha
Digitized by;
Panjab Digital Library

ਉਹ ਤਾਂ ਖਰਾਬ ਨਹੀਂ । ਜਿੱਥੇ ਕਿਤੇ ਵੀ ਖਰਾਬੀ ਹੈ ਉਸ ਨੂੰ ਸਮਝ ਕੇ ਦੂਰ ਕਰਨਾ ਚਾਹੀਦਾ ਹੈ ਤਾਂਕਿ ਸਰਕਾਰ ਦੀ ਪਾਪੂਲੈਰਿਟੀ ਵਧੇ । ਡਿਪਟੀ ਸਪੀਕਰ ਸਾਹਿਬ, ਇਹ ਖਾਲਿਸਤਾਨ ਦੀ ਮੰਗ ਕਰਦੇ ਹਨ ਜਿਹੜਾ ਪੰਜਾਬ ਆਪਣੇ ਆਪ ਨੂੰ ਪੰਜਾਬ ਕਹਾਉਂਦਾ ਸੀ, ਇਹ ਉਸ ਵੇਲੇ ਪਿਸ਼ਾਵਰ ਤੋਂ ਲੈ ਕੇ ਦਿੱਲੀ ਤੱਕ ਦਾ ਪੰਜਾਬ ਸੀ। ਹੌਲੀ ਹੌਲੀ ਅੰਗਰੇਜ਼ਾਂ ਨੇ ਇਸ ਦੇ ਟੁਕੜੇ ਕਰ ਦਿੱਤੇ, ਪਾਕਿਸਤਾਨ ਬਣਾ ਦਿੱਤਾ । ਹੁਣ ਫਿਰ ਬਾਕੀ ਪੰਜਾਬ ਦੇ ਵੀ ਟੁਕੜੇ ਹੋ ਗਏ । ਡਿਪਟੀ ਸਪੀਕਰ ਸਾਹਿਬ, ਪੰਜਾਬੀ ਸੂਬਾ ਬਣਿਆ । ਜਦੋਂ ਅਸੀਂ ਦੇਖਦੇ ਹਾਂ ਤਾਂ ਸਾਨੂੰ ਮਹਿਸੂਸ ਹੁੰਦਾ ਹੈ ਕਿ ਸਾਨੂੰ ਸੋਹਣੇ ਸੋਹਣੇ ਪਹਾੜ ਵੀ ਛੱਡਣੇ ਪਏ । ਜਦੋਂ ਅਸੀਂ ਸ਼ਿਮਲੇ ਜਾਂਦੇ ਹਾਂ ਤੇ ਸਾਨੂੰ ਉਥੇ ਜਾ ਕੇ ਰਹਿਣਾ ਮਿਲਦਾ ਹੈ ਤਾਂ ਸਾਨੂੰ ਇਹ ਸੱਭ ਕੁਝ ਮਹਿਸੂਸ ਹੁੰਦਾ ਹੈ ਕਿ ਸਾਨੂੰ ਸੋਹਣੀਆਂ ਸੋਹਣੀਆਂ ਨਦੀਆਂ, ਦਰਿਆ, ਸੇਬ ਅਤੇ ਹੋਰ ਬਹੁਤ ਕੁਝ ਛੱਡਣਾ ਪਿਆ ਹੈ । ਅਸੀਂ ਕਾਫੀ ਕੁਝ ਗਵਾ ਬੈਠੇ ਹਾਂ । ਇਹ ਕੀ ਅਕਲਮੰਦੀ ਹੈ ਕਿ ਅਸੀਂ ਆਪਣੇ ਆਪ ਨੂੰ ਹੀ ਛੋਟਾ ਕਰੀ ਜਾਂਦੇ ਹਾਂ । ਹੁਣ ਇਨ੍ਹਾਂ ਨੇ ਖਾਲਿਸਤਾਨ ਦਾ ਨਾਹਰਾ ਲਗਾ ਦਿੱਤਾ ਹੈ। ਹੁਣ ਇਹ ਇਸ ਨੂੰ ਵੰਡਣ ਨੂੰ ਫਿਰਦੇ ਹਨ। ਅੱਜ ਲੱਖਾਂ ਸਰਦਾਰ ਹਨ ਜਿਹੜੇ ਦੂਜੇ ਇਲਾਕਿਆਂ ਦੇ ਵਿੱਚ ਕੰਮ ਕਰਦੇ ਹਨ। ਹੁਣੇ ਅਸੀਂ ਬੈਂਕਾਕ ਹੋ ਕੇ ਆਏ ਹਾਂ ਅਸੀਂ ਉਥੇ ਕਈ ਸਰਦਾਰਾਂ ਨੂੰ ਮਿਲੇ । ਅਸੀਂ ਉਹਨਾਂ ਨੂੰ ਪੁੱਛਿਆ ਕਿ ਤੁਹਾਡੇ ਏਥੇ ਖਾਲਿਸਤਾਨ ਬਾਰੇ ਕੀ ਹਾਲਾਤ ਹਨ ਤਾਂ ਉਨ੍ਹਾਂ ਨੇ ਅੱਗੋ ਕਿਹਾ ਕਿ ਸਾਨੂੰ ਤਾਂ ਏਥੇ ਕੋਈ ਵਿਗਾੜ ਨਹੀਂ, ਕੋਈ ਡਰ ਨਹੀਂ । ਮੇਰੀ ਬੇਨਤੀ ਹੈ ਕਿ ਸਾਨੂੰ ਸਾਰੀਆਂ ਪਾਰਟੀਆਂ ਨੂੰ ਮਿਲ ਕੇ ਅਪੀਲ ਕਰਨੀ ਚਾਹੀਦੀ ਹੈ ਔਰ ਖਾਸ ਤੌਰ ਤੇ ਜਿਹੜੇ ਉਹਨਾਂ ਦੇ ਸਹਾਰੇ ਤੇ ਵੋਟਾਂ ਲੈ ਕੇ ਆਉਂਦੇ ਹਨ ਔਰ ਏਥੇ ਆ ਕੇ ਕਹਿੰਦੇ ਹਨ ਕਿ ਉਨ੍ਹਾਂ ਦੇ ਖਿਲਾਫ ਹਾਂ ਉਨ੍ਹਾਂ ਨੂੰ ਜ਼ੋਰ ਨਾਲ ਕਹਿਣਾ ਚਾਹੀਦਾ ਹੈ। ਮੈਂ ਅਰਜ਼ ਕਰਾਂਗਾ ਕਿ ਇਹ ਜਿਹੜੀ ਡੀਮਾਂਡ ਹੈ ਇਹ ਬੜੀ ਅੱਛੀ ਡੀਮਾਂਡ ਹੈ ਔਰ ਇਹ ਬੜੀ ਜ਼ਰੂਰੀ ਹੈ। ਇਸ ਵਾਸਤੇ ਮੇਰਾ ਖਿਆਲ ਹੈ ਕਿ ਉਹ ਪਾਰਟੀ ਸੋਚੇਗੀ ਕਿ ਇਸ ਤੇ ਪਹਿਲਾਂ ਹੀ ਇਤਨਾ ਖਰਚਾ ਹੋਇਆ ਹੈ ਹੋਰ ਨਾ ਕਰਵਾਇਆ ਜਾਵੇ। ਇਸ ਪੈਸੇ ਨਾਲ ਅਸੀਂ ਆਪਣੇ ਸੂਬੇ ਦੀ ਡੀਵੈਲਪਮੈਂਟ ਕਰੀਏ। ਇਸ ਦੇ ਵਿਚ ਮੈਂ ਇਕ ਥੋੜ੍ਹਾ ਜਿਹਾ ਹੋਰ ਵੀ ਜ਼ਿਕਰ ਕਰ ਦਿਆਂ ਕਿ ਸਾਡੇ ਇੱਕ ਮਸਲਾ ਬੜਾ ਹੈ ਡੇਅਰੀਆਂ ਦੀ ਸ਼ਿਫਟਿੰਗ ਦਾ। ਲਾਅ ਐਂਡ ਆਰਡਰ ਦੀ ਇਹ ਪਰਾਬਲੱਮ ਬਣ ਗਈ ਹੈ। ਜਿਹੜੇ ਡੇਅਰੀਆਂ ਮੱਝਾਂ ਆਦਿ ਨੂੰ ਕੱਢਣ ਗਏ ਉਹਨਾਂ ਨੂੰ ਡੇਅਰੀਆਂ ਵਾਲਿਆਂ ਨੇ ਮਾਰਿਆ ਕੁੱਟਿਆ। ਦੋ ਦਿਨ ਪਹਿਲਾਂ ਪੁਲਿਸ ਨੇ ਪਤਾ ਨਹੀਂ ਕੀ ਵਜ੍ਹਾ ਹੈ ਕਿ ਕੋਈ ਐਕਸ਼ਨ ਕਿਉਂ ਨਹੀਂ ਲਿਆ। ਜਿਸ ਨਾਲ ਡੇਅਰੀਆਂ ਕੱਢਣ ਦਾ ਮਾਮਲਾ ਢਿੱਲ੍ਹਾ ਪੈ ਗਿਆ। ਪਹਿਲਾਂ ਤਾਂ ਪੁਲਿਸ ਵੀ ਕਾਫੀ ਮੱਦਦ ਕਰਦੀ ਰਹੀ। ਇਸ ਦੇ ਵਿਚ ਕਈ ਗੱਲਾਂ ਚਲਦੀਆਂ ਹਨ। ਮਗਰ ਮੈਂ ਹੈਰਾਨ ਹਾਂ ਕਿ ਜਦੋਂ ਇੱਕ ਫੈਸਲਾ ਹੋ ਜਾਵੇ ਤਾਂ ਉਸ ਨੂੰ ਜ਼ਰੂਰ ਇੰਪਲੀਮੈਂਟ ਕਰ ਦੇਣਾ ਚਾਹੀਦਾ ਹੈ। ਜਦੋਂ ਡਿਪਟੀ ਕਮਿਸ਼ਨਰ ਨੇ, ਕਮਿਸ਼ਨਰ ਕਾਰਪੋਰੇਸ਼ਨ ਨੇ, ਸਾਰਿਆਂ ਨੇ ਮਿਲ ਕੇ ਫੈਸਲਾ ਕਰ ਲਿਆ ਡੇਅਰੀਆਂ ਨੂੰ ਬਾਹਰ ਕੱਢਣ ਦਾ ਤਾਂ ਫਿਰ ਪੁਲਿਸ ਪਤਾ ਨਹੀਂ ਕਿਉਂ ਢਿੱਲੀ ਪੈ ਗਈ । ਜਾਂ ਤੇ ਫੈਸਲਾ ਲੈਣਾ ਹੀ ਨਹੀਂ ਚਾਹੀਦਾ, ਜੇਕਰ ਫੈਸਲਾ ਹੋ ਜਾਵੇ ਤਾਂ ਉਹ ਇਮਲੀਮੈਂਟ ਜ਼ਰੂਰ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਖਰਾਬੀ ਹੁੰਦੀ ਹੈ। ਪਿੱਛੇ ਜਿਹੇ ਡਿਪਟੀ ਸਪੀਕਰ ਸਾਹਿਬ, ਬੀਫ ਟੈਲੋ ਦਾ ਬੜਾ ਰੌਲਾ ਪਿਆ ਹੈ। ਇਹ ਬੀਫ ਟੈਲੋ ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਵਿੱਚ ਬੜੀ ਦੇਰ ਤੋਂ ਆਈ ਹੋਈ ਹੈ। ਇਹ ਅੱਜ ਹੀ ਨਹੀਂ ਆਈ। ਇਹ ਪਹਿਲਾਂ ਦੀ ਆਈ ਹੋਈ ਹੈ। ਮਗਰ ਬਦਕਿਸਮਤੀ ਇਹ ਹੈ ਕਿ ਸਾਡੇ ਲਾਲਚੀ ਵਪਾਰੀ ਜਿਹੜੇ ਹਨ ਉਨ੍ਹਾਂ ਨੇ ਆਪਣੇ ਮੁਨਾਫੇ ਦੀ ਖਾਤਰ ਇਸ ਨੂੰ ਘਿਉ ਆਦਿ ਵਿੱਚ ਰੁਲਾਉਣਾ ਸ਼ੁਰੂ ਕਰ ਦਿੱਤਾ ਔਰ ਇਹ ਸ਼ਕਲ ਦੇ ਦਿਤੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਾਣੀਏ ਨੇ ਇਹ ਕੀਤਾ ਹੈ। ਬਾਣੀਏ ਨੂੰ ਫਾਹੇ ਦੇ ਦਿਉ (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਬੀਫ ਟੈਲੋ ਅੱਜ ਕਈ ਚੀਜ਼ਾਂ ਵਿੱਚ ਪਾਇਆ ਜਾ ਰਿਹਾ ਹੈ ਪਹਿਲਾਂ ਸੂਪ ਵਾਲੇ ਇਸ ਨੂੰ ਮੰਗਦੇ ਸਨ। ਹੁਣ ਇਹ ਟੂਥ ਪੇਸਟ ਵਿੱਚ ਵੀ ਪਾਉਂਦੇ ਹਨ। ਜਿਹੜੀ ਫੇਸ ਕਰੀਮ ਹੈ ਉਸ ਨੂੰ ਬਣਾਉਣ ਵਾਲੇ ਵੀ ਇਸ ਨੂੰ ਮੰਗਦੇ ਹਨ। ਲਿੱਪਸਟਿੱਕ ਦੇ ਵਿੱਚ ਵੀ ਇਹ ਹੁੰਦਾ ਹੈ। ਜਿਹੜੀਆਂ ਅਸੀਂ ਦਵਾਈਆਂ ਖਾਂਦੇ ਹਾਂ ਕੈਪਸੂਲਾਂ ਵਿੱਚ ਵੀ ਇਹ ਪੈਂਦਾ ਹੈ। ਅਸੀਂ ਜਿਹੜੀ ਜੈਲੀ ਖਾਂਦੇ ਹਾਂ ਉਸ ਵਿੱਚ ਵੀ ਇਹ ਪੈਂਦਾ ਹੈ। ਜਿਹੜਾ ਸੋਹਨ ਹਲਵਾ ਹੈ ਜਿਸ ਨੂੰ ਅਸੀਂ ਖਾਂਦੇ ਹਾਂ ਜਿਸ ਦਾ ਨਾਂ ਕਰਾਚੀ ਦਾ ਸੋਹਨ ਹਲਵਾ ਕਰਕੇ ਮਸ਼ਹੂਰ ਹੈ, ਉਸ ਵਿੱਚ ਇਹ ਪੈਂਦਾ ਹੈ, ਬੇਕਰੀ ਕਰੀਮ ਜਿਹੜੀ ਹੈ ਉਸ ਵਿੱਚ ਵੀ ਹੁੰਦਾ ਹੈ।

4.08 P. M. (ਇਸ ਵੇਲੇ ਸ੍ਰੀ ਜੁਗਿੰਦਰ ਨਾਥ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਪਰ, ਚੇਅਰਮੈਨ ਸਾਹਿਬ, ਹੁਣ ਇਹ ਇਸ ਸ਼ਕਲ ਵਿੱਚ ਆ ਗਿਆ ਹੈ ਔਰ ਪੁਲਿਸ ਦੇ ਹੁੰਦਿਆਂ ਹੋਇਆਂ ਸਰਕਾਰ ਦੇ ਹੁੰਦਿਆਂ ਹੋਇਆਂ ਹੈਲਥ ਡਿਪਾਰਟਮੈਂਟ ਦੇ ਹੁੰਦਿਆਂ ਹੋਇਆਂ ਇਹ ਸ਼ਹਿਰਾਂ ਵਿੱਚ ਹਲਵਾਈਆਂ ਦੀਆਂ ਦੁਕਾਨਾਂ ਤੇ ਮਠਿਆਈਆਂ ਜਿਹੜੀਆਂ ਬਣ ਰਹੀਆਂ ਹਨ, ਦਿਵਾਲੀ ਦੇ ਮੌਕੇ ਤੇ ਜਿਹੜੀਆਂ ਥੋਕ ਦੇ ਹਿਸਾਬ ਨਾਲ ਮਠਿਆਈਆਂ ਬਣਦੀਆਂ ਹਨ, ਉਸ ਵਿੱਚ ਇਸ ਦਾ ਇਸਤੇਮਾਲ ਹੋਇਆ ਹੈ। ਸਰਕਾਰ ਨੂੰ ਪਤਾ ਨਹੀਂ ਕਿੱਥੇ ਰਹਿੰਦੀ ਹੈ। ਅੱਜ ਇੱਕ ਆਦਮੀ ਪਕੜਿਆ ਗਿਆ ਤਾਂ ਸਰਕਾਰ ਨੇ ਆਪ ਐਕਸ਼ਨ ਲਿਆ। ਮਗਰ ਇਨ੍ਹਾਂ ਚੀਜ਼ਾਂ ਨੂੰ ਜਿਨ੍ਹਾਂ ਕਰਕੇ ਅੰਗਰੇਜ਼ਾਂ ਦੀ ਜਿਸ ਵੇਲੇ ਲੜਾਈ ਹੋਈ ਤਾਂ ਲੋਕਾਂ ਨੇ ਗੋਲੀ ਦੇ ਅੱਗੇ ਬੀਫ/ਚਰਬੀ ਲਾ ਕੇ ਰੌਲਾ ਪਾ ਦਿੱਤਾ ਔਰ ਮਰਹੱਟੇ ਭੱਜ ਗਏ ਤਾਂ ਉਹ ਸਾਰੀ ਲੜਾਈ ਜਿੱਤ ਗਏ। ਮੇਰੇ ਕਹਿਣ ਤੋਂ ਭਾਵ ਇਹ ਹੈ ਕਿ ਇਤਨਾ ਜਜ਼ਬਾ ਸੀ ਉਨ੍ਹਾਂ ਦੇ ਵਿੱਚ ਔਰ ਹੁਣ ਵੀ ਹੈ। ਕੋਈ ਹਿੰਦੂ ਸਿੱਖ ਕੋਈ ਵੀ ਹੋਵੇ ਗਾਂ ਦੀ ਪਿੱਠ ਤੇ ਚਾਬਕ ਨਹੀਂ ਮਾਰ ਸਕਦਾ।

ਇਸ ਵਾਸਤੇ ਇਸ ਦੇ ਬਾਰੇ ਵੀ ਅੱਗੇ ਧਿਆਨ ਰੱਖਣਾ ਚਾਹੀਦਾ ਹੈ। ਪੁਲਿਸ ਨੂੰ ਅਲੱਰਟ ਹੋਣਾ ਚਾਹੀਦਾ ਹੈ ਅਤੇ ਇਸ ਪਾਸੇ ਧਿਆਨ ਰੱਖਣਾ ਚਾਹੀਦਾ ਹੈ ਕਿ ਲੋਕ ਜਜ਼ਬਾਤ ਵਿਚ ਆ ਕੇ ਭੜਕ ਨਾ ਪੈਣ। ਸਾਡੀ ਆਪੋਜ਼ੀਸ਼ਨ ਪਾਰਟੀ ਇਸ ਨੂੰ ਲੈ ਕੇ ਗਲਤ ਪ੍ਰਾਪੇਗੰਡਾ ਕਰ ਰਹੀ ਹੈ। ਇਸ ਵਾਸਤੇ ਸਰਕਾਰ ਨੂੰ ਇਸ ਪਾਸੇ ਤੇਜ਼ ਹੋਣਾ ਚਾਹੀਦਾ ਹੈ।

ਹੁਣ ਮੈਂ ਥੋੜੀ ਜਿਹੀ ਗਲ ਇੰਡਸਟਰੀ ਬਾਰੇ ਕਹਿਣੀ ਚਾਹੁੰਦਾ ਹਾਂ। ਚੇਅਰਮੈਨ ਸਾਹਿਬ, ਸਾਡੇ ਪੰਜਾਬ ਵਿਚ 50 ਹਜ਼ਾਰ ਦੇ ਕਰੀਬ ਛੋਟੀ ਵੱਡੀ ਇੰਡਸਟਰੀ ਹੈ ਔਰ ਇਹ ਸਰਕਾਰ ਦੀ ਮੱਦਦ ਨਾਲ, ਸਰਕਾਰ ਦੇ ਜ਼ਰਾਏ ਨਾਲ, ਸਰਕਾਰ ਦੀਆਂ ਕੋਸ਼ਿਸ਼ਾਂ ਨਾਲ ਮਗਰ ਜ਼ਿਆਦਾ ਕਾਰਖਾਨੇਦਾਰਾਂ ਦੀਆਂ ਪਾਲਿਸੀਆਂ ਦੇ ਨਾਲ ਕਾਫੀ ਇੰਡਸਟਰੀ ਪੰਜਾਬ ਵਿਚ ਡਿਵੈਲਪ ਹੋਈ ਹੈ। ਸਿੱਧਾ ਫਾਰਮਲਾ ਹੈ ਕਿ ਸਾਡੇ ਪੰਜਾਬ ਦੀ ਜ਼ਮੀਨ ਡਿਵੈਲਪ ਹੋ ਚੁੱਕੀ ਹੈ ਅਤੇ 85% ਜ਼ਮੀਨ ਡਿਵੈਲਪ ਹੋ ਚੁਕੀ ਹੈ। 10 ਪ੍ਰਤੀਸ਼ਤ ਕੱਲਰ ਵਾਲੀ ਜ਼ਮੀਨ ਹੈ ਅਤੇ ਬਾਕੀ ਕੋਈ 4-5 ਪ੍ਰਤੀਸ਼ਤ ਵਿਚ ਪਾਣੀ ਖੜਾ ਹੈ। ਇਸ ਦੇ ਬਾਅਦ ਇੰਪਲਾਇਮੈਂਟ ਪੰਜਾਬ ਵਿਚ ਇੰਡਸਟਰੀ ਦੇ ਸਕਦੀ ਹੈ। ਇਥੇ ਪੀਸ ਨਾ ਹੋਣ ਕਰਕੇ ਕਾਫੀ ਇੰਡਸਟਰੀ ਪਿਛੇ ਜਾ ਰਹੀ ਹੈ। ਮੁਲਾਜ਼ਮ ਮਾਲ ਪਰੋਡਿਊਸ ਕਰਦੇ ਅਤੇ ਇੰਡਸਟਰੀ ਵਾਲੇ ਉਨ੍ਹਾਂ ਮੁਲਾਜ਼ਮਾਂ ਨੂੰ ਪੈਸੇ ਦਿੰਦੇ ਹਨ ਪਰ ਜਿਹੜਾ ਮਾਲ ਪਰੋਡਿਊਸ ਹੁੰਦਾ ਹੈ ਉਹ ਇੰਡਸਟਰੀ ਦੇ ਅੰਦਰ ਹੀ ਪਿਆ ਹੈ। ਇਸ ਲਈ ਸਰਕਾਰ ਨੂੰ ਕੋਈ ਤਰੀਕਾ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਮਾਲ

Original with;
Punjab Vidhan Sabha
Digitized by;
Panjab Digital Library

ਐਕਸਪੋਰਟ ਕੀਤਾ ਜਾਵੇ। ਇਸ ਦੇ ਮੁਕਾਬਲੇ ਵਿਚ ਗੜੇ ਪੈ ਜਾਣ ਜਾਂ ਕੋਈ ਹੋਰ ਨੈਚੁਰਲ ਕਲੈਮਿਟੀ ਪੈ ਜਾਵੇ ਤਾਂ ਉਸ ਵਾਸਤੇ ਸਰਕਾਰ ਜ਼ਿਮੀਦਾਰਾਂ ਨੂੰ ਕੰਪੈਨਸੇਟ ਕਰਦੀ ਹੈ। ਇਸ ਲਈ ਸਰਕਾਰ ਨੂੰ ਇੰਡਸਟਰੀ ਦਾ ਵੀ ਕੁਝ ਸੋਚਣਾ ਚਾਹੀਦਾ ਹੈ, ਇੰਡਸਟਰੀ ਦੀ ਹਿਫਾਜ਼ਤ ਵਾਸਤੇ ਕੁਝ ਸੋਚਣਾ ਚਾਹੀਦਾ ਹੈ ਤਾਂਕਿ ਇੰਡਸਟਰੀ ਕਿਤੇ ਫੇਲ੍ਹ ਨਾ ਹੋ ਜਾਵੇ ਅਤੇ ਮਜ਼ਦੂਰ ਬੇਕਾਰ ਨਾ ਹੋ ਜਾਣ । ਇਸ ਲਈ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਤਾਕਿ ਉਨ੍ਹਾਂ ਦਾ ਬਣਿਆ ਹੋਇਆ ਮਾਲ ਐਕਸਪੋਰਟ ਹੋ ਜਾਵੇ ਅਤੇ ਮਜ਼ਦੂਰ ਵੀ ਵਿਹਲੇ ਨਾ ਹੋ ਜਾਣ। ਐਤਕੀਂ ਰਸ਼ੀਆ ਦਾ ਆਰਡਰ ਵੀ ਘੱਟ ਆਇਆ ਹੈ। ਅੱਗੇ 80 ਕਰੋੜ ਦਾ ਆਰਡਰ ਆਇਆ ਸੀ ਪਰ ਐਤਕੀਂ 22 ਕਰੋੜ ਦਾ ਆਰਡਰ ਆਇਆ ਹੈ। ਇਸ ਦਾ ਵੀ ਅਸਰ ਪਵੇਗਾ। (ਵਿਘਨ) ਮੈਂ ਮਜ਼ਦੂਰਾਂ ਦੀ ਗਲ ਕਰ ਰਿਹਾ ਸੀ । ਜਿਹੜੇ ਵਰਕਰ ਕਾਰਖਾਨਿਆਂ ਵਿਚ ਲਗਦੇ ਹਨ ਉਨ੍ਹਾਂ ਨੂੰ ਕੱਢਣਾ ਵੀ ਮੁਸ਼ਕਿਲ ਹੈ । ਉਨ੍ਹਾਂ ਦੀ ਹਿਫਾਜ਼ਤ ਜ਼ਰੂਰੀ ਹੈ। ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜੇ ਮਜ਼ਦੂਰ ਹਨ ਜੇ ਥੋੜ੍ਹੇ ਬਹੁਤ ਪੀਰੀਅਡ ਵਾਸਤੇ ਉਨ੍ਹਾਂ ਦੀ ਰੀਟਰੈਂਚਮੈਂਟ ਵੀ ਕਰਨੀ ਪਵੇ, ਉਨ੍ਹਾਂ ਨੂੰ ਛੁੱਟੀ ਵੀ ਦੇਣੀ ਪਵੇ ਤਾਂ ਇਸ ਬਾਰੇ ਸਰਕਾਰ ਉਨ੍ਹਾਂ ਨੂੰ ਕੰਪੈਨਸੇਟ ਕਰੇ ਤਾਂਕਿ ਇੰਡਸਟਰੀ ਬੰਦ ਨਾ ਹੋਵੇ। ਇਸ ਦੇ ਵਿਚ ਮਜ਼ਦੂਰਾਂ ਦੇ ਵਾਸਤੇ ਸਰਕਾਰ ਨੇ ਬਹੁਤ ਕੁਝ ਨਹੀਂ ਕੀਤਾ। ਸਾਡੇ ਪੰਜਾਬ ਵਿਚ ਮਜ਼ਦੂਰ ਬਾਹਰ ਤੋਂ ਬਹੁਤ ਆਉਂਦੇ ਹਨ। ਸਾਡੇ ਪੰਜਾਬ ਦੇ ਮਜ਼ਦੂਰ ਜਿਹੜੇ ਹਨ ਉਹ ਮੈਨੂਅਲ ਲੇਬਰ ਜਾਂ ਹੈਂਡ ਦਾ ਕੰਮ ਕਰਕੇ ਰਾਜ਼ੀ ਨਹੀਂ ਹਨ। ਪੰਜਾਬ ਦਾ ਮਜ਼ਦੂਰ ਸਿਆਣਾ ਹੋ ਗਿਆ ਹੈ, ਉਸ ਨੂੰ ਟੈਕਨੀਕ ਆ ਗਈ ਹੈ , ਉਹ ਅੱਛੀ ਤਨਖਾਹ ਤੇ ਕੰਮ ਕਰਦਾ ਹੈ। ਇਸ ਲਈ ਪੰਜਾਬ ਵਿਚ ਬਿਹਾਰ ਅਤੇ ਯੂ. ਪੀ. ਦੀ ਲੇਬਰ ਆ ਕੇ ਕੰਮ ਕਰਦੀ ਹੈ। ਸਰਕਾਰ ਨੂੰ ਉਨ੍ਹਾਂ ਦੀ ਰਾਖੀ ਕਰਨੀ ਚਾਹੀਦੀ ਹੈ। ਕਈ ਵਾਰੀ ਕਾਰਖਾਨੇਦਾਰ ਵੀ ਉਨ੍ਹਾਂ ਨਾਲ ਜ਼ਿਆਦਤੀ ਕਰਦੇ ਹਨ ਪਰ ਜ਼ਿਮੀਦਾਰ ਉਨ੍ਹਾਂ ਨਾਲ ਬਹੁਤ ਜ਼ਿਆਦਤੀ ਕਰਦੇ ਹਨ। ਠੀਕ ਹੈ ਅਸੀਂ ਲੇਬਰ ਕਨਸੀਲੀਏਸ਼ਨ ਅਫਸਰ ਰਖੇ ਹਨ ਪਰ ਮੇਰੀ ਇਤਲਾਹ ਦੇ ਮੁਤਾਬਿਕ ਉਨ੍ਹਾਂ ਨੇ ਕਿਸੇ ਜ਼ਿਮੀਦਾਰ ਨੂੰ ਨਹੀਂ ਛੇੜਿਆ। ਉਹ ਡਰਦੇ ਹਨ। ਸਰਕਾਰ ਨੂੰ ਉਨ੍ਹਾਂ ਦੀ ਲੇਬਰ ਦੇ ਪੂਰੇ ਪੈਸੇ ਦਿਵਾਉਣੇ ਚਾਹੀਦੇ ਹਨ। ਇਹ ਦੇਖਿਆ ਗਿਆ ਹੈ ਕਿ ਜਦੋਂ ਉਹ ਲੋਕ ਘਰ ਜਾਂਦੇ ਹਨ ਤਾਂ ਉਨ੍ਹਾਂ ਦੇ ਕੱਪੜੇ ਉਤਾਰ ਲਏ ਜਾਂਦੇ ਹਨ ਅਤੇ ਉਨ੍ਹਾਂ ਦਾ ਸਾਰਾ ਕੁੱਝ ਖੋਹ ਕੇ ਉਨ੍ਹਾਂ ਨੂੰ ਸਟੇਸ਼ਨ ਤੇ ਗੱਡੀ ਚੜ੍ਹਾ ਦਿੰਦੇ ਹਨ। ਮੈਂ ਕਹਿੰਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਸਰਕਾਰ ਨੂੰ ਉਨ੍ਹਾਂ ਦੇ ਰਹਿਣ ਵਾਸਤੇ ਜਗ੍ਹਾ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸਾਡੇ ਹਾਊਸਿੰਗ ਦੀ ਪਾਲਿਸੀ ਹੈ ਉਸ ਦੇ ਵਿਚ ਉਨ੍ਹਾਂ ਦੀ ਕੋਈ ਐਡਜਸਟਮੈਂਟ ਹੋਣੀ ਚਾਹੀਦੀ ਹੈ। ਉਨ੍ਹਾਂ ਵਾਸਤੇ ਰਹਿਣ ਦਾ ਪ੍ਰਬੰਧ ਜ਼ਰੂਰ ਕਰਨਾ ਚਾਹੀਦਾ ਹੈ ਭਾਵੇਂ 35 ਗਜ਼ ਜਾਂ 50 ਗਜ਼ ਦੇ ਛੋਟੇ ਮੋਟੇ ਮਕਾਨ/ਕਮਰੇ ਬਣਾ ਕੇ ਹੀ ਦੇ ਦਿਤੇ ਜਾਣ। ਇੰਡਸਟਰੀਅਲ ਟਾਊਨ ਵਿਚ ਜਿਹੜੇ ਮਜ਼ਦੂਰ ਹਨ ਉਹ ਸ਼ਾਮ ਨੂੰ 20—30 ਜਣੇ ਇਕ ਕਮਰੇ ਵਿਚ ਹੀ ਰਹਿੰਦੇ ਹਨ ਅਤੇ ਜਾਂ ਉਹ ਕਾਰਖਾਨੇ ਦੇ ਬਾਹਰ ਸੜਕ ਤੇ ਪਏ ਰਹਿੰਦੇ ਹਨ। ਉਨ੍ਹਾਂ ਬਾਰੇ ਵੀ ਸਰਕਾਰ ਨੂੰ ਸੋਚਣਾ ਚਾਹੀਦਾ ਹੈ। ਸ਼ਹਿਰਾਂ ਵਿਚੋਂ ਜਿਥੋਂ 85 ਪ੍ਰਤੀਸ਼ਤ ਰੈਵੇਨਿਊ ਆਉਂਦਾ ਹੈ ਉਨ੍ਹਾਂ ਦੀ ਡਿਵੈਲਪਮੈਂਟ ਕਰਨੀ ਚਾਹੀਦੀ ਹੈ। ਅਸੀਂ ਰੂਰਲ ਏਰੀਆ ਨੂੰ ਵੀ ਡਿਵੈਲਪ ਕਰਨਾ ਹੈ ਮਗਰ ਅਫਸੋਸ ਹੈ ਕਿ ਜਿਹੜਾ ਤੁਹਾਨੂੰ ਐਨਾ ਟੈਕਸ ਦਿੰਦਾ ਹੈ, ਜਿਹੜਾ ਤੁਹਾਨੂੰ ਐਨਾ ਰੈਵੇਨਿਊ ਦਿੰਦਾ ਹੈ ਉਨ੍ਹਾਂ ਦੀ ਕਾਸਟ ਤੇ ਅਸੀਂ ਉਨ੍ਹਾਂ ਨੂੰ ਬਿਲਕੁਲ ਨਿਗਲੈਕਟ ਕਰ ਰਹੇ ਹਾਂ। ਸ਼ਹਿਰਾਂ ਦੀ ਡਿਵੈਲਪਮੈਂਟ ਬਿਲਕੁਲ ਨਹੀਂ ਹੋ ਰਹੀ। ਤੁਸੀਂ ਸ਼ਹਿਰਾਂ ਵਿਚ ਸੜਕਾਂ ਦੇਖ ਲਵੋ, ਹਸਪਤਾਲ ਦੇਖ ਲਵੋ, ਕਿਸੇ ਪਾਸੇ ਦੇਖ ਲਵੋ ਕਮੀ ਹੀ ਕਮੀ ਨਜ਼ਰ ਆਉਂਦੀ ਹੈ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਤਾਂਕਿ ਸ਼ਹਿਰੀਆਂ ਨੂੰ ਇਹ ਮਹਿਸੂਸ ਨਾ ਹੋਵੇ ਕਿ ਜ਼ਿਮੀਦਾਰਾਂ, ਜੱਟਾਂ ਦੀ ਸਰਕਾਰ, ਜਿਥੇ ਮੈਜਾਰਿਟੀ ਵਿਚ ਉਹ ਐਮ. ਐਲ. ਏ. ਹਨ, ਉਹ ਸਾਡੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਵਲ ਧਿਆਨ ਨਹੀਂ ਦਿੰਦੀ। ਅਸੀਂ ਸਭ ਨੂੰ ਬਰਾਬਰ ਦੇਖਣਾ ਹੈ। ਇਸ ਵਾਸਤੇ ਮੈਂ ਬੇਨਤੀ ਕਰਾਂਗਾ ਕਿ ਸ਼ਹਿਰਾਂ ਦੀ ਜਿਹੜੀ ਡਿਵੈਲਪਮੈਂਟ ਹੈ ਉਸ ਦੇ ਵਾਸਤੇ ਕੋਈ ਨਾ ਕੋਈ ਕੰਮ ਕਰਨਾ ਚਾਹੀਦਾ ਹੈ। ਪ੍ਰੋਫੈਸਰ ਦਰਬਾਰੀ ਲਾਲ ਨੂੰ ਸੀਵਰੇਜ ਬੋਰਡ ਦਾ ਚੇਅਰਮੈਨ ਬਣਾ ਦਿੱਤਾ, ਪਰ ਉਨ੍ਹਾਂ ਕੋਲ ਤਨਖਾਹ ਦੇਣ ਲਈ ਪੈਸੇ ਨਹੀਂ ਹਨ । ਸਾਡੇ ਸੀਵਰੇਜ ਦਾ ਕੰਮ ਸ਼ੁਰੂ ਹੋ ਗਿਆ, ਅੱਧਾ ਕੰਮ ਹੋ ਗਿਆ ਅਤੇ ਅੱਧਾ ਪਚੱਧਾ ਕੰਮ ਰਹਿੰਦਾ ਹੈ ਉਥੇ ਨਾ ਕੰਮ ਪੂਰਾ ਹੁੰਦਾ ਹੈ ਅਤੇ ਨਾ ਬੰਦ ਹੁੰਦਾ ਹੈ। ਪ੍ਰਾਈਮ ਮਨਿਸਟਰ ਨੇ ਵੀ ਕਿਹਾ ਹੈ ਕਿ ਜਿਹੜਾ ਕੰਮ ਸ਼ੁਰੂ ਕਰੋ ਉਹ ਖਤਮ ਕਰੋ। ਇਸ ਲਈ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਜਿਹੜੇ ਕੰਮ ਸ਼ੁਰੂ ਕੀਤੇ ਹਨ, ਜਿਥੇ ਵੀ ਸ਼ੁਰੂ ਕੀਤੇ ਹਨ ਉਹ ਪਹਿਲਾਂ ਖਤਮ ਹੋਣੇ ਚਾਹੀਦੇ ਹਨ। (ਵਿਘਨ) ਇੰਡਸਟਰੀ ਲਈ ਰਾਅ ਮੈਟੀਰੀਅਲ ਦੀ ਸ਼ਾਰਟੇਜ ਹੈ, ਬਿਜਲੀ ਦੀ ਸ਼ਾਰਟੇਜ ਹੈ ਹਾਲਾਂ ਕਿ ਅਸੀਂ ਕਾਫੀ ਪੈਸੇ ਬਿਜਲੀ ਵਾਸਤੇ ਲਾ ਰਹੇ ਹਾਂ ਫਿਰ ਵੀ ਬਰੇਕ ਡਾਊਨ ਰਹਿੰਦੀ ਹੈ। ਚੇਅਰਮੈਨ ਸਾਹਿਬ, ਤੁਸੀਂ ਵੀ ਜਾਣਦੇ ਹੋ ਕਿ ਕਈ ਇੰਡਸਟਰੀਆਂ ਐਸੀਆਂ ਹਨ ਜਿਨ੍ਹਾਂ ਵਾਸਤੇ ਬਿਜਲੀ ਦੀ ਸਪਲਾਈ 8-10 ਘੰਟੇ ਲਗਾਤਾਰ ਹੋਣੀ ਚਾਹੀਦੀ ਹੈ ਜਿਸ ਤਰ੍ਹਾਂ ਕਿ ਢਲਾਈ ਦੀ ਇੰਡਸਟਰੀ ਹੈ। ਅਗਰ ਦਰਮਿਆਨ ਵਿਚ ਘੰਟਾ ਜਾਂ ਅੱਧਾ ਘੰਟਾ ਬਿਜਲੀ ਬੰਦ ਹੋ ਜਾਵੇ ਤਾਂ ਸਾਰਾ ਨੁਕਸਾਨ ਹੋ ਜਾਂਦਾ ਹੈ ਅਤੇ ਇਸ ਦੀ ਕੋਈ ਰੈਮਿਡੀ ਨਹੀਂ ਹੈ, ਕੋਈ ਮੁਆਵਜ਼ਾ ਨਹੀਂ ਹੈ। ਮੈਂ ਬੇਨਤੀ ਕਰਾਂਗਾ ਕਿ ਸਰਕਾਰ ਨੂੰ ਕੋਈ ਐਸੀ ਪਾਲਿਸੀ ਬਣਾਉਣੀ ਚਾਹੀਦੀ ਹੈ ਕਿ ਕਾਰਖਾਨਿਆਂ ਨੂੰ ਕਮ-ਅਜ਼-ਕਮ 8 ਘੰਟੇ ਲਗਾਤਾਰ ਬਿਜਲੀ ਦੀ ਸਪਲਾਈ ਹੋਵੇ ਅਤੇ ਇਹ ਨਹੀਂ ਹੋਣਾ ਚਾਹੀਦਾ ਕਿ ਵਿਚੋਂ ਘੰਟਾ ਜਾਂ ਅੱਧਾ ਘੰਟਾ ਬਿਜਲੀ ਬੰਦ ਹੋ ਜਾਵੇ। ਦਰਮਿਆਨ ਬਿਜਲੀ ਬੰਦ ਹੋਣ ਨਾਲ ਇੰਡਸਟਰੀ ਦਾ ਨੁਕਸਾਨ ਹੁੰਦਾ ਹੈ।

ਹੁਣ ਮੈਂ ਐਜੂਕੇਸ਼ਨ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਅਸੀਂ ਐਜੂਕੇਸ਼ਨ ਨੂੰ ਕਾਫੀ ਅੱਗੇ ਲੈ ਗਏ ਹਾਂ। ਐਜੂਕੇਸ਼ਨ 2-3% ਵਧੀ ਹੈ ਪਰ ਇਸ ਵਿਚ ਕਈ ਚੀਜ਼ਾਂ ਮੁਕੰਮਲ ਹੋਣ ਵਾਲੀਆਂ ਹਨ, ਜਿਸ ਤਰ੍ਹਾਂ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਨਹੀਂ ਹਨ ਅਤੇ ਕਈ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਇਨਕੰਪਲੀਟ ਹਨ। ਇਸ ਲਈ ਸਰਕਾਰ ਨੂੰ ਇਸ ਪਾਸੇ ਧਿਆਨ ਦੇ ਕੇ ਇਨ੍ਹਾਂ ਦੀ ਪੂਰਤੀ ਕਰਨੀ ਚਾਹੀਦੀ ਹੈ। ਦੂਸਰਾ ਇਹ ਕਿ ਜੇ. ਬੀ, ਟੀ. ਟੀਚਰਾਂ ਦੀ ਰੈਗੂਲੇਰਾਈਜ਼ੇਸ਼ਨ ਦਾ ਕੇਸ ਕਾਫੀ ਦੇਰ ਦਾ ਚਲਿਆ ਆ ਰਿਹਾ ਹੈ। ਤਿੰਨ ਚਾਰ ਸਾਲ ਹੋ ਗਏ ਹਨ, ਅੱਧੇ ਪਚੱਧੇ ਹੋ ਗਏ ਅਤੇ ਅੱਧੇ ਪੈਂਡਿੰਗ ਹਨ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿਹੜੇ ਟੀਚਰ ਅਜੇ ਵੀ ਐਡਹਾਕ ਬੇਸਿਜ਼ ਤੇ ਚਲ ਰਹੇ ਹਨ ਉਨ੍ਹਾਂ ਦੀ ਰੈਗੂਲੇਰਾਈਜ਼ੇਸ਼ਨ ਬਹੁਤ ਜਲਦੀ ਹੋ ਜਾਣੀ ਚਾਹੀਦੀ ਹੈ। ਉਨ੍ਹਾਂ ਦੀ ਰੈਗੂਲੇਰਾਈਜ਼ੇਸ਼ਨ ਚਲਦੀ ਹੋਣੀ ਚਾਹੀਦੀ ਹੈ। ਰੁਕਾਵਟ ਦੀ ਸਾਨੂੰ ਵਜ੍ਹਾ ਕੋਈ ਮਾਲੂਮ ਨਹੀਂ ਹੁੰਦੀ ਕਿ ਇਸ ਦੇ ਵਿੱਚ ਕਿਉਂ ਦੇਰ ਹੋ ਰਹੀ ਹੈ। ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਇਕ ਵਡੀ ਬੇਨਤੀ ਇਹ ਵੀ ਕਰਨਾ ਚਾਹੁੰਦਾ ਹਾਂ ਕਿ ਸਾਡੀ ਐਜੂਕੇਸ਼ਨ ਤਾਂ ਪੂਰੀ ਹੋ ਰਹੀ ਹੈ ਕਿ ਅਸੀਂ ਬਹੁਤ ਸਾਰੇ ਪ੍ਰਾਈਵੇਟ ਸਕੂਲ ਅਤੇ ਪ੍ਰਾਈਵੇਟ ਕਾਲਜ ਚਲਾ ਰਹੇ ਹਾਂ ਪਰ ਇਨ੍ਹਾਂ ਪ੍ਰਾਈਵੇਟ ਸਕੂਲਾਂ ਅਤੇ ਪ੍ਰਾਈਵੇਟ ਕਾਲਜਾਂ ਵਿੱਚ ਜਿਹੜੇ ਪਰੋਫੈਸਰ ਹਨ, ਲੈਕਚਰਾਰਜ਼ ਹਨ, ਟੀਚਰ ਹਨ ਅਤੇ ਨਾਨ-ਟੀਚਿੰਗ ਸਟਾਫ ਹੈ ਉਨ੍ਹਾਂ ਨੂੰ ਉਹ ਫੈਸਿਲਿਟੀਜ਼ ਨਹੀਂ ਮਿਲਦੀਆਂ ਜੋ ਗੌਰਮਿੰਟ ਦੇ ਮੁਲਾਜ਼ਮਾਂ ਨੂੰ ਮਿਲਦੀਆਂ ਹਨ। ਕਈ ਦਫਾ ਉਹ ਐਜੀਟੇਸ਼ਨ ਕਰ ਚੁੱਕੇ ਹਨ, ਕਈ ਦਫਾ ਸਰਕਾਰ ਨਾਲ ਗਲਾਂ ਉਹ ਕਰ ਚੁੱਕੇ ਹਨ ਔਰ ਕਈ ਦਫਾ ਸਰਕਾਰ ਨੇ ਉਨ੍ਹਾਂ ਨਾਲ ਕਮਿਟਮੈਂਟ ਕੀਤੀ ਹੈ। ਚੇਅਰਮੈਨ ਸਾਹਿਬ, ਜਦੋਂ ਕਿਸੇ ਗਲ ਦੀ ਕਮਿਟਮੈਂਟ ਕਰ ਦਿੱਤੀ ਜਾਵੇ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਉਸ ਦੀ ਇਮਪਲੀਮੈਂਟੇਸ਼ਨ ਕਿਉਂ ਨਹੀਂ ਹੁੰਦੀ। ਜਾਂ ਤਾਂ ਕਿਸੇ ਨਾਲ ਕੋਈ ਕਮਿਟਮੈਂਟ ਕਰੋ

Original with;
Punjab Vidhan Sabha
Digitized by;
Panjab Digital Library

ਨਾ ਅਤੇ ਉਸ ਨੂੰ ਕਹਿ ਦਿਓ ਕਿ ਇਹ ਨਹੀਂ ਹੋ ਸਕਦਾ। ਜਦੋਂ ਤੁਸੀਂ ਕਹਿ ਦਿੱਤਾ ਹੈ ਕਿ ਇਹ ਕੰਮ ਕਰ ਦੇਵਾਂਗੇ ਤਾਂ ਉਸ ਦੇ ਵਿੱਚ ਦੇਰੀ ਨਹੀਂ ਹੋਣੀ ਚਾਹੀਦੀ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਿਹੜੀ ਕਮਿੱਟਮੈਂਟ ਪ੍ਰਾਈਵੇਟ ਸਕੂਲਾਂ ਦੇ ਟੀਚਰ, ਪ੍ਰਾਈਵੇਟ ਕਾਲਜਾਂ ਦੇ ਟੀਚਰਜ਼ ਅਤੇ ਹੋਰ ਦੂਸਰੇ ਨਾਨ-ਟੀਚਿੰਗ ਸਟਾਫ਼ ਨਾਲ ਹੋਈ ਹੈ ਉਸ ਨੂੰ ਪੂਰਾ ਕਰਨਾ ਚਾਹੀਦਾ ਹੈ। ਅਸੂਲਨ ਵੀ ਗਲ ਬਣ ਜਾਂਦੀ ਹੈ ਜਦੋਂ ਸਰਕਾਰ 95 ਪ੍ਰਤੀਸ਼ਤ ਗਰਾਂਟ ਵਗੈਰਾ ਪ੍ਰਾਈਵੇਟ ਇਨਸਟੀਚਿਊਸ਼ਨਜ਼ ਨੂੰ ਦਿੰਦੀ ਹੈ ਤਾਂ ਜਿਥੇ ਹੋਰ ਚੀਜ਼ਾਂ ਉਨ੍ਹਾਂ ਨੂੰ ਦਿੰਦੇ ਹਾਂ ਉਥੇ ਜਿਹੜਾ ਫਰਕ ਹੈ ਉਹ ਵੀ ਦੂਰ ਕਰਨਾ ਚਾਹੀਦਾ ਹੈ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਲਦੀ ਤੋਂ ਜਲਦੀ ਇਹ ਕੰਮ ਉਨ੍ਹਾਂ ਦਾ ਕਰਨਾ ਚਾਹੀਦਾ ਹੈ ਅਤੇ ਜਿਹੜੀ ਕਮਿੱਟਮੈਂਟ ਕੀਤੀ ਹੋਈ ਹੈ ਉਸ ਨੂੰ ਆਨਰ ਕਰਨਾ ਚਾਹੀਦਾ ਹੈ।

ਇਕ, ਚੇਅਰਮੈਨ ਸਾਹਿਬ, ਮੈਂ ਰੋਡਜ਼ ਦੇ ਬਾਰੇ ਗਲ ਕਰਨੀ ਚਾਹੁੰਦਾ ਹਾਂ। ਕਿਸੇ ਵੀ ਸ਼ਹਿਰ ਦੀ ਬਿਊਟੀ ਇਥੋਂ ਪਤਾ ਲਗਦੀ ਹੈ, ਜਦੋਂ ਬਾਹਰੋਂ ਕੋਈ ਟਰੈਵਲਰ, ਸ਼ਹਿਰ ਦੇ ਵਿੱਚ ਸ਼ਹਿਰ ਦੀ ਸੜਕ ਤੇ ਆਉਂਦਾ ਹੈ ਤਾਂ ਜਦੋਂ ਸ਼ਹਿਰ ਦੀ ਸੜਕ ਜੇ ਟੁੱਟੀ ਹੋਈ ਨਜ਼ਰ ਆਉਂਦੀ ਹੋਵੇ ਭਾਵੇਂ ਉਹ ਜੀ. ਟੀ. ਰੋਡ ਹੈ ਜਾਂ ਮੇਨ ਰੋਡ ਹੈ ਜੇ ਉਹ ਟੁੱਟੀ ਨਜ਼ਰ ਆਉਂਦੀ ਹੈ ਤਾਂ ਉਸ ਤੋਂ ਉਸ ਨੂੰ ਲਗਦਾ ਹੈ ਕਿ ਸ਼ਹਿਰ ਦੀ ਹਾਲਤ ਖਸਤਾ ਹੈ। ਇਹ ਠੀਕ ਹੈ ਕਿ ਪਿੰਡਾਂ ਦੇ ਵਿੱਚ ਮਾਰਕੀਟਿੰਗ ਬੋਰਡ ਵਗੈਰਾ ਵੀ ਸੜਕਾਂ ਬਣਾ ਦਿੰਦਾ ਹੈ ਲੇਕਿਨ ਸਾਡੇ ਸ਼ਹਿਰਾਂ ਦੇ ਜਿਹੜੀਆਂ ਪਾਸ ਓਨ ਕਰਦੀਆਂ ਹਨ ਉਹ ਪੀ. ਡਬਲਿਊ. ਡੀ. ਦੇ ਕੰਟਰੋਲ ਵਿੱਚ ਹਨ। ਜਾਂ ਤਾਂ ਸਰਕਾਰ ਕੋਈ ਪਾਲਿਸੀ ਬਣਾ ਦੇਵੇ ਕਿ ਜਿਹੜੀ ਜਿਹੜੀ ਕਮੇਟੀ ਵਿੱਚ ਸੜਕ ਲਗਦੀ ਹੈ ਉਸ ਦੀ ਜ਼ਿਮੇਵਾਰੀ ਹੈ ਫਿਰ ਤਾਂ ਅਸੀਂ ਕੁਝ ਕਹਿ ਕਹਾ ਕੇ ਬਣਵਾ ਦੇਈਏ ਪਰ ਕਈ ਸੜਕਾਂ 3-3, 4-4 ਸ਼ਹਿਰਾਂ ਵਿਚੋਂ ਲਗਦੀਆਂ ਹਨ ਜਿਸ ਦੇ ਕੰਟਰੋਲ ਪੀ. ਡਬਲਿਊ. ਡੀ. ਕੋਲ ਹੈ, ਨਾ ਉਹ ਕੁੱਝ ਕਰਦੇ ਹਨ ਅਤੇ ਨਾ ਕਮੇਟੀ ਕੁੱਝ ਕਰਦੀ ਹੈ। ਜਾਂ ਤਾਂ ਸਰਕਾਰ ਪੀ. ਡਬਲਿਊ. ਡੀ. ਨੂੰ ਆਰਡਰ ਕਰੇ ਕਿ ਜਿੰਨਾ ਵੀ ਫੰਡ ਮਿਲਦਾ ਹੈ ਉਸ ਦੇ ਵਿੱਚ ਜਿੰਨਾ ਸ਼ਹਿਰਾਂ ਵਿੱਚ ਸੜਕਾਂ ਤੇ ਉਹ ਲਾ ਸਕਦਾ ਹੈ ਲਾਵੇ ਨਹੀਂ ਤਾਂ ਇਹ ਕਿਹਾ ਜਾਵੇ ਕਿ ਜਿਸ ਕਮੇਟੀ ਜਾਂ ਕਾਰਪੋਰੇਸ਼ਨ ਵਿੱਚ ਉਹ ਆਉਂਦੀ ਹੈ ਉਸ ਦਾ ਪ੍ਰਬੰਧ ਉਹ ਕਰੇ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਸ਼ਹਿਰਾਂ ਦੀਆਂ ਸੜਕਾਂ ਦਾ ਵੀ ਜਲਦੀ ਤੋਂ ਜਲਦੀ ਕੋਈ ਫੈਸਲਾ ਕੀਤਾ ਜਾਵੇ। ਜਿਥੇ ਅਸੀਂ ਪਿੰਡਾਂ ਦੀਆਂ ਸੜਕਾਂ ਬਣਾਈਆਂ ਹਨ, ਲਿੰਕ ਰੋਡਜ਼ ਬਣਾਈਆਂ ਹਨ ਉਥੇ ਮੈਂ ਬੇਨਤੀ ਕਰਾਂਗਾ ਕਿ ਸ਼ਹਿਰਾਂ ਦੀਆਂ ਸੜਕਾਂ ਦਾ ਵੀ ਸਰਕਾਰ ਨੂੰ ਜਲਦੀ ਤੋਂ ਜਲਦੀ ਫੈਸਲਾ ਕਰਨਾ ਚਾਹੀਦਾ ਹੈ ਅਤੇ ਇਸ ਦੇ ਲਈ ਫੰਡਜ਼ ਪਰੋਵਾਈਡ ਕਰਨੇ ਚਾਹੀਦੇ ਹਨ।

ਚੇਅਰਮੈਨ ਸਾਹਿਬ, ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਪੰਚਾਇਤ ਇਲੈਕਸ਼ਨਜ਼ ਕਰਾਉਣੀਆਂ ਹਨ। ਬੜੀ ਖੁਸ਼ੀ ਦੀ ਗਲ ਹੈ ਕਿ ਪੰਚਾਇਤਾਂ ਦੀਆਂ ਇਲੈਕਸ਼ਨਜ਼ ਕਰਵਾਈਆਂ ਜਾ ਰਹੀਆਂ ਹਨ। ਇਹ ਡੈਮੋਕਰੇਸੀ ਦਾ ਬੇਸ ਹੈ ਕਿ ਪੰਚਾਇਤਾਂ ਦੀਆਂ ਚੋਣਾਂ ਹੋਣ ਪਰ ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਮੇਟੀਆਂ ਅਤੇ ਕਾਰਪੋਰੇਸ਼ਨਾਂ ਦੀਆਂ ਇਲੈਕਸ਼ਨਜ਼ ਵੀ ਕਾਫੀ ਦੇਰ ਤੋਂ ਡਿਊ ਹਨ। ਮੈਂ ਸਰਕਾਰ ਨੂੰ ਕਹਾਂਗਾ ਕਿ ਪੰਚਾਇਤ ਇਲੈਕਸ਼ਨਜ਼ ਤੋਂ ਬਾਅਦ ਇਨ੍ਹਾਂ ਕਮੇਟੀਆਂ ਅਤੇ ਕਾਰਪੋਰੇਸ਼ਨਜ਼ ਦੇ ਇਲੈਕਸ਼ਨ ਵੀ ਕਰਵਾ ਦਿੱਤੇ ਜਾਣ। ਮੈਂ ਇਸ ਤੋਂ ਜ਼ਿਆਦਾ ਹੋਰ ਕੁਝ ਨਾ ਕਹਿੰਦਾ ਹੋਇਆ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ।

**ਪ੍ਰੋਫੈਸਰ ਦਰਬਾਰੀ ਲਾਲ** (ਅੰਮ੍ਰਿਤਸਰ ਕੇਂਦਰੀ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਪਰੋਪ੍ਰੀਏਸ਼ਨ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਐਪਰੋ-

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਪ੍ਰੀਏਸ਼ਨ ਬਿਲ ਤੇ ਬਹੁਤ ਸਾਰੇ ਮਾਨਯੋਗ ਮੈਂਬਰਾਂ ਨੇ ਵਿਚਾਰ ਪ੍ਰਗਟ ਕੀਤੇ ਹਨ। ਸਭ ਤੋਂ ਪਹਿਲਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਉਰਦੂ ਦੇ ਵਿਕਾਸ ਵਾਸਤੇ 5 ਲੱਖ ਰੁਪਿਆ ਨਿਸਚਿਤ ਕੀਤਾ ਹੈ। ਚੇਅਰਮੈਨ ਸਾਹਿਬ, ਉਰਦੂ ਦਾ ਇਸ ਮੁਲਕ ਵਿੱਚ ਜਨਮ ਹੋਇਆ, ਇਸ ਦਾ ਇਥੇ ਵਿਕਾਸ ਹੋਇਆ ਔਰ ਇਸ ਮੁਲਕ ਵਿੱਚ ਬਹੁਤ ਪਾਪੂਲਰ ਲੈਂਗੂਏਜ ਬਣੀ। ਬਦਕਿਸਮਤੀ ਨਾਲ ਜਦੋਂ ਪਾਰਟੀਸ਼ਨ ਹੋਈ ਤਾਂ ਇਸ ਲੈਂਗੂਏਜ ਨੂੰ ਸਾਡੇ ਲੋਕਾਂ ਨੇ ਓਨ ਨਹੀਂ ਕੀਤਾ ਜਿਸ ਨਾਲ ਬੜੀ ਭਾਰੀ ਸੱਟ ਲਿਟਰੇਚਰ ਤੇ ਵੱਜੀ। ਉਰਦੂ ਦਾ ਓਰਿਜਨ ਗੋ ਪਰਸ਼ੀਆ ਵਿੱਚ ਹੈ ਮਗਰ ਜ਼ਿਆਦਾ ਤਰ ਇਹ ਨਾਰਦਰਨ ਇੰਡੀਆ ਔਰ ਹੈਦਰਾਬਾਦ ਤੇ ਸਾਊਥ ਇੰਡੀਆ ਵਿੱਚ ਪਾਪੂਲਰ ਹੋਈ। ਪੰਜਾਬ ਸਰਕਾਰ ਨੇ ਜੋ ਇਸ ਦੇ ਵਾਸਤੇ ਰੁਪਿਆ ਰਖਿਆ ਹੈ ਗੋ ਇਹ ਕਾਫ਼ੀ ਨਹੀਂ ਹੈ ਪਰ ਕਿਉਂਕਿ ਇਹ ਸ਼ੁਰੂ ਹੈ ਔਰ ਇਹ ਇਸ ਸਰਕਾਰ ਨੇ ਕਦਮ ਉਠਾਇਆ ਹੈ, ਇਸ ਲਈ ਇਹ ਕਾਫੀ ਹੈ। ਚੇਅਰਮੈਨ ਸਾਹਿਬ, ਕੋਈ ਵੀ ਭਾਸ਼ਾ ਉਨ੍ਹਾਂ ਚਿਰ ਸਰਵਾਈਵ ਨਹੀਂ ਹੋ ਸਕਦੀ ਜਿੰਨਾ ਚਿਰ ਉਹ ਸਕੂਲਾਂ, ਕਾਲਜਾਂ ਵਿੱਚ ਨਾ ਲਗੇ। ਤੁਸੀਂ ਜਾਣਦੇ ਹੋ ਕਿ ਸੰਸਕ੍ਰਿਤ ਕਿਸੇ ਜ਼ਮਾਨੇ ਵਿੱਚ ਬੜੀ ਪਾਪੂਲਰ ਲੈਂਗੂਏਜ ਸੀ ਔਰ ਇਹ ਸਟੇਟ ਲੈਂਗੂਏਜ ਵੀ ਰਹੀ ਹੈ ਔਰ ਤਮਾਮ ਗ੍ਰੰਥ ਇਸ ਭਾਸ਼ਾ ਵਿੱਚ ਰਚੇ ਗਏ ਪਰ ਵਕਤ ਗੁਜ਼ਰਦਾ ਗਿਆ ਅਤੇ ਇਹੀ ਸੰਸਕ੍ਰਿਤ ਬੋਲ ਚਾਲ ਦੀ ਆਮ ਭਾਸ਼ਾ ਨਾ ਹੋਣ ਕਰਕੇ ਕੁਝ ਥੋੜੇ ਜਿਹੇ ਲੋਕਾਂ ਤਕ ਹੀ ਸੀਮਿਤ ਰਹਿ ਗਈ। ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਰਦੂ ਲੈਂਗੂਏਜ ਵਾਸਤੇ ਜੋ ਰੁਪਿਆ ਲਾਇਆ ਗਿਆ ਹੈ ਇਸ ਭਾਸ਼ਾ ਦਾ ਵਿਕਾਸ ਕੀਤਾ ਜਾਵੇ। ਜਦੋਂ ਤਕ ਸਟੇਟ ਪੈਟਰੋਨਾਈਜ਼ ਨਹੀਂ ਕਰਾਂਗੇ, ਇਹ ਭਾਸ਼ਾ ਡਿਵੈਲਪ ਨਹੀਂ ਕਰ ਸਕਦੀ। ਇਸ ਲਈ ਮੇਰੀ ਬੇਨਤੀ ਹੈ ਕਿ ਜਿਥੇ ਅਸੀਂ ਰੁਪਿਆ ਲਗਾਉਣਾ ਹੈ ਉਥੇ ਉਸ ਦੇ ਨਾਲ ਇਸ ਨੂੰ ਕਾਫੀ ਅਹਿਮੀਅਤ ਦਿੱਤੀ ਜਾਵੇ ਤਾਂ ਕਿ ਇਹ ਆਪਣੀ ਖੋਹੀ ਹੋਈ ਪੁਜ਼ੀਸ਼ਨ ਰੀਗੇਨ ਕਰ ਸਕੇ ਅਤੇ ਆਮ ਲੋਕ ਉਰਦੂ ਤੋਂ ਫਾਇਦਾ ਉਠਾ ਸਕਣ। ਚੇਅਰਮੈਨ ਸਾਹਿਬ, ਪੰਜਾਬੀ ਸਾਹਿਤ ਵਾਸਤੇ ਜਿਹੜੀ ਸਾਡੀ ਨਾਗਰੀ ਜ਼ਬਾਨ ਹੈ 75 ਹਜ਼ਾਰ ਰੁਪਿਆ ਲੁਧਿਆਣਾ ਵਿੱਚ ਪੰਜਾਬੀ ਭਵਨ ਦਾ ਨਿਰਮਾਣ ਕਰਨ ਵਾਸਤੇ ਨਿਸਚਿਤ ਕੀਤਾ ਹੈ। ਇਹ ਜਿਹੜਾ ਇਕ ਭਵਨ ਦਾ ਨਿਰਮਾਨ ਹੋਵੇਗਾ ਇਸ ਦੇ ਵਿੱਚ ਪੰਜਾਬੀ ਲੇਖਕਾਂ ਨੂੰ, ਕਲਾਕਾਰਾਂ ਨੂੰ ਬੈਠਣ ਦਾ ਮੌਕਾ ਮਿਲੇਗਾ। ਮੇਰੀ ਬੇਨਤੀ ਹੈ ਕਿ ਪੰਜਾਬੀ ਸਹਿਤ ਨੂੰ ਪੰਜਾਬ ਵਿੱਚ ਹੀ ਨਹੀਂ ਬਾਕੀ ਜਗ੍ਹਾਂ ਤੇ ਵੀ ਇਸ ਦਾ ਕਾਫ਼ੀ ਪ੍ਰਚਾਰ ਹੋਣਾ ਚਾਹੀਦਾ ਹੈ। ਪੰਜਾਬੀ ਲਿਪੀ ਗੁਰੂ ਅੰਗਦ ਦੇਵ ਜੀ ਤੋਂ ਬੋਲ ਚਾਲ ਵਿੱਚ ਆਈ ਸੀ ਅਤੇ ਲਿਖਤ ਵਿੱਚ ਨਹੀਂ ਸੀ ਆਈ। ਜਿਸ ਤਰ੍ਹਾਂ ਪਸ਼ਤੋ ਜਾਂ ਦੂਸਰੀਆਂ ਹੋਰ ਭਾਸ਼ਾਵਾਂ ਹਨ ਜੋ ਬੋਲ ਚਾਲ ਵਿੱਚ ਆਉਂਦੀਆਂ ਹਨ ਅਤੇ ਲਿਖਣ ਵਿੱਚ ਕਿਸੇ ਦੂਸਰੀ ਭਾਸ਼ਾ ਦਾ ਸਹਾਰਾ ਲੈ ਕੇ ਆਪਣੇ ਵਿਚਾਰ ਕੋਈ ਪ੍ਰਗਟ ਕਰ ਸਕਦਾ ਹੈ। ਜਿਸ ਵੇਲੇ ਇਸ ਦੀ ਲਿੱਪੀ ਦਾ ਨਿਰਮਾਣ ਹੋਇਆ ਹੈ ਇਸ ਨੂੰ ਅਸੀਂ ਮੰਨ ਲਿਆ ਹੈ। ਪਿੰਡਾਂ ਵਿੱਚ ਸ਼ੁਰੂ ਤੋਂ ਹੀ ਸਕੂਲਾਂ ਵਿੱਚ ਬੱਚੇ ਪੰਜਾਬੀ ਪੜ੍ਹਦੇ ਹਨ ਅਤੇ ਸ਼ੁਰੂ ਤੋਂ ਹੀ ਉਨ੍ਹਾਂ ਨੂੰ ਮੁਹਾਰਤ ਹੋ ਜਾਂਦੀ ਹੈ। ਸ਼ਹਿਰਾਂ ਵਿੱਚ ਅਸੀਂ ਲੈਂਗੂਏਜ ਤੇ ਇਸ ਦੀ ਮਾਸਟਰੀ ਨਹੀਂ ਕਰ ਸਕਦੇ। ਕਿਉਂਕਿ ਹੁਣ ਸਾਡੇ ਜਿਹੜੇ ਪੀ. ਸੀ. ਐਸ. ਹਨ ਸਟੇਟ ਦੇ ਉਹ ਅਕਸਰ ਪੰਜਾਬ ਵਿਚ ਹਨ। ਸ਼ਹਿਰਾਂ ਵਿਚ ਜਿਹੜੇ ਸਕੂਲ ਹਨ ਉਥੇ ਪੰਜ਼ਾਬੀ ਕੰਪਲਸਰੀ ਕੀਤੀ ਜਾਏ ਤਾਕਿ ਬੱਚਿਆਂ ਨੂੰ ਪੰਜਾਬੀ ਤੋਂ ਅਲੱਗ ਨਾ ਰੱਖਿਆ ਜਾਏ।

ਚੇਅਰਮੈਨ ਸਾਹਿਬ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਇਹ ਪਾਸ ਕੀਤਾ ਹੈ ਕਿ ਪ੍ਰਾਈਵੇਟ ਸਟੂਡੈਂਟਸ ਜਿਹੜੇ ਅਕਸਰ ਮਾਰਚ, ਅਪਰੈਲ ਦੇ ਇਮਤਿਹਾਨਾਂ ਵਿਚ ਅਪੀਅਰ ਹੁੰਦੇ ਹਨ ਉਨ੍ਹਾਂ ਨੂੰ ਇਸ ਸਾਲ ਤੋਂ ਸਪਲੀਮੈਂਟਰੀ ਵਿਚ ਅਪੀਅਰ ਹੋਣ ਦੀ ਇਜਾਜ਼ਤ ਨਹੀਂ ਦਿੱਤੀ

Original with;
Punjab Vidhan Sabha
Digitized by;
Panjab Digital Library

ਜਾਏਗੀ। ਇਹ ਸਾਡੇ ਸਾਹਮਣੇ ਬੜੀ ਮੁਸ਼ਕਲ ਆ ਗਈ ਹੈ । ਇਹ ਤਾਂ ਬੱਚਿਆਂ ਦੇ ਕੈਰੀਅਰਜ਼ ਨਾਲ ਖੇਡਣ ਵਾਲੀ ਗਲ ਆ ਗਈ ਹੈ। ਉਨ੍ਹਾਂ ਨੂੰ ਸਾਲ ਬਾਦ ਇਜਾਜ਼ਤ ਮਿਲੇਗੀ ਅਤੇ ਇਸ ਤਰ੍ਹਾਂ ਉਹ ਛੇ ਮਹੀਨੇ ਪਿਛੇ ਰਹਿ ਜਾਣਗੇ। ਉਨ੍ਹਾਂ ਬੱਚਿਆਂ ਦੇ ਮਾਂ ਬਾਪ ਜਿਹੜੇ ਪੈਸੇ ਖਰਚ ਕਰਦੇ ਹਨ ਉਨ੍ਹਾਂ ਦੀ ਕੀ ਹਾਲਤ ਹੋਵੇਗੀ । ਇਹ ਉਹ ਬੱਚੇ ਹਨ ਜਿਨ੍ਹਾਂ ਦੇ ਮਾਂ ਬਾਪ ਗਰੀਬ ਹਨ, ਉਹ ਬੱਚੇ ਨਾਲ ਤਾਂ ਕੰਮ ਕਰਦੇ ਹਨ ਅਤੇ ਨਾਲ ਹੀ ਸਟੱਡੀ ਕਰਦੇ ਹਨ। ਇਸ ਤਰ੍ਹਾਂ ਉਨ੍ਹਾਂ ਨੂੰ 6 ਮਹੀਨੇ ਪਿਛੇ ਪਾ ਦਿੱਤਾ ਜਾਏਗਾ। ਮੈਂ ਕਹਿੰਦਾ ਹਾਂ ਕਿ ਸਰਕਾਰ ਇਹ ਚੀਜ਼ ਇਮੀਜੀਏਟਲੀ ਵਿਦਡਰਾ ਕਰੇ ਅਤੇ ਪ੍ਰਾਈਵੇਟਲੀ ਅਪੀਅਰ ਹੋਣ ਵਾਲੇ ਵਿਦਿਆਰਥੀਆਂ ਨੂੰ ਰੈਗੂਲਰ ਵਿਦਿਆਰਥੀਆਂ ਵਾਂਗ ਇਮ-ਤਿਹਾਨਾਂ ਵਿਚ ਅਪੀਅਰ ਹੋਣ ਦੀ ਇਜਾਜ਼ਤ ਦਿੱਤੀ ਜਾਏ।

ਚੇਅਰਮੈਨ ਸਾਹਿਬ, ਪਿਛਲੇ ਸੈਸ਼ਨ ਵਿਚ ਸਾਡੀ ਸਰਕਾਰ ਨੇ ਪ੍ਰਾਈਵੇਟ ਸਕੂਲ ਟੀਚਰਜ਼ ਵਾਸਤੇ ਕੁਝ ਮੰਗਾਂ ਮੰਨੀਆਂ ਸਨ, ਜਿਸ ਵਿਚ ਮੈਡੀਕਲ ਏਡ, ਪ੍ਰਾਵੀਡੈਂਟ ਫ਼ੰਡ ਸੀ । ਜਿਹੜੇ ਦੂਰ ਦਰਾਡੇ ਦੇ ਕਾਲਜ ਬਣੇ ਹਨ ਉਥੇ ਸਟਰੈਂਗਥ ਜ਼ਿਆਦਾ ਨਹੀਂ ਹੁੰਦੀ ਤੇ ਇਸ ਲਈ ਕਟ ਇਨ ਗ੍ਰਾਂਟਸ ਲਗਾ ਦਿਤੀ ਹੈ। ਕਈ ਕਈ ਮਹੀਨੇ ਤਨਖਾਹ ਨਹੀਂ ਮਿਲਦੀ ਉਥੇ ਇੰਨੀ ਮਾੜੀ ਪੁਜ਼ੀਸ਼ਨ ਹੋ ਗਈ ਹੈ ਕਿ ਉਹ ਬੰਦੇ ਬਹੁਤ ਮਹਿਸੂਸ ਕਰ ਰਹੇ ਹਨ। ਕਾਲਜ ਟੀਚਰਜ਼ ਕਈ ਸਾਲਾਂ ਤੋਂ ਕੋਸ਼ਿਸ਼ ਕਰ ਰਹੇ ਹਨ ਕਿ ਉਨ੍ਹਾਂ ਨੂੰ ਗੌਰਮਿੰਟ ਟੀਚਰਜ਼ ਮੁਤਾਬਕ ਤਨਖਾਹ ਮਿਲੇ 'ਔਰ ਜਿਹੜੀਆਂ ਸਹੂਲਤਾਂ ਉਨ੍ਹਾਂ ਨੂੰ ਮਿਲਦੀਆਂ ਹਨ ਉਹ ਉਨ੍ਹਾਂ ਨੂੰ ਵੀ ਮਿਲਣ। ਪ੍ਰਾਈਵੇਟ ਕਾਲਜ ਗੌਰਮਿੰਟ ਕਾਲਜਾਂ ਨਾਲੋਂ ਜ਼ਿਆਦਾ ਹਨ। ਉਨ੍ਹਾਂ ਵਿਚ ਚਾਰ ਪੰਜ ਹਜ਼ਾਰ ਦੀ ਸਟਰੈਂਗਥ ਹੁੰਦੀ ਹੈ। ਪਰੀਮੈਡੀਕਲ, ਇੰਜੀਨੀਅਰ ਅਤੇ ਡਾਕਟਰਜ਼ ਵੀ ਉਥੋਂ ਹੀ ਪੜ੍ਹ ਕੇ ਬਣਦੇ ਹਨ। ਕਹਿਣ ਦਾ ਮਤਲਬ ਇਹ ਹੈ ਕਿ ਪ੍ਰਾਈਵੇਟ ਅਦਾਰੇ ਜ਼ਿਆਦਾ ਤੋਂ ਜ਼ਿਆਦਾ ਮੇਹਨਤ ਕਰਾ ਕੇ ਬੱਚਿਆਂ ਨੂੰ ਪੜ੍ਹਾ ਕੇ ਅਗੇ ਲਿਆਉਂਦੇ ਹਨ, ਸਟਰੈਂਗਥ ਵੀ ਜ਼ਿਆਦਾ ਹੈ ਫਿਰ ਇਹ ਡਿਸਕਰੀਮੀਨੇਸ਼ਨ ਪ੍ਰਾਈਵੇਟ ਟੀਚਰਜ਼ ਨਾਲ ਠੀਕ ਨਹੀਂ । ਜਿਸ ਤਰ੍ਹਾਂ ਸਰਕਾਰੀ ਟੀਚਰਜ਼ ਨੂੰ ਭੱਤੇ ਮਿਲਦੇ ਹਨ, ਉਸ ਤਰ੍ਹਾਂ ਇਨ੍ਹਾਂ ਨੂੰ ਵੀ ਮਿਲਣੇ ਚਾਹੀਦੇ ਹਨ ਅਤੇ ਉਸੇ ਤਰ੍ਹਾਂ ਹੀ ਹਾਊਸ ਰੈਂਟ ਮਿਲਣਾ ਚਾਹੀਦਾ ਹੈ। ਅਸੀਂ ਕਮਿੱਟਮੈਂਟ ਕੀਤੀ ਹੈ ਉਸ ਨੂੰ ਪੂਰਾ ਕਰਨਾ ਚਾਹੀਦਾ ਹੈ। ਇਸ ਦੇ ਨਾਲ ਨਾਲ ਮੈਂ ਦਸਦਾ ਹਾਂ ਕਿ ਇਸ ਵਕਤ ਜਿਹੜੇ ਬੱਚੇ ਟਰੇਨਿੰਗ ਕਾਲਜਾਂ ਵਿਚ ਦਾਖਲ ਹੋਏ ਉਹ ਮੈਰਿਟਸ ਤੇ ਕੀਤੇ ਗਏ। ਪਰੈਪ, ਮੈਡੀਕਲ ਵਿਚ ਜਾਂ ਇੰਜੀਨੀਰਿੰਗ ਵਿਚ ਉਹ ਦਾਖ਼ਲ ਹੋਣਗੇ ਜੋ ਮੈਰਿਟ ਤੇ ਆਉਣਗੇ ਔਰ ਜਿਨ੍ਹਾਂ ਦੇ ਨੰਬਰ ਜ਼ਿਆਦਾ ਹੋਣਗੇ। ਇਸ ਲਈ ਮੈਂ ਕਹਿੰਦਾ ਹਾਂ ਕਿ ਜਿਹੜੇ ਟੀਚਰਜ਼ ਬੱਚਿਆਂ ਨੂੰ ਮੇਹਨਤ ਕਰਾਉਣਗੇ ਉਹੀ ਅੱਗੇ ਆ ਕੇ ਦਾਖ਼ਲੇ ਲੈ ਸਕਣਗੇ ਨਹੀਂ ਤਾਂ ਸਾਡਾ ਬਹੁਤ ਵੱਡਾ ਨੁਕਸਾਨ ਹੋ ਜਾਏਗਾ।

ਚੇਅਰਮੈਨ ਸਾਹਿਬ, ਸਾਡੀ ਸਰਕਾਰ ਨੇ ਅੰਮ੍ਰਿਤਸਰ ਨੂੰ ਸਪੈਸ਼ਲ ਅਹਿਮੀਅੱਤ ਦਿੱਤੀ ਹੈ । ਇਸ ਚੰਗੀ ਗਲ ਲਈ ਸਰਕਾਰ ਵਧਾਈ ਦੀ ਪਾਤਰ ਹੈ। ਸ੍ਰੀ ਦਰਬਾਰ ਸਾਹਿਬ ਅਤੇ ਦੁਰਗਿਆਨਾ ਮੰਦਰ ਦਾ ਪਾਣੀ ਖਾਸਾ ਗੰਦਾ ਹੋ ਗਿਆ ਸੀ, ਅਨਸਿਲਟਿਡ ਵਾਟਰ ਸਪਲਾਈ ਕਰਨ ਲਈ ਫੈਸਲਾ ਕੀਤਾ ਗਿਆ ਹੈ। ਇਸ ਦੇ ਲਈ 48 ਲੱਖ ਰੁਪਿਆ ਸਰਕਾਰ ਦੀ ਤਰਫੋਂ ਪਿਛਲੇ ਸਾਲ ਮਨਜ਼ੂਰ ਕੀਤਾ ਗਿਆ ਸੀ। ਸ੍ਰੀ ਦਰਬਾਰ ਸਾਹਿਬ ਵਾਸਤੇ 25 ਲੱਖ ਰੁਪਿਆ ਰਖਿਆ ਹੈ ਅਤੇ ਹੰਸਲੀਹ ਰਾਹੀਂ ਪਾਣੀ ਸਪਲਾਈ ਕੀਤਾ ਜਾਏਗਾ। ਦੁਰਗਿਆਨਾ ਮੰਦਰ ਵਾਸਤੇ 22 ਲੱਖ ਰੁਪਿਆ ਰਖਿਆ ਗਿਆ ਸੀ, ਉਹ ਵੀ ਕੰਮ ਚਾਲੂ ਹੋਣਾ ਹੈ, ਇਸ ਦਾ ਪਿਛਲੇ ਐਤਵਾਰ ਨੂੰ ਉਦਘਾਟਨ ਕਰਕੇ ਆਏ ਹਨ, ਇਹ ਜਲਦੀ ਜਲਦੀ ਕੰਮ ਸ਼ੁਰੂ ਹੋ ਜਾਏਗਾ। ਇਸ ਦੇ ਨਾਲ ਨਾਲ ਅੰਮ੍ਰਿਤਸਰ ਦੀ ਡਿਵੈਲਪਮੈਂਟ ਵਾਸਤੇ ਕਾਫ਼ੀ ਕਦਮ ਉਠਾਏ ਗਏ ਹਨ। ਇਕ ਪੁਲ ਜਿਹੜਾ ਬ੍ਰਿਟਿਸ਼ ਗੌਰਮਿੰਟ ਦੇ ਵੇਲੇ ਪਰਪੋਜ਼ ਹੋਇਆ ਸੀ ਕਈ ਸਾਲ ਗੁਜ਼ਰ ਗਏ ਕਿਸੇ ਨੇ ਧਿਆਨ ਨਹੀਂ ਦਿੱਤਾ ਪਰ ਅੱਜ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਧਿਆਨ ਕੀਤਾ ਹੈ ਅਤੇ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਉਹ ਪੁਲ ਬਣਾਉਣਾ ਸ਼ੁਰੂ ਕੀਤਾ ਹੈ। ਉਸ ਤੇ 1.30 ਕਰੋੜ ਰੁਪਿਆ ਖਰਚ ਆਉਣਾ ਹੈ, ਅਤੇ ਸਰਕਾਰ ਨੇ 70 ਲੱਖ ਰੁਪਏ ਦੀ ਮਨਜ਼ੂਰੀ ਦਿਤੀ ਹੈ। ਇਸੇ ਤਰ੍ਹਾਂ ਰੀਗੋ ਪੁਲ ਹੈ ਜਿਹੜਾ 15 ਸਾਲਾਂ ਤੋਂ ਨਾਕਾਰਾ ਪਿਆ ਸੀ, ਉਸ ਤੇ 80 ਲੱਖ ਰੁਪਿਆ ਲਗਾਉਣ ਦਾ ਫੈਸਲਾ ਕੀਤਾ ਹੈ । ਚੇਅਰਮੈਨ ਸਾਹਿਬ, ਕੁੱਝ ਪ੍ਰਾਬਲਮਜ਼ ਅਕਸਰ ਸਾਡੇ ਸਾਹਮਣੇ ਆਉਂਦੀਆਂ ਹਨ। ਅਕਸਰ ਬੱਸਾਂ ਵਿਚ ਯਾਤਰਾ ਕਰਨ ਵਾਲੇ ਯਾਤਰੀ ਜਦੋਂ ਐਕਸੀਡੈਂਟ ਹੋ ਜਾਂਦਾ ਹੈ ਤਾਂ ਕਈ ਮੌਤਾਂ ਹੋ ਜਾਂਦੀਆਂ ਹਨ, ਕਈਆਂ ਨੂੰ ਸੱਟਾਂ ਲਗ ਜਾਂਦੀਆਂ ਹਨ ਅਤੇ ਸਰਕਾਰ ਉਨ੍ਹਾਂ ਨੂੰ ਥੋੜ੍ਹਾ ਬਹੁਤਾ ਮੁਆਵਜ਼ਾ ਦਿੰਦੀ ਹੈ। ਮੇਰੀ ਤਜਵੀਜ਼ ਹੈ ਕਿ ਪੈਂਸੰਜਰ ਇਨਸ਼ੋਰੈਂਸ ਸਕੀਮ ਸਟੇਟ ਵਿਚ ਲਾਗੂ ਹੋਣੀ ਚਾਹੀਦੀ ਹੈ ਤਾਂਕਿ ਕਿਤੇ ਵੀ ਐਕਸੀਡੈਂਟ ਹੋ ਜਾਏ ਤਾਂ ਬਜਾਏ ਦੋ ਸੌ, ਜਾਂ ਪੰਜ ਸੌ ਦੇਣ ਦੇ ਉਨ੍ਹਾਂ ਦੀ ਖਾਸੀ ਮੱਦਦ ਹੋ ਸਕੇ। ਗਰੀਬ ਆਦਮੀ ਜਿਹੜੇ ਯਾਤਰਾ ਕਰਦੇ ਹਨ, ਉਨ੍ਹਾਂ ਨੂੰ ਇਹ ਮੱਦਦ ਮਿਲ ਸਕੇਗੀ।

ਇਸ ਦੇ ਨਾਲ ਨਾਲ ਹੀ ਥੀਨ ਡੈਮ ਦੀ ਗਲ ਹੈ, ਅਗਰ ਇਹ ਅੱਜ ਤੋਂ 18 ਸਾਲ ਪਹਿਲਾਂ ਬਣ ਜਾਂਦਾ ਤਾਂ 90 ਕਰੋੜ ਰੁਪਿਆ ਖਰਚ ਆਉਂਣਾ ਸੀ, ਪਰ ਵਜੂਹਾਤ ਕੁਝ ਇਸ ਤਰ੍ਹਾਂ ਦੇ ਹਨ ਕਿ ਇਹ ਨਹੀਂ ਹੋ ਸਕਿਆ। ਪਾਣੀ ਪਾਕਿਸਤਾਨ ਨੂੰ ਜਾਂਦਾ ਰਿਹਾ, ਬਿਜਲੀ ਪੈਦਾ ਨਹੀਂ ਹੋ ਸਕੀ। ਇੰਡਸਟਰੀ ਨੂੰ ਫ਼ਾਇਦਾ ਹੋਵੇ, ਇਰੀਗੇਸ਼ਨ ਪਰੱਪਜ਼ ਲਈ ਪਾਣੀ ਵਰਤਿਆ ਜਾਏ ਸਰਕਾਰ ਨੇ ਪਿਛਲੀ ਵਾਰੀ ਵਿਸ਼ਵਾਸ ਦਿਲਾਇਆ ਸੀ ਕਿ ਇਸ ਤੇ ਕਾਫ਼ੀ ਰੁਪਿਆ ਖਰਚ ਕੀਤਾ ਜਾਏਗਾ। ਹੁਣ ਕਾਸਟ ਆਫ਼ ਕਨਸਟਰੱਕਸ਼ਨ ਇੰਨੀਂ ਵੱਧ ਗਈ ਹੈ ਕਿ 90 ਕਰੋੜ ਰੁਪਏ ਦੀ ਬਜਾਏ 600 ਕਰੋੜ ਰੁਪਏ ਲਗਣਗੇ। ਸਾਡੇ ਕੋਲ ਇਤਨੇ ਸਾਧਨ ਨਹੀਂ ਹਨ ਅਸੀਂ ਇਤਨਾ ਪੈਸਾ ਮੋਬੇਲਾਈਜ਼ ਨਹੀਂ ਕਰ ਸਕਾਂਗੇ। ਚੌਧਰੀ ਸਾਹਿਬ ਬੈਠੇ ਹਨ ਇਹ ਮੇਰੀ ਬੇਨਤੀ ਹੈ ਕਿ ਕਿਸੇ ਇੰਟਰਨੈਸ਼ਨਲ ਏਜੰਸੀ ਤੋਂ ਜਿਸ ਤਰ੍ਹਾਂ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵਾਸਤੇ ਲਿਆ ਹੈ, ਟਿਊਬਵੈੱਲ ਕਾਰਪੋਰੇਸ਼ਨ ਵਾਸਤੇ ਜਾਂ ਫਿਰ ਜਿਸ ਤਰ੍ਹਾਂ ਜੀ. ਟੀ. ਰੋਡ ਨੂੰ ਫ਼ੋਰ ਲਿੰਕ ਬਣਾਉਣ ਵਾਸਤੇ 100 ਕਰੋੜ ਰੁਪਿਆ ਲਿਆ ਹੈ ਉਸ ਦੀ ਮੱਦਦ ਲੈ ਕੇ ਇਸ ਨੂੰ ਕੰਪਲੀਟ ਕੀਤਾ ਜਾਏ। ਇਸ ਦੇ ਨਾਲ ਸਭ ਤੋਂ ਜ਼ਿਆਦਾ ਫ਼ਾਇਦਾ ਪੰਜਾਬ ਨੂੰ ਹੋਵੇਗਾ। ਇੰਡਸਟਰੀ ਦੀ ਡਿਵੈਲਪਮੈਂਟ ਹੋਵੇਗੀ, ਇਰੀਗੇਸ਼ਨ ਵਾਸਤੇ ਲਾਭ ਹੋਵੇਗਾ। ਇਸ ਦੇ ਨਾਲ ਹੀ ਮੈਂ ਕਹਿੰਦਾ ਹਾਂ ਕਿ ਇਥੇ ਮਾਈਕਰੋ ਹਾਈਡਲ ਪ੍ਰਾਜੈਕਟਸ ਬਾਰੇ ਸੀ. ਐਮ. ਸਾਹਿਬ ਨੇ ਕਿਹਾ ਸੀ ਕਿ 100 ਦੇ ਕਰੀਬ ਜਗ੍ਹਾ ਲਭੀਆਂ ਹਨ, ਪਰ ਅੱਜੇ ਤਕ ਮੇਰਾ ਖਿਆਲ ਹੈ ਕਿ ਕਿਸੇ ਪਾਸੇ ਗਲ ਸਿਰੇ ਨਹੀਂ ਲਗੀ, ਇਸ ਨੂੰ ਜਲਦੀ ਕੀਤਾ ਜਾਏ ਤਾਂਕਿ ਬਿਜਲੀ ਪ੍ਰਾਪਤ ਕੀਤੀ ਜਾ ਸਕੇ।

ਇਸ ਦੇ ਨਾਲ ਹੀ ਮੈਂ ਕਾਰਪੋਰੇਸ਼ਨਾਂ ਦੇ ਬਾਰੇ ਗਲ ਕਰਨਾ ਚਾਹੁੰਦਾ ਹਾਂ ਖਾਸ ਕਰਕੇ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ, ਇਨ੍ਹਾਂ ਸ਼ਹਿਰਾਂ ਦੀ ਡਿਵੈਲਪਮੈਂਟ ਪਿਛਲੇ ਕੁੱਝ ਸਾਲਾਂ ਤੋਂ ਰੁੱਕ ਗਈ ਹੈ। ਇਕ ਗੌਰਮਿੰਟ ਨੇ ਨਾਕਾਰਾ ਬੱਸਾਂ ਦੇ ਦਿੱਤੀਆਂ ਹਨ ਜਿਹੜੀਆਂ ਬਿਲਕੁਲ ਕੰਮ ਦੇ ਯੋਗ ਨਹੀਂ ਸਨ। ਨਵੀਆਂ ਬੱਸਾਂ ਖਰੀਦਣੀਆਂ ਪਈਆਂ। ਸ਼ਹਿਰਾਂ ਦੀ ਆਮਦਨ ਦਾ ਕੋਈ ਸਾਧਨ ਨਹੀਂ, ਇਸ ਲਈ ਡਿਵੈਲਪਮੈਂਟ ਦੇ ਕੰਮ ਨਹੀਂ ਕਰ ਸਕਦੇ। ਅਗਰ ਇਹ ਬੱਸਾਂ ਸਟੇਟ ਗੌਰਮਿੰਟ ਵਾਪਸ ਲੈ ਲਵੇ ਬਹੁਤ ਅੱਛਾ ਹੋਵੇ, ਅਗਰ ਵਾਪਸ ਨਹੀਂ ਲੈਣੀਆਂ ਤਾਂ ਬੱਸਾਂ ਕਾਰਪੋਰੇਸ਼ਨ ਚਲਾਉਣ ਦੀ ਬਜਾਏ, ਜਿਸ ਤਰ੍ਹਾਂ ਦਿੱਲੀ ਵਿਚ ਮਿੰਨੀ ਬੱਸਾਂ ਪ੍ਰਾਈਵੇਟ ਲੋਕਾਂ ਨੂੰ ਦਿਤੀਆਂ ਹਨ ਉਹ ਚਲਾਉਣ। ਇਸ ਦੇ ਨਾਲ ਸਰਕਾਰ ਨੂੰ ਜ਼ਿਆਦਾ ਆਮਦਨ ਹੋਵੇਗੀ ਔਰ ਇਨ੍ਹਾਂ ਸ਼ਹਿਰਾਂ ਦੀ ਵੀ ਡਿਵੈਲਪਮੈਂਟ ਹੋਵੇਗੀ।

ਇਸੇ ਤਰ੍ਹਾਂ ਐਕਸਾਈਜ਼ ਵਿਚੋਂ ਇਹ ਪ੍ਰਾਮਿਜ਼ ਕੀਤਾ ਗਿਆ ਸੀ ਕਿ ਅਸੀਂ ਜ਼ਿਆਦਾ ਪੈਸਾ ਦਿਆਂਗੇ ਪਰ ਅਜੇ ਤਕ ਜਿੰਨੀ ਆਮਦਨ ਹੈ ਉਸ ਦਾ 50 ਪ੍ਰਤੀਸ਼ਤ ਦਿੱਤਾ ਗਿਆ ਹੈ। ਮੇਰੀ ਬੇਨਤੀ ਹੈ ਕਿ ਇਸ

Original with;
Punjab Vidhan Sabha
Digitized by;
Panjab Digital Library

ਨੂੰ ਵਧਾਇਆ ਜਾਏ ਤਾਂਕਿ ਡਿਵੈਲਪਮੈਂਟ ਦੇ ਕੰਮ ਨਾ ਰੁਕਣ। ਇਸ ਦੇ ਨਾਲ ਹੀ ਨਾਲ ਚੇਅਰਮੈਨ ਸਾਹਿਬ ਕਈ ਜਗ੍ਹਾ ਤੇ ਨੈਚੁਰਲ ਚੇਂਜਿਜ਼ ਆ ਰਹੀਆਂ ਹਨ। ਜ਼ਮੀਨ ਵਿਚ ਕਈ ਥਾਵਾਂ ਤੇ ਪਾਣੀ ਦਾ ਲੈਵਲ ਰੇਜ਼ ਹੋ ਗਿਆ ਅਤੇ ਕਈ ਥਾਵਾਂ ਤੇ ਡਾਊਨ। ਮੁਕਤਸਰ ਵਿਚ ਪਹਿਲਾਂ 20, 25 ਫੁਟ ਤਕ ਪਾਣੀ ਸੀ, ਹੁਣ 3, 4 ਫੁਟ ਤਕ ਆ ਗਿਆ ਹੈ, ਅਗਰ ਇਸ ਤਰ੍ਹਾਂ ਆਉਂਦਾ ਰਿਹਾ ਤਾਂ ਮੁਕਤਸਰ ਸ਼ਹਿਰ ਇਕ ਝੀਲ ਬਣ ਜਾਏਗਾ। ਇਸੇ ਤਰ੍ਹਾਂ ਬਠਿੰਡਾ ਵਿਚ ਕਿਸੇ ਜਗ੍ਹਾ ਤੇ ਪਾਣੀ ਉਪਰ ਆ ਗਿਆ ਹੈ ਅਤੇ ਕਿਸੇ ਜਗ੍ਹਾ ਤੇ ਬਿਲਕੁਲ ਥੱਲੇ ਹੈ। ਮੈਂ ਕਹਿੰਦਾ ਹਾਂ ਕਿ ਸਾਰਾ ਸਰਵੇ ਕਰਾਇਆ ਜਾਏ ਜਾਂ ਟਿਊਬਵੈਲਜ਼ ਲਗਾਏ ਜਾਣ ਤਾਂਕਿ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਦੀ ਮੱਦਦ ਉਥੇ ਕਰ ਸਕੀਏ।

ਚੇਅਰਮੈਨ ਸਾਹਿਬ, ਸਾਡੇ ਸ਼ਹਿਰ ਵਿੱਚ ਡੇਅਰੀਆਂ ਦੀ ਪ੍ਰਾਬਲਮ ਹੈ। ਇਸ ਬਾਰੇ ਇਥੇ ਕੁੱਝ ਡਿਸਕਸ਼ਨ ਹੋਈ। ਇਨ੍ਹਾਂ ਨੂੰ ਜਲਦੀ ਤੋਂ ਜਲਦੀ ਬਾਹਰ ਕੱਢ ਦੇਣਾ ਚਾਹੀਦਾ ਹੈ। ਅਸੀਂ ਸ਼ਹਿਰਾਂ ਵਿੱਚ 70 ਕਰੋੜ ਰੁਪਿਆ ਖਰਚ ਕੀਤਾ ਹੈ। ਸੀਵਰ ਪਾਏ ਹਨ ਅਤੇ ਵਾਟਰ ਸਪਲਾਈ ਦਾ ਇੰਤਜ਼ਾਮ ਕੀਤਾ ਹੈ। ਜਿਤਨਾ ਡੰਗਰਾਂ ਦਾ ਗੋਹਾ ਹੁੰਦਾ ਹੈ ਉਸ ਨੂੰ ਉਹ ਖੁਲ੍ਹੇ ਸੀਵਰ ਵਿੱਚ ਸੁੱਟ ਦਿੰਦੇ ਹਨ ਅਤੇ ਉਹ ਚੋਕ ਹੋ ਜਾਂਦੇ ਹਨ। ਸ਼ਹਿਰਾਂ ਵਿੱਚ ਪਾਣੀ ਇਕੱਠਾ ਹੋ ਜਾਂਦਾ ਹੈ। ਜਿਸ ਤਰ੍ਹਾਂ ਲੁਧਿਆਣੇ ਸ਼ਹਿਰ ਵਿੱਚ ਡੇਅਰੀਆਂ ਬਾਹਰ ਕੱਢ ਦਿੱਤੀਆਂ ਹਨ, ਮੇਰੀ ਬੇਨਤੀ ਹੈ ਕਿ ਉਸੇ ਤਰ੍ਹਾਂ ਜਲੰਧਰ ਅਤੇ ਅੰਮ੍ਰਿਤਸਰ ਸ਼ਹਿਰ ਵਿਚੋਂ ਵੀ ਜਿਥੇ ਕਿ ਕਾਫੀ ਕਨਜੈਸ਼ਨ ਹੈ, ਉਥੇ ਇਨ੍ਹਾਂ ਡੇਅਰੀਆਂ ਨੂੰ ਬਾਹਰ ਕੱਢ ਦਿੱਤਾ ਜਾਵੇ। ਇਸ ਦੇ ਨਾਲ ਸੀਵਰੇਜ ਨੂੰ ਵੀ ਕਾਫੀ ਸਹੂਲਤ ਮਿਲੇਗੀ।

ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਕਾਲਜ ਟੀਚਰਜ਼ ਦੀ ਮੰਗਾਂ ਬਾਰੇ ਮੈਂ ਦੁਬਾਰਾ ਬੇਨਤੀ ਕਰਾਂਗਾ ਕਿ ਸਰਕਾਰ ਇਨ੍ਹਾਂ ਨੂੰ ਪ੍ਰਵਾਨ ਕਰੇ ਕਿਉਂਕਿ ਇੱਕ ਦੋ ਦਿਨਾਂ ਵਿੱਚ ਉਨ੍ਹਾਂ ਨੇ ਡੀਮਾਂਸਟਰੇਸ਼ਨ ਕਰਨੀ ਹੈ। ਸਟੂਡੈਂਟਸ ਆਲ-ਮੋਸਟ ਕਾਲਜਾਂ ਤੋਂ ਬਾਹਰ ਬੈਠੇ ਹਨ। ਧੰਨਵਾਦ।

**ਪ੍ਰੋਫੈਸਰ ਬਲਵੰਤ ਸਿੰਘ (ਰਾਜਪੁਰਾ):** ਚੇਅਰਮੈਨ ਸਾਹਿਬ, ਮੈਂ ਐਪਰੋਪ੍ਰੀਏਸ਼ਨ ਬਿਲ ਤੇ ਬੋਲਣ ਲਈ ਖੜਾ ਹੋਇਆ ਹਾਂ। ਸਭ ਤੋਂ ਪਹਿਲਾਂ ਮੇਰੀ ਬੇਨਤੀ ਇਹ ਹੈ ਕਿ ਮੁੱਖ ਮੰਤਰੀ ਸਾਹਿਬ ਅਤੇ ਸਾਡੀ ਸਰਕਾਰ ਉਨ੍ਹਾਂ ਅਦਾਰਿਆਂ ਵਿੱਚ ਬੜੀ ਘੁਟਨ ਮਹਿਸੂਸ ਕਰ ਰਹੀ ਹੈ, ਜਿਨ੍ਹਾਂ ਨੂੰ ਕੁਰ-ਬਾਨੀਆਂ ਦੇ ਕੇ ਅਸੀਂ ਬਣਾਇਆ ਹੈ। ਇਹ ਅਦਾਰੇ ਜਮਹੂਰੀਅਤ ਦੇ ਸਿੰਬਲ ਹਨ, ਉਨ੍ਹਾਂ ਦੇ ਵਿੱਚ ਇਸ ਤਰ੍ਹਾਂ ਘੁੱਟੇ ਘੁੱਟੇ ਕਿਉਂ ਮਹਿਸੂਸ ਕਰਦੇ ਹਨ। ਇਥੇ ਸੈਸ਼ਨ ਤਿੰਨ ਤਿੰਨ ਮਹੀਨੇ ਲੰਮੇ ਚਲਦੇ ਹੁੰਦੇ ਸਨ। ਹੁਣ ਇੱਕ ਦੋਸਤ ਜੋ ਨਾਰਾਜ਼ ਸੀ ਉਹ ਬੜੇ ਕਨਫੀਡੈਂਸ ਨਾਲ ਮੈਨੂੰ ਦਸ ਰਿਹਾ ਸੀ ਕਿ ਸ਼ਾਇਦ ਕੱਲ੍ਹ ਨੂੰ ਸੈਸ਼ਨ ਉਠਾ ਰਹੇ ਹਨ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਅਦਾਰਿਆਂ ਵਿੱਚ ਇਹ ਘੁਟਨ ਕਿਉਂ ਮਹਿਸੂਸ ਕਰਨ ਲਗ ਪਏ ਹਨ? ਇਸ ਤਰ੍ਹਾਂ ਜਮਹੂਰੀਅਤ ਕਿਸ ਤਰ੍ਹਾਂ ਰਹੇਗੀ। ਇਸ ਦੇ ਲਈ ਅਸੀਂ ਫਿਕਰਮੰਦ ਹੋਣੇ ਚਾਹੀਦੇ ਹਾਂ। ਮੈਂ ਐਪਰੋਪ੍ਰੀਏਸ਼ਨ ਬਿਲ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿੱਚ ਤੁਸੀਂ ਵੇਖਿਆ ਹੈ ਕਿ ਕੀ ਹੋਇਆ ਹੈ? ਪੰਜਾਬ ਦੇ ਹਾਲਾਤ ਤੋਂ ਤੁਸੀਂ ਭਲੀ ਭਾਂਤੀ ਵਾਕਿਫ ਹੋ। ਤੁਹਾਡੀ ਵਾਕਫੀਅਤ ਹੋਰ ਜ਼ਿਆਦਾ ਇਸ ਲਈ ਹੋਣੀ ਹੈ ਕਿਉਂਕਿ ਤੁਸੀਂ ਉਸ ਪਾਸੇ ਦੇ ਹੋ ਜਿਸ ਪਾਸਿਓਂ ਘਟਨਾਵਾਂ ਜ਼ਿਆਦਾ ਸ਼ੁਰੂ ਹੁੰਦੀਆਂ ਹਨ। ਸਾਨੂੰ ਪਿਛਲੇ ਸਮੇਂ ਵਿੱਚ ਇਸ ਤਰ੍ਹਾਂ ਲਗਿਆ ਜਿਵੇਂ ਕੋਈ ਰਾਜ ਹੀ ਨਹੀਂ ਹੋ ਰਿਹਾ। ਸਾਨੂੰ ਪੁੱਛੇ ਬਗੈਰ ਇਹ ਹੋਇਆ। ਸਾਡੇ ਪੰਜਾਬ ਦੀ ਟੋਟਲ ਐਡਮਨਿਸਟਰੇਸ਼ਨ ਨੂੰ ਨਾਅਹਿਲ ਅਤੇ ਨਾਲਾਇਕ ਕਰਾਰ ਦਿੱਤਾ ਗਿਆ ਅਤੇ ਇਨ੍ਹਾਂ ਤੋਂ ਪੁੱਛੇ ਬਗੈਰ, ਇਨ੍ਹਾਂ ਨੂੰ ਕਨਫੀਡੈਂਸ ਵਿੱਚ ਲਏ ਬਗੈਰ ਹਰਿਆਣੇ ਦੇ ਕਾਡਰ ਦਾ ਇੱਕ ਆਈ. ਜੀ. ਉਥੋਂ ਬਦਲ ਕੇ ਪੰਜਾਬ ਵਿੱਚ ਆਈ. ਜੀ. ਬਣਾ ਕੇ ਲਾ ਦਿੱਤਾ ਅਤੇ ਇਨ੍ਹਾਂ ਸਾਰਿਆਂ ਦੇ ਉਤੇ ਉਸ ਨੂੰ ਲਾਉਣ ਲਈ ਪੰਜਾਹ ਹੀਲੇ ਕੀਤੇ ਗਏ। ਸਾਰਿਆਂ ਦੀ ਫੱਟੀ ਪੋਚੀ ਗਈ ਅਤੇ ਇਥੇ ਕੇਂਦਰ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਦਾ ਸ਼ਾਸਨ ਚਲ ਰਿਹਾ ਹੈ। ਅਸੀਂ ਕਿਵੇਂ ਮੰਨੀਏ ਕਿ ਇਥੇ ਪੰਜਾਬੀਆਂ ਦੀ ਹਕੂਮਤ ਚਲ ਰਹੀ ਹੈ। ਫਿਰ ਤੁਹਾਨੂੰ ਪਤਾ ਹੈ ਕਿ ਯੂ. ਟੀ. ਵਿੱਚ ਵੀ ਇਹੀ ਹਾਲ ਹੋ ਰਿਹਾ ਹੈ। ਮੈਂ ਆਪਣਾ ਇਹ ਪੁਆਇੰਟ ਉਠਾ ਰਿਹਾ ਸੀ ਕਿ ਅਸੀਂ ਆਪਣੇ ਜਰਨੈਲਾਂ ਦੇ ਵਕੀਲ ਨਹੀਂ ਹਾਂ ਪਰ ਜਮਹੂਰੀਅਤ ਅਤੇ ਸਮਾਜ ਦੇ ਢਾਂਚੇ ਦੀ ਜ਼ਿਮੇਵਾਰੀ ਸਾਡੀ ਬਣਦੀ ਹੈ। ਜਿਹੜੇ ਜਰਨੈਲ ਹੁੰਦੇ ਹਨ ਉਹ ਬੜੇ ਜ਼ਿਮੇਵਾਰ ਹੁੰਦੇ ਹਨ ਅਤੇ ਉਨ੍ਹਾਂ ਦਾ ਬੜਾ ਭਾਰੀ ਸੱਤਰ ਹੁੰਦਾ ਹੈ ਸਮਾਜ ਦੇ ਅੰਦਰ । ਪੁਲਿਸ ਦੇ ਜਰਨੈਲ ਦਾ ਦਿਨ ਦਿਹਾੜੇ ਕਤਲ ਹੋ ਗਿਆ। ਇਸ ਤੋਂ ਵੱਡੀ ਬੇਵਿਸਾਹੀ ਗੌਰਮਿੰਟ ਦੇ ਖਿਲਾਫ ਹੋਰ ਕੀ ਹੋ ਸਕਦੀ ਹੈ। ਕੇਂਦਰ ਦਾ ਫਤਵਾ ਕੀ ਹੋਵੇਗਾ ? ਇਨ੍ਹਾਂ ਤੋਂ ਪੁੱਛੇ ਬਗੈਰ ਸੀ. ਬੀ. ਆਈ ਦੀ ਇਨ-ਕੁਆਇਰੀ ਲਗਾ ਦਿੱਤੀ। ਸੀ. ਬੀ. ਆਈ. ਦਾ ਫਤਵਾ ਆ ਗਿਆ ਕਿ ਬਹੁਤ ਵੱਡੇ ਸਿਆਸਤਦਾਨਾਂ ਦਾ ਇਸ ਵਿੱਚ ਹੱਥ ਹੈ। ਸਾਡੀ ਸਰਕਾਰ ਨੇ ਇਸ ਨੂੰ ਰਿਬੱਟ ਨਹੀਂ ਕੀਤਾ ਅਤੇ ਨਾ ਹੀ ਇਸ ਦੇ ਬਾਰੇ ਪਰੈਸ ਵਿੱਚ ਸਰਕਾਰ ਦੀ ਕੋਈ ਸਟੇਟਮੈਂਟ ਆਈ। ਨਾ ਕਿਸੇ ਨੇ ਜੁਰੱਅਤ ਕੀਤੀ ਕਿ ਇਸ ਤੇ ਕੋਈ ਰਿਐਕਸ਼ਨ ਹੋਵੇ। ਅਸੀਂ ਕਿਵੇਂ ਮੰਨ ਲਈਏ ਕਿ ਇਥੇ ਪੰਜਾਬ ਦੀ ਸਰਕਾਰ ਹੈ। ਅੱਜ ਕਿਸੇ ਦੀ ਮਜਾਲ ਨਹੀਂ ਜਿਹੜਾ ਇਹ ਕਹਿ ਸਕੇ ਕਿ ਮੈਂ ਆਪਣੇ ਘਰੋਂ ਨਿਕਲ ਕੇ ਵਾਪਸ ਘਰ ਪਰਤ ਆਵਾਂਗਾ। ਅਸੀਂ ਸਾਰੇ ਲੋਕ ਉਨ੍ਹਾਂ ਦੇ ਰਹਿਮ ਤੇ ਹਾਂ। ਵਰਨਾ ਇਥੇ ਕਿਸੇ ਦੀ ਸਿਕਿਉਰਿਟੀ ਨਹੀਂ ਹੈ। ਇਥੇ ਜਿਹੜੀਆਂ ਲੰਮੀਆਂ ਕੰਡਿਆਂ ਵਾਲੀਆਂ ਤਾਰਾਂ ਲਗੀਆਂ ਹਨ ਇਹ ਕੀ ਕਹਾਣੀ ਕਹਿੰਦੀਆਂ ਹਨ। ਇਹ ਪੰਜਾਬ ਦੇ ਅੰਦਰ ਸਾਰੇ ਵਾਤਾਵਰਣ ਦੀ ਬਹੁਤ ਤਰਸਯੋਗ ਗਾਥਾ ਨੂੰ ਰੂਪਮਾਨ ਕਰਦੀਆਂ ਹਨ ਕਿ ਕਿਸ ਤਰ੍ਹਾਂ ਇਨ੍ਹਾਂ ਕੰਡੇਦਾਰ ਅਤੇ ਪੇਚਦਾਰ ਤਾਰਾਂ ਦੇ ਅੰਦਰ ਰਹਿ ਕੇ ਅਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਇਥੇ ਪਹੁੰਚਦੇ ਹਾਂ। ਜਦੋਂ ਲੋਕ ਇਨ੍ਹਾਂ ਤਾਰਾਂ ਨੂੰ ਵੇਖਦੇ ਹਨ ਤਾਂ ਉਹ ਕਹਿੰਦੇ ਹਨ ਕਿ ਕੀ ਇਹ ਤਾਰਾਂ ਤੁਹਾਡੀ ਰਾਖੀ ਵਾਸਤੇ ਲਾਈਆਂ ਗਈਆਂ ਹਨ। ਅਸੀਂ ਕਿਹਾ ਕਿ ਸਾਡੀ ਰਾਖੀ ਲਈ ਨਹੀਂ ਲਾਈਆਂ ਗਈਆਂ। ਫਿਰ ਉਹ ਕਹਿੰਦੇ ਹਨ ਕਿ ਇਹ ਸਾਰੇ ਕਾਂਗਰਸੀ ਐਮ. ਐਲ. ਏਜ਼, ਦੀ ਹਿਫਾਜ਼ਤ ਲਈ ਲਾਈਆਂ ਗਈਆਂ ਹਨ। ਅਸੀਂ ਕਹਿੰਦੇ ਹਾਂ ਕਿ ਨਹੀਂ ਉਨ੍ਹਾਂ ਦੀ ਰਾਖੀ ਲਈ ਵੀ ਨਹੀਂ ਲਗਾਈਆਂ ਗਈਆਂ। ਮੈਂ ਜਵਾਬ ਦਿੱਤਾ ਕਿ ਇਸ ਤਰ੍ਹਾਂ ਲਗਦਾ ਹੈ ਕਿ ਅਸਲ ਵਿੱਚ ਅਤਿ-ਵਾਦੀਆਂ ਦੀ ਰਾਖੀ ਲਈ ਸਰਦਾਰ ਦਰਬਾਰਾ ਸਿੰਘ ਨੇ ਇਹ ਲਵਾਈਆਂ ਹਨ। ਸਰਦਾਰ ਦਰਬਾਰਾ ਸਿੰਘ ਨੂੰ ਵੀ ਕੋਈ ਖਤਰਾ ਨਹੀਂ ਹੈ। ਸਾਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਇਹ ਇੱਕ ਬਹੁਤ ਵੱਡੀ ਸਾਜ਼ਿਸ਼ ਹੈ। ਸਰਕਾਰ ਉਹ ਬਿਆਨ ਦਿੰਦੇ ਹਨ ਜਿਹੜੇ ਅਤਿਵਾਦੀਆਂ ਨੂੰ ਸਿਊਟ ਕਰਦੇ ਹਨ ਅਤੇ ਅਤਿਵਾਦੀ ਉਹ ਬਿਆਨ ਦਿੰਦੇ ਹਨ ਜੋ ਸਰਕਾਰ ਨੂੰ ਸਿਊਟ ਕਰਦੇ ਹਨ। ਇਹ ਰਲ ਮਿਲ ਕੇ ਪੰਜਾਬੀਆਂ ਦੇ ਨਾਲ ਬੜੀ ਖਤਰਨਾਕ ਸਾਜ਼ਿਸ਼ ਕਰ ਰਹੇ ਹਨ। ਪੰਜਾਬ ਸਰਹੱਦੀ ਸੂਬਾ ਹੈ। ਇਸ ਸਰ-ਹੱਦੀ ਸੂਬੇ ਵਿੱਚ ਬੜੇ ਗੈਰਜ਼ਿਮੇਵਾਰਾਨਾ ਸਟੈਂਡ ਪਿਛਲੇ ਸਾਲ ਵਿੱਚ ਲਏ ਗਏ ਹਨ। ਹਿੰਦੂ-ਸਿੱਖਾਂ ਦੇ ਪਾੜੇ ਨੂੰ ਹੋਰ ਗਹਿਰਾ ਕਰਨਾ ਇਹ ਸਰਕਾਰ ਦੀ ਗਿਣੀ ਮਿੱਥੀ ਸਾਜਿਸ਼ ਹੈ। ਲੋਕਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਕਾਂਗਰਸ ਜਿਹੜੀ ਜਮਹੂਰੀਅਤ ਦੀ ਵਾਰਸ ਹੈ, ਜਿਸ ਨੇ ਆਜ਼ਾਦੀ ਦੀ ਤਹਿਰੀਕ ਵਿੱਚ ਅਹਿਮ ਰੋਲ ਅਦਾ ਕੀਤਾ ਹੈ ਉਹ ਹਿੰਦੁਸਤਾਨ ਦੇ ਅੰਦਰ ਹਿੰਦੂ ਕਮਿਊਨਲਿਸਟਾਂ ਦੀ ਕਲਾਸ ਨਜ਼ਰ ਆ ਰਹੀ ਹੈ। ਅਸੀਂ ਕਹਿਣ ਲਈ ਮਜ਼ਬੂਰ ਹੋ ਗਏ ਹਾਂ ਕਿ ਇਹ ਖੱਦਰ ਦੀ ਪੋਸ਼ਾਕ ਦੀ ਥਾਂ ਨਿੱਕਰਾਂ ਪਾਉਣ। ਇਹ ਕਾਂਗਰਸ ਦੀ ਸਿਆਸਤ ਨਿੱਕਰ ਪੋਸ਼ਾਂ ਦੀ ਸਿਆਸਤ ਬਣਦੀ ਜਾ ਰਹੀ ਹੈ। ਸਾਡੀ ਸਰਕਾਰ ਦੇ ਸਾਰੇ ਕਿਰਦਾਰ ਇਹ ਦਰਸਾਉਂਦੇ ਹਨ। ਪਟਿਆਲੇ ਵਿੱਚ ਕੀ ਹੋਇਆ ਸੀ? ਪਟਿਆਲਾ ਸੜਿਆ। ਉਥੇ ਲਾਂਬੂ ਲਗਿਆ। ਉਹ ਪਟਿਆਲਾ ਜੋ ਸੰਨ 1947 ਦੇ ਫਸਾਦਾਂ ਵਿੱਚ ਵੀ ਟਿਕਿਆ ਰਿਹਾ ਸੀ, ਉਹ ਸਾਰਾ ਤਬਾਹ ਹੋਇਆ। ਅੱਗ ਉਥੇ ਕਿਸ ਨੇ ਲਵਾਈ? ਇਹ ਉਨ੍ਹਾਂ ਨੇ ਲਗਵਾਈ ਜਿਹੜੇ ਆਪਣੇ ਰਾਜ ਦੇ ਦਿਨ ਲੰਮੇ ਕਰਨੇ ਚਾਹੁੰਦੇ ਹਨ। ਆਪਣੇ ਰਾਜ ਦੇ ਅੰਦਰ ਜੋ ਬੇਚੈਨੀ ਹੈ ਉਹ ਖ਼ਤਮ ਕਰਕੇ

Original with;
Punjab Vidhan Sabha
Digitized by;
Panjab Digital Library

ਆਪਣੇ ਰਾਜ ਦੇ ਦਿਨ ਲੰਮੇ ਕਰਨਾ ਚਾਹੁੰਦੇ ਹਨ। ਇਹ ਸਾਬਤ ਹੋਇਆ ਕਿ ਕਿਸ ਤਰ੍ਹਾਂ ਐਸ.ਡੀ. ਐਮ. ਦੀ ਅਦਾਲਤ ਵਿੱਚ ਬੈਠ ਕੇ ਸਮਝੌਤਾ ਦੋਹਾਂ ਧਿਰਾਂ ਦਾ ਹੋ ਗਿਆ, ਫਿਰ ਵੀ ਉਥੇ ਅੱਗਾਂ ਲਗੀਆਂ। ਸਾਰੀ ਸਾਜਿਸ਼ ਸਾਡੇ ਸਾਹਮਣੇ ਸਪਸ਼ਟ ਹੋਈ। ਚਾਹੇ ਮਲੇਰਕੋਟਲੇ ਦੀ ਗਲ ਹੈ ਚਾਹੇ ਪਟਿਆਲੇ ਦੀ ਗਲ ਹੈ, ਚਾਹੇ ਅਰਨਾ ਬਰਨਾ ਚੌਕ ਦੀ ਗਲ ਹੈ ਅਤੇ ਚਾਹੇ ਤਰਨ ਤਾਰਨ ਦੀ ਗਲ ਹੈ, ਹਰ ਥਾਂ ਇਹੋ ਗਲ ਸਾਹਮਣੇ ਆਈ ਹੈ। ਪੰਜਾਬ ਦੇ ਲੋਕ ਇਸ ਗਲ ਨੂੰ ਭਲੀ ਭਾਂਤੀ ਸਮਝਦੇ ਹਨ। ਜੋ ਤਿੰਨੇ ਮੰਗਾਂ ਹਨ ਉਨ੍ਹਾਂ ਨੂੰ ਪੰਜਾਬ ਦੀ ਕਾਂਗਰਸ ਪਾਰਟੀ ਵੀ ਜਾਇਜ਼ ਮੰਨਦੀ ਹੈ। ਇਹ ਜਾਇਜ਼ ਹਨ। ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਪਾਣੀ ਦਾ ਮਸਲਾ ਟਰਬਿਊਨਲ ਦੇ ਹਵਾਲੇ ਹੋਣਾ ਚਾਹੀਦਾ ਹੈ। ਪਿੰਡ ਨੂੰ ਇਕਾਈ ਮੰਨ ਕੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਆਉਣੇ ਚਾਹੀਦੇ ਹਨ ਅਤੇ ਹਿੰਦੀ ਬੋਲਦੇ ਇਲਾਕਿਆਂ ਬਾਰੇ ਟਰਬਿਊਨਲ ਫੈਸਲਾ ਕਰ ਲਵੇ। ਇਨ੍ਹਾਂ ਤਿੰਨਾਂ ਮੰਗਾਂ ਉਤੇ ਪੰਜਾਬ ਦੀ ਕੋਈ ਸਿਆਸੀ ਪਾਰਟੀ ਅਸਹਿਮਤ ਨਹੀਂ ਇਹ ਗੱਲ ਵਖਰੀ ਹੈ ਕਿ ਸਾਡੀ ਪਾਰਟੀ ਤੋਂ ਬਿਨਾਂ ਜਿਤਨੀ ਵੀ ਪਾਰਟੀਆਂ ਹਨ ਉਹ ਵੱਖ ਵੱਖ ਥਾਂ ਤੇ ਵਖਰੀਆਂ ਵਖਰੀਆਂ ਬੋਲੀਆਂ ਬੋਲਦੇ ਹਨ। ਜਦੋਂ ਹਿੰਦੁਸਤਾਨ ਦੀਆਂ ਸਾਰੀਆਂ ਪਾਰਟੀਆਂ ਇਨ੍ਹਾਂ ਮੰਗਾਂ ਤੇ ਸਹਿਮਤ ਹਨ ਮੁਤਫਿਕ ਹਨ, ਤਾਂ ਇਨ੍ਹਾਂ ਮੰਗਾਂ ਨੂੰ ਮੰਨਾਉਣ ਵਾਸਤੇ ਸਾਡੀ ਸਰਕਾਰ ਨੇ ਕੀ ਹਿੱਸਾ ਪਾਇਆ ਹੈ। ਸਰਕਾਰ ਨੇ ਇਸ ਕੰਮ ਪ੍ਰਤੀ ਆਪਣੀ ਜ਼ਿਮੇਵਾਰੀ ਨਹੀਂ ਨਿਬਾਈ ਜਿਸ ਕਾਰਣ ਪੰਜਾਬ ਦਾ ਵਾਤਾਵਰਣ ਠੀਕ ਨਹੀਂ ਹੋ ਸਕਿਆ। ਅਤਿਵਾਦੀਆਂ ਨੇ ਐਸਾ ਗਰਾਊਂਡ ਮੱਲਿਆ ਹੈ ਜਿਸ ਕਰਕੇ ਉਹ ਆਪਣੀ ਕਾਰਵਾਈ ਸਰਗਰਮ ਰਖਣਾ ਚਾਹੁੰਦੇ ਹਨ। ਇਨ੍ਹਾਂ ਦੀ ਛੱਤਰ ਛਾਇਆ ਹੇਠ ਉਹ ਕੰਮ ਕਰਦੇ ਹਨ। ਨਾ ਉਨ੍ਹਾਂ ਦੇ ਲਾਇਸੈਂਸ ਇਹ ਮਨਸੂਖ ਕਰ ਸਕੇ ਹਨ। ਮੇਰੇ ਸਾਥੀ ਨੇ ਥੀਨ ਡੈਮ ਦੀ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ। ਉਸ ਦੇ ਜਵਾਬ ਵਿੱਚ ਕਿਹਾ ਗਿਆ ਕਿ ਵਹਾਂ ਪਲਾਸਟਿਕ ਕੀ ਗੋਲੀਆਂ ਚਲੀ। ਮੈਂ ਕੱਲ ਇਥੇ ਉਹ ਰੌਂਦ ਲਿਆਵਾਂਗਾ। ਉਥੇ ਪਿੱਤਲ ਦੇ ਰੌਂਦ ਚਲੇ ਹਨ। ਇਨ੍ਹਾਂ ਨੇ ਆਪਣੇ ਮਜ਼ਦੂਰਾਂ ਨੂੰ ਗੋਲੀਆਂ ਮਾਰੀਆਂ ਹਨ ਜਿਹੜੇ ਆਪਣੀ ਜ਼ਿੰਦਗੀ ਖਤਰੇ ਵਿਚ ਪਾ ਕੇ ਪਹਾੜ ਦੀ ਛਾਤੀ ਪਾੜ ਕੇ ਪਾਣੀ ਕੱਢਦੇ ਹਨ ਤਾਂ ਕਿ ਧਰਤੀ ਸਿੰਝੀ ਜਾ ਸਕੇ। ਉਨ੍ਹਾਂ ਮਜ਼ਦੂਰਾਂ ਉਤੇ ਗੋਲੀਆਂ ਚਲਾਈਆਂ ਗਈਆਂ। ਇਹ ਇਨਸਾਨੀਅਤ ਦੇ ਨਾਲ ਖਿਲਵਾੜ ਕਰਦੇ ਹਨ। ਇਹ ਪੰਜਾਬ ਦੇ ਵਾਤਾਵਰਣ ਨੂੰ ਗੁੰਮਰਾਹ ਕਰਦੇ ਹਨ। ਜਿਹੜੇ ਪਾਕਿਸਤਾਨ ਦਾ ਡਰਾਵਾ ਪਾ ਕੇ ਵੱਡੀਆਂ ਵੱਡੀਆਂ ਕਾਰਬਾਈਨਾਂ ਲਈ ਫਿਰਦੇ ਹਨ ਇਨ੍ਹਾਂ ਪ੍ਰਤੀ ਇਨ੍ਹਾਂ ਦੇ ਹੱਥ ਸਾਥ ਨਹੀਂ ਦਿੰਦੇ। ਇਨ੍ਹਾਂ ਦੇ ਸਰੀਰ ਕੰਬਣ ਲੱਗ ਜਾਂਦੇ ਹਨ ਕਿਉਂਕਿ ਇਨ੍ਹਾਂ ਦੀ ਆਪਸ ਵਿਚ ਮਿਲੀ ਭਗਤ ਹੈ, ਇਕ ਮਿਲੀ ਸਾਜਿਸ਼ ਹੈ ਪੰਜਾਬ ਦੇ ਨਾਲ ਅਤੇ ਮਜ਼ਦੂਰਾਂ ਦੇ ਨਾਲ। ਮਜ਼ਦੂਰਾਂ ਦੇ ਉਪਰ ਛੇਤੀ ਗੋਲੀ ਚਲਦੀ ਹੈ। ਇਕ ਰੁਪਿਆ ਸੈਂਕੜਾ ਜਦੋਂ ਵਾਧਾ ਹੋਇਆ ਸੀ ਤਾਂ ਉਸ ਵਾਧੇ ਦੇ ਖਿਲਾਫ 31 ਮਾਰਚ ਨੂੰ ਕੋਈ ਢਾਈ ਤਿੰਨ ਸੌ ਮਜ਼ਦੂਰ ਆਦਮੀ ਜ਼ਖਮੀ ਕੀਤੇ ਗਏ। ਇਹ ਜਿਹੜੇ ਲੋਕ ਗਰੀਬਾਂ ਦੀ ਗੱਲ ਕਰਨ, ਕਿਸਾਨਾਂ ਦੀ ਗੱਲ ਕਰਨ, ਮਜ਼ਦੂਰਾਂ ਦੀ ਗੱਲ ਕਰਨ ਉਨ੍ਹਾਂ ਦੇ ਖਿਲਾਫ ਸਾਰੇ ਹੀ ਕਾਨੂੰਨ ਵਰਤਣ ਤਕ ਜਾਂਦੇ ਹਨ, ਪਰ ਜਿਹੜੇ ਲੋਕ ਪੰਜਾਬ ਦੇ ਅੰਦਰ ਮਜ਼ਲੂਮਾਂ ਦੀਆਂ ਜਾਨਾਂ ਨਾਲ ਖੇਲਦੇ ਹਨ, ਉਨ੍ਹਾਂ ਦੀਆਂ ਜਾਨਾਂ ਲੈਂਦੇ ਹਨ ਉਨ੍ਹਾਂ ਦੇ ਪ੍ਰਤੀ ਕੁਝ ਕਰਨ ਦੀ ਇਹ ਹਿੰਮਤ ਨਹੀਂ ਰਖਦੇ। ਜੇਕਰ ਉਹ ਕਹਿ ਦੇਣ ਕਿ ਖਬਰਦਾਰ ਜੇਕਰ ਮਹਿਤਾ ਚੌਂਕ ਆਏ ਤਾਂ ਇਹ ਕਹਿਣਗੇ 'ਅੱਛਾ ਜੀ'। ਇਹ ਰੰਗਰ ਪਿੰਡ ਚਲੇ ਜਾਣਗੇ। ਜੇਕਰ ਉਹ ਕਹਿ ਦੇਣ ਕਿ ਖਬਰਦਾਰ ਪੰਜਾਬ ਵੜੇ ਤਾਂ ਇਹ ਯੂ.ਪੀ. ਨੱਠ ਜਾਣਗੇ। ਅਸੀਂ ਇਹ ਕਿਵੇਂ ਮੰਨ ਲਈਏ ਕਿ ਇਨ੍ਹਾਂ ਦਾ ਰਾਜ ਹੈ। ਰਾਜ ਤਾਂ ਭਿੰਡਰਾਂਵਾਲੇ ਦਾ ਹੈ। ਨਾ ਭਿੰਡਰ ਬਾਹਰੋਂ ਤੁਹਾਡੀ ਮਰਜ਼ੀ ਨਾਲ ਆਇਆ ਹੈ ਅਤੇ ਨਾ ਭਿੰਡਰਾਂ ਵਾਲਾ ਤੁਹਾਡੀ ਕੋਈ ਗੱਲ ਮੰਨਦਾ ਹੈ। ਇਹ ਜਿਹੜੀਆਂ ਸਾਜ਼ਸ਼ਾਂ ਹੋ ਰਹੀਆਂ ਹਨ, ਇਸ ਦੀ ਜ਼ਿੰਮੇਵਾਰੀ ਕਿਸ ਤੇ ਆਉਣੀ ਹੈ, ਇਹ ਤੁਹਾਡੇ ਤੇ ਹੀ ਆਉਣੀ ਹੈ। ਇਹ ਤੁਹਾਨੂੰ ਭਰਮ ਹੈ ਕਿ ਹਿੰਦੂਆਂ ਦੀਆਂ ਵੋਟਾਂ ਦੇ ਬਕਸੇ ਤੁਹਾਡੇ ਵੱਲ ਖੁਲ੍ਹਣਗੇ। ਪਿਛਲੇ ਦਿਨਾਂ ਵਿਚ ਕਿਤਨੇ ਐਨਕਾਊਂਟਰ ਹੋਏ ਹਨ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਕਿਤਨੀਆਂ ਡਕਾਇਤੀਆਂ ਹੋਈਆਂ ਹਨ, ਜੇਕਰ ਕਿਸੇ ਕਲਪਰਿਟ ਨੂੰ ਇਨ੍ਹਾਂ ਨੇ ਫੜਿਆ ਹੈ ਤਾਂ ਦੱਸ ਦੇਣ। ਪਹਿਲਾਂ ਕਹਿ ਦਿੰਦੇ ਹਨ ਕਿ ਮੁਲਜ਼ਮ ਲੋਕੇਟ ਕਰ ਲਏ ਹਨ। ਜਦੋਂ ਇਹ ਪੁਛਿਆ ਜਾਵੇ ਕਿ ਉਹ ਹਨ ਕਿੱਥੇ ਤਾਂ ਇਹ ਪਹਿਲਾਂ ਦੋ ਤਿੰਨ ਦਿਨ ਤਾਂ ਚੁਪ ਕਰ ਜਾਂਦੇ ਹਨ ਫਿਰ ਹੌਲੀ ਜਿਹੇ ਕਹਿ ਦਿੰਦੇ ਹਨ ਕਿ ਉਹ ਹਰਮੰਦਰ ਸਾਹਿਬ ਵਿਚ ਹਨ। ਸਾਨੂੰ ਸਮਝ ਨਹੀਂ ਪੈਂਦੀ ਕਿ ਉਹ ਪਹਿਲਾਂ ਲੋਕੇਟ ਵੀ ਹੋ ਗਏ ਪਰ ਫਿਰ ਪਕੜੇ ਵੀ ਨਹੀਂ ਗਏ, ਔਰ ਫਿਰ ਉਹ ਦੋ ਡਾਈ ਸੌ ਮੀਲ ਪੈਂਡਾ ਕਰਕੇ ਹਰਮੰਦਰ ਸਾਹਿਬ ਵਿਚ ਕਿਸ ਤਰ੍ਹਾਂ ਲੁਕ ਗਏ। ਜੇਕਰ ਕੋਈ ਇਹ ਕਹੇ ਕਿ ਉਹ ਉਥੇ ਆਏ ਕਿਵੇਂ ਔਰ ਜੇਕਰ ਆ ਗਏ ਤਾਂ ਫਿਰ ਵਾਪਿਸ ਕਿਵੇਂ ਚਲੇ ਗਏ ਤਾਂ ਇਸ ਪ੍ਰਤੀ ਇਨ੍ਹਾਂ ਪਾਸ ਕੋਈ ਜਵਾਬ ਨਹੀਂ ਹੈ। ਅਸੀਂ ਇਸ ਵਾਸਤੇ ਕਿਤਨੀ ਵਾਰੀ ਬੇਨਤੀ ਕੀਤੀ ਹੈ ਕਿ ਤੁਸੀਂ ਵ੍ਹਾਈਟ ਪੇਪਰ ਛਾਪੋ, ਤੁਸੀਂ ਉਹ ਕਿਉਂ ਨਹੀਂ ਛਾਪਦੇ, ਇਸ ਲਈ ਕਿ ਤੁਹਾਡੇ ਪੋਲ ਖੁਲ੍ਹਦੇ ਹਨ। ਮੈਂ ਗਲਤ ਨਹੀਂ ਹਾਂ, ਇਕ ਐਸਾ ਮੁਕੱਦਮਾਂ ਵੀ ਹੈ ਜਿਸ ਵਿਚ ਕਿ ਭਿੰਡਰਾਂਵਾਲੇ ਦਾ ਔਰ ਮੁੱਖ ਮੰਤਰੀ ਦਾ ਵਕੀਲ ਸਾਂਝਾ ਹੈ। ਅੱਜ ਕੋਈ ਵੀ ਆਦਮੀ ਜਿਹੜਾ ਸ਼ਰੀਫ ਹੈ ਉਹ ਸੜਕਾਂ ਤੇ ਰਾਤ ਨੂੰ ਨਹੀਂ ਚਲ ਸਕਦਾ, ਸੜਕਾਂ ਤੇ ਰਾਤ ਨੂੰ ਕੌਣ ਚਲ ਸਕਦਾ ਹੈ? ਰਾਤ ਨੂੰ ਚਲ ਸਕਦੇ ਹਨ ਸਮੱਗਲਰ, ਸੜਕਾਂ ਤੇ ਚਲ ਸਕਦੇ ਹਨ ਡਾਕੂ, ਸੜਕਾਂ ਤੇ ਚਲ ਸਕਦੇ ਹਨ ਦੋ ਨੰਬਰ ਦਾ ਧੰਦਾ ਕਰਨ ਵਾਲੇ ਪਰ ਸ਼ਰੀਫ ਆਦਮੀ ਨਹੀਂ ਤੁਰ ਸਕਦਾ। ਜਿਹੜੇ ਇਹ ਧੰਦਾ ਕਰਦੇ ਹਨ ਉਹ ਪੰਜ ਛੇ ਵਜੇ ਘਰੋਂ ਚਲਦੇ ਹਨ ਔਰ ਆਪਣਾ ਧੰਦਾ ਕਰਕੇ ਆਪਣਾ ਕੰਮ ਕਰਕੇ ਮੁੜ ਜਾਂਦੇ ਹਨ। ਇਨ੍ਹਾਂ ਸਭ ਦਾ ਕੌਣ ਜ਼ਿੰਮੇਵਾਰ ਹੈ? ਇਸ ਦਾ ਜ਼ਿੰਮੇਵਾਰ ਅਤਿਵਾਦੀਆਂ ਨੂੰ ਨਹੀਂ ਕਿਹਾ ਜਾ ਸਕਦਾ, ਇਸ ਦੀ ਜ਼ਿੰਮੇਵਾਰੀ ਉਨ੍ਹਾਂ ਲੋਕਾਂ ਤੇ ਹੈ ਜੋ ਕਿ ਵਾਤਾਵਰਨ ਨੂੰ ਇਸ ਤਰ੍ਹਾਂ ਦਾ ਖਰਾਬ ਕਰਾਉਂਦੇ ਹਨ, ਇਸ ਤਰ੍ਹਾਂ ਦੇ ਹਾਲਾਤ ਪੈਦਾ ਕਰਦੇ ਹਨ। ਨਹੀਂ ਤਾਂ ਮੈਨੂੰ ਇਹ ਦੱਸ ਦੇਣ ਕਿ ਵ੍ਹਾਈਟ ਪੇਪਰ ਛਾਪਣ ਵਿਚ ਇਨ੍ਹਾਂ ਨੂੰ ਕੀ ਅੜਚਣ ਹੈ। ਮੈਂ ਕਹਾਂਗਾ ਕਿ ਪਿਛਲੇ ਸਮੇਂ ਵਿਚ ਐਨਕਾਊਂਟਰ ਹੋਏ ਹਨ। ਐਨਕਾਊਂਟਰ ਹੋਣੇ ਬਾਦਲ ਸਾਹਿਬ ਦੇ ਜ਼ਮਾਨੇ ਤੋਂ ਸ਼ੁਰੂ ਹੋਏ ਹਨ ਔਰ ਅਸੀਂ ਉਸ ਵੇਲੇ ਵੀ ਕਿਹਾ ਸੀ ਕਿ ਇਹ ਮਾੜੀ ਗੱਲ ਹੈ, ਇਹ ਡੇਮੋਕਰੇਸੀ ਦੇ ਨਾਰਮਜ਼ ਤੁਸੀਂ ਤੋੜ ਰਹੇ ਹੋ ਜਿਹੜੇ ਝੂਠੇ ਮੁਕਾਬਲੇ ਤੁਸੀਂ ਬਣਾ ਕੇ ਆਦਮੀ ਮਾਰ ਰਹੇ ਹੋ। ਅਸੀਂ ਉਦੋਂ ਦਰੁਸਤ ਕਿਹਾ ਸੀ ਕਿ ਇਹ ਲੰਬੀ ਕਹਾਣੀ ਹੈ, ਇਹ ਨਾ ਤੁਸੀਂ ਛੇੜੋ। ਪੰਜਾਬ ਦੇ ਲਾਅ ਐਂਡ ਆਰਡਰ ਦੀ ਦਰੁਸਤੀ ਲਈ ਲਾਜ਼ਮੀ ਤੌਰ ਤੇ ਤਿੰਨ ਮੰਗਾਂ ਪਰਵਾਨ ਕਰਨੀਆਂ ਚਾਹੀਦੀਆਂ ਹਨ ਔਰ ਉਨ੍ਹਾਂ ਨੂੰ ਪਰਵਾਨ ਕਰਕੇ ਪੰਜਾਬ ਦੇ ਸ਼ਾਂਤੀ ਦੇ ਵਾਤਾਵਰਨ ਨੂੰ ਫਿਰ ਬਹਾਲ ਕਰਨਾ ਚਾਹੀਦਾ ਹੈ ਤਾਂ ਜੋ ਅਕਾਲੀ ਦਲ ਵਿਚ ਜੋ ਡੈਮੋਕਰੇਟਿਕ ਅਨਸਰ ਹਨ ਉਹ ਦੂਸਰੇ ਅਤਿਵਾਦੀਆਂ ਨਾਲੋਂ ਆਈਸੋਲੇਟ ਹੋ ਸਕਣ। ਉਨ੍ਹਾਂ ਨਾਲ ਉਨ੍ਹਾਂ ਦੀ ਸ਼ਮੂਲੀਅਤ ਨਾ ਰਹੇ। ਸਾਡੀ ਪਾਰਟੀ ਦਾ ਇਹ ਸਟੈਂਡ ਹੈ। ਸਾਥੀ ਮੇਰੇ ਤੋਂ ਪਹਿਲਾਂ ਜਿਹੜੇ ਬੋਲਦੇ ਰਹੇ ਹਨ, ਉਹ ਹੁਣ ਚਲੇ ਗਏ ਹਨ, ਉਨ੍ਹਾਂ ਨੇ ਕਿਹਾ ਸੀ ਕਿ ਫਿਰ ਹੋਰ ਮੰਗਾਂ ਮੰਨਵਾਉਣ ਲਈ ਕਿਹਾ ਜਾਵੇਗਾ। ਮੈਂ ਕਹਿੰਦਾ ਹਾਂ ਕਿ ਤਿੰਨ ਹੀ ਮੰਗਾਂ ਇਸ ਵੇਲੇ ਹਨ ਜਿਨ੍ਹਾਂ ਦੇ ਨਾ ਮੰਨਣ ਵਿਚ ਸਾਰੀ ਗੱਲ ਵੱਧ ਰਹੀ ਹੈ। ਸਾਨੂੰ ਪਤਾ ਹੈ ਕਿ ਸਾਡਾ ਸੂਬਾ ਇਕ ਸਟਰੈਟੇਜਿਕ ਥਾਂ ਤੇ ਖੜਾ ਹੈ ਔਰ ਸਰਹੱਦਾਂ ਤੋਂ ਇਲਾਵਾ ਇਹ ਅਨਾਜ ਦਾ ਭੰਡਾਰ ਵੀ ਹੈ। ਇਸ ਲਈ ਸਰਕਾਰ ਦੀ ਇਹ ਜ਼ਿਮੇਵਾਰੀ ਬਣਦੀ ਹੈ ਕਿ ਇਥੇ ਦੇ ਵਾਤਾਵਰਣ ਨੂੰ ਠੀਕ ਰੱਖੇ। ਇਹ ਇਕ ਗੱਲ ਆਖੀ ਜਾਂਦੇ ਹਨ ਕਿ ਅਕਾਲੀਆਂ ਨੇ ਆਪਣੇ ਰਾਜ ਵਿਚ ਇਹ ਕੰਮ ਕਿਉਂ ਨਹੀਂ ਕੀਤਾ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੇ ਮੁਕੱਦਮਾ ਕੀਤਾ ਹੋਇਆ ਸੀ ਸੁਪਰੀਮ ਕੋਰਟ ਵਿਚ ਔਰ ਇਸ ਸਰਕਾਰ ਨੇ ਵਾਪਸ ਲੈ ਲਿਆ ਹੈ, ਇਸ ਲਈ ਜ਼ਿੰਮੇਵਾਰੀ ਤਾਂ ਰੈਕਟੀਫਾਈ ਹੁਣ ਕਰਾਉਣ ਦੀ ਤੁਹਾਡੀ ਹੀ ਬਣਦੀ ਹੈ, ਜਿਨ੍ਹਾਂ ਨੇ ਮੁਕੱਦਮਾਂ ਵਾਪਸ ਲੈ ਲਿਆ ਸੀ। ਇਹ ਤੁਹਾਡੀ

Original with;
Punjab Vidhan Sabha
Digitized by;
Panjab Digital Library

ਡਿਊਟੀ ਹੈ। ਪੰਜਾਬ ਨਾਲ ਹੁਣ ਫਿਰ ਵਿਤਕਰਾ ਹੋ ਰਿਹਾ ਹੈ। ਸਾਰੇ ਹਿੰਦੁਸਤਾਨ ਵਿਚੋਂ ਸਬਸਿੱਡੀ ਵਾਸਤੇ, ਇੰਡਸਟਰੀ ਵਾਸਤੇ ਜ਼ਿਲ੍ਹੇ ਚੁਣਨੇ ਸਨ, ਬੈਕਵਰਡ ਇਲਾਕੇ ਚੁਣਨੇ ਸਨ, 15 ਪ੍ਰਤੀਸ਼ਤ ਜਾਂ 15 ਲੱਖ ਸਬਸਿੱਡੀ ਦੇਣੀ ਸੀ, ਉਸ ਦੇ ਵਾਸਤੇ ਵੀ ਪੰਜਾਬ ਨਾਲ ਵਿਤਕਰਾ ਹੋਇਆ ਹੈ। ਪਿਛਲੇ ਦਿਨਾਂ ਵਿਚ ਇੰਡਸਟਰੀ ਵਾਸਤੇ ਇਲਾਕੇ ਚੁਣੇ ਗਏ ਹਨ ਜਿਥੇ ਕਿ 25 ਪ੍ਰਤੀਸ਼ਤ ਜਾਂ 25 ਲੱਖ ਦੇ ਹਿਸਾਬ ਨਾਲ ਸਬਸਿੱਡੀ ਦਿੱਤੀ ਜਾਣੀ ਹੈ ਪਰ ਉਸ ਦੇ ਵਾਸਤੇ ਵੀ ਪੰਜਾਬ ਵਿਚੋਂ ਕੋਈ ਥਾਂ ਨਹੀਂ ਚੁਣੀ ਗਈ। ਇੰਡਸਟਰੀਅਲ ਤੌਰ ਤੇ ਸਾਡਾ ਸੂਬਾ ਪਹਿਲਾਂ ਹੀ ਪੱਛੜਿਆ ਹੋਇਆ ਹੈ ਔਰ ਇਸ ਨਾਲ ਹੋਰ ਵਿਤਕਰਾ ਹੋ ਰਿਹਾ ਹੈ ਪਰ ਇਸ ਦੇ ਬਾਰੇ ਇਨ੍ਹਾਂ ਵਿਚੋਂ ਕੋਈ ਬੋਲਦਾ ਨਹੀਂ ਹੈ ਔਰ ਨਾ ਹੀ ਬੋਲਣ ਦੀ ਹਿੰਮਤ ਇਹ ਰਖਦੇ ਹਨ ਪਰ ਜੇਕਰ ਹੋਰ ਕੋਈ ਬੋਲੇਗਾ ਤਾਂ ਇਹ ਉਸ ਦੇ ਖਿਲਾਫ ਸਾਰੇ ਕਾਨੂੰਨ ਵਰਤਣ ਨੂੰ ਤਿਆਰ ਹੋ ਜਾਣਗੇ। ਅੱਜ ਬਿਜਲੀ ਦੀ ਹਾਲਤ ਇਹ ਹੈ ਕਿ ਪਿੰਡਾਂ ਵਿਚ ਕੇਵਲ ਪੰਜ ਸੱਤ ਘੰਟੇ ਹੀ ਬਿਜਲੀ ਮਿਲ ਰਹੀ ਹੈ। ਬਿਜਲੀ ਦੇ ਰੇਟ ਵਧਾ ਦਿੱਤੇ ਹਨ ਪਰ ਕਿਸਾਨਾਂ ਨੂੰ ਬਿਜਲੀ ਨਹੀਂ ਮਿਲ ਰਹੀ। ਵਾਹਿਗੁਰੂ ਦੀ ਕਿਰਪਾ ਹੋਈ ਹੈ, ਇਹ ਬਾਰਸ਼ ਹੋਈ ਹੈ, ਜੇਕਰ ਬਾਰਸ਼ ਨਾ ਹੁੰਦੀ ਤਾਂ ਕਿਸਾਨਾਂ ਦਾ ਕਚੂਮਰ ਨਿਕਲ ਜਾਣਾ ਸੀ। ਬਿਜਲੀ ਲਈ ਥੀਨ ਡੈਮ ਆਧਾਰ ਬਣਦਾ ਹੈ। ਜਦੋਂ ਤਕ ਉਹ ਨਾ ਬਣੇ ਸਾਨੂੰ ਪੂਰੀ ਬਿਜਲੀ ਨਹੀਂ ਮਿਲ ਸਕਦੀ। ਸਰਦਾਰ ਦਰਬਾਰਾ ਸਿੰਘ, ਜਦੋਂ ਪ੍ਰਧਾਨ ਮੰਤਰੀ ਇਥੇ ਆਈ ਸੀ, ਤਾਂ ਕਹਿਣ ਲੱਗੇ ਕਿ ਸਾਨੂੰ ਉਸ ਦੀ ਕਲੀਅਰੈਂਸ ਦੇ ਦਿਓ ਤਾਂ ਉਹ ਕਹਿਣ ਲੱਗੀ ਕਿ ਬੋਲ ਤੇ ਦੀਆ ਹੈ ਅੱਬ ਬੈਠ ਜਾਓ। ਅਸੀਂ ਵੀ ਕਿਹਾ ਕਿ ਸ਼ਾਇਦ ਕਲੀਅਰੈਂਸ ਮਿਲ ਗਈ ਹੈ ਔਰ ਇਹ ਕਲੀਅਰੈਂਸ ਦੇ ਸਪੈਲਿੰਗ ਵੀ 'ਕੇ' ਲਫਜ਼ ਨਾਲ ਪਾਉਣ ਲਗ ਪਏ। ਐਸਾ ਲਗਦਾ ਹੈ ਕਿ ਕਲੀਅਰੈਂਸ ਕੋਈ ਨਹੀਂ ਹੋਈ ਔਰ ਜੇਕਰ ਹੋਈ ਹੈ ਤਾਂ ਧੰਨੋਂਵਾਲੀਆ ਜੀ ਨਾਲ ਹੀ ਲੈ ਗਏ ਹਨ, ਐਸਾ ਮਾਲੂਮ ਹੁੰਦਾ ਹੈ, ਉਹ ਵੀ ਉਨ੍ਹਾਂ ਗੱਲਾਂ ਦੀ ਵਕਾਲਤ ਕਰਦੇ ਹਨ ਜਿਨ੍ਹਾਂ ਦੀ ਕਿ ਵਕਾਲਤ ਸ੍ਰੀ ਕਾਂਸ਼ੀ ਰਾਮ ਜੀ ਕਰ ਗਏ ਹਨ।

**ਸ੍ਰੀ ਰਾਮ ਸਵਰੂਪ ਬਾਗੀ** : ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਪ੍ਰੋਫੈਸਰ ਬਲਵੰਤ ਸਿੰਘ ਨੇ ਚੌਧਰੀ ਕਾਂਸ਼ੀ ਰਾਮ ਬਾਰੇ ਕਿਹਾ ਹੈ। ਇਹ ਆਪ ਥੀਨ ਡੈਮ ਬਾਰੇ ਸਮਝ ਨਹੀਂ ਸਕੇ ਹਨ। ਇਨ੍ਹਾਂ ਦੀ ਪਾਰਟੀ ਨੇ ਉਥੇ ਵਰਕਰਜ਼ ਨੂੰ ਗੁੰਮਰਾਹ ਕੀਤਾ ਹੈ ਅਤੇ ਹੜਤਾਲਾਂ ਕਰਵਾਈਆਂ ਹਨ ਅਤੇ 6 ਮਹੀਨੇ ਉਥੇ ਝਗੜਾ ਪਾਈ ਰਖਿਆ। ਅਸੀਂ ਉਥੇ ਬੜੀਆਂ ਅਪੀਲਾਂ ਵਰਕਰਜ਼ ਨੂੰ ਕੀਤੀਆਂ ਅਤੇ ਸੀ.ਐਮ. ਸਾਹਿਬ ਨੇ ਬੜੀਆਂ ਅਪੀਲਾਂ ਕੀਤੀਆਂ, ਮਗਰ ਇਨ੍ਹਾਂ ਦੀ ਪਾਰਟੀ ਨੇ ਸਾਡੀ ਇਕ ਵੀ ਅਪੀਲ ਨੂੰ ਨਹੀਂ ਸੁਣਿਆ ਹੈ। ਪੁਲਿਸ ਨੇ ਉਥੇ ਹਵਾਈ ਫਾਇਰ ਕੀਤੇ ਸਨ ਅਤੇ ਇਨ੍ਹਾਂ ਦੇ ਵਰਕਰਜ਼ ਨੇ ਅਫਸਰਾਂ ਦੀਆਂ ਜੀਪਾਂ ਨੂੰ ਰੋਕਿਆ ਸੀ ਅਤੇ ਅਫਸਰਾਂ ਦੇ ਬੱਚਿਆਂ ਨੂੰ ਘਰੋਂ ਬਾਹਰ ਨਹੀਂ ਨਿਕਲਣ ਦਿੱਤਾ ਸੀ। ਥੀਨ ਡੈਮ ਦੀ ਕਲੀਅਰੈਂਸ ਹੋ ਚੁੱਕੀ ਹੈ ਅਤੇ ਪਲੈਨਿੰਗ ਕਮਿਸ਼ਨ ਤੋਂ ਇਹ ਪਾਸ ਹੋ ਚੁੱਕਾ ਹੈ ਔਰ ਸਰਦਾਰ ਦਰਬਾਰਾ ਸਿੰਘ ਜੀ ਸੈਂਟਰ ਦੀ ਸਰਕਾਰ ਤੋਂ ਇਸ ਦੇ ਲਈ ਪੈਸਾ ਲੈ ਰਹੇ ਹਨ।

**ਪ੍ਰੋਫੈਸਰ ਬਲਵੰਤ ਸਿੰਘ** : ਚੇਅਰਮੈਨ ਸਾਹਿਬ, ਸਰਕਾਰ ਨੂੰ ਬੋਲਣ ਦੀ ਲੋੜ ਹੀ ਨਹੀਂ ਹੈ ਜਦ ਉਸ ਦੀ ਪਾਰਟੀ ਦੇ ਇਤਨੇ ਵਡੇ ਸਪੋਰਟਰ ਬੈਠੇ ਹੋਏ ਹਨ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਤੁਸੀਂ ਆਪਣਾ ਕੇਸ ਸੈਂਟਰ ਦੀ ਸਰਕਾਰ ਕੋਲ ਸੀਰੀਅਸਲੀ ਪੁਟ ਕਰੋ ਤਦ ਹੀ ਤੁਹਾਨੂੰ ਪੈਸੇ ਮਿਲਣੇ ਹਨ ਔਰ ਇਹ ਗੱਲ ਪੰਜਾਬ ਦੇ ਹਿੱਤ ਵਿਚ ਹੈ ਜੇਕਰ ਪੈਸੇ ਨਾ ਮਿਲੇ ਤਾਂ ਜਿਹੜੀਆਂ 3 ਟੱਨਲਾਂ ਬਣੀਆਂ ਹੋਈਆਂ ਹਨ, ਉਹ ਵੀ ਗਿਰ ਜਾਣੀਆਂ ਹਨ ਔਰ ਅਫ਼ਸਰਾਂ ਨੇ ਜਿਹੜਾ 3 ਕਰੋੜ ਰੁਪਏ ਦਾ ਲੋਹਾ ਖਰੀਦ ਲਿਆ ਹੈ, ਉਸ ਦੀ ਜ਼ਰੂਰਤ 4-5 ਸਾਲਾਂ ਵਿਚ ਪੂਰੀ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਹਵੇਗੀ। ਇਤਨੀ ਮਾਤਰਾ ਵਿਚ ਖਰੀਦਣ ਦੀ ਕੀ ਲੋੜ ਸੀ ਅਤੇ ਉਹ ਲੋਹਾ ਅਫਸਰਾਂ ਦੀਆਂ ਕੋਠੀਆਂ ਤੇ ਲਗ ਰਿਹਾ ਹੈ ਅਤੇ ਅਫਸਰਾਂ ਨੇ ਆਪਣੀਆਂ ਕੋਠੀਆਂ ਬਣਾ ਲਈਆਂ ਹਨ, ਥੀਨ ਡੈਮ ਤੇ ਨਹੀਂ ਬਣਨਾ ਹੈ।**

**ਸ੍ਰੀ ਰਾਮ ਸਵਰੂਪ ਬਾਗੀ** : ਚੇਅਰਮੈਨ ਸਾਹਿਬ, ਪ੍ਰੋਫੈਸਰ ਸਾਹਿਬ ਨੇ ਮੇਰੇ ਬਾਰੇ ਜਿਹੜੇ ਰਿਮਾਰਕਸ ਕੀਤੇ ਹਨ, ਉਹ ਹਾਊਸ ਦੀ ਪਰੋਸੀਡਿੰਗਜ਼ ਵਿਚੋਂ ਐਕਸਪੰਜ ਹੋਣੇ ਚਾਹੀਦੇ ਹਨ ਚਾਹੇ ਇਨ੍ਹਾਂ ਨੇ ਮਜ਼ਾਕ ਵਿਚ ਕੀਤੇ ਹਨ।

**ਸ੍ਰੀ ਸਭਾਪਤੀ** : ਬਾਗੀ ਸਾਹਿਬ ਬਾਰੇ ਸਾਰੇ ਰਿਮਾਰਕਸ ਐਕਸਪੰਜ ਕਰ ਦਿੱਤੇ ਜਾਣ।

**ਪ੍ਰੋਫੈਸਰ ਬਲਵੰਤ ਸਿੰਘ** : ਚੇਅਰਮੈਨ ਸਾਹਿਬ, ਮੈਨੂੰ ਰਿਮਾਰਕਸ ਐਕਸਪੰਜ ਕਰਨ ਵਿਚ ਕੋਈ ਇਤਰਾਜ਼ ਨਹੀਂ ਹੈ। ਪਾਵਰ ਕੱਟ ਦਾ ਇਫੈਕਟ ਕੇਵਲ ਕਿਸਾਨਾਂ ਦੇ ਉਤੇ ਨਹੀਂ ਪੈਂਦਾ ਹੈ ਬਲਕਿ ਇਸ ਦਾ ਅਸਰ ਸਮਾਲ ਸਕੇਲ ਇੰਡਸਟਰੀ ਤੇ ਵੀ ਪੈਂਦਾ ਹੈ। ਕੈਮੀਕਲ ਇੰਡਸਟਰੀ ਤੇ ਵੀ ਪੈਂਦਾ ਹੈ ਅਤੇ ਪਾਵਰ ਕੱਟ ਨਾਲ ਰਾਅਮੈਟੀਰੀਅਲ ਤੇ ਵੀ ਅਸਰ ਪੈਂਦਾ ਹੈ। ਇਸ ਕਰਕੇ ਥੀਨ ਡੈਮ ਦੇ ਲਈ ਪੈਸੇ ਦਾ ਇੰਤਜ਼ਾਮ ਕਰੋ ਤਾਕਿ ਸਟੇਟ ਨੂੰ ਪੂਰੀ ਬਿਜਲੀ ਮਿਲ ਸਕੇ ਅਤੇ ਪਾਵਰ ਕੱਟ ਬੰਦ ਹੋ ਸਕੇ। ਇਸ ਵਿਚ ਕੋਈ ਪਾਰਟੀ ਪਾਲੇਟਿਕਸ ਨਹੀਂ ਹੈ। ਪੰਜਾਬ ਦੇ ਹਿੱਤ ਦੀ ਗੱਲ ਹੈ। ( ਘੰਟੀ) ਕੁਰੱਪਸ਼ਨ ਦੇ ਬਹੁਤ ਸਾਰੇ ਕੇਸਿਜ਼ ਮੇਰੇ ਕੋਲ ਹਨ ਅਤੇ ਪੰਜਾਬ ਵਿਚ ਇਸ ਦਾ ਬੜਾ ਬੋਲਬਾਲਾ ਹੈ। ਇਸ ਨੂੰ ਛੱਡਦਾ ਹੋਇਆ ਕਿਉਂਕਿ ਤੁਸੀਂ ਘੰਟੀ ਮਾਰੀ ਜਾ ਰਹੇ ਹੋ ਅਗਲੀ ਗੱਲ ਬੱਸਾਂ ਦੇ ਬਾਰੇ ਹੈ। ਲੋਕ ਹੁਣ ਪੰਜਾਬ ਰੋਡਵੇਜ਼ ਨੂੰ ਗੋਡਾਵਾਲੀ ਟਰਾਂਸਪੋਰਟ ਕਹਿਣ ਲਗ ਗਏ ਹਨ। ਕਿਉਂਕਿ ਬਸਾਂ ਵਿਚ ਹੋਰਨਾਂ ਤੋਂ ਸਿਵਾਏ ਨਾ ਉਸ ਦੀ ਬਰੇਕ ਹੁੰਦੀ ਹੈ ਨਾ ਉਸ ਦੇ ਸ਼ੀਸ਼ੇ ਹੁੰਦੇ ਹਨ ਅਤੇ ਨਾ ਉਸ ਦੀ ਕੋਈ ਬਾਰੀ ਹੁੰਦੀ ਹੈ ਔਰ ਮੇਰੇ ਖਿਆਲ ਵਿਚ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਦਾ ਦਿਵਾਲਾ ਨਿਕਲ ਚੁੱਕਾ ਹੈ। ਟਰਾਂਸਪੋਰਟ ਦੇ ਮਹਿਕਮੇ ਦੇ ਮੁਲਾਜ਼ਮ ਪੈਨਸ਼ਨ ਦੀ ਮੰਗ ਕਰਦੇ ਹਨ। ਉਹ ਵਿਚਾਰੇ ਪਹਾੜੀਆਂ ਦੀ ਟੀਸੀ ਤੇ ਤੁਹਾਡੀਆਂ ਟੁੱਟੀਆਂ ਬੱਸਾਂ ਲੈ ਜਾਂਦੇ ਹਨ ਅਤੇ ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ ਫੇਰ ਤੁਸੀਂ ਉਨ੍ਹਾਂ ਨੂੰ ਪੈਨਸ਼ਨ ਕਿਉਂ ਨਹੀਂ ਦਿੰਦੇ ਹੋ। ਲੋਕਾਂ ਨੇ ਤੁਹਾਨੂੰ ਲੋਕਾਂ ਦੀ ਸੇਵਾ ਕਰਨ ਲਈ ਭੇਜਿਆ ਹੈ ਨਾ ਕਿ ਤੁਹਾਨੂੰ ਲੋਕਾਂ ਵੱਲ ਪਿੱਠ ਕਰਨ ਲਈ ਭੇਜਿਆ ਹੈ ਅਤੇ ਹਰੀ ਝੰਡੀਆਂ ਵਾਲੀ ਕਾਰ ਵਿਚ ਬੈਠ ਕੇ ਇਹ ਲੋਕਾਂ ਵਲ ਪਿੱਠ ਕਰ ਲੈਂਦੇ ਹਨ। ਸੜਕਾਂ ਬਾਰੇ ਦੱਸਦਾ ਹਾਂ ਕਿ ਪੰਜਾਬ ਵਿਚ ਇਨ੍ਹਾਂ ਦੀ ਹਾਲਤ ਬੜੀ ਭੈੜੀ ਹੈ ਅਤੇ ਹਰ 6-8 ਗਜ਼ ਦੇ ਫਾਸਲੇ ਤੇ ਟੋਟੇ ਹਨ ਅਤੇ ਸੜਕਾਂ ਟੁੱਟੀਆਂ ਪਈ-ਆਂ ਹਨ। ਸੜਕਾਂ ਟੁੱਟੀਆਂ ਵੇਖ ਕੇ ਸਰਕਾਰ ਚੇਤੇ ਆ ਜਾਂਦੀ ਹੈ ਔਰ ਅੱਗੇ ਤੋਂ ਸੜਕਾਂ ਦੀ ਹਾਲਤ ਇਤਨੀ ਮਾੜੀ ਹੋ ਰਹੀ ਹੈ ਕਿ ਵਜ਼ੀਰ ਸਾਹਿਬ ਨੂੰ ਪੁੱਛਣਾ ਸੀ ਪਰ ਉਹ ਅੱਜ ਅਸਤੀਫਾ ਦੇ ਗਏ ਹਨ। ਪਿਛੇ ਰਾਜਪੁਰੇ ਜਦੋਂ ਹੜ੍ਹ ਆਏ ਸਨ ਤਾਂ ਉਥੇ ਰੰਧਾਵਾ ਸਾਹਿਬ ਗਏ ਸਨ, ਇਨ੍ਹਾਂ ਦੀਆਂ ਕਾਰਾਂ ਪਾਣੀ ਵਿੱਚ ਖੜ੍ਹ ਗਈਆਂ ਅਤੇ ਕਾਰਾਂ ਸੂ ਸੂ ਕਰਦੀਆਂ ਰਹੀਆਂ ਅਤੇ ਇਹ ਲੋਕਾਂ ਨੂੰ ਜਾ ਕੇ ਕਹਿ ਆਏ ਕਿ ਸਰਕਾਰ ਤੁਹਾਡੇ ਨਾਲ ਹੈ ਅਤੇ ਅਸੀਂ ਤੁਹਾਡੀ ਮਦੱਦ ਕਰਾਂਗੇ। ਅਗਲੇ ਦਿਨ ਮੈਂ ਉਥੇ ਗਿਆ ਤਾਂ ਲੋਕਾਂ ਨੂੰ ਕਿਹਾ ਕਿ ਸਰਕਾਰ ਨੇ ਦੇਣਾ ਦਿਵਾਣਾ ਕੁੱਝ ਨਹੀਂ ਹੈ। ਇਸ ਸਰਕਾਰ ਦੀਆਂ ਕੇਵਲ ਗੱਲਾਂ ਹੀ ਹਨ। ਮੈਂ ਤਾਂ ਤੁਹਾਨੂੰ ਅਗਲੇ ਦਿਨ ਹੀ ਠੂਠਾ ਪਾ ਦਿੱਤਾ ਸੀ ਅਤੇ ਮੇਰੀ ਗੱਲ ਸੱਚੀ ਨਿਕਲੀ ਹੈ ਕਿ ਸਰਕਾਰ ਨੇ ਹਾਲੇ ਤੱਕ ਉਨ੍ਹਾਂ ਦੀ ਕੋਈ ਮਦੱਦ ਨਹੀਂ ਕੀਤੀ ਹੈ। ਕਮ-ਅਜ਼-ਕਮ ਤੁਸੀਂ ਮੈਨੂੰ ਠੂਠਾ ਪਾਉਣ ਦੀ ਖਾਤਰ ਰਾਜਪੁਰੇ ਦੇ ਲੋਕਾਂ ਵਿਚ ਸਹਾਇਤਾ ਭੇਜ ਦਿੰਦੇ। ਤੁਸੀਂ ਮਾਰਕਿਟ

**Expunged as orderd by the Chair

Original with;
Punjab Vidhan Sabha
Digitized by;
Panjab Digital Library

ਕਮੇਟੀ ਰਾਹੀਂ ਇਕ ਰੁਪਿਆ ਸੈਂਕੜਾ ਸੈਸ ਕਿਸਾਨਾਂ ਤੇ ਲਗਾਇਆ ਸੀ ਕਿ ਅਸੀਂ ਤੁਹਾਨੂੰ ਸੜਕਾਂ ਬਣਾ ਕੇ ਦੇਵਾਂਗੇ। ਪੰਜਾਬ ਦੀਆਂ ਜਿਹੜੀਆਂ ਸੜਕਾਂ ਬਣੀਆਂ ਹਨ ਉਹ ਤਾਂ ਅਸੀਂ ਵੇਖ ਰਹੇ ਹਾਂ ਕਿੱਧਰੇ ਦਿੱਲੀ ਦੀਆਂ ਸੜਕਾਂ ਤਾਂ ਨਹੀਂ ਬਣਾ ਦਿੱਤੀਆਂ। ਜੇਕਰ ਪੰਜਾਬ ਦੀਆਂ ਸੜਕਾਂ ਵਧੀਆਂ ਹੁੰਦੀਆਂ ਤਾਂ ਅਸੀਂ ਦੇਖ ਲੈਂਦੇ। ਸੜਕਾਂ ਦੇ ਮਨਿਸਟਰ ਨੂੰ ਗੱਲ ਦੀ ਕਹਾਣੀ ਸੁਣਾਉਣਾ ਚਾਹੁੰਦਾ ਸੀ ਪਰ ਉਹ ਅਸਤੀਫਾ ਦੇ ਕੇ ਚਲੇ ਗਏ ਹਨ। ਇਕ ਵਾਰ ਕਿਸੇ ਨੇ ਇਕ ਪੰਛੀ ਲਿਆਂਦਾ ਤਾਂ ਉਹ ਹਰਾ ਘਾ ਹੀ ਖਾਂਦਾ ਸੀ ਜਿਹੜਾ ਗਿੱਲਾ ਹੁੰਦਾ ਸੀ।ਪਰ ਘਾ ਸੁੱਕਾ ਸੀ ਅਤੇ ਉਸ ਦੀਆਂ ਅੱਖਾਂ ਤੇ ਹਰੀ ਸ਼ੀਸ਼ੇ ਵਾਲੀ ਐਨਕ ਚੜ੍ਹਾ ਦਿੱਤੀ। ਸਰਦਾਰ ਬੇਅੰਤ ਸਿੰਘ ਜੀ ਨੇ ਐਨਕ ਕਾਲੇ ਸ਼ੀਸ਼ੇ ਦੀ ਚੜਾਈ ਹੋਈ ਸੀ ਤਾਂਕਿ ਉਨ੍ਹਾਂ ਨੂੰ ਹਰ ਥਾਂ ਕਾਲੀ ਲੁੱਕ ਹੀ ਲੁੱਕ ਨਜ਼ਰ ਆਵੇ। ਚੇਅਰਮੈਨ ਸਾਹਿਬ, ਉਥੇ ਲੁੱਕ ਹੀ ਲੁੱਕ ਨਜ਼ਰ ਆਉਂਦੀ ਹੈ।

ਹੁਣ ਤੁਸੀਂ ਹਸਪਤਾਲਾਂ ਦੀ ਗੱਲ ਲੈ ਲਓ। ਕਿਸੇ ਹਸਪਤਾਲ ਵਿਚ ਕੋਈ ਸਫਾਈ ਨਹੀਂ ਹੈ। ਕੋਈ ਡਾਕਟਰ ਨਹੀਂ ਹੈ। ਮਰੀਜ਼ਾਂ ਨੂੰ ਹਸਪਤਾਲ ਵਿਚ ਦਵਾਈਆਂ ਨਹੀਂ ਮਿਲਦੀਆਂ। ਮਰੀਜ਼ ਲਈ ਹਸਪਤਾਲ ਵਿਚ ਕਿਸੇ ਕਿਸਮ ਦਾ ਕੋਈ ਇਲਾਜ ਨਹੀਂ ਹੈ। ਵਜ਼ੀਰ ਹੈਲਥ ਇਥੇ ਬੈਠੇ ਨਹੀਂ ਹਨ ਕਿਉਂਕਿ ਉਨ੍ਹਾਂ ਨੂੰ ਬੈਠਣ ਦੀ ਵੇਹਲ ਕਿਥੇ ਹੈ? ਹੁਣ ਮੈਂ, ਚੇਅਰਮੈਨ ਸਾਹਿਬ, ਜ਼ਰੂਰੀ ਚੀਜ਼ਾਂ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਤੁਹਾਨੂੰ ਤਾਂ ਇਥੇ ਮੁਫਤ ਮਿਲ ਜਾਂਦੀਆਂ ਹਨ ਅਤੇ ਤੁਸੀਂ ਛੱਕੀ ਜਾਂਦੇ ਹੋ, ਪਰ ਜਿਹੜੇ ਗਰੀਬ ਲੋਕ ਬਜ਼ਾਰੋਂ ਚੀਜ਼ਾਂ ਖਰੀਦਦੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਕਿਸ ਭਾਅ ਤੇ ਚੀਜ਼ਾਂ ਮਿਲਦੀਆਂ ਹਨ। ਸਰਕਾਰ ਨੇ ਪਹਿਲਾਂ ਸਸਤੇ ਮੁੱਲ ਦੀਆਂ ਦੁਕਾਨਾਂ ਖੋਲ੍ਹੀਆਂ ਸਨ, ਪਰ ਫਿਰ ਬੰਦ ਕਰ ਦਿੱਤੀਆਂ ਹਨ। ਸਸਤੇ ਮੁੱਲ ਦੀਆਂ ਦੁਕਾਨਾਂ ਸਰਕਾਰ ਨੂੰ ਜ਼ਰੂਰ ਫਿਰ ਦੁਬਾਰਾ ਖੋਲ ਦੇਣੀਆਂ ਚਾਹੀਦੀਆਂ ਹਨ। ਚੇਅਰਮੈਨ ਸਾਹਿਬ, ਜਦੋਂ ਕਾਂਗਰਸ ਸਰਕਾਰ ਨੇ ਰਾਜ ਭਾਗ ਸੰਭਾਲਿਆ ਤਾਂ ਉਸ ਵੇਲੇ ਘੀ ਦੇ ਇਕ ਪੀਪੇ ਦਾ ਭਾਅ 118/- ਰੁਪਏ ਸੀ, ਪਰ ਹੁਣ ਇੱਕ ਘੀ ਦੇ ਪੀਪੇ ਦਾ ਭਾਅ 250/- ਰੁਪਏ ਹੈ ਅਤੇ ਉਹ ਘੀ ਵੀ ਗਊ ਦੀ ਚਰਬੀ ਵਾਲਾ ਮਿਲਦਾ ਹੈ। ਚੇਅਰਮੈਨ ਸਾਹਿਬ, ਮੇਰੇ ਇਕ ਸਾਥੀ ਨੇ ਇੱਟਾਂ ਬਾਰੇ ਇਕ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ ਕਿ ਇੱਟਾਂ ਦੀ ਬਲੈਕ ਮਾਰਕਿਟ ਰੋਕੋ। ਜੇਕਰ ਮਜ਼ਦੂਰ ਵਿਚਾਰਾ ਇਕ ਰੁਪਿਆ ਵੱਧ ਮੰਗਦਾ ਹੈ ਤਾਂ ਤੁਸੀਂ ਉਸ ਮਜ਼ਦੂਰ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਉਂਦੇ ਹੋ। ਸ਼ੈਲਰ ਵਾਲਿਆਂ ਤੋਂ ਜਾਂ ਭੱਠੇ ਵਾਲਿਆਂ ਤੋਂ ਮਿਨੀਮਮ ਵੇਜਿਜ਼ ਜਾਂ ਬੋਨਸ ਨਹੀਂ ਮਿਲਦਾ। ਚੇਅਰਮੈਨ ਸਾਹਿਬ, ਹਾਲਤ ਐਸੀ ਹੋ ਗਈ ਹੈ ਕਿ ਇੰਡਸਟਰੀ ਬਾਰੇ ਜਿਸ ਦੀ ਮਰਜ਼ੀ ਹੈ ਰਜਿਸਟਰ ਕਰਨ ਔਰ ਜਿਸ ਦੀ ਮਰਜ਼ੀ ਹੈ ਨਾ ਰਜਿਸਟਰ ਕਰਨ। ਚੇਅਰਮੈਨ ਸਾਹਿਬ, ਯੂਨੀਅਨ ਨੂੰ ਜੇਕਰ ਤੋੜਨਾ ਚਾਹੁੰਣ ਤਾਂ ਤੋੜ ਦਿੰਦੇ ਹਨ। ਯੂਨੀਅਨ ਤੋੜਨ ਦੀ ਖਾਤਰ ਡਾਰ ਦੀ ਡਾਰ ਪੁਲਿਸ ਦੀ ਭੇਜ ਦਿੰਦੇ ਹਨ ਅਤੇ ਦਿਹਾਤੀ ਮਜ਼ਦੂਰਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਹਨ। (ਵਿਘਨ)

**ਸ੍ਰੀ ਸਭਾਪਤੀ** : ਵਾਈਂਡ ਅਪ ਕਰੋ ; ਵਾਈਂਡ ਅਪ ਕਰੋ।

**ਪ੍ਰੋਫੈਸਰ ਬਲਵੰਤ ਸਿੰਘ** : ਤੁਸੀਂ, ਚੇਅਰਮੈਨ ਸਾਹਿਬ, ਕਾਹਲੇ ਕਿਉਂ ਪੈਂਦੇ ਹੋ। ਇੱਕ ਮਿੰਟ ਤਾਂ ਸੁਣ ਲਉ। ਤੁਸੀਂ ਮਸ਼ੀਨਰੀ ਬਣਾਉਂਣ ਵਾਸਤੇ ਯਤਨ ਤਾਂ ਕੀਤਾ ਹੈ ਪਰ ਉਹ ਯਤਨ ਬੇਅਸਰ ਹੋਇਆ। ਚਲੋ ਬਾਕੀ ਮੈਂ ਸਾਰੀਆਂ ਗੱਲਾਂ ਛਡਦਾ ਹਾਂ।

**ਸ੍ਰੀ ਸਭਾਪਤੀ** : ਤੁਸੀਂ ਜ਼ਿਦ ਨਾ ਕਰੋ ਅਤੇ ਵਾਈਂਡ ਅਪ ਕਰੋ।

**ਪ੍ਰੋਫੈਸਰ ਬਲਵੰਤ ਸਿੰਘ** : ਮੈਂ ਤਾਂ ਜ਼ਿੱਦੀ ਹਾਂ। ਕੁਰੱਪਸ਼ਨ ਦੀ ਗੱਲ ਹੈ। **

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ** : ਜੋ ਕੁਝ ਮੈਂਬਰ ਸਾਹਿਬ ਨੇ ਸੀ. ਐਮ. ਸਾਹਿਬ ਬਾਰੇ ਕਿਹਾ ਹੈ, ਉਹ ਐਕਸਪੰਜ ਕੀਤਾ ਜਾਂਦਾ ਹੈ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਚੇਅਰਮੈਨ ਸਾਹਿਬ, ਪਿਛਲੇ ਸੈਸ਼ਨ ਵਿਚ ਵੀ ਪ੍ਰੋਫੈਸਰ ਬਲਵੰਤ ਸਿੰਘ ਹੋਰਾਂ ਨੇ ਟੇਪ ਰਿਕਾਰਡਰ ਲਿਆ ਕੇ ਦਿਖਾਇਆ ਸੀ ਅਤੇ ਕਿਹਾ ਸੀ ਕਿ ਇਸ ਵਿਚ ਸਭ ਕੁਝ ਹੈ ਅਤੇ ਫਿਰ ਬਾਅਦ ਵਿਚ ਪਤਾ ਲਗਾ ਕਿ ਇਸ ਟੇਪ ਵਿਚ ਕੁਝ ਵੀ ਨਹੀਂ ਹੈ ਤਾਂ ਬਾਅਦ ਵਿਚ ਪ੍ਰੋਫੈਸਰ ਬਲਵੰਤ ਸਿੰਘ ਹੋਰਾਂ ਨੇ ਹਾਊਸ ਤੋਂ ਮਾਫੀ ਮੰਗੀ ਸੀ। **

**ਸ੍ਰੀ ਸਭਾਪਤੀ** : ਇਹ ਜੋ ਹੁਣ ਮੈਂਬਰ ਸਾਹਿਬ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

**ਸ੍ਰੀ ਗੁਰਦਿਆਲ ਸੈਣੀ** : ਚੇਅਰਮੈਨ ਸਾਹਿਬ, ਇਨ੍ਹਾਂ ਦੀ ਪਾਰਟੀ ਦਾ ਕਿਤਨਾਂ ਸਮਾਂ ਬਾਕੀ ਰਹਿ ਗਿਆ ਹੈ ਅਤੇ ਕੀ ਸਾਡੀ ਪਾਰਟੀ ਨੂੰ ਵੀ ਬੋਲਣ ਦਾ ਸਮਾਂ ਮਿਲੇਗਾ।

**ਸ੍ਰੀ ਸਭਾਪਤੀ** : ਇਨ੍ਹਾਂ ਦੀ ਪਾਰਟੀ ਦੇ 10 ਮਿੰਟ ਬਾਕੀ ਰਹਿ ਗਏ ਹਨ ਅਤੇ ਕਾਂਗਰਸ ਪਾਰਟੀ ਨੂੰ ਵੀ ਬੋਲਣ ਦਾ ਟਾਈਮ ਮਿਲੇਗਾ।

ਕਾਮਰੇਡ ਬੂਟਾ ਸਿੰਘ (ਮਾਨਸਾ) : ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕੁਦਰਤੀ ਆਫਤਾਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਇਸ ਵਾਰ ਭਾਰੀ ਬਾਰਸ਼ਾਂ ਦੇ ਕਾਰਨ ਬਹੁਤ ਸਾਰੇ ਪਿੰਡਾਂ ਨੂੰ ਨੁਕਸਾਨ ਹੋਇਆ ਅਤੇ ਫ਼ਸਲਾਂ ਦਾ ਵੀ ਭਾਰੀ ਨੁਕਸਾਨ ਹੋਇਆ ਹੈ। ਅਸੀਂ ਅਫ਼ਸਰਾਂ ਨੂੰ ਕਿਹਾ ਕਿ ਤੁਸੀ ਗਿਰਦਾਵਰੀਆਂ ਕਰਵਾ ਲਓ ਤਾਂ ਤਹਿਸੀਲਦਾਰ ਕਹਿਣ ਲਗਾ ਕਿ ਸਾਡੀ ਕਿਤਾਬ ਵਿਚ ਤੁਸਾਂ ਸਿਰਫ ਦੋ ਚੀਜ਼ਾਂ ਵਾਸਤੇ ਲਿਖਿਆ ਹੈ ਅਤੇ ਉਹ ਹਨ ਗੜੇ ਅਤੇ ਦੂਸਰਾ ਹੜ੍ਹ। ਚੇਅਰਮੈਨ ਸਾਹਿਬ, ਭਾਰੀ ਬਾਰਸ਼ਾਂ ਕਰਕੇ ਕਈ ਮੇਰੇ ਇਲਾਕੇ ਦੇ ਪਿੰਡਾਂ ਵਿਚ ਪਾਣੀ ਭਰ ਗਿਆ ਹੈ ਅਤੇ ਫ਼ਸਲਾਂ ਤਬਾਹ ਹੋ ਗਈਆਂ ਹਨ, ਪਰ ਅਫ਼ਸਰ ਕਹਿੰਦੇ ਹਨ ਕਿ ਹੜ੍ਹ ਅਤੇ ਗੜਿਆਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਂਦਾ ਹੈ। ਇਸ ਲਈ, ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਹੜ੍ਹ ਅਤੇ ਗੜਿਆਂ ਦੇ ਨਾਲ ਨਾਲ ਭਾਰੀ ਬਾਰਸ਼ਾਂ ਦੇ ਨਾਲ ਜੇਕਰ ਨੁਕਸਾਨ ਹੋਵੇ ਤਾਂ ਵੀ ਮਦੱਦ ਕੀਤੀ ਜਾਵੇ। ਮੇਰੇ ਇਲਾਕੇ ਦੇ 8-10 ਪਿੰਡ ਹਨ ਅਤੇ ਕੋਈ ਹੜ੍ਹ ਨਹੀਂ ਆਇਆ ਪਰ ਭਾਰੀ ਬਾਰਸ਼ਾਂ ਦੇ ਕਾਰਨ ਤਿੰਨ ਚਾਰ ਪਿੰਡਾਂ ਵਿਚ ਪਾਣੀ ਬੰਦ ਹੋ ਗਿਆ ਹੈ ਅਤੇ ਉਥੇ ਛੋਟੀ ਜਿਹੀ ਡ੍ਰੇਨ ਕਢ ਕੇ ਪਾਣੀ 3-4 ਪਿੰਡਾਂ ਵਿਚੋਂ ਕਢਿਆ ਜਾ ਸਕਦਾ ਹੈ। ਭਾਰੀ ਬਾਰਸ਼ਾਂ ਕਰਕੇ ਫਸਲਾਂ ਦਾ ਵੀ ਨੁਕਸਾਨ ਹੋ ਜਾਂਦਾ ਹੈ। ਚੇਅਰਮੈਨ ਸਾਹਿਬ, ਗੜਿਆਂ ਦੇ ਨਾਲ ਜੇ ਕਿਸੇ ਦਾ ਨੁਕ-ਸਾਨ ਹੋ ਜਾਵੇ ਤਾਂ ਪੰਜਾਬ ਸਰਕਾਰ ਵੱਧ ਤੋਂ ਵੱਧ 300/- ਰੁਪਿਆ ਦਿੰਦੀ ਹੈ।

ਪਿਛਲੇ ਦਿਨਾਂ ਵਿਚ ਕੀ ਹੋਇਆ ? ਇਕ ਪਾਸੇ ਤਾਂ ਸਰਕਾਰ ਨੇ 300/- ਰੁਪਏ 6 ਮਹੀਨੇ ਦੇ ਬਾਅਦ ਦਿੱਤੇ। ਅਪਰੈਲ ਵਿੱਚ ਗੜਿਆਂ ਦੇ ਕਾਰਨ ਨੁਕਸਾਨ ਹੋਇਆ ਅਤੇ ਹੁਣ ਜਾ ਕੇ ਉਨ੍ਹਾਂ ਨੂੰ 5-6 ਮਹੀਨਿਆਂ ਵਿੱਚ 200/-, 250/- ਅਤੇ 300/- ਰੁਪਏ ਦਿੱਤੇ ਗਏ। ਇਕ ਬੜੀ ਅਜੀਬ ਗੱਲ ਹੋਈ। 2 ਆਦਮੀਆਂ ਨੂੰ ਮਾਨਸਾ ਵਿਚ ਮਹਿਕਮੇ ਵਾਲਿਆਂ ਵਲੋਂ ਬੁਲਾਇਆ ਗਿਆ। 4/- ਰੁਪਏ ਇਕ ਆਦਮੀ ਦਾ ਭਾੜਾ ਲਗਿਆ ਅਤੇ ਉਸ ਨੂੰ ਪੌਣੇ ਚਾਰ ਰੁਪਏ ਮੁਆਵਜ਼ਾ ਦਿੱਤਾ ਗਿਆ। ਦੂਜੇ ਨੂੰ ਪੌਣੇ ਤਿੰਨ ਰੁਪਏ ਦਿੱਤੇ ਗਏ। ਸਾਡੇ ਅਫ਼ਸਰ ਇਸ ਤਰ੍ਹਾਂ ਲੋਕਾਂ ਨਾਲ ਮਖੌਲ ਕਰਦੇ ਹਨ। ਦੂਜੀ ਗੱਲ ਮੈਂ ਰਿਕਾਰਡ ਕਰਾਉਣਾ ਚਾਹੁੰਦਾ ਹਾਂ ਕਿ ਇਕ ਪਾਸੇ ਤਾਂ ਇਹ 300/- ਰੁਪਿਆ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਦੇ ਕੇ ਲੋਕਾਂ ਦੀ ਮੱਦਦ ਕਰਦੇ ਹਨ ਅਤੇ ਦੂਜੇ ਪਾਸੇ ਆਬਿਆਨਾ ਮੁਆਫ਼ ਨਹੀਂ ਕੀਤਾ ਜਾਂਦਾ। ਆਬਿਆਨਾ ਅਤੇ ਦੂਜੇ ਟੈਕਸ ਆਦਿ ਮਿਲਾ ਕੇ 100/- ਰੁਪਏ ਦੇ ਕਰੀਬ ਹੋ ਜਾਂਦਾ ਹੈ। ਜੇ ਕਿਧਰੇ ਕੁਦਰਤੀ ਆਫਤਾਂ ਕਾਰਨ ਨੁਕਸਾਨ ਹੁੰਦਾ ਹੈ ਤਾਂ ਉਥੇ ਦੁਬਾਰਾ ਗਿਰਦਾਵਰੀ ਕਰਵਾਉਣ ਦੀ ਕੋਈ ਲੋੜ ਨਹੀਂ। ਮਹਿਕਮੇ ਵਾਲੇ ਕਹਿੰਦੇ ਹਨ ਕਿ ਜੇ ਸਾਨੂੰ ਇਕੱਲੀ ਇਕੱਲੀ ਅਰਜ਼ੀ ਮਿਲੇਗੀ ਤਾਂ ਸੋਚਾਂਗੇ। ਅਫਸਰਾਂ ਦਾ ਵਰਤਾਉ ਵੀ ਬੜਾ ਅਜੀਬ ਹੈ। 300/- ਰੁਪਏ ਦੀ ਇਕ ਪਾਸੇ ਮੱਦਦ ਹੁੰਦੀ ਹੈ ਅਤੇ ਦੂਜੇ ਪਾਸੇ ਲੋਕਾਂ ਕੋਲੋਂ 100/- ਰੁਪਏ ਦੇ ਕਰੀਬ ਵਸੂਲ ਕਰ ਰਹੇ ਹਨ।

ਦੂਸਰੀ ਗੱਲ ਡਰੇਨਾਂ ਦੇ ਬਾਰੇ ਕਹਿਣੀ ਹੈ। ਜਿਹੜੀਆਂ ਵੀ ਡਰੇਨਾਂ ਪੰਜਾਬ ਵਿਚ ਬਣੀਆਂ ਹਨ, ਮੇਰਾ ਖਿਆਲ ਹੈ ਕਿ ਇੱਕ ਅੱਧੀ ਡਰੇਨ ਦੀ ਭਾਵੇਂ ਸਫਾਈ ਹੋਈ ਹੋਵੇ ਅਤੇ ਉਹ ਵੀ ਸ਼ਾਇਦ ਕਾਗਜ਼ਾਂ ਵਿੱਚ ਹੀ ਹੋਈ ਹੋਵੇ, ਹਕੀਕਤ ਵਿੱਚ ਕਦੇ ਵੀ ਉਥੇ ਰੇਤ, ਘਾਹ ਫੂਸ ਦੀ ਸਫਾਈ ਨਹੀਂ ਕੀਤੀ ਜਾਂਦੀ। ਬਠਿੰਡਾ ਵਿੱਚ ਬਰੇਟਾ ਅਤੇ ਬਹਾਦਰ ਸਿੰਘ ਡਰੇਨਾਂ ਹਨ। ਉਨ੍ਹਾਂ ਦੀ ਖਾਸ ਕਰਕੇ ਕਦੇ ਕੋਈ ਸਫਾਈ ਨਹੀਂ ਹੋਈ ਔਰ ਬਹੁਤ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਦੀ ਸਫਾਈ ਨਾ ਹੋਣ ਕਰਕੇ ਉਨ੍ਹਾਂ ਵਿਚ ਪਾਣੀ ਉਛਲਦਾ ਰਹਿੰਦਾ ਹੈ ਅਤੇ ਹੜ੍ਹ ਆਉਂਦੇ ਹਨ। ਬਹਾਦਰ ਸਿੰਘ ਡਰੇਨ ਲਿੰਕ ਡਰੇਨ ਹੈ ਅਤੇ ਇਹ ਬੰਦ ਹੋਈ ਪਈ ਹੈ। ਕਿਸੇ ਨੇ ਜਾ ਕੇ ਨਹੀਂ ਦੇਖਿਆ। ਉਥੇ ਬੜਾ ਨੁਕਸਾਨ ਹੋ ਰਿਹਾ ਹੈ:। ਪਾਣੀ ਅੱਗੇ ਚਲਣ ਦੀ ਬਜਾਏ ਪਿੰਡਾਂ ਨੂੰ ਉਤਰ ਜਾਂਦਾ ਹੈ ਅਤੇ ਪਿੰਡਾਂ ਦੀ ਤਬਾਹੀ ਹੋ ਰਹੀ ਹੈ। ਇਸ ਲਈ ਸਰਕਾਰ ਦੇ ਅਫਸਰਾਂ ਨੂੰ ਚਾਹੀਦਾ ਹੈ ਕਿ ਉਹ ਸਾਲ ਵਿੱਚ ਇਕ ਅੱਧੀ ਵਾਰੀ ਜਾ ਕੇ ਮੌਕਾ ਦੇਖਣ ਦੀ ਖੇਚਲ ਕਰਿਆ ਕਰਨ। ਕਾਗਜ਼ਾਂ ਵਿੱਚ ਬਿਲ ਤਾਂ ਬਣ ਜਾਂਦੇ ਹਨ। ਬਹਾਦਰ ਸਿੰਘ ਡਰੇਨ ਮੇਰੇ ਹਲਕੇ ਵਿੱਚ ਹੈ। ਉਸ ਵਾਸਤੇ ਕਈ ਸਾਲਾਂ ਦਾ ਮਸਲਾ ਫਾਈਲਾਂ ਵਿੱਚ ਹੀ ਚੱਕਰ ਕਟ ਰਿਹਾ ਹੈ। ਮੈਂ ਪਿਛਲੇ ਸੈਸ਼ਨ ਵਿੱਚ ਵੀ ਕਿਹਾ ਸੀ ਅਤੇ ਵਜ਼ੀਰ ਸਾਹਿਬ ਨੇ ਕਿਹਾ ਸੀ ਕਿ ਕਰ ਰਹੇ ਹਾਂ। 6 ਮਹੀਨੇ ਦੇ ਵਿੱਚ ਅੱਜੇ ਤੱਕ ਦਫਾ 4 ਦਾ ਨੋਟਿਸ ਵੀ ਨਹੀਂ ਹੋਇਆ। ਲਗਾਤਾਰ 3 ਵਾਰੀ ਤਾਂ ਮੈਂ ਅਸੈਂਬਲੀ ਵਿੱਚ ਸਵਾਲ ਪੁਛ ਚੁਕਿਆ ਹਾਂ ਅਤੇ ਵਜ਼ੀਰ ਸਾਹਿਬ ਦਾ ਜਵਾਬ ਹੁੰਦਾ ਹੈ ਕਿ ਬੜੀ ਛੇਤੀ ਕਰ ਰਹੇ ਹਾਂ। ਜੇ ਇਸ ਤਰ੍ਹਾਂ ਏਨੀ ਤੇਜ਼ੀ ਨਾਲ ਕੰਮ ਹੋਣੇ ਹਨ ਤਾਂ, ਚੇਅਰਮੈਨ ਸਾਹਿਬ, ਅੰਦਾਜ਼ਾ ਲਗਾਓ ਕਿ ਕਿਵੇਂ ਨਾ ਹੜ੍ਹ ਆਉਣਗੇ। ਡਰੇਨਾਂ ਬਾਰੇ ਕਾਰਵਾਈ ਦਾ ਪਰੋਸੀਜਰ ਵੀ ਬੜਾ ਔਖਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਸ ਨੂੰ ਸੁਖਾਲਾ ਬਣਾਇਆ ਜਾਵੇ ਤਾਕਿ ਕੰਮ ਛੇਤੀ ਹੋ ਸਕਣ।

ਪੁਲਿਸ ਦੇ ਬਾਰੇ ਵਿੱਚ ਵੀ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਕਿਸੇ ਸਵਾਲ ਦੇ ਜਵਾਬ ਵਿੱਚ ਕਹਿ ਦਿੱਤਾ ਜਾਂਦਾ ਹੈ ਕਿ ਏਨੇ ਕੇਸ ਦਰਜ ਹੋਏ ਅਤੇ ਏਨਿਆਂ ਤੇ ਫਲਾਂ ਕਾਰਵਾਈ ਕੀਤੀ। ਲੇਕਿਨ ਕਈ ਕੇਸਿਜ਼ ਤਾਂ ਐਸੇ ਵੀ ਹਨ ਜਿਹੜੇ ਦਰਜ ਹੀ ਨਹੀਂ ਹੁੰਦੇ। ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ 26 ਜਨਵਰੀ, 1983 ਦੀ ਗੱਲ ਹੈ। ਮਾਨਸਾ ਦੇ ਨੇੜੇ ਡਕੈਤੀ ਹੋਈ ਅਤੇ ਡਕੈਤੀ ਦਾ ਪਰਚਾ ਪੁਲਿਸ ਵਾਲਿਆਂ ਨੇ ਇਹ ਲਿਖ ਕੇ ਦਰਜ ਕੀਤਾ ਕਿ ਉਨ੍ਹਾਂ ਦੇ ਘਰ ਚੋਰੀ ਹੋਈ ਹੈ। ਹਾਲਾਂਕਿ ਮਾਨਸਾ ਲੁਧਿਆਣੇ ਦੇ ਕੋਲ ਪਿੰਡ ਹੈ। ਉਥੇ 2 ਔਰਤਾਂ ਜਾ ਰਹੀਆਂ ਸਨ। ਕਾਰ ਵਿੱਚ 5 ਬੰਦੇ ਆਏ ਅਤੇ ਉਨ੍ਹਾਂ ਦਾ ਸਾਰਾ ਟੂਮ ਛੱਲਾ ਲਾਹ ਕੇ ਪਿਸਤੌਲ ਦਿਖਾ ਕੇ ਲੈ ਗਏ। ਮੈਂ ਹੈਰਾਨ ਹੋਇਆ ਕਿ ਪਰਚਾ ਦਰਜ ਹੋਇਆ ਹੈ ਚੋਰੀ ਦਾ ਅਤੇ ਡਕੈਤੀ ਹੋਈ ਹੈ। ਏਸੇ ਤਰ੍ਹਾਂ 15 ਜੂਨ, 1983 ਦੀ ਗੱਲ ਹੈ। ਇਕ ਮੁਨੀਮ ਜਗਦੀਸ਼ ਰਾਏ ਬੈਂਕ ਵਿਚੋਂ 50,000 ਰੁਪਏ ਕਢਵਾ ਕੇ ਲਿਜਾ ਰਿਹਾ ਸੀ ਕਿ ਕਿਸੇ ਅਤਿਵਾਦੀ ਨੇ 50,000 ਰੁਪਏ ਹੀ ਖੋਹ ਲਏ। ਲੋਕਾਂ ਨੇ ਮਗਰ ਪੈ ਕੇ ਰੁਪਏ ਤਾਂ ਬਚਾ ਲਏ ਲੇਕਿਨ ਕੋਈ ਰਿਪੋਰਟ ਉਹਦੀ ਵੀ ਦਰਜ ਨਹੀਂ ਹੋਈ। ਮਾਸਟਰ ਜੀ ਨੇ ਵੀ ਦੱਸਿਆ ਹੈ ਕਿ ਭਦੌੜ ਵਿੱਚ ਥਾਣੇਦਾਰ ਇਕਬਾਲ ਸਿੰਘ ਹੈ। ਉਥੇ ਗੁਰਬਖਸ਼

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬੂਟਾ ਸਿੰਘ]
ਸਿੰਘ ਦਾ ਕਤਲ ਹੋਇਆ । ਲੇਕਿਨ ਉਥੇ ਲਾਸ਼ ਨੂੰ ਵੀ ਖੁਰਦ/ਬੁਰਦ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । ਮੇਰੇ ਤੋਂ ਪਹਿਲਾਂ ਬੋਲਣ ਵਾਲੇ ਸੱਜਣਾ ਨੇ ਵੀ ਦੱਸਿਆ ਹੈ ਕਿ ਇਕ ਇਨਸਪੈਕਟਰ ਇਸ ਕਰਕੇ ਛੁੱਟੀ ਤੇ ਜਾਂਦਾ ਹੈ ਕਿ ਉਸਨੇ ਇੱਕਠੇ ਕੀਤੇ ਪੈਸੇ ਘਰ ਪਹੁੰਚਾਉਣੇ ਹੁੰਦੇ ਹਨ । ਇਕ ਇਨਸਪੈਕਟਰ ਬਾਰੇ ਹਾਈ ਕੋਰਟ ਦੇ ਮਾਨਯੋਗ ਜੱਜ ਸਾਹਿਬ ਨੇ ਵੀ ਖਿਲਾਫ ਲਿਖਿਆ ਸੀ ਕਿ ਉਸ ਨੇ ਰਿਕਾਰਡ ਖਰਾਬ ਕੀਤਾ ਹੈ ਅਤੇ ਝੂਠ ਬੋਲਿਆ ਹੈ ਲੇਕਿਨ ਉਸ ਦਾ ਵੀ ਕੁਝ ਨਹੀਂ ਕੀਤਾ ਗਿਆ ।

ਬਿਜਲੀ ਦੇ ਮਹਿਕਮੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਦਿਨ ਸਾਡੇ ਇਲਾਕੇ ਦੇ ਵਿੱਚ ਹਨੇਰੀਆਂ ਆਦਿ ਆਉਣ ਕਾਰਣ ਕਈ ਥਾਂ ਤੇ ਖੰਭੇ ਵਗੈਰਾ ਡਿਗ ਪਏ । ਮੈਨੂੰ ਲੋਕਾਂ ਨੇ ਦਸਿਆ ਹੈ ਕਿ ਉਥੋਂ ਦੇ ਐਸ.ਡੀ.ਓ. ਨੇ ਕਿਹਾ ਕਿ ਸਾਡੀ ਕੋਈ ਸੇਵਾ ਕਰੋ ਤਾਂ ਕੰਮ ਹੋਵੇਗਾ। ਜਦੋਂ ਤੱਕ ਮਹਿਕਮੇ ਦੇ ਅਫਸਰਾਂ ਦੀ ਲੋਕ ਸੇਵਾ ਨਾ ਕਰਨ, ਮਤਲਬ ਪੈਸੇ ਨਾ ਦੇਣ, ਓਨੀ ਦੇਰ ਤੱਕ ਟਿਊਬਵੈਲਜ਼ ਲਈ ਕੁਨੈਕਸ਼ਨ ਨਹੀਂ ਮਿਲੇਗਾ । ਡੇਢ-ਡੇਢ ਦੋ-ਦੋ ਸਾਲ ਤੋਂ ਲੋਕਾਂ ਦੀਆਂ ਅਰਜ਼ੀਆਂ ਕੁਨੈਕਸ਼ਨਾਂ ਲਈ ਪਈਆਂ ਹਨ, ਲੇਕਿਨ ਕੁਝ ਨਹੀਂ ਹੋ ਰਿਹਾ। ਸਰਕਾਰ ਨੂੰ ਇਨ੍ਹਾਂ ਬਾਰੇ ਕੁਝ ਕਰਨਾ ਚਾਹੀਦਾ ਹੈ। ਕਈਆਂ ਦੇ ਡਿਮਾਂਡ ਨੋਟਿਸ ਵੀ ਹਨ ਅਤੇ ਸਾਰੀ ਕਾਗਜ਼ੀ ਕਾਰਵਾਈ ਵੀ ਮੁਕੰਮਲ ਹੋ ਗਈ ਹੈ ਪਰ ਫਿਰ ਵੀ ਕੋਈ ਕੰਮ ਨਹੀਂ ਹੋ ਰਿਹਾ ਅਤੇ ਬਿਜਲੀ ਨਹੀਂ ਮਿਲ ਰਹੀ। ਇਕ ਗੱਲ ਅਖਬਾਰਾਂ ਵਿੱਚ ਵੀ ਆਉਂਦੀ ਹੈ ਅਤੇ ਉਹ ਦਾਜ ਬਾਰੇ ਹੈ । ਇਕ ਵਾਕਿਆ ਮਾਨਸਾ ਵਿੱਚ ਵੀ ਹੋਇਆ । ਉਥੇ ਉਸੇ ਤਰ੍ਹਾਂ ਹੀ ਦਾਜ ਦੇ ਲਾਲਚੀਆਂ ਨੇ ਲੜਕੀ ਨੂੰ ਮਾਰ ਦਿੱਤਾ । ਪੁਲਿਸ ਵਾਲਿਆਂ ਨੇ ਦੋਸ਼ੀਆਂ ਨੂੰ ਬੁਲਾ ਲਿਆ ਅਤੇ ਕਾਫੀ ਰਕਮ ਵਗੈਰਾ ਲੈ ਲਈ। ਦੂਜੇ ਪਾਸੇ ਲੜਕੀ ਦੇ ਵਾਰਸਾਂ ਨੇ ਬੜੀ ਅਜੀਬ ਗੱਲ ਕਰ ਲਈ । ਉਨ੍ਹਾਂ ਨੇ ਕੋਈ ਡੇਢ ਲੱਖ ਰੁਪਏ ਦਾ ਦਾਜ ਦਿੱਤਾ ਸੀ, ਉਹ ਸਮਝੌਤਾ ਕਰਕੇ ਵਾਪਸ ਲੈ ਲਿਆ ਅਤੇ ਮਾਮਲਾ ਖੁਰਦ- ਬੁਰਦ ਹੋ ਗਿਆ। ਸੈਂਟਰ ਗੌਰਮਿੰਟ ਵਲੋਂ ਇਸ ਸਬੰਧੀ ਬੜੇ ਸਖਤ ਕਾਨੂੰਨ ਬਣਾਏ ਜਾ ਰਹੇ ਹਨ । ਪੰਜਾਬ ਸਰਕਾਰ ਨੂੰ ਵੀ ਇਸ ਲਈ ਕਦਮ ਚੁਕਣੇ ਚਾਹੀਦੇ ਹਨ ਕਿਉਂਕਿ ਇਹ ਲਾਹਨਤ ਸਮਾਜ ਲਈ ਬੜੀ ਖਰਾਬ ਹੈ।

ਸੈਂਟ੍ਰਲ ਗੌਰਮਿੰਟ ਦੇ ਵਿੱਚ ਇਸ ਬਾਰੇ ਬੜੇ ਵੱਡੇ ਵੱਡੇ ਕਾਨੂੰਨ ਬਣਾਏ ਜਾ ਰਹੇ ਹਨ ਪੰਜਾਬ ਦੀ ਸਰਕਾਰ ਨੂੰ ਵੀ ਇਸ ਲਾਹਨਤ ਦੇ ਬਾਰੇ ਵਿੱਚ ਕੋਈ ਕਦਮ ਚੁਕਣੇ ਚਾਹੀਦੇ ਹਨ । ਜਿੰਨਾਂ ਨੇ ਪੰਜਾਬ ਦੇ ਵਿੱਚ ਇਤਨੀ ਭਿਆਨਕ ਸ਼ਕਲ ਅਖਤਿਆਰ ਕੀਤੀ ਹੋਈ ਹੈ । ਕੋ-ਆਪਰੇਟਿਵ ਸੋਸਾਇਟੀਜ਼ ਦੇ ਵਿੱਚ ਸਾਲ ਤੋਂ ਉਪਰ ਹੋ ਗਿਆ ਹੈ ਉਨ੍ਹਾਂ ਦੀ ਕੋਈ ਆਪਣੀਆਂ ਮੰਗਾਂ ਦੇ ਵਾਸਤੇ ਐਜੀਟੇਸ਼ਨ ਕੀਤੀ ਗਈ ਸੀ ਉਨ੍ਹਾਂ ਵਿੱਚੋਂ ਕੁਝ ਇੱਕ ਨੂੰ ਰੱਖ ਵੀ ਲਿਆ ਗਿਆ ਸੀ। ਲੇਬਰ ਕੋਰਟ ਨੇ ਬਹੁਤ ਸਾਰੇ ਫੈਸਲੇ ਕਰ ਦਿੱਤੇ ਹਨ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਲੇਬਰ ਕੋਰਟ ਦੇ ਫੈਸਲੇ ਵੀ ਹੋ ਗਏ ਹਨ ਕਿ ਇਨ੍ਹਾਂ ਨੂੰ ਕੰਮ ਤੇ ਬਹਾਲ ਕੀਤਾ ਜਾਵੇ, ਫਿਰ ਵੀ ਉਨ੍ਹਾਂ ਦੇ ਜਿਹੜੇ ਅਫਸਰ ਹਨ, ਉਹ ਉਨ੍ਹਾਂ ਨੂੰ ਡਿਊਟੀ ਤੇ ਹਾਜ਼ਰ ਨਹੀਂ ਕਰਵਾ ਰਹੇ । ਉਨ੍ਹਾਂ ਵਿਚਾਰਿਆਂ ਦੇ ਬਾਲ ਬੱਚਿਆਂ ਦਾ ਹੀ ਸਰਕਾਰ ਨੂੰ ਕੋਈ ਖਿਆਲ ਕਰਨਾ ਚਾਹੀਦਾ ਹੈ। ਜਿਨ੍ਹਾਂ ਦੇ ਲੇਬਰ ਕੋਰਟਾਂ ਵੱਲੋਂ ਫੈਸਲੇ ਹੋ ਚੁੱਕੇ ਹਨ, ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਬਹਾਲ ਕਰ ਦੇਣਾ ਚਾਹੀਦਾ ਹੈ ।

**ਪੰਡਿਤ ਸਰਵਣ ਰਾਮ** : ਆਨ ਏ ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਕੋਆਪਰੇਟਿਵ ਸੋਸਾਇਟੀਜ਼ ਦੇ ਜਿਹੜੇ ਅਫ਼ਸਰ ਹਨ ਕਾਮਰੇਡ ਜੀ ਨੇ ਕਿਹਾ ਹੈ ਮੈਂ ਇਨ੍ਹਾਂ ਨੂੰ ਦੱਸਣਾ

Original with;
Punjab Vidhan Sabha
Digitized by;
Panjab Digital Library

ਚਾਹੁੰਦਾ ਹਾਂ ਕਿ ਇਹ ਅਫਸਰ/ਸੈਕਟਰੀ ਇਹ ਅਫਸਰਾਂ ਦੇ ਮਤਹਿਤ ਨਹੀਂ ਹਨ । ਜਿਹੜੀਆਂ ਸੋਸਾਇਟੀਆਂ ਹਨ, ਉਹ ਜਿਹੜੀਆਂ ਕਮੇਟੀਆਂ ਹਨ, ਉਨ੍ਹਾਂ ਤੇ ਜਿਹੜੇ ਸੈਕਟਰੀ ਹਨ ਇਹ ਉਨ੍ਹਾਂ ਨੇ ਬਹਾਲ ਕਰਨੇ ਹਨ। ਇਨ੍ਹਾਂ ਅਫਸਰਾਂ ਨੇ ਬਹਾਲ ਨਹੀਂ ਕਰਨੇ ।

**ਕਾਮਰੇਡ ਬੂਟਾ ਸਿੰਘ** : ਚੇਅਰਮੈਨ ਸਾਹਿਬ, ਪੰਡਿਤ ਸਰਵਣ ਰਾਮ ਜੀ ਨੂੰ ਇਹ ਪਤਾ ਨਹੀਂ ਕਿ ਜਿਹੜੇ ਕਮੇਟੀ ਦੇ ਏ.ਆਰ. ਹਨ, ਉਨ੍ਹਾਂ ਦੀ ਮਰਜ਼ੀ ਦੇ ਖਿਲਾਫ ਕਿਸੇ ਸੈਕਟਰੀ ਨੂੰ ਰੱਖ ਲਿਆ ਜਾਵੇ ਤਾਂ ਉਸ ਕਮੇਟੀ ਨੂੰ ਤੋੜ ਦਿੱਤਾ ਜਾਂਦਾ ਹੈ। ਸਾਡੇ ਇਲਾਕੇ ਵਿੱਚ ਅਜਿਹਾ ਹੋਇਆ ਹੈ । ਜਿਹੜੀ ਕਮੇਟੀ ਨੇ ਏ.ਆਰ. ਦੀ ਮਰਜ਼ੀ ਦੇ ਖਿਲਾਫ ਕੋਈ ਸੈਕਟਰੀ ਰੱਖਿਆ, ਉਹ ਕਮੇਟੀ ਹੀ ਤੋੜ ਦਿੱਤੀ ਗਈ । ਚੇਅਰਮੈਨ ਸਾਹਿਬ, ਮੈਂ ਇਕ ਗੱਲ ਹੋਰ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਪੀਲੇ ਕਾਰਡ ਹਨ, ਇਨ੍ਹਾਂ ਬਾਰੇ ਮੈਂ ਪਿਛਲੇ ਸੈਸ਼ਨ ਵਿੱਚ ਵੀ ਰੌਲਾ ਪਾਇਆ ਸੀ ਕਿ ਕਿਨ੍ਹਾਂ ਦੇ ਬਣਦੇ ਹਨ। ਗਰੀਬ ਆਦਮੀ ਨੂੰ ਪਹਿਲਾਂ ਤਾਂ ਪੁੱਛਿਆ ਜਾਂਦਾ ਹੈ ਕਿ ਤੇਰੇ ਕਿੰਨੇ ਮੁੰਡੇ ਹਨ। ਉਹ ਕਹਿੰਦਾ ਹੈ ਕਿ ਚਾਰ । ਕੀ ਕਰਦੇ ਹਨ? ਉਹ ਕਹਿੰਦਾ ਹੈ ਕਿ ਸੀਰੀ ਦਾ ਕੰਮ ਕਰਦੇ ਹਨ। ਤਾਂ ਫਿਰ ਉਸ ਨੂੰ ਕਿਹਾ ਜਾਂਦਾ ਹੈ ਕਿ ਕਿਉਂਕਿ ਤੇਰੇ ਚਾਰ ਮੁੰਡੇ ਹਨ, ਇਸ ਲਈ ਤੇਰਾ ਕਾਰਡ ਨਹੀਂ ਬਣ ਸਕਦਾ । ਦੂਜੀ ਵਾਰ ਜਦੋਂ ਕੋਈ ਹੋਰ ਆਦਮੀ ਜਾਂਦਾ ਹੈ ਪੀਲਾ ਕਾਰਡ ਬਣਾਉਣ ਵਾਸਤੇ ਤਾਂ ਉਸ ਨੂੰ ਪੁੱਛਿਆ ਜਾਂਦਾ ਹੈ ਕਿ ਤੇਰੇ ਪਾਸ ਟਰੈਕਟਰ ਕਿਤਨੇ ਹਨ, ਉਹ ਕਹਿੰਦਾ ਹੈ ਕਿ ਦੋ ਟਰੈਕਟਰ ਹਨ ਤਾਂ ਉਸ ਨੂੰ ਕਿਹਾ ਜਾਂਦਾ ਹੈ ਕਿ ਤੇਰਾ ਪੀਲਾ ਕਾਰਡ ਬਣ ਸਕਦਾ ਹੈ। ਚੇਅਰਮੈਨ ਸਾਹਿਬ, ਟਰੈਕਟਰ ਵਾਲੇ ਦਾ ਤਾਂ ਪੀਲਾ ਕਾਰਡ ਬਣ ਸਕਦਾ ਹੈ, ਪਰ ਜਿਸ ਗਰੀਬ ਦੇ ਚਾਰ ਮੁੰਡੇ ਸੀਰੀਪੁਣੇ ਦਾ ਕੰਮ ਕਰਦੇ ਹਨ, ਉਸ ਦਾ ਕਾਰਡ ਨਹੀਂ ਬਣਾਇਆ ਜਾਂਦਾ । ਫਿਰ ਜਦੋਂ ਕੋਈ ਗਰੀਬ ਬੈਂਕ ਦੇ ਵਿੱਚ ਇਸ ਤਰ੍ਹਾਂ ਦੇ ਪੀਲੇ ਕਾਰਡ ਬਣਵਾ ਕੇ ਕਰਜ਼ਾ ਲੈਣ ਵਾਸਤੇ ਜਾਂਦਾ ਹੈ ਤਾਂ ਉਸ ਨੂੰ ਬੈਂਕ ਦਾ ਮੈਨੇਜਰ ਪੁੱਛਦਾ ਹੈ ਕਿ ਤੇਰੀ ਕਿੰਨੀ ਉਮਰ ਹੈ। ਔਰ ਉਸ ਨੂੰ ਜ਼ਿਆਦਾ ਉਮਰ ਹੋਣ ਕਰਕੇ ਕੋਈ ਕਰਜ਼ਾ ਦਿੱਤਾ ਨਹੀਂ ਜਾਂਦਾ। ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਇਤਨੇ ਅਖ-ਤਿਆਰ ਦਿੱਤੇ ਹੋਏ ਹਨ ਕਿ ਸਰਕਾਰ ਦੀਆਂ ਹਦਾਇਤਾਂ ਦੇ ਬਾਵਜੂਦ, ਸਰਕਾਰ ਦੇ ਕਹਿਣ ਅਨੁਸਾਰ ਸਾਰੀਆਂ ਫਾਰਮੇਲਿਟੀਜ਼ ਪੂਰੀਆਂ ਕਰਕੇ ਵੀ ਗਰੀਬ ਆਦਮੀ ਨੂੰ ਕਰਜ਼ਾ ਨਹੀਂ ਮਿਲ ਸਕਦਾ ਔਰ ਕਿਹਾ ਜਾਂਦਾ ਹੈ ਕਿ ਤੇਰੀ ਉਮਰ ਜ਼ਿਆਦਾ ਹੈ। ਇਸ ਤਰ੍ਹਾਂ, ਚੇਅਰਮੈਨ ਸਾਹਿਬ, ਇਹ ਜਿਹੜੇ ਪੀਲੇ ਕਾਰਡਾਂ ਵਾਲੇ ਹਨ, ਥੋੜ੍ਹੀ ਬਹੁਤ ਜ਼ਿੰਦਗੀ ਦੇ ਵਿੱਚ ਇਨ੍ਹਾਂ ਦੀ ਵੀ ਮੱਦਦ ਸਰਕਾਰ ਨੂੰ ਕਰਨੀ ਚਾਹੀਦੀ ਹੈ।

**ਸ੍ਰੀ ਸਭਾਪਤੀ** : ਕਾਮਰੇਡ ਜੀ, ਹੁਣ ਵਾਈਂਡ ਅੱਪ ਕਰੋ।

**ਕਾਮਰੇਡ ਬੂਟਾ ਸਿੰਘ** : ਬੱਸ ਜੀ ਇਕ ਦੋ ਮਿੰਟ ਦੇ ਵਿੱਚ ਹੁਣੇ ਹੀ ਵਾਈਂਡ ਅੱਪ ਕਰ ਦਿਆਂਗਾ। ਮੈਂ ਸਕੂਲਾਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਕਿਸੇ ਨਾਲ ਵਿਤਕਰਾ ਨਹੀਂ ਕਰਨਾ ਚਾਹੀਦਾ। ਮੈਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਮਾਨਸਾ ਦੇ ਵਿੱਚ ਜਦੋਂ ਤੋਂ ਇਹ ਸਰਕਾਰ ਬਣੀ ਹੈ ਇੱਕ ਵੀ ਸਕੂਲ ਅਪਗਰੇਡ ਨਹੀਂ ਕੀਤਾ। ਜੇ ਕਹੀਏ ਕਿ ਸਰਕਾਰ ਵਿਤਕਰਾ ਕਰਦੀ ਹੈ ਤਾਂ ਫਿਰ ਇਹ ਕਹਿੰਦੇ ਹਨ ਕਿ ਕੋਈ ਵਿਤਕਰਾ ਨਹੀਂ ਕਰਦੀ।

**ਵਿੱਤ ਮੰਤਰੀ** : (ਬੈਠੇ, ਬੈਠੇ) ਤੁਸੀਂ ਕਦੇ ਕੋਈ ਮੰਗ ਹੀ ਨਹੀਂ ਕੀਤੀ ਹੋਣੀ ।

**ਕਾਮਰੇਡ ਬੂਟਾ ਸਿੰਘ** : ਚੇਅਰਮੈਨ ਸਾਹਿਬ, ਉਰਦੂ ਜ਼ਬਾਨ ਦੀ ਤਰੱਕੀ ਵਾਸਤੇ ਪੰਜ ਲੱਖ ਰੁਪਿਆ ਰੱਖਿਆ ਗਿਆ ਹੈ। ਇਹ ਬੜੀ ਚੰਗੀ ਗੱਲ ਹੈ। ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬੂਟਾ ਸਿੰਘ]

ਹਾਂ ਕਿ ਸਾਡੀਆਂ ਕਮੇਟੀਆਂ ਜਿਹੜੀਆਂ ਕਿ ਵਿਧਾਨ ਸਭਾ ਦੀਆਂ ਕਮੇਟੀਆਂ ਹਨ ਔਰ ਖਾਸ ਕਰਕੇ ਜਿਹੜੀ ਸਾਡੀ ਲੈਜਿਸਲੇਸ਼ਨ ਵਾਲੀ ਕਮੇਟੀ ਹੈ, ਉਸ ਦੇ ਵਿੱਚ ਤਾਂ ਪੰਜਾਬੀ ਵਿੱਚ ਕੋਈ ਗੱਲ ਹੀ ਨਹੀਂ ਕੀਤੀ ਜਾਂਦੀ। ਸਾਰੀ ਦੀ ਸਾਰੀ ਗੱਲ ਅੰਗਰੇਜ਼ੀ ਵਿੱਚ ਚੱਲਦੀ ਹੈ ਔਰ ਜਿਹੜੇ ਅਫ਼ਸਰ ਸਾਹਿਬਾਨ ਹਨ, ਇਹ ਸਮਝਦੇ ਹਨ ਕਿ ਜੇ ਪੰਜਾਬੀ ਵਿੱਚ ਗੱਲ ਕੀਤੀ ਤਾਂ ਇਸ ਵਿੱਚ ਹੱਤਕ ਹੋਵੇਗੀ। ਪੰਜਾਬੀ ਵਿੱਚ ਗੱਲ ਕਰਨ ਨੂੰ ਉਹ ਆਪਣੀ ਹੱਤਕ ਸਮਝਦੇ ਹਨ। ਇਹ ਜਿਹੜਾ ਅਮਲ ਚੱਲ ਰਿਹਾ ਹੈ ਇਸ ਨੂੰ ਤੁਰੰਤ ਰੋਕਣਾ ਚਾਹੀਦਾ ਹੈ ਔਰ ਪੰਜਾਬੀ ਵਾਸਤੇ ਪੰਜਾਬ ਨੂੰ ਜ਼ਿੰਦਗੀ ਵਿੱਚ ਅਮਲ ਵਿੱਚ ਪੰਜਾਬੀ ਵੱਧੇ ਫੁੱਲੇ ਔਰ ਇਹ ਦਫ਼ਤਰਾਂ ਦੀ ਮਾਲਕ ਬਣੇ ਇਸ ਵਾਸਤੇ ਕੁਝ ਯਤਨ ਸਰਕਾਰ ਨੂੰ ਜ਼ਰੂਰ ਕਰਨੇ ਚਾਹੀਦੇ ਹਨ।

**ਸ੍ਰੀ ਸਭਾਪਤੀ** : ਕਾਮਰੇਡ ਸਾਹਿਬ, ਹੁਣ ਵਾਈਂਡ ਅੱਪ ਕਰੋ।

**ਕਾਮਰੇਡ ਬੂਟਾ ਸਿੰਘ** : ਚੇਅਰਮੈਨ ਸਾਹਿਬ, ਉਰਦੂ ਵਾਲੀ ਗੱਲ ਠੀਕ ਹੈ। ਸਾਡਾ ਜਿਹੜਾ ਮਾਨਸਾ ਹਲਕਾ ਹੈ, ਮੈਂ ਇਸ ਬਾਰੇ ਸੜਕਾਂ ਪ੍ਰਤੀ ਕਹਿਣਾ ਚਾਹੁੰਦਾ ਹਾਂ ਕਿ ਮੈਂ ਪਿਛਲੀ ਵਾਰੀ ਵੀ ਮਨਿਸਟਰ ਸਾਹਿਬ ਨੂੰ ਨੋਟ ਕਰਵਾਇਆ ਸੀ ਔਰ ਉਨ੍ਹਾਂ ਨੇ ਕਿਹਾ ਸੀ ਕਿ ਕਰਾਂਗੇ। ਚੇਅਰਮੈਨ ਸਾਹਿਬ, ਸੜਕਾਂ ਦੀ ਮਾਨਸਾ ਹਲਕੇ ਵਿੱਚ ਕਾਫੀ ਖਸਤਾ ਹਾਲਤ ਹੈ। ਉਥੇ ਇੱਕ 10 ਮਿੰਟ ਦਾ ਰਸਤਾ ਇਹੋ ਜਿਹਾ ਹੈ ਕਿ ਬੱਸਾਂ, ਗਡੀਆਂ ਨੂੰ ਉਹ ਰਸਤਾ ਪਾਰ ਕਰਨ ਵਿੱਚ 30 ਮਿੰਟ ਲੱਗ ਜਾਂਦੇ ਹਨ। ਹੌਲੀ ਹੌਲੀ ਚਲਦੇ ਚਲਦੇ ਵੀ ਗੱਡੀਆਂ ਦੇ ਪਟੇ ਟੁੱਟ ਜਾਂਦੇ ਹਨ । ਚਿੱਠੀਆਂ ਲਿੱਖਣ ਦੇ ਬਾਵਜੂਦ ਵੀ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਇਸ ਤੋਂ ਇਲਾਵਾ ਚੇਅਰਮੈਨ ਸਾਹਿਬ, ਮੈਂ ਸੀਵਰੇਜ ਬੋਰਡ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਮਾਨਸੇ ਦੇ ਵਿੱਚ 50/60 ਹਜ਼ਾਰ ਦੀ ਆਬਾਦੀ ਹੈ। ਉਥੇ ਸੀਵਰੇਜ ਬੋਰਡ ਵਾਲਿਆਂ ਦਾ ਬਹੁਤ ਹੀ ਨਿਕੰਮਾ ਬੰਧ ਹੈ। ਇਸ ਕਾਰਨ ਉਥੇ ਇਲਾਕੇ ਦੀ ਦਸ਼ਾ ਬਹੁਤ ਭੈੜੀ ਬਣੀ ਹੋਈ ਹੈ। ਦੋ ਤਿੰਨ ਵਾਰੀ ਇਲਾਕੇ ਦੇ ਡੀ. ਸੀ. ਨੇ ਆਪ ਆ ਕੇ ਮੌਕਾ ਵੀ ਵੇਖਿਆ ਹੈ। ਮੇਰੀ ਬੇਨਤੀ ਹੈ ਕਿ ਜਿਹੜੀ ਸਕੀਮ ਬਣੀ ਹੈ ਉਸ ਦੇ ਵਿਚੋਂ ਕੁਝ ਪੈਸਾ ਏਥੇ ਵੀ ਲਗਾਣਾ ਜ਼ਰੂਰੀ ਹੈ । ਇਹ ਕਹਿੰਦੇ ਹਨ ਕਿ ਫੰਡਜ਼ ਨਹੀਂ ਹਨ। ਸੀਵ-ਰੇਜ ਬੋਰਡ ਪਾਸ ਪੈਸਾ ਨਹੀਂ ਹੈ। ਮੈਂ ਬੇਨਤੀ ਕਰਾਂਗਾ ਕਿ ਜਿਹੜੀ ਸਕੀਮ ਹੈ ਸੀਵਰੇਜ ਬੋਰਡ ਦੀ ਮਾਨਸੇ ਦੇ ਵਿੱਚ ਉਸ ਨੂੰ ਤੁਰੰਤ ਅਮਲੀ ਜਾਮਾ ਪਹਿਨਾਇਆ ਜਾਵੇ। ਕੁਝ ਰਕਮ ਪੰਜਾਬ ਸਰਕਾਰ ਦੇਵੇ ਤਾਂਕਿ ਮਾਨਸਾ ਸ਼ਹਿਰ ਡੁੱਬਣ ਤੋਂ ਬਚਾਇਆ ਜਾ ਸਕੇ।

**ਚੌਧਰੀ ਮਾਤੂ ਰਾਮ** (ਮਲੋਟ, ਐਸ.ਸੀ.) : ਚੇਅਰਮੈਨ ਸਾਹਿਬ, ਮੈਂ ਵਾਟਰ ਸਪਲਾਈ ਬਾਰੇ ਗੱਲ ਕਹਿਣੀ ਚਾਹੁੰਦੀ ਹਾਂ। ਮੈਂ ਸਿਰਫ਼ ਇੱਕ ਗੱਲ ਹੀ ਕਰਨੀ ਹੈ ਕਿ ਉਹ ਲੋਕ ਜਿਹੜੇ ਪਛੜੇ ਹੋਏ ਹਰੀਜਨ ਹਨ ਜਿਹੜੇ ਛੱਪੜਾਂ ਦਾ ਪਾਣੀ ਪੀਂਦੇ ਰਹੇ ਹਨ ਔਰ ਉਹਨ੍ਹਾਂ ਨੂੰ ਕੋਈ ਖੂਹਾਂ ਤੇ ਪਾਣੀ ਨਹੀਂ ਪੀਣ ਦੇਂਦਾ ਸੀ ਉਹ ਵਿਚਾਰੇ ਛੱਪੜਾਂ ਦਾ ਪਾਣੀ ਪੀ ਕੇ ਗੁਜ਼ਾਰਾ ਕਰਦੇ ਰਹੇ ਔਰ ਉਹ ਇਸ ਉਮੀਦ ਤੇ ਕਿ ਸਾਡੇ ਵੀ ਕਦੇ ਅੱਛੇ ਦਿਨ ਆਉਣਗੇ । ਚੇਅਰਮੈਨ ਸਾਹਿਬ, 10-20 ਸਾਲ ਹੋ ਗਏ ਹਨ ਆਜ਼ਾਦੀ ਤੋਂ ਬਾਅਦ ਲੇਕਿਨ ਪਿੰਡਾਂ ਦੇ ਵਿੱਚ ਗਰੀਬ ਲੋਕਾਂ ਨੂੰ ਵਾਟਰ ਵਰਕਸ ਤੋਂ ਪਾਣੀ ਨਹੀਂ ਮਿਲ ਰਿਹਾ। ਉਹ ਲੋਕ ਬੜੀ ਮੁਸ਼ਕਲ ਨਾਲ ਗੁਜ਼ਾਰਾ ਕਰਦੇ ਹਨ । ਪਬਲਿਕ ਹੈਲਥ ਮਨਿਸਟਰ ਸਾਹਿਬ ਏਥੇ ਬੈਠੇ ਹਨ । ਮੈਂ ਉਨ੍ਹਾਂ ਨੂੰ ਵੀ ਬੇਨਤੀ ਕਰਾਂਗਾ ਕਿ ਮੇਰੇ ਇਲਾਕੇ ਦੇ ਵਿੱਚ ਪਿੰਡਾਂ ਵਿੱਚ ਪਾਣੀ ਦਿਓ। 10 ਸਾਲਾਂ ਤੋਂ ਵਾਟਰ ਵਰਕਸ ਚੱਲ ਰਹੇ ਹਨ। ਵੱਡੇ ਵੱਡੇ ਆਦਮੀ ਜਿਹੜੇ ਹਨ ਉਨ੍ਹਾਂ ਨੇ ਆਪਣੀਆਂ ਗਲੀਆਂ ਦੇ ਵਿੱਚ ਨਾਲੀਆਂ ਪਾਈਪਾਂ ਲਗਵਾਈਆਂ ਹੋਈਆਂ ਹਨ । ਗਰੀਬਾਂ

Original with;
Punjab Vidhan Sabha
Digitized by;
Panjab Digital Library

ਨੂੰ ਕੋਈ ਪਾਣੀ ਪੀਣ ਵਾਸਤੇ ਨਹੀਂ ਮਿਲ ਰਿਹਾ। ਮੇਰੀ ਬੇਨਤੀ ਹੈ ਕਿ ਜਿਹੜੇ ਵਾਟਰ ਵਰਕਸ ਪਹਿਲਾਂ ਬਣੇ ਹੋਏ ਹਨ ਉਨ੍ਹਾਂ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਤਾਂਕਿ ਉਨ੍ਹਾਂ ਸਾਰਿਆਂ ਨੂੰ ਪਾਣੀ ਮਿਲ ਸਕੇ ਔਰ ਜਿੱਥੇ ਵਾਟਰ ਵਰਕਸ ਲਾਉਣ ਦੀ ਲੋੜ ਹੈ ਉਹ ਵੀ ਲਾਏ ਜਾਣੇ ਚਾਹੀਦੇ ਹਨ। ਇਤਨਾ ਕਹਿੰਦਾ ਹੋਇਆ ਮੈਂ ਦਰਖਾਸਤ ਕਰਦਾ ਹਾਂ ਕਿ ਇਸ ਵੱਲ ਮਨਿਸਟਰ ਸਾਹਿਬ ਆਪਣਾ ਧਿਆਨ ਦੇਣ ਔਰ ਜਿਨ੍ਹਾਂ ਲੋਕਾਂ ਨੂੰ ਪਿਛਲੇ ਕਈ ਸਾਲਾਂ ਤੋਂ ਪਾਣੀ ਨਹੀਂ ਮਿਲ ਰਿਹਾ ਉਸ ਦਾ ਇੰਤਜ਼ਾਮ ਕਰਨ। ਇਤਨਾ ਕਹਿੰਦਾ ਹੋਇਆ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਵਿੱਤ ਮੰਤਰੀ** (ਡਾਕਟਰ ਕੇਵਲ ਕ੍ਰਿਸ਼ਨ) : ਚੇਅਰਮੈਨ ਸਾਹਿਬ, ਆਨਰੇਬਲ ਮੈਂਬਰਜ਼ ਨੇ ਬੜਾ ਹਿੱਸਾ ਲਿਆ ਹੈ ਇਸ ਐਪਰੋਪਰੀਏਸ਼ਨ ਬਿਲ ਤੇ ਵੀ ਆਪਣੇ ਵਿਚਾਰ ਪਰਗਟ ਕੀਤੇ ਹਨ ਔਰ ਖਾਸ ਤੌਰ ਤੇ ਪ੍ਰੋਫੈਸਰ ਦਰਬਾਰੀ ਲਾਲ ਜੀ, ਪ੍ਰੋਫੈਸਰ ਬਲਵੰਤ ਸਿੰਘ ਔਰ ਚੌਧਰੀ ਮਾਡੂ ਰਾਮ ਹੋਰਾਂ ਨੇ ਤਾਂ ਇੱਕੋ ਗੱਲ ਕਹਿ ਕੇ ਆਪਣੀ ਸੱਭ ਤੋਂ ਵੱਡੀ ਪਰਾਬਲੈਮ ਕਹਿ ਦਿੱਤੀ ਹੈ। ਕਾਮਰੇਡ ਬੂਟਾ ਸਿੰਘ ਜੀ ਨੇ ਵੀ ਅਤੇ ਹੋਰ ਵੀ ਸਾਥੀਆਂ ਨੇ, ਸ਼੍ਰੀ ਓਮ ਪ੍ਰਕਾਸ਼ ਗੁਪਤਾ ਜੀ ਨੇ ਵੀ ਆਪਣੇ ਵਿਚਾਰ ਪਰਗਟ ਕੀਤੇ ਹਨ। ਮੈਂ ਬਹੁਤ ਜ਼ਿਆਦਾ ਕੁਝ ਨਹੀਂ ਕਹਾਂਗਾ। ਬਹੁਤ ਥੋੜ੍ਹੀਆਂ ਗੱਲਾਂ ਕਰਕੇ ਥੋੜਾ ਸਮਾਂ ਲਵਾਂਗਾ। ਪ੍ਰੋਫੈਸਰ ਬਲਵੰਤ ਸਿੰਘ ਨੇ ਬੜੇ ਜੋਸ਼ ਵਿਚ ਆ ਕੇ ਕਾਫੀ ਕ੍ਰਿਟੀਕਲ ਗੱਲਾਂ ਕੀਤੀਆਂ ਹਨ। ਮੈਂ 2-3 ਗੱਲਾਂ ਦਾ ਜਵਾਬ ਦੇਣਾ ਚਾਹੁੰਦਾ ਹਾਂ। ਥੀਨ ਡੈਮ ਦੇ ਬਾਰੇ ਵਿਚ ਉਨ੍ਹਾਂ ਨੇ ਕਾਫੀ ਗੁਸੇ ਨਾਲ ਗਲ ਕੀਤੀ ਹੈ। ਪ੍ਰੋਫੈਸਰ ਦਰਬਾਰੀ ਲਾਲ ਨੇ ਵੀ ਥੀਨ ਡੈਮ ਬਾਰੇ ਕਿਹਾ ਹੈ ਕਿ ਇਹ ਬਣਨਾ ਚਾਹੀਦਾ ਹੈ। ਮੈਂ ਸਵਾਗਤ ਕਰਦਾ ਹਾਂ ਮਾਨਯੋਗ ਮੈਂਬਰਾਂ ਦੀ ਚਿੰਤਾ ਦਾ, ਕਿਉਂਕਿ ਇਹ ਬਹੁਤ ਵੱਡਾ ਪ੍ਰਾਜੈਕਟ ਹੈ ਅਤੇ ਇਹ ਥੀਨ ਡੈਮ ਦਾ ਪ੍ਰਾਜੈਕਟ ਜ਼ਰੂਰ ਬਣਨਾ ਚਾਹੀਦਾ ਹੈ। ਪੰਜਾਬ ਦੀ ਤਰੱਕੀ ਅਤੇ ਹਿੰਦੁਸਤਾਨ ਦੀ ਤਰੱਕੀ ਇਹੋ ਜਿਹੇ ਪ੍ਰਾਜੈਕਟਾਂ ਵਿਚ ਛੁਪੀ ਹੈ। ਚੇਅਰਮੈਨ ਸਾਹਿਬ, ਥੀਨ ਡੈਮ ਦੀ ਹਿਸਟਰੀ ਕੀ ਹੈ ? ਇਸ ਦਾ ਬੇੜਾ ਗਰਕ ਕਰਨ ਵਾਲੇ ਕੌਣ ਹਨ ? ਇਹ ਉਹ ਲੋਕ ਹਨ ਜਿਨ੍ਹਾਂ ਨੇ ਥੀਨ ਡੈਮ ਦੀ ਉਸਾਰੀ ਵੱਲ ਧਿਆਨ ਨਹੀਂ ਦਿਤਾ। ਉਹ ਸਾਡੇ ਆਪੋਜ਼ੀਸ਼ਨ ਦੇ ਬੈਂਚਿਜ਼ ਤੇ ਬੈਠਣ ਵਾਲੇ, ਉਹ ਇਥੇ ਨਹੀਂ ਹਨ, ਇਹ ਉਨ੍ਹਾਂ ਦੀ ਜ਼ਿਮੇਵਾਰੀ ਸੀ। ਮੈਂ ਉਸ ਵੇਲੇ ਸਾਹਮਣੇ ਬੈਂਚਿਜ਼ ਤੇ ਬੈਠਦਾ ਸੀ ਜਿਸ ਵੇਲੇ ਬਾਦਲ ਸਾਹਿਬ ਨੇ ਇਥੇ ਖੜੇ ਹੋ ਕੇ ਕਿਹਾ ਸੀ ਕਿ ਅੱਧੀ ਚਾਹ ਦੀ ਪਿਆਲੀ ਖਤਮ ਨਹੀਂ ਕੀਤੀ ਅਤੇ ਕਿਹਾ ਕਿ ਸਾਡਾ ਸਮਝੌਤਾ ਹੋ ਗਿਆ ਹੈ ਅਤੇ ਥੀਨ ਡੈਮ ਪੂਰਾ ਬਣ ਜਾਏਗਾ। ਪਰ, ਚੇਅਰਮੈਨ ਸਾਹਿਬ, ਚਾਰ ਪੰਜ ਸਾਲ ਦਾ ਇਹ ਜਿਹੜਾ ਮਸਲਾ ਅੜਿਆ ਹੋਇਆ ਸੀ, ਉਹ ਹੁਣ ਖਤਮ ਹੋ ਗਿਆ ਹੈ। ਪ੍ਰੋਫੈਸਰ ਬਲਵੰਤ ਸਿੰਘ ਦੀ ਪਾਰਟੀ ਉਦੋਂ ਅਕਾਲੀ ਪਾਰਟੀ ਦੀ ਮਦੱਦ ਕਰਦੀ ਸੀ। ਉਦੋਂ ਰਾਜ ਭਾਗ ਇਨ੍ਹਾਂ ਦੇ ਸਿਰ ਤੇ ਚੱਲਦਾ ਸੀ। ਅਕਾਲੀਆਂ ਨੇ ਕਦੇ ਵੀ ਇਕੱਲਿਆਂ ਨੇ ਆਪਣੀ ਤਾਕਤ ਨਾਲ ਰਾਜ ਨਹੀਂ ਕੀਤਾ। ਉਸ ਵੇਲੇ ਇਹ ਉਨ੍ਹਾਂ ਦੀ ਮਦੱਦ ਕਰਨ ਵਾਲੇ ਸਨ। ਉਹ ਟਾਈਮ ਲੰਘ ਗਿਆ। ਵਕਤ ਗੁਜ਼ਰਦਾ ਗਿਆ ਅਤੇ ਜਿੰਨਾ ਪੈਸਾ ਲਾਇਆ ਸੀ ਉਹ ਵੀ ਉਸ ਤੋਂ ਪਹਿਲਾਂ ਉਨ੍ਹਾਂ ਨੇ ਮੁਕਾ ਲਿਆ ਸੀ ਪਰ ਉਨ੍ਹਾਂ ਨੇ ਕੁਝ ਨਹੀਂ ਕੀਤਾ। ਚੇਅਰਮੈਨ ਸਾਹਿਬ, ਇਹ ਤਾਂ ਉਹ ਗੱਲ ਹੋਈ ਕਿ ਖੋਦਿਆ ਪਹਾੜ ਅਤੇ ਨਿਕਲਿਆ ਚੂਹਾ। ਨਾ ਕੋਈ ਐਗਰੀਮੈਂਟ ਹੋਇਆ ਅਤੇ ਨਾ ਕੋਈ ਸਮਝੌਤਾ ਹੋਇਆ। ਮੈਂ ਅੱਜ ਕਹਿ ਸਕਦਾ ਹਾਂ ਕਿ ਇਹ ਕ੍ਰਿਮੀਨਲ ਲੈਪਸ ਹੈ ਉਸ ਗੌਰਮਿੰਟ ਦਾ ਜਿਸ ਨੇ ਥੀਨ ਡੈਮ ਵਾਸਤੇ ਸਮੇਂ ਸਿਰ ਪੈਸਾ ਨਹੀਂ ਖਰਚਿਆ। ਉਸ ਵੇਲੇ ਉਹ 67 ਕਰੋੜ ਰੁਪਏ ਦਾ ਪ੍ਰਾਜੈਕਟ ਸੀ ਜਿਹੜਾ ਕਿ ਹੁਣ 700 ਕਰੋੜ ਰੁਪਏ ਦਾ ਹੋ ਗਿਆ ਹੈ। ਜੇ ਅੱਜ ਉਸ ਨੂੰ ਸ਼ੁਰੂ ਕਰਦੇ ਤਾਂ ਇਹ ਪ੍ਰਾਜੈਕਟ 1 ਹਜ਼ਾਰ ਕਰੋੜ ਰੁਪਏ ਦਾ ਖਰਚਾ ਹੋਵੇਗਾ ਅਤੇ 8-10 ਸਾਲਾਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਵਿਚ ਕੰਪਲੀਟ ਨਹੀਂ ਹੋਵੇਗਾ। ਲੇਕਿਨ ਮੈਂ ਪ੍ਰੋਫੈਸਰ ਸਾਹਿਬ ਨੂੰ ਕਹਾਂਗਾ ਕਿ ਇਹ ਗੌਰਮਿੰਟ ਨਕਸ਼ਾ ਬਣਾਉਂਦੀ ਹੈ ਕਿ ਆਉਣ ਵਾਲੇ ਪੰਜਾਬ ਦਾ ਨਕਸ਼ਾ ਕੀ ਹੋਵੇਗਾ। ਇਹ ਸਰਕਾਰ ਇਸ ਢੰਗ ਨਾਲ ਸੋਚਦੀ ਹੈ ਜਿਸ ਨਾਲ ਕੋਈ ਨੁਕਸਾਨ ਨਾ ਹੋਵੇ। ਜੇ ਇਹ 67 ਕਰੋੜ ਰੁਪਏ ਦਾ ਪ੍ਰਾਜੈਕਟ ਉਦੋਂ ਬਣ ਜਾਂਦਾ ਤਾਂ ਹੁਣ ਪੰਜਾਬ ਨੂੰ ਬਹੁਤ ਫਾਇਦਾ ਹੋਣਾ ਸੀ ਲੇਕਿਨ, ਚੇਅਰਮੈਨ ਸਾਹਿਬ, ਉਨ੍ਹਾਂ ਨੇ ਇਸ ਪ੍ਰਾਜੈਕਟ ਨੂੰ ਪਹਿਲ ਨਹੀਂ ਦਿਤੀ। ਹੁਣ ਸਾਡੀ ਸਰਕਾਰ ਨੇ ਮੁਕੰਮਲ ਹੋਣ ਵਾਲੇ ਬਿਜਲੀ ਦੇ ਪ੍ਰਾਜੈਕਟਸ ਨੂੰ ਪਹਿਲ ਦਿਤੀ ਹੈ। ਇਥੇ ਸੜਕਾਂ ਬਾਰੇ ਅਤੇ ਸੋਸ਼ਲ ਸਰਵਿਸ ਬਾਰੇ ਸ਼ਿਕਾਇਤ ਕੀਤੀ ਗਈ ਹੈ। ਅਸੀਂ ਇਸ ਚੀਜ਼ ਨੂੰ ਮੰਨਦੇ ਹਾਂ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਪੰਜਾਬ ਦਾ ਆਉਣ ਵਾਲਾ ਭਵਿੱਖ ਸੋਚਦੀ ਹੈ ਕਿ ਪੰਜਾਬ ਦਾ 10-20 ਸਾਲਾਂ ਨੂੰ ਕੀ ਨਕਸ਼ਾ ਹੋਵੇਗਾ ਅਤੇ ਪੰਜਾਬ ਨੂੰ ਕੀ ਚੀਜ਼ ਚਾਹੀਦੀ ਹੈ।

ਚੇਅਰਮੈਨ ਸਾਹਿਬ, ਰੋਪੜ ਥਰਮਲ ਪਲਾਂਟ ਦਾ ਜਿਸ ਵੇਲੇ ਪ੍ਰਧਾਨ ਮੰਤਰੀ ਨੇ ਨੀਂਹ ਪੱਥਰ ਰੱਖਿਆ ਸੀ ਉਸ ਵੇਲੇ ਇਸ ਦੀ ਕੀਮਤ 160 ਕਰੋੜ ਰੁਪਏ ਸੀ। ਅੱਜ ਉਸੇ ਥਰਮਲ ਪਲਾਂਟ ਦੀ ਕੀਮਤ ਪੌਣੇ ਚਾਰ ਸੌ ਜਾਂ ਚਾਰ ਸੌ ਕਰੋੜ ਰੁਪਏ ਹੋ ਜਾਣੀ ਹੈ। ਅਗਰ ਅਸੀਂ ਵੀ ਅਕਾਲੀਆਂ ਵਾਂਗ ਇਸ ਤਰ੍ਹਾਂ ਦੇ ਪ੍ਰਾਜੈਕਟ ਬਾਰੇ ਕ੍ਰਿਮੀਨਲ ਲੈਪਸ ਆਪਣੇ ਪਾਰਟ ਤੇ ਦਿਖਾਈਏ ਤਾਂ ਇਹ ਜਿਹੜਾ 160 ਕਰੋੜ ਰੁਪਏ ਦਾ ਪ੍ਰਾਜੈਕਟ 375 ਕਰੋੜ ਰੁਪਏ ਦੇ ਕਰੀਬ ਦਾ ਪ੍ਰਾਜੈਕਟ ਹੋ ਗਿਆ ਹੈ, ਇਹ ਪ੍ਰਾਜੈਕਟ 1 ਹਜ਼ਾਰ ਕਰੋੜ ਰੁਪਏ ਦਾ ਹੋ ਜਾਣਾ ਸੀ। ਪਰ ਅਸੀਂ ਕੋਈ ਗਫਲਤ ਨਹੀਂ ਕੀਤੀ। ਬੜੇ ਫੇਜ਼ਡ ਮੈਨਰ ਨਾਲ ਪੈਸਾ ਕੱਢਕੇ ਪਿਛਲੇ 3 ਸਾਲਾਂ ਵਿੱਚ ਉਸ ਥਰਮਲ ਪਲਾਂਟ ਵਾਸਤੇ ਦਿੱਤਾ ਹੈ ਅਤੇ ਇਹ ਦਸੰਬਰ, 1984 ਵਿਚ ਕੰਪਲੀਟ ਹੋ ਜਾਵੇਗਾ। ਇਸ ਤਰ੍ਹਾਂ ਪੰਜਾਬ ਨੂੰ 420 ਮੈਗਾਵਾਟ ਬਿਜਲੀ ਮਿਲੇਗੀ।

ਮੁਕੇਰੀਆਂ ਹਾਈਡਲ ਪ੍ਰਾਜੈਕਟ ਦਾ ਕੰਮ ਜਿਹੜਾ ਪਹਿਲੀ ਗੌਰਮਿੰਟ ਦੇ ਵਕਤ ਨਿਗਲੈਕਟਿਡ ਸੀ, ਉਸ ਬਾਰੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਇਸ ਪ੍ਰਾਜੈਕਟ ਤੇ ਜਦੋਂ ਗਿਆਨੀ ਜ਼ੈਲ ਸਿੰਘ ਚੀਫ ਮਨਿਸਟਰ ਸਨ, ਉਦੋਂ ਇਸ ਦਾ ਨੀਂਹ ਪੱਥਰ ਸ਼ਾਹ-ਨਹਿਰ ਦੇ ਬੈਰੇਜ ਦਾ ਰਖਿਆ ਗਿਆ ਸੀ। ਉਸ ਵੇਲੇ ਇਸ ਮੁਕੇਰੀਆਂ ਹਾਈਡਲ ਪ੍ਰਾਜੈਕਟ ਦੀ ਕੀਮਤ ਸਿਰਫ 57 ਕਰੋੜ ਰੁਪਏ ਸੀ। ਇਹ ਬੈਰੇਜ ਦਾ ਕੰਮ ਜਿਹੜਾ ਤਕਰੀਬਨ 34 ਕਰੋੜ ਰੁਪਏ ਨਾਲ ਮੁਕੰਮਲ ਹੋ ਗਿਆ, ਉਸ ਦੀ ਉਦੋਂ ਕੀਮਤ 27 ਕਰੋੜ ਰੁਪਏ ਸੀ। ਉਸ ਕੰਮ ਨੂੰ ਅਸੀਂ ਕੰਪਲੀਟ ਕੀਤਾ ਹੈ, ਕਿਉਂਕਿ ਇਨ੍ਹਾਂ ਪ੍ਰਾਜੈਕਟਾਂ ਤੋਂ ਸਾਨੂੰ ਇਰੀਗੇਸ਼ਨ ਅਤੇ ਪਾਣੀ ਮਿਲਣਾ ਹੈ, ਜਿਸ ਨਾਲ ਸਾਨੂੰ ਫਾਇਦਾ ਹੋਣਾ ਹੈ। ਅਗਰ ਇਹ ਪ੍ਰਾਜੈਕਟ ਮੁਕੰਮਲ ਨਾ ਹੋਣ ਤਾਂ ਪ੍ਰਾਈਸ ਐਸਕਲੇਨੇਸ਼ਨ ਹੋਣ ਨਾਲ ਜ਼ਿਆਦਾ ਕੀਮਤ ਪ੍ਰਾਜੈਕਟ ਦੀ ਹੋ ਜਾਵੇਗੀ। ਅਸੀਂ ਫੇਜ਼ਡ ਮੈਨਰ ਨਾਲ ਸਾਰੇ ਕੰਮ ਕਰਨਾ ਚਾਹੁੰਦੇ ਹਾਂ। ਮੁਕੇਰੀਆਂ Hydel Project ਪ੍ਰਾਜੈਕਟ ਜਿਹੜਾ 57 ਕਰੋੜ ਦਾ ਸੀ, ਉਸ ਨੂੰ ਅਸੀਂ 235 ਕਰੋੜ ਨਾਲ ਫੇਜ਼ਡ ਮੈਨਰ ਨਾਲ ਕੰਪਲੀਟ ਕਰਨਾ ਚਾਹੁੰਦੇ ਹਾਂ ਅਤੇ ਜੇ ਅਕਾਲੀਆਂ ਵਾਂਗ ਲੰਬਾ ਕਰਦੇ ਗਏ ਤਾਂ ਉਸ ਦੀ ਕੀਮਤ ਵੀ 1 ਹਜ਼ਾਰ ਕਰੋੜ ਰੁਪਏ ਤੱਕ ਹੋ ਜਾਵੇਗੀ।

ਆਨੰਦਪੁਰ ਸਾਹਿਬ ਦਾ ਪ੍ਰਾਜੈਕਟ ਜਿਸ ਤੋਂ 108 ਮੈਗਾਵਾਟ ਬਿਜਲੀ ਮਿਲਣੀ ਹੈ, ਉਸ ਪ੍ਰਾਜੈਕਟ ਦੀ ਜਿਸ ਦੀ ਸਾਢੇ 47 ਕਰੋੜ ਦੀ ਕੀਮਤ ਸੀ, ਉਸ ਨੂੰ ਅਸੀਂ 98 ਕਰੋੜ ਰੁਪਏ ਖਰਚ ਕਰਕੇ ਮੁਕੰਮਲ ਕਰ ਰਹੇ ਹਾਂ ਅਤੇ ਉਹ ਇਸ ਕਰਕੇ ਤਾਂਕਿ ਪੰਜਾਬ ਨੂੰ ਬਿਜਲੀ ਮਿਲੇ। ਇਸ ਤਰ੍ਹਾਂ ਆਉਣ ਵਾਲੇ 2 ਸਾਲਾਂ ਵਿਚ ਸਾਡੀ ਇਸ ਆਪਣੀ ਟਰਮ ਵਿਚ ਸਾਡੇ ਪੰਜਾਬ ਨੂੰ 15 ਸੌ ਮੈਗਾਵਾਟ ਦੀ

Original with;
Punjab Vidhan Sabha
Digitized by;
Panjab Digital Library

ਥਾਂ 21 ਸੌ ਮੈਗਾਵਾਟ ਬਿਜਲੀ ਮਿਲੇਗੀ। ਇਸ ਤਰ੍ਹਾਂ ਸਾਡੇ ਪੰਜਾਬ ਦੀ ਤਰਕੀ ਹੋਵੇਗੀ। ਬਿਜਲੀ Agriculture ਫਾਰਮ ਵਾਸਤੇ ਜ਼ਰੂਰੀ ਹੈ ਬਿਜਲੀ ਇੰਡਸਟਰੀ ਵਾਸਤੇ ਅਤੇ ਘਰਾਂ ਵਾਸਤੇ ਵੀ ਜ਼ਰੂਰੀ ਹੈ। ਅਗਰ ਪਾਵਰ ਨਹੀਂ ਹੈ ਤਾਂ ਪੰਜਾਬ ਸਟੇਟ ਪਾਵਰਲੈਸ ਹੋ ਜਾਵੇਗੀ। ਇਸ ਪੰਜਾਬ ਸਟੇਟ ਨੂੰ ਪਾਵਰਫੁੱਲ ਬਣਾਉਣ ਵਾਸਤੇ ਅਸੀਂ ਪਾਵਰ ਪ੍ਰਾਜੈਕਟਸ ਨੂੰ ਪ੍ਰਾਇਰਿਟੀ ਦੇ ਰਹੇ ਹਾਂ। ਮੈਂ ਹੁਣ ਵੀ ਕਹਿੰਦਾ ਹਾਂ ਕਿ ਕ੍ਰਿਮੀਨਲ ਲੈਪਸ ਉਨ੍ਹਾਂ ਦੇ ਪਾਰਟ ਤੇ ਹੈ ਜਿਨ੍ਹਾਂ ਥੀਨ ਡੈਮ ਨੂੰ ਨਿਗਲੈਕਟ ਕਰਕੇ ਉਸ ਨੂੰ ਐਨਾ ਮਹਿੰਗਾਕਰ ਦਿੱਤਾ ਹੈ। ਜੇ ਉਹ ਆਪਣਾ ਫਰਜ਼ ਪੂਰਾ ਕਰਦੇ, ਲਿਫਾਫੇਬਾਜ਼ੀ ਨਾ ਕਰਦੇ ਅਤੇ ਚਾਹ ਦੀ ਅੱਧੀਪਿਆਲੀ ਤੇ ਥੀਨ ਡੈਮ ਨਾ ਬਣਾਉਂਦੇ ਤਾਂ ਪੰਜਾਬ ਦਾ ਭਲਾ ਹੋ ਸਕਦਾ ਸੀ। ਉਨ੍ਹਾਂ ਨੇ ਆਪਣੇ ਫਰਜ਼ ਨੂੰ ਨਹੀਂ ਪਹਿਚਾਨਿਆਂ, ਜਿਸ ਨਾਲ ਪੰਜਾਬ ਨੂੰ ਬਹੁਤ ਭਾਰੀ ਨੁਕਸਾਨ ਹੋਇਆ ਹੈ। ਅਸੀਂ ਉਸ ਲਈ ਕੋਸ਼ਿਸ਼ ਕੀਤੀ ਹੈ ਅਤੇ ਕੋਸ਼ਿਸ਼ ਕਰਕੇ ਸਾਡੇ ਸੀ. ਐਮ. ਸਾਹਿਬ ਨੇ ਕਪੂਰੀ ਵਿਖੇ ਬਹੁਤ ਵੱਡੇ ਇੱਕਠ ਵਿਚ ਥੀਨ ਡੈਮ ਦੀ ਕਲੀਅਰੈਂਸ ਲਈ ਸੀ। ਪਹਿਲਾਂ ਇਸ ਦੀ ਕਲੀ-ਅਰੈਂਸ ਨਹੀਂ ਸੀ ਮਿਲੀ। ਪਲਾਨਿੰਗ ਕਮਿਸ਼ਨ ਨੇ ਥੀਨ ਡੈਮ ਦੀ ਕਲੀਅਰੈਂਸ ਦਿਤੀ ਸੀ ਪਰ ਪੈਸਾ ਨਹੀਂ ਦਿਤਾ। ਪੈਸਾ ਉਨ੍ਹਾਂ ਨੇ ਦੇਣਾ ਵੀ ਨਹੀਂ ਸੀ। ਉਸ ਦਿਨ ਉਨ੍ਹਾਂ ਨੇ ਕਲੀਅਰੈਂਸ ਦਾ ਐਲਾਨ ਕੀਤਾ। ਹੁਣ ਥੀਨ ਡੈਮ ਦੀ ਪ੍ਰਾਜੈਕਟ ਦੀ ਕਲੀਅਰੈਂਸ ਸੈਂਟਰਲ ਗੌਰਮਿੰਟ ਵਲੋਂ, ਪ੍ਰਾਈਮ ਮਨਿਸਟਰ ਸਾਹਿਬਾ ਵਲੋਂ ਹੋ ਗਈ ਹੈ। (ਥੰਪਿੰਗ) ਅਸੀਂ ਫਾਈਨੈਂਸ਼ਲ ਇਨਸਟੀਚਿਊਸ਼ਨਜ਼ ਨਾਲ ਗੱਲ ਬਾਤ ਕਰ ਰਹੇ ਹਾਂ। 700 ਕਰੋੜ ਰੁਪਿਆ ਅਸੀਂ ਵਰਲਡ ਬੈਂਕ ਦੇ ਥਰੂ ਲੈਣ ਦੀ ਕੋਸ਼ਿਸ਼ ਕਰ ਰਹੇ ਹਾਂ। ਸਾਡੀ ਪੂਰੀ ਕੋਸ਼ਿਸ਼ ਹੈ ਕਿ ਇਹ ਪੈਸਾ ਮਿਲ ਜਾਵੇ ਤਾਂਕਿ ਅਸੀਂ ਬਹੁਤ ਜਲਦੀ ਇਹ ਪੈਸਾ ਖਰਚ ਕਰਕੇ ਥੀਨ ਡੈਮ ਦੀ ਉਸਾਰੀ ਕਰੀਏ। ਅਸੀਂ ਸਿੰਸੀਅਰ ਐਫਰਟਸ ਕਰ ਰਹੇ ਹਾਂ। ਅਸੀਂ ਇਹ ਬਿਲਕੁਲ ਚਾਹੁੰਦੇ ਹਾਂ ਕਿ ਸਾਡੇ ਪਾਰਟ ਤੇ ਕੋਈ ਲੈਪਸ ਨਾ ਹੋਵੇ ਪਰ ਸਾਡੀ ਮਜ਼ਬੂਰੀ ਹੈ। (ਵਿਘਨ) ਚੇਅਰਮੈਨ ਸਾਹਿਬ, ਇਥੇ ਪ੍ਰੋਫੈਸਰ ਸਾਹਿਬ ਨੇ ਕਿਹਾ ਸੀ ਕਿ ਜੇ ਇਹ ਅਕਲ ਤੋਂ ਕੰਮ ਲੈਂਦੇ ਤਾਂ ਕੰਮ ਠੀਕ ਹੋ ਸਕਦਾ ਸੀ। ਮੈਂ ਉਨ੍ਹਾਂ ਨੂੰ ਪੁੱਛਦਾ ਹਾਂ ਕਿ ਉਸ ਵੇਲੇ ਤੁਸੀਂ ਅਕਾਲੀਆਂ ਦੀ ਮੱਦਦ ਕਰਦੇ ਅਕਲ ਗਹਿਣੇ ਰਖ ਦਿਤੀ ਸੀ। ਤੁਸੀਂ ਬੇੜਾ ਗਰਕ ਕਰਕੇ ਰੱਖ ਦਿਤਾ। ਤੁਸੀਂ ਉਨ੍ਹਾਂ ਦੀਆਂ ਘੋੜੀਆਂ ਗਾਉਂਦੇ ਸੀ

ਉਨ੍ਹਾਂ ਦੀਆਂ ਘੋੜੀਆਂ ਵੀ ਗਾਉਂਦੇ ਹਨ ਪਰ ਹੁਣ ਅਸੀਂ ਜੇ ਠੀਕ ਕੰਮ ਕਰਦੇ ਹਾਂ ਤਾਂ ਸਾਨੂੰ ਇਹ ਕ੍ਰਿਟਿਸਾਈਜ਼ ਕਰਦੇ ਹਨ। ਤੁਸੀਂ ਸਾਨੂੰ ਕਹਿੰਦੇ ਹੋ ਕਿ ਸੋਚਦੇ ਨਹੀਂ ਮੈਂ ਆਨਰੇਬਲ ਮੈਂਬਰਜ਼ ਨੂੰ ਦੱਸਣਾ ਚਾਹੁੰਦਾ ਹਾਂ :-

" ਨਸ਼ਾ ਪਿਲਾ ਕੇ ਗਿਰਾਨਾ ਤੋ ਸਭ ਕੋ ਆਤਾ ਹੈ,
ਮਜ਼ਾ ਤੋ ਤਬ ਹੈ ਕਿ ਗਿਰਤੇ ਕੋ ਥਾਮ ਲੇ ਸਾਕੀ।"

ਵਰਲਡ ਬੈਂਕ ਨਾਲ ਪਰੋਜੈਕਟ ਬਣਾ ਕੇ ਉਹ ਚਲੇ ਗਏ ਕਿ ਖਾਲੇ ਪੱਕੇ ਕਰ ਦੇਈਏ। ਵਰਲਡ ਬੈਂਕ ਤੋਂ ਕਰੋੜਾਂ ਰੁਪਏ ਦਾ ਕਰਜ਼ਾ ਲੈ ਲਿਆ ਔਰ ਪੰਜਾਬ ਦੇ ਲੋਕਾਂ ਨੂੰ ਕਿਹਾ ਕਿ ਤੁਸੀ ਵੀ ਭਾਈ ਪੈਸਾ ਦੇ ਦਿਉ ਤੁਹਾਡੇ ਖਾਲੇ ਪੱਕੇ ਕਰ ਦਈਏ। ਇਸ ਗੱਲ ਦਾ ਕੈਬਨਿਟ ਵਿੱਚ ਫੈਸਲਾ ਕਰ ਲਿਆ ਕਿ 80 ਫੀਸਦੀ ਬੈਂਕ ਦਾ ਅਤੇ 20 ਫੀਸਦੀ ਸਟੇਟ ਦਾ ਖਰਚ ਕਰਨਾ ਹੈ, ਇਹ ਸਾਰਾ ਲੋਨ ਸਮਝਿਆ ਜਾਵੇ ਅਤੇ ਸਾਰੇ ਪੈਸੇ ਦੀ ਰਿਕਵਰੀ ਕਿਸਾਨ ਤੋਂ ਹੋਵੇਗੀ। ਉਹ ਕਿਥੇ ਗਈ ਰਿਕਵਰੀ। ਇਕ ਕੈਬਨਿਟ ਵਿੱਚ ਇਸ ਤਰ੍ਹਾਂ ਦਾ ਫੈਸਲਾ ਕਰਕੇ ਕਿ ਇਹ ਸਾਰਾ ਪੈਸਾ ਰਿਕਵਰ ਕਰਨਾ ਹੈ ਹੁਣ ਲੋਕਾਂ ਵਿਚ ਇਹ ਕਹਿੰਦੇ ਹਨ ਕਿ ਰਿਕਵਰੀ ਨਹੀ ਹੋਣ ਦਿਆਂਗੇ, ਮੈਂ ਸਮਝਦਾ ਹਾਂ ਕਿ ਇਹ ਗੱਲ ਠੀਕ ਨਹੀਂ ਹੈ। ਉਹ ਇਸ ਤਰ੍ਹਾਂ ਦੀ ਸਕੀਮਾਂ ਬਣਾਉਂਦੇ ਚਲੇ ਗਏ ਔਰ ਸਾਡੇ ਇਧਰਲੇ ਸੱਜਣ ਉਨ੍ਹਾਂ ਦੀ ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਕੀਮਾਂ ਵਾਸਤੇ ਮੱਦਦ ਕਰਦੇ ਚਲੇ ਗਏ ਪਰ, ਚੇਅਰਮੈਨ ਸਾਹਿਬ, ਇਸ ਦਾ ਨਤੀਜਾ ਕੀ ਹੋਇਆ ? ਨਤੀਜਾ ਇਹ ਹੋਇਆ, ਚੇਅਰਮੈਨ ਸਾਹਿਬ, ਕਿ ਇਸ ਵੇਲੇ 25 ਕਰੋੜ 13 ਲੱਖ ਰੁਪਿਆ ਰਿਕਵ-ਰੇਬਲ ਹੈ ਜਿਹੜਾ ਲੋਕਾਂ ਤੋਂ ਵਸੂਲ ਨਹੀਂ ਹੋ ਰਿਹਾ । ਖਾਲੇ ਪੱਕੇ ਹੋ ਗਏ, ਕੰਮ ਸਾਰਾ ਹੋ ਗਿਆ, ਵਰਲਡ ਬੈਂਕ ਨੇ ਵੀ ਪੈਸਾ ਦੇ ਦਿੱਤਾ ਸਾਰਾ ਕੁਝ ਹੋ ਗਿਆ ਹੈ ਪਰ ਹੁਣ ਪੈਸਾ ਰਿਕਵਰ ਨਹੀਂ ਹੋ ਰਿਹਾ ਹੈ। ਖਰਚ ਕਿੰਨਾ ਕਿੰਨਾਂ ਹੋਇਆ ਹੈ ? ਪਿੱਛਲੇ ਸਾਲਾਂ ਵਿੱਚ 48 ਕਰੋੜ 78 ਲੱਖ ਰੁਪਿਆ ਜਿਸ ਦੇ ਵਿੱਚੋਂ ਜੋ ਸਟੇਟ ਨੇ ਪਾਉਣਾ ਸੀ 26 ਕਰੋੜ ਰੁਪਿਆ ਉਹ ਪਾ ਦਿੱਤਾ ਔਰ ਉਸ 26 ਕਰੋੜ ਰੁਪਏ ਵਿੱਚੋਂ ਸਿਰਫ 87 ਲੱਖ ਅਸੀਂ ਕੋਸ਼ਿਸ਼ ਕਰਕੇ ਵਸੂਲ ਕੀਤਾ ਹੈ ਔਰ 25 ਕਰੋੜ 13 ਲੱਖ ਰੁਪਿਆ ਹਾਲੀ ਬਕਾਇਆ ਹੈ। ਇਸ ਦੇ ਵਿੱਚ ਅਸੀਂ ਹੋਰ ਪੈਸਾ ਮੰਗਿਆ ਹੈ ਇਸ ਕਰਕੇ ਕਿ ਬੈਂਕਾਂ ਨੂੰ ਦੇ ਸਕੀਏ, ਜਿਨ੍ਹਾਂ ਨੂੰ ਗਰੰਟੀ ਦਿੱਤੀ ਹੈ ਜਿਨ੍ਹਾਂ ਦਾ ਪੈਸਾ ਹੈ ਉਹ ਅਸੀਂ ਦੇ ਸਕੀਏ। ਚੇਅਰਮੈਨ ਸਾਹਿਬ; ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀਆਂ ਚੀਜ਼ਾਂ ਨਾਲ ਅਗੋਂ ਆਉਣ ਵਾਲੇ ਰੱਸਤਿਆਂ ਵਿੱਚ ਕੰਡੇ ਵਿੱਛਾ ਦੇਣੇ ਔਰ ਗਲਤ ਢੰਗ ਨਾਲ ਸਾਰਾ ਕੁਝ ਕਰਨਾ, ਮੈਂ ਸਮਝਦਾ ਹਾਂ ਕਿ ਮੁਨਾਸਿਬ ਨਹੀਂ ਹੈ। ਇਹ ਰਿਕਵਰੀ ਜਿਹੜੀ ਹੋਣੀ ਹੈ ਇਹ ਲੋਕਾਂ ਵਾਸਤੇ ਮੁੜ ਕੇ ਇਸਤੇਮਾਲ ਹੋਵੇਗੀ। ਮੈਂ ਸਦਨ ਵਿੱਚ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਦੇ ਵਾਸਤੇ ਇਸ ਗੌਰਮਿੰਟ ਨੇ, ਸਰਦਾਰ ਦਰਬਾਰਾ ਸਿੰਘ ਜੀ ਦੀ ਗੌਰਮਿੰਟ ਨੇ ਇਹ ਫੈਸਲਾ ਕੀਤਾ ਹੈ ਕਿ ਮਾਰਜਿਨਲ ਫਾਰਮਰਜ਼ ਜੋ ਹਨ, ਛੋਟੇ ਕਿਸਾਨ ਜੋ ਹਨ ਉਨ੍ਹਾਂ ਨੂੰ 50 ਪ੍ਰਤੀਸ਼ਤ ਅਤੇ ਜੋ ਵਡੇ ਫਾਰਮਰਜ਼ ਹਨ ਉਨ੍ਹਾਂ ਨੂੰ 25 ਪ੍ਰਤੀਸ਼ਤ ਸਬਸਿਡੀ ਦਿੱਤੀ ਜਾਵੇਗੀ ਔਰ ਬਾਕੀ ਦੀ ਰਿਕਵਰੀ ਕਰਾਂਗੇ । ਇਹ ਗੱਲ ਕਹਿਣ ਵਾਲੇ ਕਿ ਰਿਕਵਰੀ ਕਰਾਂਗੇ ਉਹ ਆਪ ਚਲੇ ਗਏ ਹਨ। ਇਸ ਸਰਕਾਰ ਨੇ ਰਿਕਵਰੀ ਲਈ ਰਿਲੀਫ਼ ਦਿੱਤਾ ਹੈ। ਇਹ relief ਇਸ ਕਰਕੇ ਦਿੱਤੀ ਹੈ ਤਾਂਕਿ ਪੰਜਾਬ ਦਾ ਕਿਸਾਨ ਆਪਣੇ ਖੇਤਾਂ ਦੇ ਖਾਲੇ ਪੱਕੇ ਕਰਕੇ ਜ਼ਿਆਦਾ ਅਨਾਜ ਪੈਦਾ ਕਰ ਸਕੇ।

ਪ੍ਰੋਫੈਸਰ ਸਾਹਿਬ ਨੇ ਮਹਿੰਗਾਈ ਦਾ ਵੀ ਬੜਾ ਰੋਣਾ ਰੋਇਆ ਹੈ ਕਿ ਮਹਿੰਗਾਈ ਬਹੁਤ ਵੱਧ ਗਈ ਹੈ। ਠੀਕ ਹੈ ਕਿ ਮਹਿੰਗਾਈ ਵੱਧੀ ਹੈ ਇਹ ਗਲ ਗਲਤ ਨਹੀਂ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਦੇ ਕਦੇ ਇਹ ਤਕਰੀਰਾਂ ਕਰਦੇ ਹਨ ਕਿ ਸਰਕਾਰ ਅਨਾਜ ਦੀਆਂ ਕੀਮਤਾਂ ਨਹੀਂ ਵਧਾਉਂਦੀ। ਕਿਸਾਨ ਬੜਾ ਖਰਚ ਕਰਦਾ ਹੈ ਪਰ ਉਸ ਦੇ ਅਨਾਜ ਦੀ ਕੀਮਤ ਸਰਕਾਰ ਨਹੀਂ ਵਧਾਉਂਦੀ । ਜੋ ਕੁਝ ਸਰਕਾਰ ਕਰਦੀ ਹੈ ਉਸ ਦੀ ਤਾਰੀਫ ਨਹੀਂ ਇਹ ਕਰਦੇ। ਅਸੀਂ ਸਾਢੇ ਸੱਤ ਪਰਸੈਂਟ ਫਰਟੇਲਾਈਜ਼ਰ ਦੀ ਕੀਮਤ ਘਟਾਈ ਹੈ, ਵੈਲਥ ਟੈਕਸ ਹਟਾਇਆ ਹੈ ਬਿਜਲੀ ਸੱਸਤੀ ਕਿਸਾਨ ਨੂੰ ਦਿੰਦੇ ਹਾਂ, ਉਸ ਗਲ ਦੀ ਤਾਂ ਇਹ ਤਾਰੀਫ਼ ਨਹੀਂ ਕਰਦੇ। ਇਹ ਸਾਡੀ ਸਗੋਂ ਤਾਰੀਫ਼ ਕਰਨ ਦੀ ਬਜਾਏ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੀ ਸਟੇਟ ਹੈ ਜਿਥੇ ਪੰਜਾਬ ਨਾਲੋਂ ਸਸਤੇ ਰੇਟ ਤੇ ਕਿਸਾਨ ਨੂੰ ਬਿਜਲੀ ਦਿੱਤੀ ਜਾਂਦੀ ਹੋਵੇ? 13 ਪੈਸੇ ਯੂਨਿਟ ਦੇ ਹਿਸਾਬ ਨਾਲ ਫਲੈਟ ਰੇਟ ਤੇ ਪੰਜਾਬ ਦੇ ਕਿਸਾਨ ਨੂੰ ਬਿਜਲੀ ਦਿੱਤੀ ਜਾਂਦੀ ਹੈ। ਕਿਹੜੀ ਸਟੇਟ ਹੈ ਸਾਰੇ ਹਿੰਦੁਸਤਾਨ ਵਿੱਚ ਜਿਥੇ ਕੈਨਾਲ ਵਾਟਰ ਇਤਨਾ ਸਸਤਾ ਮਿਲਦਾ ਹੋਵੇ ਜਿਤਨਾ ਇਥੇ ਸਸਤਾ ਫਾਰਮਰਜ਼ ਨੂੰ ਮਿਲਦਾ ਹੈ। ਜੇ ਇਹ ਸਰਕਾਰ ਫਾਰਮਰਜ਼ ਦੇ ਭੱਲੇ ਦਾ ਕੰਮ ਨਹੀਂ ਕਰਦੀ ਤਾਂ ਹੋਰ ਕਿਹੜੀ ਸਰਕਾਰ ਕਰਦੀ ਹੈ ? ਅਗਰ ਫਾਰਮਰਜ਼ ਦੇ ਭਲੇ ਦਾ ਕੰਮ ਕਰਦੀ ਹੈ ਤਾਂ ਇਹ ਸਰਕਾਰ ਕਰਦੀ ਹੈ । ਫਾਰਮਰਜ਼ ਨੂੰ ਅਸੀਂ ਲੋਨ ਵੀ ਦਿੰਦੇ ਹਾਂ, ਫਾਰਮਰਜ਼ ਨੂੰ ਅਸੀਂ ਸਬਸਿਡੀ ਵੀ ਦਿੰਦੇ ਹਾਂ, ਅਸੀਂ ਫਾਰਮਰਜ਼ ਦੀ ਹੋਰ ਵੀ ਮੱਦਦ ਕਰਦੇ ਹਾਂ, ਇਹ ਸਾਰਾ ਕੁਝ ਅਸੀਂ ਫਾਰਮਰਜ਼ ਲਈ ਇਸ ਕਰਕੇ ਕਰਦੇ

Original with;
Punjab Vidhan Sabha
Digitized by;
Panjab Digital Library

ਹਾਂ ਤਾਂਕਿ ਉਹ ਹੋਰ ਤਕੜਾ ਹੋਵੇ ਅਤੇ ਹੋਰ ਜ਼ਿਆਦਾ ਅਨਾਜ ਪੈਦਾ ਕਰ ਸਕੇ। ਇਹੋ ਵੱਜਾ ਹੈ ਕਿ ਪਿੱਛਲੇ ਤਿੰਨ ਸਾਲਾਂ ਵਿੱਚ ਲਗਾਤਾਰ ਅਨਾਜ ਦੀ ਪੈਦਾਵਾਰ ਵਿੱਚ ਵਾਧਾ ਹੋਇਆ ਹੈ। ਸਾਲ 1981-82 ਵਿੱਚ 37 ਲੱਖ ਟਨ ਕਣਕ ਪਰੋਕਿਉਰ ਹੋਈ ਸੀ ਪਰ ਸਾਲ 1982-83 ਵਿੱਚ ਜਿਹੜਾ ਹੁਣ ਲੰਘਿਆ ਹੈ ਉਸ ਸਾਲ ਵਿੱਚ 52 ਲੱਖ ਟਨ ਕਣਕ ਪਰੋਕਿਉਰ ਹੋਈ ਹੈ। ਕਿਥੇ 37 ਲੱਖ ਟਨ ਅਤੇ ਕਿਥੇ 52 ਲੱਖ ਟਨ? ਇਸੇ ਤਰ੍ਹਾਂ ਚਾਵਲਾਂ ਦੀ ਪੈਦਾਵਾਰ ਵਿੱਚ ਵੀ ਵਾਧਾ ਹੋਇਆ ਹੈ। ਚੇਅਰਮੈਨ ਸਾਹਿਬ, ਇਸ ਲਈ ਮੈਂ ਅਰਜ਼ ਕਰਾਂਗਾ ਕਿ ਅਸੀਂ ਇਸ ਮਾਮਲੇ ਵਿੱਚ ਸਤੱਰਕ ਹਾਂ ਕਿ ਪੰਜਾਬ ਦੇ ਫਾਰਮਰਜ਼ ਨੂੰ ਉਸ ਦੀ ਜਿਣਸ ਦੀ ਪੂਰੀ ਕੀਮਤ ਮਿਲੇ ਪਰ, ਚੇਅਰਮੈਨ ਸਾਹਿਬ, ਜੇ ਅਨਾਜ ਦੀ ਕੀਮਤ ਮਹਿੰਗੀ ਹੋਵੇਗੀ ਤਾਂ ਆਮ ਚੀਜ਼ਾਂ ਦੇ ਭਾਅ ਸਸਤੇ ਕਰਨ ਦੀ ਆਸ਼ਾ ਰਖਣੀ ਮੈਂ ਸਮਝਦਾ ਹਾਂ ਕਿ ਮੁਨਾਸਿਬ ਨਹੀਂ ਹੋਵੇਗੀ ਕਿਉਂਕਿ ਜੋ ਗੰਦਮ ਹੈ ਉਸ ਦੇ ਨਾਲ ਬਾਕੀ ਦੀਆਂ ਚੀਜ਼ਾਂ ਜੁੜੀਆਂ ਹੋਈਆਂ ਹਨ। ਜੇ ਗੰਦਮ ਮਹਿੰਗੀ ਹੈ ਤਾਂ ਬਾਕੀ ਦੀਆਂ ਚੀਜ਼ਾਂ ਜੋ ਹਨ, ਉਨ੍ਹਾਂ ਤੇ ਵੀ ਅਸਰ ਮਹਿੰਗਾਈ ਦਾ ਜ਼ਰੂਰ ਪੈਦਾ ਹੈ।

ਲੇਬਰ wages ਦੇ ਬਾਰੇ, ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਸਟੇਟ ਇਕ ਪਹਿਲੀ ਸਟੇਟ ਹੈ ਜਿਸ ਨੇ ਸਭ ਤੋਂ ਜ਼ਿਆਦਾ ਲੇਬਰ ਨੂੰ ਮਜ਼ਦੂਰੀ ਦਿੱਤੀ ਹੈ। ਹਿੰਦੁਸਤਾਨ ਵਿੱਚ ਐਸੀ ਕੋਈ ਸਟੇਟ ਨਹੀਂ ਹੈ ਜੋ 14/- ਰੁਪਏ ਤੋਂ ਜ਼ਿਆਦਾ ਲੇਬਰ ਨੂੰ ਮਜ਼ਦੂਰੀ ਦਿੰਦੀ ਹੋਵੇ। ਇਥੇ ਕੁਝ ਮਜ਼ਦੂਰਾਂ ਦੇ ਬਾਰੇ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਬੋਨਸ ਨਹੀਂ ਦਿੱਤਾ ਜਾਂਦਾ। ਅਸੀਂ ਲੇਬਰ ਐਕਟ ਦੇ ਮੁਤਾਬਿਕ ਫੈਕਟਰੀ ਵਾਲਿਆਂ ਨੂੰ ਬੋਨਸ ਦੇ ਲਈ ਇਨਸਿਸਟ ਕਰਾਂਗੇ। ਲੇਬਰ ਲਾਅ ਦੇ ਮੁਤਾਬਿਕ ਉਨ੍ਹਾਂ ਨੂੰ ਬੋਨਸ ਜ਼ਰੂਰ ਦੇਣਾ ਚਾਹੀਦਾ ਹੈ ਔਰ ਕਾਇਦੇ ਕਾਨੂੰਨ ਦੇ ਮੁਤਾਬਿਕ ਅਸੀਂ ਜ਼ਰੂਰ ਦਿਵਾਵਾਂਗੇ।

ਚੇਅਰਮੈਨ ਸਾਹਿਬ, ਇਸ ਦੇ ਵਿੱਚ ਵੀ ਆਇਆ ਹੈ ਕਿ ਗੌਰਮਿੰਟ ਆਫ਼ ਇੰਡੀਆ ਸੜਕਾਂ ਔਰ ਪੁਲਾਂ ਵਾਸਤੇ ਕਾਫੀ ਪੈਸਾ ਦਿੰਦੀ ਹੈ ਔਰ ਹੁਣ ਵੀ 6 ਕਰੋੜ ਰੁਪਏ ਤੋਂ ਜਿਆਦਾ ਪੈਸਾ ਸੜਕਾਂ ਦੀ ਮੁਰੰਮਤ ਵਾਸਤੇ, ਸੜਕਾਂ ਬਣਾਉਣ ਵਾਸਤੇ ਦਿੱਤਾ ਹੈ। ਇਹੀ ਨਹੀਂ 1981-82 ਵਿੱਚ 23 ਕਰੋੜ ਰੁਪਿਆ, 1982-83 ਵਿੱਚ 26 ਕਰੋੜ ਰੁਪਿਆ ਔਰ ਸਾਲ 1983-84 ਵਿੱਚ 35 ਕਰੋੜ ਰੁਪਿਆ ਸਾਨੂੰ ਮਿਲਣ ਦੀ ਆਸ ਹੈ। ਪੀ. ਡਬਲਿਊ. ਡੀ. ਕੋਲ ਜਿਹੜਾ ਸੜਕਾਂ ਔਰ ਪੁਲਾਂ ਵਾਸਤੇ ਪੈਸਾ ਦਿੱਤਾ ਹੈ ਉਹ ਸਾਰਾ ਸੈਂਟਰ ਦਾ ਪੈਸਾ ਵੀ, ਸਟੇਟ ਦਾ ਵੀ ਔਰ ਡਿਪਾਰਟਮੈਂਟ ਦਾ ਆਪਣਾ ਮਿਲਾ ਕੇ ਲੱਗ ਭਗ 100 ਕਰੋੜ ਰੁਪਿਆ ਹੋ ਜਾਂਦਾ ਹੈ ਜਿਹੜਾ ਕਿ ਡਿਵੈਲਪਮੈਂਟ ਵਾਸਤੇ ਖਰਚ ਕੀਤਾ ਜਾਂਦਾ ਹੈ। ਚੇਅਰਮੈਨ ਸਾਹਿਬ, ਇੱਕਲਾ ਸੜਕਾਂ ਦੀ ਰਿਪੇਅਰ ਵਾਸਤੇ, ਮਿਸਿੰਗ ਲਿੰਕਸ ਵਾਸਤੇ, ਇੰਟਰ ਲਿੰਕਸ ਵਾਸਤੇ ਅਸੀਂ ਇਸ ਸਾਲ 20 ਕਰੋੜ ਰੁਪਿਆ ਪੰਜਾਬ ਵਿੱਚ ਖਰਚ ਕਰ ਰਹੇ ਹਾਂ (ਥੰਪਿੰਗ) ਤਾਂਕਿ ਪੰਜਾਬ ਦਾ ਨਕਸ਼ਾ ਹੀ ਬਦਲ ਜਾਵੇ ਅਤੇ ਪਿੰਡਾਂ ਦੇ ਲੋਕਾਂ ਨੂੰ ਪੂਰੀ ਸਹੂਲਤ ਔਰ ਆਰਾਮ ਮਿਲ ਸਕੇ। ਚੇਅਰਮੈਨ ਸਾਹਿਬ, ਪੰਜਾਬ ਇਕ ਐਸਾ ਸੂਬਾ ਹੈ ਜਿਸ ਦੀ ਹਰ ਪਿੰਡ ਨੂੰ ਸੜਕ ਹੈ ਔਰ ਪੱਕੀ ਸੜਕ ਹੈ। ਅਗਰ ਇੱਕਲੀ ਸੜਕਾਂ ਦੀ ਰਿਪੇਅਰ ਕੀਤੀ ਜਾਵੇ ਤਾਂ ਉਸ ਦੇ ਲਈ 80 ਕਰੋੜ ਰੁਪਿਆ ਇੱਕਲੀ ਰਿਪੇਅਰ ਵਾਸਤੇ ਹੀ ਚਾਹੀਦਾ ਹੈ। ਠੀਕ ਹੈ ਕੰਮ ਨੂੰ ਪੂਰਾ ਕਰਨ ਦੇ ਲਈ ਪੈਸੇ ਦੀ ਲੋੜ ਹੈ ਪਰ ਜਿਸ ਵੇਲੇ ਥੋੜਾ ਜਿਹਾ ਟੈਕਸ ਦਾ ਬੋਝ ਪੈ ਜਾਵੇ ਤਾਂ ਫਿਰ ਸਾਡੇ ਭਰਾ ਉਸ ਦੇ ਲਈ ਸਾਥ ਨਹੀਂ ਦਿੰਦੇ। ਜੋ ਪੈਸਾ ਸਾਡੇ ਕੋਲ ਹੈ, ਜੋ ਸੋਰਸਿਜ਼ ਹਨ ਉਨ੍ਹਾਂ ਦੇ ਨਾਲ ਅਸੀਂ ਕੰਮ ਕਰ ਰਹੇ ਹਾਂ ਔਰ ਜੋ ਕੰਮ ਅਸੀਂ ਕਰ ਰਹੇ ਹਾਂ ਜਿਹੜੇ ਅੱਛੇ ਹਨ ਉਹ ਇਨ੍ਹਾਂ ਨੂੰ ਜ਼ਰੂਰ ਐਪਰੀਸ਼ੀਏਟ ਕਰਨੇ ਚਾਹੀਦੇ ਹਨ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਚੇਅਰਮੈਨ ਸਾਹਿਬ, ਬੈਂਕਸ ਦੀ ਗਿਣਤੀ ਤੋਂ ਪਤਾ ਲਗਦਾ ਹੈ ਕਿ ਮੁਲਕ ਵਿੱਚ ਕਿੰਨੀ ਖੁਸ਼ਹਾਲੀ ਹੈ। ਪੰਜਾਬ ਵਿੱਚ ਪਰ ਕੈਪਿਟਾ ਇਨਕਮ ਤਾਂ ਜ਼ਿਆਦਾ ਹੈ ਹੀ ਲੇਕਿਨ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਾਰੇ ਹਿੰਦੁਸਤਾਨ ਵਿੱਚ 20 ਹਜ਼ਾਰ ਦੀ ਪਾਪੂਲੇਸ਼ਨ ਦੇ ਮਗਰ ਇਕ ਬੈਂਕ ਬਰਾਂਚ ਦੀ ਗਿਣਤੀ ਹੈ। ਪੰਜਾਬ ਇਕ ਐਸੀ ਸਟੇਟ ਹੈ ਜਿਸ ਦੇ ਵਿੱਚ ਪਿਛਲੇ 3 ਸਾਲਾਂ ਵਿੱਚ 306 ਬੈਂਕ ਬਰਾਂਚਾਂ ਹੋਰ ਖੁਲ੍ਹੀਆਂ ਹਨ।

6-00 P.M.

(ਇਸ ਸਮੇਂ ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ)

ਸਾਡੇ ਪੰਜਾਬ ਦੇ ਵਿਚ ਗਿਣਤੀ ਸਾਰੇ ਹਿੰਦੁਸਤਾਨ ਵਿਚੋਂ ਨੰਬਰ ਵੰਨ ਤੇ ਹੈ। ਪਾਪੂਲੇਸ਼ਨ ਦੇ ਮੁਤਾਬਿਕ ਬੈਂਕਾਂ ਦਾ ਨੰਬਰ ਕਾਫੀ ਜ਼ਿਆਦਾ ਹੈ। ਮੈਂ ਕਹਿੰਦਾ ਹਾਂ ਕਿ ਨੌ ਹਜ਼ਾਰ ਦੀ ਆਬਾਦੀ ਦੇ ਪਿਛੇ ਇਕ ਬ੍ਰਾਂਚ ਪੰਜਾਬ ਵਿਚ ਹੈ। ਬਹੁਤ ਸਾਰੀਆਂ ਬ੍ਰਾਂਚਾਂ ਰੂਰਲ ਏਰੀਆ ਵਿੱਚ ਹਨ। ਅਸੀਂ ਸਪਲੀਮੈਂਟਰੀ ਡਿਮਾਂਡਜ਼ ਵਿਚ 3 ਰੂਰਲ ਬੈਂਕ ਹੁਸ਼ਿਆਰਪੁਰ, ਕਪੂਰਥਲਾ ਅਤੇ ਗੁਰਦਾਸਪੁਰ ਵਿਚ ਖੋਲ੍ਹੇ ਹਨ। ਹਰ ਦੋ ਜ਼ਿਲ੍ਹਿਆਂ ਦੇ ਬਾਅਦ ਇੱਕ ਬੈਂਕ ਖੋਲ੍ਹਿਆ ਹੈ ਜਿਹੜੇ ਜ਼ਿਲੇ ਰਹਿ ਜਾਣਗੇ ਉਨ੍ਹਾਂ ਵਾਸਤੇ ਹੋਰ ਖੋਲ੍ਹਾਂਗੇ। ਸਾਡੀ ਬੜੀ ਕੋਸ਼ਿਸ਼ ਹੈ ਕਿ ਬੈਂਕਾਂ ਦੀਆਂ ਸੇਵਾਵਾਂ ਲੋਕਾਂ ਤੱਕ ਜ਼ਰੂਰ ਪਹੁੰਚਣ। ਸਪੀਕਰ ਸਾਹਿਬ, ਮੈਂ ਜ਼ਿਕਰ ਕਰਨਾ ਚਾਹਾਂਗਾ ਉਨ੍ਹਾਂ ਗੱਲਾਂ ਦਾ ਜਿਨ੍ਹਾਂ ਦਾ ਮੇਰੇ ਦੋਸਤਾਂ ਨੇ ਜ਼ਿਕਰ ਕੀਤਾ ਹੈ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਡਾਕਟਰ ਸਾਹਿਬ ਤੋਂ ਇੱਕ ਗੱਲ ਪੁੱਛਣੀ ਚਾਹਾਂਗਾ ਕਿ ਬੈਂਕਾਂ ਦੀਆਂ ਬਰਾਂਚਾਂ ਤਾਂ ਬਹੁਤ ਖੋਲ੍ਹ ਰਹੇ ਹਨ। ਬੈਂਕਾਂ ਦੀਆਂ ਬ੍ਰਾਂਚਾਂ ਜਿੰਨੀਆਂ ਖੁਲ੍ਹਣਗੀਆਂ ਇਹ ਸਾਡੇ ਲਈ ਖੁਸ਼ੀ ਦੀ ਗਲ ਹੈ। ਜਿਹੜਾ ਰੁਪਿਆ ਬੈਂਕਾਂ ਵਿੱਚ ਲੋਕ ਜਮ੍ਹਾਂ ਕਰਾਉਂਦੇ ਹਨ, ਉਸ ਦੇ ਵਿਚੋਂ ਕਿੰਨਾ ਰੁਪਿਆ ਸੂਬੇ ਦੇ ਲੋਕਾਂ ਨੂੰ ਮਿਲਦਾ ਹੈ ਅਤੇ ਕਿੰਨਾ ਰੁਪਿਆ ਬਾਹਰਲੇ ਸੂਬਿਆਂ ਵਿਚ ਚਲਾ ਜਾਂਦਾ ਹੈ, ਇਹ ਦੱਸ ਦੇਣ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਕਰੈਡਿਟ ਡਿਪਾਜ਼ਿਟ ਵਲ ਇਸ਼ਾਰਾ ਕੀਤਾ ਹੈ। ਮੈਂ ਦਸਦਾ ਹਾਂ ਕਿ ਪਹਿਲੀ ਗਲ ਤਾਂ ਇਹ ਹੈ ਕਿ ਅਗਰ ਪੈਸਾ ਹੈ ਤਾਂ ਹੀ ਬੈਂਕਾਂ ਵਿਚ ਲੋਕ ਜਮ੍ਹਾਂ ਕਰਾਉਂਦੇ ਹਨ। ਜੇਕਰ ਪੈਸਾ ਨਾ ਹੋਵੇ ਤਾਂ ਫਿਰ ਬੈਂਕਾਂ ਦੀ ਲੋੜ ਨਹੀਂ। ਡਿਪਾਜ਼ਿਟ ਰੇਸ਼ੋ ਜਿਹੜੀ 1979 ਵਿਚ 39 ਪ੍ਰਤੀਸ਼ਤ ਸੀ ਹੁਣ ਉਸ ਤੋਂ ਵੱਧ ਕੇ 46.7 ਪ੍ਰਤੀਸ਼ਤ ਹੋ ਗਈ ਹੈ ਯਾਨੀ 47 ਪ੍ਰਤੀਸ਼ਤ ਦੇ ਕਰੀਬ ਹੈ। ਸਾਡੀ ਕੋਸ਼ਿਸ਼ ਹੈ ਕਿ ਇਹ 50 ਪ੍ਰਤੀਸ਼ਤ, 55 ਪ੍ਰਤੀਸ਼ਤ ਤੱਕ ਪਹੁੰਚ ਜਾਏ ਔਰ ਸਾਡਾ ਟੀਚਾ 60 ਪ੍ਰਤੀਸ਼ਤ ਤਕ ਦਾ ਹੈ। ਮੈਂ ਦਸਦਾ ਹਾਂ ਕਿ ਜਿੰਨੀ ਵਾਰੀ ਬੈਂਕਾਂ ਦੀ ਮੀਟਿੰਗ ਹੋਈ, ਡਿਪਾਜ਼ਿਟ ਕਰੈਡਿਟ ਦੀ ਰੇਸ਼ੋ ਵੱਧੇ, ਸਾਡੀ ਇਹ ਕੋਸਿਸ਼ ਰਹੀ। ਸਾਡਾ ਫਾਰਮੂਲਾ ਹੈ ਕਿ ਗੌਰਮਿੰਟ ਉਥੇ ਪੈਸੇ ਜਮ੍ਹਾਂ ਕਰਾਉਂਦੀ ਹੈ ਜਿਸ ਵਿਚੋਂ ਕਰੈਡਿਟ ਡਿਪਾਜ਼ਿਟ ਸਾਡੇ ਹੱਕ ਵਿਚ ਹੋਵੇ।

**ਕਾਮਰੇਡ ਰਾਜ ਕੁਮਾਰ** : ਪੰਜਾਬ ਵਿੱਚ ਡਿਪਾਜ਼ਿਟ ਰੇਸ਼ੋ ਬਾਕੀ ਸੂਬਿਆਂ ਦੇ ਮੁਕਾਬਲੇ ਕਿੰਨੀ ਹੈ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਇਸ ਵਕਤ ਮੇਰੇ ਕੋਲ ਕੋਈ ਚੀਜ਼ ਨਹੀਂ ਲੇਕਿਨ ਅਸੀਂ ਇਸ ਨੂੰ 60 ਪ੍ਰਤੀਸ਼ਤ ਤਕ ਲੈ ਜਾਵਾਂਗੇ, ਇਹ ਸਾਡਾ ਟੀਚਾ ਹੈ। ਹੋ ਸਕਦਾ ਹੈ ਕਿ ਕਿਸੇ ਸੂਬੇ ਵਿਚ ਵੱਧ ਵੀ ਹੋਵੇ। ਹੁਣ ਕਾਮਰੇਡ ਸਾਹਿਬ ਨੇ ਗਲ ਛੇੜ ਦਿੱਤੀ ਹੈ ਮੈਂ ਦੱਸਣਾ ਚਾਹੁੰਦਾ ਹਾਂ

Original with;
Punjab Vidhan Sabha
Digitized by;
Panjab Digital Library

ਕਿ ਸਾਡੇ ਫਾਈਨੈਂਸ਼ਲ ਇੰਸਟੀਚਿਊਸ਼ਨਜ਼ ਸਾਡੇ ਕੰਟਰੀ ਦਾ ਬਹੁਤ ਬੜਾ ਭਾਗ ਹਨ। ਜਦੋਂ ਬੈਂਕਸ ਨੈਸ਼ਨਾਲਾਈਜ਼ ਹੋਏ ਹਨ ਜ਼ਰੂਰੀ ਹੈ ਕਿ ਉਨ੍ਹਾਂ ਬੈਂਕਾਂ ਤੋਂ ਵੱਧ ਤੋਂ ਵੱਧ ਫ਼ਾਇਦਾ ਉਠਾਇਆ ਜਾਵੇ। ਮੈਂ ਕਹਿ ਸਕਦਾ ਹਾਂ ਕਿ ਪੰਜਾਬ ਦੀ ਇਸ ਗੌਰਮਿੰਟ ਨੇ ਬਾਕਾਇਦਾ ਤੌਰ ਤੇ ਫਾਇਨਾਂਸ਼ਲ ਇੰਸਟੀਚਿਊਸ਼ਨਜ਼ ਦਾ ਇਕ ਡਾਇਰੈਕਟੋਰੇਟ ਖੋਲ੍ਹਿਆ ਹੋਇਆ ਹੈ। ਉਨ੍ਹਾਂ ਇੰਸਟੀਚਿਊਸ਼ਨਜ਼ ਤੋਂ ਵੱਧ ਤੋਂ ਵੱਧ ਮੱਦਦ ਲੈਣ ਦੀ ਕੋਸ਼ਿਸ਼ ਕੀਤੀ ਹੈ ਤਾਂਕਿ ਬੈਂਕਾਂ ਦਾ ਜ਼ਿਆਦਾ ਤੋਂ ਜ਼ਿਆਦਾ ਪੈਸਾ ਸਾਡੇ ਪਲੈਨਜ਼ ਵਾਸਤੇ, ਸਾਡੀਆਂ ਕਾਰਪੋਰੇਸ਼ਨਾਂ ਵਾਸਤੇ ਅਤੇ ਸਾਡੇ ਬੋਰਡਾਂ ਵਾਸਤੇ ਇਸਤੇਮਾਲ ਹੋਵੇ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਇਥੇ ਫਿਰ ਮੈਂ ਇੱਕ ਗੱਲ ਪੁੱਛਣਾ ਚਾਹਾਂਗਾ ਇਹ ਦਸ ਦਿਓ ਕਿ ਪੰਜਾਬ ਦੇ ਵਿਚ ਜਿਹੜਾ ਰੁਪਿਆ ਤੁਸੀਂ ਇਸਤੇਮਾਲ ਕਰ ਰਹੇ ਹੋ ਸਟੇਟ ਗੌਰਮਿੰਟ ਕਿੰਨਾ ਰੁਪਿਆ ਇਸਤੇਮਾਲ ਕਰਦੀ ਹੈ ਅਤੇ ਜਿਹੜਾ ਰੁਪਿਆ ਸਾਡੇ ਪੰਜਾਬ ਵਿਚੋਂ ਬਾਹਰ ਜਾ ਰਿਹਾ ਹੈ ਉਸ ਦੇ ਮੁਤਾਬਕ ਸੈਂਟਰਲ ਗੌਰਮਿੰਟ ਕੋਲ ਕਿੰਨਾ ਅਕਾਮੁਲੇਟ ਹੋ ਕੇ ਜਾ ਰਿਹਾ ਹੈ।

**ਵਿੱਤ ਮੰਤਰੀ** : ਮੈਂ ਜ਼ਿਕਰ ਨਹੀਂ ਕਰਨਾ ਚਾਹੁੰਦਾ ਸੀ, ਪਰ ਕਰਨਾ ਪਿਆ। ਇਨ੍ਹਾਂ ਨੇ ਜਿਹੜੀ ਸਰਕਾਰ ਦੀ ਮੱਦਦ ਕੀਤੀ ਸੀ, ਉਨ੍ਹਾਂ ਦੀ ਐਨੂਅਲ ਪਲਾਨ 440 ਕਰੋੜ ਰੁਪਏ ਦੀ ਸੀ ਅਤੇ ਅਸੀਂ ਉਹ ਫਾਈਨਾਂਸ਼ਲ ਇੰਸਟੀਚਿਊਸ਼ਨਜ਼ ਵਿਚੋਂ ਉਹ 550 ਕਰੋੜ ਰੁਪਏ ਦੀ ਕਰ ਦਿਤੀ। 1980-81 ਵਿਚ ਇਹ ਦੋ ਸੋ ਕਰੋੜ ਰੁਪਏ ਦੀ ਸੀ ਅਤੇ ਉਸ ਤੋਂ ਪਹਿਲਾਂ ਇਹ 128 ਕਰੋੜ ਰੁਪਏ ਦਾ ਸੀ। ਅਸੀਂ ਫਾਈਨਾਂਸ਼ਲ ਇੰਸਟੀਚਿਊਸ਼ਨਜ਼ ਦਾ ਵੱਧ ਤੋਂ ਵੱਧ ਫਾਇਦਾ ਉਠਾਉਂਦੇ ਹਾਂ।

ਥੋੜ੍ਹੀ ਜਿਹੀ ਗਲ ਕਾਮਰੇਡ ਬੂਟਾ ਸਿੰਘ ਨੇ ਯੈਲੋ ਕਾਰਡਾਂ ਬਾਰੇ ਕੀਤੀ ਸੀ ਕਿ ਇਹ ਇਕ ਮਜ਼ਾਕ ਉਡਾਇਆ ਹੈ। ਔਰ ਉਨ੍ਹਾਂ ਨੂੰ ਮਿਲਦਾ ਕੁਝ ਨਹੀਂ। ਮੈਂ ਨਿਮਰਤਾ ਨਾਲ ਕਹਿਣਾ ਚਾਹਾਂਗਾ ਕਿ ਜੇਕਰ ਕੋਈ ਸਰਕਾਰ ਚੰਗਾ ਕੰਮ ਕਰੇ ਉਸ ਦੀ ਸ਼ਲਾਘਾ ਕਰਨੀ ਚਾਹੀਦੀ ਹੈ। ਪੰਜਾਬ ਵਿੱਚੋਂ ਗਰੀਬ ਲੋਕ ਆਈਡੈਂਟੇਫਾਈ ਕਰਕੇ ਜਿਨ੍ਹਾਂ ਦੀ ਇਨਕਮ 3600 ਰੁਪਏ ਤੋਂ ਘੱਟ ਸੀ, ਉਸ ਵੀਕਰ ਸੈਕਸ਼ਨ ਨੂੰ ਯੈਲੋ ਕਾਰਡ ਇਸ਼ੂ ਕੀਤੇ ਗਏ। ਉਹ 3 ਲੱਖ ਤੋਂ ਜ਼ਿਆਦਾ ਲੋਕ ਹਨ। ਅਸੀਂ 90 ਕਰੋੜ ਰੁਪਏ ਤੋਂ ਜ਼ਿਆਦਾ ਕਰਜ਼ਾ ਉਨ੍ਹਾਂ ਨੂੰ ਦਿਤਾ ਹੈ। ਸਾਰਾ ਕਰਜ਼ਾ 122 ਕਰੋੜ ਰੁਪਿਆ ਬਣਦਾ ਹੈ, ਜਿਸ ਵਿਚੋਂ 90 ਕਰੋੜ ਤੋਂ ਜ਼ਿਆਦਾ ਇਨ੍ਹਾਂ ਨੂੰ ਦਿਤਾ ਹੈ ਔਰ ਅਸੀਂ ਇੰਟਰੈਸਟ ਫਰੀ ਲੋਨ ਦਿਤਾ ਹੈ ਜਿਸ ਦੇ ਵਿਚ 30 ਕਰੋੜ ਰੁਪਿਆ ਸੱਬਸਿਡੀ ਦੇ ਤੌਰ ਤੇ ਦਿਤਾ ਹੈ। ਇਹ ਕੋਈ ਮਾਮੂਲੀ ਗਲ ਨਹੀਂ ਇਹ ਇਕ ਰੈਵੋਲਿਊਸ਼ਨਰੀ ਸਟੈਪ ਹੈ। ਅਸੀਂ ਵੀਕਰ ਸੈਕਸ਼ਨਜ਼ ਨੂੰ ਇਸ ਕਰਕੇ ਯੈਲੋ ਕਾਰਡ ਦਿੱਤੇ ਹਨ ਤਾਂਕਿ ਕੋਈ ਹੋਰ ਧੋਖੇ ਨਾਲ ਜਾਂ ਠਗੀ ਨਾਲ ਪੈਸਾ ਨਾ ਲੈ ਜਾਏ ਔਰ ਪੈਸਾ ਇਨ੍ਹਾਂ ਲੋਕਾਂ ਤਕ ਪਹੁੰਚੇ। ਆਉਣ ਵਾਲੇ ਦੋ ਸਾਲਾਂ ਵਿਚ ਯੈਲੋ ਕਾਰਡ ਹੋਲਡਰ ਜਿਹੜੇ ਹਰੀਜਨ ਹਨ, ਉਨ੍ਹਾਂ ਦੀਆਂ ਸਾਰੀਆਂ ਫੈਮਿਲੀਆਂ ਨੂੰ ਇੰਟਰੈਸਟ ਫਰੀ ਲੋਨ ਦੇ ਦੇਵਾਂਗੇ, ਉਨ੍ਹਾਂ ਸਾਰਿਆਂ ਨੂੰ ਕਵਰ ਕਰਾਂਗੇ। ਸ਼ਹਿਰਾਂ ਵਿਚ ਰਹਿਣ ਵਾਲੇ ਹਰੀਜਨ ਭਰਾ ਹਨ ਉਨ੍ਹਾਂ ਨੂੰ ਵੀ ਕਵਰ ਕਰਾਂਗੇ।

ਪ੍ਰੋਫੈਸਰ ਦਰਬਾਰੀ ਲਾਲ ਜੀ ਨੇ ਪੈਸੰਜਰ ਇੰਸ਼ੋਰੈਂਸ ਸਕੀਮ ਬਾਰੇ ਜ਼ਿਕਰ ਕੀਤਾ ਸੀ, ਮੈਂ ਅਰਜ਼ ਕਰਦਾ ਹਾਂ ਕਿ ਬਿਲਕੁਲ ਠੀਕ ਗਲ ਹੈ। ਐਕਸੀਡੈਂਟਸ ਕਾਫ਼ੀ ਹੁੰਦੇ ਹਨ। ਪੰਜਾਬ ਗੌਰਮਿੰਟ ਇਸ ਤੇ ਬੜੀ ਸੀਰੀਅਸਲੀ ਵਿਚਾਰ ਕਰ ਰਹੀ ਹੈ ਕਿ ਜਿਹੜੇ ਪੈਸੰਜਰਜ਼ ਹਨ, ਉਨ੍ਹਾਂ ਨੂੰ ਇਨਸ਼ੋਰੈਂਸ ਦੀ ਸਹੂਲਤ ਹੋਣੀ ਚਾਹੀਦੀ ਹੈ। ਇਸ ਦੇ ਲਈ ਟਿਕਟ ਨਾਲ ਅਗਰ ਕੁਝ ਵਧਾਉਣਾ ਪਏ, ਇਸ ਦੇ ਲਈ ਮੈਂ ਸਾਰੇ ਪੰਜਾਬ ਦੇ ਵਿਧਾਨ ਸਭਾ ਦੇ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਉਹ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਾਨੂੰ ਸਹਿਯੋਗ ਦੇਣਗੇ, ਅੱਛੀ ਗਲ ਹੈ। ਪਰਮਾਤਮਾ ਨਾ ਕਰੇ ਕੋਈ ਐਕਸੀਡੈਂਟ ਹੋ ਜਾਏ ਤਾਂ ਉਨ੍ਹਾਂ ਲੋਕਾਂ ਨੂੰ ਸਹੂਲਤ ਮਿਲਣੀ ਚਾਹੀਦੀ ਹੈ।

ਇਥੇ ਐਕਸਾਈਜ਼ ਦੇ ਬਾਰੇ ਗਲ ਕੀਤੀ ਹੈ ਕਿ ਇਸ ਦਾ ਸ਼ੇਅਰ ਮਿਲਣਾ ਚਾਹੀਦਾ ਹੈ। ਮੈਂ ਕਹਾਂਗਾ ਕਿ ਔਕਟਰਾਏ ਬਾਰੇ ਅਸੀਂ ਫੈਸਲਾ ਕੀਤਾ ਹੈ ਔਰ ਉਹ ਫੈਸਲਾ ਬਿਲਕੁਲ ਲਾਗੂ ਕੀਤਾ ਹੈ। ਇਹ ਢਾਈ ਤਿੰਨ ਕਰੋੜ ਰੁਪਿਆ ਹੋਇਆ ਕਰਦਾ ਸੀ ਹੁਣ ਇਹ ਪੰਜ ਛੇ ਕਰੋੜ ਰੁਪਏ ਤਕ ਇਸ ਸਾਲ ਪਹੁੰਚ ਜਾਏਗਾ। ਜਿਹੜੀਆਂ ਬੱਸਾਂ ਕਾਰਪੋਰੇਸ਼ਨਾਂ ਵਿਚ ਚੱਲਦੀਆਂ ਹਨ, ਉਨ੍ਹਾਂ ਨੂੰ ਗੌਰਮਿੰਟ ਵਲੋਂ 75 ਪ੍ਰਤੀਸ਼ਤ ਪੈਸਾ ਪੈਸੰਜਰ ਟੈਕਸ ਦਾ ਵਾਪਸ ਦੇ ਰਹੇ ਹਾਂ ਬਤੌਰ ਸੱਬਸਿਡੀ ਦੇ ਤਾਂਕਿ ਜਿਹੜੀਆਂ ਟੁੱਟੀਆਂ ਭੱਜੀਆਂ ਬੱਸਾਂ ਹਨ, ਉਹ ਠੀਕ ਹੋ ਸਕਣ ਔਰ ਸ਼ਹਿਰਾਂ ਦੇ ਲੋਕਾਂ ਨੂੰ ਤਕਲੀਫ ਨਾ ਹੋਵੇ।

**ਸ੍ਰੀ ਗੁਰਦਿਆਲ ਸੈਣੀ** : ਸਾਰੇ ਦਾ ਸਾਰਾ ਪੈਸਾ ਕਾਰਪੋਰੇਸ਼ਨਾਂ ਨੂੰ ਮਿਲ ਜਾਏਗਾ।

**ਵਿੱਤ ਮੰਤਰੀ** : ਸਾਰੇ ਦਾ ਸਾਰਾ ਜੋ ਕਾਇਦਾ ਕਾਨੂੰਨ ਬਣਿਆ ਹੈ ਉਸ ਦੇ ਮੁਤਾਬਿਕ ਮਿਲ ਜਾਏਗਾ। ਜਿੰਨਾਂ ਪੈਸਾ ਔਕਟਰਾਏ ਦਾ ਹੋਵੇਗਾ, ਉਹ ਸਾਰਾ ਦੇਵਾਂਗੇ।

ਸਪੀਕਰ ਸਾਹਿਬ, ਮੈਂ ਜ਼ਿਕਰ ਕਰਨਾ ਚਾਹਾਂਗਾ ਕਿ ਪ੍ਰੋਫੈਸਰ ਬਲਵੰਤ ਸਿੰਘ ਨੇ ਕੁਝ ਲਾਅ ਐਂਡ ਆਰਡਰ ਬਾਰੇ ਕਾਫ਼ੀ ਜ਼ੋਰ ਨਾਲ ਕਿਹਾ ਹੈ। ਲਾਅ ਐਂਡ ਆਰਡਰ ਦੀ ਹਾਲਤ ਬੜੀ ਖਰਾਬ ਹੈ ਹਾਲਾਂਕਿ ਇਸ ਦੇ ਬਾਰੇ ਮੈਂ ਸਵੇਰੇ ਕਹਿ ਦਿਤਾ ਸੀ ਲੇਕਿਨ ਇਨ੍ਹਾਂ ਨੇ ਬੜੇ ਜ਼ੋਰ ਨਾਲ ਕਿਹਾ ਅਤੇ ਇਲਜ਼ਾਮ ਲਗਾਇਆ ਕਿ ਚੀਫ ਮਨਿਸਟਰ ਸਾਹਿਬ ਔਰ ਭਿੰਡਰਾਂਵਾਲਾ ਦਾ ਇੱਕੋ ਵਕੀਲ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਆਇਆ ਇਹ ਅਸੈਂਬਲੀ ਵਿਚ ਬੋਲ ਰਹੇ ਹਨ ਜਾਂ ਬੜਬੜਾ ਕੇ ਉਠਦੇ ਹਨ ਅਤੇ ਗਲਾਂ ਕਰਨੀਆਂ ਸ਼ੁਰੂ ਕਰ ਦਿੰਦੇ ਹਨ। ਪੰਜਾਬ ਦੀ ਹਾਲਤ ਬਾਰੇ ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ। ਐਕਸਟਰੀਮਿਸਟਸ ਦੀਆਂ ਐਕਟਿਵਿਟੀਜ਼ ਕੀ ਹਨ ? ਜਿਹੜੇ ਦੂਸਰੇ ਅਕਾਲੀ ਦੋਸਤ ਹਨ ਉਹ ਕੀ ਚਾਹੁੰਦੇ ਹਨ, ਪੰਜਾਬ ਗੌਰਮਿੰਟ ਕੀ ਚਾਹੁੰਦੀ ਹੈ ? ਇਥੇ ਪੁਲਿਸ ਦਾ ਬਹੁਤ ਕ੍ਰਿਟੀਸਿਜ਼ਮ ਕੀਤਾ ਗਿਆ ਕਿ ਪੁਲਸ ਆਪਣੇ ਫਰਜ਼ ਪੂਰੇ ਨਹੀਂ ਕਰ ਰਹੀ। ਮੈਂ, ਸਪੀਕਰ ਸਾਹਿਬ, ਤੁਹਾਡੀ ਮਾਰਫਤ ਦਸ ਦੇਣਾ ਚਾਹਾਂਗਾ ਕਿ ਪੰਜਾਬ ਦੀ ਪੁਲਿਸ ਨੇ ਬਹੁਤ ਕੰਮ ਕੀਤਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਹਰ ਇਨਸਾਨ ਵਿੱਚ ਕਮੀਆਂ ਹੋ ਸਕਦੀਆਂ ਹਨ, ਕੋਈ ਵੀ ਇਸ ਦੁਨੀਆ ਵਿੱਚ ਮੁਕੰਮਲ ਨਹੀਂ ਹੈ, ਡਿਊਟੀ ਕਰਦਿਆਂ ਕਰਦਿਆਂ ਕਿਸੇ ਤੋਂ ਵੀ ਕੋਤਾਹੀ ਹੋ ਸਕਦੀ ਹੈ, ਕਮੀ ਰਹਿ ਸਕਦੀ ਹੈ, ਗਲਤੀ ਹੋ ਸਕਦੀ ਹੈ, ਪਰ ਓਵਰਆਲ ਪਿਛਲੇ ਤਿੰਨਾਂ ਸਾਲਾਂ ਵਿਚ ਪੰਜਾਬ ਪੁਲਿਸ ਨੇ ਐਕਸਟਰੀਮਿਸਟਸ ਦੀਆਂ ਐਕਟਿਵਿਟੀਜ਼ ਨੂੰ ਕਰਬ ਕਰਨ ਲਈ ਅਤੇ ਦੂਸਰੇ ਕੰਮ ਕਰਨ ਲਈ ਬੜੀ ਰੈਸਟਰੇਂਟ ਨਾਲ ਕੰਮ ਲਿਆ ਹੈ। ਐਜੀਟੇਸ਼ਨ ਵਾਲੇ ਚਾਹੁੰਦੇ ਸਨ ਕਿ ਪੰਜਾਬ ਦੇ ਵਿੱਚ ਹਿੰਦੂ ਸਿੱਖ ਭਰਾਵਾਂ ਵਿੱਚ ਟੈਨਸ਼ਨ ਵੱਧੇ ਅਤੇ ਆਪਸੀ ਫਸਾਦ ਹੋਣ। ਪਰ ਪੁਲਿਸ ਨੇ ਆਪਣੀਆਂ ਕੁਰਬਾਨੀਆਂ ਦੇ ਕੇ ਆਪਣੀਆਂ ਜਾਨਾਂ ਵਾਰ ਕੇ, ਆਪਣੇ ਸੀਨੇ ਵਿੱਚ ਗੋਲੀਆਂ ਖਾ ਕੇ ਹਿੰਦੂ ਸਿੱਖ ਨੂੰ ਆਪਸ ਵਿੱਚ ਲੜਨ ਨਹੀਂ ਦਿੱਤਾ, ਉਨ੍ਹਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਸ਼ਹੀਦਾਂ ਨੂੰ ਅਸੀਂ ਪ੍ਰਣਾਮ ਕਰਦੇ ਹਾਂ ਜਿਨ੍ਹਾਂ ਨੇ ਪੰਜਾਬ ਦੇ ਅਮਨ ਅਤੇ ਕਮਿਊਨਲ ਵਿਵਸਥਾ ਨੂੰ ਠੀਕ ਕਰਨ ਵਾਸਤੇ ਸਭ ਕੁਝ ਵਾਰਿਆ ਹੈ। ਮੈਂ ਆਪਣੇ ਸਾਥੀਆਂ ਨੂੰ ਇਹ ਜ਼ਰੂਰ ਕਹਿ ਦੇਣਾ ਚਾਹੁੰਦਾ ਹਾਂ ਕਿ ਪੁਲਿਸ ਦੇ ਕਰਮਚਾਰੀਆਂ ਨੂੰ ਸਾਨੂੰ ਐਨਕਰੇਜ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਮੈਨੂੰ ਇਹੋ ਜਿਹੀਆਂ ਜਗ੍ਹਾਂ ਦਾ ਪਤਾ ਹੈ ਜਿਥੇ ਪੁਲਿਸ ਵਾਲੇ ਚਾਹੁੰਦੇ

Original with;
Punjab Vidhan Sabha
Digitized by;
Panjab Digital Library

ਸਨ ਕਿ ਕੇਸ ਨੂੰ ਅੱਗੇ ਤਕ ਪਹੁੰਚਾਇਆ ਜਾਵੇ ਪਰ ਸਾਡੇ ਵਿਧਾਇਕ, ਸਾਡੇ ਦੂਸਰੇ ਸਾਥੀ ਕਿਸੇ ਐਕਸਟਰੀਮਿਸਟ ਦੇ ਖਿਲਾਫ ਜਿਸ ਵੇਲੇ ਮੁਕੱਦਮਾ ਹੁੰਦਾ ਹੈ, ਉਸ ਵੇਲੇ ਮੱਦਦ ਕਰਨ ਤੋਂ ਪਿਛੇ ਹਟ ਜਾਂਦੇ ਹਨ ।

ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਜਿਸ ਵੇਲੇ ਜ਼ੁਲਮ ਹੱਦ ਤੋਂ ਵੱਧ ਜਾ ਵੇ ਉਸ ਵੇਲੇ ਉਸਦਾ ਇਲਾਜ ਕੁਰਬਾਨੀ ਹੈ, ਨਿਮਰਤਾ ਹੈ । ਜਿਹੜੇ ਦਲੇਰ ਆਦਮੀ ਹਨ, ਸਚਾਈ ਅਤੇ ਇਮਾਨ-ਦਾਰੀ ਵਾਲੇ ਹਨ ਉਹ ਲੋਕ ਅੱਗੇ ਹੱਥ ਉਚਾ ਕਰਕੇ, ਬੁਲੰਦ ਕਰਕੇ ਇਹ ਕਹਿੰਦੇ ਹਨ ਕਿ ਜ਼ੁਲਮ ਨਾ ਕਰੋ। ਜਿਤਨੀ ਦੇਰ ਐਨੀ ਆਵਾਜ਼ ਬੁਲੰਦ ਕਰਨ ਵਾਲੇ ਲੋਕ ਆਵਾਮ ਵਿਚੋਂ ਨਹੀਂ ਆਉਣਗੇ ਉਤਨੀ ਦੇਰ ਜ਼ੁਲਮ ਦਾ ਸਿਲਸਿਲਾ ਵੱਧਦਾ ਰਹਿੰਦਾ ਹੈ । ਸਪੀਕਰ ਸਾਹਿਬ, ਅੱਜ ਵਕਤ ਆ ਗਿਆ ਹੈ ਜਦੋਂ ਸਾਨੂੰ ਇਹ ਗਲ ਕਹਿਣੀ ਚਾਹੀਦੀ ਹੈ ਕਿ ਸਾਡੀਆਂ ਸੋਸ਼ਲ ਆਰਗੇਨਾਈਜ਼ੇਸ਼ਨਸ਼, ਪੁਲੀਟੀਕਲ ਆਰਗੇਨਾਈਜ਼ੇਸ਼ਨਜ਼ ਨੂੰ ਸਾਰੇ ਵਿਤਕਰੇ ਛੱਡ ਕੇ ਇਹ ਕਹਿਣਾ ਚਾਹੀਦਾ ਹੈ ਕਿ ਮਾਸੂਮ ਲੋਕਾਂ ਦਾ ਜਿਹੜੇ ਖੂਨ ਵਹਾ ਦਿੰਦੇ ਹਨ, ਲੋਕਾਂ ਦੇ ਬਚਿੱਆਂ ਨੂੰ ਯਤੀਮ ਕਰ ਦਿੰਦੇ ਹਨ, ਸੁਹਾਗਣਾਂ ਨੂੰ ਵਿਧਵਾ ਬਣਾ ਦਿੰਦੇ ਹਨ, ਉਨ੍ਹਾਂ ਚੀਜ਼ਾਂ ਨੂੰ ਕੰਡੈਮ ਕਰਨਾ ਚਾਹੀਦਾ ਹੈ। ਜਿਥੇ ਵੀ ਅਜਿਹੇ ਲੋਕ ਆਸਰਾ ਲੈਂਦੇ ਹਨ ਉਨ੍ਹਾਂ ਨੂੰ ਕਹਿਣਾ ਚਾਹੀਦਾ ਹੈ ਕਿ ਅਜਿਹੇ ਲੋਕ ਕਾਨੂੰਨ ਦੇ ਹਵਾਲੇ ਕੀਤੇ ਜਾਣ । ਉਨ੍ਹਾਂ ਨੂੰ ਕੋਈ ਸ਼ੈਲਟਰ ਨਹੀਂ ਮਿਲਣਾ ਚਾਹੀਦਾ । ਅੱਜ ਪੰਜਾਬ ਦੀ ਪੁਲਿਸ ਦੀ ਹਾਲਾਤ ਨੂੰ ਠੀਕ ਕਰਨ ਵਿਚ ਮਦੱਦ ਕਰਨੀ ਚਾਹੀਦੀ ਹੈ ਤਾਂਕਿ ਹੋਰ ਅੱਛੀ ਤਰ੍ਹਾਂ ਉਹ ਕੰਮ ਕਰ ਸਕਣ। ਇਸ ਦੇ ਨਾਲ ਹੀ ਗੌਰਮਿੰਟ ਦਾ ਵੀ ਫਰਜ਼ ਹੈ ਕਿ ਅਗਰ ਕੋਈ ਜਾਣ ਬੁਝ ਕੇ ਆਪਣੇ ਫਰਜ਼ ਦੀ ਕੋਤਾਹੀ ਕਰਦਾ ਹੈ, ਭਾਵੇਂ ਉਹ ਕਿੱਡਾ ਵੱਡਾ ਅਫਸਰ ਹੋਵੇ, ਉਸ ਨੂੰ ਉਸ ਦੀ ਗਲਤੀ ਦੇ ਮੁਤਾਬਿਕ ਸਜ਼ਾ ਮਿਲਣੀ ਚਾਹੀਦੀ ਹੈ। ਜੋ ਕੁਝ ਮੈਂਬਰ ਸਾਹਿਬ ਨੇ ਇਸ਼ਾਰੇ ਨਾਲ ਗਲਾਂ ਕੀਤੀਆਂ ਹਨ, ਆਪਣੀਆਂ ਔਕੜਾਂ ਦੱਸੀਆਂ ਹਨ, ਮੈਂ ਸਮਝਦਾ ਹਾਂ ਕਿ ਉਹ ਸਾਰੀਆਂ ਰਿਕਾਰਡ ਤੇ ਆ ਗਈਆਂ ਹਨ। ਅਸੀਂ ਉਨ੍ਹਾਂ ਦੀ ਛਾਣਬੀਣ ਕਰਾਂਗੇ ਅਤੇ ਕਸੂਰਵਾਰ ਲੋਕਾਂ ਨੂੰ ਜ਼ਰੂਰ ਸਜ਼ਾ ਮਿਲੇਗੀ।

ਸਪੀਕਰ ਸਾਹਿਬ, ਅਖੀਰ ਵਿੱਚ ਇੱਕ ਗਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ । ਉਹ ਗਲ ਇਹ ਹੈ ਕਿ ਅੱਜ ਜ਼ਰੂਰਤ ਹੈ ਕਿ ਪੰਜਾਬ ਦੇ ਹਾਲਾਤ ਨੂੰ ਠੀਕ ਕਰਨ ਲਈ ਅਸੀਂ ਆਪਣਾ ਪੂਰਾ ਸਹਿਯੋਗ ਦੇਈਏ ਅਤੇ ਉਹ ਸਹਿਯੋਗ ਤਦ ਮਿਲ ਸਕਦਾ ਹੈ ਜਦੋਂ ਅਸੀਂ ਨੈਸ਼ਨਲ ਇੰਟਰੈਸਟ ਨੂੰ ਸਾਹਮਣੇ ਰਖੀਏ ਅਤੇ ਪਾਰਟੀ ਇੰਟਰੈਸਟ ਨੂੰ ਛੱਡ ਦਈਏ । ਕਈ ਵਾਰੀ ਅਸੀਂ ਇਹ ਬਿਲੀਵ ਕਰਨ ਲੱਗ ਪੈਂਦੇ ਹਾਂ ਕਿ ਸਾਡੀ ਪਬਲਿਸਿਟੀ ਕਿਵੇਂ ਹੋਵੇਗੀ ਅਤੇ ਕੋਸ਼ਿਸ਼ ਕਰਦੇ ਹਾਂ ਕਿ ਪ੍ਰੈਸ ਵਿੱਚ ਸਾਡੀ ਗਲ ਆਵੇ । ਪਰ ਉਹੀ ਗਲ ਕੰਸਟਰਕਟਿਵ ਢੰਗ ਨਾਲ ਇਥੇ ਵੀ ਕਹਿ ਸਕਦੇ ਹਾਂ। ਲੇਕਿਨ ਕਈ ਵਾਰੀ ਅਸੀਂ ਹੋਰ ਤਰ੍ਹਾਂ ਨਾਲ ਉਸ ਗਲ ਨੂੰ ਪੇਸ਼ ਕਰਦੇ ਹਾਂ ਜਿਸ ਦੇ ਨਾਲ ਮੱਦਦ ਨਹੀਂ ਮਿਲਦੀ । ਅੱਜ ਪੰਜਾਬ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਅਸੀਂ ਪੰਜਾਬ ਦੇ ਅੰਦਰ ਕਮਿਊਨਲ ਟੈਨਸ਼ਨ ਫੈਲਾਉਣ ਦੀ ਜੋ ਕੋਸ਼ਿਸ਼ ਕੀਤੀ ਜਾ ਰਹੀ ਹੈ ਉਸ ਨੂੰ ਘੱਟ ਕਰਨ ਲਈ ਆਪਣੇ ਆਪ ਤੇ ਕੰਟਰੋਲ ਰਖੀਏ । ਪੰਜਾਬ ਵਿੱਚ ਨਾ ਹਿੰਦੂ ਸੰਗਠਨ, ਨਾ ਸਿੱਖ ਸੰਗਠਨ ਅਤੇ ਨਾ ਹੀ ਹਰੀਜਨ ਸੰਗਠਨ ਜਾਂ ਧਰਮ ਅਤੇ ਜਾਤ ਪਾਤ ਦੇ ਆਧਾਰ ਤੇ ਕੋਈ ਸੰਗਠਨ ਪੰਜਾਬ ਨੂੰ ਤਾਕਤਵਰ ਬਣਾ ਸਕਦਾ ਹੈ। ਇਥੇ ਇੱਕੋ ਸੰਗਠਨ ਹੋਵੇ, ਪੰਜਾਬੀਆਂ ਦਾ ਸੰਗਠਨ, ਹਿੰਦੁਸਤਾਨੀਆਂ ਦਾ ਸੰਗਠਨ ਹੋਵੇ, ਅਸੀਂ ਇੱਕ ਕੌਮ ਹੋ ਕੇ ਪੰਜਾਬ ਨੂੰ ਦੇਸ਼ ਦਾ ਅਟੁੱਟ ਹਿੱਸਾ ਮੰਨ ਕੇ ਇਹ ਕਹਾਂਗੇ ਅਤੇ ਧਰਮ ਜਾਤ ਪਾਤ ਤੋਂ ਉਪਰ ਉਠਾਂਗੇ ਫਿਰ ਪੰਜਾਬ ਵਿੱਚ ਖੁਸ਼ਹਾਲੀ ਲਿਆ ਸਕਾਂਗੇ । ਇਸ ਤਰ੍ਹਾਂ ਅਸੀਂ ਪੰਜਾਬ ਨੂੰ ਸ਼ਕਤੀਸ਼ਾਲੀ ਸਟੇਟ ਬਣਾ ਸਕਾਂਗੇ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਪੀਕਰ ਸਾਹਿਬ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਇਸ ਐਪਰੋਪ੍ਰੀਏਸ਼ਨ ਬਿਲ ਨੂੰ ਪਾਸ ਕੀਤਾ ਜਾਵੇ ਅਤੇ ਮੈਂ ਆਸ ਕਰਦਾ ਹਾਂ ਕਿ ਪੰਜਾਬ ਨੂੰ ਤਾਕਤਵਰ ਅਤੇ ਅੱਛਾ ਬਣਾਉਣ ਵਾਸਤੇ ਸਾਰੇ ਸਾਥੀ ਪੂਰਾ ਸਹਿਯੋਗ ਦੇਣਗੇ, ਆਪਣਾ ਯੋਗਦਾਨ ਪਾਉਣਗੇ। ਪੰਜਾਬ ਦੇ ਹਾਲਾਤ ਨੂੰ ਸੰਭਾਲਣ ਵਾਸਤੇ ਅਕਾਲੀ ਦੋਸਤ ਨੈਗੋਸ਼ੀਏਸ਼ਨ ਦੇ ਟੇਬਲ ਤੇ ਪ੍ਰਧਾਨ ਮੰਤਰੀ ਕੋਲ ਇੱਕ ਵਾਰੀ ਫਿਰ ਜਾਣਗੇ। ਧੰਨਵਾਦ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਮੈਨੂੰ ਕਲੈਰੀਫਿਕੇਸ਼ਨ ਲੈਣ ਲਈ ਮਜਬੂਰ ਕੀਤਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਸਿੱਧਾ ਸਬੰਧ ਨਹੀਂ ਹੈ। ਜਿਹੜੀ ਸਟੇਟਮੈਂਟ ਦਰਬਾਰਾ ਸਿੰਘ ਅਤੇ ਭਿੰਡਰਾਂਵਾਲਾ ਦਿੰਦੇ ਹਨ, ਇਸ ਸਬੰਧੀ ਮੈਂ ਦੋ ਮਿਸਾਲਾਂ ਦੇਵਾਂਗਾ। ਇੱਕ ਜਗਜੀਤ ਸਿੰਘ ਵਕੀਲ ਹੈ ਲੁਧਿਆਣੇ ਦਾ ਉਹ ਬੀਬੀ ਗੁਰਬਚਨ ਕੌਰ ਦਾ ਵੀ ਵਕੀਲ ਹੈ, ਜਿਹੜੀ ਕਿ ਸਰਦਾਰ ਦਰਬਾਰਾ ਸਿੰਘ ਦੇ ਘਰੋਂ ਹੈ।

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਕਲੈਰੀਫਿਕੇਸ਼ਨ ਨਹੀਂ ਹੈ।

**ਪ੍ਰੋਫੈਸਰ ਬਲਵੰਤ ਸਿੰਘ** : ਦੂਸਰਾ ਭਰਪੂਰ ਸਿੰਘ ਵਕੀਲ 'ਅਕਾਲੀ ਪੱਤ੍ਰਿਕਾ' ਵਾਲਾ ਭਿੰਡਰਾਂ-ਵਾਲੇ ਦਾ ਖਾਸ ਆਦਮੀ ਹੈ....

**ਵਿੱਤ ਮੰਤਰੀ** : ਇਨ੍ਹਾਂ ਤੋਂ ਤਕਰੀਰ ਨਾ ਕਰਾਓ, ਇਹ ਪੁਆਇੰਟ ਆਫ ਕਲੈਰੀਫਿਕੇਸ਼ਨ ਲੈਣ।

**ਪਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, 'ਅਕਾਲੀ ਪੱਤ੍ਰਿਕਾ' ਵਾਲਾ ਭਰਪੂਰ ਸਿੰਘ...।

**ਵਿੱਤ ਮੰਤਰੀ** : ਸਪੀਕਰ ਸਾਹਿਬ, ਚੰਦ ਤੇ ਥੁੱਕਣ ਨਾਲ ਥੁੱਕ ਆਪਣੇ ਮੂੰਹ ਤੇ ਪੈਂਦੀ ਹੈ। ਇਸ ਤਰ੍ਹਾਂ ਦੇ ਦੇਸ਼ ਭਗਤ, ਸੈਕੂਲਰਿਸਟ, ਨੈਸ਼ਨਲਿਸਟ ਪੰਜਾਬ ਦੇ ਬਹਾਦਰ ਯੋਧਾ ਦੇ ਖਿਲਾਫ ਇਹ ਦੋਸ਼ ਲਗਾਉਣਾ ਕਿ ਉਹ ਅਜਿਹੇ ਐਕਸਟਰੀਮਿਸਟਸ ਨਾਲ ਮਿਲਿਆ ਹੋਇਆ ਹੈ, ਇਹ ਬਹੁਤ ਵੱਡੀ ਨਾਦਾਨੀ ਹੈ ਅਤੇ ਚੰਦ ਤੇ ਥੁੱਕਣ ਵਾਲੀ ਗਲ ਹੈ, ਹੋਰ ਕੁੱਝ ਨਹੀਂ ਹੈ।

## SECOND REPORT OF THE BUSINESS ADVISORY COMMITTEE

**Mr. Speaker :** I have to present to the House the Second Report of the Business Advisory Committee. The report reads as under :—

The Committee was informed that there was only one non-official Resolution ripe for ballot for tomorrow's non-official sitting. Shri Gopal Krishan Chatrath, in whose name the Resolution was admitted, had withdrawn the same. The Committee, therefore, decided that the following business be transacted at the sitting to be held on Thursday, the 8th September, 1983 :—

(9·00 A. M.) :

(i) Question Hour.

(ii) Call Attention Notices.

(iii) Motion under rule 16 regarding adjournment of the House *sine die.*

Original with;
Punjab Vidhan Sabha
Digitized by;
Panjab Digital Library

(iv) Laying of Papers on the Table of the House.

(v) Legislative Business :—

(a) The Punjab Public Moneys (Recovery of Dues) Bill, 1983.

(b) The Punjab Excise (Amendment) Bill, 1983.

(c)(i) Resolution under Article 213 (2)(a) of the Constitution of India regarding disapproval of the Code of Criminal (Procedure (Punjab Amendment) Ordinance, 1983, Punjab Ordinance No. 3 of 1983).

(ii) The Code of Criminal Procedure (Punjab Amendment) Bill, 1983.

(d) The Punjab Legislative Assembly (Allowances of Members) Amendment Bill, 1983.

(e) The East Punjab Ministers, Salaries Amendment Bill, 1983.

(vi) Financial Business :—

(a) Presentation of the excess demands over grants and appropriation for the years 1973-74, 1974-75 and 1975-76.

(b) The Punjab Appropriation (No. 4) Bill, 1983 in respect of Excess Demands.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recomnendations, that rule/those rules shall stand suspended to that extent.

**Finance Minister (Doctor Kewal Krishan) :** Sir, I beg to move—

That this House agrees with the recommendations contained in the Second Report of the Business Advisory Committee.

**Mr. Speaker :** Motion moved—

That this House agrees with the recommendations contained in the Second Report of the Business Advisory Committee..

**ਕਾਮਰੇਡ ਰਾਜ ਕੁਮਾਰ** (ਧਾਰੀਵਾਲ) : ਸਪੀਕਰ ਸਾਹਿਬ, ਜਿਹੜੀ ਰਿਪੋਰਟ ਤੁਸੀਂ ਪੇਸ਼ ਕੀਤੀ ਹੈ ਮੈਂ ਨਹੀਂ ਸਮਝਦਾ ਕਿ ਇਹ ਉਮਿਸ਼ਨ ਹੈ ਜਾਂ ਜਾਣ ਕੇ ਛੱਡੀ ਗਈ ਹੈ। ਮੈਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਤੋਂ ਬਾਅਦ ਵਾਕ ਆਊਟ ਕਰਕੇ ਆਇਆ ਸੀ। ਮੈਂ ਜੋ ਕਾਰਨ ਵਾਕ ਆਊਟ ਦੇ ਦਿੱਤੇ ਸਨ ਉਹ ਇਥੇ ਵੀ ਦੱਸ ਦੇਵਾਂ ।

ਸਪੀਕਰ ਸਾਹਿਬ, ਤੁਸੀਂ ਉਥੇ ਬੈਠ ਕੇ ਵੀ ਗੱਲਾਂ ਕੀਤੀਆਂ ਹਨ, ਕੁਝ ਚੈਂਬਰ ਵਿੱਚ ਬੈਠ ਕੇ ਕੀਤੀਆਂ ਹਨ, ਕੁਝ ਸਾਡੇ ਨਾਲ ਅੱਜ ਲਾਊਂਜ ਵਿਚ ਬੈਠ ਕੇ ਕੀਤੀਆਂ ਹਨ। ਉਥੇ ਤੁਸੀਂ ਇੱਕਲੇ ਨਹੀਂ ਸੋ, ਤੁਹਾਡੇ ਨਾਲ ਡਾਕਟਰ ਕੇਵਲ ਕ੍ਰਿਸ਼ਨ ਜੀ, ਅਜਨਾਲਾ ਸਾਹਿਬ ਔਰ ਦਰਸ਼ਨ ਸਿੰਘ ਚੌਧਰੀ, ਜੋ ਕਿ ਇਨ੍ਹਾਂ ਦੇ ਪਾਰਟੀ ਦੇ ਜਨਰਲ ਸੈਕਟਰੀ ਹਨ (ਇਕ ਆਵਾਜ਼ : ਵਾਈਸ ਪਰੈਜ਼ੀਡੈਂਟ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਹਨ।) ਠੀਕ ਹੈ ਜੀ ਕੁਰੈਕਟ ਕਰ ਲੈਣਾ। ਪਹਿਲਾਂ ਟੈਂਟੇਟਿਵ ਪਰੋਗਰਾਮ ਵਿਚ 9 ਤਾਰੀਖ ਦਿੱਤੀ ਹੋਈ ਸੀ। ਪਿਛਲੀ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਤੁਸੀਂ ਕਿਹਾ ਸੀ ਕਿ ਬਰਾਡ ਕਨਸੈਨਸੱਸ ਹੋ ਗਈ ਹੈ, 12 ਤਾਰੀਖ ਤਕ ਸੈਸ਼ਨ ਚਲੇਗਾ। ਕੀ ਉਹ ਸਟੈਂਡ, ਸਾਰੀਆਂ ਕਮਿੱਟਮੈਂਟਸ, ਸਾਰੇ ਪਰੋਗਰਾਮ ਵਿਚ ਡਰਾਅ ਕਰਕੇ ਮੋਸ਼ਨ ਅੰਡਰ ਰੂਲ 16 ਰਿਗਾਰਡਿੰਗ ਐਡਜਰਨਮੈਂਟ ਆਫ ਸਾਈਨੇਡਾਈ ਲਿਆ ਰਹੇ ਹੋ ? ਸਪੀਕਰ ਸਾਹਿਬ, ਕੁਝ ਪਾਰਲੀਮੈਂਟਰੀ ਕਨਵੈਨਸ਼ਨਜ਼ ਹਨ, ਕੁਝ ਕਮਿੱਟਮੈਂਟਸ ਦੀ ਕੀਮਤ ਹੁੰਦੀ ਹੈ, ਕੁਝ ਡੈਮੋਕਰੇਸੀ ਦੀਆਂ ਕਦਰਾਂ ਦਾ ਸਵਾਲ ਹੈ। ਜਦੋਂ ਸਾਰਿਆਂ ਦੀ ਕਮਿੱਟਮੈਂਟਸ ਸੀ ਕਿ ਅਸੀਂ ਪੰਜਾਬ ਦੀ ਸਿਚੂਏਸ਼ਨ ਨੂੰ ਡਿਸਕਸ ਕਰਾਂਗੇ ਤਾਂ ਫਿਰ ਮੈਂ ਨਹੀਂ ਸਮਝਦਾ ਕਿ ਕੋਈ ਐਸੀ ਐਮਰਜੈਂਸੀ ਆ ਗਈ ਹੈ, ਜਿਸ ਨਾਲ ਕਿ ਇਹ ਜ਼ਰੂਰੀ ਹੋ ਗਿਆ ਹੈ ਕਿ ਸੈਸ਼ਨ ਉਠਾ ਦਿੱਤਾ ਜਾਵੇ। ਜੇਕਰ ਪਾਰਟੀ ਵਿਚ ਕੋਈ ਗੱਲ ਆ ਗਈ ਹੈ ਤਾਂ ਕੀ ਇਹ ਜ਼ਰੂਰੀ ਹੈ ਕਿ ਹਾਊਸ ਦੀ ਟਰੈਡੀਸ਼ਨ ਨੂੰ ਇਗਨੋਰ ਕਰਕੇ ਇਸ ਤਰ੍ਹਾਂ ਦੀ ਚੀਜ਼ ਇਨਟਰੋਡਿਊਸ ਕਰ ਦਿਓ। ਅੱਜ ਅਗਰ ਇਸ ਵੇਲੇ ਕੋਈ ਹਾਈਲੀ ਕੁਆਲੀਫਾਈਡ ਵਿਅਕਤੀ ਹੈ ਤਾਂ ਇਹ ਡਾਕਟਰ ਸਾਹਿਬ ਹਨ, ਚੀਫ ਮਨਿਸਟਰੀ ਲਈ ਨੈਕਸਟ ਇਹ ਹੀ ਬਣਦੇ ਹਨ, ਮੈਂ ਖੈਰ ਇਸ ਗੱਲ ਵਿਚ ਜ਼ਿਆਦਾ ਨਹੀਂ ਜਾਣਾ ਚਾਹੁੰਦਾ।

**Finance Minister :** Comrade Raj Kumar should withdraw these words because this is an aspersion on the Chief Minister or these words should not be recorded.

**ਕਾਮਰੇਡ ਰਾਜ ਕੁਮਾਰ** : ਮੈਂ ਵਿਦਡਰਾਅ ਕਰਦਾ ਹਾਂ ਜੀ। ਤੁਸੀਂ ਹੁਣ ਕਾਫੀ ਇਸ ਮਸਲੇ ਤੇ ਐਗਜ਼ਰਟ ਕੀਤਾ ਹੈ, ਆਪਣਾ ਮਾਈਂਡ ਅਪਲਾਈ ਕੀਤਾ ਹੈ, ਇਤਨਾਂ ਪ੍ਰਾਜੈਕਟ ਕੀਤਾ ਹੈ ਉਸ ਤੋਂ ਇਹ ਹੀ ਸਿੱਟਾ ਨਿਕਲਦਾ ਹੈ ਕਿ ਅੱਜ ਤੋਂ ਬਾਅਦ ਜੋ ਗਲਾਂ ਕਰਨੀਆਂ ਹਨ, ਜੋ ਫੈਸਲੇ ਕਰਨੇ ਹਨ ਉਨ੍ਹਾਂ ਪ੍ਰਤੀ ਤਿਲਕ ਜਾਣ ਦਾ ਜੋ ਤਰੀਕਾ ਵਰਤਿਆ ਹੈ, ਉਸ ਦੇ ਨਾਲ ਦੀ ਗੱਲ ਕਦੇ ਨਹੀਂ ਹੋਈ। ਮੈਂ ਇਕ ਤਾਂ ਇਸ ਗੱਲ ਤੇ ਪਰੋਟੈਸਟ ਕਰਦਾ ਹਾਂ ਕਿ ਪਰੋਸੀਡਿੰਗਜ਼ ਵਿਚ ਮੇਰੇ ਵਾਕ ਆਊਟ ਕਰਨ ਦਾ ਜ਼ਿਕਰ ਨਹੀਂ ਹੈ, ਦੂਸਰਾ ਇਹ ਕਿ ਕੀਤੇ ਹੋਏ ਇਕਰਾਰਾਂ ਤੋਂ ਮੁੱਕਰ ਗਏ ਹਨ, ਜਨਰਲ ਰੈਜ਼ੋਲਿਊਸ਼ਨ ਜਾਂ ਮੋਸ਼ਨ ਲਈ ਨਾ ਕੋਈ ਉਪਰਾਲਾ ਕੀਤਾ ਹੈ ਤੇ ਨਾ ਹੀ ਟੈਂਟੇਟਿਵ ਪਰੋਗਰਾਮ ਜੋ ਕਿ ਪਹਿਲਾਂ ਅਜਲਾਸ ਵਾਸਤੇ ਸੀ, ਉਸ ਮੁਤਾਬਿਕ ਅਜਲਾਸ ਕੀਤਾ ਹੈ, ਨਾ ਹੀ ਕਮਿੱਟਿਡ ਤਾਰੀਖ ਮੁਤਾਬਿਕ 12 ਤਾਰੀਖ ਤਕ ਇਜਲਾਸ ਰੱਖਿਆ ਹੈ।

We will not sit in strike only but will not eat anything hence onwards and after that if God willing or not willing we will outside the House give an arrest. From today onwards, we are on hunger strike.

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ.ਸੀ.): ਸਪੀਕਰ ਸਾਹਿਬ, ਜੋ ਬੀ.ਏ.ਸੀ. ਦਾ ਪਰੋਗਰਾਮ ਰੱਖਿਆ ਗਿਆ ਹੈ; ਉਹ ਕੀ ਹੈ ਔਰ ਪਹਿਲੀ ਮੀਟਿੰਗ ਦੇ ਮੁਤਾਬਿਕ ਕੀ ਸੀ। ਪਹਿਲੀ ਮੀਟਿੰਗ ਦੇ ਮੁਤਾਬਿਕ ਇਹ ਸੀ ਕਿ ਸੈਸ਼ਨ ਸੋਮਵਾਰ ਤਕ ਵਧਾਉਣ ਦਾ ਪਰੋਗਰਾਮ ਰੱਖਿਆ ਹੈ, ਜਿਸ ਦੇ ਵਾਸਤੇ ਮਿਊਚਲ ਅੰਡਰਸਟੈਂਡਿੰਗ ਇਹ ਸੀ ਕਿ ਨਾਨ-ਆਫੀਸ਼ੀਅਲ ਡੇਅ ਜਿਹੜਾ ਹੈ ਜੇਕਰ ਸਰਕਾਰੀ ਕੰਮ-ਕਾਜ ਵਾਸਤੇ ਵਰਤਣਾ ਹੈ ਤਾਂ ਨਾਨ-ਆਫੀਸ਼ੀਅਲ ਡੇਅ ਨੂੰ ਅੱਗੇ ਲੈ ਕੇ ਜਾਣ। ਨਾਲ ਹੀ ਮੈਂ ਉਸ ਵੇਲੇ ਵੀ ਕਿਹਾ ਸੀ ਕਿ ਇਤਨਾਂ ਰੱਸ਼ ਹੋ ਜਾਂਦਾ ਹੈ ਕੰਮ ਦਾ ਕਿ ਇਕ ਸਿਟਿੰਗ ਵਿਚ ਦਸ-ਦਸ, ਪੰਦਰਾਂ-ਪੰਦਰਾਂ, ਬਿੱਲ ਲਿਆ ਕੇ ਪਾਸ ਕਰਵਾ ਲਏ ਜਾਂਦੇ ਹਨ। ਇਹ ਮੈਂ ਸਮਝਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

ਲੋਕਾਂ ਨਾਲ ਧੱਕਾ ਹੈ। ਅੱਜ ਤਾਂ ਡੈਮੋਕਰੇਸੀ ਨੂੰ ਵਧਾਉਣ ਦੀ ਲੋੜ ਹੈ। ਇਹ ਮਸਲਾ ਹੈ ਕਿ ਪਹਿਲਾਂ ਟੈਂਟੇਟਿਵ ਪਰੋਗਰਾਮ ਤੇ ਬੈਠੇ ਰਹੇ ਹਾਂ। ਜਦੋਂ ਪਿਛਲੀ ਮੀਟਿੰਗ ਹੋ ਰਹੀ ਸੀ ਤਾਂ ਪਾਂਡੇ ਸਾਹਿਬ ਕਹਿਣ ਲੱਗੇ ਕਿ ਚੱਤਰਥ ਸਾਹਿਬ ਦਾ ਨਾਨ-ਆਫੀਸ਼ੀਅਲ ਰੈਜ਼ੋਲਿਊਸ਼ਨ ਹੈ; ਉਹ ਵਾਪਸ ਲੈ ਲੈਣਗੇ ਨਾਨ-ਆਫੀਸ਼ਿਅਲ ਡੇਅ ਇਸ ਤਰ੍ਹਾਂ ਨਾਲ ਖਤਮ ਨਹੀਂ ਕਰਨਾ ਚਾਹੀਦਾ। ਇਕ ਸਾਡੇ ਨਾਲ ਹੋਰ ਵੀ ਧੱਕਾ ਹੈ ਕਿ ਸਪੈਸ਼ਲ ਇਨਵਾਈਟੀ ਦੇ ਤੌਰ ਤੇ ਮੈਨੂੰ ਪਹਿਲੀ ਮੀਟਿੰਗ ਵਿਚ ਬੁਲਾਇਆ ਸੀ। ਹੁਣ ਮੈਂ ਨਹੀਂ ਸੀ ਪਰ ਪ੍ਰੋਫੈਸਰ ਬਲਵੰਤ ਸਿੰਘ ਹੋਰੀਂ ਇਥੇ ਬੈਠੇ ਸਨ, ਉਹ ਮੇਰੇ ਤੋਂ ਸੈਕੰਡ ਹਨ, ਸਾਡੇ ਗਰੁੱਪ ਦੇ ਸੈਕਟਰੀ ਹਨ, ਉਨ੍ਹਾਂ ਨੂੰ ਸੱਦਣਾ ਚਾਹੀਦਾ ਸੀ। ਇਹ ਨੋਟ ਕਰਨ ਵਾਲੀ ਗੱਲ ਹੈ, ਇਸ ਤਰ੍ਹਾਂ ਨਾਲ ਜਾਣ ਬੁਝ ਕੇ ਆਪੋਜ਼ੀਸ਼ਨ ਨੂੰ ਇਗਨੋਰ ਕਰਕੇ ਟਰੈਜ਼ਰੀ ਬੈਂਚਿਜ ਨੂੰ ਖੁਸ਼ ਕਰ ਰਹੇ ਹੋ ਜਿਹੜਾ ਕਿ ਜਮਹੂਰੀ ਰਵਾਇਤਾਂ ਨੂੰ ਤੋੜਿਆ ਜਾ ਰਿਹਾ ਹੈ ਔਰ ਜੋ ਕਿ ਲੋਕਾਂ ਦੇ ਨਾਲ ਇਕ ਮਖੌਲ ਹੈ। ਹਾਊਸ ਅੱਜ ਮੰਗ ਕਰਦਾ ਹੈ ਕਿ ਅੱਜ ਦੇ ਹਾਲਾਤ ਵਿਚ ਜੋ ਕੁਝ ਹੋ ਰਿਹਾ ਹੈ ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਇਥੇ ਡਿਸਕਸ ਕੀਤਾ ਜਾਵੇ। ਇਸ ਕਰਕੇ ਹਾਊਸ ਹੋਰ ਵਧਾਉਣਾ ਚਾਹੀਦਾ ਹੈ। ਅੱਜ ਡਬਲ ਸਿਟਿੰਗ ਕੀਤੀ ਔਰ ਕਿਹਾ ਗਿਆ ਕਿ ਸੈਸ਼ਨ ਨੂੰ ਵਧਾਉਣ ਦੀ ਲੋੜ ਨਹੀਂ। ਅਸੀਂ ਕਿਹਾ ਕਿ ਐਪਰੋਪਰੀਏਸ਼ਨ ਬਿੱਲ ਹੈ ਇਕ ਫੁੱਲ ਡੇਅ ਦੇਣਾ ਚਾਹੀਦਾ ਹੈ। ਔਰ ਵੱਧ ਤੋਂ ਵੱਧ ਇਕ ਦਿਨ ਵਿਚ ਤਿੰਨ ਬਿੱਲ ਡਿਸਕਸ ਹੋਣੇ ਚਾਹੀਦੇ ਹਨ ਪਰ ਜੇਕਰ ਮਨਿਸਟਰਜ਼ ਨੂੰ ਇਹ ਕਹਿ ਦਿੱਤਾ ਜਾਵੇ ਕਿ 10, 10 ਜਾਂ 15, 15 ਮਿੰਟ ਹੀ ਇਕ ਇਕ ਬਿੱਲ ਤੇ ਬੋਲਣਾ ਹੈ ਤਾਂ ਕੰਮ ਡੈਮੋਕਰੇਸੀ ਦਾ ਕਿਸ ਤਰ੍ਹਾਂ ਚੱਲੇਗਾ। ਇਸ ਲਈ ਪਹਿਲਾਂ ਵਿਚਾਰ ਕਰਕੇ ਜੋ ਟੈਂਟੇਟਿਵ ਪਰੋਗਰਾਮ ਸੀ, ਉਹ ਰੱਖੋ, ਬੀ.ਏ.ਸੀ. ਦੀ ਮੀਟਿੰਗ ਦੁਬਾਰਾ ਬੁਲਾਓ। ਜੋ ਮਸਲੇ ਪੰਜਾਬ ਦੇ ਹਨ, ਉਨ੍ਹਾਂ ਤੇ ਡਿਸਕਸ਼ਨ ਹੋਵੇ, ਪਰ ਉਹ ਗੱਲਾਂ ਨਾਲ ਖਤਮ ਕੀਤੇ ਜਾ ਰਹੇ ਹਨ, ਇਹ ਮਾੜੀ ਗੱਲ ਹੈ। ਇਸ ਲਈ ਇਸ ਤੇ ਫਿਰ ਵਿਚਾਰ ਕਰ ਲਈ ਜਾਵੇ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਜੀ ਨੇ ਔਰ ਚੋਪੜਾ ਜੀ ਨੇ ਪਾਰਟੀ ਦੇ ਔਰ ਸੀ.ਪੀ.ਆਈ ਦੇ ਲੀਡਰ ਸਾਹਿਬਾਨ ਨੇ ਜੋ ਪਰੋਟੈਸਟ ਕੀਤਾ ਹੈ ਉਸ ਦੇ ਬਾਰੇ, ਸਪੀਕਰ ਸਾਹਿਬ, ਮੈਂ ਇਹ ਹੀ ਕਹਾਂਗਾ ਕਿ ਉਸ ਮੀਟਿੰਗ ਤੋਂ ਪਹਿਲਾਂ ਜੋ ਮੀਟਿੰਗ ਹੋਈ ਸੀ, ਉਸ ਦੇ ਵਿਚ ਖੁਲ੍ਹ ਕੇ ਵਿਚਾਰ ਹੋਇਆ ਸੀ ਔਰ ਫੈਸਲਾ ਹੋਇਆ ਸੀ ਕਿ ਅੱਜ ਚਾਰ ਵਜੇ ਦੁਬਾਰਾ ਮੀਟਿੰਗ ਕਰਾਂਗੇ ਔਰ ਉਸ ਤੇ ਨਾਨ-ਆਫੀਸ਼ੀਅਲ ਡੇਅ ਦੇ ਬਾਰੇ ਕੋਈ ਐਗਰੀਡ ਰੈਜ਼ੋਲਿਊਸ਼ਨ ਲਿਆਵਾਂਗੇ। ਲੇਕਿਨ ਸਪਕੀਰ ਸਾਹਿਬ, ਮੈਨੂੰ ਵੀ ਹੈਰਾਨਗੀ ਹੋਈ ਕਿ ਰਾਜ ਕੁਮਾਰ ਜੀ ਜੋ ਅੱਛੇ ਪਾਰਲੀਮੈਂਟੇਰੀਅਨ ਹਨ, ਜੋ ਵਾਇਦਾ ਕਰਦੇ ਹਨ ਉਸ ਨੂੰ ਪੂਰਾ ਕਰਦੇ ਹਨ, ਉਨ੍ਹਾਂ ਨੇ ਇੰਤਜ਼ਾਰ ਨਹੀਂ ਕੀਤਾ। ਕੱਲ ਵੀ ਸਾਰਾ ਦਿਨ ਇਥੇ ਗੁਜ਼ਾਰਿਆ ਹੈ ਔਰ ਇਤਨੀ ਤਕਲੀਫ ਵੀ ਝੱਲੀ ਹੈ। ਇਤਨੀ ਤਕਲੀਫ ਵਿਚ ਅਸੀਂ ਕਿਸੇ ਆਪਣੇ ਦੋਸਤ ਨੂੰ ਵੇਖ ਕੇ ਬਰਦਾਸ਼ਤ ਨਹੀਂ ਕਰ ਸਕਦੇ। ਹੁਣ ਵੀ ਇਸ ਤਰ੍ਹਾਂ ਦੇ ਖਿਆਲ ਪ੍ਰਗਟ ਕੀਤੇ ਹਨ ਕਿ ਲਗਾਤਾਰ ਭੁੱਖੇ ਰਹਿਣਾ ਹੈ, ਆਪਣੇ ਦੋਸਤਾਂ ਨੂੰ ਭੁੱਖੇ ਰਖੀਏ ਇਹ ਸਾਡੇ ਲਈ ਵੀ ਸ਼ਰਮ ਦੀ ਗੱਲ ਹੋਵੇਗੀ ਕਿ ਆਪਣੇ ਐਮ.ਐਲ.ਏ. ਸਾਥੀਆਂ ਨੂੰ ਭੁੱਖੇ ਰੱਖੀਏ। । ਇਹ ਨਾ ਇਨਸਾਨੀਅਤ ਦਾ ਤਕਾਜ਼ਾ ਕਹਿੰਦਾ ਹੈ ਕਿ ਸਾਡੇ ਦੋਸਤ ਭੁੱਖੇ ਰਹਿਣ ਅਤੇ ਸਾਡੇ ਦੋਸਤ ਤਕਲੀਫ ਵਿਚ ਰਹਿਣ। ਜਦ ਇਹ ਆਪਣੀ ਜ਼ਿੱਦ ਤੇ ਕਾਇਮ ਸਨ ਅਤੇ ਇਨ੍ਹਾਂ ਦਾ ਬੱਚਾ ਘਰ ਵਿਚ ਬੀਮਾਰ ਸੀ ਅਤੇ ਪਿਛਲੇ 2-3 ਰਾਤ ਤੋਂ ਇਹ ਸੋਏ ਵੀ ਨਹੀਂ ਸਨ, ਇਸ ਕਰਕੇ ਅਸੀਂ ਆਪਣੇ ਦੋਸਤਾਂ ਨੂੰ ਤਕਲੀਫ ਵਿਚ ਨਹੀਂ ਰਹਿਣ ਦੇਣਾ ਚਾਹੁੰਦੇ ਸੀ ਪਰ ਇਨ੍ਹਾਂ ਨੇ ਹਾਊਸ ਵਿਚ ਪਰੋਟੈਸਟ ਕੀਤਾ। ਇਸ ਸੈਸ਼ਨ ਵਿਚ ਜੋ ਕੁਝ ਇਨ੍ਹਾਂ ਨੇ ਕੀਤਾ ਸੀ ਉਹ ਅਨਪਰੈਸੀਡੈਂਟਿਡ ਸੀ। ਜਿਸ ਐਗਰੀਡ ਰੈਜ਼ੋਲਿਊਸ਼ਨ ਬਾਰੇ ਇਹ ਕਹਿ ਰਹੇ ਸਨ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਉਸ ਤੇ ਅਸੀਂ ਐਗਰੀ ਨਹੀਂ ਕਰ ਸਕਦੇ । ਉਸ ਉਤੇ ਇਨ੍ਹਾਂ ਦੇ ਆਪਣੇ ਵਿਚਾਰ ਹੋ ਸਕਦੇ ਹਨ ਸਾਡੀ ਪਾਰਟੀ ਦੇ ਵਿਚਾਰ ਨਹੀਂ ਸਨ ਜਿਸ ਕਰਕੇ ਅਸੀਂ ਇਨ੍ਹਾਂ ਦੇ ਐਗਰੀਡ ਰੇਜ਼ੋਲਿਊਸ਼ਨ ਨੂੰ ਨਹੀਂ ਲਿਆ ਸਕਦੇ ਸੀ। ਇਸ ਕਰਕੇ ਅਸੀਂ ਇਹ ਫੈਸਲਾ ਕੀਤਾ ਕਿ ਇਹ ਸਾਡੇ 'ਦੋਸਤ ਘਰ ਜਾ ਕੇ ਆਰਾਮ ਕਰਨ। ਇਸ ਲਈ, ਸਪੀਕਰ ਸਾਹਿਬ, ਹਾਊਸ ਨੂੰ ਐਡਜ਼ਰਨ ਕਰ ਦਿੱਤਾ ਜਾਵੇ।

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਪਹਿਲੇ ਇਥੇ ਕਿਹਾ ਸੀ ਕਿ ਇਹ ਇਕ ਮੰਦਰ ਹੈ ਪਰ ਇਹ ਤਾਂ ਝੂਠ ਦਾ ਪੁਲੰਦਾ ਬਣਾ ਰਹੇ ਹਨ ਇਸੇ ਮੰਦਰ ਨੂੰ।

**ਵਿੱਤ ਮੰਤਰੀ** :ਸਪੀਕਰ ਸਾਹਿਬ, ਮੈਂ ਹੁਣ ਵੀ ਕਹਿੰਦਾ ਹਾਂ ਕਿ ਇਹ ਹਾਊਸ ਡੈਮੋਕਰੇਸੀ ਦਾ ਇਕ ਮੰਦਰ ਹੈ। ਇਸ ਨੂੰ ਪਵਿੱਤਰ ਰੱਖਣਾ ਚਾਹੀਦਾ ਹੈ ਅਤੇ ਇਸ ਦੀ ਮਰਯਾਦਾ ਨੂੰ ਦੇਸ਼ ਭਗਤਾਂ legislator ਨੇ ਕੀ ਕਾਈਮ ਰਖਣਾ ਹੈ । ਰਾਜ ਕੁਮਾਰ ਜੀ ਆਪਣੀ ਬੱਚਿਆਂ ਵਾਲੀ ਜਿੱਦ ਛੱਡ ਦੇਣ ਅਤੇ ਸਾਡੇ ਨਾਲ ਐਗਰੀ ਕਰ ਜਾਣ ਅਤੇ ਇਨ੍ਹਾਂ ਨੇ ਆਪਣਾ ਪਰੋਟੈਸਟ ਵਿਦਡਰਾਅ ਕੀਤਾ ਸੀ ਅਤੇ ਹਾਊਸ ਇਸ ਰਿਪੋਰਟ ਦੇ ਨਾਲ ਐਗਰੀ ਕਰਦਾ ਹੈ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਡਾਕਟਰ ਸਾਹਿਬ ਬੜੇ ਲਾਈਟ ਮੂਡ ਵਿਚ ਚਲੇ ਗਏ ਹਨ। ਇਨ੍ਹਾਂ ਨੂੰ ਸਾਡੀ ਭੁੱਖ ਦਾ ਬੜਾ ਖਿਆਲ ਹੈ ਅਤੇ ਸਾਨੂੰ ਇਹ ਕਹਿੰਦੇ ਹਨ ਕਿ ਘਰ ਜਾ ਕੇ ਆਰਾਮ ਕਰੋ ਤਾਂਕਿ ਇਹ ਬਿਜ਼ਨੈਸ ਹਾਊਸ ਦਾ ਖਤਮ ਕਰ ਸਕਣ।

**ਸਿਹਤ ਮੰਤਰੀ** : ਸਪੀਕਰ ਸਾਹਿਬ, ਨਾ ਫੈਸਲਾ 12 ਤਾਰੀਖ ਤੱਕ ਹਾਊਸ ਲਿਜਾਣ ਦਾ ਹੋਇਆ ਸੀ ਅਤੇ ਨਾ 9 ਤਾਰੀਖ ਤੱਕ ਦਾ ਹੋਇਆ ਸੀ। ਕਾਮਰੇਡ ਰਾਜ ਕੁਮਾਰ ਬਿਲਕੁਲ ਇਥੇ ਹਾਊਸ ਵਿਚ ਝੂਠ ਬੋਲ ਰਹੇ ਹਨ।

**ਕਾਮਰੇਡ ਰਾਜ ਕੁਮਾਰ** : ** ** **

**ਸ੍ਰੀ ਸਪੀਕਰ** : ਬੀ. ਏ. ਸੀ. ਦੀ ਰਿਪੋਰਟ ਦੀ ਪਰੋਸੀਡਿੰਗਜ਼ ਨੂੰ ਹਾਊਸ ਵਿਚ ਕੋਟ ਨਹੀਂ ਕੀਤਾ ਜਾ ਸਕਦਾ। ਜੋ ਕਾਮਰੇਡ ਰਾਜ ਕੁਮਾਰ ਜੀ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ। ਬੀ. ਏ. ਸੀ. ਮੀਟਿੰਗ ਦੀ ਪਰੋਸੀਡਿੰਗਜ਼ ਵਿਚ ਤੁਹਾਡਾ ਵਾਕ ਆਊਟ ਰਿਕਾਰਡ ਕਰ ਲਵਾਂਗੇ ਮੇਰੀ ਇਜਾਜ਼ਤ ਤੋਂ ਬਿਨਾਂ ਜੋ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ। (ਇਸ ਸਮੇਂ ਸੀ. ਪੀ. ਆਈ. ਅਤੇ ਕਾਂਗਰਸ ਪਾਰਟੀ ਦੇ ਮੈਂਬਰ ਆਪਸ ਵਿਚ ਉਚੀ ਉਚੀ ਬੋਲ ਰਹੇ ਸਨ ਜੋ ਸਪੀਕਰ ਸਾਹਿਬ ਦੇ ਕਹਿਣ ਤੇ ਰਿਕਾਰਡ ਨਹੀਂ ਕੀਤਾ ਗਿਆ ** ** **

**Mr. Speaker :** Question is—

That this House agrees with the recommendations contained in the Second Report of the Business Advisory Committee.

**Comrade Raj Kumar :** We want division.

(After taking the sense of the House by voices Mr. Speaker said, 'I think Ayes have it'. This opinion was challenged. The bells were sounded, the question was put again and Mr. Speaker said, 'I think Ayes have it'. Again it was challenged. The members were asked to rise in their places, 55 Members rose in suppport of the motion and 11 against the motion. The motion was declared carried).

*The motion was carried.*

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

## THE PUNJAB APPRORIATION (No. 3) BILL, 1983

(*Resumption of consideration*)

**Mr. Speaker :** Question is—

That the Punjab Appropriation (No. 3) Bill be taken into consideration at once).

*The Motion was carried.*

**Mr. Speaker :** Now the House will proceed to consider the Bill clause by clause.

CLAUSE 2

**Mr. Speaker :** Question is—

That Clause 2 stand part of the Bill.

*The Motion was carried.*

CLAUSE 3

**Mr. Speaker :** Question is—

That Clause 3 stand part of the Bill.

*The Motion was carried.*

SCHEDULE

**Mr. Speaker :** Question is—

That the Schedule stand part of the Bill.

*The Motion was carried.*

CLAUSE 1

**Mr. Speaker :** Question is—

That Clause 1 stand part of the Bill.

*The Motion was carried.*

TITLE

**Mr. Speaker :** Question is—

That Title be the Title of the Bill.

*The Motion was carried.*

**Finance Minister (Doctor Kewal Krishan) :** Sir, I beg to move—

That the Punjab Appropriation (No. 3) Bill be passed.

Original with;
Punjab Vidhan Sabha
Digitized by;
Panjab Digital Library

**Mr. Speaker :** Motion moved—

That the Punjab Appropriation (No. 3) Bill be passed.

**Mr. Speaker :** Question is—

That the Punjab Appropriation (No. 3) Bill be passed.

*The Motion was carried.*

**Mr. Speaker :** The House stands adjourned till 9·00 A.M. on Thursday, the 8th September, 1983.

*

*6·45 P. M. (*The Sabha then adjourned till* 9·00 *A.M. on Thursday, the* 8*th September*, 1983).

Original with;
Punjab Vidhan Sabha
Digitized by;
Panjab Digital Library

# APPENDIX

## To

## PUNJAB VIDHAN SABHA DEBATES

**Dated 7th September, 1983. (Afternoon Sitting)**

**Vol.—VII No. 4**

## STARRED QUESTION AND ANSWER

### Applications for National Permit etc.

***2146 Comrade Raj Kumar** : Will the Minister of State for Transport be pleased to state—

(a) the year-wise total number of applications received for national permits and regional permits region-wise from the transporters/individual Truck owners, during the year 1980-81, 1981-82, 1982-83 and 1983-84 (uptodate);

(b) the names and addresses of the persons to whom the permits referred to in part (a) above were issued, year-wise;

(c) the criterion adopted for the grant of the said permits?

**ਸਰਦਾਰ ਅਵਤਾਰ ਸਿੰਘ ਗਾਟਵਾਲੀ** : ਭਾਗ (ੳ) ਨੈਸਨਲ ਪਰਮਿਟ **ਪੱਛਮੀ** ਜ਼ੋਨ ਅਤੇ ਉਤਰੀ ਜ਼ੋਨ ਪਰਮਿਟਾਂ ਦੀ ਅਰਜ਼ੀਆਂ ਸਬੰਧੀ ਲੋੜੀਂਦੀ ਸੂਚਨਾ ਹੇਠ ਲਿਖੇ ਅਨੁਸਾਰ **ਹੈ** :-

**ਨੈਸ਼ਨਲ ਪਰਮਿਟ**

| ਸਾਲ | ਪਟਿਆਲਾ ਰਿਜ਼ਨ | ਜਲੰਧਰ ਰਿਜਨ | ਫਿਰੋਜ਼ਪੁਰ ਰਿਜਨ | ਕੁੱਲ ਅਰਜੀਆਂ |
|---|---|---|---|---|
| 1980-81 | 1228 | 958 | 528 | 2714 |
| 1981-82 | — | — | — | — |
| 1982-83 | 1453 | 832 | 460 | 2745 |
| 1983-84 | — | — | — | — |
| **ਪੱਛਮੀ ਜ਼ੋਨ** | | | | |
| 1980-81 | 552 | 308 | 204 | 1064 |
| 1981-82 | 868 | 675 | 425 | 1968 |
| 1982-83 | — | — | — | — |
| 1983-84 | — | — | — | — |

Original with;
Punjab Vidhan Sabha
Digitized by;
Panjab Digital Library

| ਸਾਲ | ਪਟਿਆਲਾ ਰਿਜਨ | ਜਲੰਧਰ ਰਿਜਨ | ਫਿਰੋਜ਼ਪੁਰ ਰਿਜਨ | ਕੱਲ ਅਰਜ਼ੀਆਂ |
|---|---|---|---|---|
| **ਉਤਰੀ ਜ਼ੋਨ** | | | | |
| 1980-81 | 426 | 252 | 155 | 833 |
| 1981-82 | 782 | 555 | 286 | 1623 |
| 1982-83 | — | — | — | — |
| 1983-84 | — | — | — | — |

ਸੂਚਨਾ ਨਾਲ ਨੱਥੀ ਵਿਵਰਣ ਵਿੱਚ ਦਿਤੀ ਗਈ ਹੈ ।

ਭਾਗ (ੲ) ਨੈਸ਼ਨਲ ਪਰਮਿਟ ਕਈ ਕਿਸਮ ਦੇ ਬਿਨੈਕਾਰਾਂ ਨੂੰ ਮੈਰਿਟ ਤੇ ਮੋਟਰ ਵਹੀਕਲ ਐਕਟ 1939 ਦੇ ਸੈਕਸ਼ਨ 55 ਸੱਬ ਸੈਸ਼ਨ 11 ਅਤੇ 12 ਔਫ ਸੈਕਸ਼ਨ 63 ਅਤੇ ਮੋਟਰ ਵਹੀਕਲ (ਨੈਸ਼ਨਲ ਪਰਮਿਟ) ਰੂਲਜ਼ 1975 ਦੇ ਰੂਲ 10 ਦੇ ਪਰੋਵੀਜ਼ਨਾਂ ਨੂੰ ਮੁੱਖ ਰੱਖਦੇ ਹੋਏ ਦਿੱਤੇ ਜਾਂਦੇ ਹਨ । ਜ਼ੋਨਲ ਸਕੀਮਾਂ ਦੇ ਪਰਮਿਟ ਕਈ ਕਿਸਮ ਦੇ ਬਿਨੈਕਾਰਾਂ ਨੂੰ ਮੋਟਰ ਵਹੀਕਲ ਐਕਟ 1939 ਦੀ ਧਾਰਾ 55 ਦੀ ਪਰੋਵੀਜਨ ਅਤੇ ਸਪੈਸ਼ਲ ਪਰਸਪਰ ਐਗਰੀਮੈਂਟ ਦੀ ਸਬੰਧਤ ਸਕੀਮਾਂ ਦੀਆਂ ਟਰਮਜ਼ ਅਤੇ ਸ਼ਰਤਾਂ ਨੂੰ ਮੁੱਖ ਰੱਖਦੇ ਹੋਏ ਦਿੱਤੇ ਜਾਂਦੇ ਹਨ ।

———

12381 PVS—325 Copies—Govt. Press, U. T. Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

(C) 1983 :

Published under the Authority of the Punjab Vidhan Sabha and printed by the Controller, Printing and Stationary Department, U.T., Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

8th September, 1983

Vol. VII—No. 5

OFFICIAL REPORT

CONTENTS

*Thursday, the 8th September, 1983*

| | Page |
|---|---|
| Starred Questions and Answers .. | (5) 1 |
| Written Answers to Starred Questions laid on the Table of the House under Rule 38 .. | (5)20 |
| Point of order *re.* Privilege Motion .. | (5)27 |
| Walk-out .. | (5)29 |
| Question of Privilege .. | (5)29 |
| Call Attention Notices under rule 66 .. | (5)32 |
| Motion under Rule 16 .. | (5)35 |
| Papers laid on the Table .. | (5)37 |
| **Legislative Business—** | |
| Bill(s)— | |
| The Punjab Public Moneys (Recovery of Dues)———,1983 .. | (5)38 |
| The Punjab Excise (Amendment)———, 1983 .. | (5)40 |
| Resolution under Article 213(2) (a) of the Constitution of India disapproving the Code of Criminal Procedure (Punjab Amendment) Ordinance, 1983 (Punjab Ordinance No. 3 of 1983) AND The Code of Criminal Procedure (Punjab Amendment)———, 1983 .. | (5)42 |

PUNJAB VIDHAN SABHA SECRETARIAT, CHANDIGARH.

**Price** : Rs.

44-50

Original with;
Punjab Vidhan Sabha
Digitized by;
Panjab Digital Library

Page

The Punjab Legislative Assembly (Allowances of Members) Amendment———,1983 .. (5)56

The East Punjab Ministers Salaries (Amendment)———, 1983 (5)60

Financial Business—

Presentation of the Excess Demands over Grants and Appropriations for the years 1973-74, 1974-75 and 1975-76 .. (5)61

Voting of Excess Demands over Grants and Appropriations for the years 1973-74, 1974-75 and 1975-76 .. (5)61

Legislative Business (*Resumption*)—

The Punjab Appropriation (No. 4) Bill, 1983 .. (5)73

Statement by the Chief Minister regarding an alleged encounter between Payal Police and certain persons near Rara Sahib.. (5)75

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Thursday, the 8th September, 1983*

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker(Shri Brij Bhushan Mehra) in the Chair.*

---

### STARRED QUESTIONS AND ANSWERS

#### Crop Insurance Scheme

***2206. Prof. Darbari Lal** : Will the Minister for Agriculture be pleased to state whether there is any proposal under the consideration of the Government for introducing the Crop Insurance Scheme in the State; if so, the time by which the scheme is likely to be introduced ?

**Chaudhary Kanshi Ram** : (a) No.

(b) Question does not arise.

**ਪ੍ਰੋਫੈਸਰ ਦਰਬਾਰੀ ਲਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਦੱਸਣ ਕਿ ਕੀ ਕਰਾਪ ਇਨਸ਼ੋਰੈਂਸ ਸਕੀਮ ਕਿਸੇ ਸਟੇਟ ਵਿੱਚ ਲਾਗੂ ਹੈ ; ਜੇ ਲਾਗੂ ਹੈ, ਤਾਂ ਕਿਸ ਕਿਸ ਸਟੇਟ ਵਿੱਚ ਲਾਗੂ ਹੈ ?

**ਮੰਤਰੀ** : ਸਪੀਕਰ ਸਾਹਿਬ, ਇਸ ਬਾਰੇ ਇਹ ਕੋਈ ਵਖਰਾ ਸਵਾਲ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ ।

**ਪ੍ਰੋਫੈਸਰ ਦਰਬਾਰੀ ਲਾਲ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਕਲ ਅਕਸਰ ਛੋਟੀਆਂ ਛੋਟੀਆਂ ਚੀਜ਼ਾਂ ਤੇ ਵੀ ਇਨਸ਼ੋਰੈਂਸ ਸਕੀਮ ਲਾਗੂ ਹੋਈ ਹੈ । ਪਰ ਕਿਸਾਨ ਤਾਂ ਦਿਨ ਰਾਤ ਕੰਮ ਕਰਦਾ ਹੈ, ਜੇ ਉਸ ਦਾ ਕੋਈ ਨੁਕਸਾਨ ਹੋ ਜਾਂਦਾ ਹੈ ਤਾਂ ਉਸ ਨੂੰ ਮੁਆਵਜ਼ਾ ਬਹੁਤ ਘੱਟ ਮਿਲਦਾ ਹੈ । ਮੈਂ ਜਾਣਨਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਕੀ ਮੁਸ਼ਕਲ ਹੈ ਕਿ ਇਸ ਸਕੀਮ ਨੂੰ ਲਾਗੂ ਨਹੀਂ ਕਰਦੀ ?

**ਮੰਤਰੀ** : ਸਪੀਕਰ ਸਾਹਿਬ, ਇਹ ਇਨ੍ਹਾਂ ਨੇ ਇਕ ਡਿਬੇਟੇਬਲ ਇਸ਼ੂ ਬਣਾ ਲਿਆ ਹੈ । ਮੈਂ ਤਾਂ ਜਿਹੜਾ ਇਨ੍ਹਾਂ ਨੇ ਸਵਾਲ ਪੁਛਿੱਆ ਸੀ, ਉਸ ਦਾ ਜਵਾਬ ਦੇ ਦਿੱਤਾ ਸੀ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ। ਹੁਣ ਜੇ ਇਹ ਡਿਬੇਟ ਕਰਨੀ ਚਾਹੁੰਦੇ ਹਨ ਤਾਂ ਵਖਰੀ ਗੱਲ ਹੈ ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤੇ ਅਸੀਂ ਡਿਬੇਟ ਤਾਂ ਨਹੀਂ ਕਰਦੇ ਪਰ ਇਹ ਗੱਲ ਬਿਲਕੁਲ ਠੀਕ ਹੈ ਕਿ ਸਿਰਫ ਇਸ ਹਾਊਸ ਦੀ ਹੀ ਨਹੀਂ ਬਲਕਿ ਸਾਰੇ ਪੰਜਾਬ ਦੀ ਭਾਵਨਾ ਨੂੰ ਪ੍ਰੋਫੈਸਰ ਸਾਹਿਬ ਨੇ ਏਥੇ ਲਿਆਂਦਾ ਹੈ । ਇਹ ਇੰਨਾ ਹੀ ਦੱਸ ਦੇਣ ਕਿ ਕੀ ਇਸ ਤੇ ਵਿਚਾਰ ਕਰਨਗੇ?

**ਮੰਤਰੀ** : ਇਹ ਜੋ ਕੁਝ ਮੈਂ ਜਵਾਬ ਦਿਤਾ ਹੈ ਇਹ ਸਾਰੀ ਪਰੋਪੋਜ਼ਲ ਤੇ ਵਿਚਾਰ ਕਰਨ ਤੋਂ ਬਾਅਦ ਹੀ ਦਿਤਾ ਹੈ । ਜਿਥੋਂ ਤਕ ਭਾਵਨਾ ਦਾ ਸਵਾਲ ਹੈ, ਮੈਂ ਕੱਲ ਵੀ ਕਿਹਾ ਸੀ ਕਿ ਭਾਵਨਾ, ਇਛਾ ਅਤੇ ਅਸਲੀਅਤ ਵਿਚ ਬੜਾ ਫਰਕ ਹੁੰਦਾ ਹੈ ।.

Original with;
Punjab Vidhan Sabha
Digitized by;
Panjab Digital Library

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਐਸੀ ਕਿਹੜੀ ਕੰਪਲੀਕੇਸ਼ਨ ਹੈ ਜਿਸ ਕਰ ਕੇ ਇਹ ਇਸ ਸਕੀਮ ਨੂੰ ਲਾਗੂ ਨਹੀਂ ਕਰ ਰਹੇ ?

ਮੰਤਰੀ : ਸਪੀਕਰ ਸਾਹਿਬ, ਇਹ ਕਰਾਪ ਇਨਸ਼ੋਰੈਂਸ ਦੀ ਸਕੀਮ ਗੌਰਮਿੰਟ ਆਫ ਇੰਡੀਆ ਨੇ ਜਨਰਲ ਇਨਸ਼ੋਰੈਂਸ ਕਾਰਪੋਰੇਸ਼ਨ ਆਫ ਇੰਡੀਆ ਨੂੰ ਐਨਟਰਸਟ ਕੀਤੀ ਹੈ। ਪੰਜਾਬ ਦੇ ਹਾਲਾਤ ਦੇ ਮੁਤਾਬਿਕ ਅਸੀਂ ਇਸ ਨੂੰ ਸੂਟੇਬਲ ਨਹੀਂ ਸਮਝਦੇ ਇਸ ਲਈ ਅਪਰੂਵ ਨਹੀਂ ਕਰਦੇ ਅਤੇ ਇਹ ਲਾਗੂ ਨਹੀਂ ਕੀਤੀ ਜਾ ਸਕਦੀ ।

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਕੀ ਇਹ ਦੱਸਣਗੇ ਕਿ ਇਨ੍ਹਾਂ ਦੀ ਗਵਾਂਢੀ ਸਟੇਟ ਹਰਿਆਣਾ ਵਿੱਚ ਕੀ ਇਹ ਸਕੀਮ ਲਾਗੂ ਹੈ ?

ਮੰਤਰੀ : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮੈਂ ਇਸ ਦਾ ਵਾਹਵਾ ਜਵਾਬ ਪਹਿਲਾਂ ਹੀ ਦੇ ਦਿਤਾ ਸੀ ।

---

## Construction of Thein Dam

***2103. Sardar Birdevinder Singh** : Will the Minister for Agriculture be pleased to state—

(a) whether the Government has taken up the work of construction of Thein Dam, in hand; if so, the total estimated cost of the Project ;

(b) the Money spent on the said project upto 31st March, 1983 and the amount likely to be spent thereon during the year 1983-84 ?

**ਚੌਧਰੀ ਕਾਂਸ਼ੀ ਰਾਮ** : (ਏ) ਹਾਂ ਜੀ। ਜੁਲਾਈ, 1982 ਦੀ ਕੀਮਤ ਅਨੁਸਾਰ ਥੀਨ ਡੈਮ ਪ੍ਰਜੈਕਟ ਦੀ ਅਨੁਮਾਨਤ ਕੀਮਤ 669 ਕਰੋੜ ਰੁਪਏ ਹੈ ।

(ਬੀ) 31 ਮਾਰਚ, 1983 ਤੱਕ ਇਸ ਪ੍ਰਜੈਕਟ ਤੇ (ਲੱਗ ਭੱਗ) 62.50 ਕਰੋੜ ਰੁਪਏ ਖਰਚ ਕੀਤੇ ਜਾ ਚੁਕੇ ਹਨ । ਇਸ ਪ੍ਰਾਜੈਕਟ ਲਈ ਸਾਲ 1983-84 ਵਾਸਤੇ ਬਜਟ ਗਰਾਂਟ 5 ਕਰੋੜ ਰੁਪਏ ਹੈ ।

**Sardar Birdevinder Singh** : I would like to know from the Minister—

(i) when was the first estimate of the Thein Dam worked out and what was the cost at the time of the first estimate ;

(ii) how many times the estimates have been revised by the Government ; and

(iii) what was the sanction in each year since the first year when for the first time the estimate was worked out.

The total cost as stated by the Minister concerned is Rs. 669 crores, but uptill now only 62 crores have approximately been spent. I would like to know as to how much amount has actually been spent on the tunnels work besides on construction work.

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਹ ਸਪਲੀਮੈਂਟਰੀ ਘੱਟ ਹੈ ਅਤੇ ਐਕਸਪਲੇਨੇਟਰੀ ਨੋਟ ਜ਼ਿਆਦਾ ਹੈ। ਇਹ ਸਾਰਾ ਕੁਐਸਚਨ ਮੈਨੂੰ ਲਿਖ ਕੇ ਭਿਜਵਾ ਦੇਣ, ਮੈਂ ਜਵਾਬ ਦੇ ਦੇਵਾਂਗਾ।

**Sardar Birdevinder Singh** : I think the Minister has been behaving like orthodox woman. He is concealing more and revealing less. My supplementary question is very clear. He should give a clear answer. It relates to the estimate. What is wrong in my supplementary question. I would like to know from the hon. Minister as to what is wrong in it. He has got a note for pad with him. He has got detailed explanation. This is no answer that a separate note will be sent to me. I can meet and seek the said information in his Chamber but what is the use of calling a question on the floor of the House. Mr. Speaker, I want your protection.

**ਮੰਤਰੀ** : ਸਪੀਕਰ ਸਾਹਿਬ, ਮੈਨੂੰ ਇਸ ਗਲ ਦਾ ਅਫਸੋਸ ਹੈ ਕਿ ਆਨਰੇਬਲ ਚੀਫ ਵ੍ਹਿਪ ਸਾਹਿਬ ਨੇ ਲਾਈਕ ਆਰਥੋਡੋਕਸ ਵੂਮੈਨ ਵਰਡ ਵਰਤਿਆ ਹੈ, Why has he missed the word 'virgin'. ?

**Sardar Birdevinder Singh** : What is the fate of my supplementary ?

**ਸ੍ਰੀ ਸਪੀਕਰ** : ਮੰਤਰੀ ਜੀ, ਇਨ੍ਹਾਂ ਦੀ ਸਪਲੀਮੈਂਟਰੀ ਹੈ ਕਿ 62 ਕਰੋੜ ਵਿਚੋਂ ਕਿੰਨਾ ਪ੍ਰਾਜੈਕਟ ਤੇ ਖਰਚ ਹੋਇਆ ਹੈ ਅਤੇ ਕਿੰਨਾ ਕੰਸਟਰਕਸ਼ਨ ਤੇ ਖਰਚ ਹੋਇਆ ਹੈ। ਇਸ ਦਾ ਜਵਾਬ ਤੁਸੀਂ ਦੇ ਦੇਣਾ।

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਇਹੀ ਪੁਛਿਆ ਹੈ ਕਿ ਕਿੰਨੀ ਦਫ ਇਸ ਦਾ ਐਸਟੀਮੇਟ ਰੀਵਾਈਜ਼ ਕੀਤਾ ਗਿਆ ਹੈ ਔਰ ਉਹ ਕਿੰਨਾ ਕਿੰਨਾ ਵਧਦਾ ਗਿਆ ਹੈ। ਪਹਿਲੀ ਦਫਾ ਜਦੋਂ ਵਰਕ-ਆਊਟ ਕੀਤਾ ਗਿਆ ਤਾਂ ਕਿੰਨਾ ਸੀ ਔਰ ਬਾਅਦ ਵਿੱਚ ਕਿੰਨੇ ਸੌ ਕਰੋੜ ਰੁਪਿਆ ਵਧਿਆ ਹੈ ਅਤੇ ਸਰਕਾਰ ਕੀ ਕੀ ਐਫਰਟਸ ਇਸ ਨੂੰ ਬਣਾਉਣ ਵਿਚ ਕਰ ਰਹੀ ਹੈ ? What is wrong in it ?

**Minister** : I have given the allocation made by the Government. A sum of Rs. 62.50 crores has been spent on the project so far and the provision of this year is Rs. 5 crores. What I have concealed ?

**Sardar Birdevinder Singh** : In his reply, he says that.—

"the estimated cost of the Thein Dam Project as up-dated on July, 1982 price index is Rs. 659 crores.

My supplementary question is that when for the first time estimate of the Thein Dam was worked out, what was the cost at that time ?

ਮੰਤਰੀ : ਸਪੀਕਰ ਸਾਹਿਬ, ਇਹ ਮੈਂ ਮੈਂਬਰ ਸਾਹਿਬ ਨੂੰ ਪਤਾ ਕਰਕੇ ਦੱਸ ਦੇਵਾਂਗਾ।

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਨਹੀਂ ਹੈ। ਮੇਰੀ ਇਤਲਾਹ ਹੈ ਕਿ ਇਸ ਦਾ ਪਹਿਲਾਂ ਐਸਟੀਮੇਟ 69 ਕਰੋੜ ਰੁਪਏ ਦਾ ਸੀ ਅਤੇ ਹੁਣ 669 ਕਰੋੜ ਰੁਪਏ ਦਾ ਹੋ ਗਿਆ ਹੈ ਯਾਨੀ 600 ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਇਸ ਲਈ ਕੌਣ ਜ਼ਿੰਮੇਵਾਰ ਹੈ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਮੇਰੀ ਸਬਮਿਸ਼ਨ ਹੈ ਕਿ 1942 ਵਿੱਚ ਕਣਕ 5 ਰੁਪਏ ਕੁਇੰਟਲ ਵਿਕਦੀ ਸੀ ਜਿਹੜੀ ਕਿ ਹੁਣ 152 ਰੁਪਏ, 160 ਰੁਪਏ, ਤਕ ਵੀ ਵਿਕਦੀ ਹੈ । ਉਸ ਲਈ ਮੈਂ ਕਿਸ ਨੂੰ ਜ਼ਿੰਮੇਵਾਰ ਠਹਿਰਾਵਾਂਗਾ ?

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਸਵਾਲ ਚਨਾ ਔਰ ਜਵਾਬ ਗੰਦਮ ਆ ਰਿਹਾ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਪ੍ਰਾਈਸ ਐਸਕੇਲੇਸ਼ਨ ਬਾਰੇ ਪੁਛਿੱਆ ਹੈ । ਇਹ ਤਾਂ ਡੇ ਟੂ ਡੇ ਫਿਨੌਮੀਨਾਂ ਹੈ ਅਤੇ ਨੈਚੂਰਲ ਪ੍ਰਾਸੈਸ ਹੈ।

**Sardar Birdevinder Singh** : Mr. Speaker, have you justified his beating about the bush.

ਮੰਤਰੀ : ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਖੇਦ ਹੈ ਕਿ ਆਨਰੇਬਲ ਮੈਂਬਰ ਨੇ ਬੀਟਿੰਗ ਅਬਾਉਟ ਦਾ ਬੁਸ਼ ਕਿਹਾ ਹੈ ਜਦ ਕਿ ਇਨ੍ਹਾਂ ਨੂੰ ਮੈਂ ਬਿਲਕੁਲ ਕਲੀਅਰ ਜਵਾਬ ਦਿਤਾ ਹੈ।

ਸਰਦਾਰ ਪ੍ਰਿਥੀਪਾਲ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਦੇਸ਼ ਦਾ ਇਸ ਡੈਮ ਦੇ ਉਪਰ ਕਿਤਨਾ ਰੁਪਿਆ ਲੱਗਣਾ ਹੈ ? ਇਸ ਡੈਮ ਨੇ ਕੁੱਲ ਕਿਤਨੇ ਮੇਗਾਵਾਟ ਬਿਜਲੀ ਪੈਦਾ ਕਰਨੀ ਹੈ ਔਰ ਇਸ ਦੇ ਵਿੱਚੋਂ ਸਾਡੇ ਪੰਜਾਬ ਦਾ ਕਿਤਨਾ ਸ਼ੇਅਰ ਹੋਵੇਗਾ ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਇਹ ਗੱਲ ਹੈ ਕਿ ਪੰਜਾਬ ਨੂੰ ਕਿੰਨਾ ਹਿੱਸਾ ਮਿਲੇਗਾ, ਇਹ ਹਾਲੇ ਡਿਸੀਜ਼ਨ ਹੋਣਾ ਬਾਕੀ ਹੈ ।

**Comrade Raj Kumar**: He had made a very dangerous statement. He says that the share of the State has yet to be determined. I say this share has been determined. Which share is yet to be determined, I want to know ?

**Sardar Birdevinder Singh** : Without determining the share of the State, how they have spent 69 crore on the Project ?

**Comrade Raj Kumar** : Shares have been determined.

**Sardar Birdevinder Singh** : If it is not determined, why Government is spending so much money ?

ਮੰਤਰੀ: ਸਪੀਕਰ ਸਾਹਿਬ, ਮੇਰੇ ਸਾਥੀ ਮੈਂਬਰ ਸਾਹਿਬਾਨ ਨੇ ਪਤਾ ਨਹੀਂ ਇਕ ਗੱਲ ਨੂੰ ਕਿਵੇਂ ਐਨਾ ਇਲ-ਟੇਕ ਕਰ ਲਿਆ ਹੈ । ਜੋ ਫੈਕਚੂਅਲ ਪੌਜ਼ੀਸ਼ਨ ਹੈ ਮੈਂ ਤਾਂ ਉਹੀ ਦੱਸੀ ਹੈ । ਪਤਾ ਨਹੀਂ ਇਨ੍ਹਾਂ ਨੂੰ ਮੇਰੇ ਨਾਲੋਂ ਜ਼ਿਆਦਾ ਇਨਫਰਮੇਸ਼ਨ ਹੈ । ਜੇ ਗੱਲ ਇਸ ਤਰ੍ਹਾਂ ਹੀ ਹੈ ਤਾਂ ਮੈਂ ਇਨ੍ਹਾਂ ਦੀ ਇਨਫਾਰਮੇਸ਼ਨ ਨੂੰ ਡੀਪਾਰਟਮੈਂਟ ਦੀ ਇਨਫਰਮੇਸ਼ਨ ਦੇ ਨਾਲ ਟੈਲੀ ਕਰ ਲਵਾਂਗਾ ।

**Mr. Speaker** : The Minister has told the information that is in his possession.

**Comrade Raj Kumar** : I am saying that it is a false statement.

Original with;
Punjab Vidhan Sabha
Digitized by;
Panjab Digital Library

**Sardar Birdevinder Singh** : No subsequent information has been given. We want more information to come. (*Interruptions*)

**Minister** : Speaker Sahib, I only say that shares are yet to be determined. While clearing the Project, the Government of India has stated that power sharing will be decided later on. Punjab has claimed that it is a project entirely for Punjab. These are the only two facts.

**ਸ੍ਰੀ ਰਾਮ ਸਰੂਪ ਬਾਗੀ** : ਸਪੀਕਰ ਸਾਹਿਬ, ਕਮਜ਼ੋਰ ਬੰਦੇ ਨੂੰ ਇਹ ਸਪਲੀਮੈਂਟਰੀ ਕਰਨ ਦਾ ਮੌਕਾ ਹੀ ਨਹੀਂ ਦਿੰਦੇ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਆਪ ਨੂੰ ਬੇਨਤੀ ਕਰਾਂਗਾ ਕਿ ਸਾਡੇ ਆਨਰੇਬਲ ਮੈਂਬਰ ਸੀ. ਪੀ. ਆਈ. ਦੇ ਲੀਡਰ ਔਰ ਤੁਹਾਡੇ ਰਾਜ ਜੀ ਨੇ ਜਿਹੜੇ ਲਫਜ਼ ਕਹੇ ਹਨ ਕਿ ਵਜ਼ੀਰ ਸਾਹਿਬ ਨੇ ਫਾਲਸ ਸਟੇਟਮੈਂਟ ਦਿੱਤੀ ਹੈ ਉਹ ਲਫਜ਼ ਪਹਿਲਾਂ ਏਥੋਂ ਪਰੋਸੀਡਿੰਗਜ਼ ਵਿਚੋਂ ਕਟਵਾਏ ਜਾਣ। ਨੰਬਰ ਦੋ, ਮੈਂ ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਆਨਰੇਬਲ ਮਨਿਸਟਰ ਸਾਹਿਬ ਨੂੰ ਇਹ ਕਹਿਣਾ ਕਿ ਇਹ ਰੌਂਗ ਸਟੇਟਮੈਂਟ ਦੇ ਰਹੇ ਹਨ ਇਹ ਲਫਜ਼ ਵੀ ਐਕਸਪੰਜ ਹੋਣੇ ਚਾਹੀਦੇ ਹਨ। ਉਹ ਫੈਕਟਸ ਐਂਡ ਫਿਗਰਜ਼ ਦੇ ਬੇਸ ਤੇ ਬੋਲ ਰਹੇ ਹਨ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਹੋ ਜਿਹੀ ਇਨਫਰਮੇਸ਼ਨ ਦਿੱਤੀ ਹੈ ਜਿਸ ਨਾਲ ਸਾਨੂੰ ਸ਼ੱਕ ਪੈਦਾ ਹੋ ਰਿਹਾ ਹੈ। ਮੈਂ ਇਸ ਕਰਕੇ ਗੱਲ ਕਹੀ ਹੈ। ਇਹ ਕਹਿ ਰਹੇ ਹਨ ਕਿ ਹਾਲੇ ਸ਼ੇਅਰ ਸੈਟਲ ਹੋਣੇ ਹਨ। ਇਹ ਸਾਡੇ ਵਾਸਤੇ ਨਵੀਂ ਇਨਫਰਮੇਸ਼ਨ ਹੈ we would like to place everything before the House.

**Mr. Speaker** : What he has said is a part of the record of the House.

**ਸ੍ਰੀ ਰਾਮ ਸਰੂਪ ਬਾਗੀ** : ਸਪੀਕਰ ਸਾਹਿਬ, ਹੁਣ ਮੇਰਾ ਸਪਲੀਮੈਂਟਰੀ ਇਹ ਹੈ ਕਿ ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਇਨਫਰਮੇਸ਼ਨ ਦੇਣਾ ਚਾਹੁੰਦਾ ਹਾਂ ਕਿ ਥੀਨ ਵਾਲਾ ਲਫਜ਼ ਬੋਲ ਕੇ ਥੇਹ ਹੋ ਗਿਆ ਵਾਲੀ ਗੱਲ ਲਗਦੀ ਹੈ। ਤੁਹਾਡਾ ਉਥੇ ਡੈਮ ਬਣ ਰਿਹਾ ਹੈ। ਜਿਥੇ ਸਾਡੇ ਦੇਸ਼ ਦਾ ਸਭ ਤੋਂ ਪਹਿਲਾ ਫਰੀਡਮ ਫਾਈਟਰ ਜਿਹੜਾ ਅੰਗਰੇਜ਼ਾਂ ਨਾਲ ਲੜਦਾ ਹੋਇਆ ਰਾਮ ਸਿੰਘ ਪਠਾਨੀਆ ਉਥੇ ਸ਼ਹੀਦ ਹੋਇਆ ਸੀ। ਇਸ ਡੈਮ ਦਾ ਨਾਂ ਉਸ ਦੇ ਨਾਂ ਤੇ ਰੱਖਿਆ ਜਾਵੇ ਕਿਉਂਕਿ ਉਸ ਨੇ ਉਥੇ ਸ਼ਹੀਦੀ ਦਿੱਤੀ ਸੀ। ਦੂਸਰਾ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮਨਿਸਟਰ ਸਾਹਿਬ ਤੋਂ ਇਹ ਜਾਣਨਾ ਚਾਹਾਂਗਾ, ਕਿ ਕਿਉਂਕਿ ਮੈਂ ਇਲਾਕੇ ਦੇ ਲੋਕਾਂ ਦੇ ਜਜ਼ਬਾਤ ਦੱਸ ਰਿਹਾ ਹਾਂ ਕੀ ਏਸੇ ਤਰ੍ਹਾਂ ਹੀ ਹਰ ਸਾਲ ਇਸ ਡੈਮ ਤੇ ਪੈਸੇ ਲਾ ਕੇ ਇਸ ਡੈਮ ਨੂੰ ਕੀ ਡੀਵੈਲਪ ਕਰੀ ਜਾਉਗੇ ਤਾਂਕਿ ਇਲਾਕੇ ਦੇ ਲੋਕ ਜਿਹੜੇ ਉਥੇ ਵਿਚਾਰੇ ਮਜ਼ਦੂਰੀ ਕਰਕੇ ਆਪਣੀ ਰੋਜ਼ੀ ਚਲਾ ਰਹੇ ਹਨ ਉਨ੍ਹਾਂ ਨੂੰ ਰੋਜ਼ੀ ਵੀ ਮਿਲਦੀ ਰਹੇ ?

**ਮੰਤਰੀ** : ਸਪੀਕਰ ਸਾਹਿਬ, ਬਾਗੀ ਸਾਹਿਬ ਨੇ ਜਿਹੜਾ ਇਸ ਡੈਮ ਦਾ ਨਾਂ ਬਦਲਣ ਬਾਰੇ ਫਰਮਾਇਆ ਹੈ ਉਸ ਬਾਰੇ ਅਰਜ਼ ਇਹ ਹੈ ਕਿ ਇਸ ਦੇ ਵਿੱਚ ਮੈਂ ਕੋਈ ਕੰਪੀਟੈਂਸੀ ਨਹੀਂ ਆਪਣੀ ਸਮਝਦਾ ਕਿ ਇਸ ਦਾ ਨਾਂ ਬਦਲ ਦਿੱਤਾ ਜਾਵੇ। ਵੈਸੇ ਇਨ੍ਹਾਂ ਦੀ ਸੁਜੈਸ਼ਨ ਕਿਸੇ ਸਟੇਜ ਤੇ ਅੱਗੇ ਕਨਸਿਡਰ ਕੀਤੀ ਜਾ ਸਕਦੀ ਹੈ। ਜਿਥੋਂ ਤੱਕ ਦੂਜੀ ਗੱਲ ਦਾ ਸਬੰਧ ਹੈ, ਕੱਲ ਵੀ ਮੈਂ ਕਾਲ ਅਟੈਨਸ਼ਨ ਮੋਸ਼ਨ ਦੇ ਉਤਰ ਵਿੱਚ ਕਿਹਾ ਸੀ ਕਿ ਸਰਕਾਰ ਨੇ ਇਰਾਦਾ ਕੀਤਾ ਹੈ ਕਿ ਅਸੀਂ ਇਹ ਪ੍ਰਾਜੈਕਟ ਜ਼ਰੂਰ ਬਣਾਵਾਂਗੇ ਔਰ ਇਸ ਵਾਸਤੇ ਗੌਰਮਿੰਟ ਆਫ ਇੰਡੀਆ ਰਾਹੀਂ ਫਾਇਨੈਂਸ ਮਨਿਸਟਰੀ ਦੇ ਥਰੂ ਵਰਲਡ ਬੈਂਕ ਨੂੰ ਵੀ ਰੈਫਰ ਕੀਤਾ ਹੈ। ਇਹੋ ਜਿਹੀਆਂ ਗੱਲਾਂ ਬਾਰੇ, ਜਨਾਬ, ਹੁਣ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

ਕੁਝ ਮੈਨੂੰ ਵੀ ਅਕਲ ਆਈ ਹੈ । ਜਿਵੇਂ ਰਾਜ ਕੁਮਾਰ ਜੀ ਨੇ ਕਿਹਾ ਹੈ ਕਿ ਫਾਲਸ ਸਟੇਟਮੈਂਟ ਦੇ ਰਿਹਾਂ ਹਾਂ, ਇਹੋ ਜਿਹੀ ਕੋਈ ਗੱਲ ਨਹੀਂ । ਮੈਂ ਕੋਈ ਇਨਫਰਮੇਸ਼ਨ ਕਿਉਂ ਛੁਪਾਉਣੀ ਹੈ।

## Land for Play Grounds

***2207. Prof. Darbari Lal :** Will the Minister for Local Government be pleased to state whether there is any proposal under the consideration of the Government to reserve land for play grounds in the cities of Amritsar, Jalandhar and Ludhiana; if so, the time by which it is likely to materialise ?

**Shri Sardari Lal Kapur :** No Sir.

**ਪ੍ਰੋਫੈਸਰ ਦਰਬਾਰੀ ਲਾਲ :** ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਤਿੰਨ ਕਾਰਪੋਰੇਸ਼ਨਾਂ ਹਨ, ਇਨ੍ਹਾਂ ਸ਼ਹਿਰਾਂ ਦੀ ਆਬਾਦੀ ਬਹੁਤ ਜ਼ੋਰ ਸ਼ੋਰ ਨਾਲ ਵੱਧ ਰਹੀ ਹੈ ਔਰ ਉਥੇ ਜਗ੍ਹਾ ਵੀ ਕੋਈ ਨਹੀਂ । ਸਕੂਲ ਬਹੁਤ ਜ਼ਿਆਦਾ ਹੋ ਗਏ ਹਨ । ਬੜੀ ਕਨਜੈਸ਼ਨ ਹੈ। ਜਿਹੜੀ ਗਰਾਊਂਡ ਹੈ ਉਥੇ ਕੰਸਟਰਕਸ਼ਨ ਵਰਕ ਚਾਲੂ ਹੋ ਗਿਆ ਹੈ। ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਤਿੰਨ ਚਾਰ ਜਿਹੜੀਆਂ ਜਗ੍ਹਾ ਹਨ ਹੋਰ ਸ਼ਹਿਰ ਦੇ ਵਿੱਚ ਜਿਹੜੀਆਂ ਕਿ ਕਾਰਪੋਰੇਸ਼ਨ ਦੀਆਂ ਜਗ੍ਹਾ ਹਨ ਤਾ ਕਿ ਬੱਚੇ ਉਥੇ ਪਲੇਅ ਕਰ ਸਕਣ ਔਰ ਜ਼ਿਆਦਾ ਸਪੋਰਟਸ ਮੈਨ ਪੈਦਾ ਹੋਣ, ਕੀ ਇਹ ਉਹ ਜਗ੍ਹਾ ਗਰਾਊਂਡ ਵਾਸਤੇ ਰੀਜ਼ਰਵ ਕਰ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜਿਹੜਾ ਸਵਾਲ ਪੁਛਿਆ ਹੈ ਗਰਾਊਂਡ ਦੇ ਬਾਰੇ ਮੈਂ ਦਸਦਾ ਹਾਂ ਕਿ ਜਿਥੋਂ ਤਕ ਗੌਰਮਿੰਟ ਦਾ ਸਬੰਧ ਹੈ ਗੌਰਮਿੰਟ ਨੇ ਕੋਈ ਪਲੇਅ ਗਰਾਊਂਡ ਨਹੀਂ ਬਣਾਈ । ਜਿਥੋਂ ਤਕ ਕਾਰਪੋਰੇਸ਼ਨ ਦਾ ਸਬੰਧ ਹੈ ਉਹ ਵੀ ਮੈਂ ਦਸਦਾ ਹਾਂ ਕਿ ਕਿਤਨੀਆਂ ਗਰਾਊਂਡਜ਼ ਬਣਾਈਆਂ ਹਨ । ਸਪੀਕਰ ਸਾਹਿਬ, ਤੁਸੀਂ ਵੀ ਅੰਮ੍ਰਿਤਸਰ ਦੇ ਰਹਿਣ ਵਾਲੇ ਹੋ ਤੁਹਾਨੂੰ ਵੀ ਪਤਾ ਹੈ । ਮੈਂ ਤੁਹਾਨੂੰ ਦਸਦਾ ਹਾਂ ਕਿ ਮਿਉਂਸਪਲ ਕਾਰਪੋਰੇਸ਼ਨ ਜਲੰਧਰ ਨੇ The land was given on 99 years' lease to District Badminton Association over which a Badminton Stadium has been constructed. This stadium is known as Rai Zada Hans Raj Stadium. ਅੱਗੇ ਹੋਰ ਲਓ । ਜਲੰਧਰ ਵਿਚ ਗਾਂਧੀ ਪਾਰਕ ਦੇ ਨਾਂ ਉਤੇ ਜਿਹੜਾ ਬਰਟਨ ਪਾਰਕ ਬਣਾਇਆ ਗਿਆ ਹੈ ਉਥੇ ਪਾਕਿਸਤਾਨ ਔਰ ਹਿੰਦੁਸਤਾਨ ਵਿਚਕਾਰ ਮੈਚ ਹੋ ਰਿਹਾ ਹੈ । ਉਥੇ ਖੇਲ੍ਹਾਂ ਵਾਸਤੇ ਹੋਰ ਜ਼ਿਆਦਾ ਬਣਾਏ ਜਾ ਸਕਦੇ ਹਨ ।

**ਪ੍ਰੋਫੈਸਰ ਦਰਬਾਰੀ ਲਾਲ :** ਸਪੀਕਰ ਸਾਹਿਬ, ਉਥੇ 55 ਲੱਖ ਦੀ ਆਬਾਦੀ ਹੈ ਔਰ ਲੁਧਿਆਣੇ ਦੀ ਆਬਾਦੀ ਵੀ ਬਹੁਤ ਜ਼ਿਆਦਾ ਹੈ । ਸਾਡੇ ਸ਼ਹਿਰ ਵਿਚ ਕੇਵਲ ਦੋ ਗਰਾਊਂਡਾਂ ਹਨ । ਮੇਰੀ ਬੇਨਤੀ ਹੈ ਕਿ ਜਿਥੇ ਜਗ੍ਹਾ ਹੈ ਉਹ ਜਗ੍ਹਾ ਕਾਰਪੋਰੇਸ਼ਨ ਕੋਲੋਂ ਰੀਜ਼ਰਵ ਕਰਾ ਦੇਣੀ ਚਾਹੀਦੀ ਹੈ । ਬੱਚਿਆਂ ਦੇ ਖੇਡਣ ਵਾਸਤੇ ਗਰਾਊਂਡ ਦਾ ਹੋਣਾ ਬਹੁਤ ਜ਼ਰੂਰੀ ਹੈ ।

**ਮੰਤਰੀ :** ਸਪੀਕਰ ਸਾਹਿਬ, ਆਬਾਦੀ ਦੇ ਲਿਹਾਜ਼ ਨਾਲ ਤਾਂ ਇਕ ਲੱਖ ਦੀ ਆਬਾਦੀ ਵਾਲ ਸ਼ਹਿਰ ਨੂੰ ਵੀ ਖੇਡਣ ਵਾਸਤੇ ਗਰਾਊਂਡ ਦੀ ਲੋੜ ਹੈ । ਜੇ ਕੋਈ ਹੋਰ ਬਣਾਉਣੇ ਹਨ ਤਾਂ ਤੁਸੀਂ ਆਪਣੀ ਰਾਏ ਦਿਓ ਕਿ ਫਲਾਣੀ ਜਗ੍ਹਾ ਗਰਾਊਂਡ ਚਾਹੀਦਾ ਹੈ ਤਾਂ ਅਸੀਂ ਬਣਾ ਦਿਆਂਗੇ। ਤੁਸੀਂ

Original with;
Punjab Vidhan Sabha
Digitized by;
Panjab Digital Library

ਤਾਂ ਆਪ ਅੰਮ੍ਰਿਤਸਰ ਦੇ ਰਹਿਣ ਵਾਲੇ ਹੋ, ਤੁਹਾਨੂੰ ਵੀ ਪਤਾ ਹੈ ਕਿ ਉਥੇ ਕਿੰਨੇ ਗਰਾਊਂਡ ਹਨ, ਜਲੰਧਰ ਕਿਤਨੇ ਬਣਾਏ ਹਨ। ਲੁਧਿਆਣੇ ਵਿੱਚ ਗੁਰੂ ਨਾਨਕ ਦੇਵ ਸਟੇਡੀਅਮ ਹੈ ਉਥੇ ਅਸੀਂ 75 ਲੱਖ ਰੁਪਿਆ ਲਗਾਇਆ ਹੈ। ਇਹ ਕੋਈ ਥੋੜ੍ਹੀ ਗੱਲ ਨਹੀਂ। ਇਹ ਖੇਡਣ ਵਾਸਤੇ ਹੀ ਬਣਾਏ ਹਨ।

**ਸ੍ਰੀ ਸਪੀਕਰ** : ਪ੍ਰੋਫੈਸਰ ਸਾਹਿਬ ਦਾ ਸੁਝਾਓ ਹੈ ਕਿ ਗਰਾਉਂਡਜ਼ ਘਟ ਗਏ ਹਨ। ਇਸ ਲਈ ਅੱਗੇ ਵਾਸਤੇ ਗਰਾਉਂਡਜ਼ ਬਣਾਉਣ ਲਈ ਹੋਰ ਪ੍ਰੋਵੀਜਨ ਰਖੋ। ਇਹ ਨੋਟ ਕਰ ਲਓ।

**ਸਰਦਾਰ ਪ੍ਰਿਥੀਪਾਲ ਸਿੰਘ**: ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ ਡੀ. ਏ. ਵੀ. ਕਾਲਜ ਫਾਰ ਵੂਮੈਨ ਨੂੰ ਇੰਪਰੂਵਮੈਂਟ ਟਰਸਟ ਨੇ ਪਹਿਲਾਂ 40,000 ਗਜ਼ ਜਗ੍ਹਾ ਦਿਤੀ ਸੀ ਅਤੇ ਐਤਕੀਂ ਫਿਰ 30,000 ਗਜ ਜਗ੍ਹਾ ਦਿਤੀ ਹੈ ਪਲੇ-ਗਰਾਉਂਡਜ਼ ਵਾਸਤੇ, ਪਰ ਸਾਡੇ ਉਥੇ ਰਾਮ ਗੜ੍ਹੀਆ ਸਕੂਲ ਨੂੰ ਕੋਈ ਜਗ੍ਹਾ ਨਹੀਂ ਦਿਤੀ ਗਈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਨਾਲ ਇਹ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ ?

**ਮੰਤਰੀ** : ਮੇਰੇ ਦਿਮਾਗ ਵਿਚ ਇਸ ਪ੍ਰਤੀ ਕੋਈ ਵਿਤਕਰਾ ਨਹੀਂ ਹੈ। ਜੋ ਤੁਸੀਂ ਕਿਹਾ ਹੈ ਉਹ ਅੰਡਰ ਕੰਸਿਡਰੇਸ਼ਨ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਐਜੂਕੇਸ਼ਨ ਦੇ ਰੂਲਜ਼ ਮੁਤਾਬਿਕ ਹਾਈ ਸਕੂਲਜ਼ ਕੋਲ ਪਲੇਅ ਗਰਾਉਂਡਜ਼ ਹੋਣੇ ਚਾਹੀਦੇ ਹਨ। ਇਸ ਚੀਜ਼ ਨੂੰ ਮੱਦੇ ਨਜ਼ਰ ਰਖਦੇ ਹੋਏ ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਨਵੀਆਂ ਸਕੀਮਾਂ ਇੰਪਰੂਵਮੈਂਟ ਟਰਸਟਾਂ ਅਧੀਨ ਬਣ ਰਹੀਆਂ ਹਨ, ਜਿਥੇ ਕਾਰਪੋਰੇਸ਼ਨ ਕੋਲ ਸਰਪਲਸ ਜਗ੍ਹਾ ਪਈ ਹੈ ਉਹ ਸਕੂਲਾਂ ਨੂੰ ਦੇ ਦਿਤੀਆਂ ਜਾਣ ਜਿਨ੍ਹਾਂ ਕੋਲ ਪਲੇਅ-ਗਰਾਉਂਡ ਨਹੀਂ ਹਨ। ਇਹ ਇਨ੍ਹਾਂ ਨੂੰ 99 ਸਾਲ ਦੀ ਲੀਜ਼ ਤੇ ਦੇ ਦਿਤੀਆਂ ਜਾਣ। ਕੀ ਇਸ ਤਰ੍ਹਾਂ ਕੀਤਾ ਜਾਏਗਾ ?

**ਸ੍ਰੀ ਸਪੀਕਰ** : ਕਿਉਂਕਿ ਸ਼ਹਿਰਾਂ ਵਿਚ ਜ਼ਮੀਨ ਅਵੇਲੇਬਲ ਨਹੀਂ ਹੈ, ਇਸ ਲਈ ਇਹ ਕਿਸੇ ਪ੍ਰਾਈਵੇਟ-ਸੰਸਥਾ ਨੂੰ ਨਾ ਦਿਓ ਬਲਕਿ ਡਿਸਟ੍ਰਿਕਟ ਐਡਮਨਿਸਟ੍ਰੇਸ਼ਨ ਥਲੇ ਡਿਫਰੈਂਟ ਜ਼ੋਨਜ਼ ਵਿਚ ਪਲੇਅ-ਗਰਾਉਂਡਜ਼ ਬਣਾਉਣੇ ਚਾਹੀਦੇ ਹਨ।

**ਸ੍ਰੀ ਸੰਤ ਰਾਮ ਸਿੰਗਲਾ** : ਪੰਜਾਬ ਦੇ ਟਾਊਨਜ਼ ਦੀ ਪਾਪੂਲੇਸ਼ਨ ਬਹੁਤ ਵਧ ਰਹੀ ਹੈ। ਇਸ ਲਈ ਜਿਥੇ ਵੀ ਕਿਸੇ ਟਾਊਨ ਵਿਚ ਓਪਨ ਸਪੇਸ ਪਈ ਹੈ, ਇਸ ਵਾਸਤੇ ਇਕ ਜਨਰਲ ਸਰਕੂਲਰ ਕਰ ਦੇਣਾ ਚਾਹੀਦਾ ਹੈ ਜਿਸ ਨਾਲ ਮਿਉਂਸਪਲ ਕਮੇਟੀਆਂ ਉਸ ਥਾਂ ਨੂੰ ਓਪਨ ਪਾਰਕ ਵਿਚ ਕਨਵਰਟ ਕਰਨ, ਜਾਂ ਫਿਰ ਉਸ ਥਾਂ ਨੂੰ ਪਲੇਅ-ਗਰਾਉਂਡਜ਼ ਵਿਚ ਕਨਵਰਟ ਕਰਨ। ਇਸ ਸਬੰਧੀ ਇਕ ਜਨਰਲ ਆਰਡਰਜ਼ ਹੋ ਜਾਣੇ ਚਾਹੀਦੇ ਹਨ ਤਾ ਕਿ ਓਪਨ ਸਪੇਸਿਜ਼ ਖਰਾਬ ਹੋਣ ਤੋਂ ਬਚ ਸਕਣ।

**ਮੰਤਰੀ** : ਜਿਹੜੀ ਗਲ ਇਨ੍ਹਾਂ ਨੇ ਕਹੀ ਹੈ ਉਸ ਪ੍ਰਤੀ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਜਿਹੜੀ ਗਲ ਇਨ੍ਹਾਂ ਨੇ ਕਹੀ ਹੈ ਇਸ ਤੇ ਅਮਲ ਕੀਤਾ ਜਾਏਗਾ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਪੰਜਾਬ ਵਿਚ ਜਿੰਨੇ ਇੰਮਪਰੂਵਮੈਂਟ ਟਰਸਟ ਹਨ ਉਹ ਬਸਤੀਆਂ ਪਲੈਨ ਕਰਦੇ ਹਨ। ਕੀ ਵਜ਼ੀਰ ਸਾਹਿਬ ਇਸ ਗਲ ਨੂੰ ਐਗਜ਼ਾਮਿਨ ਕਰਨਗੇ ਕਿ ਜਿਹੜੀ ਵੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਨਵੀਂ ਸਕੀਮ ਬਣਾਈ ਜਾਏ ਉਸ ਵਿਚ ਇਕ ਗਰਾਊਂਡ ਬਣਾਈ ਜਾਏ ਜੋ ਕਿ ਉਥੋਂ ਦੀ ਮਿਊਂਸਪਲ ਕਮੇਟੀ ਨੂੰ ਜਾਂ ਉਥੋਂ ਦੇ ਗੌਰਮਿੰਟ ਸਕੂਲ ਨੂੰ ਦੇ ਦਿੱਤੀ ਜਾਏ ? ਇਸੇ ਤਰ੍ਹਾਂ ਹੀ ਡਿਸਪੈਂਸਰੀ ਵਾਸਤੇ, ਕਮਿਊਨਿਟੀ ਹਾਲ ਵਾਸਤੇ ਅਤੇ ਪਲੇਅ ਗਰਾਊਂਡ ਵਾਸਤੇ ਜਗ੍ਹਾ ਛਡਣੀ ਚਾਹੀਦੀ ਹੈ । ਅੱਗੇ ਨੂੰ ਜੋ ਪਾਪੂਲੇਸ਼ਨ ਵਧ ਰਹੀ ਹੈ, ਉਸ ਵਾਸਤੇ ਕੀ ਇਹ ਇਸ ਤਰ੍ਹਾਂ ਕਨਸਿਡਰ ਕਰਨ ਨੂੰ ਤਿਆਰ ਹਨ ?

ਮੰਤਰੀ : ਇਹ ਬਹੁਤ ਅੱਛਾ ਸੁਝਾਓ ਦਿਤਾ ਹੈ । ਇਸ ਤੇ ਅਮਲ ਕਰਨ ਦੀ ਕੋਸ਼ਿਸ਼ ਕਰਾਂਗੇ ।

---

**Roads from village Kheri Chehlan Tehsil Malerkotla, District Sangrur**

*2167. **Master Chand Singh** : Will the Minister for Public Works be pleased to state—

(a) whether there is any road from village Kheri Chehlan, Tehsil Malerkotla, District Sangrur to village Gurm ;

(b) if the reply to part (a)above be in the affirmative, the reasons for not completing the said road and the time by which the same is likely to be completed ?

**Doctor Kewal Krishan** (Finance Minister) : (a) Yes.

(b) This road is completed upto wearing coat. Tarring Ist coat could not be done for want of funds in the previous years. Now during this year tarring Ist coat has been proposed on this inter link. The Tarring Ist coat is proposed to be completed by the end of October, 1983.

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਕਿਹਾ ਹੈ ਕਿ ਸਾਲ ਦੇ ਅਖੀਰ ਤਕ ਇਸ ਸੜਕ ਤੇ ਲੁੱਕ ਕਰ ਦਿਤੀ ਜਾਏਗੀ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ 1980 ਤੋਂ ਲੈ ਕੇ ਹੁਣ ਤਕ ਤਿੰਨ ਸਾਲ ਹੋ ਗਏ ਹਨ ਉਥੇ ਪੱਥਰ ਕੁੱਟੇ ਨੂੰ ਅਤੇ ਤਿੰਨ ਸਾਲ ਵਿਚ ਉਸ ਸੜਕ ਦਾ ਬੁਰਾ ਹਾਲ ਹੋ ਗਿਆ ਹੈ । ਹੁਣ ਲੋਕਾਂ ਨੇ ਮਿੱਟੀ ਪਾਈ ਹੈ ਤਾਕਿ ਕਿਤੇ ਪੱਥਰ ਨਾ ਖਿੰਡ ਜਾਣ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਸੜਕ ਤੇ ਲੁੱਕ ਦਾ ਕੋਟ ਪਾਉਣ ਲਈ ਕਿੰਨਾ ਪੈਸਾ ਰਖਿਆ ਹੈ ਅਤੇ ਕੀ ਜੋ ਐਲੋਕੇਸ਼ਨ ਹੋਈ ਹੈ ਉਸ ਵਿਚ ਇਸ ਸੜਕ ਦਾ ਨਾਂ ਭੇਜ ਦਿਤਾ ਹੈ ?

**ਵਿੱਤ ਮੰਤਰੀ** : ਮੈਂ ਦੱਸਣਾ ਚਾਹੁੰਦਾ ਹਾਂ ਕਿ 4.20 ਕਿੱਲੋ ਮੀਟਰ ਸੜਕ ਤੇ ਪੱਥਰ ਕੁਟਿਆ ਜਾ ਚੁਕਾ ਹੈ । ਟਾਰਿੰਗ ਅਕਤੂਬਰ ਦੇ ਐਂਡ ਤਕ ਕੰਪਲੀਟ ਹੋ ਜਾਏਗੀ । ਪੌਣੇ ਦੋ ਲੱਖ ਰੁਪਿਆ ਇਕ ਕਿਲੋ ਮੀਟਰ ਸੜਕ ਤੇ ਖਰਚ ਹੁੰਦਾ ਹੈ । 4.20 ਕਿਲੋ ਮੀਟਰ ਸੜਕ ਤੇ 8 ਲੱਖ ਰੁਪਿਆ ਖਰਚ ਹੋਏਗਾ ।

---

**Incomplete roads in Tehsil Malerkotla**

*2168. **Master Chand Singh** : Will the Minister for Public Works be pleased to state—

(a) whether there are some roads in Tehsil Malerkotla which are still incomplete and fall within the jurisdiction of two market committees ;

Original with;
Punjab Vidhan Sabha
Digitized by;
Panjab Digital Library

(b) if the reply to part (a) above be in the affirmative the names of roads referred to in part(a) above and the action being taken to complete the same ?

**Doctor Kewal Krishan (Finance Minister)** : (a) Yes.

(b) A statement is laid on the Table of the House.

ਤਹਿਸੀਲ ਮਲੇਰਕੋਟਲਾ ਵਿਚ ਨਾ ਮੁਕੰਮਲ ਸੜਕਾਂ ਦੀ ਸੂਚੀ

(1) **ਸੰਦੋੜ ਤੋਂ ਕੰਮਬ ਬੜੈਲ** :

ਇਹ ਸੜਕ ਕੇਵਲ ਮਾਰਕਿਟ ਕਮੇਟੀ ਮਲੇਰਕੋਟਲਾ ਦੀ ਹੱਦ ਤੱਕ ਮਾਰਕੀਟ ਕਮੇਟੀ ਦੇ ਧਨ ਨਾਲ 3.00 ਕਿਲੋ ਮੀਟਰ ਦੀ ਲੰਬਾਈ ਲਈ ਮਨਜ਼ੂਰ ਹੋਈ ਹੈ, ਜਿਸ ਉਪਰ ਇਟਾਂ ਵਿਛਾਈ-ਆਂ ਜਾ ਚੁਕੀਆਂ ਹਨ । ਇਸ ਸੜਕ ਉਪਰ ਬਾਕੀ ਰਹਿੰਦਾ ਕੰਮ ਇਸੇ ਵਿਤੀ ਸਾਲ ਵਿਚ ਸਰਕਾਰੀ ਧਨ ਨਾਲ ਮੁਕੰਮਲ ਕਰ ਦਿਤਾ ਜਾਵੇਗਾ।

ਇਸ ਸੜਕ ਦਾ ਮਾਰਕੀਟ ਕਮੇਟੀ ਮਲੇਰਕੋਟਲਾ ਦੀ ਹੱਦ ਤੋਂ ਪਿੰਡ ਬੜੈਲ ਤੱਕ ਦਾ ਹਿੱਸਾ ਮਾਰਕਿਟ ਕਮੇਟੀ ਬਰਨਾਲਾ ਵਿਚ ਪੈਂਦਾ ਹੈ, ਜਿਹੜਾ ਕਿ ਹੁਣ ਤੱਕ ਕਿਸੇ ਸਕੀਮ ਅਧੀਨ ਮਨਜ਼ੂਰ ਨਹੀਂ ਹੋਇਆ । ਇਸ ਦੀ ਲੰਬਾਈ 2.90 ਕਿਲੋ ਮੀਟਰ ਹੈ । ਇਸ ਕੰਮ ਦਾ ਤਖਮੀਨਾ ਤਿਆਰ ਕੀਤਾ ਜਾ ਰਿਹਾ ਹੈ ਅਤੇ ਮਾਰਕਟਿੰਗ ਬੋਰਡ ਨੂੰ ਪ੍ਰਵਾਨਗੀ ਲਈ ਭੇਜ ਦਿਤਾ ਜਾਵੇਗਾ ।

(2) ਬੜੀ ਤੋਂ ਸ਼ੇਰਪੁਰ :

ਇਹ ਸੜਕ ਮਾਰਕੀਟ ਕਮੇਟੀ ਮਲੇਰਕੋਟਲਾ ਅਤੇ ਧੂਰੀ ਦੀ ਹੱਦ ਅੰਦਰ ਆਉਂਦੀ ਹੈ । ਇਸ ਸੜਕ ਦੀ 1.60 ਕਿ: ਮੀ: ਲੰਬਾਈ ਜੋ ਮਾਰਕੀਟ ਕਮੇਟੀ ਮਲੇਰਕੋਟਲਾ ਵਿਚ ਆਉਂਦੀ ਹੈ, ਉਹ ਲੁਕ ਦੇ ਪਹਿਲੇ ਕੋਟ ਤੱਕ ਮੁਕੰਮਲ ਹੈ। ਇਸ ਸੜਕ ਦੀ ਬਾਕੀ ਰਹਿੰਦੀ 1.80 ਕਿ: ਮੀ: ਲੰਬਾਈ ਜੋ ਮਾਰਕੀਟ ਕਮੇਟੀ ਧੂਰੀ ਅਧੀਨ ਆਉਂਦੀ ਹੈ, ਉਹ ਕਿਸੇ ਵੀ ਸਕੀਮ ਅਧੀਨ ਮਨਜ਼ੂਰ ਨਹੀਂ ਹੈ। ਇਸ ਕੰਮ ਦਾ ਤਖਮੀਨਾ ਤਿਆਰ ਕੀਤਾ ਜਾ ਰਿਹਾ ਹੈ ਅਤੇ ਮਾਰਕੀਟਿੰਗ ਬੋਰਡ ਨੂੰ ਪ੍ਰਵਾਨਗੀ ਲਈ ਭੇਜ ਦਿਤਾ ਜਾਵੇਗਾ।

(3) ਜੈਨਪੁਰ ਤੋਂ ਬਨ ਬੋਰਾ :

ਇਹ ਸੜਕ ਮਾਰਕੀਟ ਕਮੇਟੀ ਮਲੇਰਕੋਟਲਾ ਤੋਂ ਧੂਰੀ ਦੀ ਹੱਦ ਅੰਦਰ ਆਉਂਦੀ ਹੈ । ਇਸ ਸੜਕ ਦੀ 1.57 ਕਿ: ਮੀ: ਲੰਬਾਈ ਜੋ ਮਾਰਕਿਟ ਕਮੇਟੀ, ਧੂਰੀ ਵਿਚ ਆਉਂਦੀ ਹੈ, ਉਹ ਲੁਕ ਦੇ ਪਹਿਲੇ ਕੋਟ ਤੱਕ ਮੁਕੰਮਲ ਹੈ । ਇਸ ਸੜਕ ਦੀ ਬਾਕੀ ਰਹਿੰਦੀ 1.23 ਕਿ: ਮੀ: ਲੰਬਾਈ ਜੋ ਮਾਰਕਿਟ ਕਮੇਟੀ, ਮਲੇਰਕੋਟਲਾ ਅਧੀਨ ਆਉਂਦੀ ਹੈ, ਉਹ ਕਿਸੇ ਵੀ ਸਕੀਮ ਅਧੀਨ ਮਨਜ਼ੂਰ ਨਹੀਂ ਹੈ। ਇਸ ਕੰਮ ਦਾ ਤਖਮੀਨਾ ਮਾਰਕੀਟਿੰਗ ਬੋਰਡ ਨੂੰ ਪ੍ਰਵਾਨਗੀ ਲਈ ਭੇਜਿਆ ਹੋਇਆ ਹੈ ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਤਿੰਨੇ ਸੜਕਾਂ ਦੋ ਮਾਰਕਿਟ ਕਮੇਟੀਆਂ ਦੇ ਦਾਇਰੇ ਵਿਚ ਪੈਂਦੀਆਂ ਹਨ । ਦਸ ਗਿਆਰਾਂ ਸਾਲ ਹੋ ਗਏ ਹਨ ਇਕ ਮਾਰਕਿਟ ਕਮੇਟੀ ਦਾ ਹਿੱਸਾ ਬਣਿਆ ਹੋਇਆ ਹੈ ਅਤੇ ਦੂਸਰੀ ਦਾ ਇਨ-ਕੰਪਲੀਟ ਹੈ ਅਤੇ ਬਾਕੀ ਦਾ ਹਿੱਸਾ ਬਣਨਾ ਰਹਿੰਦਾ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਤਿੰਨੇ ਸੜਕਾਂ ਦਾ ਵੱਖੋ ਵੱਖ ਐਸ-ਟੀਮੇਟ ਕਿੰਨਾ ਹੈ ਅਤੇ ਕਦੋਂ ਤਕ ਇਸ ਬਾਰੇ ਮਨਜ਼ੂਰੀ ਹੋ ਕੇ ਉਥੇ ਕੰਮ ਚਾਲੂ ਹੋ ਜਾਏਗਾ ?

**ਵਿੱਤ ਮੰਤਰੀ** : ਇਹ ਠੀਕ ਹੈ ਕਿ ਇਹ ਸੜਕਾਂ ਦੋ ਦੋ ਮਾਰਕਿਟ ਕਮੇਟੀਆਂ ਦੇ ਜੁਰਿਸਡਿਕਸ਼ਨ ਵਿਚ ਆਉਂਦੀਆਂ ਹਨ । ਅੱਧੀ ਸੜਕ ਇਕ ਮਾਰਕਿਟ ਕਮੇਟੀ ਵਲੋਂ ਸ਼ੁਰੂ ਹੋਕੇ ਕੰਮ ਉਥੇ ਕੰਪਲੀਟ ਹੋਏਗਾ ਅਤੇ ਬਾਕੀ ਦਾ ਅੱਧਾ ਪੋਰਸ਼ਨ ਮਾਰਕਿਟ ਕਮੇਟੀ ਨੇ ਐਸਟੀਮੇਟ ਬਣਾ ਕੇ ਬੋਰਡ ਨੂੰ ਭੇਜ ਦਿਤਾ ਹੈ। ਜਿਸ ਵੇਲੇ ਬੋਰਡ ਵਲੋਂ ਇਸ ਬਾਰੇ ਅਪਰੂਵਲ ਹੋ ਜਾਏਗੀ ਉਸ ਵੇਲੇ ਇਨ੍ਹਾਂ ਸੜਕਾਂ ਤੇ ਕੰਮ ਸ਼ੁਰੂ ਹੋ ਜਾਏਗਾ । ਪਹਿਲੀ ਸੜਕ ਦੀ ਲੰਬਾਈ 2.90 ਕਿਲੋ ਮੀਟਰ ਹੈ । ਦੂਜੀ ਸੜਕ ਦੀ ਲਬਾਈ 1.80 ਕਿੱਲੋ ਮੀਟਰ ਹੈ ਅਤੇ ਤੀਜੀ ਸੜਕ ਦੀ ਲੰਬਾਈ 1.57 ਕਿਲੋ ਮੀਟਰ ਹੈ। ਤਿੰਨਾ ਦਾ ਟੋਟਲ ਤਕਰੀਬਨ ਸਾਢੇ ਚਾਰ ਕਿਲੋ ਮੀਟਰ ਬਣਦਾ ਹੈ। ਇਹ ਇੰਟਰ-ਲਿੰਕਡ ਸੜਕ ਹੈ ਅਤੇ ਪੰਜਾਬ ਗੌਰਮਿੰਟ ਮਾਰਕਿਟ ਕਮੇਟੀਆਂ ਰਾਹੀਂ ਬਣਾ ਰਹੀ ਹੈ ।

Original with;
Punjab Vidhan Sabha
Digitized by;
Panjab Digital Library

**ਮਾਸਟਰ ਚੰਦ ਸਿੰਘ :** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਾਰੇ ਐਸਟੀਮੇਟ ਕਿੰਨਾ ਬਣਿਆ ਹੈ ਅਤੇ ਕਦੋਂ ਤਕ ਫਾਈਨਲੀ ਉਥੇ ਕੰਮ ਸ਼ੁਰੂ ਹੋ ਜਾਏਗਾ ?

**ਮੰਤਰੀ :** ਜਿਸ ਤਰ੍ਹਾਂ ਕਿ ਮੈਂ ਅੱਗੇ ਹੀ ਦਸਿਆ ਹੈ ਕਿ ਅੱਧੀ ਸੜਕ ਦਾ ਐਸਟੀਮੇਟ ਬਣ ਕੇ ਉਥੇ ਕੰਮ ਚਲ ਰਿਹਾ ਹੈ ਅਤੇ ਬਾਕੀ ਦੀ ਸੜਕ ਤੇ ਜਦੋਂ ਬੋਰਡ ਵਲੋਂ ਮਨਜ਼ੂਰੀ ਆ ਜਾਏਗੀ ਉਦੋਂ ਕੰਮ ਸ਼ੁਰੂ ਹੋ ਜਾਏਗਾ ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2160**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤਾ ਗਿਆ)

---

**Starred Question No. 2173**

**Mr. Speaker :** Extension has been asked for in respect of Starred Question No. 2173.

JAGAT RAM

D.O. No. 6/40/83-3LII/
Minister
Welfare and Labour Department, Punjab,
Chandigarh.
Dated, 6th September, 1983.

Subject : Punjab Vihan Sabha Starred Question No. 2173, asked by Comrade Sarwan Singh Cheema, MLA, regarding minimum rates of wages being paid by the departments like Public Works, Public Health and Forests———Extension of time for answering the Question.

Dear Shri Mehra.,

The answer to the Question mentioned in the above subject, appearing in the list of Questions for the 8th September, 1983, in the name of Comrade Sarwan Singh Cheema, MLA, is not ready. The requisite information is incomplete and it will take sufficient time to complete it. I, therefore, request that time for answering this Question may kindly be extended by at-least 10 days and this Starred Question included in the list of Question for any dated after 16th September, 1983.

Yours sincerely,
(Sd/. . .)
(Jagat Ram)

Shri Brij Bhushan Mehra,
Speaker, Punjab Vidhan Sabha,
Chandigarh.

---

**Supply of Medicines from the Office of Civil Surgeon, Amritsar**

*2225. **Comrade Darshan Singh Jhabal :** Will the Minister for Health be pleased to state—

(a) whether any medicines, were supplied to the hospitals and dispensaries from the office of the Civil Surgeon, Amritsar in the month of July/August, 1983; if so, the details thereof ;

(b) whether it has come to the notice of the Government that the dates of some of medicines, supplied as such, had expired and the medicines so supplied were infested with fungus ;

(c) whether the medicines with the expired dates were administered to the patients ;

(d) whether any enquiry was held against the officer who purchased the ineffective medicines and the medicines with expired dates; if so, the details thereof and the action taken against the said officer?

Original with;
Punjab Vidhan Sabha
Digitized by;
Panjab Digital Library

ਸ੍ਰੀ ਜੋਗਿੰਦਰਪਾਲ ਪਾਂਡੇ : (ੳ) ਹਾਂ ਜੀ, ਸੂਚੀ ਵਿਧਾਨ ਸਭਾ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਸਪਲਾਈ ਕੀਤੀਆਂ ਦਵਾਈਆਂ ਵਿਚੋਂ ਕੋਈ ਦਵਾਈ ਐਸੀ ਨਹੀਂ ਸੀ ਜਿਸ ਦੀ ਮਿਆਦ ਲੰਘ ਚੁਕੀ ਹੋਵੇ ਜਾਂ ਜਿਸ ਨੂੰ ਜਾਲਾ ਲੱਗਿਆ ਹੋਵੇ ।

(ੲ) ਤੇ (ਸ) ਸਵਾਲ ਪੈਦਾ ਨਹੀਂ ਹੁੰਦਾ ।

List of medicines supplied to Medical Institutions in Amritsar District by the Civil Surgeon , Amritsar, in the months of July-August, 1983.

Civil Hospital, Tarn Taran—

1. Tab. A. P. C.
2. Tab. Analgin.
3. Tab. AntinalduPlex
4. Tab. Chloroquonol.
5. Tab. Asprin.
6. Tab. Kaepen.
7. Tab. Phinobarbitone.
8. Tab. Predlisolone.
9. Tab. Multivitamine.
10. Tab. B. complex.
11. Tab. Metranidazole.
12. Tab. Oxyphinbutazole.
13. Tab. Spasmizole.
14. Tab. Sulphadimadine.
15. Tab. Paracitamole.
16. Inj. Mephentin.
17. Inj. Procain Pencillin.
18. Inj. Cabastin.
19. Cap. Chlorophenicol.
20. Cap. Tetracycline.

P.H.C. Kairon

1. Tab. A.P.C.
2. Tab. B. Complex.
3. Tab. Chlorophinrameanmeliata.
4. Tab. Analgin.
5. Tab. Deriphyllin.
6. Tab. Mexaform.
7. Tab. Peracitamol.
8. Tab. Oxyphinabutazole.
9. Inj. Streptomycin Pencillin.
10. Inj. Procain Pencillin.
11. Inj. B. Complex.
12. Inj. Cobastin.
13. Cap. Chlorophenicol.
14. Cap. Tatracycline.
15. Drop. Lexaburn.
16. Tinadrum solution.
17. Inj. Adhusie Plaster.
18. Inj. Dexamitazole.

P.H.C. Threawal.—

1. Inj. Procain Pencillin.
2. Tab. Analgin.
3. Spasmizole drops.
4. Tab. Asprin.
5. Tab. B. Complex.
6. Tab. Neomeg.
7. Tab Oxyphinbutazole.
8. Tab. Cloronunol.
9. Tab. Chlorophinramemerit.
10. Tab. Dizipam.
11. Tab. Dalkolax.
12. Tab. Smpsamizole.
13. Tab. Supphadimadin
14. Tab. Supphagonadine.
15. Inj. Analgin.
16. Inj. Orsin.
17. Cap. Chlorophenicol.
18. Cap. Chrlorostrep.
19. Cap. Intestopen.

P.H.C. Sursingh—

1. Tab. Analgin.
2. Inj. Procain Pencillin.
3. Inj. Otcin.
4. Cap. Tetracyline.
5. Cap. Chlorophencal.
6. Cap. Ampicillin.

P.H.C. Trisikka—

1. Nipdex eye ear drops.
2. Gentacin Eye ear drops.
3. B. Complex.
4. Tab. A.P.C.
5. Tab. Analgin.
6. Tab. Amdantol
7. Tab. Chloropher narimine.
8. Tab. Dizepam
9. Tab. Multivitamin
10. Tab. Phenobrabitone
11. Tab. Piprazine adepate
12. Tab. Peracitamol.
13. Tab. Sulpha dimadin.
14. Tab. Sulpha diadin.
15. Inj. Lab. Mexaform
16. Inj. Procain Pencillin.
17. Inj. B. complex.
18. Inj. Cobastin
19. Inj. Triflopromzine.
20. Inj. Mophenten
21. Inj. Morphia
22. Inj. Pethadin
23. Cap. Cholrostrep.
24. Cap. Chlorophnicol.
25. Cap. Tetrcycline.

P.H.C. Khemkaran

1. Neopporin Eye drop.
2. Tab A.P.C.
3. Tab. Analgin

Original with;
Punjab Vidhan Sabha
Digitized by;
Panjab Digital Library

[ਸਿਹਤ ਮੰਤਰੀ]

4. Tab. Oxyphin butazone.
5. Tab. Spasmizole
6. Tab. Sulphadimadin.
7. Tab. Intestopan.
8. Inj. Procain Pencillin.
9. Inj. Cobastin.
10. Cap. Chlorophenicol.
11. Cap. Tetracycline.
12. Indglobin Cap.

**115 Subsidiary Health Centres.—**

1. Acriflavin.
2. Alocopar granule.
3. Alkodryal syrup.
4. Alkomor Syrup.
5. Alkosil syrup.
6. Catazolnasal drop.
7. Limement tourpinatine.
8. Liquid Parafin.
9. Neosoroin eye drop.
10. Nepodex ear drop.
11. Nitrofozone ointment.
12. Ointment neosprin.
13. Raimizom lotion
15. Spasmizol drop.
16. Spt. Chloroform.
17. Sulphcitamide eye drop.
18. Tina derm solution.
19. Tincture cardeo.
20. Cotton.
21. Bandages of various sizes.
22. Gauze.
23. Chlorophenical ear drops.
24. Septron suspension.
25. Tab. Alupant.
26. Tab. A.P.C.
27. Tab. Analgin.
28. B-Complex.
29. Tab. Choloroquinol.
30. Tab. Cholrophenrimine.
31. Tab. Dalkolex.
32. Tab. Deraphilin.
33. Tab. Diazapam
34. Tab. E-mycin.
35. Tab. Intestopan.
36. Tab. Kaptragn.
37. Metranitazole.
38. Tab. Neprosol.
39. Tab. Oxyfenbutazole.
40. Tab. Preduisolone.
41. Tab Peracitimol.
42. Tab. Stranderen.
43. Tab. S. Sulpha dimadine.
44. Tab. Sulpha Gonadin.
45. Tab. Spasmizole.
46. Tab. Piprazine adipate
47. Inj. Aminophy lin.
48. Inj. Analgin
49. Inj. B. complex.
50. Inj. Cobastin.
51. Inj. Dexamithasone.
52. Inj. Mehenthin.
53. Inj. Morphia
54. Inj. Pethadin.
55. Inj. Nikethamid
56. Normal Sayline.
57. Inj. Obcim.
58. Inj. Procaine Pencilin.
59. Inj. Triflopormizine.
60. Cap. Chlorophenicol.
61. Cap. Tetracycline.
62. Cap. Oxitatracycline
63. Cap. Idiglobin.
64. Water for Inj.
65. Glycrine.

**ਕਾਮਰੇਡ ਦਰਸ਼ਨ ਸਿੰਘ ਝਬਾਲ** : ਮੈਂ ਜਿਹੜਾ ਸਵਾਲ ਕੀਤਾ ਹੈ ਉਹ ਮੈਂ ਆਪਣੀ ਜਾਣਕਾਰੀ ਦੀ ਬਿਨਾ ਤੇ ਕੀਤਾ ਹੈ। ਮਨਿਸਟਰ ਸਾਹਿਬ ਨੇ ਇਸ ਦਾ ਜਵਾਬ ਦਿਤਾ ਹੈ ਕਿ ਸਪਲਾਈ ਕੀਤੀਆਂ ਦਵਾਈਆਂ ਵਿਚੋਂ ਕੋਈ ਦਵਾਈ ਐਸੀ ਨਹੀਂ ਸੀ ਜਿਸ ਦੀ ਮਿਆਦ ਲੰਘ ਚੁਕੀ ਹੋਵੇ ਜਾਂ ਜਿਸ ਨੂੰ ਜਾਲਾ ਲੱਗਿਆ ਹੋਵੇ। ਸਪੀਕਰ ਸਾਹਿਬ, ਇਹ ਜਵਾਬ ਮਨਿਸਟਰ ਸਾਹਿਬ ਦਾ ਗਲਤ ਹੈ। ਇਹ ਮੇਰੇ ਪਾਸ ਇਕ ਨਮੂਨਾ ਹੈ ਜਿਸ ਦੀ ਡੇਟ ਐਕਸਪਾਇਰ ਹੋ ਚੁਕੀ ਹੈ, ਇਸ ਨੂੰ ਤੁਸੀਂ ਦੇਖ ਲਓ। ਅਫਸਰਾਂ ਨੇ ਮਨਿਸਟਰ ਨੂੰ ਗੁਮਰਾਹ ਕੀਤਾ ਹੈ ਅਤੇ ਉਨ੍ਹਾਂ ਨੇ ਹਾਊਸ ਨੂੰ ਗੁਮਰਾਹ ਕੀਤਾ ਹੈ। ਇਹ ਵਿਟਾਮਿਨ 'ਬੀ' ਹੈ ਜਿਸ ਦੀ ਬਣਨ ਦੀ ਤਾਰੀਖ 1982 ਲਿਖਿਆ ਹੈ ਅਤੇ ਇਹ ਅਗਸਤ, 1983 ਤੋਂ ਪਹਿਲਾਂ ਪਹਿਲਾਂ ਯੂਜ਼ ਕਰਨੀ ਹੈ। ਇਕ ਮਹੀਨੇ ਵਿਚ 10 ਹਜ਼ਾਰ ਗੋਲੀਆਂ ਇਸ ਤਰ੍ਹਾਂ ਵੰਡੀਆਂ ਹਨ। (ਵਿਘਨ) ਸਪੀਕਰ ਸਾਹਿਬ, ਇਸ ਦੀ ਇਨਕੁਆਇਰੀ ਕਰਨੀ ਚਾਹੀਦੀ ਹੈ। ਜਿਸ ਅਫ਼ਸਰ ਨੇ ਦਵਾਈਆਂ ਨਾਕਸ ਦਿਤੀਆਂ ਹਨ ਉਸ ਦੇ ਖਿਲਾਫ ਐਕਸ਼ਨ ਹੋਣਾ ਚਾਹੀਦਾ ਹੈ। ਇਹ ਮੇਰੇ ਕੋਲ ਐਕਸਪਾਇਰੀ ਡੇਟ ਦਾ ਨਮੂਨਾ ਹੈ। ਇਸ ਲਈ ਮੈਂ ਕਹਾਂਗਾ ਕਿ ਡਿਸਪੈਂਸਰੀਆਂ ਵਿਚ ਦਵਾਈਆਂ ਦੀ ਇਨਕੁਆਇਰੀ ਕਰੋ ਅਤੇ ਜਿਹੜੇ ਆਊਟ-ਆਫ-ਡੇਟ ਦਵਾਈਆਂ ਦਿੰਦੇ ਹਨ ਉਨ੍ਹਾਂ ਦੇ ਖਿਲਾਫ ਐਕਸ਼ਨ ਲਓ ?

**ਮੰਤਰੀ** : ਸਪੀਕਰ ਸਹਿਬ, ਝਬਾਲ ਜੀ ਮੈਨੂੰ ਕੱਲ ਵੀ ਮਿਲੇ ਸੀ, ਇਹ ਪਰਸੋਂ ਵੀ ਮੈਨੂੰ ਮਿਲੇ ਸੀ ਅਤੇ ਚੋਥੇ ਵੀ ਮੈਨੂੰ ਮਿਲੇ ਸੀ। ਜੇ ਇਨ੍ਹਾਂ ਦੀ ਜੇਬ ਵਿਚ ਕੋਈ ਐਸੀ ਦਵਾਈ ਸੀ ਤਾਂ ਇਹ ਮੈਨੂੰ ਬਤੌਰ

Original with;
Punjab Vidhan Sabha
Digitized by;
Panjab Digital Library

ਦੋਸਤ, ਬਤੌਰ ਐਮ. ਐਲ. ਏ. ਇਸ਼ਾਰੇ ਦੇ ਤੌਰ ਤੇ ਦੱਸ ਦਿੰਦੇ। ਮੈਂ ਕਿਸੇ ਨੂੰ ਕੋਈ ਗੁਮਰਾਹ ਨਹੀਂ ਕੀਤਾ ਬਲਕਿ, ਸਪੀਕਰ ਸਾਹਿਬ, ਇਹ ਆਪਣੀ ਸਪਲੀਮੈਂਟਰੀ ਦੇ ਵਿਚ ਹਾਊਸ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਲਿਸਟ ਵਿਚ 150 ਦੇ ਕਰੀਬ ਦਵਾਈਆਂ ਦੇ ਨਾਮ ਲਿਖੇ ਗਏ ਹਨ । ਇਨ੍ਹਾਂ ਵਿਚੋਂ ਕਿਸੇ ਇਕ ਦਵਾਈ ਬਾਰੇ ਇਹ ਦੱਸ ਦੇਣ ਜਿਸ ਬਾਰੇ ਇਹ ਜਾਣਦੇ ਹੋਣ । ਇਨ੍ਹਾਂ ਨੂੰ ਇੱਕਲੀ ਇਕੱਲੀ ਗੋਲੀ ਦੀ ਇਨਫਰਮੇਸ਼ਨ ਪਹੁੰਚਾਈ ਗਈ ਹੈ । ਇਹ ਦਵਾਈਆਂ ਅਸੀਂ ਖਰੀਦੀਆਂ ਅਤੇ ਸਪਲਾਈ ਕੀਤੀਆਂ। ਇਨ੍ਹਾਂ ਵਿਚੋਂ ਕੋਈ ਐਸੀ ਦਵਾਈ ਨਹੀਂ ਜਿਹੜੀ ਆਊਟ ਆਫ ਡੇਟ ਹੋ ਗਈ ਹੋਵੇ, ਜੇ ਹੋਵੇ ਤਾਂ ਇਹ ਦੱਸ ਦੇਣ । ਮੈਂ ਚੈਲੰਜ ਕਰਦਾ ਹਾਂ ਕਿ ਕੋਈ ਦਵਾਈ ਇਨ੍ਹਾਂ ਵਿਚੋਂ ਐਸੀ ਨਹੀਂ ਹੈ ਜਿਹੜੀ ਐਕਸਪਾਇਰੀ ਡੇਟ ਤੋਂ ਬਾਅਦ ਦਿਤੀ ਗਈ ਹੋਵੇ । (ਵਿਘਨ)।

**ਕਾਮਰੇਡ ਦਰਸ਼ਨ ਸਿੰਘ ਝਬਾਲ :** ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ ਇਹ ਉਸ ਦੀ ਇਨਕੁਆਇਰੀ ਕਰ ਲੈਣ ।

**ਸ੍ਰੀ ਸਪੀਕਰ :** ਮੈਂਬਰ ਸਾਹਿਬ ਨੇ ਆਪਣੀ ਜਾਣਕਾਰੀ ਦੀ ਬਿਨਾਂ ਤੇ ਗਲ ਕੀਤੀ ਸੀ ਅਤੇ ਉਨ੍ਹਾਂ ਨੇ ਕਿਹਾ ਕਿ ਐਕਸਪਾਇਰੀ ਡੇਟ ਦੀਆਂ ਦਵਾਈਆਂ ਦਿਤੀਆਂ ਗਈਆਂ ਹਨ । ਇਸ ਦੀ ਜ਼ਰੂਰ ਇਨ-ਕੁਆਇਰੀ ਕਰ ਲਈ ਜਾਵੇ । (ਥੰਪਿੰਗ)

**ਮੰਤਰੀ :** ਮੈਂ ਕੈਟੇਗੋਰੀਕਲੀ ਇਹ ਗਲ ਕਹਿੰਦਾ ਹਾਂ ਕਿ ਇਹ ਉਹ ਦਵਾਈਆਂ ਨਹੀਂ ਹਨ ਜਿਹੜੀਆਂ ਅਸੀਂ ਸਪਲਾਈ ਕੀਤੀਆਂ ਹਨ । ਇਹ ਉਨ੍ਹਾਂ ਨੂੰ (ਮਾਨਯੋਗ ਮੈਂਬਰ) ਪਤਾ ਹੋਵੇਗਾ ਕਿ ਉਹ ਕਿਥੋਂ ਲੈ ਕੇ ਆਏ ਹਨ ਅਤੇ ਉਨ੍ਹਾਂ ਦੇ ਏਜੰਟ ਕਿਹੜੇ ਹਨ । (ਵਿਘਨ)

**ਕਾਮਰੇਡ ਦਰਸ਼ਨ ਸਿੰਘ ਝਬਾਲ :** ਮੈਂ ਇਹ ਮੰਗ ਕਰ ਰਿਹਾ ਹਾਂ ਕਿ ਜਿਨ੍ਹਾਂ ਡਿਸਪੈਂਸਰੀਆਂ ਨੂੰ ਦਵਾਈਆਂ ਦਿੱਤਆਂ ਗਈਆਂ ਹਨ ਉਹ ਉਥੇ ਸੀਲ ਕਰ ਦਿਓ ਅਤੇ ਇਸ ਦੀ ਇਨਕੁਆਇਰੀ ਕਰ ਲਓ । (ਵਿਘਨ)

**ਕਾਮਰੇਡ ਸਰਵਣ ਸਿੰਘ ਚੀਮਾ :** ਜਿਹੜੀਆਂ ਹਸਪਤਾਲਾਂ ਵਿਚ ਦਵਾਈਆਂ ਪਈਆਂ ਹਨ ਉਹ ਤੁਹਾਡੀਆਂ ਹਨ, ਉਨ੍ਹਾਂ ਨੂੰ ਚੈਕ ਕਰ ਲਓ ?

**ਕਾਮਰੇਡ ਦਰਸ਼ਨ ਸਿੰਘ ਝਬਾਲ :** ਸਾਰੀਆਂ ਡਿਸਪੈਂਸਰੀਆਂ ਵਿਚ ਤੁਹਾਡੀਆਂ ਦਵਾਈਆਂ ਹਨ, ਉਨ੍ਹਾਂ ਨੂੰ ਸੀਲ ਕਰ ਕੇ ਇਨਕੁਅਇਰੀ ਕਰ ਲਓ। ਉਥੇ ਤੁਹਾਡੀਆਂ ਦਵਾਈਆਂ ਪਈਆਂ ਹਨ।

**ਮੰਤਰੀ :** ਸਪੀਕਰ ਸਾਹਿਬ, ਦੋ ਮਸਲੇ ਪੈਦਾ ਹੋ ਗਏ ਹਨ । ਇਕ ਮਸਲਾ ਤਾਂ ਉਹ ਪੈਦਾ ਹੋ ਗਿਆ ਹੈ ਜਿਹੜਾ ਝਬਾਲ ਜੀ ਨੇ ਇਥੇ ਗਲ ਕੀਤੀ ਹੈ । ਉਸ ਦਾ ਮੈਂ ਜਵਾਬ ਦੇ ਦਿਤਾ ਹੈ। ਦੂਜਾ ਇਹ ਕਿ ਸਾਰੇ ਪੰਜਾਬ ਵਿਚ ਕਿਸੇ ਵੀ ਹਸਪਤਾਲ ਵਿਚ ਕਿਤੇ ਦਵਾਈ ਖਰਾਬ ਹੋਵੇ ਤਾਂ ਉਹ ਮੇਰੇ ਨੋਟਿਸ ਵਿਚ ਲਿਆਂਦੀ ਜਾਵੇ , ਮੈਂ ਉਸ ਦੀ ਤਹਿਕੀਕਾਤ ਕਰਾਂਗਾ। (ਵਿਘਨ)

**ਕਾਮਰੇਡ ਦਰਸ਼ਨ ਸਿੰਘ ਝਬਾਲ :** ਸਪੀਕਰ ਸਹਿਬ, ਜਵਾਬ ਠੀਕ ਨਹੀਂ ਆਇਆ ।

**ਸ੍ਰੀ ਸਪੀਕਰ :** ਉਨ੍ਹਾਂ ਨੇ ਜਵਾਬ ਦੇ ਦਿਤਾ ਹੈ ਕਿ ਉਨ੍ਹਾਂ ਦੇ ਨੋਟਿਸ ਵਿਚ ਲਿਆਓ, ਉਹ ਇਨਕੁ-ਆਇਰੀ ਕਰ ਲੈਣਗੇ । (ਵਿਘਨ)

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਸਵਾਲ ਦਾ ਜਵਾਬ ਤੁਹਾਡੇ ਕੋਲ ਆਇਆ ਹੈ । ਇਹ ਲਿਸਟ ਪੜ੍ਹ ਲਓ, ਮੈਨੂੰ ਕੀ ਤਕਲੀਫ ਸੀ ਜੇ ਕੋਈ ਐਸੀ ਗਲ ਹੁੰਦੀ ਤਾਂ ਮੈਂ ਇਹ ਕਹਿ ਦਿੰਦਾ ਕਿ ਮੈਨੂੰ ਵੀ ਇਸ ਬਾਰੇ ਪਤਾ ਲਗਾ ਹੈ, ਤਾਂ ਮੈਂ ਇਨਕੁਆਇਰੀ ਕਰਵਾ ਲੈਂਦਾ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦਵਾ-ਈਆਂ ਵਿਚ ਕੋਈ ਐਸੀ ਦਵਾਈ ਨਹੀਂ ਹੈ। ਇਹ ਮੇਰਾ ਜਵਾਬ ਹੈ। ਇਸ ਦੇ ਬਾਵਜੂਦ ਵੀ ਮੈਂ ਕਹਾਂਗਾ ਕਿ ਇਕੱਲੇ ਅੰਮ੍ਰਿਤਸਰ ਵਿਚ ਹੀ ਨਹੀਂ, ਸਾਰੇ ਪੰਜਾਬ ਵਿਚੋਂ ਕਿਸੇ ਜ਼ਿਲ੍ਹੇ ਵਿਚੋਂ ਕੋਈ ਮੈਂਬਰ ਕੰਪਲੇਂਟ ਕਰੇਗਾ ਤਾਂ ਮੈਂ ਉਸ ਦੀ ਇਨਕੁਆਇਰੀ ਕਰਵਾ ਲਵਾਂਗਾ । (ਵਿਘਨ) (ਸ਼ੋਰ)

**Mileage allocated to the Ferozepur Depot of Punjab Roadways**

*2161. **Sardar Gurnaib Singh Brar** : Will the Minister of State for Transport be pleased to state—

(a) the total daily mileage allocated to the Ferozepur Depot of the Punjab Roadways ;

(b) whether the total mileage, referred to in part (a) above is being actually covered by the said Depot; if not, the reasons therefore and the steps being taken by the Government in the matter ?

**Sardar Avtar Singh Gatwali** : (a) 42,492 KMs.
(b) Yes, Sir.

**ਸਰਦਾਰ ਗੁਰਨੈਬ ਸਿੰਘ ਬਰਾੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਜਾਣਨਾ ਚਾਹੁੰਦਾ ਹਾਂ ਕਿ ਇਹ ਇਕ ਮਹੀਨੇ ਦੀ ਮੈਨੂੰ ਐਵਰੇਜ ਦੀ ਲਿਸਟ ਦੇ ਦੇਣ । ਇਨ੍ਹਾਂ ਨੇ ਟੋਟਲ ਡੇਲੀ ਮਾਈਲੇਜ 42,492 ਕਿਲੋ ਮੀਟਰ ਦੱਸੀ ਹੈ। ਜਿਹੜੀ ਇਹ ਕਵਰ ਕਰਦੇ ਹਨ। ਸਾਡੇ ਉਥੇ ਬੱਸਾਂ ਦੀ ਸ਼ਾਰਟੇਜ ਹੈ। ਜਿਹੜੀਆਂ ਅਲਾਟਡ ਬੱਸਾਂ ਹਨ ਉਸ ਦੇ ਨਾਲੋਂ ਉਥੇ 30 ਬੱਸਾਂ ਘੱਟ ਹਨ। ਜਦੋਂ ਅਸੀਂ ਕਹਿੰਦੇ ਹਾਂ ਕਿ ਸਾਡੇ ਬੱਸਾਂ ਚਲਾਓ ਤਾਂ ਉਹ ਕਹਿੰਦੇ ਹਨ ਕਿ ਬੱਸਾਂ ਹੈਂ ਨਹੀਂ। ਮੈਨੂੰ ਉਮੀਦ ਨਹੀਂ ਕਿ ਜਿੰਨੀ ਅਲਾਟਡ ਮਾਈਲੇਜ ਹੈ ਉਹ ਕਵਰ ਕਰਦੀਆਂ ਹੋਣ । ਇਹ ਇਕ ਮਹੀਨੇ ਦੀ ਐਵਰੇਜ ਦੀ ਲਿਸਟ ਦੇ ਦੇਣ ਜਿੰਨੀ ਮਾਈਲੇਜ ਉਹ ਕਵਰ ਕਰਦੀਆਂ ਹਨ ?

**ਰਾਜ ਮੰਤਰੀ** : ਮੈਂ ਇਨ੍ਹਾਂ ਦੀ ਜਾਣਕਾਰੀ ਲਈ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਲਾਟਡ ਮਾਈ-ਲੇਜ ਬਾਰੇ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਉਹ 42,492 ਕਿਲੋ ਮੀਟਰ ਹੈ। 41,541 ਇਸ ਵਿਚੋਂ ਉਹ ਕਵਰ ਕਰਦੇ ਹਨ । 951 ਬਰੇਕ ਡਾਊਨ ਹੋ ਜਾਂਦੇ ਹਨ। ਡੇਲੀ ਐਕਸਟਰਾ ਮਾਈਲੇਜ ਜਿਹੜੀ ਕਵਰ ਕਰਦੇ ਹਨ ਉਹ 3375 ਹੈ। ਬਾਕੀ ਜਿਹੜੀ ਮਾਨਯੋਗ ਮੈਂਬਰ ਨੇ ਇਕ ਮਹੀਨੇ ਦੀ ਐਵਰੇਜ ਬਾਰੇ ਪੁਛਿਆ ਹੈ, ਉਨ੍ਹਾਂ ਨੇ ਕਿਸੇ ਪਾਰਟੀਕੁਲਰ ਮਹੀਨੇ ਬਾਰੇ ਨਹੀਂ ਪੁਛਿਆ। ਇਹ ਇਨਫਰਮੇਸ਼ਨ ਮੈਂ ਉਨ੍ਹਾਂ ਨੂੰ ਕਿਸੇ ਮਹੀਨੇ ਦੀ ਜ਼ਰੂਰ ਲਿਖ ਕੇ ਭੇਜ ਦਿਆਂਗਾ ।

**ਸਰਦਾਰ ਗੁਰਨੈਬ ਸਿੰਘ ਬਰਾੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਦੋਂ ਇਹ ਡਿਪੂ ਕਰੀਏਟ ਹੋਇਆ ਸੀ ਤਾਂ ਉਸ ਵੇਲੇ ਕਿੰਨੀਆਂ ਬਸਾਂ ਇਸ ਨੂੰ ਅਲਾਟ ਹੋਈਆਂ ਸੀ ਅਤੇ ਇਸ ਵੇਲੇ ਇਸ ਡਿਪੂ ਦੀਆਂ ਕਿੰਨੀਆਂ ਬਸਾਂ ਚਲਦੀਆਂ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਇਹ ਇਨਫਰਮੇਸ਼ਨ ਜੋ ਮੰਗੀ ਹੈ ਕਿ ਜਦੋਂ ਡਿਪੂ ਬਣਿਆ ਸੀ ਤਾਂ ਉਸ ਵੇਲੇ ਬਸਾਂ ਇਸ ਨੂੰ ਕਿੰਨੀਆਂ ਅਲਾਟ ਹੋਈਆਂ ਸਨ, ਇਸ ਦੇ ਬਾਰੇ ਇਹ ਨੋਟਿਸ

Original with;
Punjab Vidhan Sabha
Digitized by;
Panjab Digital Library

ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ। ਵੈਸੇ ਇਨ੍ਹਾਂ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵੇਲੇ 187 ਬੱਸਾਂ ਚਲਦੀਆਂ ਹਨ ।

**ਸ੍ਰੀ ਸਪੀਕਰ** : ਤੁਸੀਂ ਇਹ ਇਨਫਰਮੇਸ਼ਨ ਇਨ੍ਹਾਂ ਨੂੰ ਭੇਜ ਦੇਣਾ :

**ਸਰਦਾਰ ਸ਼ਮਸ਼ੇਰ ਸਿੰਘ** : ਸਪੀਕਰ ਸਾਹਿਬ, ਪਿਛਲੇ ਹਾਊਸ ਦੇ ਵਿੱਚ ਵੀ ਮੈਂ ਕੁਐਸ਼ਚਨ ਕੀਤਾ ਸੀ ਔਰ ਮੈਨੂੰ ਐਸ਼ੋਰੈਂਸ ਦਿਤੀ ਗਈ ਸੀ ਕਿ ਸੰਗਰੂਰ ਵਾਇਆ ਮਲੇਰਕੋਟਲਾ ਰੋਣੋਂ, ਰਾਜੇਵਾਲ, ਖੰਨਾ ਤੇ ਬਸੀ ਜੋ ਪੀ. ਆਰ. ਟੀ. ਸੀ. ਦੀਆਂ ਬਸਾਂ ਚਲਣੀਆਂ ਬੰਦ ਹੋ ਗਈਆਂ ਸਨ ਉਹ ਬਸ ਸਰਵਿਸ ਚਾਲੂ ਕਰ ਦਿਤੀ ਜਾਵੇਗੀ ਪਰ ਅਜੇ ਤਕ ਉਹ ਪੀ. ਆਰ. ਟੀ ਸੀ. ਦੀ ਬਸ ਸਰਵਿਸ ਚਾਲੂ ਨਹੀਂ ਕੀਤੀ ਗਈ। ਕੀ ਮਨਿਸਟਰ ਸਾਹਿਬ ਇਸ ਗਲ ਦੀ ਅਸ਼ੋਰੈਂਸ ਦੇਣਗੇ ਕਿ ਜਲਦੀ ਤੋਂ ਜਲਦੀ ਉਹ ਬਸ ਸਰਵਿਸ ਚਾਲੂ ਕਰ ਦਿਤੀ ਜਾਵੇਗੀ ਅਤੇ ਇਹ ਦੱਸਣਗੇ ਕਿ ਕਦੋਂ ਤਕ ਬਸ ਸਰਵਿਸ ਚਾਲੂ ਕਰ ਦੇਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਸਵਾਲ ਫਿਰੋਜ਼ਪੁਰ ਡਿਪੂ ਦਾ ਸੀ ਅਤੇ ਮੇਰੇ ਮਾਨਯੋਗ ਦੋਸਤ ਨੇ ਜੋ ਸਵਾਲ ਕੀਤਾ ਹੈ ਇਹ ਕੋਈ ਹੋਰ ਸਬਜੈਕਟ ਹੈ। ਲੇਕਿਨ ਇਨ੍ਹਾਂ ਨੂੰ ਮੈਂ ਕਹਾਂਗਾ ਕਿ ਜੇ ਅਸ਼ੋਰੈਂਸ ਦਿਤੀ ਸੀ ਤਾਂ ਜ਼ਰੂਰ ਇਸ ਦੇ ਬਾਰੇ ਮੈਂ ਦੇਖ ਲਵਾਂਗਾ ਅਤੇ ਮੇਰੇ ਨਾਲ ਆਕੇ ਗਲ ਕਰ ਲੈਣ, ਜੇ ਜ਼ਰੂਰਤ ਹੋਈ ਤਾਂ ਜ਼ਰੂਰ ਚਾਲੂ ਕਰ ਦੇਵਾਂਗੇ ।

**ਸਰਦਾਰ ਲੱਖਾ ਸਿੰਘ** : ਸਪੀਕਰ ਸਾਹਿਬ, ਇਕ ਤਾਂ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੈਂ ਸਮਝਦਾ ਹਾਂ ਕਿ ਇਕ ਤਾਂ ਟਰਾਂਸਪੋਰਟ ਮਨਿਸਟਰ ਸਾਹਿਬ ਮੇਰੇ ਨਾਲ ਵਿਤਕਰਾ ਕਰਦੇ ਹਨ । ਮੇਰੇ ਹਲਕੇ ਦੇ ਵਿੱਚ ਮਹਿਤਾਬ ਦੇ ਕੋਲ ਭਨੋਜੜਾ ਪਿੰਡ ਹੈ, ਉਥੋਂ ਪਹਿਲਾਂ ਬਸਾਂ ਅਗੇ ਤਰਨ ਤਾਰਨ ਅਤੇ ਅੰਮ੍ਰਿਤਸਰ ਡਿਪੂ ਦੀਆਂ ਜਾਂਦੀਆਂ ਸਨ, ਉਹ ਦੋਨੋਂ ਬਸਾਂ ਹੁਣ ਬੰਦ ਕਰ ਦਿਤੀਆਂ ਹਨ। ਕੀ ਮਨਿਸਟਰ ਸਾਹਿਬ ਉਹ ਬਸਾਂ ਚਾਲੂ ਕਰ ਦੇਣਗੇ ?

ਦੂਸਰਾ ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰਾ ਹਲਕਾ ਖਡੂਰ ਸਾਹਿਬ ਹੈ ਅਤੇ ਉਸ ਕੰਸਟੀਚੁਐਂਸੀ ਵਿਚ ਜਿੰਨੀਆਂ ਬਸਾਂ ਚਲਦੀਆਂ ਹਨ ਉਹ ਸਾਰੀਆਂ ਖਰਾਬ ਅਤੇ ਪੁਰਾਣੀਆਂ ਹਨ । ਕੋਈ ਨਾਗੋਕੇ ਮੋੜ ਕੋਲ ਖੜੀ ਹੋ ਜਾਂਦੀ ਹੈ, ਕੋਈ ਢੋਟੇਵਾਲਾ ਮੋੜ ਤੇ ਖੜੀ ਹੋ ਜਾਂਦੀ ਹੈ ਅਤੇ ਕੋਈ ਸਰਲੀਆਂ ਵਾਲੇ ਮੋੜ ਤੇ ਖੜੀ ਹੋ ਜਾਂਦੀ ਹੈ । ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਗਲ ਵਲ ਆਪਣਾ ਧਿਆਨ ਦੇਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਸਪਲੀਮੈਂਟਰੀ ਸਮਝ ਨਹੀਂ ਸਕਿਆ, ਇਹ ਬੜੀ ਤੇਜ਼ੀ ਨਾਲ ਨਾਮ ਲੈ ਗਏ ਹਨ । ਮੈਂ ਇਨ੍ਹਾਂ ਨੂੰ ਰਿਕੁਐਸਟ ਕਰਾਂਗਾ ਕਿ ਇਹ ਮੈਨੂੰ ਪਿੰਡਾਂ ਦੇ ਨਾਮ ਲਿਖ ਕੇ ਭੇਜ ਦੇਣ, ਮੈਂ ਜ਼ਰੂਰ ਵਿਚਾਰ ਕਰਾਂਗਾ। ਜਿਥੋਂ ਤਕ, ਸਪੀਕਰ ਸਾਹਿਬ, ਬਰੇਕ ਡਾਊਨ ਦੀ ਗਲ ਹੈ ਇਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਟਰਾਂਸਪੋਰਟ ਦੇ ਵਿੱਚ ਮਕੈਨੀਕਲ ਡਿਫੈਕਟਸ ਹੋ ਜਾਂਦੇ ਹਨ ਲੇਕਿਨ ਅਸੀਂ ਹਰ ਕੋਸ਼ਿਸ਼ ਕੀਤੀ ਹੈ ਔਰ ਅੱਜ ਕੱਲ ਪੰਜਾਬ ਰੋਡਵੇਜ਼ ਅਤੇ ਪੀ ਆਰ. ਟੀ. ਸੀ. ਦੋਨੋਂ ਆਰਗੇਨਾਈਜ਼ੇਸ਼ਨਜ਼ ਹਿੰਦੁਸਤਾਨ ਦੇ ਵਿੱਚ ਤੀਜੇ ਅਤੇ ਚੌਥੇ ਨੰਬਰ ਤੇ ਆਪਣੇ ਨਾਰਮ ਦੇਣ ਵਿੱਚ ਆਈਆਂ ਹਨ । ਉਸ ਨਾਰਮ ਨੂੰ ਅਸੀਂ ਰੂਲ ਆਊਟ ਨਹੀਂ ਕਰ ਸਕਦੇ । ਮਾਨਯੋਗ ਮੈਂਬਰ ਦੇ ਧਿਆਨ ਵਿਚ ਜੇ ਕੋਈ ਚੀਜ਼ ਆਈ ਹੈ ਤਾਂ ਉਹ ਸਾਨੂੰ ਦੱਸਣ, ਅਸੀਂ ਉਸ ਦੇ ਲਈ ਜ਼ਰੂਰ ਕੋਸ਼ਿਸ਼ ਕਰਾਂਗੇ ਕਿ ਗੱਡੀਆਂ ਰਸਤੇ ਦੇ ਵਿੱਚ ਨਾ ਰੁਕਣ ।

---

Original with;
Punjab Vidhan Sabha
Digitized by;
Panjab Digital Library

**Linking of Ferozepur City with other District Headquarters by Deluxe Bus Service**

***2162. Sardar Gurnaib Singh Brar** : Will the Minister of State for Transport be pleased to state whether there is any proposal under the consideration of the Government to link Ferozepur City with other district Headquarters by Deluxe Bus Service; if so, the time by which that is likely to be done ?

**Sardar Avtar Singh Gatwali** : No. Sir.

**ਸਰਦਾਰ ਗੁਰਨੈਬ ਸਿੰਘ ਬਰਾੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਪਿਛੇ ਜਿਹੇ ਇਨ੍ਹਾਂ ਨੇ ਹਾਊਸ ਵਿੱਚ ਇਕ ਜਵਾਬ ਦਿਤਾ ਸੀ ਕਿ ਅਸੀਂ ਜ਼ਿਲ੍ਹਾ ਫਿਰੋਜ਼ਪੁਰ ਵਿਚ ਡੀਲਕਸ ਬਸ ਚਾਲੂ ਕਰ ਦੇਵਾਂਗੇ, ਇਹ ਕਦੋਂ ਤਕ ਚਾਲੂ ਕਰ ਦੇਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਆਨਰੇਬਲ ਮੈਂਬਰ ਦਾ ਸਵਾਲ ਡੀਲਕਸ ਬਸ ਰਾਹੀਂ ਫਿਰੋਜ਼ਪੁਰ ਸ਼ਹਿਰ ਨੂੰ ਹਰ ਜ਼ਿਲ੍ਹਾ ਹੈਡਕੁਆਰਟਰ ਨਾਲ ਜੋੜਨ ਵਾਸਤੇ ਸੀ ਜਿਸ ਦੇ ਲਈ ਮੈਂ ਬੇਨਤ ਕੀਤੀ ਹੈ ਕਿ ਐਸੀ ਕੋਈ ਪ੍ਰਪੋਜ਼ਲ ਨਹੀਂ ਕਿ ਫਿਰੋਜ਼ਪੁਰ ਸ਼ਹਿਰ ਨੂੰ ਹਰ ਜ਼ਿਲ੍ਹਾ ਹੈਡਕੁਆਰਟਰ ਨਾਲ ਜੋੜਿਆ ਜਾਵੇਗਾ । ਜਿਹੜਾ ਹੁਣ ਇਨ੍ਹਾਂ ਨੇ ਸਪਲੀਮੈਂਟਰੀ ਕੀਤਾ ਹੈ ਇਸ ਦੇ ਬਾਰੇ ਮੈਂ ਪਿਛਲੇ ਸੈਸ਼ਨ ਵਿਚ ਅਸ਼ੋਰੈਂਸ ਦਿਤੀ ਸੀ। ਅਸੀਂ 3-4 ਬਸਾਂ ਫੈਬਰੀਕੇਸ਼ਨ ਲਈ ਦਿਤੀਆਂ ਸੀ ਔਰ ਉਹ ਕੰਪਨੀ ਕੋਈ ਝਗੜਾ ਕਰ ਕੇ ਕੋਰਟ ਵਿਚ ਚਲੀ ਗਈ ਔਰ ਇਸ ਸਿਲਸਿਲੇ ਵਿਚ ਸਾਡੀਆਂ ਉਹ ਬਸਾਂ ਵੀ ਹੈਲਡ-ਅਪ ਹਨ । ਸਾਡੀ ਇਕ ਹੋਰ ਪਠਾਨਕੋਟ ਦੇ ਲਈ ਵੀ ਅਸ਼ੋਰੈਂਸ ਸੀ । ਉਹ ਦੋਸਤ ਵੀ ਸ਼ਾਇਦ ਫਿਰ ਪੁਛਣਗੇ। ਇਸ ਲਈ ਮੈਂ ਇਨ੍ਹਾਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਜਿਸ ਦਿਨ ਵੀ ਸਾਡੀਆਂ ਗਡੀਆਂ ਆ ਗਈਆਂ, ਅਸੀਂ ਉਸ ਅਸ਼ੋਰੈਂਸ ਨੂੰ ਪੂਰਾ ਕਰਾਂਗੇ ।

**ਸਰਦਾਰ ਗੁਰਨੈਬ ਸਿੰਘ ਬਰਾੜ** : ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿਤਾ ਹੈ ਕਿ ਬੱਸਾਂ ਅਸੀਂ ਫੈਬਰੀਕੇਟ ਕਰਨ ਵਾਸਤੇ ਦਿਤੀਆਂ ਹਨ । 6 ਮਹੀਨੇ ਹੋ ਗਏ ਪਹਿਲਾਂ ਵੀ ਇਨ੍ਹਾਂ ਨੇ ਇਹ ਕਿਹਾ ਸੀ ਕਿ ਫੈਬਰੀਕੇਸ਼ਨ ਵਾਸਤੇ ਬਸਾਂ ਦਿਤੀਆਂ ਹਨ। ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤਕ ਫੈਬਰੀਕੇਟ ਹੋ ਜਾਣਗੀਆਂ ? ਫੈਬਰੀਕੇਟ ਦਾ ਇਕ ਹੋਰ ਮਾਇਨਾ ਵੀ ਹੁੰਦਾ ਹੈ। ਮੈ ਜਾਣਨਾ ਚਾਹੁੰਦਾ ਹਾਂ ਕਿ ਕੀ ਕਾਰਨ ਹੈ ਕਿ ਬਸਾਂ ਹਾਲੀਂ ਤਕ ਤਿਆਰ ਨਹੀਂ ਹੋ ਸਕੀਆਂ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੇਰੇ ਆਨਰੇਬਲ ਦੋਸਤ ਐਡਵੋਕੇਟ ਹਨ ਅਤੇ ਉਹ ਲਫਜ਼ ਫੈਬਰੀਕੇਟ ਦਾ ਮਾਇਨਾ ਸਮਝਦੇ ਹਨ ਔਰ ਤਰੀਕਾ ਵੀ ਸਮਝਦੇ ਹਨ, ਇਹ ਆਪ ਸਾਰਾ ਕੁਝ ਸਮਝਦੇ ਹਨ। ਮੈਂ ਆਪਣੇ ਜਵਾਬ ਵਿੱਚ, ਸਪੀਕਰ ਸਾਹਿਬ, ਪਹਿਲਾਂ ਵੀ ਕਿਹਾ ਸੀ ਅਤੇ ਹੁਣ ਫਿਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਦੋਂ ਵੀ ਅਸੀਂ ਬਸਾਂ ਫੈਬਰੀਕੇਸ਼ਨ ਲਈ ਦਿਤੀਆਂ ਸਨ ਔਰ ਜਿਸ ਕੰਪਨੀ ਕੋਲ ਇਹ ਫੈਬਰੀਕੇਸ਼ਨ ਲਈ ਦਿਤੀਆਂ ਸਨ ਉਹ ਕੰਪਨੀ ਕੋਈ ਝਗੜਾ ਕਰ ਕੇ ਹਾਈ ਕੋਰਟ ਵਿਚ ਚਲੀ ਗਈ। ਇਸ ਸਿਲਸਿਲੇ ਵਿਚ ਸਾਡੀਆਂ ਚੈਸੀਆਂ ਹੈਲਡ-ਅੱਪ ਹਨ । ਅਸੀਂ ਇਸ ਕੇਸ ਨੂੰ ਪਰਸੂ ਕਰ ਰਹੇ ਹਾਂ ਔਰ ਆਸ ਹੈ ਕਿ ਜਲਦੀ ਤੋਂ ਜਲਦੀ ਕਾਮਯਾਬ ਹੋ ਜਾਵਾਂਗੇ ।

**ਸਰਦਾਰ ਗੁਰਨੈਬ ਸਿੰਘ ਬਰਾੜ** : ਸਪੀਕਰ ਸਾਹਿਬ, ਮੇਰੇ ਦੋਸਤ ਵੀ ਵਕੀਲ ਹਨ ਔਰ ਵਕੀਲਾਂ ਵਾਂਗ ਹੀ ਜਵਾਬ ਦਿੰਦੇ ਹਨ। ਮੈਂ ਪੁੱਛਿਆ ਹੈ ਕਿ ਕਦੋਂ ਤਕ ਫੈਬਰੀਕੇਟ ਕਰ ਕੇ ਬਸ ਸਰਵਿਸ ਚਾਲੂ ਕਰ ਦੇਣਗੇ ? (ਵਿਘਨ)

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਸਵਾਲ ਚੰਗੀ ਤਰ੍ਹਾਂ ਸੁਣਾਈ ਨਹੀਂ ਦਿਤਾ, ਇਨ੍ਹਾਂ ਨੂੰ ਕਹੋ ਕਿ ਦੁਬਾਰਾ ਸਵਾਲ ਕਰ ਦੇਣ ।

**ਸਰਦਾਰ ਗੁਰਨੈਬ ਸਿੰਘ ਬਰਾੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਕਦੋਂ ਤਕ ਇਹ ਬਸਾਂ ਫੈਬਰੀਕੇਟ ਕਰਕੇ ਚਾਲੂ ਕਰ ਦੇਣਗੇ ? ਜੇ ਇਹ ਬਸਾਂ ਨਹੀਂ ਤਾਂ ਕੋਈ ਹੋਰ ਨਵੀਆਂ ਬਸਾਂ ਲੈ ਕੇ, ਨਵੀਆਂ ਚੈਸੀਆਂ ਲੈ ਕੇ ਬਸ ਸਰਵਿਸ ਚਾਲੂ ਕਰਵਾ ਦੇਣਗੇ ਅਤੇ ਇਹ ਕਦੋਂ ਤਕ ਕਰਵਾ ਦੇਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਹੋਰ ਵੀ ਕਰ ਰਹੇ ਹਾਂ । ਨਵੀਆਂ ਡੀਲਕਸ ਬਸਾਂ ਲੈ ਕੇ ਜਲਦੀ ਤੋਂ ਜਲਦੀ ਚਾਲੂ ਕਰਾਂਗੇ । ਟਾਈਮ ਫਿਕਸ ਕਰਨਾ ਸੰਭਵ ਨਹੀਂ ਹੈ ।

**ਸ੍ਰੀ ਸੰਤ ਰਾਮ ਸਿੰਗਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪਹਿਲਾਂ ਤਾਂ ਇਸ ਗਲ ਦੀ ਮੁਬਾਰਕਬਾਦ ਦਿੰਦਾ ਹਾਂ ਕਿ ਜਿਹੜੀਆਂ ਪੰਜਾਬ ਦੀਆਂ ਡੀਲਕਸ ਬਸਾਂ ਚਲ ਰਹੀਆਂ ਹਨ ਉਹ ਹਰਿਆਣਾ ਦੀਆਂ ਬਸਾਂ ਨਾਲੋਂ ਵੀ ਸ਼ਾਨਦਾਰ ਹਨ । ਦੂਸਰੇ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਕ ਬੱਸ ਪਟਿਆਲਾ ਤੋਂ ਕੁਲੂ ਮਨਾਲੀ ਚਲਦੀ ਸੀ, ਉਹ ਹੁਣ ਬੰਦ ਹੋ ਗਈ ਹੈ, ਕੀ ਉਸ ਨੂੰ ਦੋਬਾਰਾ ਚਾਲੂ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਉਸ ਬੱਸ ਦੀ ਰਸੀਟ ਐਨਕਰਾਜੰਗ ਨਹੀਂ ਸੀ, ਇਸ ਲਈ ਫੈਸਲਾ ਕੀਤਾ ਸੀ ਕਿ ਉਹ ਵਾਇਆ ਚੰਡੀਗੜ੍ਹ ਹੋ ਕੇ ਜਾਏ, ਅਗਰ ਉਥੇ ਦੀ ਲੋੜ ਮਹਿਸੂਸ ਹੋਈ ਤਾਂ ਜ਼ਰੂਰ ਵਿਚਾਰ ਕਰ ਲਵਾਂਗੇ ।

## Pipes for Water Supply

*2177. **Sardar Jagat Singh** : Will the Minister of State for Rehabilitation and Industries be pleased to state whether it is a fact that the pipes laid for water supply in the villages of Tehsil Kharar are of very small diameter and at certain places these pipes are of one inch diameter only because of which water does not pass through it smoothly; if so, the steps taken or proposed to be taken by the Government for the solution of this problem ?

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਤਹਿਸੀਲ ਖਰੜ ਦੇ ਪਿੰਡਾਂ ਵਿਚ ਵਾਟਰ ਸਪਲਾਈ ਲਈ ਲਗਾਏ ਗਏ ਪਾਈਪ ਅੱਠ ਇੰਚ ਤੋਂ ਲੈ ਕੇ ਇਕ ਇੰਚ ਵਿਆਸ ਤੱਕ ਦੇ ਹਨ । ਇਹ ਕਹਿਣਾ ਠੀਕ ਨਹੀਂ ਕਿ ਛੋਟੇ ਵਿਆਸ ਦੀਆਂ ਪਾਈਪਾਂ ਸਮੇਤ ਇਕ ਇੰਚ ਵਿਆਸ ਦੀਆਂ ਪਾਈਪਾਂ ਰਾਹੀਂ ਪਾਣੀ ਅਸਾਨੀ ਨਾਲ ਨਹੀਂ ਲੰਘਦਾ । ਉਕਤ ਨੂੰ ਮੁੱਖ ਰਖਦੇ ਹੋਏ ਇਸ ਸਬੰਧ ਵਿਚ ਨਾ ਤਾਂ ਕੋਈ ਕਦਮ ਚੁਕੇ ਗਏ ਹਨ ਅਤੇ ਨਾ ਹੀ ਕੋਈ ਕਦਮ ਚੁਕਣ ਦੀ ਤਜਵੀਜ਼ ਹੈ ।

**ਸਰਦਾਰ ਜਗਤ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਸਾਰੇ ਪਾਸਿਉਂ ਮੁਕਰੀ ਜਾਂਦੇ ਹਨ । ਇਹ ਕਹਿੰਦੇ ਹਨ ਕਿ ਨਾ ਸੋਚਣਾ ਹੈ ਅਤੇ ਨਾ ਹੀ ਸੋਚਿਆ ਹੈ, ਫਿਰ ਇਹ ਮੰਤਰੀ ਕਿਹੜੀ ਗੱਲ ਦੇ ਬਣੇ ਹਨ ? ਤੁਸੀਂ ਕੀ ਕਰੋਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਦਾ ਜੋ ਸੁਆਲ ਹੈ ਉਸ ਦੇ ਮੁਤਾਬਕ ਜਵਾਬ ਦੇ ਦਿਤਾ ਹੈ । ਅਗਲੀ ਗਲ ਜਿਹੜੀ ਕਹੀ ਹੈ ਕਿ ਮੰਤਰੀ ਕਾਹਨੂੰ ਬਣੇ ਹੋ । ਮੈਨੂੰ 20 ਸਾਲ ਹੋ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ. ਮੁੜ ਵਸਾਊ ਅਤੇ ਉਦਯੋਗ]

ਗਏ ਹਨ ਐਮ. ਐਲ. ਏ. ਬਣੇ ਨੂੰ, ਹੁਣ ਦੋ ਢਾਈ ਸਾਲ ਹੋਏ ਹਨ ਮੰਤਰੀ ਬਣੇ ਨੂੰ, ਅਸੀਂ ਪੂਰਾ ਜਵਾਬ ਦਿੰਦੇ ਹਾਂ। ਪੰਜਾਬ ਸਰਕਾਰ ਨੇ ਕੰਡੀ ਏਰੀਆ ਵਿਚ ਨਵੇਂ ਟਿਊਬ ਵੈਲਜ਼ ਲਾਉਣ ਲਈ ਇਕ ਕਰੋੜ ਰੁਪਿਆ ਰਖਿਆ ਹੈ, ਫਿਰ ਸਾਢੇ ਗਿਆਰਾ ਕਰੋੜ ਰੁਪਿਆ ਪੰਜਾਬ ਦੇ ਨਵੇਂ ਪ੍ਰੋਜੈਕਟਸ ਵਾਸਤੇ, ਜਿਨ੍ਹਾਂ ਵਿਚ ਪਾਈਪਸ ਠੀਕ ਕਰਨੇ ਹਨ, ਹੋਰ ਕਈ ਚੀਜ਼ਾਂ ਹਨ ਔਰ ਅਗਰ ਜਿਥੇ ਪਾਣੀ ਨਹੀਂ ਪਹੁੰਚਦਾ ਉਥੇ ਪਾਣੀ ਪਹੁੰਚਾਉਣਾ ਹੈ, ਇਹ ਦੱਸ ਦੇਣ, ਅਗਰ ਕਿਤੇ ਪਾਣੀ ਨਹੀਂ ਪਹੁੰਚਦਾ, ਅਸੀਂ ਪਾਣੀ ਪਹੁੰਚਾ ਦਿਆਂਗੇ ।

**ਸਰਦਾਰ ਜਗਤ ਸਿੰਘ** : ਸਪੀਕਰ ਸਾਹਬ, ਪਾਣੀ ਅਗੇ ਜਾਕੇ ਬਹੁਤ ਘੱਟ ਜਾਂਦਾ ਹੈ ਕਿਉਂਕਿ ਪਾਈਪਸ ਦਾ ਡਾਇਆਮੀਟਰ ਬਹੁਤ ਘੱਟ ਜਾਂਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਕੀ ਉਥੇ ਪਾਣੀ ਦੀ ਸਪਲਾਈ ਦਾ ਠੀਕ ਪ੍ਰਬੰਧ ਕਰਨਗੇ ?

**ਸ਼੍ਰੀ ਸਪੀਕਰ** : ਉਨ੍ਹਾਂ ਨੇ ਕਹਿ ਦਿਤਾ ਹੈ ਕਿ ਉਹ ਵੇਖ ਲੈਣਗੇ ।

## Purchase of Wheat

*2158. **Seth Khushal Chand**: Will the Minister of State for Food and Supplies be pleased to state —

(a) whether it is a fact that the purchase of wheat during crop season 1983-84 was initially entrusted to the Food Corporation of India at Jalalabad, District Ferozepur ;

(b) whether the arrangement referred to in part(a) above, was subsequently changed and the work of purchase was given to the Food and Supplies Department, Punjab Government : if so, the reasons thereof ?

**ਸ਼੍ਰੀ ਭਗਵਾਨ ਦਾਸ** : (ੳ) ਹਾਂ ਜੀ।

(ਅ) ਹਾਂ ਜੀ। ਐਸ.ਆਰ.ਐਮ. ਐਫ. ਸੀ. ਆਈ./ਡਿਪਟੀ ਕਮਿਸ਼ਨਰ ਫਿਰੋਜ਼ਪੁਰ ਵੱਲੋਂ ਰਿਪੋਰਟਾਂ ਪ੍ਰਾਪਤ ਹੋਈਆਂ ਸਨ ਕਿ ਐਫ.ਸੀ.ਆਈ. ਜਲਾਲਾਬਾਦ ਵਿਖੇ ਕਣਕ ਦੀ ਖਰੀਦ ਕਰਨ ਲਈ ਅਸਮਰਥ ਹੈ। ਇਸ ਲਈ ਇਹ ਮੰਡੀ ਰਾਜ ਦੀਆਂ ਦੂਜੀਆਂ ਏਜੰਸੀਆਂ ਭਾਵ ਰਾਜ ਸਰਕਾਰ ਮਾਰਕਫੈਡ/ਪਨਸਪ ਨੂੰ ਕਣਕ ਦੀ ਖਰੀਦ ਲਈ ਦੇ ਦਿਤੀ ਗਈ ਸੀ ।

**ਸੇਠ ਖੁਸ਼ਹਾਲ ਚੰਦ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਕਣਕ ਪਿਛੇ ਜਿਹੇ ਪੰਜਾਬ ਗੌਰਮਿੰਟ ਨੇ ਖਰੀਦੀ ਹੈ ਉਹ ਕਿਹੜੇ ਸਟੋਰਾਂ ਵਿਚ ਸਟਾਕ ਕੀਤੀ ਗਈ ਹੈ ?

**ਰਾਜ ਮੰਤਰੀ** : ਇਹ ਮੈਂਬਰ ਸਾਹਿਬ ਦਾ ਨਵਾਂ ਸੁਆਲ ਹੈ, ਇਹ ਲਿਖਕੇ ਦੇ ਦੇਣ, ਮੈਂ ਜਵਾਬ ਦੇ ਦਿਆਂਗਾ ।

**ਸੇਠ ਖੁਸ਼ਹਾਲ ਚੰਦ** : ਸਪੀਕਰ ਸਾਹਿਬ, ਪੰਜਾਬ ਗੌਰਮਿੰਟ ਨੇ ਜਿਹੜੀ ਕਣਕ ਖਰੀਦੀ ਸੀ ਉਹ ਇਕ ਕਾਂਗਰਸੀ ਆਦਮੀ ਦੇ ਸ਼ੈਲਰ ਤੇ ਸਟਾਕ ਕੀਤੀ ਗਈ ਹੈ। ਉਥੋਂ ਜਦੋਂ ਵੈਗਨਾਂ ਵਿਚ ਲੋਡ ਹੋ ਕੇ ਜਾਏ ਕੀ ਕਿਸੇ ਅਫਸਰ ਦੀ ਨਿਗਰਾਨੀ ਹੇਠ ਲੋਡ ਕਰਵਾਉਣਗੇ ਤਾਕਿ ਮੁਆਇਸਚਰ

Original with;
Punjab Vidhan Sabha
Digitized by;
Panjab Digital Library

ਕਾਰਨ ਐਕਸੈਸ ਜਿਹੜੀ ਹੁੰਦੀ ਹੈ ਉਹ ਸਰਕਾਰ ਕੋਲ ਰਹੇ। ਉਸ ਸ਼ੈਲਰ ਵਾਲੇ ਉਹ ਐਕਸੈਸ ਆਪ ਰਖ ਲੈਂਦੇ ਹਨ।

**ਰਾਜ ਮੰਤਰੀ** : ਜੋ ਮੈਂਬਰ ਸਾਹਿਬ ਕਹਿੰਦੇ ਹਨ, ਬਿਲਕੁਲ ਗਲਤ ਹੈ। ਜਿਹੜੀ ਵੀ ਐਕਸੈਸ ਹੈ ਉਹ ਗੌਰਮਿੰਟ ਕੋਲ ਜਾਂਦੀ ਹੈ। ਬਾਕੀ ਕਿਸੇ ਨਾ ਕਿਸੇ ਸਟੋਰ ਵਿਚ ਤਾਂ ਰਖਣੀ ਹੈ।

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਲੱਖਾਂ ਰੁਪਏ ਦੀ ਗੰਦਮ ਜਲੰਧਰ ਸ਼ਹਿਰ ਵਿਚ ਪਾਣੀ ਨਾਲ ਭਿਜ ਗਈ ਸੀ ਔਰ ਉਹ ਖਰਾਬ ਹੋ ਗਈ ਹੈ। ਉਸ ਕਣਕ ਦਾ ਆਟਾ ਬਣਵਾ ਕੇ ਰਾਸ਼ਨ ਬਣਵਾ ਕੇ ਰਾਸ਼ਨ ਕਾਰਡਾਂ ਤੇ ਦਿਤਾ ਜਾ ਰਿਹਾ ਹੈ ਜਿਸ ਨਾਲ ਲੋਕ ਬੀਮਾਰ ਹੋ ਰਹੇ ਹਨ। ਇਹ ਜਿਸ ਅਫਸਰ ਦੀ ਅਨਗਹਿਲੀ ਨਾਲ ਨੁਕਸਾਨ ਹੋਇਆ ਹੈ ਕੀ ਉਸ ਅਫਸਰ ਦੇ ਖਿਲਾਫ ਐਕਸ਼ਨ ਲੈਣਗੇ ?

**ਰਾਜ ਮੰਤਰੀ** : ਸਪੀਕਰ ਸਹਿਬ, ਮਾਨਯੋਗ ਮੈਂਬਰ ਨੇ ਨਵਾਂ ਸੁਆਲ ਕੀਤਾ ਹੈ, ਇਹ ਨੋਟਿਸ ਦੇ ਦੇਣ, ਜਵਾਬ ਦੇ ਦਿਆਂਗੇ। ਬਾਕੀ ਰਾਸ਼ਨ ਤੇ ਕੋਈ ਮਾੜੀ ਕਣਕ ਨਹੀਂ ਦਿਤੀ ਜਾ ਰਹੀ।

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਨਵਾਂ ਸੁਆਲ ਕੀਤਾ ਹੈ, ਅਖਬਾਰਾਂ ਵਿਚ ਐਡੀਆਂ ਵਡੀਆਂ ਖਬਰਾਂ ਨਿਕਲੀਆਂ ਹਨ ਕਿ ਜਲੰਧਰ ਵਿਚ ਕਣਕ ਭਿਜ ਕੇ ਖਰਾਬ ਹੋ ਗਈ ਹੈ। ਇਹ ਅਸ਼ੋਰੈਂਸ ਦੇਣ ਕਿ ਖਰਾਬ ਔਰ ਭਿਜੀ ਹੋਈ ਕਣਕ ਦਾ ਆਟਾ ਡਿਪੂਆਂ ਤੇ ਨਹੀਂ ਦਿਤਾ ਜਾਏਗਾ ?

**ਰਾਜ ਮੰਤਰੀ** : ਸਪੀਕਰ ਸਾਹਿਬ, ਅਸਲ ਸੁਆਲ ਜਲਾਲਾਬਾਦ ਦੇ ਸੈਂਟਰ ਬਦਲਣ ਦਾ ਸੀ, ਇਹ ਹੋਰ ਗਲ ਲੈ ਆਂਦੀ ਹੈ। ਇਹ ਨੋਟਿਸ ਦੇ ਦੇਣ, ਜਵਾਬ ਦੇ ਦਿਆਂਗੇ।

**ਸੇਠ ਖੁਸ਼ਹਾਲ ਚੰਦ** : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਹੈ ਕਿ ਜਿਹੜੀਆਂ ਵੈਗਨਾਂ ਲੋਡ ਹੋਣਗੀਆਂ ਕੀ ਉਹ ਕਿਸੇ ਅਫਸਰ ਦੀ ਨਿਗਰਾਨੀ ਹੇਠ ਹੋਣਗੀਆਂ ਅਤੇ ਜਿਹੜੀ ਐਕਸੈਸ ਹੈ ਕੀ ਉਹ ਗੌਰਮਿੰਟ ਕੋਲ ਰਹੇਗੀ ?

**ਰਾਜ ਮੰਤਰੀ** : ਸਾਡੀ ਸਰਕਾਰ ਨੇ ਐਕਸੈਸ ਲਈ ਹੈ ਔਰ ਲੈਂਦੀ ਹੈ।

**ਸ੍ਰੀ ਸਪੀਕਰ** : ਮੰਤਰੀ ਜੀ ਉਨ੍ਹਾਂ ਨੇ ਕਿਹਾ ਹੈ ਕਿ ਕਿਸੇ ਗਜ਼ਟਿਡ ਅਫਸਰ ਦੀ ਡਿਊਟੀ ਲਗਾਓ ਤਾਕਿ ਮੁਆਇਸਚਰ ਕਾਰਨ ਜਿਹੜੀ ਕਣਕ ਵਧਦੀ ਹੈ ਉਹ ਸਰਕਾਰ ਦੇ ਖਜ਼ਾਨੇ ਵਿਚ ਜਾਏ।

**ਰਾਜ ਮੰਤਰੀ** : ਮੈਂ ਕਿਹਾ ਹੈ ਕਿ ਐਕਸੈਸ ਸਾਨੂੰ ਮਿਲਦੀ ਹੈ, ਅਗਰ ਕਿਤੇ ਖਦਸ਼ਾਹ ਹੈ ਤਾਂ ਦੱਸਣ, ਅਸੀਂ ਫੌਰੀ ਤੌਰ ਤੇ ਇਨਕੁਆਇਰੀ ਕਰਵਾ ਲਵਾਂਗੇ।

**Finance Minister** (Doctor Kewal Krishan) : Sir, I beg to introduce the Code of Criminal Procedure (Punjab Amendment) Bill.

Sir, I also beg to move—

That the Code of Criminal Procedure (Punjab Amendment) Bill be taken into consideration at once.

**Mr. Deputy Speaker** : Motion moved—

That the Code of Criminal Procedure (Punjab Amendment) Bill be taken into consideration at once.

The practice in the past has been that the resolution disapproving the Ordinance and the Bill seeking its replacement are discussed together though voting takes place on each item separately. If the House agrees, the resolution dissppproving the Ordinance and the Bill be discussed together.

(*Voices* : Yes, Yes.)

**Mr. Deputy Speaker**: Both the motions will be discussed together.

**ਕਾਮਰੇਡ ਰਾਜ ਕੁਮਾਰ** (ਧਾਰੀਵਾਲ): ਸਰ, ਮੈਂ ਇਸ ਆਰਡੀਨੈਂਸ ਨੂੰ ਬਿਲ ਦਾ ਰੂਪ ਦੇਣ ਵਾਸਤੇ ਲਿਆਂਦੇ ਗਏ ਇਸ ਬਿਲ 2530 ਐਲ. ਏ. 1983 ਦੀ ਮੁਖਾਲਫਤ ਕਰਨ ਲਈ ਖੜ੍ਹਾ ਹੋਇਆ ਹਾਂ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇਸ ਬਿਲ ਦੇ ਲਿਆਉਣ ਦੇ ਮਕਸਦਾਂ ਸਬਧੀ ਕੀਤੀ ਸਟੇਟਮੈਂਟ ਵੱਲ ਲਿਆਉਣਾ ਚਾਹੁੰਦਾ ਹਾਂ। ਲਿਖਿਆ ਇਸ ਤਰ੍ਹਾਂ ਹੈ:—

"In the course of the current Akali Agitation, the extra ordinary circumstances are prevailing in the State of Punjab. In view of such

Original with;
Punjab Vidhan Sabha
Digitized by;
Panjab Digital Library

circumstances it was considered expedient to confer certain powers under the Code of Criminal Procedure, 1973 onthe Exeoutive Magistrates in the State for a temporary period. To achieve this object the Code of Criminal Procedure (Punjab Amendment) Ordinance, 1983, was promulgated. Now it is proposed to convert the said Ordinance into an Act".

ਡਿਪਟੀ ਸਪੀਕਰ ਸਾਹਿਬ, ਕਿਸੇ ਐਜੀਟੇਸ਼ਨ ਨੂੰ ਡੀਲ ਕਰਨ ਵਾਸਤੇ ਜੇ ਕੋਈ ਮਯੀਅਰ ਲਿਆ ਜਾਏ ਜਿਹੜਾ ਸਾਡੇ ਅਡਾਪਟਿਡ ਪ੍ਰਿੰਸੀਪਲਜ਼ ਦੀਆਂ ਵੀ ਜੜ੍ਹਾਂ ਕੱਟੇ, ਹਰ ਦੇਸ਼ ਭਗਤ ਔਰ ਇਸ ਮੁਲਕ ਦੇ ਅੰਦਰ ਡੈਮੋਕਰੇਸੀ ਦੇ ਵਿਚ ਯਕੀਨ ਰੱਖਣ ਵਾਲੇ ਵਿਅਕਤੀ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਉਸ ਉਤੇ ਰੀਐਕਟ ਕਰੇ। ਜੋ ਮੈ ਹੁਣ ਕਹਿਣ ਲੱਗਾ ਹਾਂ ਇਹ ਸਾਡਾ ਇਸ ਆਰਡੀਨੈਂਸ ਸਬੰਧੀ ਰੀਐਕਸ਼ਨ ਹੈ। ਡਿਪਟੀ ਸਪੀਕਰ ਸਾਹਿਬ, ਜਦੋਂ ਕ੍ਰਿਮੀਨਲ ਪਰੋਸੀਜ਼ਰ ਕੋਡ ਦੀ ਅਮੈਂਡਮੈਂਟ ਸਬੰਧੀ 1964 ਵਿਚ ਇਸ ਸਦਨ ਨੇ ਬਹਿਸ ਕੀਤੀ ਸੀ ਤਾਂ ਉਸ ਵਕਤ ਜਿਹੜੀ ਮੁਖਾਲਫਿਤ ਸੀ ਜੁਡੀਸ਼ੀਅਰੀ ਨੂੰ ਐਗਜ਼ੈਕਟਿਵ ਤੋਂ ਵੱਖਰਾ ਕਰਨ ਵਾਲੀ ਉਸ ਵਕਤ ਵੀ ਉਨ੍ਹਾਂ ਦੇ ਬਿਲਕੁਲ ਇਹ ਲਫਜ਼ ਸਨ ਕਿ ਪਬਲਿਕ ਆਰਡਰ ਮੇਨਟੇਨ ਕਰਨ ਵਾਸਤੇ ਅਤੇ ਪੀਸ ਵਾਸਤੇ ਜ਼ਰੂਰੀ ਹੈ ਕਿ ਇਹ ਸੇਪਰੇਸ਼ਨ ਨਾ ਹੋਏ। ਇਕ ਹੋਰ ਦਲੀਲ ਦਿੱਤੀ ਗਈ ਸੀ ਕਿ ਇਹ ਸੈਪਰੇਸ਼ਨ ਇਸ ਕਰਕੇ ਇਥੇ ਨਾ ਕੀਤੀ ਜਾਏ ਕਿਉਂਕਿ ਪੰਜਾਬ ਦੇ ਅੰਦਰ ਐਕਸਟਰਾ ਆਰਡੀਨਰੀ ਕਿਸਮ ਦੀ ਕਮਿਊਨਲ ਅਵਸਥਾ ਹੈ ਔਰ ਇਹ ਲਗਾਤਾਰ ਹੈ। ਇਸ ਨੂੰ ਡੀਲ ਕਰਨ ਦੇ ਰਾਹ ਵਿਚ ਰੁਕਾਵਟ ਅਗਰ ਪੈ ਗਈ ਐਗਜ਼ੈਕਟਿਵ ਨੂੰ ਜੁਡੀਸ਼ਿਅਰੀ ਨਾਲੋਂ ਵੱਖਰਾ ਕੀਤਿਆਂ ਤਾਂ ਇਹ ਠੀਕ ਨਹੀਂ ਹੋਵੇਗਾ। ਇਹ ਮੈਂ ਜੋ ਅੱਖਰ ਤੁਹਾਡੇ ਸਾਹਮਣੇ ਕਹਾਂਗਾ ਇਹ ਉਸ ਡੀਬੇਟ ਦੇ ਵਿਚ ਹਨ ਜਿਹੜੇ ਆਨਰੇਬਲ ਮੈਂਬਰ ਉਸ ਸਦਨ ਵਿਚ ਉਸ ਵੇਲੇ ਹਿੱਸਾ ਲੈ ਰਹੇ ਸਨ ਉਨ੍ਹਾਂ ਦੇ ਅੱਖਰ ਹਨ ਉਹਨਾਂ ਦੀ ਬਹਿਸ ਦੇ ਦੌਰਾਨ ਜਿਹੜੇ ਸਵਾਲਆਤ ਉਠੇ ਸਨ ਉਨ੍ਹਾਂ ਦਾ ਉਸ ਦੇ ਵਿਚ ਜ਼ਿਆਦਾ ਜ਼ਿਕਰ ਆਏਗਾ। ਇਹੋ ਹੀ ਹਾਊਸ ਸੀ। ਅਕਤੂਬਰ ਦੇ ਵਿਚ ਬਿਲ ਸੀ ਸੈਪਰੇਸ਼ਨ ਆਫ ਜੁਡੀਸ਼ੀਅਰੀ ਦਾ ਜਿਹੜੀ ਇਥੇ ਡੀਬੇਟ ਹੋ ਰਹੀ ਸੀ। ਦੋ ਅਕਤੂਬਰ ਦਾ ਦਿਨ ਮਨਾਉਣਾ ਸੀ ਔਰ ਉਸਦੇ ਵਿਚ ਬਹੁਤ ਵੱਡਾ ਕਲੇਮ ਕਰਨਾ ਸੀ ਕਿ ਅਸੀਂ ਆਪਣੇ ਮੁਲਕ ਦੇ ਬਾਰੇ ਜੋ ਫਰਜ਼ ਹਨ ਉਨ੍ਹਾਂ ਨੂੰ ਨਿਭਾਉਣ ਵਿਚ ਅਤੇ ਉਸ ਤੋਂ ਸੁਰਖਰੂ ਹੋਣ ਵਿਚ ਕਾਮਯਾਬ ਹੋਏ ਹਾਂ। ਇਸ ਕਰਕੇ 1964 ਦਾ ਬਿਲ 2 ਅਕਤੂਬਰ ਦਾ ਦਿਨ ਕਿਉਂਕਿ ਵਿਸ਼ੇਸ਼ ਤੌਰ ਤੇ ਮਨਾਉਣਾ ਸੀ, ਇਸ ਵਾਸਤੇ ਲਿਆਂਦਾ ਗਿਆ। ਉਸ ਵਕਤ ਤੁਹਾਡੀ ਜਗ੍ਹਾ ਤੇ ਡਿਪਟੀ ਸਪੀਕਰ ਸਾਹਿਬ, ਸ਼੍ਰੀਮਤੀ ਸ਼ਨੋ ਦੇਵੀ ਜੀ ਡਿਪਟੀ ਸਪੀਕਰ ਦੇ ਤੌਰ ਤੇ ਬੈਠੇ ਸਨ। ਉਨ੍ਹਾਂ ਨੇ ਕਾਲ੍ਹੀ ਕਾਲ੍ਹੀ ਵਿਚ ਕਿਹਾ ਸੀ ਕਿ ਅੱਜ ਭਾਵੇਂ ਜਿੰਨਾ ਚਿਰ ਵੀ ਲੇਟ ਬੈਠਣਾ ਪਵੇ ਬੈਠੋ ਔਰ ਬੈਠ ਕੇ ਇਸ ਸ਼ਾਨਦਾਰ ਮਯੀਅਰ ਨੂੰ ਕਾਮਯਾਬ ਕਰਕੇ ਜਾਓ। ਡਿਪਟੀ ਸਪੀਕਰ ਸਾਹਿਬ, ਜਿਸ ਵਕਤ ਜੁਡੀਸ਼ੀਅਰੀ ਨੂੰ ਐਗਜ਼ੈਕਟਿਵ ਨਾਲੋਂ ਸੈਪਰੇਟ ਕਰਨ ਦੇ ਸਿਲਸਿਲੇ ਵਿਚ ਬਿਲ ਡਿਸਕਸ ਹੋ ਰਿਹਾ ਸੀ ਉਸ ਵਕਤ ਉਸ ਵੇਲੇ ਦੇ ਚੀਫ ਮਨਿਸਟਰ ਸਾਹਿਬ ਨੇ ਜੋ ਦਲੀਲਾਂ ਦਿਤੀਆਂ ਮੈਂ ਉਹ ਦੱਸਦਾ ਹਾਂ, ਮੈਂ ਉਨ੍ਹਾਂ ਦਲੀਲਾਂ ਤੋਂ ਕੋਈ ਵੱਖਰੀ ਦਲੀਲ ਨਹੀਂ ਦੇਣੀ। ਉਹ ਚੀਫ ਮਨਿਸਟਰ ਕਾਂਗਰਸ ਪਾਰਟੀ ਦੇ ਸਨ। ਜਿਹੜਾ ਸਭ ਤੋਂ ਵੱਡਾ ਕਲੇਮ ਸੀ ਉਹ ਇਹ ਸੀ ਕਿ ਸਾਡੇ ਵਿਧਾਨ ਦੇ ਡਾਇਰੈਕਟਿਵ ਪ੍ਰਿੰਸੀਪਲਜ਼ ਜਿਹੜੇ ਹਨ ਉਹ ਸਾਡੇ ਤੇ ਇਕ ਜ਼ਿੰਮੇਂਵਾਰੀ ਐਨਜੋਆਇਨ ਕਰਦੇ ਹਨ ਕਿ ਅਸੀਂ ਛੇਤੀ ਤੋਂ ਛੇਤੀ ਜੁਡੀਸ਼ੀਅਰੀ ਨੂੰ ਇਨ ਟੋਟੋ ਐਗਜ਼ੈਕਟਿਵ ਦੇ ਨਾਲੋਂ ਅਲਹਿਦਾ ਕਰੀਏ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਔਰ ਇਸ ਸਬੰਧ ਵਿਚ ਡਿਪਟੀ ਸਪੀਕਰ ਸਾਹਿਬ, ਵਿਧਾਨ ਵਿਚ ਜਿਹੜੇ ਡਾਇਰੈਕਟਿਵ ਪ੍ਰਿੰਸੀਪਲਜ਼ ਹਨ ਉਸਦਾ ਨੰਬਰ 50 ਹੈ। ਮੈਂ ਉਸਦੇ ਅੱਖਰ ਪੜ੍ਹਨੇ ਚਾਹੁੰਦਾ ਹਾਂ। ਉਹ ਇਸ ਪਰਕਾਰ ਹਨ —

'The State shall take steps to seperate the Judiciary from the Executive in the Public service of State.'

ਡਿਪਟੀ ਸਪੀਕਰ ਸਾਹਿਬ, ਕਾਂਸਟੀਚਿਊਸ਼ਨ ਪਾਸ ਕਰਨ ਤੋਂ ਬਾਅਦ ਸੈਂਟਰਲ ਗੌਰਮਿੰਟ ਨੇ ਆਪਣੇ ਫਰਜ਼ ਨੂੰ ਨਿਭਾਉਣ ਵਾਸਤੇ ਲਾਅ ਕਮਿਸ਼ਨ ਸੈਟ ਅਪ ਕੀਤਾ। ਲਾਅ ਕਮਿਸ਼ਨ ਨੇ ਕੁਝ ਰਿਕੁਮੈਂਡੇਸ਼ਨਜ਼ ਕੀਤੀਆਂ। ਇਨ੍ਹਾਂ ਵਿਚੋਂ ਇਕ ਇਹ ਰਿਕੁਮੈਂਡੇਸ਼ਨ ਸੀ ਕਿ ਆਉਂਦੇ ਦਸਾਂ ਸਾਲਾਂ ਵਿਚ ਹਿੰਦੁਸਤਾਨ ਦੀਆਂ ਸਾਰੀਆਂ ਸਟੇਟਾਂ ਜੁਡੀਸ਼ਰੀ ਨੂੰ ਐਗਜ਼ੈਕਟਿਵ ਨਾਲੋਂ ਅਲਹਿਦਾ ਕਰਨ ਵਾਸਤੇ ਮਯੀਅਰਜ਼ ਲੈਣ। ਉਸ ਵੇਲੇ ਪੈਪਸੂ ਹਕੂਮਤ ਸੀ ਅਤੇ ਉਸ ਨੇ ਪੰਜਾਬ ਤੋਂ ਪਹਿਲਾਂ ਇਹ ਕੰਮ ਕਰ ਲਿਆ ਸੀ। ਉਸ ਵੇਲੇ ਦੇ ਪੰਜਾਬ ਦੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਇਸ ਤੇ ਅਸੀਂ ਸ਼ਰਮਿੰਦਾ ਹਾਂ ਕਿ ਅਸੀਂ ਇਹ ਕੰਮ ਜਲਦੀ ਨਹੀਂ ਕਰ ਸਕੇ ਹਾਂ ਅਤੇ 12 ਸਾਲ ਹੋ ਗਏ ਹਨ ਅਤੇ ਅਸੀਂ ਨਹੀਂ ਕਰ ਸਕੇ ਹਾਂ। ਅੱਜ ਇਹ ਚੀਜ਼ ਇਸ ਹਾਊਸ ਵਿਚ ਲਿਆਂਦੀ ਗਈ ਹੈ ਜਿਸ ਤੇ ਹਾਊਸ ਦੇ ਹਰ ਪੱਖ ਵਲੋਂ ਵਧਾਈਆਂ ਦਿਤੀਆਂ ਗਈਆਂ ਹਨ। ਮੈਂ ਸਾਰੀ ਚੀਜ਼ ਪੜ੍ਹੀ ਹੈ ਕਿਸੇ ਨੇ ਇਸ ਗਲ ਦੀ ਮੁਖਾਲਫਿਤ ਨਹੀਂ ਕੀਤੀ ਬਲਕਿ ਪਰਸੰਸਾ ਕੀਤੀ ਹੈ। ਬੜੀ ਅਜ਼ੀਬ ਗੱਲ ਹੈ ਕਿ ਤਾਰੀਖ ਦਾ ਪਹੀਆ ਜਿਹੜਾ ਕਿ ਕਾਨੂੰਨ ਦੇ ਮੁਤਾਬਿਕ ਕੁਦਰਤ ਦੇ ਕਾਨੂੰਨ ਦੇ ਮੁਤਾਬਿਕ ਲਗਾਤਾਰ ਅੱਗੇ ਨੂੰ ਵਧਦਾ ਜਾ ਰਿਹਾ ਹੈ ਉਸ ਨੂੰ ਆਰਟੀਫੀਸ਼ਲ ਦਲੀਲ ਦੇ ਕੇ ਪੁਠਾ ਲਿਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਲਫਜ਼ ਉਹ ਵਰਤਿਆ ਜਾ ਰਿਹਾ ਹੈ ਜਿਹੜਾ ਜੁਡੀਸ਼ੀਅਰੀ ਐਗਜ਼ੈਕਟਿਵ ਨੂੰ ਇਕੱਠਾ ਕਰਨ ਦੇ ਹੱਕ ਵਿਚ ਨਹੀਂ ਸੀ। ਇਹ ਸੁਣਿਆ ਸੀ ਕਿ ਤਾਰੀਖ ਦੀ ਰਫਤਾਰ ਦੋ ਕਦਮ ਅੱਗੇ, ਕਦੇ ਇੱਕ ਕਦਮ ਪਿਛੇ ਅਤੇ ਤਿੰਨ ਕਦਮ ਫਿਰ ਅੱਗੇ ਹੁੰਦੀ ਰਹਿੰਦੀ ਹੈ ਪਰ ਇਸ ਤਰ੍ਹਾਂ ਕਦੇ ਨਹੀਂ ਹੋਇਆ ਜਿਸ ਤਰ੍ਹਾਂ ਕਿ ਹੁਣ ਹੋਣ ਲਗਿਆ ਹੈ। ਮੈਂ ਇਹ ਮਤਾ ਪੇਸ਼ ਕੀਤਾ ਹੈ ਕਿ ਇਹ ਜੋ ਆਰਡੀਨੈਂਸ ਨੂੰ ਬਿਲ ਦੀ ਫਾਰਮ ਵਿਚ ਲਿਆਂਦਾਂ ਜਾ ਰਿਹਾ ਹੈ, ਇਹ ਨਾ ਲਿਆਂਦਾ ਜਾਏ ਮੁਲਕ ਵਿਚ ਕਮਿਊਨਲ ਐਕਟਿਵਿਟੀ ਨੂੰ ਕਰਬ ਕਰਨਾ ਬਹੁਤ ਜ਼ਰੂਰੀ ਹੈ। ਇਹ ਕਮਿਊਨਲ ਟਿੰਜ ਨੂੰ ਹਰ ਪਰਕਾਰ ਨਾਲ ਇਲੀਮੀਨੇਟ ਕਰਨਾ ਜ਼ਰੂਰੀ ਹੈ। ਇਸ ਤੋਂ ਬਗੈਰ ਸਾਡੇ ਮੁਲਕ ਦੀ ਤਰੱਕੀ ਦੀ ਰਫਤਾਰ ਤੇਜ਼ ਨਹੀ ਹੋ ਸਕਦੀ। ਮੇਰੀ ਪਾਰਟੀ ਔਰ ਮੇਰੇ ਸਾਥੀ ਕਮਿਊਨਲਿਜ਼ਮ ਨੂੰ ਇਲੀਮੀਨੇਟ ਕਰਨ ਵਿਚ ਯਕੀਨ ਰਖਦੇ ਹਨ। ਇਹ ਜ਼ਰੂਰੀ ਨਹੀਂ ਕਿ ਜੋ ਬੰਦਿਆ ਦੀ ਖਾਹਿਸ਼ ਹੋਏ ਉਸ ਦੇ ਮੁਤਾਬਿਕ ਹੀ ਚਲਿਆ ਜਾਏ। ਅਗਰ ਅਜਿਹਾ ਨਹੀਂ ਹੁੰਦਾ ਤਾਂ ਐਡਮਨਿਸਟ੍ਰੇਟਿਵ ਮਯੀਅਰਜ਼ ਲੈਕੇ ਇਹ ਕੰਮ ਪੂਰਾ ਕੀਤਾ ਜਾਣਾ ਚਾਹੀਦਾ ਹੈ। ਇਹ ਕਹਿਣਾ ਕਿ ਕਾਮਿਊਨਲਿਜ਼ਮ ਇੱਕ ਪੁਲੀਟੀਕਲ ਪਾਰਟੀ ਦੀ ਕ੍ਰਿਏਸ਼ਨ ਹੈ, ਇਹ ਅੱਧੀ ਟਰੁੱਥ ਹੈ। ਕਮਿਊਨਿਜ਼ਮ ਕਮਿਊਨਲ ਪਾਰਟੀਆਂ ਫੈਲਾਉਂਦੀਆਂ ਹਨ। ਲੇਕਿਨ ਇੱਥੇ ਤਾਂ ਬੁਨਿਆਦੀ ਢਾਂਚਾ ਹੀ ਤਬਦੀਲ ਕਰਨ ਦੀ ਲੋੜ ਹੈ। ਸਾਡਾ ਕਾਂਸਟੀਚਿਊਸ਼ਨ ਸੈਕੂਲਰ ਹੈ, ਡੈਮੋਕ੍ਰੇਟਿਕ ਹੈ। ਇਹ ਸਾਡੀਆ ਖਾਹਸ਼ਾਂ ਹਨ। ਕਮਿਊਨਲਿਜ਼ਮ ਨੂੰ ਮੀਟ ਵਿਦ ਕਰਨ ਵਾਸਤੇ ਅਗਰ ਇਹੋ ਜਿਹੇ ਮਯੀਅਰਜ਼ ਲੈ ਰਹੇ ਹੋ ਤਾਂ ਤੁਹਾਨੂੰ ਮਾਯੂਸੀ ਹੋਏਗੀ। ਜਿਸ ਤਰ੍ਹਾਂ ਹੋਰ ਤੁਸੀਂ ਕਈ ਮਯੀਅਰਜ਼ ਲਏ ਤਾਕਿ ਕਮਿਊਨਲ ਐਕਟਿਵਿਟੀ ਨੂੰ ਕਰਬ ਕੀਤਾ ਜਾ ਸਕੇ ਪਰ ਉਹ ਕਰ ਨਹੀਂ ਸਕੇ। ਸਾਨੂੰ ਆਜ਼ਾਦ ਹੋਇਆਂ ਨੂੰ ਕਿੰਨੇ ਸਾਲ ਹੋ ਗਏ ਹਨ ਅਤੇ ਕਾਂਸਟੀਚਿਊਸ਼ਨ ਬਣਨ ਤੋਂ ਬਾਅਦ ਵੀ ਕਿੰਨਾ ਸਮਾਂ ਬੀਤ ਗਿਆ ਹੈ ਪਰ ਇਹ ਮਜ਼ਬੀ ਵਾਇਰਸ ਅੱਗੇ ਨਾਲੋਂ ਵਧਿਆ ਹੈ ਅਤੇ ਖਤਮ ਨਹੀਂ ਹੋਇਆ। ਇਸ ਨਾਲ ਇਸ ਮੁਲਕ ਦੀ ਯਕਜਹਤੀ ਨੂੰ ਜ਼ਿਆਦਾ ਖਤਰਾ ਹੋਇਆ ਹੈ। ਨਾਰਥ ਈਸਟ ਸਟੇਟਸ ਵਿਚ ਮੈਂ ਗਿਆ ਹਾਂ ਅਤੇ ਉਥੇ ਜਾਕੇ ਮੈਂ

Original with;
Punjab Vidhan Sabha
Digitized by;
Panjab Digital Library

ਹੈਰਾਨ ਹੋਇਆ ਹਾਂ ਜਦੋਂ ਉਥੇ ਦੇ ਲੋਕ ਕਹਿੰਦੇ ਹਨ ਕਿ ਇਹ ਮੇਰਾ ਇਲਾਕਾ ਹੈ, ਮੈਂ ਉਸ ਇਲਾਕੇ ਦਾ ਬੰਦਾ ਹਾਂ ਅਤੇ ਫਿਰ ਉਹ ਕਹਿੰਦਾ ਹੈ ਕਿ ਮੈਂ ਉਸ ਮਜ਼ਬ ਦਾ ਬੰਦਾ ਹਾਂ। ਮਜ਼ਬ ਇਕ ਅਜਿਹੀ ਚੀਜ਼ ਹੈ ਜਿਹੜੀ ਕਿ ਰਾਜਸੀ ਪਾਰਟੀ ਨੂੰ ਬੜੀ ਜ਼ਿੰਮੇਵਾਰੀ ਨਾਲ ਇਸ ਦੇ ਮੁਤੱਲਕ ਕੁਝ ਕਹਿਣਾ ਚਾਹੀਦਾ ਦਾ ਹੈ। ਜੇ ਇਹ ਸੋਚਿਆ ਜਾਏ ਕਿ ਕਮਿਊਨਲਿਜ਼ਮ ਨੂੰ ਕਾਨੂੰਨ ਨਾਲ ਖਤਮ ਕਰ ਦਿਤਾ ਜਾਏ, ਇਹ ਨਹੀਂ ਹੋਏਗਾ। ਇਸ ਪ੍ਰਤੀ ਇਰਾਦਿਆਂ ਦੀ ਗੱਲ ਨਹੀਂ ਬਲਿਕ ਇਸ ਬਾਰੇ ਅਮਲ ਕਰਨ ਦੀ ਲੋੜ ਹੈ। ਜੋ ਪ੍ਰੋਪੋਜ਼ਲਜ਼ ਇਨ੍ਹਾਂ ਦੀ ਤਰਫੋਂ ਆ ਰਹੀਆਂ ਹਨ ਮਿਸਾਲ ਦੇ ਤੌਰ ਤੇ 107/151 ਦੇ ਅਖਤਿਆਰ ਐਗਜ਼ੈਕਟਿਵ ਕੋਲ ਰਖੇ ਗਏ ਹਨ। ਜੇ ਤਜਰਬਾ ਕਰਨਾ ਹੈ ਕਿ ਐਗਜ਼ਕਟਿਵ ਅਤੇ ਜੁਡੀਸ਼ਰੀ ਦੇ ਕਿਸ ਤਰ੍ਹਾਂ ਦੇ ਰਿਲੇਸ਼ਨਜ਼ ਹੋਣ, ਕਿੰਨੇ ਕਿੰਨੇ ਅਖਤਿਆਰਾਤ ਇਨ੍ਹਾਂ ਕੋਲ ਰਹਿਣ ਤਾਂ ਕੁਝ ਲੋਕ ਕਹਿ ਰਹੇ ਹਨ ਕਿ ਜਦੋਂ ਜੁਡੀਸ਼ਰੀ ਐਗਜ਼ੈਕਟਿਵ ਤੋਂ ਅਲਹਿਦਾ ਕਰ ਦਿਤੀ ਗਈ ਸੀ ਥਾਂ ਪਿਛਲੇ ਵਕਤਾਂ ਵਿਚ ਟੈਨਸ਼ਨ ਪੈਦਾ ਹੋਈ, ਇਹ ਦਲੀਲ ਵੀ ਧਿਆਨ ਵਿਚ ਰਖਣ ਦੇ ਕਾਬਲ ਹੈ। 107/151 ਦੇ ਸਿਲਸਿਲੇ ਵਿਚ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਆਇਆ ਇਹ ਸਹੀ ਤੌਰ ਤੇ ਇਸਤੇਮਾਲ ਹੋਈ ਹੈ। 107/151 ਦਾ ਕੁਲੈਕਟਿਵ ਯੂਜ਼ ਸਰਕਾਰ ਨੇ ਕੀਤਾ ਅਤੇ ਇੰਡੀਵੀਜੂਅਲ ਯੂਜ਼ ਪੁਲਿਸ ਨੇ ਕੀਤਾ। ਇਹ 107/151 ਦੇ ਅਖ-ਤਿਆਰਾਤ ਜਦੋਂ ਮੈਜਿਸਟਰੇਟਾਂ ਕੋਲ ਰਹੇ ਤਾਂ ਇਸ ਦਾ ਮਿਸ ਯੂਜ਼ ਹੋਇਆ। ਇਸ ਸਦਨ ਵਿਚ ਮੰਗ ਕੀਤੀ ਗਈ, 1964 ਵਿਚ ਸਾਰੇ ਹਾਊਸ ਵਿਚ ਇਹ ਮੰਗ ਕੀਤੀ ਗਈ ਕਿ ਇਹ ਅਖਤਿਆਰ ਉਨ੍ਹਾਂ ਤੋਂ ਲੈ ਲਓ। 109 ਦੇ ਅਖਤਿਆਰ ਐਗਜ਼ੈਕਟਿਵ ਮੈਜਿਸਟਰੇਟ ਕੋਲ ਹਨ। ਉਹ ਪੁੱਛਦਾ ਹੈ ਕਿ ਤੇਰਾ ਨਾਂ ਕੀ ਹੈ, ਤੇਰਾ ਪਤਾ ਕੀ ਹੈ ਔਰ ਤੇਰੇ ਖਾਣ ਪੀਣ ਦੇ ਸਾਧਨ ਕੀ ਹਨ, ਇਹ ਮੈਜਿਸਟਰੇਟ ਉਸ ਤੋਂ ਪੁਛਦਾ ਹੈ। ਡਿਪਟੀ ਸਪੀਕਰ ਸਾਹਿਬ, ਜੇ ਉਹ ਗਲਤੀ ਨਾਲ ਆਪਣਾ ਨਾਮ ਉਸ ਸਮੇਂ ਠੀਕ ਨਾ ਦੱਸ ਸਕੇ ਤਾਂ ਉਸਨੂੰ ਅੰਦਰ ਦੇ ਦਿਤਾ ਜਾਂਦਾ ਹੈ ਅਤੇ ਜੇ ਉਹ ਖਾਣ ਪੀਣ ਦਾ ਸਾਧਨ ਨਾ ਦੱਸ ਸਕੇ ਤਾਂ ਉਸ ਵੇਲੇ ਉਸ ਨੂੰ ਅੰਦਰ ਦੇ ਦਿਤਾ ਜਾਂਦਾ ਹੈ। ਇਹ 109 ਦੇ ਅਖਤਿਆਰ ਵਿਚ ਆਉਂਦਾ ਹੈ। ਮੈਂ ਤੁਹਾਨੂੰ ਦੱਸਦਾ ਹਾਂ ਕਿ ਮੈਂ ਬੁੜੈਲ ਜੇਲ੍ਹ ਵਿਚ ਗਿਆ। ਉਥੇ ਕੁਝ ਆਦਮੀ ਮੈਨੂੰ ਮਿਲੇ। ਉਨ੍ਹਾਂ ਨੇ ਕਿਹਾ ਕਿ ਸਾਡਾ ਕੋਈ ਕਸੂਰ ਨਹੀਂ ਹੈ ਅਤੇ ਸਾਨੂੰ ਐਵੇਂ ਫੜਕੇ ਅੰਦਰ ਦੇ ਦਿਤਾ ਗਿਆ ਹੈ। ਮੇਰੇ ਪੁੱਛਣ ਤੇ ਦਸਿਆ ਗਿਆ ਕਿ ਇਸ ਜੇਲ੍ਹ ਵਿਚ ਕੈਦੀ ਬਹੁਤ ਘੱਟ ਆਉਂਦੇ ਹਨ। ਪੁਲੀਟੀਕਲ ਆਦਮੀ ਹੋਰ ਤਰ੍ਹਾਂ ਦੇ ਹੁੰਦੇ ਹਨ। ਇਸ ਲਈ ਪਟ-ੜੀਆਂ ਤੇ ਸੌਣ ਵਾਲੇ ਅਤੇ ਰਿਕਸ਼ਾ ਆਦਿ ਚਲਾਉਣ ਵਾਲਿਆਂ ਨੂੰ ਫੜਕੇ ਅੰਦਰ ਦੇ ਦਿਤਾ ਜਾਂਦਾ ਹੈ। ਉਨ੍ਹਾਂ ਨੂੰ ਫੜਕੇ ਉਨ੍ਹਾਂ ਉਤੇ 109 ਦਾ ਝੂਠਾ ਕੇਸ ਬਣਾ ਕੇ ਉਨ੍ਹਾਂ ਨੂੰ ਸਜ਼ਾ ਦਿਤੀ ਜਾਂਦੀ ਹੈ ਅਤੇ ਅੰਦਰ ਕਰ ਦਿਤਾ ਜਾਂਦਾ ਹੈ। ਇਨ੍ਹਾਂ ਨੇ ਇਸ ਵਿਚ ਦੱਸਿਆ ਹੈ ਕਿ ਕਿਹੜੇ ਕਿਹੜੇ ਔਫੈਂਸਿਜ਼ ਹੋਣਗੇ ਅਤੇ ਉਨ੍ਹਾਂ ਔਫੈਂਸਿਜ਼ ਨੂੰ ਟਰਾਈ ਕਰਨ ਦਾ ਅਖਤਿਆਰ, ਰਿਮਾਂਡ ਦਾ ਅਖਤਿਆਰ ਅਤੇ ਜ਼ਮਾਨਤ ਦਾ ਅਖਤਿਆਰ ਐਗਜ਼ੈਕਟਿਵ ਮੈਜਿਸਟਰੇਟ ਨੂੰ ਦੇਣਾ ਹੈ। ਸਾਨੂੰ ਇਸ ਵਿਚ ਕੋਈ ਵੀ ਇਤਰਾਜ਼ ਨਹੀਂ ਹੋਣਾ ਸੀ ਜੇ ਇਹ ਅਖਤਿਆਰ ਜੁਡੀਸ਼ਲ ਮੈਜਿਸਟਰੇਟਾਂ ਕੋਲੋਂ ਵੀ ਰਹਿਣ ਦਿੰਦੇ ਅਤੇ ਐਗਜ਼ੈਕਟਿਵ ਮੈਜਿਸਟਰੇਟਾਂ ਨੂੰ ਵੀ ਦੇ ਦਿੰਦੇ। ਲੇਕਿਨ ਇਥੇ ਇਸ ਐਕਟ ਦੇ ਅੰਦਰ ਇਨ੍ਹਾਂ ਨੇ ਬੜਾ ਸਪਸ਼ਟ ਕੀਤਾ ਹੈ। ਪੇਜ 2 ਤੇ ਆਰਟੀਕਲ 4 ਵਿਚ ਇਸ ਤਰ੍ਹਾਂ ਹੈ —

'An Executive Magistrate shall, to the exclusion of any other Magistrate, have power to take cognizance of and to try and dispose of cases relating to specified offences ;

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਜੇ ਕਿਸੇ ਹੋਰ ਕੋਲ ਅਖਤਿਆਰ ਹਨ ਤਾਂ ਉਹ ਖਤਮ ਹੋ ਕੇ ਹੁਣ ਐਗਜ਼ਕਟਿਵ ਮੈਜਿਸਟ੍ਰੇਟ ਕੋਲ ਅਖਤਿਆਰ ਆ ਗਏ ਹਨ । ਔਫੈਂਸਿਜ਼ ਜਿਹੜੇ ਹਨ, ਉਨ੍ਹਾਂ ਦਾ ਜ਼ਿਕਰ ਅਗੇ ਕੀਤਾ ਹੈ । (ਵਿਘਨ) ਜਿਹੜੀਆਂ ਕਲਾਜ਼ਾਂ ਨਾਲ ਮੈਂ ਜ਼ਿਆਦਾ ਪਰਵੋਕ ਹੋਇਆ ਹਾਂ, ਉਨ੍ਹਾਂ ਬਾਰੇ ਮੈਂ ਜ਼ਿਕਰ ਕਰਾਂਗਾ ।

ਸੈਕਸ਼ਨ 439 ਨੂੰ ਚੇਂਜ ਕਰਦਿਆਂ ਹੋਇਆਂ ਇਸ ਬਿਲ ਵਿਚ ਕਿਹਾ ਹੈ ਕਿ ਇਸ ਵਿਚ ਨਵੀਂ ਸੈਕਸ਼ਨ 'ਏ' ਯਾਣੀ ਕਿ 439-ਏ ਇਨਸਰਟ ਕਰਕੇ ਇਸ ਵਿਚ ਅਮੈਂਡਮੈਂਟ ਕਰ ਦਿਓ। ਇਸ ਵਿਚ ਨਵੀਂ ਇਨਸਰਸ਼ਨ ਮੰਗੀ ਹੈ, ਜੋ ਕਿ ਇਸ ਤਰ੍ਹਾਂ ਹੈ :—

'Notwith standing anything contained in this Code, no person shall be released on bail or, as the case may be, directed to be released on bail, except on one or more of the following sections.'

ਔਫੈਂਸਿਜ਼ ਕਿਹੜੇ ਹਨ, ਉਹ ਮੈਂ ਅਰਜ਼ ਕਰ ਦਿੰਦਾ ਹਾਂ । ਇਹ ਔਫੈਂਸਿਜ਼ ਅੰਡਰ ਸੈਕਸ਼ਨ 120 ਬੀ, 121, 121ਏ, 122, 123, 124ਏ, 153ਏ, 302, 304, 407, 326, 333, 363, 364, 365, 367, 368, 392, 394, 395, 396, 399, 412, 431, 436, 449, ਅਤੇ 450 ਹਨ। (ਵਿਘਨ) ਕਲ੍ਹ ਹਾਊਸ ਵਿਚ ਬਹਿਸ ਹੋਈ ਕਿ ਇਕ ਕੇਸ ਬਣਿਆ ਰਾੜੇ ਪਿੰਡ, ਪਾਇਲ ਥਾਣੇ ਵਿਚ। ਜਿਸ ਵਿਚ ਪੁਲਿਸ ਨੇ ਇਨਕਾਊਂਟਰ ਦਾ ਕੇਸ ਬਣਾਇਆ ਕਿ ਫਲਾਣੇ ਫਲਾਣੇ ਆਦਮੀ ਨੇ ਪੁਲਿਸ ਦਾ ਮੁਕਾਬਲਾ ਕੀਤਾ ਅਤੇ ਉਸ ਮੁਕਾਬਲੇ ਵਿਚ ਉਹ ਮਰ ਗਏ, ਇਹ ਕੇਸ ਦਰਜ ਹੋਇਆ। ਇਸ ਦੇ ਵਿਚ ਕਤਲ ਦਾ ਕੇਸ ਵੀ ਬਣਦਾ ਹੈ। ਹੁਣ ਉਸੇ ਵਾਕਿਆ ਦੇ ਉਤੇ ਰਾੜੇ ਵਿਚ ਇਕ ਹੋਰ ਕੇਸ ਦਰਜ ਹੋ ਗਿਆ ਹੈ। ਹੁਣ ਇਸ ਕੇਸ ਵਿਚ ਦਸਿਆ ਗਿਆ ਹੈ ਕਿ ਉਨ੍ਹਾਂ ਬੰਦਿਆਂ ਨੂੰ ਮਾਰ ਦਿਤਾ ਗਿਆ ਥਾਣੇਦਾਰ ਵਲੋਂ ਜਾਂ ਕਿਸੇ ਹੋਰ ਅਫਸਰ ਵਲੋਂ ਅਤੇ ਸਮੇਤ ਸਾਡੇ ਇਕ ਸਾਬਕਾ ਮਾਨਯੋਗ ਮਨਿਸਟਰ ਜਾਂ ਮਾਨਯੋਗ ਮਨਿਸਟਰ ਦੇ ਕਹਿ ਲਓ ਕਿਉਂਕਿ ਉਸ ਦਾ ਅਸਤੀਫਾ ਪ੍ਰਵਾਨ ਨਹੀਂ ਹੋਇਆ। ਇਸ ਕਰਕੇ ਉਨ੍ਹਾਂ ਨੂੰ ਵੀ ਵਿਚ ਸ਼ਾਮਿਲ ਕਰ ਦਿਤਾ ਹੈ। ਇਹ ਜਿਹੜੀ ਧਾਰਾ ਆ ਰਹੀ ਹੈ ਜੇ ਉਸ ਧਾਰਾ ਨੂੰ ਅਸੀਂ ਮਨਜ਼ੂਰ ਕਰਦੇ ਹਾਂ ਤਾਂ ਇਹ ਇਕ ਐਵੀਡੈਂਸ ਹੈ। ਕਈ ਵਾਰੀ ਝੂਠੇ ਕੇਸ ਬਣ ਜਾਦੇ ਹਨ। ਸੀ. ਐਮ. ਨੇ ਕਿਹਾ ਹੈ ਕਿ ਮੈਂ ਪਰਸਨਲ ਇਨਕੁਆਇਰੀ ਕੀਤੀ ਹੈ ਅਤੇ ਇਸ ਵਿਚ ਉਹ ਬੇਗੁਨਾਹ ਹੈ। ਪਰ ਜਿਨ੍ਹਾਂ ਲੋਕਾਂ ਦਾ ਗੁਨਾਹ ਕੋਈ ਨਹੀਂ ਹੁੰਦਾ ਉਨ੍ਹਾਂ ਉਤੇ 302 ਦਾ ਝੂਠਾ ਕੇਸ ਬਣਾ ਦਿਤਾ ਜਾਂਦਾ ਹੈ।

ਹੁਣ ਮੈਂ ਜ਼ਮਾਨਤ ਦੇ ਬਾਰੇ ਪੜ੍ਹ ਦਿੰਦਾ ਹਾਂ :—

'No person shall be released on bail as the case may be, except on one or more of the following grounds,—

'That the Court including the High Court or the Court of Sessions, for reasons to be recorded in writing is satisfied that there are reasonable grounds for believing that such person is not guilty of any offence specified in clause (a)'

ਅੱਜ ਤੱਕ ਕਦੇ ਕਿਸੇ ਨੇ ਇਸ ਤਰ੍ਹਾਂ ਦੇ ਆਰਡਰ ਪਾਸ ਕਰਕੇ ਨਾ ਪਰੀਅਰੈਸਟ ਬੇਲ ਦਿੱਤੀ ਹੈ ਅਤੇ ਨਾ ਬੇਲ ਤੇ ਰਲੀਜ਼ ਕੀਤਾ ਹੈ। ਹੁਣ ਮੈਜਿਸਟਰੇਟਾਂ ਨੂੰ ਸਰਟੀਫਾਈ ਨਹੀਂ ਕੀਤਾ ਜਾ ਰਿਹਾ। ਹੁਣ ਉਨ੍ਹਾਂ ਨੂੰ ਇਸ ਤਰ੍ਹਾਂ ਕਲਮ ਬੰਦ ਕੀਤਾ ਜਾ ਰਿਹਾ ਹੈ ਤਾਂਕਿ ਉਹ ਜ਼ਮਾਨਤ ਦੇ

Original with;
Punjab Vidhan Sabha
Digitized by;
Panjab Digital Library

ਨਾ ਸਕਣ। ਅਗੇ ਜੇ ਪੁਲਿਸ ਕਿਸੇ ਦੇ ਖਿਲਾਫ ਝੂਠਾ ਕੇਸ ਬਣਾ ਕੇ ਲੈ ਆਉਂਦੀ ਸੀ ਅਤੇ ਮੈਜਿਸਟਰੇਟ ਉਸ ਵਿਚ ਕੋਈ ਐਸੀ ਚੀਜ਼ ਦੇਖਦਾ ਸੀ ਤਾਂ ਉਸ ਦੀ ਪਰੀ ਅਰੈਸਟ ਬੇਲ ਹੋ ਜਾਂਦੀ ਸੀ ਪਰ ਇਸ ਬਿਲ ਦੇ ਰਾਹੀਂ ਇਹ ਕੀਤਾ ਜਾ ਰਿਹਾ ਹੈ, ਜਿਸ ਬਾਰੇ ਮੈਂ ਸਮਝਦਾ ਹਾਂ ਕਿ **this is a calculated invasion on the rights of judiciary and this is an expression of public no confidence in the Judicial system of our country.**

ਮੈਂ ਜੁਡੀਸ਼ਲ ਅਫਸਰਾਂ ਦੇ ਨਾਂ ਹੱਕ ਵਿਚ ਬੋਲ ਰਿਹਾ ਹਾਂ ਅਤੇ ਨਾਂ ਉਨ੍ਹਾਂ ਦੇ ਖਿਲਾਫ ਬੋਲ ਰਿਹਾ ਹਾਂ ਲੇਕਿਨ ਮੈਂ ਸਮਝਦਾ ਹਾਂ ਕਿ ਕੰਸਟੀਚਿਊਸ਼ਨ ਨੂੰ ਮੰਨਣ ਵਾਲਾ ਮੈਂ ਇਸ ਕੰਸਟੀ-ਚਿਊਸ਼ਨ ਦੀ ਸੁਪਰਮੇਸੀ ਚਾਹੁੰਦਾ ਹਾਂ। ਮੈਂ ਇਸ ਕੰਸਟੀਚਿਊਸ਼ਨ ਦੇ ਡਾਇਰੈਕਟਿਵ ਪ੍ਰਿੰਸੀਪਲਜ਼ ਜਿਹੜੇ ਹਨ ਉਨ੍ਹਾਂ ਦੀ ਇੰਪਲੀਮੈਂਟੇਸ਼ਨ ਚਾਹੁੰਦਾ ਹੋਇਆ ਇਹ ਕਹਾਂਗਾ ਕਿ ਇਸ ਬਿਲ ਰਾਹੀਂ ਇਸ ਕਿਸਮ ਦੀਆਂ ਐਗਜ਼ੈਕਟਿਵ ਮੈਜਿਸਟਰੇਟਾਂ ਨੂੰ ਪੁਲਿਸ ਨੂੰ ਪਾਵਰਜ਼ ਦਿੱਤੀਆਂ ਜਾ ਰਹੀਆਂ ਹਨ ਇਨ੍ਹਾਂ ਨਾਲ ਉਹ ਕਮਿਉਨਲ ਐਕਟੀਵਿਟੀਜ਼ ਨੂੰ ਰੋਕ ਨਹੀਂ ਸਕਣਗੇ। ਪਿਛਲਾ ਤਜਰਬਾ ਇਸ ਗੱਲ ਦਾ ਗਵਾਹ ਹੈ। ਤੁਹਾਨੂੰ ਇਸ ਦਾ ਪੁਲੀਟੀਕਲ ਤੌਰ ਤੇ ਮੁਕਾਬਲਾ ਕਰਨਾ ਪਵੇਗਾ। ਜੇ ਤੁਹਾਨੂੰ ਆਪਣੀ ਪ੍ਰੈਕਟਿਸ ਅਤੇ ਪ੍ਰੋਗਰਾਮ ਵਿਚ ਤਬਦੀਲੀ ਦੀ ਲੋੜ ਹੈ ਤਾਂ ਉਹ ਕਰ ਲਈ ਜਾਵੇ। ਜੁਡੀਸ਼ਰੀ ਦੇ ਅਖਤਿਆਰ ਨਹੀਂ ਖੋਹਣੇ ਚਾਹੀਦੇ। ਮੈਨੂੰ ਐਮਰਜੇਂਸੀ ਦੇ ਦਿਨਾਂ ਦੀ ਯਾਦ ਆ ਰਹੀ ਹੈ ਕਿ

**This measure has been brought having received instructions from the highest office in the country.**

ਰਿਮਾਂਡ ਦੇ ਸਿਲਸਿਲੇ ਵਿਚ ਪੁਲਿਸ ਕਈ ਵਾਰੀ ਝੂਠਾ ਕੇਸ ਬਣਾ ਕੇ ਲੈ ਆਉਂਦੀ ਹੈ ਤਾਂ ਕੋਰਟ ਨਹੀਂ ਲੈਂਦੀ ਅਤੇ ਕੋਰਟ ਰਫਿਊਜ਼ ਕਰ ਦਿੰਦੀ ਹੈ ਪਰ ਇਸ ਬਿਲ ਦੇ ਜ਼ਰੀਏ ਪੁਲਿਸ ਲਈ ਰਾਈਟ ਮੰਗਿਆ ਗਿਆ ਹੈ ਕਿ ਉਸ ਨੂੰ ਰੀਜ਼ਨੇਬਲ ਅਪਰਚੂਨਿਟੀ ਮਿਲਣੀ ਚਾਹੀਦੀ ਹੈ, ਬੀਫੋਰ ਦੀ ਡਿਸੀਜ਼ਨ ਆਫ ਦੀ ਕੋਰਟ ਰੀਗਾਰਡਿੰਗ ਰੀਮਾਂਡ, ਉਸ ਬੰਦੇ ਨੂੰ ਰਿਲੀਜ਼ ਨਾ ਕਰਨ ਦੇ ਸਬੰਧ ਵਿਚ। ਜਦੋਂ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਇਹ ਰਾਈਟ ਦੇ ਦਿੱਤਾ, ਰੀਜ਼ਨਏਬਲ ਅਪਰਚੂ-ਨਿਟੀ ਮਿਲ ਗਈ ਤਾਂ ਉਹ ਉਸ ਨੂੰ ਯੂਜ਼ ਕਰਨਗੇ ਕਿ ਇਸ ਬੰਦੇ ਨੂੰ ਰਿਲੀਜ਼ ਨਹੀਂ ਕਰਨਾ ਚਾਹੀਦਾ। ਇਸ ਦੇ ਥੱਲੇ ਉਹ ਮਹੀਨਾ ਮਹੀਨਾ, ਦੋ ਦੋ ਮਹੀਨੇ ਕਿਸੇ ਬੰਦੇ ਨੂੰ ਆਪਣੀ ਹਿਰਾਸਤ ਵਿਚ ਰਖ ਕੇ ਉਸ ਨੂੰ ਟਾਰਚਰ ਕਰ ਸਕਦੇ ਹਨ, ਉਸ ਨੂੰ ਹੈਰਾਸ ਕਰ ਸਕਦੇ ਹਨ। ਰਿਮਾਂਡ ਦੇ ਸਿਲਸਿਲੇ ਵਿਚ, ਡਿਪਟੀ ਸਪੀਕਰ ਸਾਹਿਬ, ਇਹ ਦੂਸਰੀ ਗੱਲ ਹੈ। ਤੀਸਰੀ ਗੱਲ, ਡਿਪਟੀ ਸਪੀਕਰ ਸਾਹਿਬ, ਕ੍ਰਿਮੀਨਲ ਪ੍ਰੋਸੀਜਰ ਕੋਡ ਦਾ ਸ਼ਡਿਊਲ ਅਮੈਂਡ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਧਾਰਾਵਾਂ 322, 353 ਅਤੇ 354 ਹਨ। ਧਾਰਾ 332 ਅੱਜ ਬੇਲੇਬਲ ਹੈ, 353 ਵੀ ਬੇਲੇਬਲ ਹੈ ਔਰ 354 ਵੀ ਬੇਲੇਬਲ ਓਫੈਂਸ ਹੈ। ਜਿਸ ਵੇਲੇ ਕ੍ਰਿਮੀਨਲ ਪ੍ਰੋਸੀਜਰ ਕੋਡ ਅਤੇ ਸ਼ਡਿਊਲ ਬਣਾਇਆ ਸੀ ਔਰ ਉਸ ਦੇ ਬਾਅਦ ਕੰਸਟੀਚਿਊਸ਼ਨ ਬਣਾਇਆ ਸੀ ਔਰ ਉਸ ਦੇ ਬਾਅਦ ਲਾਅ ਕਮਿਸ਼ਨ ਬਣਿਆ ਸੀ ਔਰ ਉਸਦੇ ਬਾਅਦ ਹਿੰਦੁਸਤਾਨ ਦੀ ਹਰ ਸਟੇਟ ਦੇ ਵਿਚ ਜੁਡੀਸ਼ਰੀ ਨੂੰ ਐਗਜ਼ੈਕਟਿਵ ਨਾਲੋਂ ਸੈਪਰੇਟ ਕਰਨ ਵਾਸਤੇ ਇਕ ਕੋਡ ਦਾ ਇਕ ਇਕ ਅੱਖਰ ਦੇਖਿਆ ਗਿਆ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਸੀ। ਸਾਰੇ ਇਸ ਨਤੀਜੇ ਤੇ ਪਹੁੰਚੇ ਸਨ ਕਿ ਇਹ ਓਫੈਂਸਿਜ਼ ਜਿਸ ਤਰ੍ਹਾਂ ਦੇ ਰੱਖੇ ਗਏ ਹਨ ਇਨ੍ਹਾਂ ਓਫੈਂਸਿਜ਼ ਵਿਚ ਕੋਈ ਹੋਰ ਐਲੀਮੈਂਟ ਆਫ ਹਾਰਡਨੈਸ ਜੇ ਲਿਆਂਦੀ ਤਾਂ ਇਹ ਐਬਿਊਜ਼ ਹੋਵੇਗੀ। 332 ਦਾ ਜਿਹੜਾ ਓਫੈਂਸ ਹੈ, 332 ਜਿਸ ਨੂੰ ਇਹ ਚੇਂਜ ਕਰਨਾ ਚਾਹੁੰਦੇ ਹਨ ਉਹ ਕੀ ਹੈ ?

**Voluntary causing hurt to deter a public servant from his duty.**

ਅਗਰ ਕਿਸੇ ਸੱਜਣ ਨੂੰ 107/151 ਦੇ ਤਹਿਤ ਫੜ ਲਿਆ ਤਾਂ ਉਹ ਬੇਲੇਬਲ ਓਫੈਂਸ ਹੈ। ਪੁਲਿਸ ਵਾਲੇ ਉਸ ਨੂੰ ਫੜ ਕੇ ਲੈ ਗਏ, ਉਸ ਨੇ ਜਦੋਂ ਕੋਈ ਚਪੇੜ ਮਾਰ ਦਿੱਤੀ ਤਾਂ ਉਹ ਨਾਨ-ਬੇਲੇਬਲ ਓਫੈਂਸ ਹੋ ਜਾਂਦਾ ਹੈ। ਕੁੜਤੇ ਦੀ ਜੇਬ ਵਿਚ ਹੱਥ ਪਾ ਲਿਆ, ਬਟਨ ਕੋਈ ਤੋੜ ਦਿਤਾ ਜਾਂ ਕਹਿ ਦਿਤਾ ਮੇਰੇ ਕੰਮ ਵਿਚ ਡਿਸਟਰਬੈਂਸ ਕਰਨ ਵਾਸਤੇ ਹੱਥ ਪਾ ਲਿਆ ਸੀ, ਇਸ ਤਰ੍ਹਾਂ ਦੇ ਮਯੀਅਰਜ਼ ਯੂਜ਼ ਹੁੰਦੇ ਹਨ। 107/151/109/110 ਧਾਰਾਵਾਂ ਜੋ ਹਨ ਉਨ੍ਹਾਂ ਦੀ ਗਰਾਸ ਮਿਸਯੂਜ਼ ਹੋਈ ਸੀ, ਫਲੈਗਰੈਂਟ ਮਿਸਯੂਜ ਹੋਈ। ਤੁਸੀਂ ਜਿਨ੍ਹਾਂ ਲੋਕਾਂ ਦੇ ਹੱਥ ਵਿਚ ਇਹ ਪਾਵਰ ਦੇਣ ਲਗੇ ਹੋ ਇਹ ਜ਼ਰੂਰੀ ਨਹੀਂ ਕਿ ਉਹ ਇਸ ਨੂੰ ਪ੍ਰਾਪਰਲੀ ਯੂਜ਼ ਕਰਨਗੇ। ਇਸ ਲਈ ਮੈਂ ਕਹਾਂਗਾ ਕਿ ਕਮਿਊਨਿਲ ਐਕਟੀਵਿਟੀ ਨੂੰ ਦੂਰ ਕਰਨ ਵਾਸਤੇ ਪੋਲੀਟੀਕਲ ਐਕਟੀਵਿਟੀਜ਼ ਨੂੰ ਪੈਟਰੋਨਾਈਜ਼ ਕਰੋ, ਆਪਣੀ ਪਾਰਟੀ ਦੀਆਂ ਐਕਟੀਵਿਟੀਜ਼ ਪੈਟਰਨ ਨੂੰ ਚੇਂਜ ਕਰੋ। ਪਿਛਲੀ ਸਿਚੂਏਸ਼ਨ ਨੂੰ ਧਿਆਨ ਵਿੱਚ ਰਖਦਿਆਂ ਹੋਇਆਂ ਬੋਲਡ ਤੇ ਐਕਟਿਵ ਸਟੈਪਸ ਲਵੋ। ਰੈਗੂਲੇਟਰੀ ਫੰਗਸ਼ਨਜ਼ ਤੇ ਕਾਇਦੇ ਕਾਨੂੰਨ ਨਾਲ ਤੁਹਾਡੇ ਕੋਲ ਹਰ ਵੇਲੇ ਤਾਕਤ ਨਹੀਂ ਰਹਿਣੀ, ਇਹ ਤਾਕਤ ਪੁਲਿਸ ਵਲੋਂ ਯੂਜ ਹੋਣੀ ਹੈ ਇਹ ਕਿਸੇ ਇਕ ਕੇਸ ਵਿਚ ਨਹੀਂ ਹੋਣੀ। ਇਹ ਪੋਲੀਟੀਕਲ ਕੇਸ ਤਾਂ ਮੁੱਕ ਜਾਣਾ ਹੈ ਜਿਸ ਦਾ ਜ਼ਿਕਰ ਕਰਕੇ ਇਹ ਲਿਆ ਰਹੇ ਹਨ। ਮੈਨੂੰ ਅਫਸੋਸ ਹੈ ਕਿ ਅਕਾਲੀ ਐਜੀਟੇਸ਼ਨ ਦੇ ਜ਼ਿਕਰ ਕਰਕੇ ਇਹ ਮਯੀਅਰਜ਼ ਲਿਆਂਦੇ ਹਨ। ਉਹ ਤਾਂ ਐਜੀਟੇਸ਼ਨ ਮੁੱਕ ਜਾਣੀ ਹੈ। ਹੁਣ ਮੁੱਕ ਜਾਏ, 6 ਮਹੀਨੇ ਨੂੰ ਮੁੱਕ ਜਾਏ। (ਵਿਘਨ)

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਬੇਨਤੀ ਕਰੋ ਕਿ ਇਹ ਕੱਲ੍ਹ ਦੇ ਭੁਖੇ ਹਨ, ਇਨ੍ਹਾਂ ਨੇ ਕੁਝ ਖਾਧਾ ਨਹੀਂ ਹੈ, ਇਨ੍ਹਾਂ ਨੂੰ ਕਹੋ ਕਿ ਆਰਾਮ ਨਾਲ ਬੋਲਣ।

**ਕਾਮਰੇਡ ਰਾਜ ਕੁਮਾਰ** : ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੇਰਾ ਧਿਆਨ ਕੀਤਾ ਹੈ।

ਸੋ, ਡਿਪਟੀ ਸਪੀਕਰ ਸਾਹਿਬ, ਸਾਰਾ ਕੁਝ ਪਹਿਲਾਂ ਕੰਸਿਡਰ ਹੋਣ ਦੇ ਬਾਵਜੂਦ 332, 353 ਅਤੇ 354 ਧਾਰਾਵਾਂ ਜੋ ਹਨ ਇਨ੍ਹਾਂ ਨੂੰ ਬੇਲੇਬਲ ਤੋਂ ਨਾਨ ਬੇਲੇਬਲ ਕੀਤਾ ਜਾ ਰਿਹਾ ਹੈ। ਇਸ ਲਈ ਮੈਂ ਕਹਾਂਗਾ ਕਿ ਇਸ ਦੀ ਕੋਈ ਗਰੰਟੀ ਦੱਸੋ ਕਿ ਕੀ ਗਰੰਟੀ ਹੈ ? ਗਰੰਟੀ ਪੀਪਲ ਪਾਵਰ ਹੈ, ਪੀਪਲ ਆਰਗੇਨਾਈਜੇਸ਼ਨ ਹੈ, ਸਭ ਤੋਂ ਵੱਡੀ ਗਰੰਟੀ ਲੋਕਾਂ ਦੀ ਸੂਝ ਬੂਝ ਹੈ, ਲੋਕਾਂ ਦਾ ਐਟੀਚਿਊਡ ਹੈ, ਲੋਕਾਂ ਦਾ ਅੱਛਾ ਤੇ ਬੁਨਿਆਦੀ ਐਟੀਚਿਊਡ ਅਪਨਾਉਣ ਦੀ ਗੱਲ ਹੈ ਔਰ ਲੋਕਾਂ ਦਾ ਐਟੀਚਿਊਡ ਸਾਡੀ ਮਰਜੀ ਦੇ ਮੁਤਾਬਿਕ ਚੇਂਜ ਹੋ ਸਕੇ ਇਸ ਮਯੀਅਰ ਦਾ ਆਸਰਾ ਲੈਣ ਦੀ ਬਜਾਏ **Give determined political fight against the forces of communalism and separatism and for that they should try to have alliance with those who genuinely stand against communalism and separatism and who are for the defence on national integrity of the country.**

**With these words, I oppose this Bill.**

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਲਦੇਵ ਸਿੰਘ ਲੁੰਬਾ** (ਸ਼ੁਤਰਾਣਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਹ ਜੋ ਅਕਾਲੀ ਐਜੀਟੇਸ਼ਨ ਦੇ ਸਬੰਧ ਵਿਚ ਅਮੈਂਡਿੰਗ ਬਿੱਲ ਲਿਆਂਦਾ ਗਿਆ ਹੈ ਮੇਰੀ ਇਸ ਦੇ ਸਬੰਧ ਵਿਚ ਇਹ ਰਾਏ ਹੈ ਕਿ ਜੋ ਰੂਲਿੰਗ ਪਾਰਟੀ ਦੇ ਦਿਮਾਗ ਵਿਚ ਮਕਸਦ ਇਸ ਦਾ ਹੈ ਉਹ ਹੇਠਲੇ ਢਾਂਚੇ, ਨੂੰ ਇਸ ਨੂੰ ਪੂਰਾ ਨਹੀਂ ਕਰਦਾ। ਜੇ ਕੁਝ ਇਨਸਟਾਂਸਿਜ਼ ਨੂੰ ਛੱਡ ਦੇਈਏ ਤਾਂ ਮੈਂ ਆਪਣੇ ਨਿੱਜੀ ਤਜਰਬੇ ਦੇ ਤੌਰ ਤੇ ਦਸਣਾ ਚਾਹੁੰਦਾ ਹਾਂ ਕਿ ਅੱਜ ਵੀ ਪੁਲਿਸ ਜਾਂ ਹੇਠਲਾ ਐਗਜ਼ੈਕਟਿਵ ਦਾ ਸਾਰਾ ਅਮਲਾ ਕਿਤੇ ਕਤਾਈਂ ਤਾਂ ਭਾਵੇਂ ਕਿਸੇ ਕੇਸ ਨੂੰ ਠੀਕ ਤਰੀਕੇ ਨਾਲ ਚਲਾਉਂਦਾ ਹੋਵੇ ਨਹੀਂ ਤਾਂ ਸਾਰਾ ਉਲਟ ਪੁਲਟ ਕੰਮ ਹੋ ਰਿਹਾ ਹੈ। ਮੈਂ ਅਗੇ ਵੀ ਕਈ ਵਾਰੀ ਕਿਹਾ ਹੈ ਕਿ ਹੇਠਲਾ ਤਬਕਾ ਭਾਵੇਂ ਕੋਈ ਐਸ. ਐਚ. ਓ. ਹੈ ਪਾਵੇਂ ਕੋਈ ਡੀ. ਐਸ. ਪੀ. ਹੈ ਜਾਂ ਕੋਈ ਹੋਰ ਹੈ ਜਾਂ ਐਗ-ਜ਼ੈਕਟਿਵ ਦਾ ਕੋਈ ਅਮਲਾ ਲੈ ਲਓ ਅਮਲ ਦੇ ਵਿੱਚ ਕੰਮ ਸਾਰਾ ਉਲਟ ਪੁਲਟ ਹੈ। ਖਾਸ ਤੌਰ ਤੇ ਜਿਹੜਾ ਮੇਰਾ ਤਜਰਬਾ ਹੈ ਉਹ ਮੈਂ ਦਸਣਾ ਚਾਹੁੰਦਾ ਹਾਂ ਕਿ ਜਿਹੜੇ ਮਰਜੀਵੜੇ ਹਨ, ਜਿਹੜੇ ਲਿਸਟ 1, 2 3 ਅਤੇ 4 ਵਿੱਚ ਰਹਿ ਗਏ ਹਨ ਉਹ ਸ਼ਰੇ ਆਮ ਰਾਈਫਲ ਲਈ ਫਿਰਦੇ ਹਨ, ਰਿਵਾਲਵਰ ਲਈ ਫਿਰਦੇ ਹਨ ਔਰ ਉਨ੍ਹਾਂ ਨੂੰ ਕੋਈ ਪੁਛਦਾ ਤਕ ਨਹੀਂ ਪਰ ਜਿਹੜੇ ਦੂਸਰੇ ਹਨ, ਚਾਹੇ ਉਹ ਕਿਸੀ ਵੀ ਪਾਰਟੀ ਦੇ ਹਨ ਮੈਂ ਉਦਾਹਰਣਾਂ ਦੇ ਕੇ ਦੱਸ ਸਕਦਾ ਹਾਂ ਕਿ ਉਨ੍ਹਾਂ ਦਾ ਅਸਲਾ ਰਖਵਾ ਲਿਆ ਪਰ ਜਿਹੜੇ ਮਰਜੀਵੜਿਆਂ ਦੀ ਲਿਸਟ ਵਿਚ ਹਨ ਉਨ੍ਹਾਂ ਦਾ ਕੁਝ ਨਹੀਂ ਹੋਇਆ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਇਰਾਦਾ ਭਾਵੇਂ ਕੁਝ ਵੀ ਹੋਵੇ ਲੇਕਿਨ ਇਸ ਨੇ ਅਮਲ ਵਿਚ, ਕੁਝ ਥਾਵਾਂ ਤੇ ਛੱਡ ਕੇ, ਕੁਝ ਇਨਸਟਾਂਸਿਜ਼ ਨੂੰ ਛੱਡ ਕੇ, ਇਨ੍ਹਾਂ ਦਾ ਇਰਾਦਾ ਜੋ ਹੈ.ਉਹ ਪੂਰਾ ਨਹੀਂ ਹੋਣਾ। ਜਿਸ ਤਰੀਕੇ ਨਾਲ ਪੁਲਿਸ ਨੂੰ ਪਾਵਰਾਂ ਦਿਤੀਆਂ ਜਾ ਰਹੀਆਂ ਹਨ ਮੈਂ ਸਮਝਦਾ ਹਾਂ ਕਿ ਇਨ੍ਹਾਂ ਦਾ ਤਜਰਾਬਾ ਉਲਟ ਨਿਕਲਣਾ ਹੈ। ਮੈਂ ਹਰ ਵਾਰੀ ਇਹ ਕਹਿੰਦਾ ਰਿਹਾ ਹਾਂ ਅਤੇ ਅੱਜ ਫਿਰ ਕਹਿੰਦਾ ਹਾਂ ਕਿ ਅੱਧਿਆਂ ਨਾਲੋਂ ਵੱਧ ਪੁਲਿਸ ਵਾਲੇ ਅਕਾਲੀਆਂ ਨਾਲ ਸਹਿਮਤੀ ਰਖਣ ਵਾਲੇ ਹਨ। ਮੈਂ ਇਹੋ ਜਿਹੇ ਐਸ. ਐਚ. ਓ. ਦੇਖੇ ਹਨ, ਮੇਰੇ ਹਲਕੇ ਦੇ ਵਿੱਚ ਇਕ ਐਸ. ਐਚ. ਓ. ਹੈ, ਮੈਂ ਨਾਮ ਨਹੀਂ ਲੈਣਾ ਚਾਹੁੰਦਾ ਉਹ ਐਸ. ਐਚ. ਓ. ਇਕ ਜਗ੍ਹਾ ਕਿਸੇ ਮੀਟਿੰਗ ਵਿਚ ਬੈਠਾ ਸੀ ਉਸ ਮੀਟਿੰਗ ਵਿਚ ਕੋਈ ਸੌ ਡੇਢ ਸੌ ਬੰਦਾ ਹੋਣਾ ਹੈ, ਉਸ ਵਿਚ ਉਸ ਨੇ ਕਿਹਾ ਕਿ ਇਕੋ ਹੀ ਬੰਦਾ ਜਮਿਆਂ ਹੈ ਜਿਹੜਾ ਅੱਜ ਲੀਡ ਦੇ ਰਿਹਾ ਹੈ। ਉਹ ਸਟਿਲ ਐਸ. ਐਚ. ਓ. ਹੈ। ਮੈਂ ਕਹਿੰਦਾ ਹਾਂ ਕਿ ਹੇਠਾਂ ਝਾਤੀ ਮਾਰੋ ਤਾਂ ਹੀਂ ਮਾਮਲਾ ਠੀਕ ਹੋ ਸਕਦਾ ਹੈ। ਹਰ ਆਦਮੀ ਇਹ ਸੋਚਦਾ ਹੈ ਕਿ ਮੈਂ ਕਿਉਂ ਭਿੰਡਰਾਂ ਵਾਲੇ ਦੀ ਲਿਸਟ ਵਿਚ ਆਵਾਂ। ਕੁਝ ਲੋਕਾਂ ਤਾਂ ਡਰੇ ਹੋਏ ਹਨ ਤੇ ਦੂਜੇ ਉਹ ਹਨ ਜਿਹੜੇ ਉਨ੍ਹਾਂ ਨਾਲ ਰਲੇ ਹੋਏ ਹਨ ਔਰ ਇਸ ਤਰੀਕੇ ਨਾਲ ਨੁਕਸਾਨ ਪਹੁੰਚਾ ਰਹੇ ਹਨ ਔਰ ਮੂਵ-ਮੈਂਟ ਨੂੰ ਹਲਾਸ਼ੇਰੀ ਦੇ ਰਹੇ ਹਨ। ਕਾਮਰੇਡ ਰਾਜ ਕੁਮਾਰ ਜੀ ਨੇ ਕਿਹਾ ਹੈ ਕਿ ਸਾਰੀਆਂ ਫੋਰਸਿਜ਼ ਨੂੰ ਇਕਠਾ ਹੋਣਾ ਚਾਹੀਦਾ ਹੈ ਦਰੁਸਤ ਗੱਲ ਹੈ। ਪਰ ਮੈਂ ਕਹਿੰਦਾ ਹਾਂ ਕਿ ਕੁਝ ਫ਼ੋਰਸਿਜ਼ ਗੁਰਦੁਆਰਾ ਐਕਟ ਦੀ ਮੰਗ ਕਰ ਰਹੀਆਂ ਹਨ ਅਤੇ ਕੁਝ ਸਿੱਖ ਪਰਸਨਲ ਐਕਟ ਦੀ ਡਿਮਾਂਡ ਕਰ ਰਹੀਆਂ ਹਨ। ਮੈਨੂੰ ਅਫ਼ਸੋਸ ਹੈ ਕਿ ਇਕ ਪਾਸੇ ਤਾਂ ਇਹ ਗੱਲ ਕਰਦੇ ਹਨ ਔਰ ਦੂਜੇ ਪਾਸੇ ਸਿਖਾਂ ਦੇ ਨੇੜੇ ਜਾਣ ਲਈ ਕਿਸੇ ਖਾਸ ਮਕਸਦ ਲਈ ਕਮਿਉਨਿਸਟ ਪਾਰਟੀ ਦਾ ਜਨਰਲ ਸੈਕਟਰੀ ਇਹ ਸਟੇਟਮੈਂਟ ਦਿੰਦਾ ਹੈ ਕਿ ਸਿੱਖ ਪਰਸਨਲ ਐਕਟ ਬਣਾਉਣ ਦੀ ਲੋੜ ਹੈ। (ਵਿਘਨ) ਇਕ ਪਾਸੇ ਇਹ ਸਾਰਾ ਕੁਝ ਪੁਲੀਟੀਕਲ ਪ੍ਰਾਪੇਗੰਡਾ ਲਈ ਹੋ ਰਿਹਾ ਹੈ ਔਰ ਦੂਰੇ ਪਾਸੇ ਐਜੀਟੇਸ਼ਨ ਕਰ ਰਹੇ ਹਨ, ਲੇਕਿਨ ਇਸ ਸਭ ਦਾ ਮਕਸਦ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

ਕੀ ਹੈ ? ਆਇਆ ਅੱਤ ਵਾਦੀਆਂ ਦੇ ਖਿਲਾਫ ਮਕਸਦ ਹੈ ਜਾਂ ਗੁਰਦਆਰਾ ਐਕਟ ਦੀ ਮੰਗ ਕਰਨਾ ਹੈ ? ਮੈਂ ਕਹਿੰਦਾ ਹਾਂ ਕਿ ਇਹ ਆਪਣੇ ਸਾਰੇ ਕੰਮ ਤੇ ਰਵਿਊ ਕਰਨ ਕਿਉਂ ਕਿ ਅਗੇ ਪਾਰਟੀ ਵਿਚੋਂ 30, 30 ਹਜ਼ਾਰ 40, 40 ਹਜ਼ਾਰ ਬੰਦਾ ਆਇਆ ਕਰਦਾ ਸੀ ਹੁਣ ਦੋ ਦੋ ਸੌ ਢਾਈ ਢਾਈ ਸੌ ਬੰਦਾ ਆ ਰਿਹਾ ਹੈ। ਮੈਂ ਕਹਿੰਦਾ ਹਾਂ ਕਿ ਇਕੱਠੇ ਹੋ ਕੇ ਸਾਰੀ ਗਲ ਬਾਤ ਰਿਵਿਊ ਕਰੋ ਤਾ ਕਿ ਅੱਤਵਾਦੀ ਤਾਕਤਾਂ ਦੇ ਖਿਲਾਫ ਲੜੀਏ । ਇਹ ਤਾਂ ਰਾਜ ਜੀ ਨੇ ਦਰੁਸਤ ਕਿਹਾ ਹੈ ਕਿ ਸਾਨੂੰ ਇਕੱਠੇ ਲੜਨਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਇਹ ਜਿਹੜੇ ਰੂਲਿੰਗ ਪਾਰਟੀ ਨੂੰ ਅਧੀਕਾਰ ਦਿਤੇ ਜਾ ਰਹੇ ਹਨ ਇਹ ਨਹੀਂ ਦੇਣੇ ਚਾਹੀਦੇ । ਇਹ ਆਪਣਾ ਘਰੇਲੂ ਢਾਂਚਾ ਠੀਕ ਕਰਨ।

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ) : ਡਿਪਟੀ ਸਪੀਕਰ ਸਾਹਿਬ, ਇਸ ਬਿਲ ਤੇ ਬੋਲ-ਦਿਆਂ ਰਾਜ ਕੁਮਾਰ ਜੀ ਨੇ ਕੁਝ ਕਟਾਖਸ਼ ਕੀਤੇ ਹਨ ਮੈਂ ਉਨ੍ਹਾਂ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ । ਇਸ ਬਿੱਲ ਬਾਰੇ ਇਹ ਬਿਲਕੁਲ ਨਹੀਂ ਸਮਝਣਾ ਚਾਹੀਦਾ ਹੈ ਕਿ ਇਹ ਬਿੱਲ ਇਸ ਕਰਕੇ ਲਿਆਂਦਾ ਗਿਆ ਹੈ ਕਿ ਕੋਈ ਪਾਵਰਜ਼ ਜੁਡੀਸ਼ੀਅਰੀ ਤੋਂ ਖੋਹਣੀਆਂ ਹਨ । ਮੈਂ ਇਹ ਚੀਜ਼ ਬਿਲਕੁਲ ਕਲੀਅਰ ਕਰਨੀ ਚਾਹੁੰਦਾ ਹਾਂ। ਕੁਝ ਪ੍ਰੋਸੀਜਰਲ ਗੱਲਾਂ ਹਨ ਜਿਨ੍ਹਾਂ ਦਾ ਫੈਸਲਾ ਕਰਨਾ ਪੈਂਦਾ ਹੈ। ਉਹ ਫੈਸਲਾ ਕਰਨ ਵਾਲੇ ਕਈ ਵਾਰੀ ਉਸ ਹਾਲਾਤ ਦੇ ਮੁਤਾਬਕ ਉਸ ਨੂੰ ਢਾਲਦੇ ਹਨ । ਠੀਕ ਹੈ ਇਥੇ ਕਿਹਾ ਗਿਆ ਕਿ ਅਕਾਲੀ ਐਜੀਟੇਸ਼ਨ ਤੋਂ ਜੋ ਔਖਿਆਈ ਪੈਦਾ ਹੋਈ ਹੈ ਉਸ ਨੂੰ ਕਿਸੇ ਢੰਗ ਨਾਲ ਨਿਪਟਣ ਵਾਸਤੇ ਇਹ ਲਿਆਂਦਾ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਸਾਰੇ ਪੰਜਾਬ ਵਿਚ ਜੋ ਵਾਤਾ ਵਰਣ ਜਿਨ੍ਹਾਂ ਲੋਕਾਂ ਨੇ ਖਰਾਬ ਕੀਤਾ ਹੈ, ਜਿਨ੍ਹਾਂ ਦੋ ਬੇਗੁਨਾਹਾਂ ਨੂੰ, ਮਾਸੂਮਾਂ ਨੂੰ ਰਸਤੇ ਤੇ ਖੜਿਆਂ ਨੂੰ ਉਨ੍ਹਾਂ ਦੇ ਘਰਾਂ ਵਿਚ ਜਾਂ ਦੂਸਰੀਆਂ ਥਾਵਾਂ ਤੇ ਮਾਰ ਦਿਤਾ ਹੈ, ਅਗਰ ਉਨ੍ਹਾਂ ਨੂੰ ਖੁਲ੍ਹੀ ਛੁਟੀ ਦਿੱਤੀ ਜਾਏ ਤਾਂ ਉਸ ਦਾ ਕਿੰਨਾ ਨੁਕਸਾਨ ਹੋਰ ਹੋ ਸਕਦਾ ਹੈ । ਕਿਸੇ ਨੂੰ ਲਾਅ ਵਿਚ ਲਿਆਉਣ ਲਈ ਜ਼ਰੂਰੀ ਹੈ ਕਿ ਜਿਹੜੇ ਅਫ਼ਸਰ ਰੋਜ਼ ਡੀਲ ਕਰਦੇ ਹਨ ਉਨ੍ਹਾਂ ਨੂੰ ਕੁਝ ਪਾਵਰਜ਼ ਦਿਤੀਆਂ ਜਾਣ ਤਾਂ ਕਿ ਉਹ ਚੰਗੀ ਤਰ੍ਹਾਂ ਡੀਲ ਕਰ ਸਕਣ, ਇਫੈਕਟਿਵਲੀ ਡੀਲ ਕਰ ਸਕਣ ਇਹ ਇਸ ਦਾ ਤਾਤਪਰਜ਼ ਹੈ ਔਰ ਕਤੀਅੱਨ ਨਹੀਂ ਅਸੀਂ ਚਾਹੁੰਦੇ ਕਿ ਜੁਡੀਸ਼ੀਰੀ ਦੇ ਕੰਮ ਵਿਚ ਦਖਲ ਦਈਏ । ਜੁਡੀਸ਼ਰੀ ਐਗਜ਼ੈਕਟਿਵ ਤੋਂ ਜ਼ਰੂਰ ਅਲਹਿਦਾ ਕੀਤੀ ਹੈ। ਇਸ ਵਿਚ ਸਭ ਤੋਂ ਜ਼ਿਆਦਾ ਜਿਸ ਸ਼ਖਸ਼ ਨੇ ਆਪਣੀ ਅਦਾਇਗੀ ਕੀਤੀ ਉਹ ਸੀ ਡਾਕਟਰ ਗਜਿੰਦਰ ਗਡਕਰ। ਡਿਪਟੀ ਸਪੀ-ਕਰ ਸਾਹਿਬ, ਉਸ ਵੇਲੇ ਜੋ ਉਨ੍ਹਾਂ ਨੇ ਭਾਸ਼ਨ ਦਿਤਾ ਉਹ ਜੇਕਰ ਕਿਤੇ ਲਿਖਤੀ ਰੂਪ ਵਿਚ ਮਿਲ ਜਾਏ ਤਾਂ ਪੜ੍ਹਨ ਦੇ ਕਾਬਲ ਹੈ । ਉਨ੍ਹਾਂ ਨੇ ਕਿਹਾ ਕਿ ਚਾਹੇ ਐਗਜ਼ੈਕਟਿਵ ਹੋਵੇ ਜਾਂ ਜੁਡੀਸ਼ਰੀ ਹੋਵੇ ਉਨ੍ਹਾਂ ਨੂੰ ਉਸ ਵੇਲੇ ਧਿਆਨ ਦੇਣਾ ਪਏਗਾ ਕਿ ਅੱਜ ਹਾਲਾਤ ਕੈਸੇ ਹਨ ਔਰ ਜਿਸ ਵੇਲੇ ਅਸੀਂ ਸ਼ੁਰੂ ਹੋਏ ਸੀ ਉਸ ਵੇਲੇ ਹਾਲਾਤ ਕੀ ਸਨ। ਅੱਜ ਇਕਨਾਮਿਕ ਡਿਵੈਲਪਮੈਂਟ ਫਾਸਟਰ ਤਰੀਕੇ ਨਾਲ ਚਲ ਰਹੀ ਹੈ। ਸਾਇੰਟੀਫਿਕ ਏਜ ਹੈ ਇਸ ਵਿਚ ਪ੍ਰਾਬਲਮਜ਼ ਵਧੀਆਂ ਹਨ। ਪਾਪੂਲੇਸ਼ਨ ਵਧੀ ਹੈ । ਹੋਰ ਚੀਜ਼ਾਂ ਅੱਗੇ ਆਈਆਂ ਹਨ ਔਰ ਅਕਿਊਟ ਪ੍ਰਾਬਲਮ ਸਾਡੇ ਸਾਹਮਣੇ ਆਈਆਂ ਹਨ। ਉਨ੍ਹਾਂ ਦਾ ਜ਼ਿਕਰ ਕਰਕੇ ਉਨ੍ਹਾਂ ਨੇ ਕਿਹਾ ਸੀ ਕਿ ਇਨਸਾਫ ਉਨ੍ਹਾਂ ਪਧਰਾਂ ਨੂੰ ਸਾਹਮਣੇ ਰਖ ਕੇ ਹੋਣਾ ਚਾਹੀਦਾ ਹੈ। ਹੋਰ ਵੀ ਉਨ੍ਹਾਂ ਨੇ ਬਹੁਤ ਕੁਝ ਕਿਹਾ । ਮੈਂ ਉਹ ਪੜ੍ਹ ਦਿੰਦਾ ਹਾਂ ।

'It enlightens the man who does not know law even ; It will create an impression in that mind and will get light from it.'

ਉਸ ਵੇਲੇ ਵੀ ਉਨ੍ਹਾਂ ਨੇ ਸਾਰਿਆਂ ਨੂੰ ਚਾਨਣਾ ਕੀਤਾ ਸੀ। ਮੈਂ ਬਿਲਕੁਲ ਜੁਡੀਸ਼ੀਅਰੀ ਦੇ ਹੱਕ ਵਿਚ ਹਾਂ ਜਿਸ ਤੇ ਕੋਈ ਭਰੋਸਾ ਹੈ। ਜੇਕਰ ਉਸ ਤੇ ਕੋਈ ਭਰੋਸਾ ਹੈ ਤਾਂ ਉਸ ਭਰੋਸੇ ਤੋਂ ਦੂਰ ਨਹੀਂ ਭੱਜਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

ਪਰ ਉਸ ਭਰੋਸੇ ਨੂੰ ਰਖਣ ਲਈ ਜੇਕਰ ਹਾਲਾਤ ਇਸ ਤਰ੍ਹਾਂ ਦੇ ਬਣਾਓ ਤਾਕਿ ਉਨ੍ਹਾਂ ਵਿਚੋਂ ਕੁਝ ਲਭੇ ਨਾ, ਇਹ ਮਾੜੀ ਗਲ ਹੋਵੇਗੀ । ਇਸ ਕਰਕੇ ਇਹ ਗਲ ਕੀਤੀ ਹੈ । ਮੇਰੇ ਦੋਸਤ ਰਾਜ ਕੁਮਾਰ ਨੇ ਕਿਹਾ ਹੈ ਅਤੇ ਆਪੋਜ਼ ਕੀਤਾ ਹੈ ਕਿ ਇਹ ਤਾਂ ਟੈਂਪਰੇਰੀ ਹੈ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਗਰ ਹਾਲਾਤ ਐਸੇ ਹੋਣ ਕਿ ਕੁਝ ਅਰਸੇ ਵਾਸਤੇ ਉਨ੍ਹਾਂ ਨੂੰ ਕਾਮਡਾਊਨ ਕਰਨ ਵਾਸਤੇ ਅਗਰ ਪਾਵਰਜ਼ ਥੋੜੀ ਬਹੁਤੀ ਦਿਤੀ ਗਈ ਹੈ ਤਾਂ ਕੋਈ ਐਸੀ ਗੱਲ ਨਹੀਂ । ਪਾਵਰਜ਼ ਦਾ ਜ਼ਿਕਰ ਮੈਂ ਫਿਰ ਕਰਾਂਗਾ । ਇਹ ਠੀਕ ਹੈ ਕਿ ਪੁਲੀਟੀਕਲ ਪਾਰਟੀਆਂ ਨੂੰ ਕਿਸੇ ਇਕ ਪਧਰ ਤੇ ਕੰਮ ਕਰਨ ਦੀ ਲੋੜ ਹੈ ਔਰ ਕਰਨਾ ਚਾਹੀਦਾ ਹੈ । ਅਸੀਂ ਤਾਂ ਕਰਦੇ ਵੀ ਹਾਂ । ਸਾਡੀ ਪਾਰਟੀ ਨੇ ਬੇਸ਼ੁਮਾਰ ਮੀਟਿੰਗਾਂ ਕੀਤੀਆਂ ਹਨ ਔਰ ਕਰ ਰਹੀ ਹੈ । ਮਨਿਸਟਰ ਸਾਹਿਬਾਨ ਆਪਣੇ ਆਪਣੇ ਹਲਕਿਆਂ ਵਿਚ ਕੰਮ ਕਰਦੇ ਹਨ ਔਰ ਉਨ੍ਹਾਂ ਲੋਕਾਂ ਨੂੰ ਇਸ ਗਲ ਤੋਂ ਗਿਆਤ ਕਰਵਾਉਂਦੇ ਹਨ ਕਿ ਕੁਝ ਕੰਮ ਹੋਇਆ ਹੈ ਔਰ ਜਿਹੜੀਆਂ ਡਿਮਾਂਡਜ਼ ਹਨ ਉਨ੍ਹਾਂ ਵਿਚ ਕੀ ਤੱਤ ਹੈ । ਮੈਂ ਕਈ ਵਾਰੀ ਕਿਹਾ ਔਰ ਅੱਜ ਵੀ ਕਿਹਾ ਹੈ ਕਿ ਤਮਾਮ ਪੁਲੀਟੀਕਲ ਪਾਰਟੀਆਂ ਜਾਂ ਜੋ ਪ੍ਰੋਗਰੈਸਿਵ ਖਿਆਲ ਰਖਣ ਵਾਲੇ ਲੋਕ ਹਨ, ਉਨ੍ਹਾਂ ਨੇ ਕਮਿਊਨਲ ਟੈਂਡੈਂਸੀ ਰਖਣ ਵਾਲੀਆਂ ਫੋਰਸਿਜ਼ ਜਿਹੜੀਆਂ ਦੇਸ਼ ਨੂੰ ਡਿਸਇੰਟੈਗਰੇਟ ਕਰਨ ਵਾਲੀਆਂ ਫੋਰਸਿਜ਼ ਹਨ, ਦਾ ਮੁਕਾਬਲਾ ਕਰਨਾ ਹੈ ਔਰ ਉਨ੍ਹਾਂ ਨੂੰ ਆਪਣੀ ਤਾਕਤ ਦੀ ਡਿਮਾਨਸਟਰੇਸ਼ਨ ਕਰਨੀ ਚਾਹੀਦੀ ਹੈ । ਡਿਮਾਨਸਟਰੇਸ਼ਨਜ਼ ਕਰੋ, ਕਾਂਗਰਸ ਪਾਰਟੀ, ਕਾਂਗਰਸ ਸਰਕਾਰ ਤੁਹਾਡੇ ਨਾਲ ਹੈ । ਆਓ ਇਕੱਠੇ ਹੋ ਜਾਓ ਅਸੀਂ ਇਸ ਤਾਕਤ ਨੂੰ ਡਿਮੌਂਸਟਰੇਟ ਕਰੀਏ । ਜਿਹੜੀਆਂ ਤਾਕਤਾਂ ਸੈਪਰੇਟ ਕਰਨ ਵਾਲੀਆਂ ਹਨ ਜਾਂ ਕਮਿਊਨਲ ਫਰੈਂਜ਼ੀ ਵਿਚ ਜੋ ਬਾਹਰਲੀਆਂ ਤਾਕਤਾਂ ਨਾਲ ਮਿਲ ਕੇ ਮੁਲਕ ਨੂੰ ਡਿਸਇੰਟੈਗਰੇਟ ਕਰਨਾ ਚਾਹੁੰਦੀਆਂ ਹਨ ਉਨ੍ਹਾਂ ਦੇ ਖਿਲਾਫ ਸਾਨੂੰ ਡੱਟ ਕੇ ਡਿਮਾਨਸਟਰੇਸ਼ਨ ਕਰਨੀ ਚਾਹੀਦੀ ਹੈ । ਇਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਪ੍ਰਾਬਲਮਜ਼ ਦਾ ਹੱਲ ਹੋਣਾ ਚਾਹੀਦਾ ਹੈ । ਇਹ ਕਹਿੰਦੇ ਹਨ ਕਿ ਉਸ ਦੇ ਲਈ ਪੂਰਾ ਜ਼ੋਰ ਦਿਤਾ ਜਾਏ ਪਰ ਅਗਰ ਮੁਕਾਬਲਾ ਕਰਨ ਵਾਸਤੇ ਲੀਗਲ ਕੋਈ ਚੀਜ਼ ਲਿਆਂਦੀ ਹੈ, ਉਸ ਦਾ ਖੰਡਨ ਕੀਤਾ ਜਾਏ, ਮੈਂ ਸਮਝਦਾ ਹਾਂ ਕਿ ਇਹ ਦੋਨੋਂ ਗਲਾਂ ਆਪਸ ਵਿਚ ਜੁੜਦੀਆਂ ਨਹੀਂ । ਇਹ ਪ੍ਰੋਵੀਜ਼ਨ ਹੈ ਇਸ ਬਿਲ ਵਿਚੋਂ ਅਸੀਂ ਕਿਸੇ ਕਿਸਮ ਦੀ ਜੁਡੀਸ਼ਲ ਪਾਵਰਜ਼ ਵਿਦਡਰਾ ਕਰਨ ਲਈ ਨਹੀਂ ਕੀਤਾ ਬਲਕਿ ਇਸ ਤੇ ਇਹ ਕੀਤਾ ਹੈ ਕਿ ਕੁਝ ਧਾਰਾਵਾਂ ਜਿਹੜੀਆਂ ਹਨ ਉਨ੍ਹਾਂ ਨੂੰ ਸਟਰੈਂਥਨ ਕੀਤਾ ਹੈ । 8 ਔਰ 10 ਧਾਰਾਵਾਂ ਤੇ ਇਥੇ ਕਿਹਾ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਵਕੀਲ ਹੋ । ਤੁਸੀਂ ਆਪ ਜਾਣਦੇ ਹੋ ਕਿ ਪਬਲਿਕ ਟਰੈਂਕੁਐਲਿਟੀ ਰਖਣ ਵਾਸਤੇ ਨਿਹਾਇਤ ਜ਼ਰੂਰੀ ਹੈ ਕਿ ਐਸੇ ਸਾਧਨ ਅਖਤਿਆਰ ਕੀਤੇ ਜਾਣ ਜਿਨ੍ਹਾਂ ਨਾਲ ਜੋ ਲੋਕ ਜ਼ਿਆਦਾ ਬਦਅਮਨੀ ਫੈਲਾਉਣਾ ਚਾਹੁੰਦੇ ਹਨ ਜਾਂ ਐਸੀਆਂ ਗੱਲਾਂ ਕਰਦੇ ਹਨ ਜਿਹੜੀਆਂ ਪਬਲਿਕ ਟਰੈਂਕੁਐਲਿਟੀ ਦੇ ਖਿਲਾਫ ਹੋਣ, ਉਨ੍ਹਾਂ ਦਾ ਪ੍ਰਬੰਧ ਕੀਤਾ ਜਾਵੇ । ਉਨ੍ਹਾਂ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਐਡਮਨਿਸਟਰੇਸ਼ਨ ਦੀ ਹੈ । ਅਗਰ ਪਬਲਿਕ ਸਰਵੈਂਟਸ ਦੀ ਅਥਾਰਿਟੀ ਨੂੰ ਕੋਈ ਚੈਲੰਜ ਕਰਦਾ ਹੈ ਤਾਂ ਇਹ ਗਲਤ ਗਲ ਹੈ । ਅਗਰ ਕੋਈ ਆਦਮੀ ਕਿਸੇ ਦੀ ਕਮੀਜ਼ ਪਾੜ ਕੇ ਚਲਾ ਜਾਂਦਾ ਹੈ ਤਾਂ ਥਾਣੇਦਾਰ ਇਹ ਨਹੀਂ ਕਹਿ ਸਕਦਾ ਕਿ ਇਸ ਦੀ ਬੇਲ ਨਹੀਂ ਹੋਣੀ ਚਾਹੀਦੀ । ਇਤਨੀ ਆਸਾਨੀ ਨਾਲ ਇਸ ਦੀ ਐਪਲੀਕੇਸ਼ਨ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਨਾ ਹੀ ਸਾਨੂੰ ਇਸਦੀ ਉਮੀਦ ਕਰਨੀ ਚਾਹੀਦੀ ਹੈ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨੈਗੇਟਿਵ ਗਲਾਂ ਕੱਢਣ ਵਾਸਤੇ ਇਕ ਦੋ ਮਿਸਾਲਾਂ ਕਿਸੇ ਜਗ੍ਹਾ ਵੀ ਮਿਲ ਸਕਦੀਆਂ ਹਨ। ਹਰ ਚੀਜ਼ ਜੋ ਅਸੀਂ ਕਰਦੇ ਹਾਂ ਉਸ ਦੇ ਵਿਚ ਕੋਈ ਐਸਾ ਹਿਸਾ ਵੀ ਜ਼ਰੂਰ ਹੁੰਦਾ ਹੈ ਜਿਸ ਕਾਰਣ ਪ੍ਰੈਕਟਿਸ ਵਿਚ ਕਰਨ ਵਾਲੇ ਲੋਕਾਂ ਤੇ ਇਲਜ਼ਾਮ ਲਗ ਸਕਦਾ ਹੈ। ਫਾਲਟ ਕਰਨ ਵਾਲੇ ਨੂੰ ਪਤਾ ਵੀ ਨਹੀਂ ਲਗਦਾ। ਬਾਰ ਬਾਰ ਜੋ ਇਨਸਾਫ ਦਿੰਦੇ ਹਨ ਉਹ ਵੀ ਫਾਲਟ ਕਰ ਸਕਦੇ ਹਨ। ਮੈਂ ਅਗਰ ਕੋਈ ਇਨਸਾਫ ਦਿੰਦਾ ਹਾਂ ਪਤਾ ਨਹੀਂ ਤੁਸੀਂ ਉਸ ਨੂੰ ਕਿਵੇਂ ਜੱਜ ਕਰੋ। ਅੱਜ ਕੀ ਹਾਲਤ ਹੈ? ਆਰਮਜ਼ ਲੋਕੀਂ ਖੁਲ੍ਹੇ ਲਈ ਫਿਰਦੇ ਹਨ। ਅਸੀਂ ਚਾਹੁੰਦੇ ਹਾਂ ਕਿ ਉਹ ਖਰਾਬੀ ਨਾ ਪੈਦਾ ਕਰਨ। ਇਸ ਲਈ ਬੰਦਿਸ਼ ਲਾਉਣ ਤੇ ਕੀ ਹਰਜ ਹੈ? ਸਟੇਟ ਦੀ ਸਿਕਿਉਰਿਟੀ ਸਾਰਿਆਂ ਨਾਲੋਂ ਜ਼ਰੂਰੀ ਹੈ। ਐਕਸਟਰੀਮਿਸਟ ਐਕਟੀਵਿਟੀਜ਼ ਦਾ ਸਭ ਨੂੰ ਪਤਾ ਹੈ ਕਿ ਕੌਣ ਕੀ ਕਰ ਰਿਹਾ ਹੈ। ਅਗਰ ਉਨ੍ਹਾਂ ਦੀਆਂ ਐਕਟੀਵਿਟੀਜ਼ ਨੂੰ ਨਾ ਰੋਕੀਏ ਅਤੇ ਖੁਲੀ ਛੁੱਟੀ ਦੇ ਦੇਈਏ, ਫਿਰ ਕੀ ਹੋਵੇਗਾ? ਇਸ ਵਿਚ ਦਿੱਤਾ ਹੈ ਕਿ ਇਨ੍ਹਾਂ ਗਲਾਂ ਵਿਚ ਬੇਲ ਨਹੀਂ ਹੋਣੀ ਚਾਹੀਦੀ। ਅਗਰ ਉਹ ਸਾਜ਼ਿਸ਼ਾਂ ਕਰਨ, ਆਰਮਜ਼ ਲੈ ਕੇ ਰਿਵੋਲਟ ਕਰਨ ਦੀ ਕੋਸ਼ਿਸ਼ ਕਰਨ, ਇਕੱਠੇ ਹੋ ਕੇ ਲੋਕਾਂ ਨੂੰ ਮਾਰਨ ਦੀ ਪਲਾਨ ਬਣਾਉਣ, ਕਨਸਪੀਰੇਸੀ ਕਰਨ, ਅਟੈਂਪਟ ਟੂ ਮਰਡਰ ਕਰਨ, ਕੀ ਉਨ੍ਹਾਂ ਨੂੰ ਬਖਸ਼ ਦੇਣਾ ਚਾਹੀਦਾ ਹੈ ਜਾਂ ਫਿਰ ਉਨ੍ਹਾਂ ਨੂੰ ਕਾਬੂ ਕਰਨਾ ਚਾਹੀਦਾ ਹੈ। ਬੇਲ ਦੇ ਲਈ ਪ੍ਰੋਵੀਜ਼ਨ ਰਖੇ ਗਏ ਹਨ। ਕਈ ਗੱਲਾਂ ਵਿਚ ਸੈਸ਼ਨ ਜੱਜ ਕੋਲ ਅਪੀਲ ਹੋ ਸਕਦੀ ਹੈ।

439 ਧਾਰਾ ਦਾ ਜ਼ਿਕਰ ਕੀਤਾ ਹੈ। ਇਹ ਜਿਹੜੇ ਪ੍ਰੋਵੀਜ਼ਨਜ਼ ਆਫ ਦੀ ਬਿਲ ਹਨ ਇਹ ਸੀਰੀਅਸ ਓਫੈਂਸਜ਼ ਨਾਲ ਕੁਨੈਕਟਿਡ ਹਨ। ਇਹ ਓਫੈਂਸ ਉਹ ਹਨ ਜਿਹੜੇ ਮਰਡਰ ਨਾਲ ਤੁਅੱਲਕ ਰਖਦੇ ਹਨ, ਅਟੈਂਪਟ ਟੂ ਮਰਡਰ ਨਾਲ ਤੁਅੱਲਕ ਰਖਦੇ ਹਨ। ਇਸ ਦੇ ਲਈ ਅਗਰ ਕੋਈ ਬੰਦਿਸ਼ ਰਖੀ ਜਾਵੇ ਕਿ ਇਸ ਦੀ ਬੇਲ ਨਹੀਂ ਹੋਣੀ ਚਾਹੀਦੀ ਜਾਂ ਇਹ ਕਿਹਾ ਜਾਵੇ ਕਿ ਜਿਸ ਵੇਲੇ ਬੇਲ ਕਰਾਉਣ ਲਈ ਉਹ ਜਾਂਦਾ ਹੈ ਤਾਂ ਸਰਕਾਰੀ ਕਰਮਚਾਰੀਆਂ ਨੂੰ ਵੀ ਰੀਜ਼ਨੇਬਲ ਮੌਕਾ ਆਪਣੀ ਗਲ ਕਰਨ ਦਾ ਮਿਲੇ ਤਾਂਕਿ ਉਹ ਆਪਣਾ ਕੇਸ ਪੇਸ਼ ਕਰ ਸਕਣ ਇਹ ਕੋਈ ਗਲਤ ਗਲ ਨਹੀਂ ਹੈ। ਐਸੇ ਕੇਸ ਮੇਰੇ ਨੋਟਿਸ ਵਿੱਚ ਹਨ ਜਿਨ੍ਹਾਂ ਦਾ ਅਗਰ ਮੈਂ ਜ਼ਿਕਰ ਕਰਾਂ ਤਾਂ ਤੁਹਾਨੂੰ ਪਤਾ ਲਗ ਜਾਵੇਗਾ। ਮੈਂ ਉਨ੍ਹਾਂ ਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ। ਅਗਰ ਇਕ ਮਿੰਟ ਲਈ ਪੁਲਿਸ ਦੇ ਅਫਸਰ ਨੂੰ ਉਨ੍ਹਾਂ ਕੇਸਾਂ ਵਿਚ ਸੁਣ ਲਿਆ ਜਾਂਦਾ ਹੈ ਕਿ ਕਿਸ ਤਰ੍ਹਾਂ ਦੇ ਹਾਲਾਤ ਹਨ ਜਿਸ ਕਾਰਣ ਉਨ੍ਹਾਂ ਦੀ ਜ਼ਮਾਨਤ ਦੀ ਲੋੜ ਨਹੀਂ, ਤਾਂ ਗਲ ਹੋਰ ਹੋਣੀ ਸੀ। ਮੈਂ ਕਿਸੇ ਨੂੰ ਪ੍ਰੈਜੁਡਿਸ ਨਹੀਂ ਕਰਨਾ ਚਾਹੁੰਦਾ। ਅਗਰ ਮੈਂ ਉਨ੍ਹਾਂ ਕੇਸਾਂ ਦਾ ਜ਼ਿਕਰ ਕਰਾਂ ਤਾਂ ਤੁਹਾਨੂੰ ਪਤਾ ਲਗ ਜਾਵੇਗਾ ਕਿ ਕਿਸ ਤਰ੍ਹਾਂ ਜ਼ਮਾਨਤ ਉਨ੍ਹਾਂ ਕੇਸਾਂ ਵਿਚ ਵੀ ਦਿੱਤੀ ਗਈ ਹੈ ਜਿਹੜੇ ਬੜੇ ਸੀਰੀਅਸ ਕੇਸ ਹਨ। ਰਾਜ ਕੁਮਾਰ ਜੀ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਐਸੇ ਹਾਲਾਤ ਕਈ ਵਾਰੀ ਹੋ ਜਾਂਦੇ ਹਨ। ਸਾਰੇ ਪੰਜਾਬ ਵਿਚ ਇਕ ਝਗੜਾ ਪਿਆ। ਲੋਕਾਂ ਦੇ ਰਿਲੀਜੀਅਸ ਸੈਂਟੀਮੈਂਟਸ ਟੱਚ ਹੋ ਗਏ। ਬੀਫ ਟੈਲੋ ਨੂੰ ਘਿਓ ਦੇ ਨਾਂ ਤੇ ਵੇਚਿਆ ਜਾਵੇ। ਬੀਫ ਟੈਲੋ ਘਿਓ ਦੇ ਤਰ੍ਹਾਂ ਇਸਤੇਮਾਲ ਹੋਇਆ। ਉਸ ਦੇ ਲਈ ਅਸੀਂ ਮੁਲਜ਼ਮ ਫੜੇ। ਉਨ੍ਹਾਂ ਦੀ ਜ਼ਮਾਨਤ ਵੀ ਹੋ ਗਈ। ਜ਼ਮਾਨਤ ਖਤਮ ਵੀ ਹੋ ਗਈ। ਅਗਰ ਤੁਸੀਂ ਕਹੋ ਕਿ ਨੈਸ਼ਨਲ ਸਿਕਿਉਰਿਟੀ ਐਕਟ ਦਾ ਗਲਤ ਇਸਤੇਮਾਲ ਹੁੰਦਾ ਹੈ ਤਾਂ ਇਹ ਠੀਕ ਨਹੀਂ। ਯਾਨੀ ਅਗਰ ਲੋਕ ਐਸੇ ਓਫੈਂਸਿਜ਼ ਕਰਦੇ ਹਨ ਜਿਨ੍ਹਾਂ ਦਾ ਤੁਅੱਲਕ ਸਾਰੇ ਪੰਜਾਬ ਦੇ ਲੋਕਾਂ ਨਾਲ ਹੋਵੇ ਅਤੇ ਉਹ 'ਅਮਨ ਭੰਗ ਕਰਨ ਦਾ ਕਾਰਣ ਬਣ ਸਕਦਾ ਹੋਵੇ, ਆਇਆ ਉਨ੍ਹਾਂ ਨੂੰ ਪਕੜਨ ਦੀ ਲੋੜ ਹੈ ਜਾਂ ਨਹੀਂ। ਇਸ ਲਈ ਮੈਂ ਇਹ ਉਦਾਹਰਣ ਦਿੱਤੀ ਹੈ ਤਾਂਕਿ ਪਤਾ ਲਗ ਸਕੇ। ਹਾਲਾਤ ਵੇਖ ਕੇ ਇਸ ਦੀ ਐਪਲੀਕੇਸ਼ਨ ਹੋਵੇਗੀ। ਜੋ ਇਸ ਦੀ ਓਪਰੇਸ਼ਨ

Original with;
Punjab Vidhan Sabha
Digitized by;
Panjab Digital Library

ਹੋਵੇਗੀ ਉਹ ਠੀਕ ਤਰ੍ਹਾਂ ਹੋਵੇਗੀ। ਤੁਹਾਡਾ ਤੌਖਲਾ ਸਾਹਮਣੇ ਰੱਖ ਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਜਿਤਨੇ ਥੋੜ੍ਹੇ ਬਹੁਤ ਅਧਿਕਾਰ ਦਿੱਤੇ ਹਨ ਅਗਰ ਉਹ ਨਾ ਦਿੱਤੇ ਜਾਣ ਤਾਂ ਜੋ ਹਾਲਾਤ ਇਸ ਵੇਲੇ ਅਕਾਲੀ ਐਜੀਟੇਸ਼ਨ ਕਾਰਣ ਪੈਦਾ ਹੋਏ ਹਨ ਉਨ੍ਹਾਂ ਤੇ ਕਾਬੂ ਪਾਉਣਾ ਮੁਸ਼ਕਿਲ ਹੈ। ਤੁਸੀਂ ਕਿਹਾ ਹੈ ਕਿ ਪੁਲੀਟੀਕਲ ਲੈਵਲ ਅਤੇ ਆਰਗੇਨਾਈਜੇਸ਼ਨ ਲੈਵਲ ਤੇ ਇਸ ਨੂੰ ਕਾਬੂ ਕਰਨਾ ਚਾਹੀਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਸੀਂ ਪੁਲੀਟੀਕਲ ਲੈਵਲ ਤੇ ਇਸ ਤੇ ਕਾਬੂ ਪਾਉਣ ਦੀ ਕੋਸ਼ਿਸ਼ ਨਹੀਂ ਕਰ ਰਹੇ। ਮੈਂ ਉਹ ਗੱਲਾਂ ਦੁਹਰਾਉਣਾ ਨਹੀਂ ਚਾਹੁੰਦਾ। ਪੁਲੀਟੀਕਲ ਲੈਵਲ ਤੇ ਹਾਈਐਸਟ ਅਥਾਰਿਟੀ, ਪ੍ਰਾਈਮ ਮਨਿਸਟਰ ਸਾਹਿਬਾ ਨੇ ਇਸ ਨੂੰ ਆਪਣੇ ਹੱਥ ਵਿਚ ਲੈ ਕੇ ਨਿਪ-ਟਾਉਣ ਦੀ ਕੋਸ਼ਿਸ਼ ਕੀਤੀ। ਪਰ ਜੋ ਕੁਝ ਹੋਇਆ ਹੈ ਉਹ ਤੁਹਾਡੇ ਸਾਹਮਣੇ ਹੈ। ਰਿਲੀਜਨ ਦੇ ਨਾਂ ਉਤੇ ਪੁਲੀਟੀਕਲ ਗੱਲਾਂ ਦਾ ਇਸਤੇਮਾਲ ਕਰਨਾ ਅਤੇ ਫਿਰ ਹਰ ਉਸ ਚੀਜ਼ ਨੂੰ ਚਮਕਾਉਣਾ ਜੋ ਹਿੰਦੁਸਤਾਨ ਦੀ ਏਕਤਾ ਦੇ ਖਿਲਾਫ ਜਾਂਦੀ ਹੈ, ਠੀਕ ਨਹੀਂ ਹੈ। ਡੀਮਾਂਡ ਇਹ ਸੀ ਕਿ ਚੰਡੀਗੜ੍ਹ ਦੇ ਮਸਲੇ ਦਾ ਹੱਲ ਹੋਵੇ। ਇਸ ਦੇ ਨਾਲ ਹੀ ਧਾਰਮਿਕ ਡਿਮਾਂਡਾਂ ਰਖੀਆਂ ਸਨ। ਧਾਰਮਿਕ ਡਿਮਾਂਡਾਂ ਪੂਰੀਆਂ ਹੋ ਗਈਆਂ। ਪਰ ਰਿਲੀਜਨ ਦਾ ਫਿਰ ਵਾਸਤਾ ਆਇਆ। ਇਕਨਾਮਿਕ ਅਤੇ ਪੁਲੀਟੀਕਲ ਡਿਮਾਂਡਜ਼ ਦੀ ਸਮਝ ਆ ਸਕਦੀ ਹੈ। ਲੇਕਿਨ ਰਿਲੀਜਨ ਦੇ ਬੇਸਿਜ਼ ਤੇ ਇਕ-ਨਾਮਿਕ ਅਤੇ ਪੁਲੀਟੀਕਲ ਮੰਗਾਂ ਮੰਨਵਾਉਣਾ ਬੜੀ ਖਤਰਨਾਕ ਗੱਲ ਹੈ। ਇਸ ਤੋਂ ਐਡਵੈਂਟੇਜ ਲਿਆ ਜਾ ਰਿਹਾ ਹੈ। ਰਿਲੀਜਨ ਦੇ ਨਾਂ ਨੂੰ ਮੂਹਰੇ ਲੈ ਕੇ, ਰਿਲੀਜਨ ਦੇ ਬੇਸ ਤੇ ਉਹ ਸਾਰੀਆਂ ਡੇਂਜਰਸ ਗੱਲਾਂ ਕੀਤੀਆਂ ਜਾਂਦੀਆਂ ਹਨ ਜੋ ਸਿਰਫ ਕੁਰਸੀ ਲੈਣ ਵਾਸਤੇ ਹਨ। ਮੈਨੂੰ ਇਸ ਗੱਲ ਤੇ ਕੋਈ ਇਤਰਾਜ਼ ਨਹੀਂ, ਕੋਈ ਵੀ ਕੁਰਸੀ ਵਾਸਤੇ ਬੇਸ਼ਕ ਲੜੇ। ਪਰ ਉਹ ਪੁਲੀਟੀਕਲ ਪੱਧਰ ਤੇ ਆਪਣਾ ਪ੍ਰੋਗਰਾਮ ਦੇ ਕੇ ਲੜਨ, ਆਰਥਿਕ ਪ੍ਰੋਗਰਾਮ ਲੋਕਾਂ ਨੂੰ ਦੇਣ। ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਪਾਰਟੀ ਇਸ ਗੱਲ ਲਈ ਸਟੈਂਡ ਕਰਦੀ ਹੈ। ਸਾਰੇ ਸੰਸਾਰ ਦਾ ਬੋਝ ਆਪਣੇ ਤੇ ਲੈ ਕੇ ਇਹ ਕਹਿਣਾ ਕਿ ਸਿਰਫ ਰਿਲੀਜੀਅਸ ਬਾਡੀ ਹੀ ਇਹ ਕਰ ਸਕਦੀ ਹੈ, ਇਸ ਗੱਲ ਤੋਂ ਅਸੀਂ ਇਨਕਾਰ ਕੀਤਾ ਹੈ। ਇਨ੍ਹਾਂ ਨੇ ਹਰ ਉਸ ਰਿਲੀਜੀਅਸ ਚੀਜ਼ ਨੂੰ, ਰਿਲੀਜੀਅਸ ਅਸੂਲ ਨੂੰ ਭੰਗ ਕਰਕੇ ਉਨ੍ਹਾਂ ਦੀ ਨਜਾਇਜ਼ ਐਕਸਪਲਾਇਟੇਸ਼ਨ ਕਰਨੀ ਚਾਹੀਦੀ ਹੈ ਉਸ ਦੀ ਸਾਨੂੰ ਰੋਕ ਥਾਮ ਕਰਨੀ ਹੋਵੇਗੀ। ਮੈਂ ਸਾਰਿਆਂ ਨੂੰ ਕਹਿੰਦਾ ਹਾਂ ਕਿ ਪੁਲੀਟੀਕਲ ਪੱਧਰ ਤੇ ਸਾਰੇ ਇਕੱਠੇ ਹਵੋ।

ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਕਾਮਰੇਡ ਰਾਜ ਕੁਮਾਰ ਜੀ ਤਾਂ ਸ਼ਾਇਦ ਆਪਣੀਆਂ ਗੱਲਾਂ ਤੇ ਖੜ੍ਹੇ ਹੋਣਗੇ ਪਰ ਜਿਨ੍ਹਾਂ ਦੀ ਇਹ ਸਪੋਰਟ ਕਰਦੇ ਹਨ ਉਹ ਤਾਂ ਕਿਸੇ ਗੱਲ ਤੇ ਖੜ੍ਹੇ ਹੀ ਨਹੀਂ ਹਨ, ਉਨ੍ਹਾਂ ਦਾ ਕੋਈ ਇਲਾਜ ਤਾਂ ਕਰੋ। ਮੈਂ ਕੋਈ ਲਕੋ ਕੇ ਗੱਲ ਨਹੀਂ ਰੱਖਣੀ ਚਾਹੁੰਦਾ ਕਿ ਇਹ ਐਜੀਏਸ਼ਨ ਦੇ ਨਤੀਜੇ ਦੇ ਤੌਰ ਤੇ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਹਾਊਸ ਨੂੰ ਅਰਜ਼ ਕਰਾਂ ਕਿ ਇਹ ਬਿਲਕੁਲ ਕਿਸੇ ਨਾ ਵਕੀਲ ਦੇ ਖਿਲਾਫ ਹੈ ਨਾ ਕਿਸੇ ਪਬਲਿਕ ਦੇ ਬੰਦੇ ਦੇ ਖਿਲਾਫ ਜਿਹੜਾ ਅਮਨ ਇਮਾਨ ਨਾਲ ਚਲਣ ਵਾਲਾ ਹੈ, ਇਸ ਨੂੰ ਵਰਤਣਾ ਹੈ। ਇਹ ਤਾਂ ਛੋਟੀ ਮੋਟੀ ਪਾਵਰ ਦੇਣ ਦੀ ਇਕ ਪ੍ਰੋਮੀਜਰਲ ਅਮੈਂਡਮੈਂਟ ਹੈ ਔਰ ਮੈਂ ਇਹ ਰਿਕੁਐਸਟ ਕਰਾਂਗਾ ਕਿ ਇਸ ਨੂੰ ਮਨਜ਼ੂਰ ਕੀਤਾ ਜਾਵੇ। ਇਹ ਸ਼ਬਦ ਕਹਿਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ :** ਡਿਪਟੀ ਸਪੀਕਰ ਸਾਹਿਬ, ਮੈਂ ਇਕ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ ਜੀ। ਡਿਪਟੀ ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਦੋ ਗੱਲਾਂ ਕਹੀਆਂ ਹਨ। ਮੈਂ ਕੋਈ ਐਸਾ ਲਫਜ਼ ਯੂਜ਼ ਨਹੀਂ ਕਰਦਾ ਕਿਉਂਕਿ ਪਹਿਲਾਂ ਇਕ ਮੈਂ ਲਫਜ਼ ਯੂਜ਼ ਕੀਤਾ ਸੀ ਤਾਂ ਉਹ ਲਫਜ਼ ਗਲਤ ਸਮਝਿਆ ਗਿਆ ਸੀ। ਪਰ ਕੀ ਪੁਲੀਟੀਕਲ ਤੌਰ ਤੇ ਅਸੀਂ ਇਨ੍ਹਾਂ ਨਾਲ ਕੋਆਪ੍ਰੇਟ ਨਹੀਂ ਕਰਦੇ ? ਨੈਸ਼ਨਲ ਇੰਟੈਗਰੇਸ਼ਨ ਕੌਂਸਲ ਵਿਚ ਔਰ ਪੀਸ ਕਮੇਟੀ ਵਿਚ ਕੀ ਅਸੀਂ ਇਨ੍ਹਾਂ ਨਾਲ ਕੋਆਪਰੇਸ਼ਨ ਨਹੀਂ ਕਰਦੇ ਅਸੀਂ ਕੋਆਪ੍ਰੇਟ ਕਰਦੇ ਹਾਂ ਤਾਂ ਹੀ ਅਸੀਂ ਉਨ੍ਹਾਂ ਦੇ ਮੈਂਬਰ ਹਾਂ ਪਰ ਬਾਵਜੂਦ ਇਸ ਗੱਲ ਦੇ ਸਾਡੀ ਮੁਖਾਲਫਿਤ ਓਪਨਲੀ ਹੁੰਦੀ ਹੈ। ਅਗਰ ਸੀ. ਐਮ. ਸਾਹਿਬ ਨੂੰ ਸਾਡੀ ਪੁਲੀਟੀਕਲ ਕੋਆਪ੍ਰੇਸ਼ਨ ਬਾਰੇ ਡਾਊਟਸ ਹਨ ਤਾਂ ਉਹ ਦਸ ਦੇਣ। ਇਨ੍ਹਾਂ ਨੇ ਕਾਲ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਸਾਡੀ ਕੌਂਸਲ ਨੇ ਕਾਲ ਕੀਤਾ ਤਾਂ ਹੀ ਅਸੀਂ ਨੈਸ਼ਨਲ ਇੰਟੈਗਰੇਸ਼ਨ ਕੌਂਸਲ ਵਿਚ ਤੁਹਾਡੇ ਨਾਲ ਬੈਠੇ ਹਾਂ। ਪੀਸ ਕਮੇਟੀ ਵਿਚ ਵੀ ਆਪਣੀ ਕੌਂਸਲ ਦੀ ਕਾਲ ਉਤੇ ਤੁਹਾਡੇ ਨਾਲ ਬੈਠੇ ਹਾਂ। ਸਾਡਾ ਜੋ ਕ੍ਰਿਟੀਸਿਜ਼ਮ ਹੈ ਉਸ ਨੂੰ ਤੁਸੀਂ ਸਪੋਰਟਿਵਲੀ ਲਵੋ। ਕੀ ਇਹ ਅਦਾਰੇ ਐਡਮਨਿਸਟ੍ਰੇਟਿਵਲੀ ਕੰਮ ਕਰਨ ਜਾਂ ਪੁਲੀਟੀਕਲ ਤਰੀਕੇ ਨਾਲ ਕੰਮ ਕਰਨ ? ਇਨ੍ਹਾਂ ਨੇ ਉਹ ਕੰਮ ਨਹੀਂ ਕੀਤਾ ਹੈ ਜੋ ਇਨ੍ਹਾਂ ਅਦਾਰਿਆਂ ਨੂੰ ਕਰਨਾ ਚਾਹੀਦਾ ਸੀ। ਬਜਾਏ ਇਸ ਗੱਲ ਦੇ ਕਿ ਉਨ੍ਹਾਂ ਨੂੰ ਠੀਕ ਕਰਨ ਦਾ ਕੋਈ ਤਰੀਕਾ ਸੋਚਣ, ਇਹ ਸਾਡੇ ਬਾਰੇ ਹੀ ਇਸ ਤਰ੍ਹਾਂ ਕਹਿ ਰਹੇ ਹਨ ਕਿ ਅਸੀਂ ਅਕਾਲੀ ਪਾਰਟੀ ਦੀ ਤਰਫਦਾਰੀ ਕਰ ਰਹੇ ਹਾਂ। ਮੈਂ ਇਹ ਗਲ ਕਲੀਅਰ ਕਰ ਦੇਣੀ ਚਾਹੁੰਦਾ ਹਾਂ ਕਿ ਅਸੀਂ ਅਕਾਲੀ ਪਾਰਟੀ ਦੀ ਡਿਮਾਂਡ ਨੂੰ ਜਿਸ ਵਿਚ ਇਹ ਕਿਹਾ ਜਾਵੇ ਕਿ ਇਥੇ ਖਾਲਿਸਤਾਨ ਬਣੇ, ਉਨ੍ਹਾਂ ਦੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਮਨਜ਼ੂਰ ਕੀਤਾ ਜਾਵੇ, ਉਨ੍ਹਾਂ ਦਾ ਸਿਖ ਪਰਸਨਲ ਲਾਅ ਬਣਾਇਆ ਜਾਵੇ, ਉਨ੍ਹਾਂ ਨੂੰ ਵੱਖਰੀ ਕੌਮ ਮੰਨਿਆ ਜਾਵੇ, ਕਿਸੇ ਕਿਸਮ ਦਾ ਦੇਸ਼ ਦੀ ਪ੍ਰਭੂ-ਸੱਤਾ ਨੂੰ ਨੁਕਸਾਨ ਪਹੁੰਚਾਇਆ ਜਾਵੇ, ਇਸ ਚੀਜ਼ ਬਾਰੇ ਸਾਡੀ ਉਨ੍ਹਾਂ ਨਾਲ ਕੋਈ ਰਾਏ ਨਹੀਂ ਹੈ। (ਥੰਪਿੰਗ) ਲੇਕਿਨ ਜਿਥੋਂ ਤਕ ਸਾਡੀ ਪਾਰਟੀ ਦਾ ਇਹ ਵਿਚਾਰ ਹੈ ਕਿ ਪੰਜਾਬ ਦੀਆਂ ਜੋ ਹੋਰ ਸਮੱਸਿਆਵਾਂ ਹਨ, ਜਿਸ ਤਰ੍ਹਾਂ ਕਿ ਚੰਡੀਗੜ੍ਹ ਹੈ, ਉਹ ਪੰਜਾਬ ਨੂੰ ਮਿਲੇ ਤਾਂ ਇਸ ਵਿਚ ਕੀ ਹਰਜ ਹੈ। ਤੁਹਾਡੀ ਪਾਰਟੀ ਦੀ ਸਰਕਾਰ ਇਥੇ ਹੈ, ਔਰ ਉਪਰ ਵੀ ਹੈ, ਤੁਸੀਂ ਚੰਡੀਗੜ੍ਹ ਦਾ ਫੈਸਲਾ ਕਰਵਾਓ, ਤੁਸੀਂ ਕਰਵਾ ਸਕਦੇ ਹੋ, ਦੇ ਦਿਓ ਹਰਿਆਣੇ ਨੂੰ ਜਿਤਨੇ ਪੈਸੇ ਮੰਗਦੇ ਹਨ, ਕੁਝ ਪਿੰਡ ਦੇ ਦਿਓ। ਆਫਟਰ ਆਲ ਉਹ ਪਿੰਡ ਕੋਈ ਪਾਕਿਸਤਾਨ ਨੂੰ ਤਾਂ ਨਹੀਂ ਚਲੇ ਜਾਣੇ। ਜੇਕਰ ਕੋਈ ਇਸ ਦੇ ਰਸਤੇ ਵਿਚ ਅੜਦਾ ਹੈ ਤਾਂ ਤੁਹਾਡੀ ਰਿਸਪਾਂਸੀਬਿਲਿਟੀ ਹੈ, ਤੁਸੀਂ ਉਸ ਨੂੰ ਮੰਨਾਓ। ਫਿਰ ਪਾਣੀ ਦਾ ਮਸਲਾ ਹੈ। ਠੀਕ ਹੈ ਪਹਿਲਾਂ ਵੀ ਬੇਇਨਸਾਫੀ ਹੋਈ ਹੈ, ਕੁਝ ਤੁਹਾਡੇ ਵਕਤ ਵਿਚ ਹੋਈ ਹੈ, ਪਰ ਜੇਕਰ ਤੁਸੀਂ ਇਸ ਮਾਮਲੇ ਤੇ ਇਮਾਨਦਾਰੀ ਨਾਲ ਸਹਿਮਤ ਹੋਵੋ ਤਾਂ ਕੀ ਦਿੱਕਤ ਹੈ ਜੋ ਇਸ ਦੇ ਹੱਲ ਕਰਨ ਵਿਚ ਆਉਂਦੀ ਹੈ।

**ਸ੍ਰੀ ਡਿਪਟੀ ਸਪੀਕਰ :** ਤੁਸੀਂ ਆਪਣੇ ਪੁਆਇੰਟ ਆਫ ਕਲੈਰੀਫਿਕੇਸ਼ਨ ਬਾਰੇ ਹੀ ਬੋਲੋ, ਸਪੀਚ ਨਾ ਕਰੋ।

**ਕਾਮਰੇਡ ਰਾਜ ਕੁਮਾਰ :** ਫਿਰ ਫਾਜ਼ਿਲਕਾ ਔਰ ਅਬੋਹਰ ਦੀ ਗੱਲ ਹੈ। ਅਸੀਂ ਇਹ ਗੱਲ ਕਦੋਂ ਮੰਨੀ ਹੈ ਕਿ ਫਾਜ਼ਿਲਕਾ ਔਰ ਅਬੋਹਰ ਦਾ ਮਾਮਲਾ ਅਵਾਰਡ ਵਿਚ ਚੰਡੀਗੜ੍ਹ ਦੇ ਨਾਲ ਜੁੜਿਆ ਹੋਇਆ ਹੈ। ਉਹ ਵੱਖਰਾ ਮਾਮਲਾ ਹੈ ਔਰ ਚੰਡੀਗੜ੍ਹ ਦਾ ਵਖਰਾ ਹੈ। ਬਾਕੀ ਦਾਅਵਤ ਦੀ ਗੱਲ ਹੋਈ ਹੈ। ਤੁਹਾਡੇ ਹੋਮ ਮਨਿਸਟਰ ਸਾਹਿਬ ਦੀ ਚਿੱਠੀ ਮੇਰੇ ਨਾਮ ਤੇ ਮੇਰੇ ਪਾਸ ਹੈ। ਉਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

ਕੋਈ ਸਟੇਟਮੈਂਟ ਤਾਂ ਨਹੀਂ ਸੀ ਕੀਤਾ ਕਿ ਆ ਜਾਓ, ਜਿਸ ਜਿਸ ਨੇ ਆਪਣੀ ਗੱਲ ਕਹਿਣੀ ਹੈ, ਕਹਿ ਜਾਓ। ਇਸ ਲਈ ਸਾਨੂੰ ਇਸ ਗੱਲ ਤੇ ਐਕਿਊਜ਼ ਨਾ ਕਰੋ ਕਿ ਅਸੀਂ ਕਿਸੇ ਐਕਸ-ਪੀਡੀਐਂਸੀ ਦੀ ਖਾਤਰ ਉਨ੍ਹਾਂ ਨਾਲ ਕੰਪਰੋਮਾਈਜ਼ ਕਰ ਰਹੇ ਹਾਂ। ਅਸੀਂ ਕੋਈ ਕੰਪਰੋਮਾਈਜ਼ ਨਹੀਂ ਕਰ ਰਹੇ। ਅਸੀਂ ਵਾਇਉਲੈਂਸ ਦੀਆਂ ਸਰਗਰਮੀਆਂ ਦੇ ਖਿਲਾਫ ਹਾਂ ਲੇਕਿਨ ਉਹ ਮਯੀਅਰਜ਼ ਲੈਣੇ ਚਾਹੀਦੇ ਹਨ ਜਿਨ੍ਹਾਂ ਨਾਲ ਹਾਲਾਤ ਠੀਕ ਹੋ ਸਕਣ।

**Mr. Deputy Speaker**: Question is—

That this House disapproves the Code of Criminal Procedure (Punjab Amendmant) Ordinance, 1983 (Punjab Ordinance No. 3 of 1983).

*The motion was lost.*

**Mr. Deputy Speaker**: Question is—

That the Code of Criminal Procedure (Punjab Amendment) Bill be taken into consideration at once.

*The motion was carried.*

**Mr. Deputy Speaker**: Now the House will proceed to consider the Bill Clause by Clause.

**Sub-Clause (2) of Clause 1**

**Mr. Deputy Speaker**: Question is—

That Sub-Clause (2) of Clause 1 stand part of the Bill.

*The motion was carried.*

**Mr. Deputy Speaker**: If the House agrees, all the Clauses of the Bill be put to the vote of the House together.

(Voices : Yes, yes.)

**Sub-Clause (3) of Clause 1, Clause 2, Clause 3, Clause 4, Clause 5, Clause 6, Clause 7, Clause 8, Clause 9, Clause 10, Clause 11, Clause 12, Clause 13 and Clause 14.**

**Mr. Deputy Speaker**: Question is—

That Sub-Clause (3) of Clause 1, Clause 2, Clause 3, Clause 4, Clause 5, Clause 6, Clause 7. Clause 8, Clause 9, Clause 10, Clause 11, Clause 12, Clause 13, and Clause 14. stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

[Mr. Deputy Speaker]

**Sub-Clause (1) of Clause 1**

**Mr. Deputy Speaker**: Question is—

That Sub-Clause (1) of Clause 1 stand part of the Bill.

*The motion was carried.*

**Title**

**Mr. Deputy Speaker**: Question is—

That Title be the title of the Bill.

*The motion was carried.*

**Chief Minister** (Sardar Darbara Singh): Sir, I beg to move—

That the Code of Criminal Procedure (Punjab Amendment) Bill be passed.

**Mr. Deputy Speaker**: Motion moved—

That the Code of Criminal Procedure (Punjab Amendment) Bill be passed.

**Mr. Deputy Speaker**: Question is—

That the Code of Criminal Procedure (Punjab Amendment) Bill be passed.

*The motion was carried.*

---

THE PUNJAB LEGISLATIVE ASSEMBLY (ALLOWANCES OF MEMBERS) AMENDMENT BILL, 1983.

**Health Minister** (Shri Joginder Pal Pandey) : Sir, I beg to introduce the Punjab Legislative Assembly (Allowances of Members) Amendment Bill.

Sir, I also beg to move—

That the Punjab Legislative Assembly (Allowances of Members) Amendment Bill be taken into consideration at once.

**Mr. Deputy Speaker**: Motion moved—

That the Punjab Legislative Assembly (Allowances of Members) Amendment Bill be taken into consideration at once.

**ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ** (ਬਟਾਲਾ): ਡਿਪਟੀ ਸਪੀਕਰ ਸਾਹਿਬ, ਮੈਂ ਇਸ ਤੇ ਜ਼ਿਆਦਾ ਕੁਝ ਨਹੀਂ ਕਹਿਣਾ ਚਾਹੁੰਦਾ। ਸਿਰਫ ਇਕ ਸੁਜੇਸ਼ਨ ਹੈ ਜਿਹੜੀ ਮੈਂ ਲਿਖ ਕੇ ਵੀ ਭੇਜੀ ਹੈ ਉਹ ਇਹ ਹੈ ਕਿ ਬਜਾਏ ਇਸ ਦੇ ਕਿ ਇਥੇ ਬਾਰ ਬਾਰ ਇਹੋ ਜਿਹਾ ਬਿਲ ਲਿਆਂਦਾ ਜਾਵੇ, ਇਸ ਨੂੰ ਹਮੇਸ਼ਾ ਲਈ ਮੈਂਬਰ ਆਫ ਪਾਰਲੀਆਮੈਂਟ ਦੇ ਨਾਲ ਲਿੰਕ ਕਰ ਦਿਤਾ ਜਾਵੇ ਤਾਂ ਠੀਕ ਰਹੇਗਾ। ਇਸ ਲਈ ਇਸ ਨੂੰ ਕੰਸਿਡਰ ਜ਼ਰੂਰ ਕਰ ਲੈਣਾ ਚਾਹੀਦਾ ਹੈ।

**ਕਾਮਰੇਡ ਰਾਜ ਕੁਮਾਰ** (ਧਾਰੀਵਾਲ): ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਤੇ ਇਤਨਾ ਹੀ ਹੋਣਾ ਚਾਹੁੰਦਾ ਹਾਂ ਕਿ ਇਸ ਵੇਲੇ ਜੋ ਇਨ੍ਹਾਂ ਅਲਾਊਂਸਿਜ਼ ਦੇ ਸਬੰਧ ਵਿਚ ਸਾਡੇ ਖਿਲਾਫ ਜੋ

Original with;
Punjab Vidhan Sabha
Digitized by;
Panjab Digital Library

ਲਾਬੀ ਬਣੀ ਹੋਈ ਹੈ ਔਰ ਕਾਫੀ ਸਰਗਰਮੀ ਹੈ ਤੁਹਾਨੂੰ ਪਤਾ ਹੈ ਕਿ ਪਿਛਲੇ ਦਿਨਾਂ ਵਿਚ ਇਕ ਅਖਬਾਰ ਵਿਚ ਵੀ ਪਹਿਲੇ ਪੇਜ 'ਕਾਸਟ ਆਫ ਐਨ. ਐਮ. ਐਲ. ਏ' ਛਪਿਆ ਸੀ ਔਰ ਉਸ ਰਾਹੀਂ ਜਿੰਨੀ ਸਵਾਹ ਪਾਈ ਜਾ ਸਕਦੀ ਸੀ ਉਹ ਪਾਈ ਗਈ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਗਲਾਂ ਮਿਸਅੰਡਰਸਟੂਡ ਹੋ ਰਹੀਆਂ ਹਨ, ਇਸ ਲਈ ਜੋ ਸਾਡੇ ਪਰਕਸ ਹਨ ਉਨ੍ਹਾਂ ਦੇ ਸਬੰਧ ਵਿਚ ਲੋਕਾਂ ਨੂੰ ਇਨਫਾਰਮ ਕਰਨਾ ਚਾਹੀਦਾ ਹੈ ਔਰ ਕਿਸੇ ਨਾ ਕਿਸੇ ਨਾਲ ਤਾਂ ਇਸ ਦੀ ਬਰਾਬਰਤਾ ਰਖਣੀ ਚਾਹੀਦੀ ਹੈ ਤਾਂਕਿ ਸਾਡੇ ਸਿਰ ਜਿਹੜੇ ਆਦਮੀ ਸੁਆਹ ਪਾਂਦੇ ਹਨ, ਉਨ੍ਹਾਂ ਨੂੰ ਪਤਾ ਲਗ ਸਕੇ। ਫਿਰ ਜੇ ਇਸ ਲਾਬੀ ਤੇ ਕਾਬੂ ਨਾ ਕੀਤਾ ਗਿਆ ਤਾਂ ਅੱਜ ਇਕ ਅਖਬਾਰ ਵਿਚ ਛਪਿਆ ਹੈ ਕੱਲ੍ਹ ਨੂੰ ਹਿੰਦੁਸਤਾਨ ਦੀਆਂ ਸਾਰੀਆਂ ਅਖਬਾਰਾਂ ਵਿਚ ਇਹ ਛਪੇਗਾ ।

ਇਸ ਸਬੰਧ ਵਿਚ ਮੈਂ ਇਕ ਸੁਜੈਸ਼ਨ ਵੀ ਦੇਣਾ ਚਾਹੁੰਦਾ ਹਾਂ ਕਿ ਐਮ. ਐਲ. ਏ. ਕਾਫੀ ਮੁਬਾਇਲ ਆਦਮੀ ਹੁੰਦਾ ਹੈ। ਜੇ ਇਕ ਨਾਇਬ ਤਹਿਸੀਲਦਾਰ ਨੂੰ ਸਰਕਾਰੀ ਕੰਮ ਕਰਨ ਲਈ ਜੀਪ ਮਿਲ ਸਕਦੀ ਹੈ ਤਾਂ ਕੀ ਇਕ ਐਮ. ਐਲ. ਏ. ਨੂੰ ਟ੍ਰਾਂਸਪੋਰਟ ਦੀ ਸਹੂਲਤ ਨਹੀਂ ਦਿੱਤੀ ਜਾ ਸਕਦੀ ? ਮੈਂ ਬੱਸਾਂ ਦੀ ਗੱਲ ਨਹੀਂ ਕਰ ਰਿਹਾ। ਉਥੇ ਜੋ ਹਾਲ ਹੁੰਦਾ ਹੈ ਉਹ ਤੁਹਾਨੂੰ ਪਤਾ ਹੀ ਹੈ। ਇਸ ਲਈ ਜੇ ਉਸ ਵਾਸਤੇ ਕੋਈ ਇੰਡੀਪੈਂਡੈਂਟ ਟ੍ਰਾਂਸਪੋਰਟ ਦਾ ਪ੍ਰਬੰਧ ਕਰ ਦੇਈਏ ਤਾਂ ਇਸ ਨਾਲ ਉਸ ਨੂੰ ਆਪਣੀ ਡਿਊਟੀ ਨਿਭਾਉਣ ਵਿਚ ਵੀ ਆਸਾਨੀ ਹੋ ਜਾਵੇਗੀ ਔਰ ਇਹੋ ਜਿਹੇ ਬਿਲ ਲਿਆਉਣ ਦੀ ਵੀ ਲੋੜ ਨਹੀਂ ਪਵੇਗੀ। ਇਸ ਲਈ ਅਸੀਂ ਸਮਝਦੇ ਹਾਂ ਕਿ ਹੁਣ ਇਹ ਬਿਲ ਪਾਸ ਨਾ ਕਰੋ ਔਰ ਇਸ ਦੇ ਬਜਾਏ ਹਰ ਇਕ ਐਮ. ਐਲ. ਏ. ਨੂੰ ਸਰਕਾਰੀ ਖਰਚ ਉਤੇ ਆਪਣਾ ਕੰਮ ਕਾਰ ਨਿਪਟਾਉਣ ਲਈ ਇੰਡੀਪੈਂਡੈਂਟ ਟ੍ਰਾਂਸਪੋਰਟ ਦਾ ਪ੍ਰਬੰਧ ਕੀਤਾ ਜਾਵੇ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** (ਲੁਧਿਆਣਾ ਪੂਰਬੀ): ਇਸ ਬਿਲ ਬਾਰੇ ਮੈਂ ਹੋਰ ਕੋਈ ਗਲ ਨਹੀਂ ਕਰਨੀ ਸਿਰਫ ਇਕ ਗਲ ਕਰਨੀ ਹੈ। ਉਹ ਇਹ ਹੈ ਕਿ ਸਾਡੀ ਪਾਰਟੀ ਵਿਚ, ਐਫ. ਐਮ. ਸਾਹਿਬ ਵੀ ਉਥੇ ਸਨ, ਇਹ ਪਾਸ ਹੋਇਆ ਸੀ ਕਿ ਜਿਸ ਤਰ੍ਹਾਂ ਬਿਲਡਿੰਗ ਵਾਸਤੇ ਲੋਨ ਦਿਤਾ ਜਾਂਦਾ ਹੈ ਔਰ ਅਗਰ ਰਬ ਨਾ ਕਰੇ ਕੋਈ ਐਮ. ਐਲ. ਏ. ਮਰ ਜਾਵੇ ਤਾਂ ਉਸ ਦਾ ਉਹ ਅਮਾਊਂਟ ਰਾਈਟ ਆਫ ਹੋ ਜਾਂਦਾ ਹੈ ਇਸੇ ਤਰ੍ਹਾਂ ਇਹ ਵੀ ਕਰਜ਼ਾ ਹੈ ਇਸ ਦੇ ਵਿਚ ਵੀ ਇਹ ਕਰ ਦੇਣਾ ਚਾਹੀਦਾ ਹੈ ਕਿ ਜੇ ਕੋਈ ਐਮ. ਐਲੇ. ਏ. ਮਰ ਜਾਵੇ ਤਾਂ ਉਸ ਦੇ ਨਿਆਣਿਆਂ ਨੂੰ ਨਾ ਪੁਛਦੇ ਫਿਰੋ ਬਲਕਿ ਉਹ ਅਮਾਊਂਟ ਰਾਈਟ ਆਫ ਹੋ ਜਾਣੀ ਚਾਹੀਦੀ ਹੈ। ਸੋ ਇਸ ਤੇ ਜ਼ਰੂਰ ਐਫ. ਐਮ. ਸਾਹਿਬ ਗੌਰ ਕਰ ਲੈਣ ।

**Shri Gopal Krishan Chatrath** : Whatever facilities are given to the legislators, they do not become available to them because the rules are not issued. Whatever is passed, it is the duty of the Government to see that it is implemented. Comrade Raj Kumar has rightly brought to the notice of this House that there is a lobby against the legislators and that lobby propagates that the legislators are drawing more. I as M. L.C. was drawing Rs. 300/-. Now as M.L.A. I am drawing Rs. 500. There is difference of Rs. 200/- only. There is need to be told to the public that legislators are not part-timers, they are practically whole-timers. They are not spared by the public. They have to look after them. They have to work from morning till mid-night. The legislators practically work in the field. The lobby which is against them do not

Original with;
Punjab Vidhan Sabha
Digitized by;
Panjab Digital Library

[Shri Gopal Krishan Chatrath]
take notice of that. They do propaganda against the legislators just to tarnish their image. The legislators can also retaliate.

ਸਰਦਾਰ ਗੁਰਨੈਬ ਸਿੰਘ ਬਰਾੜ (ਫਿਰੋਜ਼ਪੁਰ ਛਾਉਣੀ) : ਡਿਪਟੀ ਸਪੀਕਰ ਸਾਹਿਬ, ਇਹ ਜੋ ਬਿਲ ਪਾਂਡੇ ਸਾਹਿਬ ਇਥੇ ਲੈ ਆਏ ਹਨ ਔਰ ਕਾਮਰੇਡ ਰਾਜ ਕੁਮਾਰ ਜੀ ਨੇ ਜਿਸ ਦੀ ਵਿਰੋਧਤਾ ਕੀਤੀ ਹੈ ਮੈਂ ਸਮਝਦਾ ਹਾਂ ਕਿ ਇਸ ਵਿਚ ਕੋਈ ਲੰਬੀ ਚੌੜੀ ਗਲ ਨਹੀਂ ਹੈ। ਸਿਰਫ 70 ਹਜ਼ਾਰ ਨੂੰ ਵਧਾ ਕੇ 85 ਹਜ਼ਾਰ ਕੀਤਾ ਗਿਆ ਹੈ. ਇਸ ਨਾਲ ਕਿਸੇ ਮੈਂਬਰ ਨੂੰ ਕੋਈ ਖਾਸ ਫਾਇਦਾ ਨਹੀਂ ਹੁੰਦਾ। ਜਿਸ ਨੇ ਕਰਜ਼ਾ ਲੈਣਾ ਹੈ ਉਹ ਤਾਂ ਮੋੜਨਾ ਵੀ ਹੈ। ਇਹ ਜਿਹੜਾ ਅਖਬਾਰ ਵਾਲੇ ਨੇ 4 ਹਜਾਰ ਔਰ 5 ਹਜ਼ਾਰ ਐਮ. ਐਲ. ਏ. ਨੂੰ ਮਿਲਣ ਦੀ ਖਬਰ ਛਾਪੀ ਹੈ ਇਹ ਕੋਈ ਠੀਕ ਨਹੀਂ ਲਗਦੀ। ਤੁਸੀਂ ਵੇਖੋ ਕਿ ਜਦੋਂ ਅਸੀਂ ਇਥੇ ਅਸੈਂਬਲੀ ਅਟੈਂਡ ਕਰਨ ਆਉਂਦੇ ਹਾਂ ਜਾਂ ਕਮੇਟੀ ਦੀ ਮੀਟਿੰਗ ਅਟੈਂਡ ਕਰਨੀ ਹੁੰਦੀ ਹੈ ਤਾਂ ਫਿਰੋਜ਼ਪੁਰ ਤੋਂ ਚਲ ਕੇ ਇਥੇ ਆਉਣਾ 300 ਰੁਪਏ ਦਾ ਤਾਂ ਪੈਟਰੋਲ ਖਰਚ ਹੋ ਜਾਂਦਾ ਹੈ ਜੇ ਉਸ ਵਿਚ ਸਾਨੂੰ 100 ਰੁਪਿਆ ਬਚ ਵੀ ਜਾਏ ਤਾਂ ਇਹ ਇਨ੍ਹਾਂ ਨੂੰ ਬਰਦਾਸ਼ਤ ਨਹੀਂ ਹੁੰਦਾ। ਇਸ ਲਈ ਜਿਹੜੀ ਕਾਮਰੇਡ ਸਾਹਿਬ ਨੇ ਇਸ ਦੀ ਵਿਰੋਧਤਾ ਕੀਤੀ ਹੈ ਉਹ ਨਹੀਂ ਸੀ ਕਰਨੀ ਚਾਹੀਦੀ। ਇਹ ਬਿਲ ਪਾਸ ਕਰਨਾ ਚਾਹੀਦਾ ਹੈ।

ਸਿਹਤ ਮੰਤਰੀ (ਸ੍ਰੀ ਜੋਗਿੰਦਰ ਪਾਲ ਪਾਂਡੇ) : ਡਿਪਟੀ ਸਪੀਕਰ ਸਾਹਿਬ, ਸ਼ੁਰੂ ਵਿਚ ਕਿਹਾ ਗਿਆ ਸੀ ਕਿ ਇਸ ਬਿਲ ਤੇ ਬਹਿਸ ਦੀ ਜ਼ਰੂਰਤ ਨਹੀਂ ਪਰ ਕਿਉਂਕਿ ਕਈ ਮੈਂਬਰ ਸਾਹਿਬਾਨ ਨੇ ਕੁਝ ਐਸੇ ਪੁਆਇੰਟ ਉਠਾ ਦਿੱਤੇ ਹਨ ਜਿਨ੍ਹਾਂ ਦਾ ਉਤਰ ਦੇਣਾ ਮੈਂ ਜ਼ਰੂਰੀ ਸਮਝਦਾ ਹਾਂ। ਪਹਿਲੀ ਗੱਲ ਤਾਂ ਕਾਮਰੇਡ ਰਾਜ ਕੁਮਾਰ ਜੀ ਨੇ ਕਹੀ ਹੈ ਉਹ ਇਸ ਨੂੰ ਅਲਾਊਂਸ ਕਿਹਾ ਹੈ, ਇਹ ਅਲਾਊਂਸ ਨਹੀਂ ਬਲਕਿ ਸਿਰਫ ਕਰਜ਼ਾ ਹੈ ਜਿਸ ਦੀ ਹੱਦ ਵਧਾਈ ਹੈ। 70 ਹਜ਼ਾਰ ਤੋਂ 85 ਹਜ਼ਾਰ ਕੀਤਾ ਹੈ ਤਾਂਕਿ ਜੇ ਕੋਈ ਮੈਂਬਰ ਕਾਰ ਖਰੀਦਣਾ ਚਾਹੇ ਤਾਂ ਉਹ ਖਰੀਦ ਸਕੇ। ਦੂਜੀ ਉਨ੍ਹਾਂ ਨੇ ਜੀਪ ਦੀ ਗੱਲ ਕੀਤੀ ਹੈ। ਇਹ ਕਾਰ ਨਹੀਂ ਖਰੀਦਣਾ ਚਾਹੁੰਦੇ, ਕਿਉਂਕਿ ਇਹ ਸਮਝਦੇ ਹਨ ਕਿ ਜੇ ਅਸੀਂ ਕਾਰ ਲੈ ਲਈ ਤਾਂ ਲੋਕ ਸਾਨੂੰ ਅਮੀਰ ਕਹਿਣਾ ਸ਼ੁਰੂ ਕਰ ਦੇਣਗੇ। ਇਸ ਲਈ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਜੇ ਇਹ ਕਾਰ ਨਹੀਂ ਲੈਣਾ ਚਾਹੁੰਦੇ ਤਾਂ ਇਹ ਮੋਟਰ ਸਾਈਕਲ ਜਾਂ ਸਕੂਟਰ ਲਈ ਕਰਜ਼ਾ ਲੈ ਸਕਦੇ ਹਨ। ਕਾਮਰੇਡਾਂ ਨੇ ਤਾਂ ਹਰ ਬਿਲ ਨੂੰ ਅਪੋਜ਼ ਕਰਨਾ ਹੁੰਦਾ ਹੈ। ਪਰ ਜਿਸ ਵੇਲੇ ਤਨਖਾਹ ਮੈਂਬਰ ਦੀ ਵੱਧ ਜਾਂਦੀ ਹੈ ਅਤੇ ਅਲਾਊਂਸ ਵੱਧ ਜਾਂਦੇ ਹਨ ਤਾਂ ਇਨ੍ਹਾਂ ਨੇ ਕਦੇ ਘੱਟ ਨਹੀਂ ਲਏ। ਇਹ ਵੀ ਦੂਜੇ ਮੈਂਬਰਾਂ ਵਾਂਗ ਡਰਾਮਾ ਕਰਦੇ ਹਨ। ਇਹ ਇਥੇ ਹਾਊਸ ਵਿਚ ਕਹਿਣ ਕਿ ਅਸੀਂ ਮੈਂਬਰਾਂ ਦੇ ਅਲਾਊਂਸ ਉਹ ਲੈਣ ਵਾਸਤੇ ਤਿਆਰ ਹਾਂ ਜਿਹੜੇ ਮੈਂਬਰਾਂ ਨੂੰ ਪਿਛਲੇ 10–15 ਸਾਲ ਪਹਿਲੇ ਮਿਲਦੇ ਸਨ। ਇਹ ਕਰਨ ਵਾਸਤੇ ਇਹ ਤਿਆਰ ਨਹੀਂ ਹੋਣਗੇ।

ਕਾਮਰੇਡ ਰਾਜ ਕੁਮਾਰ : ਡਿਪਟੀ ਸਪੀਕਰ ਸਾਹਿਬ, ਅਗਰ ਕਾਂਗਰਸ ਪਾਰਟੀ ਦੇ ਮੈਂਬਰ ਪਿਛਲੇ 10 ਸਾਲਾਂ ਵਾਲੇ ਅਲਾਊਂਸ ਲੈਣ ਵਾਸਤੇ ਤਿਆਰ ਹਨ ਤਾਂ ਸਾਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੈ।

ਸਿਹਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਕਾਮਰੇਡਾਂ ਦੀ ਸਰਕਾਰ ਬੰਗਾਲ ਅਤੇ ਕਰੇਲਾ ਵਿਚ ਵੀ ਰਹੀ ਹੈ ਅਤੇ ਪੰਜਾਬ ਵਿਚ 1967 ਵਿਚ ਅਕਾਲੀ ਪਾਰਟੀ ਦੇ ਨਾਲ ਮਿਲ ਕੇ ਬਣਾਈ ਸੀ। ਉਸ ਵੇਲੇ ਇਨ੍ਹਾਂ ਦੀ ਪਾਰਟੀ ਦੇ ਕਿਸੇ ਮਨਿਸਟਰ ਨੇ ਘੱਟ ਤਨਖਾਹ ਨਹੀਂ ਲਈ ਹੈ ਅਤੇ ਘੱਟ ਅਲਾਊਂਸ ਨਹੀਂ ਲਏ ਸਨ। ਇਹ ਸਿਰਫ ਲੋਕਾਂ ਨੂੰ ਦੱਸਣ ਦੀ ਖਾਤਰ ਕਿ ਅਸੀਂ

Original with;
Punjab Vidhan Sabha
Digitized by;
Panjab Digital Library

ਇਹ ਕੁਰਬਾਨੀ ਕਰ ਸਕਦੇ ਹਾਂ, ਕਰ ਰਹੇ ਹਨ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਕਹਾਂਗਾ ਕਿ ਇਸ ਬਿਲ ਨੂੰ ਪਾਸ ਕਰ ਦੇਣਾ ਚਾਹੀਦਾ ਹੈ।

**Mr. Deputy Speaker :** Question is—

That the Punjab Legislative Assembly (Allowances of Members) Amendment Bill be taken into consideration at once.

*The motion was carried.*

**Mr. Deputy Speaker :** Now the House will proceed to consider the Bill Clause by Clause.

**Clause 2**

**Mr. Deputy Speaker :** Question is—

That Clause 2 stand part of the Bill.

*The motion was carried.*

**Clause 1**

**Mr. Deputy Speaker :** Question is—

That Clause 1 stand part of the Bill.

*The motion was carried.*

**Title**

**Mr. Deputy Speaker :** Question is—

That Title be the Title of the Bill.

*The motion was carried.*

**Health Minister** (Shri Joginder Pal Pandey) : Sir, I beg to move—

That the Punjab Legislative Assembly (Allowances of Members) Amendment Bill be passed.

**Mr. Deputy Speaker :** Motion moved—

That the Punjab Legislative Assembly (Allowances of Members) Amendment Bill be passed.

**Mr. Deputy Speaker :** Question is—

That the Punjab Legislative Assembly (Allowances of Members) Amendment Bill be passed.

*The motion was carried.*

Original with;
Punjab Vidhan Sabha
Digitized by;
Panjab Digital Library

## THE EAST PUNJAB MINISTERS' SALARIES (AMENDMENT) BILL, 1983

**Health Minister** (Shri Joginder Pal Pandey) : Sir, I beg to introduce the East Punjab Ministers' Salaries (Amendment) Bill, 1983.

Sir, I also beg to move—

That the East Punjab Ministers' Salaries (Amendment) Bill be taken into consideration at once.

**Mr. Deputy Speaker :** Motion moved—

That the East Punjab Ministers' Salaries (Amendment) Bill be taken into consideration at once.

**Comrade Raj Kumar :** We are opposed to it.

**Mr. Deputy Speaker :** Question is—

That the East Punjab Ministers' Salaries (Amendment) Bill be taken into consideration at once.

*The motion was carried.*

**Mr. Deputy Speaker :** Now the House will proceed to consider the Bill, clause by clause.

**Clause 2**

**Mr. Deputy Speaker :** Question is—

That Clause 2 stand part of the Bill.

*The motion was carried.*

**Clause 1**

**Mr. Deputy Speaker :** Question is—

That Clause 1 stand part of the Bill.

*The motion was carried.*

**Title**

**Mr. Deputy Speaker :** Question is—

That Title be the Title of the Bill.

*The motion was carried.*

**Health Minister** (Shri Joginder Pal Pandey) : Sir, I beg to move—

That the East Punjab Ministers' Salaries (Amendment) Bill be passed.

**Mr. Deputy Speaker :** Motion moved—

That the East Punjab Ministers' Salaries (Amendment) Bill be passed.

Original with;
Punjab Vidhan Sabha
Digitized by;
Panjab Digital Library

**Mr. Deputy Speaker :** Question is—

That the East Punjab Ministers, Salaries (Amendment) Bill be passed.

*The motion was carried.*

## FINANCIAL BUSINESS

### Presentation of the Excess Demands over grants and Appropriations for the year 1973-74, 1974-75 and 1975-76

**Finance Minister** (Doctor Kewal Krishan)) : Sir, I beg to present the Excess Demands over Grants and Appropriations for the years 1973-74, 1974-75 and 1975-76.

### Voting of Excess Demands over Grants and Appropriations for the years 1973-74, 1974-75 and 1975-76

**Mr. Deputy Speaker :** There are 44 Excess Demands over Grants for the years 1973-74, 1974-75, and 1975-76 as follows :—

| | | |
|---|---|---|
| 1973-74 | .. | 14 |
| 1974-75 | .. | 15 |
| 1975-76 | .. | 15 |

If the Hon. Members agree, all these Excess Demands over Grants may be deemed to have been read and moved and may be discussed together.

(*Voices* : Yes, Yes.)

**Mr. Deputy Speaker :** The Hon. Members, while speaking, may indicate the Excess Demand No. and year on which they would like to raise the discussion.

**Excess Demands over Grants and Appropriations for the year 1973-74.**

**Demand No. 1**

That an excess sum not exceeding Rs. 466,954 be granted to the Governor to defray the charges that had come in course of payment for the year ending 31st March, 1974 in respect of Land Revenue.

**Demand No. 2**

That an excess sum not exceeding Rs. 18,935 be granted to the Governor to defray the charges that had come in course of payment for the year ending 31st March, 1974 in respect of Parliament, State/Union Territory Legislatures.

**Demand No. 3**

That an excess sum not exceeding Rs. 1,10,931 be granted to the Governor to defray the charges that had come in course of payment for the year ending 31st March, 1974 in respect of Administration of Justice.

Original with;
Punjab Vidhan Sabha
Digitized by;
Panjab Digital Library

[Mr. Deputy Speaker]

Demand No. 4

That an excess sum not exceeding Rs. 17,83,923 be granted to the Governor to defray the charges that had come in course of payment for the year ending 31st March, 1974 in respect of Police.

Demand No. 5

That an excess sum not exceeding Rs. 48,83,418 be granted to the Governor to defray the charges that had come in course of payment for the year ending 31st March, 1974 in respect of Multipurpose River Schemes.

Demand No. 6

That an excess sum not exceeding Rs. 1,14,80,59 be granted to the Governor to defray the charges that had come in course of payment for the year ending 31st, March, 1974 in respect of Irrigation (Works).

Demand No. 7

That an excess sum not exceeding Rs. 4,12,53,155 be granted to the Governor to defray the charges that had come in course of payment for the year ending 31st March, 1974 in respect of Irrigation (Revenue).

Demand No. 8

That an excess sum not exceeding Rs. 13,18,80,740 be granted to the Governor to defray the charges that had come in course of payment for the year ending 31st March, 1974 in respect of Public Works.

Demand No. 9

